18 ਜੁਲਾਈ-ਸਤੰਬਰ, 2010

# ਕਹਾਣੀ ਧਾਰਾ



# ਮਾਂ ਸ਼ਬਦ ਚਿੱਤਰ ਵਿਸ਼ੇਸ਼ ਅੰਕ

ਮੁੱਲ : 40/-

18 ਜੁਲਾਈ-ਸਤੰਬਰ, 2010

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

## ਮਾਂ ਸ਼ਬਦ ਚਿੱਤਰ ਵਿਸ਼ੇਸ਼ ਅੰਕ

ਸੰਪਾਦਕੀ: ਮਾਂ ਮਿੱਥ ਦੇ ਆਰ ਪਾਰ-1
ਬੀਬੀ ਨੂੰ ਪਾਪਾ ਨੇ ਧੱਕਾ ਦੇ 'ਤਾ/ਸਰੂਪ ਸਿਆਲਵੀ-3
ਮਾਂ ਦੇ ਪੈਰਾਂ ਦੀ ਪੈੜ/ਮੋਹਨ ਲਾਲ ਫਿਲੌਰੀਆ-12
ਖ਼ਮੋਸ਼ੀ ਦਾ ਜਜ਼ੀਰਾ/ਭਗਵੰਤ ਰਸੂਲਪੁਰੀ-17
ਵੱਡਾ ਰੁੱਖ/ਜਿੰਦਰ-27
ਮਿੱਟੀ ਦਾ ਪੁਰਾਣਾ ਥੇਹ/ਹਰਪਾਲ ਸਿੰਘ ਪੰਨੂ-39
ਆ ਭੈਣੇ ਚਲੀਏ/ਗੁਰਮੇਲ ਮਡਾਹੜ-61
ਤੈਂ ਕੀ ਦਰਦ ਨਾ ਆਇਆ/ਗੁਰਮੀਤ ਸਿੰਘ ਸਿੰਗਲ-69
ਬਾ ਹਿੰਮਤ ਤੇ ਰੋਅਬਦਾਰ ਬੇਜੀ/ਸੁਰਿੰਦਰ ਨੀਰ-77
'ਡੱਬਲੀ' ਪੈਸਿਆਂ ਦਾ ਖ਼ਜ਼ਾਨਾ ਬੇਬੇ/ਹਰਨੇਕ ਕਲੇਰ-88
ਮਾਰੂਥਲ ਦਾ ਸਫ਼ਰ/ਲਕਸ਼ਮੀ ਨਰਾਇਣ ਭੀਖੀ-91
ਚਾਚੀ ਬਨਾਮ ਮਾਂ ਜੀ/ਪ੍ਰੀਤ ਨੀਤਪੁਰ-96
ਇਕ ਸਧਾਰਨ ਔਰਤ/ਬਲਵੀਰ ਕੌਰ ਰੀਹਲ-105
ਰੋਹੀ ਦੇ ਰੁੱਖ ਵਰਗੀ/ਤ੍ਰਿਪਤਾ ਕੇ. ਸਿੰਘ-115
ਕੌੜੀ ਜ਼ੁਬਾਨ ਵਾਲੀ ਸਾਧਵੀ/ਜਸਲੀਨ ਕੌਰ-117
ਦੁੱਖਾ ਦਾ ਦਾਰੂ/ਸੁਰਿੰਦਰ ਕੌਰ ਸ਼ਿੰਦਰ-119
ਮੇਰੀ ਪ੍ਰੇਰਨਾ ਸਰੋਤ/ਦਰਸ਼ਨ ਕੌਰ ਭੀਖੀ-128
ਮਾਂ ਦਾ ਖਿਆਲ ਰੱਖਣਾ/ਮਨਜੀਤ ਕੌਰ ਸੋਹੀ-131
ਪਹਿਲਾ ਪੈਰ ਪੁੱਟਣਾਂ ਮਾਂ ਸ਼ਕੀਨਾ ਦੇ ਨਾਂ/ਇਲਿਆਸ ਘੁੰਮਣ-136
ਪਟੇਲਾਂ ਦੀ ਰਖ਼ੈਲ ਮਸਾ ਮਾਂ/ਸਰਣ ਕੁਮਾਰ ਲਿੰਬਾਲੇ-141
ਮਾਂ ਅਤੇ ਮੈਂ/ਸੂਰਜ ਪਾਲ ਚੌਹਾਨ-149
ਹੁੰਗਾਰਾ-155

ਟਾਇਟਲ ਪੇਂਟਿੰਗ: ਵਿਕਰਮ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।
ਇਹ ਅੰਕ: 40 ਰੁਪਏ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
(ਪ੍ਰਕਾਸ਼ਨ ਮਿਤੀ 1ਅਗਸਤ, 2010)

# ਮਾਂ : ਮਿੱਥ ਦੇ ਆਰ ਪਾਰ

ਪੰਜਾਬੀ ਸਮਾਜ 'ਚ 'ਮਾਂ' ਦੀ ਮਿੱਥ ਨਾਲ ਸਾਡੀਆਂ ਭਾਵੁਕ ਧਾਰਨਾਵਾਂ ਜੁੜੀਆਂ ਹੋਈਆਂ ਹਨ। ਇਹ ਭਾਵਨਾਵਾਂ 'ਨਾੜੂਏ' ਦੇ ਜੁੜਨ ਤੇ ਟੁੱਟਣ ਦੇ ਪਲਾਂ ਨਾਲ ਜਦੋਂ ਜੁੜਦੀਆਂ ਹਨ ਤਾਂ ਸਾਡੀ ਪਹੁੰਚ ਮਾਂ ਪੱਖੀ ਤੇ ਪਿਓ ਵਿਰੋਧੀ ਬਣਦੀ ਹੈ। ਪਜਾਬੀ ਸਾਹਿਤ ਵਿਚ 'ਮਾਂ' ਦਾ ਬਿੰਬ ਵੀ ਅਜੇ ਨਿੱਖਰ ਕੇ ਨਹੀਂ ਆ ਸਕਿਆ। ਫਿਰ 'ਸਵੈ ਜੀਵਨੀ' ਤੇ ਉਸ ਤੋਂ ਅੱਗੇ ਮਾਂ ਬਾਰੇ 'ਸ਼ਬਦ ਚਿੱਤਰਾਂ' ਵਿਚ ਕਿਥੋਂ ਨਿੱਖਰ ਕੇ ਆਉਣਾ ਹੈ। ਪੰਜਾਬੀ ਸਾਹਿਤ 'ਚ ਜਿਥੇ ਜਿਥੇ ਵੀ ਮਾਂ ਦਾ ਪਾਤਰ ਆਉਂਦਾ ਹੈ। ਉਹ ਨਿਮਾਣਾ, ਨਿਤਾਣਾ ਤੇ ਜ਼ੁਲਮ ਦਾ ਸ਼ਿਕਾਰ ਦੇ ਰੂਪ 'ਚ ਆਉਂਦਾ ਹੈ। ਪਿਓ, ਪਤੀ ਤੇ ਅੱਗੇ ਪੁੱਤਰ ਦੇ ਰੂਪ 'ਚ 'ਮਾਂ' ਨੂੰ ਸਮਾਜਿਕ, ਮਾਨਸਿਕ, ਆਰਥਿਕ ਤੌਰ ਤੇ ਦਬਾਉਂਦੇ ਹਨ। ਮਾਂ ਤੇ ਜ਼ੁਲਮ ਹੁੰਦਾ ਹੈ, ਉਹ ਪੀੜਾ ਸਹਿ ਕੇ ਅਨੇਕਾਂ ਸਮਝੌਤੇ ਕਰਦੀ ਹੈ। ਇਸ ਤੋਂ ਅੱਗੇ ਸਵੈ-ਜੀਵਨੀਆਂ 'ਚ ਮਾਂ ਦਾ ਬਿੰਬ ਵੀ ਨਿਰਪੱਖਤਾ ਨਾਲ ਪੇਸ਼ ਹੋਇਆ ਪ੍ਰਤੀਤ ਹੁੰਦਾ ਨਹੀਂ ਦਿਸਦਾ। ਅੰਮ੍ਰਿਤਾ ਪ੍ਰੀਤਮ (ਰਸੀਦੀ ਟਿਕਟ), ਕਰਤਾਰ ਸਿੰਘ ਦੁੱਗਲ (ਕਿਸ ਪਹੁ ਖੋਹਲੂ ਗੱਠੜੀ), ਦਲੀਪ ਕੌਰ ਟਿਵਾਣਾ (ਨੰਗੇ ਪੈਰ੍ਹਾਂ ਦਾ ਸਫ਼ਰ), ਜਸਵੰਤ ਸਿੰਘ ਕੰਵਲ (ਪੁੰਨਿਆ ਦਾ ਚਾਨਣ), ਅਜੀਤ ਕੌਰ (ਖ਼ਾਨਾ ਬਦੋਸ਼), ਪ੍ਰੇਮ ਗੋਰਖੀ (ਗ਼ੈਰ ਹਾਜਰ ਆਦਮੀ), ਅਤਰਜੀਤ (ਅੱਕ ਦਾ ਦੁੱਧ), ਲਾਲ ਸਿੰਘ ਦਿਲ (ਦਾਸਤਾਨ), ਬਲਬੀਰ ਮਾਧੋਪੁਰੀ (ਛਾਂਗਿਆ ਰੁੱਖ) ਆਦਿ ਦੀਆਂ ਸਵੈ-ਜੀਵਨੀਆਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਜਿਨ੍ਹਾਂ 'ਚ ਮਾਂ ਦੇ ਪਾਤਰਾਂ ਬਾਰੇ ਪੜ੍ਹ ਕੇ ਮੇਰੀ ਉਪਰੋਕਤ ਧਾਰਨਾ ਬਣੀ ਹੈ। ਇਨ੍ਹਾਂ ਸਵੈ ਜੀਵਨੀ ਲੇਖਕਾਂ ਨੇ 'ਮਾਂ' ਦਾ ਜੋ ਪਾਤਰ ਆਪਣੀਆਂ ਜੀਵਨੀਆਂ 'ਚ ਲਿਆਂਦਾ ਹੈ ਉਹ ਤਰਸਯੋਗ ਹੈ। ਉਲਾਰ ਹੈ। ਪੂਰਾ ਸੱਚਾ ਨਹੀਂ। ਇਹਦੇ ਪਿਛੇ ਲੇਖਕਾਂ ਦੇ ਮਨ ਵਿਚ ਸਮਾਜਿਕ ਵਰਜਣਾਵਾ ਕੰਮ ਕਰਦੀਆਂ ਹਨ। ਕੀ ਅਸੀਂ ਨਿਰਪੱਖਤਾ ਨਾਲ ਆਪਣੇ ਬਾਰੇ ਆਪਣੀ ਮਾਂ ਬਾਰੇ ਲਿਖਦਿਆਂ ਉਸ ਦੀਆਂ ਮਾਨਸਿਕ ਲੋੜਾਂ, ਅਤ੍ਰਿਪਤ ਖ਼ਹਿਸਾਂ, ਸਰੀਰਕ ਲੋੜਾਂ, ਪਤੀ 'ਤੇ ਕੀਤਾ ਜ਼ੁਲਮ, ਪਤੀ ਨਾਲ ਛਲ਼ ਲਿਖ ਸਕੇ ਹਾਂ? ਨਹੀਂ। ਕਦੀ ਵੀ ਨਹੀਂ ਲਿਖ ਸਕਦੇ। ਕੀ ਮਾਂ ਦਾ ਖਲਨਾਇਕ ਰੂਪ ਅਜੇ ਤੀਕ ਸਾਹਿਤ ਤੇ ਸਵੈ-ਜੀਵਨੀ 'ਚ ਆਇਆ ਹੈ?

ਜਦੋਂ ਅਸੀਂ 'ਮਾਂ' ਦਾ ਸ਼ਬਦ ਚਿੱਤਰ ਲਿਖਣ ਲੱਗਦੇ ਹਾਂ ਤਾਂ ਅਜਿਹੀਆਂ ਮੁਸ਼ਕਲਾਂ ਦਾ ਸਭ ਤੋਂ ਵੱਧ ਸਾਹਮਣਾ ਕਰਨਾ ਪੈਂਦਾ ਹੈ। ਬਲਵੰਤ ਗਾਰਗੀ ਤੇ ਅਜੀਤ ਕੌਰ ਨੂੰ ਅਸੀਂ ਬੇਬਾਕ ਤੇ ਬੇ ਕਿਰਕ ਸ਼ਬਦ ਚਿੱਤਰ ਲਿਖਣ ਵਾਲੇ ਕਹਿੰਦੇ ਹਾਂ। ਪਰ ਉਨ੍ਹਾਂ ਨੇ ਵੀ 'ਮਾਂ' ਬਾਰੇ 'ਪੂਰਾ ਸੱਚ' ਨਹੀਂ ਲਿਖਿਆ। ਮੈਂ ਪਹਿਲਾ ਹੀ ਉਪਰ ਕਹਿ ਚੁੱਕਿਆ ਹਾਂ ਕਿ 'ਮਾਂ' ਪ੍ਰਤੀ ਅਸੀਂ ਉਲਾਰ ਹਾਂ। ਸਰੀਰਕ, ਮਾਨਸਿਕ ਤੇ ਆਰਥਿਕ ਰੂਪ ਵਿਚ ਮਾਂ 'ਤੇ ਹੁੰਦਾ ਜ਼ੁਲਮ ਬੜੀ ਪ੍ਰਮੁਖਤਾ ਨਾਲ ਲਿਖਦੇ ਹਾਂ ਜੋ ਕਿ ਉਹਦਾ ਪਤੀ, ਵਡੇਰੀ ਉਮਰ ਦੀ ਸੱਸ, ਜੇਠਾਣੀ ਤੇ ਹੋਰ ਮਰਦ ਔਰਤਾਂ ਕਰਦੇ ਹਨ।



ਜਦੋਂ ਅਸੀਂ ਮਾਂ ਦੇ ਸ਼ਬਦ ਚਿੱਤਰ ਲਿਖਵਾਉਣ ਦਾ ਕਾਰਜ ਵਿਉਂਤਿਆ ਤਾਂ ਮੁੱਖ ਮਕਸਦ ਹੀ ਇਹ ਸੀ ਕਿ 'ਮਾਂ' ਦਾ ਅਸਲ ਤੇ ਲੁਕਵਾ ਬਿੰਬ ਪਾਠਕਾਂ ਦੇ ਸਾਹਮਣੇ ਲੈ ਕੇ ਆਉਣਾ ਹੈ। ਭਾਵੇਂ ਇਸ ਅੰਕ ਦੇ ਰੇਖਾ ਚਿੱਤਰ ਮਾਂ ਪ੍ਰਤੀ ਬਣੀਆਂ ਪ੍ਰੰਪਰਿਕ ਮਿੱਥਾਂ ਨੂੰ ਹੋਰ ਪੱਕਿਆ ਕਰਦੇ ਹਨ ਪ੍ਰੰਤੂ ਕੁਝ ਮਿੱਥਾਂ ਨੂੰ ਤੋੜਦੇ ਵੀ ਹਨ। ਕੁਝ ਮਿੱਥਾਂ ਨੂੰ ਸਿਰਜਦੇ ਵੀ ਹਨ।

ਵਿਸ਼ੇਸ਼ ਅੰਕ ਨਾਲ ਅਸੀਂ 'ਮਾਂ' ਦੇ ਅਨੇਕਾਂ ਰੂਪ ਪਾਠਕਾਂ ਦੇ ਸਾਹਮਣੇ ਪੇਸ਼ ਕਰਨ 'ਚ ਸਫ਼ਲ ਹੋਏ ਹਾਂ। ਇਨ੍ਹਾਂ ਰੇਖਾ ਚਿੱਤਰਾ ਦੀ 'ਮਾਂ' ਨਾਇਕ ਦੇ ਤੌਰ ਤੇ ਉਭਰਦੀ ਹੈ। ਪਤੀ, ਸੱਸ ਤੇ ਸਮਾਜ ਦੇ ਹੋਰ ਅੰਗ ਖਲਨਾਇਕ ਦੇ ਰੂਪ 'ਚ ਉਭਰਦੇ ਹਨ। ਇਹ ਗੱਲ ਵੀ ਉਭਰਦੀ ਹੈ ਕਿ ਗ੍ਰਹਿਸਥ ਮਾਂ ਦੇ ਦੁੱਖਾਂ ਦਾ ਘਰ ਹੈ। ਗ੍ਰਹਿਸਥ ਮਾਂ ਦੀ ਊਰਜਾ ਹੈ। ਗ੍ਰਹਿਸਥ ਤੋਂ ਬਗੈਰ 'ਮਾਂ' ਦਾ ਸੰਕਲਪ ਹੋਂਦ ਵਿਚ ਹੀ ਨਹੀਂ ਆ ਸਕਦਾ। ਪੰਜਾਬੀ ਸਮਾਜ ਤੇ ਸਾਹਿਤ 'ਚ ਮਾਂ ਦਾ ਬਿੰਬ ਨਿਮਾਣਾ, ਨਿਤਾਣਾ ਤੇ ਰਵਾਇਤ 'ਚ ਬੱਝਾ ਹੋਇਆ ਉਭਰਦਾ ਹੈ। ਜਦ ਕਿ ਦੂਜੀਆਂ ਭਾਸ਼ਾਵਾਂ ਵਿਚ ਖਾਸ ਕਰਕੇ ਹਿੰਦੀ ਤੇ ਮਰਾਠੀ ਭਾਸ਼ਾ ਵਿਚ ਲੇਖਕਾਂ ਨੇ ਜੋ ਮਾਂ ਬਾਰੇ ਲਿਖਿਆ ਹੈ ਉਹਨਾਂ ਵਿਚ ਮਾਂ ਦਾ ਬਿੰਬ ਬਿਲਕੁਲ ਵੱਖਰੀ ਕਿਸਮ ਦਾ ਹੈ। ਨਮੂਨੇ ਵਜੋਂ ਅਸੀ ਇਸ ਅੰਕ ਵਿਚ ਸਰਣ ਕੁਮਾਰ ਲਿੰਬਾਲੇ (ਮਰਾਠੀ) ਤੇ ਸੂਰਜ ਪਾਲ ਚੌਹਾਨ (ਹਿੰਦੀ) ਦੇ ਮਾਂ ਬਾਰੇ ਲਿਖੇ 'ਸ਼ਬਦ ਚਿੱਤਰ' ਪ੍ਰਕਾਸ਼ਤ ਕਰ ਰਹੇ ਹਾਂ। ਜਿੱਥੇ ਲਿਬਾਲੇ ਆਪਣੀ ਮਾਂ ਨੂੰ ਉੱਚ ਜਾਤੀ ਪਟੇਲਾਂ ਦੀ 'ਰਖੈਲ' ਦੇ ਤੌਰ ਤੇ ਪੇਸ਼ ਕਰਦਾ ਹੈ ਉਥੇ ਚੌਹਾਨ ਮਾਂ ਦੇ ਬਲਾਤਕਾਰ ਦੇ ਦ੍ਰਿਸ਼ ਪੇਸ਼ ਕਰਦਾ ਝਿਜਕਦਾ ਨਹੀਂ ਹੈ। ਕੀ ਅਸੀਂ ਪੰਜਾਬੀ ਲੇਖਕਾਂ ਤੋਂ ਇਹ ਆਸ ਰੱਖ ਸਕਦੇ ਹਾਂ? ਨਹੀਂ। ਇਹਦੇ ਨਾਲ ਹੀ ਜੰਗਲੀ ਕਬੀਲੇ, ਜਨ ਜਾਤੀਆਂ, ਆਦਿ ਵਾਸੀਆਂ 'ਚ 'ਮਾਂ' ਦਾ ਬਿੰਬ ਬਿਲਕੁਲ ਵੱਖਰਾ ਹੋਵੇਗਾ। ਜਿੱਥੇ ਉਹ ਤਨ ਢੱਕਣ ਲਈ ਵਸਤਰ ਹੀ ਨਹੀਂ ਪਾਉਂਦੇ। ਉਨ੍ਹਾਂ ਦੀਆਂ ਆਪਣੀਆਂ ਵਰਜਨਾਵਾਂ ਹਨ। ਇਸ ਤਰ੍ਹਾਂ ਗੋਰੇ ਲੋਕਾਂ ਵਿਚ, ਅਫਰੀਕੀ ਲੋਕਾਂ ਵਿਚ, ਅਤੇ ਹੋਰ ਵਿਦੇਸ਼ੀ ਲੋਕਾਂ ਵਿਚ 'ਮਾਂ' ਦਾ ਸੰਕਲਪ ਵੱਖਰੇ ਧਰਾਤਲ 'ਤੇ ਪੇਸ਼ ਹੁੰਦਾ ਹੈ। ਉਨ੍ਹਾਂ ਦੀਆਂ ਸਮਾਜਿਕ ਵਰਜਨਾਵਾਂ ਤੇ ਮਾਨਤਾਵਾਂ ਬਿਲਕੁੱਲ ਵੱਖਰੀਆਂ ਹਨ।

'ਕਹਾਣੀ ਧਾਰਾ' ਵਿਚ ਅਸੀਂ 20 ਵੱਖ ਵੱਖ ਲੇਖਕਾਂ ਵਲੋਂ ਲਿਖੇ 'ਮਾਂ' ਦੇ 'ਸ਼ਬਦ ਚਿੱਤਰ' ਪ੍ਰਕਾਸ਼ਤ ਕੀਤੇ ਹਨ। ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮਾਂ ਦਾ ਇਕ ਅਛੂਤਾ ਤੇ ਅਣਦਿਸਦਾ ਰੂਪ ਪਹਿਲੀ ਵਾਰ ਪਾਠਕਾਂ ਨੂੰ ਪੜ੍ਹਨ ਨੂੰ ਮਿਲੇਗਾ। ਮਾਂ ਪ੍ਰਤੀ ਬਣੀਆਂ ਪਹਿਲੀਆਂ ਮਿੱਥਾਂ ਨੂੰ ਤੋੜਨ ਤੇ ਨਵੀਆਂ ਸਿਰਜਣ 'ਚ ਇਹ ਅੰਕ ਜ਼ਰੂਰ ਸਹਾਇਕ ਬਣੇਗਾ। ਇਸ ਅੰਕ ਵਿਚ ਬਿਲਕੁਲ ਨਵੇਂ ਲੇਖਕਾਂ ਦੇ 'ਮਾਂ' ਬਾਰੇ ਲਿਖੇ 'ਸ਼ਬਦ ਚਿੱਤਰ' ਵੀ ਹਨ। ਮਾਂ ਪ੍ਰਤੀ ਉਨ੍ਹਾਂ ਦੀ ਫੀਲਿੰਗ ਤੇ ਅਹਿਸਾਸ, ਸੱਜਰੇ ਅਨੁਭਵਾ ਨਾਲ ਪੇਸ਼ ਹੋਏ ਹਨ। ਬਹੁਤ ਹੀ ਰਵਾਇਤੀ ਕਿਸਮ ਦੇ 'ਸ਼ਬਦ ਚਿੱਤਰ' ਪ੍ਰਕਾਸ਼ਤ ਕਰਨ ਤੋਂ ਗੁਰੇਜ ਕੀਤੀ ਹੈ। ਵਿਸ਼ੇਸ਼ ਅੰਕ ਵਿਚ 'ਜਨ ਬੋਧ' ਕਾਲਮ ਅਤੇ ਕਿਤਾਬਾਂ ਦੇ ਰੀਵਿਊ ਪਰਚੇ ਦਾ ਆਕਾਰ ਵੱਧ ਜਾਣ ਕਾਰਨ ਪ੍ਰਕਾਸ਼ਤ ਨਹੀਂ ਹੋ ਸਕੇ। ਅਗਲੇ ਅੰਕ ਵਿਚ ਪ੍ਰਕਾਸ਼ਤ ਹੋਣਗੇ।

**- ਭਗਵੰਤ ਰਸੂਲਪੁਰੀ**

# ਬੀਬੀ ਨੂੰ ਪਾਪਾ ਨੇ ਧੱਕਾ ਦੇ 'ਤਾ/ ਸਰੂਪ ਸਿਆਲਵੀ

"ਬੀਬੀ ਨੂੰ ਪਾਪਾ ਨੇ ਧੱਕਾ ਦੇ 'ਤਾ... ਉਹ ਪਿਛੇ ਨੂੰ ਡਿੱਗ ਪਈ... ਆਹ ਪਿਛਲੇ ਪਾਸੇ ਬੈੱਡ 'ਤੇ ਪਈ ਬੀਬੀ ਨੂੰ ਵੀ ਦਵਾਈ ਦੇ ਕੇ ਜਾਇਓ।" ਰੋਣ ਹਾਕੀ ਹੋਈ ... ਛੋਟੇ ਭਰਾ ਦਰਸ਼ਨ ਸਿੰਘ ਦੀ ਪਤਨੀ, ਰਾਣੀ ਨੇ... ਪਾਪਾ ਨੂੰ ਦਵਾਈ ਦੇ ਕੇ ਤੁਰਨ ਲੱਗੇ ਡਾਕਟਰ ਨੂੰ ਕਿਹਾ ਸੀ।

ਨੱਬੇਵੇਂ ਸਾਲ ਵਿਚ ਪੁੱਜੇ ਪਾਪਾ ਨੂੰ, ਡਾਕਟਰ ਰਘਬੀਰ ਸਿੰਘ ਹਰ ਰੋਜ਼ ਬਲੱਡ ਪਰੈਸ਼ਰ ਅਤੇ ਟੈਂਪਰੇਚਰ ਚੈਕ ਕਰਕੇ ਦਵਾਈ ਦੇ ਜਾਂਦਾ ਸੀ। ਉਹ ਦੱਸਦਾ, "ਬਾਪੂ ਜੀ ਨੂੰ ਬੀਮਾਰੀ ਕੋਈ ਨਹੀਂ ਪਰ ਹੁਣ ਇਹ ਇੰਪਰੂਵ ਨਹੀਂ ਕਰ ਰਹੇ ਇਹਨਾਂ ਦੀ ਸਿਹਤ ਦਿਨ ਪ੍ਰਤੀ ਦਿਨ ਡਿੱਗਦੀ ਜਾ ਰਹੀ ਐ। ਹੁਣ ਇਹ ਮਹੀਨੇ ਦੇ ਨਹੀਂ ਦਿਨਾਂ ਦੇ ਈ ਪ੍ਰਾਹੁਣੇ ਨੇ ਜਿਨੀ ਸੇਵਾ ਹੁੰਦੀ ਐ ਕਰ ਲਓ।"

ਤੇ ਸੇਵਾ ਸੰਭਾਲ ਕਰ ਰਹੀਆਂ ਮੇਰੀ ਤੇ ਛੋਟੇ ਭਰਾ ਦੀ ਪਤਨੀ ਸੁਰਿੰਦਰ ਕੌਰ ਤੇ ਰਾਣੀ ਪਾਪਾ ਨੂੰ ਪਿੱਠ ਪਿਛੇ ਸਹਾਰਾ ਦੇ ਕੇ ਬਿਠਾ ਕੇ ਚਮਚੇ ਨਾਲ ਸੂਪ ਪਿਲਾ ਰਹੀਆਂ ਸਨ। ਬੀਬੀ ਤਾਂ ਪਹਿਲਾਂ ਹੀ ਪਾਪਾ ਦੇ ਨੇੜੇ ਨਹੀਂ ਸੀ ਜਾਂਦੀ। ਪਰ ਹੁਣ ਉਹਨੇ ਸੋਚਿਆ ਕਿ ਬੀਮਾਰ ਪਏ ਨੇ ਉਹਨੂੰ ਕੀ ਕਹਿਣਾ। ਉਹ ਵੀ ਨੇੜੇ ਹੋ ਕੇ ਦੇਖ ਲਵੇ। ਬੀਬੀ ਨੂੰ ਕੋਲ ਖੜੀ ਦੇਖਦਿਆਂ ਪਾਪਾ ਵਿਚ ਏਨੀ ਤਾਕਤ ਪਤਾ ਨਹੀਂ ਕਿਥੋਂ ਆ ਗਈ। ਉਹਨੇ ਦੋਹਾਂ ਹੱਥਾਂ ਨਾਲ ਧੱਕਾ ਮਾਰਕੇ ਬੀਬੀ ਨੂੰ ਪਿਛੇ ਨੂੰ ਸੁੱਟ ਦਿੱਤਾ। ਪਾਪਾ ਦੀ ਖ਼ਬਰ ਸਾਰ ਪੁੱਛਣ ਆਈਆਂ ਗੁਆਂਢਣਾਂ ਨੇ ਬੀਬੀ ਨੂੰ ਚੁੱਕ ਕੇ ਉਹਦੇ ਬੈੱਡ ਤੇ ਪਾ ਦਿੱਤਾ ਸੀ।

ਬੀਬੀ ਨੇ ਆਪਣੇ ਦੁਖ ਨੂੰ ਬੁੱਲ੍ਹਾ ਵਿਚ ਘੁੱਟ ਲਿਆ ਸੀ। ਸੀਅ ਨਹੀਂ ਸੀ ਕੀਤੀ। ਇਹ ਕਿਹੜਾ ਉਹਦੀ ਪਿੱਠ 'ਤੇ ਲੱਗੀ ਪਹਿਲੀ ਸੱਟ ਸੀ। ਉਹਦਾ ਤਾਂ ਅੰਗ ਅੰਗ ਸੱਟਾਂ ਲੱਗ ਲੱਗ ਕੇ ਪੱਕਿਆ ਪਿਆ ਸੀ। ਬੀਬੀ ਕਦੇ ਕਦੇ ਦੱਸਦੀ ਹੁੰਦੀ ਉਹ ਚੱਜ ਨਾਲ ਤੁਰਨ ਤੇ ਬੋਲਣ ਵੀ ਨਹੀਂ ਸੀ ਲੱਗੀ। ਤੇ ਉਹਦੇ ਛੋਟੇ ਭਰਾ ਗੁਰਬਖ਼ਸ਼ ਸਿੰਘ ਨੂੰ ਜਨਮ ਦਿੰਦਿਆਂ ਹੀ ਉਹਦੀ ਮਾਂ ਹਰਨਾਮੀ ਮਰ -ਮੁੱਕ ਗਈ ਸੀ। ਤੇ ਉਹਦਾ ਪਿਓ ਪੂਰਨ ਸਿੰਘ ਉਹਦੀ ਮਤਰੇਈ ਮਾਂ ਚਿੰਤੋਂ ਨੂੰ ਵਿਆਹ ਕੇ ਘਰ ਲੈ ਆਇਆ ਸੀ। ਚਿੰਤੋਂ ਤੋਂ ਉਹਦਾ ਮਤਰੇਆ ਭਰਾ ਗੁਰਚਰਨ ਸਿੰਘ ਅਤੇ ਭੈਣ ਗੁਰਚਰਨ ਕੌਰ ਪੈਦਾ ਹੋਏ ਤੇ ਉਸ ਤੋਂ ਦੋ ਕੁ ਸਾਲ ਬਾਅਦ ਬੀਬੀ ਦੇ ਪਿਓ ਪੂਰਨ ਸਿੰਘ ਦੀ ਛੋਟੀ ਸਾਲੀ ਜਿਸਨੂੰ ਸ਼ਾਇਦ ਦਬੰਦ ਹੋਣ ਕਰਕੇ ਹੀ 'ਜੋਗੀ' ਕਹਿੰਦੇ ਸਨ ਗਹਿਣਾ ਗੱਟਾ ਬੰਨ੍ਹ ਕੇ ਰਾਤੋ -ਰਾਤ ਸਹੁਰਿਆਂ ਤੋਂ ਭੱਜਕੇ ਬੀਬੀ ਦੀ ਦੂਸਰੀ ਮਤਰੇਈ ਮਾਂ ਬਣ ਕੇ ਆ ਗਈ ਸੀ। ਸਾਡੇ ਅਨੇਕਾਂ ਵਾਰ ਪੁੱਛਣ 'ਤੇ ਬੀਬੀ ਨੇ ਕਦੇ ਵੀ ਮਤਰੇਈ ਮਾਵਾਂ ਦੇ ਮਾੜੇ ਵਰਤਾ ਬਾਰੇ ਮੂੰਹ ਨਹੀਂ ਖੋਲ੍ਹਿਆ। ਉਹ ਹਮੇਸ਼ਾ ਕਹਿੰਦੀ, "ਉਹ ਚੰਗੀਆਂ ਈ ਸਨ। ਜਿੰਨ੍ਹਾਂ ਨੇ ਮੈਨੂੰ ਅਤੇ ਛੋਟੇ ਭਰਾ ਗੁਰਬਖ਼ਸ਼ ਸਿੰਘ ਨੂੰ ਪਾਲਿਆ ਤੇ ਵਿਆਹਿਆ। ਤੇ ਜਦੋਂ ਤੋਂ ਮੈਂ ਹੋਸ਼ ਸੰਭਾਲੀ ਮੈਂ ਆਪਣੇ ਨਾਨਕੇ ਪਿੰਡ ਖੇੜੀ ਸਲਾਬਤਪੁਰ ਜਾਂਦਾ ਤਾਂ ਦੇਖਦਾ ਕਿ ਨਾਨਕਿਆਂ ਦੇ ਤਿੰਨ ਘਰ ਹੁੰਦੇ। ਵੱਡਾ ਮਾਮਾ ਗੁਰਬਖ਼ਸ਼ ਸਿੰਘ ਜੁਦਾ ਰਹਿੰਦਾ ਸੀ। ਉਹ ਚਮਕੌਰ ਸਾਹਿਬ ਸਾਈਕਲਾਂ ਦੀ ਰੀਪੇਅਰ ਦੀ ਦੁਕਾਨ ਕਰਦਾ ਕਰਦਾ ਤਰੱਕੀ ਕਰਕੇ ਨਵੇਂ ਸਾਈਕਲਾਂ ਦੀ ਏਜੰਸੀ ਲੈ ਕੇ ਪਿੰਡ ਦੇ ਖਾਂਦੇ ਪੀਂਦੇ ਘਰਾਂ ਵਿਚ ਸ਼ਾਮਿਲ ਹੋ ਗਿਆ ਸੀ। ਛੋਟਾ ਮਾਮਾ ਗੁਰਚਰਨ ਸਿੰਘ ਦਿੱਲੀ ਸੈਕੇਟੇਰੀਅਟ ਵਿਚ ਕਲਰਕ ਲੱਗਿਆ ਹੋਇਆ ਸੀ। ਉਹ ਜੇ ਪਰਵਾਰ ਸਮੇਤ ਖੇੜੀ ਸਲਾਬਤਪੁਰ ਆਏ ਹੁੰਦੇ, ਸਾਨੂੰ ਮਿਲ ਜਾਂਦੇ ਸਨ। ਨਾਨਾ ਛੋਟੀ ਨਾਨੀ ਨਾਲ ਪਰਵਾਰ ਸਮੇਤ ਅਲਗ ਰਹਿੰਦਾ ਸੀ। ਮਾਮਾ ਗੁਰਮੇਲ ਸਿੰਘ ਵੱਡੇ ਮਾਮੇ ਗੁਰਬਖਸ਼ ਸਿੰਘ ਦੀ ਸਾਈਕਲਾਂ ਦੀ ਦੁਕਾਨ 'ਤੇ ਕੰਮ ਕਰਦਾ ਸੀ। ਤੇ ਛੋਟਾ ਰਣ ਸਿੰਘ ਮੇਰਾ ਹਮ ਉਮਰ ਹੋਣ ਕਰਕੇ ਮੇਰਾ ਦੋਸਤ ਵੱਧ ਸੀ। ਉਹ ਲਗਭਗ ਵੀਹ ਸਾਲ ਚੰਡੀਗੜ੍ਹ ਲੱਗਿਆ



ਰਿਹਾ। ਜੇ ਮੈਂ ਚੰਡੀਗੜ੍ਹ ਚਲਿਆ ਜਾਣਾ ਉਹਨੇ ਰਾਤ ਕੱਟੇ ਬਿਨਾ ਆਉਣ ਨੀ ਦੇਣਾ। ਉਹਦਾ ਰਿਸ਼ਤਾ ਵੀ ਮੈਂ ਡਗਸ਼ਈ ਤੋਂ ਆਪਣੇ ਸਾਲੇ ਦੀ ਛੋਟੀ ਸਾਲੀ ਇੰਦਰਜੀਤ ਕੌਰ ਨਾਲ ਕਰਵਾਇਆ ਸੀ। ਉਹ ਪਿਛਲੇ ਸਾਲ ਬਠਿੰਡੇ ਤੋਂ ਅਸਿਸਟੈਂਟ ਪ੍ਰੋਵੀਡੈਂਟ ਫੰਡ ਕਮਿਸ਼ਨਰ ਰੀਟਾਇਰਡ ਹੋਇਆ ਹੈ। ਮਤਲਬ ਕਿ ਮੈਨੂੰ ਤੇ ਮੇਰੇ ਛੋਟੇ ਭਰਾ ਦਰਸ਼ਨ ਸਿੰਘ ਨੂੰ ਨਾਨਕਿਆ ਦੇ ਤਿੰਨੇ ਘਰਾਂ ਵੱਲੋਂ ਖੂਬ ਮੋਹ ਪਿਆਰ ਤੇ ਖੁਲ੍ਹਾ ਖਾਣ-ਪੀਣ ਨੂੰ ਮਿਲਦਾ। ਮਾਮੇ ਗੁਰਬਖ਼ਸ਼ ਸਿੰਘ ਤੇ ਗੁਰਮੇਲ ਸਿੰਘ ਸਾਨੂੰ ਮਿਲਣ ਆਉਂਦੇ ਰਹਿੰਦੇ ਉਹ ਪਾਪਾ ਨਾਲ ਮਿਲਕੇ ਖੂਬ ਦਾਰੂ ਪਿਆਲਾ ਛਕਦੇ।

ਪਰ ਮੇਰੀ ਬੀਬੀ ਦੇ ਹੋਣੀ ਓ ਇਦਾ ਦੀ ਸੀ। ਕਿ ਮੈਂ ਉਹਨੂੰ ਆਪਣੇ ਘਰ ਵੀ ਕਦੇ ਖੁਸ਼ ਨਹੀਂ ਦੇਖਿਆ। ਮੈਂ ਨਿੱਕੇ ਹੁੰਦਿਆਂ ਤੋਂ ਦੇਖਦਾ ਪਾਪਾ ਬੀਬੀ ਨੂੰ ਹੂਰਿਆਂ ਮੁੱਕਿਆ ਲੱਤਾਂ ਮਾਰ ਮਾਰ ਕੁੱਟ ਰਿਹਾ ਹੁੰਦਾ। ਬੀਬੀ ਉਚੀ ਉੱਚੀ ਰੋਂਦੀ ਆਖੀ ਜਾਂਦੀ, " ਲੈ ਹੋਰ ਕੁੱਟ ਲੈ ਰੱਬ ਦਿਆਂ ਬੰਦਿਆ। ਹੋਰ ਕੁੱਟ ਲੈ। ' ਦਾਦੀ ਅੱਛਰੋ ਅਤੇ ਹੋਰ ਬੁੜੀਆਂ ਭੱਜੀਆ ਆਉਂਦੀਆਂ ਤੇ ਪਾਪਾ ਨੂੰ ਕੁੱਟਣ ਤੋਂ ਹਟਾਉਂਦੀਆਂ ਤੇ ਬੁਰਾ ਭਲਾ ਕਹਿੰਦੀਆ, "ਭਾਈ ਤੀਵੀਂ ਤਾਂ ਮਿੱਟੀ ਹੁੰਦੀ ਐ, ਜਿਹੋ ਜੀ ਮਿੱਟੀ ਕੁਟ ਲੀ, ਉਹੋ ਜੀ ਤੀਵੀਂ ਕੁੱਟ ਲਈ। ਹਟ ਪਰ੍ਹਾਂ ਬਹਿ ਜਾ ਪਰ੍ਹਾ ਜਾ ਕੇ।" ਮੈਂ ਤੇ ਛੋਟਾ ਭਰਾ ਦਰਸ਼ਨ ਡਰੇ ਸਹਿਮੇ ਖੜੇ ਰਹਿੰਦੇ। ਮੈਨੂੰ ਪਤਾ ਨਾ ਲਗਦਾ ਉਨ੍ਹਾਂ ਦੀ ਕਿਵੇਂ ਮੰਨ ਮੰਨਤੀ ਹੁੰਦੀ ਸੀ।

ਪਰ ਇਹ ਵਾਰਤਾਰਾ ਸਾਡੇ ਘਰ ਦਾ ਹੀ ਨਹੀਂ ਸੀ। ਸਗੋਂ ਮੁਹੱਲੇ ਵਿਚਲੇ ਸਾਰੇ ਘਰਾਂ ਦਾ ਹੀ ਸੀ। ਨਾਲ ਦੇ ਘਰਾਂ ਵਿਚ ਨੰਦੂ ਤੇ ਮਿਹਰੂ ਆਪਣੀਆਂ ਪਤਨੀਆਂ ਨੂੰ ਸਾਰਾ ਦਿਨ ਮਾਂ 'ਚੋਂ ਭੈਣ 'ਚੋਂ ਕੁੱਤਿਆ ਗਧਿਆ ਦੀਆਂ ਚੋਦੀਆ ਪਤਾ ਨਹੀਂ ਕੀ ਕੀ ਬਕੀ ਜਾਂਦੇ ਮੂੰਹ 'ਚੋਂ ਝੱਗ ਛੱਡੀ ਜਾਂਦੇ। ਕੁੱਟੀ ਜਾਂਦੇ। ਪਰ ਸਾਡੇ ਘਰ ਵਿਚ ਇਹ ਕੁਝ ਕਦੇ ਕਦੇ ਤੇ ਥੋੜ੍ਹੇ ਸਮੇਂ ਲਈ ਵਾਪਰਦਾ ਪਰ ਬੀਬੀ ਨੂੰ ਪਾਪਾ ਵਲੋਂ ਘੁਰਕੀਆ ਆਮ ਹੀ ਮਿਲਦੀਆਂ ਰਹਿੰਦੀਆਂ। ਪਰ ਮੇਰੇ ਅੱਗੇ ਪਾਪਾ 'ਮਾਰਦਾ ਕੁੱਟਦਾ ਪਤੀ' ਤੇ ਬੀਬੀ 'ਕੁੱਟ ਖਾਂਦੀ ਰੋਂਦੀ ਕੁਰਲਾਂਦੀ ਪਤਨੀ' ਦੇ ਬਿੰਬ ਨਹੀਂ ਉਘੜਦੇ।

ਸਗੋਂ ਪਾਪਾ ਦਾ ਆਮ ਲੋਕਾਂ ਵਿਚ 'ਇੱਜਤਦਾਰ ਵਿਅਕਤੀ ਹੋਣ ਦਾ' ਬਿੰਬ ਉਘੜਦਾ ਹੈ। ਉਹ ਚਾਰ ਖਣਾਂ ਦੀ ਬੈਠਕ ਜਿਸਦੀਆਂ ਕੰਧਾਂ ਨੂੰ ਬੀਬੀ ਨੇ ਪਾਂਡੂ ਫੇਰ ਕੇ ਤੇ ਫੁੱਲ ਬੂਟੇ, ਮੋਰ, ਘੁੱਗੀਆਂ ਪਾ ਕੇ ਸਜਾਇਆ ਹੁੰਦਾ ਅਤੇ ਕੱਚੇ ਫਰਸ਼ ਨੂੰ ਗੋਹਾ ਮਿੱਟੀ ਨਾਲ ਲਿਪਿਆ ਹੁੰਦਾ ਵਿਚ ਬਹਿਕੇ ਬੂਟ, ਗੁਰਗਾਬੀਆਂ ਬਣਾ ਰਹੇ ਹੁੰਦੇ। ਪਾਪਾ ਕੋਲ ਜੁੱਤੀਆਂ ਦੀ ਮੁਰੰਮਤ ਕਰਵਾਉਣ, ਨਵੀਆਂ ਬਣਵਾਉਣ ਜਾਂ ਗੱਲਾਂ ਬਾਤਾਂ ਮਾਰਨ ਵਾਲੇ ਹੋਰ ਕਿੰਨੇ ਹੀ ਵਿਅਕਤੀ ਆ ਆ ਕੇ ਬੈਠੇ ਰਹਿੰਦੇ। ਉਹ ਆਪਣਾ ਕੰਮ ਕਰਨ ਦੇ ਨਾਲ ਨਾਲ ਉਹਨਾਂ ਨੂੰ ਮਹਾਂ ਭਾਰਤ ਦੀਆਂ ਬਹੁਤ ਲੰਮੀਆਂ ਲੰਮੀਆਂ ਕਹਾਣੀਆਂ ਸੁਣਾਉਂਦੇ ਰਹਿੰਦੇ। ਉਹਨਾਂ ਨੂੰ ਇਕੱਲੇ ਇਕੱਲੇ ਪਾਤਰ ਦੀਆਂ ਕਈ ਕਈ ਜਨਮ ਪਿਛਲੀਆਂ ਕਹਾਣੀਆਂ ਯਾਦ ਹੁੰਦੀਆਂ। ਉਹ ਕਹਾਣੀ ਸੁਣਾਉਂਦੇ, 'ਰਿਸ਼ੀ ਕਹਿੰਦਾ, ਮੈਨੂੰ ਆਪਣੇ ਪਿਛਲੇ ਇਕ ਸੌ ਜਨਮਾਂ ਦਾ ਪਤਾ ਹੈ, ਮੈਂ ਕੋਈ ਪਾਪ ਨਹੀਂ ਕੀਤਾ। ਲਓ ਜੀ ਫੇਰ ਮੈਨੂੰ ਇਹ ਫਾਸ਼ੀ ਦੀ ਸਜ਼ਾ ਕਿਉਂ ਮਿਲੀ? ਧਰਮਰਾਜ ਕਹਿੰਦਾ ਸੋ ਜਨਮ ਤੋਂ ਪਿਛੋ ਇਸ ਸੌ ਇਕਵੇਂ ਜਨਮ ਵਿਚ ਤੈਂ ਅੱਕ ਟਿੱਡੇ ਨੂੰ ਸੂਲ ਨਾਲ ਪਰੋ ਕੇ ਲਊ ਜੀ।' ਮੈਂ ਵੀ ਬੈਠਾ ਸੁਣੀ ਜਾਂਦਾ। ਮੈਨੂੰ ਵੀ ਉਹਨਾਂ ਦੀਆਂ ਕਹਾਣੀਆਂ ਸੁਣਨ ਦਾ ਕੰਨ ਰਸ ਭੁਸ ਪੈ ਗਿਆ ਸੀ। ਹੋਰ ਵੀ ਜਿਵੇਂ ਪ੍ਰੀਤਮ ਮਜ੍ਹਬੀ, ਗੰਗਾਰਾਮ ਬਾਜੀਗਰ, ਧੱਕੜ ਮਿਸਤਰੀ ਆਦਿ ਕਿੰਨੇ ਹੀ ਸਨ। ਜਿਹੜੇ ਲਗਭਗ ਰੋਜ਼ਾਨਾ ਆ ਕੇ ਕਈ ਕਈ ਘੰਟੇ ਬੈਠੇ ਰਹਿੰਦੇ ਸਨ। ਜਾਨੀ ਚੋਰ, ਰੂਪ ਬਸੰਤ, ਰਾਜਾ ਨਲ ਸਿੰਘ ਆਦਿ ਕਿੱਸੇ ਪੜ੍ਹਦੇ ਰਹਿੰਦੇ ਸਨ। ਦਲਿਤਾਂ ਦੇ ਨੰਬਰਦਾਰ ਹੋਣ ਕਰਕੇ ਉਹ ਕੋਰਟ ਕਚਹਿਰੀ ਜਾਂਦੇ ਰਹਿੰਦੇ ਸਭ ਦੇ ਕੰਮ ਆਉਂਦੇ ਰਹਿਣ ਕਰਕੇ ਪਿੰਡ ਵਿਚ ਉਹਨਾਂ ਦੀ ਚੰਗੀ ਪੁਛ ਪ੍ਰਤੀਤ ਸੀ।

ਤੇ ਬੀਬੀ ਦਾ 'ਪਤੀ ਵਲੋਂ ਕੁੱਟ ਖਾਣਾ ਵਾਲੀ ਪਤਨੀ' ਦਾ ਨਹੀਂ ਸਗੋਂ ਪਤੀ ਨੂੰ 'ਪਰਮੇਸ਼ਰ ਮਨੰਣ ਵਾਲੀ ਪਤਨੀ' ਦਾ ਬਿੰਬ ਉਘੜਦਾ ਹੈ। ਬੀਬੀ ਹਰ ਰੋਜ਼ ਸ਼ਾਮ ਨੂੰ ਹੱਥ ਜੋੜ ਕੇ ਬਹਿ ਜਾਂਦੀ। ਮੈਨੂੰ ਬੁੜ ਬੁੜ ਕਰਦੀ ਸੁਣਾਈ ਦਿੰਦੀ... 'ਪਤੀ ਪਰਮੇਸ਼ਰ ਦੀ ਸੁੱਖ ਰੱਖੀਂ... ਉਹਨੂੰ ਤੱਤੀ 'ਵਾ ਨਾ ਲੱਗੇ... ਬੱਚਿਆਂ ਦੀ ਸੁੱਖ ਰੱਖੀਂ... ਗਲੀ ਮੁਹੱਲੇ ਸੁੱਖ ਵਰਤਾਈ... ਰਿਜਕ ਦਈਂ... ਪਤੀ ਪਰਮੇਸ਼ਰ ਦੀ ਕਮਾਈ ਵਿਚ ਬਰਕਤ ਪਾਈਂ ਈ।"

ਬੀਬੀ ਤਾਂ ਕਮਲੀ ਸੀ। ਭਲਾ ਸੀਰੀਆ, ਸੇਪੀਆ ਦੀ ਕਮਾਈ ਵਿਚ ਬਰਕਤ ਕਿਥੋਂ ਪੈਣੀ ਹੋਈ? ਪਾਪਾ ਦੁਕਾਨ ਵਿਚ ਬੈਠੇ, ਲੋਕਾਂ ਕੋਲ ਮਨ ਦਾ ਗੁਬਾਰ ਕੱਢਣ ਲੱਗ ਪੈਂਦੇ। 'ਕਿਰਸਾਨਾਂ ਦੀਆਂ ਛਮਾਈ ਛਮਾਹੀ ਜੁੱਤੀਆਂ ਗੱਠੀ ਜਾਓ... ਹਾੜ੍ਹੀ ਸੌਣੀ ਗੁਡਾਈ ਵਢਾਈ ਵਿਚ ਮੁਫ਼ਤ ਦਿਹਾੜੀਆਂ ਲਵਾਓ। ਇਸਦੇ ਬਦਲੇ ਇਹ ਦਿੰਦੇ ਕੀ ਨੇ, ਹਾੜ੍ਹੀ ਸੌਣੀ ਕਣਕ, ਮੱਕੀ ਦੀ ਇਕ ... ਇਕ ਭਰੋਟੀ...ਦਸ-ਬਾਰਾਂ ਭਾਰੀਆਂ ਵਿਚੋਂ ਕਿੰਨੇ ਕੁ ਦਾਣੇ ਨਿਕਲਦੇ ਐ? ਪਿੰਡ ਦੇ ਲੋਕ ਬੂਟ, ਗੁਰਗਾਬੀਆਂ ਉਧਾਰ ਲਿਜਾਈ ਜਾਂਦੇ ਐ। ਜੇ ਉਧਾਰ ਮੰਗਣ ਜਾਓ ਆਖਦੇ ਐ, "ਪੈਸੇ ਤੋਰੇ ਮਾਰ ਵਿਚ ਨੀ ਹੈਗੇ... ਅਸੀਂ ਪਿੰਡ ਤਾਂ ਨੀ ਛੱਡ ਜਾਣਾ। ਦੇ ਦਮਾਂਗੇ, ਜਦ ਹੋਏ ਨਹੀਂ ਫੇਰ ਕਰ ਲੈ ਜੋ ਕੁਛ ਕਰਨੈ।" ਉਧਰ ਮਾਲ (ਚਮੜੇ) ਵਾਲੇ ਪਿਛਲੇ ਪੈਸਿਆਂ ਨੂੰ ਗੇੜੇ ਮਾਰਦੇ ਐ। ਅੱਗੋਂ ਉਧਾਰ ਦਿੰਦੇ ਨੀ ਹੈਗੇ। ਤੁਸੀਂ ਓ ਦੱਸੋ ਬੰਦਾ ਕਰੇ ਤਾਂ ਕੀ ਕਰੇ।"

ਮੈਂ ਦੇਖਦਾ ਪਾਪਾ ਦਾ ਸਰੀਰ ਸੁੱਕ ਕੇ ਤੀਲਾ ਹੋ ਗਿਆ ਸੀ। ਮੂੰਹ ਸੁਕਣ ਕਰਕੇ ਗਰਦਨ ਉੱਤੇ ਘੰਡ ਅੱਗੇ ਨੂੰ ਨਿਕਲਿਆ ਦਿਸਦਾ ਸੀ। ਜਦ ਕੋਈ ਬੰਦਾ ਆ ਕੇ ਬਹਿ ਜਾਂਦਾ... ਉਹਦੇ ਨਾਲ ਗੱਲਾਂ ਕਰਦਿਆਂ ਉਹਨਾਂ ਦੇ ਚਿਹਰੇ ਦੀਆਂ ਝੁਰੜੀਆਂ ਮਿਟਦੀਆਂ ਉਹ ਮਾੜਾ ਜਿਹਾ ਮੁਸਕਾਂਦੇ। ਤੇ ਉਹਦੇ ਉਠਕੇ ਜਾਣ ਬਾਦ ਉਹਨਾਂ ਦਾ ਚਿੰਤਾਵਾਨ ਚਿਹਰਾ ਫਿਰ ਤਣਾਓ ਵਿਚ ਆ ਜਾਂਦਾ। ਮੈਨੂੰ ਉਹਨਾਂ ਕੋਲ ਬੈਠਣਾ ਔਖਾ ਹੋ ਜਾਂਦਾ।

ਬੀਬੀ ਵਿਚਾਰੀ ਘਰ ਦੀ ਹਾਲਤ ਸੁਧਾਰਨ ਲਈ ਪਾਪਾ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ। ਪਾਪਾ ਇਕ ਤੋਕੜ ਜਿਹੀ ਮੱਝ ਉਧਾਰ ਲਿਆਏ ਸਨ। ਅਖੇ ਬਚਿਆਂ ਨੂੰ ਦੁੱਧ ਤਾਂ ਪੀਣ ਨੂੰ ਮਿਲੂ। ਉਧਾਰ ਦੇ ਪੈਸੇ ਆਪੇ ਉਤਰਦੇ ਰਹਿਣਗੇ। ਉਸ ਮੱਝ ਦਾ ਅਸੀਂ ਕਈ ਸੂਏ ਦੁੱਧ ਪੀਤਾ। ਬੀਬੀ ਦੁਪਹਿਰ ਤੋਂ ਪਹਿਲਾਂ ਤੇ ਦੁਪਹਿਰ ਤੋਂ ਬਾਅਦ, ਦੋ ਪੰਡਾਂ ਘਾਹ ਦੀਆਂ ਖੋਤ ਕੇ ਲਿਆਉਂਦੀ। ਇਕ ਪੰਡ ਮੱਝ ਜੋਗੀ ਰੱਖਕੇ, ਦੂਸਰੀ ਲਾਲਿਆਂ ਨੂੰ ਵੇਚ ਦਿੰਦੀ। ਲਾਲਿਆਂ ਨੇ ਮੱਝ ਤਾਂ ਰੱਖੀ ਹੋਈ ਸੀ ਪਰ ਲਾਲੀਆ ਖੇਤਾਂ ਵਿਚ ਘਾਹ ਖੋਤਣ ਨਹੀਂ ਸਨ ਜਾਂਦੀਆਂ। ਬਰਸਾਤ ਵਿਚ ਅੰਬ ਪੱਕਣ ਲਗਦੇ। ਉਦੋਂ ਕੁਰਾਲੀ ਤੋਂ ਉਪਰਲਾ ਘਾੜ ਦਾ ਇਲਾਕਾ ਅੰਬਾਂ ਦੇ ਬਾਗਾਂ ਨਾਲ ਭਰਿਆ ਪਿਆ ਸੀ। ਬੀਬੀ ਹੋਰ ਤੀਵੀਆਂ ਨਾਲ ਜਾ ਕੇ, ਨਾਲ ਦੇ ਪਿੰਡ ਦੀ ਰੱਖ ਵਿਚੋਂ ਢੱਕ ਦੇ ਪੱਤੇ ਤੋੜ ਕੇ ਪੰਡ ਬੰਨ੍ਹ ਲਿਆਉਂਦੀ ਅਤੇ ਘਰ ਆ ਕੇ ਢੱਕ ਦੇ ਚੌੜੇ ਪੱਤਿਆਂ ਦੀਆਂ ਪੱਤਲਾਂ ਬਣਾਉਂਦੀ। ਇਹ ਪੱਤਲਾਂ ਸੈਂਕੜੇ ਦੇ ਹਿਸਾਬ ਨਾਲ, ਅੰਬਾਂ ਦੇ ਵਪਾਰੀ ਖਰੀਦ ਲੈਂਦੇ। ਅੱਧ ਪੱਕੇ ਅੰਬ ਤੋੜ ਲਏ ਜਾਂਦੇ। ਇਕ ਪੱਤਲ ਟੋਕਰੀ ਵਿਚ ਥੱਲੇ ਰੱਖਕੇ, ਟੋਕਰੀ ਅੰਬਾਂ ਦੀ ਭਰ ਲਈ ਜਾਂਦੀ। ਤੇ ਉਪਰੋਂ ਦੂਸਰੀ ਪੱਤਲ ਨਾਲ ਟੋਕਰੀ ਢੱਕ ਕੇ ਆਲੇ ਦੁਆਲਿਓਂ ਰੱਸੀ ਨਾਲ ਸੀਂਅ ਦਿੱਤੀ ਜਾਂਦੀ ਤੇ ਅੰਬਾਂ ਦੀਆਂ ਟੋਕਰੀਆਂ ਗੱਡਿਆਂ ਵਿਚ ਲੱਦ ਕੇ ਵਪਾਰੀ ਲੁਧਿਆਣੇ ਮੰਡੀ ਵਿਚ ਵਿਕਣ ਲਈ ਆੜ੍ਹਤੀਆਂ ਕੋਲ ਭੇਜ ਦਿੰਦੇ ਸਨ। ਉਦੋਂ ਪੱਤਲਾਂ ਬਣਾਉਣ ਵਾਲੀਆਂ ਤੀਵੀਆਂ, ਟੋਕਰੀਆਂ ਭਰਕੇ ਬੰਨ੍ਹਣ ਵਾਲੇ ਮਜਦੂਰਾਂ ਅਤੇ ਗੱਡਿਆਂ 'ਤੇ ਅੰਬਾਂ ਦੀਆਂ ਟੋਕਰੀਆਂ ਲੱਦ ਕੇ ਲੁਧਿਆਣੇ ਲਿਜਾਣ ਵਾਲੇ ਕਿਸਾਨਾ ਨੂੰ ਬਰਸਾਤ ਦੇ ਮੌਸਮ ਦੇ ਢਾਈ ਤਿੰਨ ਮਹੀਨੇ ਸੁਹਣਾ ਕੰਮ ਮਿਲਿਆ ਰਹਿੰਦਾ ਸੀ। ਕਣਕ ਦੀ ਵਾਢੀ ਦੇ ਦਿਨਾਂ ਵਿਚ ਬੀਬੀ, ਹੋਰ ਤੀਵੀਆਂ ਨਾਲ ਜਾ ਕੇ, ਕਣਕ ਦੇ ਵੱਢਾ ਵਿਚੋਂ ਸਿਲਾ (ਬੱਲਾਂ) ਚੁਗ ਲਿਆਉਂਦੀ। ਉਹ



ਬੱਚਿਆਂ ਦੇ ਮੂੰਹ ਚੋਗਾ ਦੇਣ ਲਈ ਤਿੰਨ ਚਾਰ ਦਿਨਾਂ ਦੀਆਂ ਚੁਗੀਆਂ ਬੱਲਾਂ ਕੁੱਟਕੇ ਕਣਕ ਦੇ ਦਾਣੇ ਕੱਢ ਲੈਂਦੀ ਤੇ ਕਣਕ ਮਸ਼ੀਨ 'ਤੇ ਪਿਹਾ ਕੇ ਰੋਟੀਆਂ ਪਕਾਉਣ ਲਗਦੀ। ਮੈਨੂੰ ਤੇ ਦਰਸ਼ਨ ਨੂੰ ਘੱਟ ਤੋਂ ਘੱਟ ਰੋਟੀਆਂ ਖਾਣ ਦੀ ਤਾਕੀਦ ਕਰਦੀ। ਕਿਉਂਕਿ ਨਵਾਂ ਅਨਾਜ ਗਰਮੀ ਕਰਦਾ ਤੇ ਪੇਚਿਸ਼ ਲੱਗਣ ਦਾ ਡਰ ਰਹਿੰਦਾ।

ਮੇਰਾ ਪਾਪਾ ਕਣਕ ਦੀ ਵਾਢੀ ਦੇ ਦਿਨਾਂ ਵਿਚ ਲਾਵੀ (ਦਿਹਾੜੀ ਦੀ ਕਣਕ ਦੀ ਵਢਾਈ ਦੀ ਇਕ ਭਰੀ) 'ਤੇ ਵਾਢੀ ਕਰਦਾ। ਬੀਬੀ ਨਰਮ ਜਹੇ ਦੁਪਹਿਰੇ ਤੱਕ ਬੱਲਾਂ ਚੁਗ ਕੇ ਘਰ ਆ ਜਾਂਦੀ ਤੇ ਦੁਪਹਿਰ ਦੀ ਰੋਟੀ ਬਣਾ ਕੇ ਮੈਨੂੰ ਨਾਲ ਲੈ ਕੇ ਪਾਪਾ ਨੂੰ ਰੋਟੀ ਦੇਣ ਲਈ ਚੱਲ ਪੈਂਦੀ ਜਿਥੇ ਉਹ ਕਿਸਾਨ ਦੇ ਖੇਤ ਵਿਚ ਵਾਢੀ ਕਰ ਰਹੇ ਹੁੰਦੇ। ਪਾਪਾ ਗਰਮੀਆਂ ਦੀ ਸਿਖਰ ਦੁਪਹਿਰ ਵਿਚ ਵਾਢੀ ਕਰਦਿਆਂ ਅੰਤਾਂ ਦੇ ਥੱਕੇ ਹੋਏ ਹੁੰਦੇ ਇਸ ਲਈ ਬੀਬੀ ਉਹਨਾਂ ਲਈ ਸ਼ੱਕਰ ਵਿਚ ਦੇਸ਼ੀ ਘੀ ਰਲਾ ਕੇ ਬਾਟੀ ਭਰਕੇ ਉਹਨਾਂ ਦੇ ਖਾਣ ਲਈ ਲੈ ਕੇ ਜਾਂਦੀ। ਪਾਪਾ ਦੇਸੀ ਘੀ ਰਲੀ ਸ਼ੱਕਰ ਦਾ ਚਮਚ ਭਰਕੇ ਰੋਟੀ 'ਤੇ ਰੱਖਕੇ ਮੈਨੂੰ ਵੀ ਖਾਣ ਲਈ ਦੇ ਦਿੰਦੇ। ਇਕ ਸਾਲ ਮੈਂ ਹੁਣ ਵੀ ਸੋਚ ਕੇ ਦੁਖੀ ਹੋ ਜਾਂਦਾ ਹਾਂ ਉਨ੍ਹਾਂ ਦੇ ਪੱਟ 'ਤੇ 'ਵਾਲ ਤੋੜ' (ਫੋੜਾ) ਨਿਕਲ ਆਇਆ ਸੀ। ਉਹ ਦਿਨ ਵਿਚ ਵਾਢੀ ਕਰਦੇ ਸ਼ਾਮ ਨੂੰ ਆ ਕੇ ਰੋਟੀ ਦੇ ਪੇੜੇ ਜਿੱਡੇ ਫੋੜੇ 'ਤੇ ਨਿੰਮ ਦੇ ਪੱਤਿਆਂ ਦੀ ਟਕੋਰ ਕਰਕੇ ਫੋੜੇ 'ਤੇ ਕਾਗਤੀ ਲਾ ਲੈਂਦੇ ਸਨ। ਸਵੇਰੇ ਫੇਰ ਦਵਾਈ ਲਾ ਕੇ ਪੱਟੀ ਕਰ ਲੈਂਦੇ। ਜਦੋਂ ਮੈਂ ਤੇ ਬੀਬੀ ਦੁਪਹਿਰ ਨੂੰ ਰੋਟੀ ਲੈ ਕੇ ਜਾਂਦੇ ਉਹ ਆਨੀ ਬਹਾਨੀਂ 'ਲੇਟ ਹੋਗੀ ਮੈਂ ਕਦੋਂ ਦਾ ਪਿਆ ਉਡੀਕਦਾ' ਬੀਬੀ 'ਤੇ ਗੁੱਸਾ ਲਾਹੁੰਦੇ ਸਾਥੋਂ ਉਨ੍ਹਾਂ ਦੀ ਹਾਲਤ ਦੇਖੀ ਨਾ ਜਾਂਦੀ ਉਨ੍ਹਾਂ ਨੇ ਉਸੇ ਹਾਲ ਵਿਚ ਫੇਰ ਦੁਪਹਿਰ ਤੋਂ ਬਾਦ ਉਨ੍ਹਾਂ ਨਾਲੋਂ ਦੁਗਣੇ ਤਿਗਣੇ ਮੋਟੇ ਡਾਢੇ ਕਿਸਾਨਾ ਦੇ ਬਰਾਬਰ ਵਾਢੀ ਕਰਨੀ ਹੁੰਦੀ ਭਰੀਆ ਬੰਨ੍ਹਉਣੀਆਂ ਹੁੰਦੀਆਂ ਜਦੋਂ ਕਿ ਪਸੀਨਾ ਚੋਂਦਿਆਂ ਉਨ੍ਹਾਂ ਦੀ ਫੋੜੇ ਵਾਲੀ ਲੱਤ ਆਕੜੀ ਹੋਈ ਹੁੰਦੀ।

ਉਦੋਂ ਕਣਕ ਦੀ ਗਹਾਈ ਬਲਦਾ ਨਾਲ ਹੁੰਦੀ ਸੀ। ਕਣਕ ਦੇ ਭਾਰਾਂ ਨੂੰ ਪਿੜ ਵਿਚ ਗੋਲ ਚੱਕਰ ਵਿਚ ਖਲਾਰਕੇ, ਉੱਤੇ ਬਲਦਾਂ ਨੂੰ ਘੁਮਾਇਆ ਜਾਂਦਾ ਸੀ। ਜਿੰਨ੍ਹਾਂ ਲਾਣ ਸੁੱਕਾ ਹੁੰਦਾ ਅਤੇ ਧੁੱਪ ਤੇਜ ਹੁੰਦੀ ਉਨ੍ਹਾਂ ਲਾਣ ਛੇਤੀ ਟੁੱਟਦਾ ਅਤੇ ਤੂੜੀ ਬਰੀਕ ਬਣਦੀ। ਕਿਸਾਨ ਦਲਿਤਾਂ ਨੂੰ ਕਣਕ ਗਾਹੁਣ ਲਈ ਬਲਦ ਦੇਣ ਤੋਂ ਬਹਾਨੇ ਲਾਉਂਦੇ ਰਹਿੰਦੇ। ਉਨ੍ਹਾਂ ਦੇ 'ਭਰ' ਗਾਹੁਣ ਖੁਣੋਂ ਪਏ ਰਹਿੰਦੇ ਕਈ ਵਾਰ ਵੱਧ ਵਰਖਾ ਹੋਣ ਕਰਕੇ ਲਾਣ ਗਲ ਜਾਂਦਾ। ਤੇ ਕਣਕ ਦੇ ਦਾਣੇ ਬੱਲਾਂ ਵਿਚ ਜੰਮ ਜਾਂਦੇ। ਤੇ ਉਨ੍ਹਾਂ ਵਿਚਾਰਿਆਂ ਦੀ ਕਰੀ ਕੱਤਰੀ ਖੂਹ ਵਿਚ ਡਿੱਗ ਪੈਂਦੀ। ਪਰ ਪਾਪਾ ਕਿਉਂਕਿ ਕਿੰਨੇ ਹੀ ਕਿਸਾਨਾਂ ਦੀ ਸੇਪੀ ਕਰਦੇ ਸਨ। ਇਸ ਲਈ ਉਨ੍ਹਾਂ ਨੂੰ ਕਣਕ ਦੀ ਗਹਾਈ ਲਈ ਬਲਦ ਤਾਂ ਆਸਾਨੀ ਨਾਲ ਮਿਲ ਜਾਂਦੇ ਸਨ ਪਰ ਇਸਦੇ ਇਵਜਾਨੇ ਵਜੋਂ ਉਨ੍ਹਾਂ ਨੂੰ ਬਲਦ ਦੇਣ ਵਾਲੇ ਕਿਸਾਨ ਦੇ ਖੇਤਾਂ ਵਿਚ ਮੱਕੀ ਦੀ ਗਡਾਈ ਦੀਆਂ ਕਈ ਕਈ ਫਾਲਤੂ ਦਿਹਾੜੀਆਂ ਲੁਆਉਣੀਆਂ ਪੈਂਦੀਆਂ ਸਨ।

ਪਾਪਾ ਤੇ ਬੀਬੀ ਤਾਂ ਕਿਰਸਾਨਾਂ ਦੇ ਖੇਤਾਂ ਵਿਚ ਵਗਾਰ ਵਜੋ, ਮੱਕੀ ਦੀ ਗੁਡਾਈ ਦੀਆਂ ਦਿਹਾੜੀਆਂ ਲੁਆਉਂਦੇ ਰਹਿੰਦੇ। ਦਸ, ਬਾਰਾਂ ਕਿਰਸਾਨਾਂ ਦੇ ਦਿਤੇ ਸੇਪੀ ਦੇ ਭਾਰਾਂ ਤੇ ਦਸ ਬਾਰਾਂ ਲਾਵੀ ਤੇ ਕਣਕ ਵੱਢਣ ਦੇ ਭਾਰਾਂ ਵਿਚੋਂ ਭਲਾ ਕਿੰਨੀ ਕੁ ਕਣਕ ਨਿਕਲ ਸਕਦੀ ਸੀ। ਦੋ ਢਾਈ ਮਹੀਨੇ ਬਾਦ ਫੇਰ ਦਾਣੇ ਖਤਮ ਹੋ ਜਾਂਦੇ। ਤੇ ਸਰਦੀਆਂ ਸ਼ੁਰੂ ਹੁੰਦਿਆਂ ਫੇਰ ਪਰਵਾਰ ਲਈ ਫਾਕੇ ਕੱਟਣ ਦੇ ਦਿਨ ਆ ਜਾਂਦੇ ਸਨ।

ਮੈਂ ਉਦੋਂ ਪ੍ਰਾਈਮਰੀ ਕਲਾਸਾਂ ਵਿਚ ਪੜ੍ਹਦਾ ਸਾਂ। ਸਵੇਰ ਦਾ ਭੁੱਖਾ ਅੱਧੀ ਛੁੱਟੀ ਵੇਲੇ ਸਕੂਲੋਂ ਭੱਜਿਆ ਆਉਂਦਾ ਭੁੱਖੇ ਪੇਟ ਮੈਂ ਰੋਟੀ 'ਤੇ ਹਾਬੜ ਕੇ ਪੈਂਦਾ। ਅੱਗੋਂ ਬੀਬੀ ਦੀ ਘੁਰਕੀ ਸੁਣਨ ਨੂੰ ਪੈਂਦੀ, 'ਤੈਨੂੰ ਦੋ ਰੋਟੀਆਂ ਥੋੜੀਆਂ' ਉਹ ਨਰਮੀ ਨਾਲ ਆਖਦੀ, 'ਪੁੱਤ ਏਨੀ ਭੁੱਖ ਨੀ ਵਧਾਈਦੀ ਚਾਰ ਰੋਟੀਆਂ ਤਾਂ ਤੇਰਾ

ਪਾਪਾ ਖਾਂਦਾ ਆ। ਉਹ ਸਾਰਾ ਦਿਨ ਜਾਨ ਹੂਲ ਕੇ ਕੰਮ ਕਰਦਾ ਆ।' ਤੇ ਪਤੀਲੀ ਵਿਚ ਦੇਖਕੇ ਜਿੰਨੀ ਕੁ ਮੇਰੇ ਹਿੱਸੇ ਆਉਂਦੀ ਦਾਲ ਪਾ ਦਿੰਦੀ। ਬੀਬੀ ਰੋਟੀਆਂ ਹੱਥ ਵਿਚ ਫੜਕੇ ਹੱਥ ਜੋੜਕੇ ਅੰਨ ਭਗਵਾਨ ਨੂੰ ਨਮਸ਼ਕਾਰ ਕਰਦੀ। ਅਰਦਾਸ ਕਰਦੀ, "ਰੱਬਾ ਸਭ ਨੂੰ ਰਿਜਕ ਦਈਂ।' ਕੁੱਤੇ ਲਈ ਬੁਰਕੀ ਤੋੜ ਕੇ ਇਕ ਪਾਸੇ ਰੱਖਦੀ। ਤਾਂ ਜਾ ਕੇ ਗਰਾਹੀ ਮੂੰਹ ਵਿਚ ਪਾਉਂਦੀ।

ਸਾਰੇ ਮੁਹੱਲੇ ਦੇ ਘਰਾਂ ਦੀ ਹਾਲਤ ਤੰਗ ਦਸਤੀ ਵਾਲੀ ਓ ਸੀ। ਤੀਵੀਆਂ 'ਕੱਠੀਆਂ ਹੋ ਕੇ ਰੋਣੇ ਧੋਣੇ... ਰੋਣ ਲੱਗ ਪੈਂਦੀਆਂ। ਮੇਰੀ ਦਾਦੀ ਅੱਛਰੋ ਪਖਾਣਾ ਪਾਉਂਦੀ,

'ਜੇ ਘਰ ਹੁੰਦਾ ਤੇਲ ਤਾਂ ਮੈਂ ਪੂੜੇ ਪਕਾਉਂਦੀ।

ਰੋਗ ਕੌੜੀ ਆਟੇ ਦਾ ਗੁੜ ਮੁੱਲ ਲਿਆਉਂਦੀ।

ਉਹ ਆਪੇ ਵਿਆਖਿਆ ਕਰਦੀ ਜੀਆ ਤਾਂ ਪੂੜੇ ਪਕਾ ਕੇ ਖਾਣ ਨੂੰ ਬੜਾ ਕਰਦਾ ਪਰ ਘਰ ਵਿਚ ਪੂੜੇ ਪਕਾਉਣ ਲਈ ਤੇਲ, ਆਟਾ ਤੇ ਗੁੜ ਕੁਝ ਵੀ ਨਹੀਂ। ਜੇ ਕੋਈ ਨਵੀਂ ਵਿਆਹੁਣੀ ਆਈ ਆਪਣੇ ਪੇਕੇ ਪਰਵਾਰ ਦੀਆਂ ਬਹੁਤੀਆਂ ਈ ਫੜ੍ਹਾਂ ਮਾਰਨ ਲੱਗ ਪੈਂਦੀ। ਤਾਂ ਦਾਦੀ ਉਹਨੂੰ ਰੋਕ ਕੇ ਆਖਦੀ, "ਭਾਈ ਅਸੀਂ ਵੱਡੇ ਲੋਕਾਂ ਦੀ ਛਾਂ ਨੀ ਬੈਠਣਾ।' 'ਰਾਣੀ ਨੂੰ ਰਉਂ ਪਿਆਰਾ' ਹੋਓ।

'ਰਾਣੀ ਨੂੰ ਕਿਉਂ ਪਿਆਰਾ ਐ ਸਾਨੂੰ ਤਾਂ ਆਪਣੇ ਵਰਗਿਆਂ ਨਾਲ ਈ ਭਾਉ ਐ।

ਸ਼ੁਰੂ ਤੋਂ ਈ ਤੰਗੀਆਂ ਤੁਰਸੀਆਂ ਕੱਟਦਿਆਂ ਘਰ ਵਿਚ ਪਈਆਂ ਧਾਰਮਿਕ ਪੁਸਤਕਾਂ ਪੜ੍ਹਦਿਆਂ ਅਤੇ ਦਾਦੀ ਵਰਗਿਆਂ ਦੀਆਂ ਦਾਨੀਆਂ ਗੱਲਾਂ ਸੁਣਦਿਆਂ ਮੇਰਾ ਸੁਭਾ ਸੰਜਮੀ ਅਤੇ 'ਸੈਲਫ ਕੰਟਰੋਲ' ਵਾਲਾ ਹੋ ਗਿਆ ਹੈ। ਹੁਣ ਵੀ ਮੈਂ ਰੋਟੀਆਂ ਤਾਂ ਰੱਜ ਕੇ ਖਾਣ ਲੱਗ ਪਿਆ ਹਾਂ ਪਰ ਜੇ ਮੈਨੂੰ ਪਤੀਲੀ ਵਿਚ ਘੱਟ ਦਾਲ ਦਿਸੇ ਤਾਂ ਮੈਂ ਆਪਣੇ ਪਹਿਲਾਂ ਤੋਂ ਬਣੇ ਸੁਭਾ ਅਨੁਸਾਰ ਉਸੇ ਹਿਸਾਬ ਨਾਲ ਬੁਰਕੀਆਂ ਨਾਲ ਘੱਟ ਦਾਲ ਲਾ ਕੇ ਖਾਣ ਲੱਗ ਪੈਂਦਾ ਹਾਂ।

ਘਰੇਲੂ ਤੰਗੀਆਂ ਤੁਰਸੀਆਂ ਕਰਕੇ ਹੀ ਸਾਡੇ ਗੁਆਂਢੀ ਰਾਮ ਆਸਰੇ ਨੇ ਆਪਣੇ ਮੁੰਡੇ ਜਗਦੀਸ਼ ਅਤੇ ਕਾਲੇ ਨੂੰ ਪੜ੍ਹਨੋਂ ਹਟਾ ਲਿਆ ਸੀ ਅਤੇ ਜਗਦੀਸ਼ ਨੂੰ ਲੋਕਾਂ ਦੇ ਡੰਗਰ ਚਾਰਨ ਤੇ ਕਾਲੇ ਨੂੰ ਕੇਹਰੂ ਕਿਸਾਨ ਕੋਲ ਨੌਕਰ ਰਖਾ ਕੇ ਆਖਣ ਲੱਗ ਪਿਆ ਸੀ, "ਲੈ ਬਈ ਮੇਰੇ ਤਾਂ ਕਮਾਉਣ ਲੱਗ ਪਏ ਜਿਹੜੇ ਆਪਣੇ ਮੁੰਡਿਆਂ ਦੀ ਪੜ੍ਹਾਈ 'ਤੇ ਖਰਚ ਕਰਦੇ ਐ ਇਹਨਾਂ ਨੇ ਕੀ ਦੇਖਿਆ ਬਈ ਕੀ ਇਹਨਾਂ ਦੇ ਮੁੰਡੇ ਪੜ੍ਹਨਗੇ ਵੀ ਤੇ ਪੜ੍ਹਕੇ ਨੌਕਰੀ ਲਗਣਗੇ ਤੇ ਇਹਨਾਂ ਨੂੰ ਆਨਾ ਦੇਣਗੇ ਵੀ? ਮੇਰੇ ਤਾਂ ਹੁਣੇ ਦੇਣ ਲੱਗ ਪਏ ਆ ਹਾ ਹਾ।" ਉਹ ਹੱਸਦਾ ਈ ਰਹਿੰਦਾ।

ਪਰ ਮੇਰੇ ਪਾਪਾ ਨੇ ਮੈਨੂੰ ਤੇ ਦਰਸ਼ਨ ਨੂੰ ਪੜ੍ਹਨ ਤੋਂ ਨਹੀਂ ਸੀ ਹਟਾਇਆ। ਭਾਵੇਂ ਪੜ੍ਹਦੇ ਅਸੀਂ ਬਹੁਤ ਤੰਗ-ਹਾਲੀ ਵਿਚ ਹੀ ਰਹੇ। ਮੈਂ ਫਰਵਰੀ,1962 ਵਿਚ ਸਰਕਾਰੀ ਮਿਡਲ ਸਕੂਲ ਸਿਆਲਬਾ ਤੋਂ ਅੱਠਵੀਂ ਦੀ ਪ੍ਰੀਖਿਆ ਦਿੱਤੀ। ਮੈਂ 700 ਵਿਚੋਂ 474 ਨੰਬਰ ਲੈ ਕੇ ਫਸਟ ਡਿਵੀਜ਼ਨ ਵਿਚ ਹੀ ਪਾਸ ਨਹੀਂ ਸਾਂ ਹੋਇਆ ਸਗੋਂ ਕਲਾਸ ਵਿਚ ਵੀ ਫਸਟ ਆ ਗਿਆ ਸਾਂ। ਮੈਂ ਅੱਗੋ ਨੌਵੀਂ ਜਮਾਤ ਵਿਚ ਖਾਲਸਾ ਹਾਇਰ ਸੈਕੰਡਰੀ ਸਕੂਲ, ਕੁਰਾਲੀ ਵਿਚ ਦਾਖਲ ਹੋ ਗਿਆ ਸਾਂ। ਭਾਵੇਂ ਮੈਂ ਗੋਡਿਆ ਉੱਤੇ ਲੱਗੀਆਂ ਟਾਕੀਆਂ ਵਾਲਾ ਖੱਦਰ ਦਾ ਪਜ਼ਾਮਾ ਪਾ ਕੇ ਸਕੂਲ ਜਾਂਦਾ ਸਾਂ। ਪਰ ਉਦੋਂ ਮੈਨੂੰ ਇਸਦਾ ਕੋਈ ਅਹਿਸਾਸ ਨਹੀਂ ਸੀ ਮੇਰਾ ਸਾਰਾ ਧਿਆਨ ਪੜ੍ਹਾਈ ਵੱਲ ਸੀ।

ਪਾਪਾ 1963 ਈ ਵਿਚ ਬਹੁਤ ਘੁੰਮ ਫਿਰ ਕੇ ਮੁੜ ਮਿਲਟਰੀ ਵਿਚ ਡੀ. ਐਸ. ਸੀ. ਵਿਚ ਭਰਤੀ ਹੋ ਗਏ ਸਨ। ਪਹਿਲਾਂ ਵੀ ਉਹ 1941 ਵਿਚ ਮਿਲਟਰੀ ਵਿਚ ਭਰਤੀ ਹੋ ਗਏ ਸਨ। ਪਰ 1946 ਵਿਚ ਦਾਦਾ ਜੀ ਨੇ ਉਨ੍ਹਾਂ ਨੂੰ ਨਾਂ ਕਟਵਾ ਕੇ ਆਉਣ ਲਈ ਚਿੱਠੀ ਲਿਖ ਦਿੱਤੀ ਸੀ ਤਾਂ ਜੋ ਉਹ ਆ ਕੇ ਅਧਰੰਗ ਤੋਂ



ਪੀੜਤ ਚਾਚਾ ਜੀ ਦਾ ਇਲਾਜ ਕਰਵਾਉਣ। ਉਨ੍ਹਾਂ ਦਾ ਮਿਲਟਰੀ 'ਚੋਂ ਲਿਆਂਦਾ ਪੈਸਾ ਝੱਟ ਚਾਚਾ ਜੀ ਦੀ ਬੀਮਾਰੀ 'ਤੇ ਖਰਚ ਹੋ ਗਿਆ ਸੀ। ਤੇ ਉਹ ਮਿਲਟਰੀ 'ਚੋਂ ਆਉਣ ਦੇ ਆਪਣੇ ਫੈਸਲੇ 'ਤੇ ਪਛਤਾਉਂਦੇ ਰਹਿੰਦੇ ਸਨ। ਪਹਿਲਾਂ ਉਹ ਨਾਇਕ ਸਨ ਜਦਕਿ ਦੁਬਾਰਾ ਸਿਪਾਹੀ ਭਰਤੀ ਹੋ ਕੇ ਗਏ।

ਪਰ ਉਨ੍ਹਾਂ ਦੇ ਫੌਜ ਵਿਚ ਜਾਣ ਨਾਲ ਸਾਨੂੰ ਕੋਈ ਫਰਕ ਨੀ ਪਿਆ। ਪਤਾ ਨਹੀਂ ਉਨ੍ਹਾਂ ਨੇ ਕਰਜਾ ਵੀ ਵੱਧ ਦੇਣਾ ਸੀ। ਸਾਡੀ ਬੀਬੀ ਉਸੇ ਤਰ੍ਹਾਂ ਖੇਤਾਂ ਵਿਚੋਂ ਘਾਹ ਦੀ ਪੰਡ ਵੱਢ ਕੇ ਲਿਆ ਕੇ ਵੇਚਦੀ ਰਹੀ। ਬਰਸਾਤ ਦੇ ਅੰਬ ਪੱਕਣ ਦੇ ਮੌਸਮ ਵਿਚ ਢੱਕ ਦੇ ਪੱਤੇ ਲਿਆ ਕੇ ਪੱਤਲ ਬਣਾ ਕੇ ਵੇਚਦੀ ਰਹੀ। ਕਣਕ ਦੀ ਕਟਾਈ ਦੇ ਸੀਜਨ ਵਿਚ ਹੋਰ ਤੀਵੀਆਂ ਨਾਲ ਸਿਲਾ (ਬੱਲਾਂ) ਚੁਗ ਕੇ ਲਿਆ ਕੇ ਉਨ੍ਹਾਂ ਨੂੰ ਕੁੱਟ ਕੇ ਦਾਣੇ ਪਿਹਾ ਕੇ ਸਾਨੂੰ ਰੋਟੀਆਂ ਪਕਾ ਕੇ ਖਿਲਾਉਂਦੀ ਰਹੀ। ਤੇ ਸਾਨੂੰ ਬਹੁਤ ਭੁੱਖ ਵਧਾਉਣ ਦੀ ਥਾਂ ਘੱਟ ਰੋਟੀਆਂ ਖਾਣ ਨੂੰ ਕਹਿੰਦੀ ਰਹੀ।

ਕਿਉਂਕਿ ਪਾਪਾ ਦਾ ਮਨੀ ਆਰਡਰ ਦਾਦਾ, ਨੱਥਾ ਸਿੰਘ ਦੇ ਨਾਂ ਆਉਂਦਾ ਸੀ। ਉਹੀ ਸਾਡੇ ਘਰ ਦਾ ਲੂਣ, ਤੇਲ ਲਿਆ ਕੇ ਦਿੰਦੇ। ਸਾਇਦ ਅੰਧਰੰਗ ਪੀੜਤ ਚਾਚੇ ਦੇ ਘਰ ਲਈ ਕੁਝ ਖਰਚ ਕਰਦੇ ਹੋਣ। ਪਰ ਮੈਂ ਕਈ ਵਾਰੀ ਸੰਝ ਨੂੰ ਬੈਠਾ ਦੇਖੀ ਜਾਂਦਾ ਕਿ ਕਦ ਦਾਦਾ ਜੀ ਆਉਣ ਤੇ ਮਿੱਟੀ ਦਾ ਤੇਲ ਲਿਆ ਕੇ ਦੇਣ ਤਾਂ ਜੋ ਮੈਂ ਦੀਵਾ ਬਾਲ ਕੇ ਹੋਮ ਵਰਕ ਕਰਾਂ। ਦਾਦਾ ਜੀ ਪਾਪਾ ਨੂੰ ਚਿੱਠੀ ਵੀ ਮੈਥੋਂ ਬੋਲ ਕੇ ਆਪ ਹੀ ਲਿਖਵਾਉਂਦੇ। ਉਹ ਬੀਬੀ ਨੂੰ ਕਦੇ ਕੁਝ ਨਾ ਪੁੱਛਦੇ ਕਿ ਕੀ ਲਿਖਵਾਉਣਾ ਹੈ? ਨਾ ਹੀ ਉਹ ਦੱਸਦੀ। ਉਹ ਹਰ ਵਾਰੀ 'ਇਥੇ ਸਭ ਰਾਜੀ ਖੁਸ਼ੀ ਹੈ ਅਤੇ ਥੁਆਡੀ ਰਾਜੀ ਖੁਸ਼ੀ ਨੇਕ ਮੰਗਦੇ ਹਾਂ, ਲਿਖਵਾ ਕੇ ਇਹ ਜ਼ਰੂਰ ਲਿਖਵਾਂਦੇ, 'ਕਿਸੇ ਦਾ ਭਰੋਸਾ ਨਹੀਂ ਕਰਨਾ, ਖਬਰਦਾਰ ਹੋ ਕੇ ਰਹਿਣਾ, ਕਿਸੇ ਨੂੰ ਦਿਲ ਦਾ ਭੇਤ ਨਹੀਂ ਦੇਣਾ।'

ਹੁਣ ਮੈਂ ਸੋਚਦਾ ਹਾਂ ਕਿ ਪਾਪਾ ਨੇ ਹੋਰ ਤਾਂ ਕਿਸੇ ਨੂੰ ਦਿਲ ਦਾ ਭੇਜ ਕੀ ਦੇਣੈ ਉਹ ਤਾਂ ਬੀਬੀ ਨਾਲ ਵੀ ਦਿਲ ਖੋਲ੍ਹ ਕੇ ਗੱਲ ਨਹੀਂ ਸਨ ਕਰਦੇ। ਉਹ ਜਦ ਵੀ ਛੁੱਟੀ ਆਉਂਦੇ। ਬੀਬੀ ਲਈ ਤੇ ਸਾਡੇ ਲਈ ਕੁਝ ਵੀ ਨਹੀਂ ਸਨ ਲਿਆਉਂਦੇ। ਏਨਾ ਜ਼ਰੂਰ ਕਿ ਉਹ ਦੁਬਾਰਾ ਮਿਲਟਰੀ ਵਿਚ ਜਾ ਕੇ ਹਿੰਦੀ ਪੜ੍ਹਨੀ ਵੀ ਸਿਖ ਗਏ ਸਨ। ਪੰਜਾਬੀ ਤੇ ਰੋਮਨ ਵੀ ਉਹ ਮਿਲਟਰੀ ਵਿਚ ਹੀ ਸਿਖੇ ਸਨ। ਜਦ ਪਹਿਲਾਂ ਭਰਤੀ ਹੋਏ ਸਨ। ਹੁਣ ਉਨ੍ਹਾਂ ਦੇ ਬਕਸੇ ਵਿਚ ਹਿੰਦੀ ਦੇ ਧਾਰਮਿਕ ਰਿਸਾਲੇ ਅਤੇ ਪੁਸਤਕਾਂ ਵੀ ਹੁੰਦੀਆਂ ਸਨ। ਛੁੱਟੀ ਆ ਕੇ ਉਹ ਲੋਕਾਂ ਨੂੰ ਫੌਜ ਦੀਆਂ ਗੱਲਾਂ ਅਤੇ ਹਿੰਦੀ ਦੀਆਂ ਨਵੀਆਂ ਪੜ੍ਹੀਆਂ ਪੁਸਤਕਾਂ ਵਿਚੋਂ ਵਿਸ਼ਨੂੰ ਦੇ ਚੌਦਾ ਅਵਤਾਰਾ ਦੀਆਂ ਕਹਾਣੀਆਂ ਸੁਣਾਈ ਜਾਂਦੇ। ਉਹ ਰਾਮ ਚੰਦਰ ਨੂੰ ਚੌਦਾਂ ਤੇ ਕ੍ਰਿਸ਼ਨ ਨੂੰ ਸੋਲਾ ਕਲਾ ਸੰਪੂਰਨ ਦੱਸਦੇ। ਬੀਬੀ ਵੱਲ ਅਤੇ ਸਾਡੇ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ ਸਾਇਦ ਉਨ੍ਹਾਂ ਨੂੰ ਅਣਗੌਲਿਆ ਕੀਤਾ ਜਾਣ ਕਰਕੇ ਹੀ ਬੀਬੀ ਧਾਰਮਿਕ ਤੌਰ 'ਤੇ ਅੰਧ ਵਿਸ਼ਵਾਸੀ ਬਣਦੀ ਜਾ ਰਹੀ ਸੀ।

ਮਾਂ ਬਾਹਰੀ ਹੋਣ ਕਰਕੇ ਬੀਬੀ ਦਾ ਵਧੇਰੇ ਝੁਕਾ ਉਹਦੇ ਨਾਨਕਿਆਂ ਵੱਲ ਹੈ। ਉਹਦਾ ਨਾਨਕਾ ਪਿੰਡ ਰੋਪੜ ਨੇੜੇ ਰੈਲੋਂ ਕਲਾਂ ਹੈ ਤੇ ਉਹਦੇ ਨਾਨਕੇ ਧਾਰਮਿਕ ਬਿਰਤੀ ਵਾਲੇ ਹਨ। ਬੀਬੀ ਦਾ ਮਾਮਾ ਗਿਆਨ ਸਿੰਘ ਪੰਜ ਕਕਾਰੀ, ਸਾਧ ਬਿਰਤੀ ਵਾਲਾ ਸੀ। ਉਹ ਸਵੇਰੇ ਦੁਧ ਦਾ ਡੋਲੂ ਲੈ ਕੇ ਰੋਪੜ ਬੱਸ ਅੱਡੇ ਵਿਚ ਆਪਣੀ ਚਾਹ ਦੀ ਦੁਕਾਨ 'ਤੇ ਚਲੇ ਜਾਂਦਾ। ਉਹਨੂੰ ਚਾਹ ਦੇ ਵੱਟੇ ਪੈਸਿਆਂ ਦਾ ਹਿਸਾਬ ਕਿਤਾਬ ਪੁੱਛਣ ਵਾਲਾ ਕੋਈ ਨਹੀਂ ਸੀ। ਦੂਸਰੇ ਦਿਨ ਘਰ ਤੋਂ ਉਹ ਦੁੱਧ ਦਾ ਡੋਲੂ ਹੋਰ ਲੈ ਜਾਂਦਾ। ਬੀਬੀ ਦੇ ਮਾਮੇ ਦੇ ਪੁੱਤਰ ਪਿਆਰਾ ਸਿੰਘ, ਮੁਖਤਿਆਰ ਸਿੰਘ, ਗੁਰਦੇਵ ਸਿੰਘ ਤੇ ਜਸਬੀਰ ਸਿੰਘ ਉਹਨੂੰ ਡਾਢਾ ਮੋਹ ਪਿਆਰ ਕਰਦੇ ਸਨ। ਪਰ ਸਾਡੇ ਘਰ ਬਹੁਤਾ ਆਉਣ ਜਾਣ ਮੁਖਤਿਆਰ ਸਿੰਘ ਦਾ ਹੈ। ਬੀਬੀ ਦਾ ਮਮੇਰਾ ਭਰਾ ਹੋਣ ਕਰਕੇ ਮੈਂ ਤੇ ਦਰਸ਼ਨ ਵੀ ਉਹਨਾਂ ਨੂੰ 'ਮਾਮਾ ਜੀ' ਕਹਿੰਦੇ ਹਨ। ਕਿੰਨਾ ਸਮਾਂ ਹੋ ਗਿਆ ਹੈ, ਉਹਨਾਂ ਨੂੰ ਡੀ. ਸੀ.

ਰੋਪੜ ਦੇ ਚੋਣ ਦਫ਼ਤਰ ਵਿਚੋਂ ਬਤੌਰ ਤਹਿਸੀਲਦਾਰ ਰੀਟਾਇਰ ਹੋਇਆ। ਉਹ ਹੁਣ ਵੀ ਹੱਥ ਵਿਚ ਖੂੰਡੀ ਫੜਕੇ ਆਪਣੇ ਬੇਟੇ ਸੁਰਿੰਦਰ ਸਿੰਘ ਦੀ ਕਾਰ ਵਿਚ ਬੀਬੀ ਨੂੰ ਤੇ ਸਾਨੂੰ ਮਿਲਣ ਆ ਜਾਂਦੇ ਹਨ। ਬੀਬੀ ਦੀ ਮਾਮੀ ਚੰਦ ਕੌਰ ਆਨੰਦਪੁਰ ਸਾਹਿਬ ਅੰਮ੍ਰਿਤਸਰ ਸਾਹਿਬ ਆਦਿ ਗੁਰੂਦਵਾਰਿਆਂ ਦੀ ਯਾਤਰਾ ਕਰਨ ਤੁਰੀ ਰਹਿੰਦੀ ਸੀ। ਜੇ ਘਰ ਹੁੰਦੀ ਭੱਠਾ ਸਾਹਿਬ ਤੇ ਚਮਕੌਰ ਸਾਹਿਬ ਤਾਂ ਨੇੜੇ ਹੋਣ ਕਰਕੇ ਨਿੱਤ ਕੀਰਤਨ ਸੁਣਨ ਚਲੀ ਜਾਂਦੀ। ਇਕ ਵਾਰੀ ਬੀਬੀ ਨੂੰ ਪਤਾ ਨਹੀਂ ਕੀ ਸੁਝੀ ਉਹ ਨਾਨਕੇ ਗਈ ਉਹਦੀ ਮਾਮੀ ਨਾਲ ਦੂਰ ਦੂਰ ਦੇ ਗੁਰਦੁਆਰਿਆਂ ਦੀ ਯਾਤਰਾ ਕਰਨ ਚਲੀ ਗਈ ਤੇ ਕਈ ਮਹੀਨੇ ਮੁੜਕੇ ਨਹੀਂ ਆਈ।

ਜਦ ਘਰ ਆਈ ਓ ਆਈ ਤਾਂ ਪ੍ਰਭੂ ਦੇ ਪ੍ਰੇਮ ਵਿਚ ਅਰਧ ਪਾਗਲ ਹੋ ਚੁੱਕੀ ਸੀ। ਉਹਨੂੰ ਤੁਰੀ ਜਾਂਦੀ ਨੂੰ ਜਿਹੜਾ ਵੀ ਮਿਲਦਾ ਉਹਨੂੰ ਹੱਥ ਜੋੜ ਕੇ ਸੀਸ ਨਿਵਾ ਕੇ ਨਮਸਕਾਰ ਕਰਦੀ। ਉਹ ਘਰ ਮਕਾਨ, ਰੁੱਖ, ਬੂਟੇ, ਖੰਡਿਆਂ ਨੂੰ ਵੀ ਹੱਥ ਜੋੜ ਕੇ ਸੀਸ ਝੁਕਾਉਂਦੀ। ਸ਼ਾਇਦ ਉਹਨੂੰ ਕਣ ਕਣ ਵਿਚ ਵਹਿਗੁਰੂ ਨਜ਼ਰ ਆਉਣ ਲੱਗ ਪਿਆ ਸੀ।

ਮੇਰੀ ਬਰੈਸਟ ਕੈਂਸਰ ਨਾਲ ਪੀੜਤ ਪਤਨੀ, ਸੁਰਿੰਦਰ ਕੌਰ ਜਦ ਮੇਰੇ ਗਲ ਪੈ ਜਾਂਦੀ ਤੇ ਘਰ ਵਿਚਲੀਆਂ ਸਾਰੀਆਂ ਕਮੀਆਂ ਦਾ ਮੈਨੂੰ ਦੋਸੀ ਠਹਿਰਾਉਣ ਲੱਗ ਪੈਂਦੀ। ਦਾਦਾ ਦੱਸਦਾ ਹੁੰਦਾ, 'ਇਸ ਘਰ ਦੀ ਹਰ ਔਰਤ ਪਾਗਲ ਹੋ ਕੇ ਮਰੀ' ਮੈਂ ਪਤਨੀ ਨੂੰ ਸਮਝਾਉਂਦਾ ਹਾਂ 'ਤੂੰ ਬਚ ਜਾ' ਮੈਂ ਦਾਦੇ ਨੂੰ ਦਾਦੀ ਨਾਲ ਬਹਿਕੇ ਕਦੇ ਗੱਲਾਂ ਕਰਦਿਆਂ ਨਹੀਂ ਦੇਖਿਆ। ਦਾਦਾ ਕਹਿੰਦਾ ਕਿ ਮੈਂ ਲੋਕਾਂ ਦੇ ਘਰੇਲੂ ਝਗੜਿਆਂ ਦੇ ਫ਼ੈਸਲੇ ਕਰਵਾਉਣ ਜਾਂਦਾ। ਮੈਂ ਸੋਚਦਾ ਇਹ ਖਾਪ ਪੰਚਾਇਤਾਂ ਵਿਚ ਵੀ ਆਪਣੀ ਧੌਂਸ ਜਮਾਉਣ ਦੇ ਫੈਸਲੇ ਈ ਦਿੰਦੇ ਹੋਣਗੇ ਇਹਨਾਂ ਦੇ ਘਰਦੀਆਂ ਔਰਤਾਂ ਤਾਂ ਇਹਨਾਂ ਤੋਂ ਖ਼ੁਸ਼ ਨਹੀਂ ਤੇ ਥੋੜੇ ਸਮੇਂ ਬਾਅਦ ਦਾਦਾ ਨੱਥਾ ਸਿੰਘ ਆਪਣੇ ਜੁੱਤੀਆਂ ਬਣਾਉਣ ਦੇ ਅੱਡੇ 'ਤੇ ਉਹਦੇ ਧੋਤੇ ਹੋਏ ਕਮੜੇ ਲਿਆਉਣ ਦਾ ਹੁਕਮ ਦਿੰਦਾ। ਉਹ ਬੜੇ ਸਲੀਕੇ ਨਾਲ, ਬਿਨਾ ਸ਼ੀਸ਼ਾ ਦੇਖਿਆ ਚਿੱਟੀ ਪੱਗ ਬੰਨ੍ਹਦਾ। ਧੋਤਾ ਹੋਇਆ ਕੁੜਤਾ ਪਾ ਕੇ, ਖੜਾ ਹੋ ਕੇ ਲੱਕ ਦੁਆਲੇ ਚਿੱਟੀ ਧੋਤੀ ਬੰਨ੍ਹਦਾ। ਜੁੱਤੀ ਝਾੜਕੇ ਪੈਰੀਂ ਪਾਉਂਦਾ। ਮੋਢੇ ਪਰਨਾ ਤੇ ਹੱਥ ਵਿਚ ਸੱਤ ਫੁਟ ਦਾ ਖੂੰਡਾ ਫੜਕੇ ਕਦੇ ਕਿਸੇ ਪਿੰਡ ਕਦੇ ਕਿਸੇ ਪਿੰਡ ਹੁੰਦੀ ਬਰਾਦਰੀ ਪੰਚਾਇਤ ਵਿਚ ਫੈਸਲੇ ਕਰਵਾਉਣ ਤੁਰ ਪੈਂਦਾ। ਦਾਦਾ, ਨੱਥਾ ਸਿੰਘ ਸਾਡੇ ਮਾਜਰੀ ਪਿੰਡ ਦਾ ਸਿਰਕੱਢ ਬੰਦਾ ਸਮਝਿਆ ਜਾਂਦਾ ਸੀ। ਤੇ ਉਹ ਘਰ ਵਿਚ ਵਿਆਹ , ਸ਼ਾਦੀ ਜਾਂ ਸੋਗ ਸਮਾਗਮ 'ਤੇ ਸਿਰ ਕੱਢ ਬੰਦਿਆਂ ਦੀਆਂ ਇਲਾਕੇ ਦੇ ਬਾਰਾਂ ਪਿੰਡਾਂ ਦੀਆਂ ਪੰਚਾਇਤਾਂ ਬੁਲਾਉਂਦਾ ਹੁੰਦਾ ਸੀ।

ਪਰ ਦਾਦੀ ਦੇ ਦਿਮਾਗ਼ ਨੂੰ ਪਤਾ ਨਹੀਂ ਕੀ ਹੋਇਆ ਹੋਇਆ ਸੀ। ਉਹ ਹਰ ਤੀਸਰੇ ਦਿਨ ਜਿਉਣੀ ਤੇਲਣ ਪ੍ਰਸਿੰਨੀ ਦਾਈ ਜਾਂ ਹੋਰ ਕਿਸੇ ਬੁੜੀ ਨੂੰ ਬਿਠਾ ਕੇ ਘਰ ਦੇ 'ਕੱਲੇ 'ਕੱਲੇ ਜੀਅ ਦੀ ਬਦਖੋਈ ਕਰਨ ਲੱਗ ਪੈਂਦੀ। ਤੀਵੀਆਂ ਦੇ ਜਾਣ ਤੋਂ ਬਾਦ ਦਾਦਾ ਦਾਦੀ ਨੂੰ ਝਾੜਦਾ... 'ਨਾ ਐਂ ਦੱਸ... ਜਿਹੜੀਆਂ ਤੀਵੀਆਂ ਕੋਲ ਤੂੰ ਘਰ ਦੇ ਪੜ੍ਹਦੇ ਫੋਲਦੀ ਐ ਉਹ ਸਾਡੇ ਘਰ ਦਾ ਕੀ ਸੁਆਰ ਜਾਂ ਕੀ ਵਿਗਾੜ ਦੇਣਗੀਆਂ? ' ਦਾਦੀ, ਦਾਦੇ ਦੀ ਗੱਲ ਨਾ ਪੂਰੀ ਹੋਣ ਦਿੰਦੀ ਸਗੋਂ ਉੱਚੀ ਉੱਚੀ ਕੀਰਨੇ ਪਾਉਣ ਲੱਗ ਪੈਂਦੀ। ਇਕ ਦਿਨ ਉੱਚੀ ਉੱਚੀ ਕੀਰਨੇ ਪਾਉਂਦੀ ਉਹ ਚੀਕਾਂ, ਕਿਲਕਾਰੀਆਂ ਮਾਰਨ ਲੱਗ ਪਈ ਸੀ। ਤੇ ਬੇਹੋਸ਼ ਹੋ ਕੇ ਡਿੱਗ ਪਈ ਸੀ। ਉਹ ਪਾਗਲ ਹੋ ਗਈ ਸੀ। ਪਾਗਲ ਹੋਈ ਦਾਦੀ ਗਲਾਸ ਕੌਲੀ, ਥਾਲੀ, ਕੱਪੜਾ ਲੱਤਾ ਜਿਹੜਾ ਕੁਝ ਵੀ ਹੱਥ ਲਗਦਾ ਕਦੇ ਕਿਸੇ ਘਰ ਦੇ ਆਉਂਦੀ ਕਦੇ ਕਿਸੇ ਘਰ। ਕੋਈ ਸਾਡੇ ਘਰ ਨੂੰ ਕੌਲੀ ਚੁੱਕੀ ਆਉਂਦਾ ਕੋਈ ਗਿਲਾਸ 'ਲਓ ਭਾਈ ਥੁਆਡੀ ਪਾਗਲ ਬੁੱਢੀ ਦੇ ਆਈ ਸੀ।' ਅਸੀਂ ਡਰਦੇ ਉਹਦੀ ਰਾਖੀ ਰੱਖਦੇ ਕਿਤੇ ਐਧਰ ਉਧਰ ਨਾ ਚਲੀ ਜਾਵੇ ਕਿਥੇ ਟੋਲਦੇ ਫਿਰਾਂਗੇ। ਇਕ ਦਿਨ ਬੈਠੀ ਉਹ ਸੰਝ ਤੱਕ ਕੀਰਨੇ ਜਹੇ ਪਾਈ ਗਈ ਤੇ ਸਦਾ ਲਈ ਸ਼ਾਂਤ ਹੋ ਗਈ। ਮੈਂ ਪਤਨੀ ਨੂੰ ਸਮਝਾਉਂਦਾ ਹਾਂ ਤੂੰ ਮੇਰੀ ਬੀਬੀ ਨੂੰ



ਦੇਖਦੀ ਓ ਐ! ਉਹਦੇ ਪਾਗਲ ਹੋਣ ਵਿਚ ਕੋਈ ਕਸਰ ਐ?? ਉਹਨੂੰ ਆਪਣੇ ਆਪ ਦਾ ਵੀ ਪਤਾ ਨਹੀਂ। ਉਹ ਪਤਾ ਨਹੀਂ ਕਦ ਕੀ ਕਰ ਬੈਠੇ। ਕਿਧਰੇ ਚਲੀ ਹੀ ਜਾਵੇ। ਸਾਡੀ ਤਾਂ ਜਾਹ ਜਾਂਦੀ ਹੋ ਜਾਵੇਗੀ। ਤੇ ਮੈਂ ਪਤਨੀ ਨੂੰ ਹਾਸੇ ਵਿਚ ਆਖਦਾ ਹਾਂ,

"ਤੂੰ ਬਚਕੇ ਰਹਿ। ਤੂੰ ਦਿਮਾਗ਼ 'ਤੇ ਭਾਰ ਨਾ ਪਾ ਜਦ ਤੂੰ ਕੁਝ ਸੁਆਰ ਜਾ ਵਿਗਾੜ ਈ ਨੀ ਸਕਦੀ ਜੋ ਕੁਝ ਹੁੰਦਾ ਹੋਈ ਜਾਣ ਦੇ ਤੂੰ ਦਰਸ਼ਕ ਬਣ ਕੇ ਦੇਖੀ ਜਾ।

ਮੇਰੀ ਬੀਬੀ ਦੇ ਸਿਰ 'ਤੇ ਵੀ ਹੌਲੀ ਹੌਲੀ ਧਰਮ ਦਾ ਭੂਤ ਉਤਰਦਾ ਜਾ ਰਿਹਾ ਸੀ। ਉਹ ਨਾਰਮਲ ਤਾਂ ਨਹੀਂ ਪਰ ਐਬਨਾਰਮਲ ਵੀ ਨਹੀਂ ਕਹੀ ਜਾ ਸਕਦੀ ਸੀ।

ਪਾਪਾ ਫ਼ੌਜ ਵਿਚੋਂ ਪੈਨਸ਼ਨ ਆ ਕੇ ਜਿਵੇਂ ਬੀਬੀ ਦਾ ਕਾਫੀ ਧਿਆਨ ਰੱਖਣ ਲੱਗ ਪਏ ਸਨ। ਉਹ ਸਾਨੂੰ ਤਾਕੀਦ ਕਰਦੇ,

"ਤੁਸੀਂ ਆਪਣੀ ਬੀਬੀ ਦਾ ਖਾਸ ਧਿਆਨ ਰੱਖੋ ਹੋਰ ਕੀ ਖਾਣਾ-ਪੀਣਾ ਕਪੜਾ-ਲਤਾ ਮਤਰੇਈ ਤਾਂ ਮਿੱਟੀ ਦੀ ਵੀ ਬੁਰੀ ਹੁੰਦੀ ਏ ਇਹਨੇ ਦੋ ਦੋ ਮਤ੍ਰੇਈਆਂ ਮੂਹਰੇ ਕੱਟਿਆ।"

ਪਾਪਾ ਦਾ ਖਾਸ ਅੰਦਾਜ਼ ਸੀ ਉਹਨੇ ਪਰਵਾਰ ਦੇ ਇਕ ਨਾ ਇਕ ਜੀਅ ਨਾਲ ਆਢਾ ਲਾ ਕੇ ਰੱਖਣਾ ਹੁੰਦਾ। ਸਭ ਤੋਂ ਪਹਿਲਾਂ ਉਹ ਮੇਰੇ ਪੇਸ਼ ਪਿਆ। ਮੈਂ ਉਹਦੀ ਤੇ ਦਾਦੇ ਦੀ 'ਹਾਂ' ਕੀਤੀ ਕੁੜੀ ਨਾਲ ਵਿਆਹ ਕਰਵਾਉਣ ਨੂੰ ਤਿਆਰ ਨਹੀਂ ਸੀ। ਪਰ ਉਹਨਾਂ ਦੋਹਾਂ ਸਮਾਜ ਦੇ ਠੇਕੇਦਾਰਾਂ ਦੀ ਸਮਾਜ ਵਿਚ ਰਹਿੰਦੀ ਨਹੀਂ ਸੀ। ਪਾਪਾ ਜਦ ਵੀ ਛੁੱਟੀ ਆਉਂਦਾ ਮੇਰੇ ਭਾਅ ਦੀ ਸ਼ਾਮਤ ਆ ਜਾਂਦੀ। ਉਹ ਰਿਸ਼ਤੇਦਾਰਾਂ ਨੂੰ ਬੁਲਾ ਕੇ ਮੇਰੀ ਅਹੀ ਤਹੀ ਫੇਰੀ ਰੱਖਦਾ। ਅੰਤ ਜਦ ਉਹ ਮਰਨ ਵਾਲਾ ਹੋ ਗਿਆ ਮੈਨੂੰ ਉਹਦੀ ਗੱਲ ਮੰਨਣੀ ਪਈ। ਉਹ ਮੇਰੇ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰੇ , "ਅਖੇ ਮੈਂ ਸਾਰੀ ਉਮਰ ਤੇਰਾ ਸਹਾਇਕ ਬਣਿਆ ਰਹਾਂਗਾ।' ਪਰ ਮੇਰੇ ਵਿਆਹ ਤੋਂ ਬਾਅਦ ਉਹ ਛੁੱਟੀ ਕੱਟਕੇ ਜਾਣ ਲੱਗਿਆ ਦਾਦਾ ਮੈਨੂੰ ਪੁਰਾਣੇ ਚਾਰ ਖਣਾਂ ਦੇ ਨੇਰ੍ਹ ਘੁੱਪ ਕਮਰੇ ਵਿਚ ਜੁਦਾ ਕਰਨ ਦਾ ਫੁਰਮਾਨ ਜਾਰੀ ਕਰ ਗਿਆ। ਹਰ ਸਾਲ ਛੁੱਟੀ ਕੱਟਣ ਆਇਆ ਉਹ ਮੇਰੇ ਨਾਲ ਘੁੱਟਿਆ ਘੁੱਟਿਆ ਰਿਹਾ ਕਰੇ।

ਉਹ ਛੋਟੇ ਭਰਾ ਦਰਸ਼ਨ ਸਿੰਘ ਦੇ ਵਿਆਹ ਵਿਚ ਵੀ ਮੇਰੇ ਨਾਲ ਖੁਲ੍ਹਕੇ ਬੋਲਿਆ ਨੀ। ਤੇ ਦਰਸ਼ਨ ਦੇ ਵਿਆਹ ਤੋਂ ਬਾਅਦ ਉਹ ਉਹਨੂੰ ਤੇ ਉਹਦੀ ਪਤਨੀ ਰਾਣੀ ਨੂੰ ਬਿਠਾ ਕੇ ਕਹਿਣ ਲੱਗਿਆ, 'ਜੇ ਸਰੂਪ ਦੇ ਘਰ ਗਏ ਮੈਂ ਕੁਝ ਖਾ ਕੇ ਮਰ ਜੂੰਗਾ।" ਪਰ ਮੈਂ ਕਦੇ ਕਦਾਈ ਦਰਸ਼ਨ ਦੇ ਘਰ ਜਾਂਦਾ ਰਿਹਾ ਤੇ ਬੀਬੀ ਉਸਤੋਂ ਉਹਲੇ ਚੋਰੀ ਸਾਡੇ ਘਰ ਚੱਕਰ ਮਾਰ ਜਾਂਦੀ।

ਫੇਰ ਉਹ ਦਾਰੂ ਪੀ ਕੇ ਦਰਸ਼ਨ ਨਾਲ ਵੀ ਲੜਨ ਲੱਗ ਪਿਆ। ਜਦ ਮੈਂ ਉਹਨਾਂ ਨੂੰ ਸਮਝਾਉਣ ਜਾਂਦਾ ਦੋਵੇਂ ਦਾਰੂ ਪੀ ਕੇ ਉੱਚੀ ਉੱਚੀ ਬੋਲ ਰਹੇ ਹੁੰਦੇ। ਮੈਨੂੰ ਦੇਖਕੇ ਹਾਸਾ ਆਉਂਦਾ ਦੋਹਾਂ ਵਿਚੋਂ ਕੋਈ ਵੀ ਨਾ ਦੂਸਰੇ ਦੀ ਗੱਲ ਸੁਣਦਾ ਨਾ ਸਮਝਦਾ। ਮੈਂ ਦਰਸ਼ਨ ਨੂੰ ਝਿੜਕ ਕੇ ਚੁੱਪ ਕਰਾਉਂਦਾ ਤਾਂ ਉਹਦਾ ਬੀ ਪੀ ਹਾਈ ਹੋ ਜਾਂਦਾ। ਫੇਰ ਡਾਕਟਰ ਨੂੰ ਬੁਲਾਉਣਾ ਪੈਂਦਾ।

ਫੇਰ ਉਹਦੀ ਮੇਰੇ ਨਾਲ ਬਣਨ ਲੱਗ ਪਈ ਸੀ। ਉਹ ਦਰਸ਼ਨ ਦੇ ਘਰੋਂ ਹਾਜਰੀ ਦੀ ਰੋਟੀ ਖਾ ਕੇ ਆਖ਼ਬਾਰ ਹੱਥ ਵਿਚ ਚੁੱਕ ਕੇ ਸਾਡੇ ਘਰ ਬਜ਼ਾਰ ਦੀ ਗਲੀ ਨੂੰ ਲਗਦੇ ਵਿਹੜੇ ਵਿਚ ਮੰਜਾ ਡੁਹਾ ਕੇ ਬਹਿ ਜਾਂਦਾ। ਭਜਾ, ਸ਼ੇਰੂ ਆਦਿ ਬਜ਼ੁਰਗਾਂ ਨੂੰ ਮਹਾਂਭਾਰਤ ਦੀਆਂ ਕਹਾਣੀਆਂ ਸੁਣਾਈ ਜਾਂਦਾ। ਦੁਪਹਿਰ ਦੀ ਰੋਟੀ ਕਦੇ ਦਰਸ਼ਨ ਵੱਲ ਖਾ ਆਉਂਦਾ ਕਦੇ ਸਾਡੇ ਘਰ ਈ ਖਾ ਲੈਂਦਾ। ਸ਼ਾਮ ਨੂੰ ਫੇਰ ਦਰਸ਼ਨ ਵੱਲ ਉਹ ਆਪਣੇ ਤੇ ਬੀਬੀ ਵਾਲੇ ਕਮਰੇ ਵਿਚ ਜਾ ਪੈਂਦਾ। ਪਰ ਬੀਬੀ ਦਾ ਬੈੱਡ ਉਹਨੇ ਆਪਣੇ ਬੈੱਡ ਦੇ ਬਰਾਬਰ ਨਹੀਂ ਪਿਛਲੀ ਕੰਧ ਨਾਲ ਡੁਹਾਇਆ ਹੋਇਆ ਸੀ।

ਪਾਪਾ ਦਾ ਸਾਡੇ ਘਰ ਆ ਕੇ ਬੈਠਣ ਦਾ ਵਰਤਾਰਾ ਸਾਲਾਂ ਬੱਧੀ ਚਲਦਾ ਰਿਹਾ। ਉਹਦੀ ਗੋਡਿਆਂ ਦੀ ਤਕਲੀਫ ਵਧਦੀ ਗਈ ਅੰਤ ਉਸ ਕੋਲੋਂ ਖੂੰਡੀ ਦੇ ਸਹਾਰੇ ਵੀ ਬਹੁਤ ਔਖਾ ਤੁਰ ਹੁੰਦਾ। ਇਕ ਦਿਨ ਸ਼ਾਮ ਨੂੰ ਜਾਣ ਲੱਗਿਆ ਉਹ ਨਾਲੀ ਵਿਚ ਡਿੱਗ ਪਿਆ। ਕੋਲ ਖੜ੍ਹੇ ਮੁੰਡੇ ਉਹਨੂੰ ਚੁੱਕ ਕੇ ਉਹਦੇ ਬੈੱਡ 'ਤੇ ਪਾ ਆਏ। ਤੇ ਉਸ ਦਿਨ ਤੋਂ ਬਾਅਦ ਉਹ ਉਠਕੇ ਸਾਡੇ ਘਰ ਨਹੀਂ ਆ ਸਕਿਆ।

ਪਰ ਉਹਦੀ ਆਕੜ ਜਿਓਂ ਦੀ ਤਿਓਂ ਕਾਇਮ ਸੀ। ਉਹ ਲੱਖ ਸਮਝਾਉਣ ਤੇ ਵੀ ਟਾਇਲਟ ਚੇਅਰ 'ਤੇ ਨਾ ਬੈਠਦਾ ਭਾਵੇਂ ਉਹਨੂੰ ਚੁੱਕ ਕੇ ਟਾਇਲਟ ਤੇ ਬਿਠਾਉਂਦੇ ਤੇ ਉਥੋਂ ਚੁੱਕ ਕੇ ਫੇਰ ਬੈੱਡ 'ਤੇ ਪਾਉਂਦੇ। ਉਸ ਕੋਲੋਂ ਕੁਝ ਖਾ ਪੀ ਨਾ ਹੁੰਦਾ। ਉਹਦੀ ਪਿੱਠ ਨੂੰ ਸਹਾਰਾ ਦੇ ਕੇ ਚਮਚੇ ਨਾਲ ਮੂੰਹ ਵਿਚ ਪਾਣੀ ਪਾਉਂਦੇ ਪਰ ਉਹ ਦੋ ਤਿੰਨ ਚਮਚ ਪੁਆ ਕੇ ਅਗਲੇ ਦਾ ਹੱਥ ਫੜਕੇ ਪਰ੍ਹਾਂ ਕਰ ਦਿੰਦਾ। ਪਰ ਉਹਨੇ ਇਸ ਹਾਲ ਵਿਚ ਵੀ ਬੀਬੀ ਨੂੰ ਧੱਕਾ ਦੇ ਕੇ ਪਿਛੇ ਨੂੰ ਸੁੱਟ ਦਿੱਤਾ ਸੀ। ਬੀਬੀ ਲਈ ਅਜੇ ਵੀ ਉਹਦੀ ਮਰਦਾਵੀਂ ਆਕੜ ਕਾਇਮ ਸੀ। ਮਾੜੀ ਜਹੀ ਤੁਰਦੀ ਫਿਰਦੀ ਬੀਬੀ ਵੀ ਉਹਨੇ ਮੰਜੇ 'ਤੇ ਸੁੱਟ ਲਈ ਸੀ।

ਤੇ ਬੀਬੀ ਨੂੰ ਦਵਾਈ ਦਿੰਦਾ ਹਸਾਉਣੇ ਸੁਭਾ ਵਾਲਾ ਡਾ. ਰਘਬੀਰ ਸਿੰਘ ਹਸਦਿਆਂ ਕਹਿ ਰਿਹਾ ਸੀ, "ਓ ਬਾਪੂ ਨੇ ਤਾਂ ਬੀਬੀ ਨੂੰ ਇਸ ਲਈ ਧੱਕਾ ਦਿੱਤਾ ਸੀ ਬਈ ਬੀਬੀ ਨੂੰ ਵੀ ਨਾਲ ਈ ਲੈ ਕੇ ਜਾਣਾ ਛੱਡ ਕੇ ਨੀ ਜਾਂਦਾ ਹੈਗਾ।" ਪਰ ਮਿਤੀ ਚੌਵੀ ਮਾਰਚ ਸਨ 2010 ਨੂੰ ਸ਼ਾਮ ਦੇ ਛੇ ਵਜੇ ਪਾਪਾ ਪੂਰਾ ਹੋ ਗਿਆ। ਤੇ ਬੀਬੀ ਨੂੰ ਡਾ. ਰਘਬੀਰ ਸਿੰਘ ਨੇ ਦਵਾਈਆਂ ਦੇ ਕੇ ਫੇਰ ਤੁਰਨ ਫਿਰਨ ਜੋਗੀ ਕਰ ਦਿੱਤਾ ਸੀ।

ਜਦ ਕਈ ਦਿਨ ਬੀਬੀ ਪਾਪਾ ਨੂੰ ਯਾਦ ਕਰਕੇ ਰੋਈ, ਪਿੱਟੀ ਗਈ ਤਾਂ ਛੋਟੇ ਭਰਾ ਦਰਸ਼ਨ ਸਿੰਘ ਨੇ ਉਹਨੂੰ ਔਖਾ ਹੁੰਦਿਆਂ ਕਿਹਾ,' ਨਾ ਹੁਣ ਤੂੰ ਕਾਹਨੂੰ ਰੋਈ ਜਾਂਦੀ ਏ ਤੇਰੇ ਦੋਵੇਂ ਪੁੱਤਰ ਲੈਕਚਰਾਰ ਲੱਗੇ ਹੋਏ ਨੇ ਤੈਨੂੰ ਕਾਹਦਾ ਘਾਟਾ ਤੂੰ ਰੱਜ ਕੇ ਖਾਇਆ ਕਰ ਆਪਣੀ ਨੀਂਦ ਸੌਂਇਆ ਕਰ ਆਪਣੀ ਨੀਂਦ ਉੱਠਿਆ ਕਰ" ਦਰਸ਼ਨ ਨੇ ਹੱਸਦਿਆਂ ਕਿਹਾ ਸੀ , "ਹੁਣ ਮੈਨੂੰ ਧੱਕਾ ਦੇ ਕੇ ਸੁਟਣ ਵਾਲਾ ਕੋਈ ਨਹੀਂ।" ਬੀਬੀ ਆਪਣੇ ਨਿਮਰ ਸੁਭਾ ਅਨੁਸਾਰ ਮਾੜਾ ਜਿਹਾ ਮੁਸਕਾਂਦਿਆਂ ਕਹਿੰਦੀ ਹੈ, "ਚੰਗਾ ਬੀਰੇ ....ਏ!!"

ਪਤਾ: ਪਿੰਡ ਮਾਜਰੀ, ਡਾ. ਸਿਆਲਬਾ, ਜ਼ਿਲ੍ਹਾ ਮੋਹਾਲੀ-140110, ਮੋਬਾਇਲ 98881-29977

ਚਰਚਿਤ ਕਹਾਣੀਕਾਰ ਤੇ ਨਾਵਲਕਾਰ ਬਲਬੀਰ ਪਰਵਾਨਾ ਦਾ ਨਵਾਂ ਨਾਵਲ

ਗਹਿਰ ਚੜ੍ਹੀ ਅਸਮਾਨ

ਬਲਬੀਰ ਪਰਵਾਨਾ ਦਾ ਇਹ ਨਾਵਲ ਵੀਹਵੀਂ ਸਦੀ ਦੇ ਪੰਜਵੇਂ ਤੋਂ ਸੱਤਵੇਂ ਦਹਾਕੇ ਦੇ ਪੰਜਾਬੀ ਜਨ-ਜੀਵਨ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਆ ਰਹੀਆਂ ਤਬਦੀਲੀਆਂ ਨੂੰ ਚਿਤਰਦਾ ਹੈ। ਇਸ ਵਿਚਾਰਧਾਰਾ ਅਧੀਨ ਇਕ ਪਾਸੇ ਰਾਜਨੀਤੀ ਅਤੇ ਉਸ ਨੂੰ ਪ੍ਰਣਾਏ ਲੋਕ ਅਤੇ ਦੂਜੇ ਪਾਸੇ ਸਾਧਾਰਨ ਲੋਕਾਂ ਦੇ ਜੀਵਨ ਦੀ ਜੀਵਨ-ਜਾਚ ਵਿਚਲੀ ਡਾਇਲੈਕਟਸ ਇਸ ਦੀ ਪ੍ਰਮੁੱਖ ਧੁਨੀ ਹੈ। ਇਹ ਧੁਨੀ ਆਲੋਚਨਾਤਮਕ ਯਥਾਰਥਵਾਦ ਦਾ ਸੁੰਦਰ ਨਮੂੰਨਾ ਹੈ ਜੋ ਨਾਵਲੀ ਬਿਰਤਾਂਤ ਦਾ ਅਧਾਰ ਹੈ। ਇਹ ਇਸ ਨਾਵਲ ਦੀ ਵਿਲੱਖਣਤਾ ਹੈ।

-ਰਜਨੀਸ਼ ਬਹਾਦਰ ਸਿੰਘ

ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਮੁੱਲ :150, ਪੰਨੇ :144



## ਮਾਂ ਦੇ ਪੈਰਾਂ ਦੀ ਪੈੜ / ਮੋਹਨ ਲਾਲ ਫਿਲੌਰੀਆ

ਮੇਰੇ ਪੈਰਾਂ ਨੂੰ ਕੀ ਹੋਇਆ। ਬੜੇ ਸੋਹਣੇ ਨੇ। ਜਾਹ ਪਰੇ ਤੂੰ ਆਪਣੇ ਪੈਰ ਸੰਭਾਲ। ਆਇਆ ਵੱਡਾ ਪੈਰਾਂ ਦੀ ਪਰਖ ਕਰਨ ਵਾਲਾ।" ਏਨਾ ਕਹਿੰਦੇ ਹੋਏ ਮਾਂ ਨੇ ਮੈਨੂੰ ਧੱਕਾ ਮਾਰਿਆ।

ਪਰ ਮੈਂ ਢੀਠ ਬਣਕੇ ਫਿਰ ਮਾਂ ਦੇ ਪੈਰ ਦੇ ਅੰਗੂਠੇ ਨੂੰ ਫੜਕੇ ਖਿਚਣ ਲੱਗਾ। ਅੰਗੂਠੇ ਦਾ ਨੌਂਹ ਬੜਾ ਸ਼ਖਤ ਸੀ। ਕੱਟਿਆ ਨਹੀਂ ਸੀ ਜਾ ਰਿਹਾ। ਨੌਂਹ ਬਹੁਤ ਮਜਬੂਤ ਸੀ।

"ਦੇਖ ਤਾਂ ਪੈਰ" ਮਾਂ ਦੀਆਂ ਪੈਰਾਂ ਦੀਆਂ ਬਿਆਈਆਂ ਫਟੀਆਂ ਦੇਖਕੇ ਮੈਂ ਫਿਰ ਆਖਿਆ। ਪੈਰਾਂ ਦੀਆਂ ਫਟੀਆਂ ਬਿਆਈਆਂ ਦੇਖ ਕੇ ਬੁਰਾ ਲੱਗ ਰਿਹਾ ਸੀ। ਮੈਂ ਇਕ ਮੱਲ੍ਹਮ ਦੀ ਟਿਊਬ ਫੜਕੇ ਲਾਉਣ ਲੱਗਾ ਤਾਂ ਉਸਨੇ ਪਰਾਂ ਨੂੰ ਪੈਰ ਖਿਚ ਲਏ। ਛੱਡ ਕਾਕਾ ਹੁਣ ਸਾਰੀ ਉਮਰ ਬੀਤ ਗਈ ਦੋ ਵੇਲੇ ਖੇਤਾਂ 'ਚ ਰੰਬਾ ਮਾਰਦਿਆਂ। ਸਾਰੀ ਉਮਰ ਬੀਤ ਗਈ ਘਾਹ ਖੋਤਦਿਆਂ। ਘਾਹ! ਕਿਥੇ ਨੂਰਮਹਿਲ ਹੈ ਘਾਹ ਦੀਆਂ ਪੰਡਾਂ ਸਿਰ ਤੇ ਚੁੱਕ ਕੇ ਲੈ ਕੇ ਜਾਣੀਆਂ ਤਾਂ ਕਿਤੇ ਚਾਰ ਆਨੇ ਮਿਲਦੇ ਸਨ। ਮਹਾਜਨ ਵੀਹ ਨਖ਼ਰੇ ਕਰਦੇ ਸਨ ਜਦ ਕੋਈ ਗਾਹਕ ਨਾ ਲੱਭਣਾ ਤਾਂ ਸੁੱਟ ਆਉਣੀ ਘਾਹ ਦੀ ਪੰਡ ਓਦਾਂ ਹੀ ਚਾਰ ਕੋਹ ਨੰਗੇ ਪੈਰੀ ਆਉਣਾਂ ਤੇ ਨੰਗੇ ਪੈਰੀ ਜਾਣਾ ਇਹ ਪੈਰ ਕੀ ਕਰਦੇ। ਫਿਰ ਨੰਗੇ ਪੈਰੀਂ ਚਾਹੇ ਹਾੜ੍ਹ ਜੇਠ ਦੀ ਧੁੱਪ ਹੋਵੇ ਤੇ ਚਾਹੇ ਪੋਹ ਮਾਘ ਦਾ ਕੋਰਾ ਹੋਵੇ...।" ਮਾਂ ਨੇ ਹਉਕਾ ਭਰਿਆ ਤਾਂ ਉਹ ਚੁੱਪ ਕਰ ਗਈ। ਮੈਂ ਵੀ ਚੁੱਪ ਕਰ ਗਿਆ।

"ਤੈਨੂੰ ਆਉਂਦੀਆਂ ਗੱਲਾਂ ਤੂੰ ਰੱਬ ਤੋਂ ਡਰਿਆ ਕਰ ਤੈਨੂੰ ਜੰਮਿਆਂ ਪਾਲਿਆ ਪੜ੍ਹਾਇਆ ਨੌਕਰੀ ਲੁਆਇਆ ਤੇ ਤੂੰ ਹੁਣ ਕਦੀ ਇਹ ਵੀ ਨਹੀਂ ਸੋਚਿਆ ਕਿ ਮਾਂ ਪਿੰਡ ਰਹਿੰਦੀ ਹੈ ਉਸ ਦਾ ਮੂੰਹ ਦੇਖ ਆਵਾਂ ਫੇਰ ਵੀ ਨਹੀਂ ਆਏਂਗਾ ਜਦ ਮੈਂ ਅੱਖਾਂ ਮੀਟ ਗਈ।" ਮਾਂ ਨੇ ਫਿਰ ਹਉਂਕਾ ਭਰਿਆ।

"ਮਾਤਾ ਰਹਿਣ ਦੇ ਜੰਮਣ ਵਾਲੀ ਗੱਲ ਠੀਕ ਹੈ ਪਰ ਪਾਲਣ ਵਾਲੀ ਗੱਲ 'ਚ ਵਜ਼ਨ ਨਹੀਂ ਲੱਗਦਾ। ਇਹ ਤਾਂ ਵਧੀ ਹੋਈ ਸੀ ਮੈਂ ਬਚ ਗਿਆ ਪਰ ਤੁਸੀਂ ਤਾਂ ਕਸਰ ਨਹੀਂ ਛੱਡੀ ਨਿਆਣੇ ਮਾਰਨ ਦੀ। ਹਫਤੇ ਦਸ ਦਿਨ ਜਾਂ ਮਹੀਨੇ ਦੋ ਮਹੀਨੇ ਦੇ ਨਿਆਣਿਆਂ ਨੂੰ ਬੰਨ੍ਹਿਆਂ ਤੇ ਪਾ ਕੇ ਜਾਂ ਤਾਂ ਜੱਟਾਂ ਦੇ ਕਪਾਹ ਚੁਗਦੇ ਰਹਿਣਾ ਜਾਂ ਚਰ੍ਹੀ ਬਾਜਰੇ ਦੀਆਂ ਦੂੰਬੀਆਂ ਤੋੜਦੇ ਰਹਿਣਾ। ਬੱਚਿਆਂ ਦੇ ਉਪਰ ਦੀ ਸੱਪ ਤੇ ਨਿਉਲੇ ਲੰਘਦੇ ਰਹਿਣਾ। ਇਹ ਤਾਂ ਮੇਰੀ ਵਧੀ ਹੋਈ ਸੀ ਮੈਂ ਬਚ ਗਿਆ ਪਰ ਤੁਸੀਂ ਕੋਈ ਕਸਰ ਨਹੀਂ ਛੱਡੀ, ਰਹੀ ਪੜ੍ਹਨ ਵਾਲੀ ਗੱਲ ਇਹ ਵੀ ਮੈਂ ਜਾਣਦਾ ਕਿੱਦਾਂ ਪੜ੍ਹਿਆ। ਪਹਿਲਾਂ ਸਵੇਰੇ ਘਾਹ ਖੋਤਣ ਤੇਰੇ ਨਾਲ ਜਾਣਾ ਫਿਰ ਸਕੂਲੇ ਜਾਣਾ ਫਿਰ ਸਕੂਲੋਂ ਆ ਕੇ ਚੱਕ ਰੰਬਾ ਤੁਰ ਪੱਠਿਆ ਨੂੰ...।"

ਮਾਂ ਚੁੱਪ ਕਰ ਜਾਂਦੀ... ਪੁੱਤਾਂ ਗੱਲ ਤਾਂ ਤੇਰੀ ਠੀਕ ਹੈ ਹੋਰ ਕੀ ਕਰਦੇ ਫਿਰ ਜ਼ਮਾਨਾਂ ਏਦਾਂ ਦਾ ਹੀ ਸੀ ਉਸ ਨੇ ਆਪਣੇ ਪੈਰਾਂ ਦੀਆਂ ਤਲ੍ਹੀਆਂ 'ਤੇ ਹੱਥ ਫੇਰਿਆ ਤਾਂ ਨਿਰੀਆਂ ਪੱਥਰ ਸਨ ਸਖਤ ਸਨ ਪੱਥਰ ਹੋਈਆਂ ਤਲੀਆਂ -ਪੱਥਰ ਹੀ ਬਣ ਗਈਆਂ ਸਨ। ਪਿੰਡ ਦੇ ਸਾਰੇ ਖੇਤਾਂ 'ਚ ਇਹਨਾਂ ਪੈਰਾਂ ਦੇ ਨਿਸ਼ਾਨ ਮੈਨੂੰ ਪ੍ਰਤੱਖ ਨਜ਼ਰ ਆਉਣ ਲੱਗੇ।

"ਰੱਬ ਨੇ ਸਾਨੂੰ ਕਿਹੜੀ ਜੂਨੇ ਪਾਇਆ ਸੀ, ਨੰਗੇ ਨੰਗੇ ਪੈਰੀ ਤੁਰਨਾ।" ਮਾਂ ਬੋਲੀ। ਨੰਗੇ ਨੰਗੇ ਪੈਰੀਂ ਜੱਟਾਂ ਦੇ ਖੇਤਾਂ 'ਚ ਤੁਰਨਾ।

ਸਾਹਮਣੇ ਟੈਲੀਵੀਜ਼ਨ ਤੇ ਨਜ਼ਰ ਮਾਰੀ ਤਾਂ ਪੰਜਾਬੀ ਦੀ ਪ੍ਰਸਿੱਧ ਲੇਖਕਾਂ ਬਾਰੇ ਪ੍ਰੋਗਰਾਮ ਆ ਰਿਹਾ ਸੀ ਗੀਤ ਚੱਲ ਰਿਹਾ ਸੀ। "ਨੰਗੇ ਨੰਗੇ ਪੈਰੀਂ ਤੁਰੀਏ ਨੀ ਧੀਏ 'ਤੇ ਆਪਣਾ ਤੇ ਪੰਧ ਮੁਕਾਈਏ।" ਟੈਲੀਵੀਜ਼ਨ

ਤੇ ਗੱਲ ਉਸ ਲੇਖਿਕਾਂ ਦੀ ਹੋ ਰਹੀ ਸੀ ਜਿਹੜੀ ਕਦੇ ਨੰਗੇ ਪੈਰੀ ਤੁਰੀ ਹੀ ਨਹੀਂ ਸੀ, ਕਿੰਨਾ ਝੂਠ ਸੀ ਨੰਗੇ ਨੰਗੇ ਪੈਰੀ ਤਾਂ ਮੇਰੀ ਮਾਂ ਤੁਰਿਆ ਕਰਦੀ ਸੀ, ਉਹ ਵੀ ਸਿਰ ਤੇ ਭਾਰੀ ਘਾਹ ਦੀ ਪੰਡ ਚੁੱਕ ਕੇ ਸਿਖਰ ਦੁਪਹਿਰੇ ਵੀ ਤੇ ਰਾਤ ਪਈ ਤੇ ਵੀ। ਉਹ ਸਾਰੀ ਉਮਰ ਨੰਗੇ ਪੈਰੀ ਹੀ ਤੁਰਦੀ ਰਹੀ ਅਤੇ ਆਪਣੇ ਪੈਰਾਂ ਦੀ ਪੈੜ ਛੱਡਦੀ ਰਹੀ।

"ਚਾਲੀ ਵਰ੍ਹਿਆਂ ਹੋ ਗਈਆਂ ਮੇਰੇ ਜਣਦੇ ਮੈਨੂੰ ਇਥੇ ਸੁੱਟ ਗਏ। ਕਦੀ ਪੈਰਾਂ ਨੂੰ ਜੁੱਤੀ ਨਹੀਂ ਜੁੜੀ। ਦੋ ਵੇਲੇ ਵਥੇਰਾ ਰੰਬਾਂ ਮਾਰਿਆ।" ਏਨਾ ਕਹਿ ਉਹ ਮੇਰੇ ਬਾਪ ਨੂੰ ਠਿੱਠ ਕਰ ਦਿੰਦੀ। ਬਾਪ ਚੁੱਪ ਕਰ ਜਾਂਦਾ। ਗੱਲ ਸੱਚੀ ਸੀ।

ਵਿਆਹ ਸ਼ਾਦੀ ਹੁੰਦੀ ਤਾਂ ਉਹ ਚਾਚੀਆਂ ਤਾਈਆਂ ਨਾਲ ਮਿਲਕੇ ਬੜਾ ਹੜਦੰਗ ਕਰਦੀਆਂ। ਪਰ ਗਿੱਧੇ 'ਚ ਨੱਚਦੀਆਂ ਦੇ ਬੋਲਾਂ 'ਚ ਵੀ ਤਰਲੇ ਹੁੰਦੇ ਤੇ ਜੱਟਾਂ ਦੀਆਂ ਤਰੀਫ਼ਾਂ ਹੁੰਦੀਆਂ।" ਜੱਟਾਂ ਜਾਗ ਪਈ ਹੁਣ ਜਾਗੋ ਆਈ ਆ।" ਆਪ ਕਦੇ ਨਾ ਜਾਗੀਆਂ ਤੇ ਜੱਟ ਨੂੰ ਹੀ ਜਗਾਉਂਦੀਆਂ ਰਹੀਆਂ। ਤਰਲੇ ਦੀ ਹਾਲਤ ਦੇਖੋ-

ਬਾਬਾ ਬੰਨ੍ਹਿਆਂ ਤੋਂ ਡੀਲਾ ਖੋਤ ਲੈਣ ਦੇ
ਮਾਮੀ ਕੰਜਰੀ ਦੇ ਕੀਲਾ ਠੋਕ ਲੈਣ ਦੇ
ਬਾਬਾ ਬੰਨ੍ਹਿਆਂ ਤੋਂ ਡੀਲਾ ਖੋਤ ਲੈਣ ਦੇ
ਮਾਸੀ ਕੰਜਰੀ ਦੇ ਕੀਲਾ ਠੋਕ ਲੈਣ ਦੇ
ਬਾਬਾ ਚੁਭੇ ਵਿਚ ਲਕੜਾਂ ਝੋਕ ਲੈਣ ਦੇ
ਨਾਨੀ ਕੰਜਰੀ ਦੇ ਕੀਲਾ ਠੋਕ ਲੈਣ ਦੇ
ਬਾਬਾ ਬੰਨਿਆਂ ਤੋਂ ਡੀਲਾ ਖੋਤ ਲੈਣ ਦੇ
ਬਾਬਾ ਛੋਲੀਆਂ 'ਚੋਂ ਡੀਲਾ ਖੋਤ ਲੈਣ ਦੇ।

ਫਿਰ ਕੋਈ ਦੂਰੋਂ ਬਬਕਾ ਮਾਰਦਾ "ਠਹਿਰੋ! ਮੈ ਕੀਲੇ ਠਕਾਉਂਦਾ ਤੁਹਾਨੂੰ। ਨਾਲੇ ਡੀਲੇ ਖਤਾਉਂਦਾ। ਆਪ ਵੀ ਕਦੇ ਜਾਗੋ ਗੀਆਂ ਕਿ ਜੱਟਾਂ ਨੂੰ ਹੀ ਜਗਾਉਂਦੀਆਂ ਰਹੋਗੀਆਂ। ਜੱਟ ਤਾਂ ਬਹੁਤ ਜਾਗ ਗਏ। ਨਾਲੇ ਤੁਸੀਂ ਨਹੀਂ ਜਾਗਣਾ ਅਖੇ ਜੱਟਾਂ ਜਾਗ ਬਈ ਹੁਣ ਜਾਗੋ ਆਈਆ। ਕੰਜਰਾਂ ਦੀਆਂ ਮਾਰਾਂ ਵਿਆਹ ਚਮਾਰਾਂ ਦੇ ਆ ਜਗਾਉਂਦੀਆਂ ਜੱਟਾਂ ਨੂੰ...।"

ਅਵਾਜ਼ ਮੱਧਮ ਪੈਂਦੀ ਤਾਂ ਗਿੱਧਾ ਵੀ ਮੱਠਾ ਪੈ ਜਾਂਦਾ। ਗੱਲ ਸਿਆਣੇ ਦੀ ਠੀਕ ਹੁੰਦੀ ਵਿਆਹ ਚਮਾਰਾਂ ਦੇ ਹੁੰਦਾ ਤੇ ਬੀਬੀਆਂ ਜੱਟਾਂ ਨੂੰ ਜਗਾਉਂਦੀਆਂ ਰਹਿੰਦੀਆਂ। ਰੰਬੇ ਘਸ ਘਸ ਕੇ ਰੰਬੀਆਂ ਬਣ ਜਾਂਦੇ ਤੇ ਮਾਂ ਉਹ ਰੰਬੀਆਂ ਸਾਡੇ ਹੱਥ ਫੜਾ ਦਿੰਦੀ ਤੇ ਅਸੀਂ ਜੱਟਾਂ ਦੇ ਖੇਤਾਂ 'ਚ ਜਾਂਦੇ। ਘਾਹ ਖੋਤਣ ਲਗਦੇ ਤੇ ਜੱਟ ਕਹਿੰਦੇ ਕਿ ਘਾਹੀ ਦੇ ਪੁੱਤ ਨੇ ਘਾਹ ਹੀ ਖੋਤਣਾਂ ਇੰਜ ਅਸੀਂ ਚੰਗੇ ਭਲੇ "ਘਾਹੀ" ਬਣ ਜਾਂਦੇ।

ਬਾਪ ਕਹਿੰਦਾ ਹੁੰਦਾ ਸੀ ਸਾਡੀਆਂ ਕੁੜੀਆਂ ਜੱਟਾਂ ਦੇ ਬੰਨ੍ਹਿਆਂ ਤੇ ਘਾਹ ਖੋਤਣ ਜਾਂਦੀਆਂ ਹਨ ਉਹਨਾਂ ਦੀਆਂ ਕੀ ਲਗਦੀਆਂ ਹਨ। "ਅਸੀਂ ਵੀ ਤਾਂ ਕਿਸੇ ਦੀਆਂ 'ਕੁੜੀਆਂ' ਸੀ ਸਾਰੀ ਉਮਰ ਜੱਟਾਂ ਦੇ ਬੰਨ੍ਹਿਆਂ ਤੇ 'ਗੁਜ਼ਰ' ਗਈ। ਮਾਂ ਬੋਲਦੀ ਤਾਂ ਸਾਰੇ ਚੁੱਪ ਕਰ ਜਾਂਦੇ।

ਪਿੰਡ ਦੇ ਲੰਬੜਦਾਰ ਦੀ ਦਹਿਸ਼ਤ ਸੀ। ਉਹ ਆਉਂਦਾ ਤਾਂ ਅਵਾ ਤਵਾ ਬੋਲ ਕੇ ਚਲੇ ਜਾਂਦੇ। ਉਹਦੇ ਸਾਹਮਣੇ ਕੋਈ ਨਾ ਬੋਲਦਾ ਉਹ ਇਕੱਲਾ ਪੰਜਾਹ ਕਿਲ੍ਹਿਆ ਦਾ ਮਾਲਕ ਸੀ ਦੋ ਟਾਇਮ ਰੰਬਾ ਲੈ ਕੇ ਸਾਰੀਆਂ ਇਕੱਠੀਆਂ ਹੋ ਕੇ ਘਾਹ ਦੀ ਪੰਡ ਖਾਤਰ ਤਰ੍ਹਾਂ ਤਰ੍ਹਾਂ ਦੇ ਪ੍ਰਵਚਨ ਸੁਣਦੀਆਂ ਦੇਖ ਸੁਣ ਕੇ ਸਭ



ਦੀ ਧੂਹ ਨਿਕਲ ਜਾਂਦੀ ਕੋਈ ਨਾ ਬੋਲਦਾ। 'ਇਹੋ ਹਮਾਰਾ ਜੀਵਣਾ ਸੀ" ਤੇ ਉਹ ਪੈਰਾਂ ਦੀਆਂ ਫਟੀਆਂ ਬਿਆਈਆਂ ਵਲ ਵੇਖਦੀ ਤੇ ਪੋਲਾ ਪੋਲਾ ਹੱਥ ਫੇਰਦੀ ਪੈਰਾਂ ਦੀ ਚਮੜੀ ਸੁਖਦ ਨਾ ਰਹਿ ਕੇ ਸੁੱਕ ਚੁੱਕੀ ਸੀ ਉਹ ਹਉਂਕਾ ਲੈ ਕੇ ਇਹ ਤਾਂ ਅਕਸਰ ਕਹਿੰਦੀ ਕਿ 'ਕਿਹੜੀ ਜੂਨੇ ਪਾਇਆ ਰੱਬ ਨੇ ਨਾ ਚੰਗਾ ਖਾਣ ਦਿੱਤਾ ਤੇ ਨਾ ਪਹਿਨਣ। ਘਾਹ... ਦੋ ਟਾਇਮ ਖੇਤਾਂ 'ਚ ਘਾਹ ਨੂੰ ਜਾ ਕੇ ਚਿਤੜ ਘਸਾਈ ਜਾਓ।"

ਮਾਂ ਦਾ ਤੇ ਰੰਬੇ ਦਾ ਸਾਥ ਜ਼ਿੰਦਗੀ ਭਰ ਰਿਹਾ। ਪਿੰਡ ਦੇ ਖੇਤਾਂ 'ਚ ਕਿਹੜੇ ਖੇਤ ਦੇ ਕਿਹੜੇ ਕੋਨੇ ਵਿਚ ਚੂਹਿਆਂ ਦੀਆਂ ਖੁੱਡਾਂ ਹਨ ਅਤੇ ਕਿਹੜੇ ਖੇਤ 'ਚ ਸੱਪਾਂ ਦੀਆਂ ਖੁੱਡਾ ਹਨ। ਕਿਸੇ ਖੇਤ 'ਚ ਘਾਹ ਚੰਗਾ ਉੱਗਿਆ ਹੁੰਦਾ ਉਹ ਐਵੇਂ ਹੁੱਬਦੀ ਰਹਿੰਦੀ ਜਦ ਕਿ ਖੇਤ ਕਿਸੇ ਹੋਰ ਦਾ ਹੁੰਦਾ। ਉਹ ਆਪਣੇ ਪੈਰਾਂ ਦੀ ਪੈੜ ਛਾਪਦੀ ਰਹਿੰਦੀ। ਖੇਤਾਂ 'ਚ ਬਣੇ ਸ਼ਹੀਦਾ ਦੇ ਗੁਰਦੁਆਰੇ ਵਲ ਮੂੰਹ ਕਰਕੇ ਉਹ ਔਲਾਦ ਦੀ ਸੁੱਖ ਸੁੱਖਦੀ ਰਹੀ। ਪਰ ਉਸ ਨੇ ਰੰਬੇ ਤੋਂ ਮੁਕਤੀ ਲਈ ਕੋਈ ਅਰਦਾਸ ਨਾ ਕੀਤੀ। ਦੋ ਵੇਲੇ ਰੰਬਾ ਮਾਰਨਾ ਹੀ ਉਸਦੇ ਹਿੱਸੇ ਆਇਆ ਸੀ ਉਸ ਦਾ ਧਰਮ ਸੀ ਪੇਕੇ ਵੀ ਤੇ ਸਹੁਰੇ ਵੀ। ਉਹੀ ਸਿੱਖਿਆ ਉਸਨੇ ਬੱਚਿਆਂ ਨੂੰ ਵੀ ਦਿੱਤੀ ਸੀ।

ਉਹ ਸ਼ਹੀਦਾਂ ਵਾਲੇ ਗੁਰਦੁਆਰੇ ਵੱਲ ਮੂੰਹ ਕਰਕੇ ਮੇਰੇ ਕਿਵੇਂ ਨਾ ਕਿਵੇਂ ਦਸਵੀਂ ਪਾਸ ਕਰ ਜਾਣ ਦੀਆਂ ਸੁੱਖਾਂ ਸੁਖਦੀ ਰਹਿੰਦੀ। ਪਿਆਸ ਲਗਣੀ ਤਾਂ ਦੂਰੋਂ ਹੀ ਹੱਥਾਂ ਦੀ ਓਕ ਨਾਲ ਪਾਣੀ ਪਲਾਂਉਦੇ। ਨਾਲ ਦੇ ਪਿੰਡ ਦਾ ਛੀਂਬਾ ਉਥੇ ਭਾਈ ਸੀ। ਪਾਠ ਕਰਦਾ ਕਦੇ ਕਦੇ ਦਿਆਲ ਹੁੰਦਾ ਤਾਂ ਆਖਦਾ "ਓਏ ਔਹ ਚੁੱਕੋ ਮੱਗ ਚਾਹ ਦੇਵਾਂ।" ਅਸੀਂ ਦਰਖ਼ਤ 'ਤੇ ਟੰਗੇ ਲੋਹੇ ਦੇ ਜੰਗਾਲੇ ਹੋਏ ਮੱਗ ਚੁੱਕ ਲੈਂਦੇ ਚਾਹ ਪੀ ਲੈਂਦੇ। ਮੁੜ ਉਹ ਜੰਗਾਲੇ ਹੋਏ ਮੱਗ ਉਥੇ ਹੀ ਰੱਖ ਦਿੰਦੇ। ਉਹ ਮੱਗ ਜੰਗਾਲੇ ਹੋਏ ਸਨ, ਜਿਹੜੇ ਸਾਡੀ ਬਰਾਦਰੀ ਵਾਲਿਆਂ ਲਈ ਰੱਖੇ ਹੋਏ ਸਨ।

ਮਾਂ ਦਾ ਜਿਸਮ ਮਜਬੂਤ ਸੀ। ਵਜ਼ਨ ਕਾਫੀ ਚੁੱਕ ਲੈਂਦੀ, ਚਿਹਰਾ ਗੋਰਾ ਚਿੱਟਾ ਸੀ। ਦਿਮਾਗ਼ ਦੀ ਚੇਤੰਨ। ਰੋਟੀ ਸੁਆਦ ਬਣਾਉਂਦੀ ਤੇ ਕੁੜਮਾਚਾਰੀ 'ਚ ਦਾਨੀ ਸੀ।

ਉਸ ਦਿਨ ਘਰ ਪਹੁੰਚਿਆ ਤਾਂ ਸਾਰੇ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ।

"ਆਹ ਜੀਤ ਨੇ ਕੰਮ ਖ਼ਰਾਬ ਕੀਤਾ ਓਨੇ ਕਿਤੇ ਅਜੇ ਮਰਨਾ ਸੀ।" ਕਿਸੇ ਨੇ ਆਖਿਆ। ਮੇਰਾ ਸਾਹ ਨਿਕਲ ਗਿਆ।

"ਨਹੀਂ ਨਹੀਂ ਸਾਹ ਆ ਰਿਹਾ ਹੈ ਅਜੇ ਤੂੰ ਘਬਰਾ ਨਾ ਸ਼ਾਇਦ ਤੈਨੂੰ ਹੀ ਉਡੀਕਦੀ ਹੈ। " ਝੁਰਮਟ ਵਿਚੋਂ ਫਿਰ ਕੋਈ ਬੋਲਿਆ।

ਮੈਂ ਚੌਵੀ ਘੰਟੇ ਦੇ ਸਫ਼ਰ ਤੋਂ ਬਾਅਦ ਮਾਂ ਦੇ ਬਿਮਾਰ ਹੋਣ 'ਤੇ ਜੱਬਲਪੁਰ ਤੋਂ ਆਇਆ ਸੀ ਤੇ ਉਹ ਪਿਛਲੇ ਚੌਵੀ ਘੰਟੇ ਤੋਂ ਬੇਹੋਸ਼ ਪਈ ਸੀ। ਮੈਂ ਅਵਾਜ਼ ਮਾਰੀ ਤਾਂ ਉਸ ਅੱਖਾਂ ਖੋਲੀਆਂ, "ਆ ਗਿਆ ਤੂੰ" ਉਸ ਹੱਥ ਉਪਰ ਨੂੰ ਚੁੱਕਿਆ ਤੇ ਮੁੜ ਨਾ ਬੋਲੀ।

ਮਾਂ ਦਾ ਚਿਹਰਾ ਦੇਖ ਕੇ ਮੈਂ ਬਾਹਰ ਆ ਗਿਆ।

"ਇਹ ਜੀਤ ਨੇ ਕੀ ਕੀਤਾ।" ਮੈਂ ਪੁੱਛਿਆ।

ਤੂੰ ਤੇ ਚਲਾ ਗਿਆ ਇਕ ਦਿਨ ਜੀਤ ਆ ਗਿਆ। ਮਾਂ ਕਹਿਣ ਲੱਗੀ ਬਹੁਤ ਦਿਨ ਹੋ ਗਏ ਮੋਹਨ ਨਹੀਂ ਆਇਆ।"

ਜੀਤ ਨੇ ਕਿਹਾ "ਲੈ ਹੁਣ ਉਹ ਕਿੱਦਾਂ ਆ ਜਾਏਗਾ" ਜੀਤ ਨੇ ਕਿਹਾ। ਜੀਤ ਮੇਰੀ ਭੂਆ ਦਾ ਪੁੱਤ ਭਰਾ।

"ਹੈਹਾ ਵੇ ਉਹਨੂੰ ਕੀ ਹੋ ਗਿਆ।" ਮਾਂ ਨੇ ਘਬਰਾ ਕੇ ਕਿਹਾ।

" ਲੈ ਤੈਨੂੰ ਨਹੀਂ ਪਤਾ।" ਜੀਤ ਨੇ ਫਿਰ ਕਿਹਾ।

"ਹੈਹਾ ਵੇਹ ਛੇਤੀ ਬੋਲ।"

"ਲੈ ਉਹਦੀ ਤਾਂ ਬਦਲੀ ਹੋ ਗਈ ਮਦਰਾਸ ਵਲ ਉਥੇ ਕਹਿੰਦੇ ਦੋ ਦਿਨ ਤੇ ਦੋ ਰਾਤਾਂ ਲੱਗਦੀਆਂ ਜਾਣ ਨੂੰ।"

ਹੈਹਾ ਵੇ ਉਹ ਹੁਣ ਮੇਰੀ ਮਰੀ ਤੇ ਵੀ ਨਹੀਂ ਆਵੇਗਾ। ਸਰਕਾਰ ਨੇ ਉਹਨੂੰ ਏਨੀ ਦੂਰ ਕਿਉਂ ਬਦਲ ਦਿੱਤਾ ਬਾਕੀ ਤਾਂ ਸਾਰੇ ਏਥੇ ਨੇੜੇ ਨੇੜੇ ਹੀ ਨੌਕਰੀਆਂ ਕਰਦੇ ਨੇ ਉਹਨੂੰ ਕਿਓਂ ਦੂਰ ਭੇਜ ਦਿੱਤਾ ਮੇਰੇ ਪੁੱਤ ਨੂੰ।"

"ਏਨਾ ਕਹਿ ਉਹ ਚੁੱਪ ਹੀ ਕਰ ਗਈ, ਪੁੱਤ ਦੇ ਦੂਰ ਜਾਣ ਦਾ ਸਦਮਾ ਖਾ ਗਈ। ਉਸ ਤੋਂ ਬਾਅਦ ਰੋਟੀ ਹੀ ਬੰਦ ਕਰਤੀ। ਲੈ ਹੁਣ ਬੋਲੀ ਓਹ ਤੇਰੇ ਆਏ ਤੇ।"

ਮੈਂ ਮਾਂ ਦੇ ਪੈਰ ਨੰਗੇ ਕਰਕੇ ਦੇਖਿਆ। ਪੈਰਾਂ ਨੂੰ ਛੂਹਿਆ। ਨਮਸਕਾਰ ਕੀਤੀ। ਖੇਤਾਂ ਵਲ ਨੰਗੇ ਪੈਰਾਂ ਦੀ ਪੈੜ ਦੇਖਣ ਦਾ ਯਤਨ ਵੀ ਕੀਤਾ। ਜੱਟਾਂ ਦੇ ਖੇਤਾਂ ਵਿਚ ਮੇਰੀ ਮਾਂ ਦੇ ਨੰਗੇ ਪੈਰਾਂ ਦੀ ਪੈੜ। ਬੜਾ ਅਜੀਬ ਤਮਾਸ਼ਾ ਹੈ।

ਫਿਰ ਜਾਣ ਤੋਂ ਬਾਅਦ ਮਾਂ ਇਕ ਦਿਨ ਸੁਪਨੇ ਵਿਚ ਆਈ। ਸਫੈਦ ਕਪੜੇ ਪਹਿਨੇ ਹੋਏ, ਸਿਰ ਵਾਹਿਆ ਹੋਇਆ। ਪੈਰੀਂ ਜੁੱਤੀ ਪਾਈ ਹੋਈ ਸੀ। ਜੁਰਾਬਾਂ ਵੀ ਪਾਈਆਂ ਸਨ ਇਕ ਦਮ ਦਾਨੀ ਜਿਹੀ ਲੱਗੀ। ਮੈਂ ਉੱਠ ਬੈਠਾ।

"ਲੈ ਬਈ ਮਾਂ ਆਈ ਅੱਜ ਕਿਧਰੋਂ ਦਿਨ ਚੜ੍ਹਿਆ। ਉਸ ਨੇ ਮੁਸਕਰਾ ਕੇ ਪਿਆਰ ਦਿੱਤਾ। ਬੈਠ ਗਈ।

"ਪਾਣੀ।" ਮੈਂ ਪੁੱਛਿਆ।

"ਓਏ ਨਿਕੰਮਿਆਂ ਪਾਣੀ ਵੀ ਪੁੱਛ ਕੇ ਦਈ ਦਾ ਤੈਨੂੰ ਮੌਤ ਕਦੋਂ ਆਉਣੀ। ਲਿਆ ਪਾਣੀ ਪਿਲਾ। ਪਤਾ ਨਹੀਂ ਕਾਕਾ ਮੇਰੀ ਪਿਆਸ ਕਿਓਂ ਨਹੀਂ ਬੁਝਦੀ ਜਿੰਨਾ ਮਰਜੀ ਪਾਣੀ ਪੀ ਲਵਾਂ। ਪਤਾ ਨਹੀਂ ਪਾਣੀ ਕਿਧਰ ਚਲੇ ਜਾਂਦਾ ਹੈ। ਬੁੱਲ੍ਹ ਸੁੱਕੇ ਦੇ ਸੁੱਕੇ। ਖੁਸ਼ਕ ਪਾਣੀ ਫਿਰ ਪੀਣ ਨੂੰ ਜੀਅ ਕਰਦਾ ਹੈ। ਖੁਸ਼ਕ... ਮੈਂ ਪਿਆਸੀ ਕਿਉਂ ਫਿਰਦੀਆ।"

"ਕੋਈ ਨਹੀਂ ਲੈ ਜਿੰਨਾ ਮਰਜੀ ਪਾਣੀ ਪੀ ਪਾਣੀ ਤੇ ਕਿਹੜਾ ਮੁੱਲ ਲਗਦਾ। " ਜੱਗ ਭਰਕੇ ਪਾਣੀ ਲਿਆਂਦਾ। ਮਾਂ ਦੋ ਤਿੰਨ ਚਾਰ ਗਲਾਸ ਪਾਣੀ ਪੀ ਗਈ।"

ਏਨੇ ਨੂੰ ਮੇਰੀ ਪਤਨੀ ਆਈ ਉਹ ਗੁੱਸੇ ਹੋਈ , "ਕੀ ਕਰਦੇ ਹੋ।" ਉਸ ਫੋਕੇ ਪਾਣੀ ਦਾ ਗਲਾਸ ਫੜਿਆ ਤੇ ਸ਼ਰਬਤ ਦਾ ਗਲਾਸ ਅੱਗੇ ਕੀਤਾ ਉਹ ਤਿੰਨ ਚਾਰ ਗਿਲਾਸ ਮਿੱਠੇ ਪਾਣੀ ਦਾ ਸ਼ਰਬਤ ਵੀ ਪੀ ਗਈ। ਬਾਅਦ ਵਿਚ ਇਕ ਸਿਆਣੇ ਆਦਮੀ ਨਾਲ ਮਾਂ ਦੀ ਪਿਆਸ ਅਤੇ ਬੁੱਲ੍ਹਾਂ ਦੀ ਖੁਸ਼ਕੀ ਬਾਰੇ ਗੱਲ ਸਾਂਝੀ ਕੀਤੀ ਤਾਂ ਉਹ ਕਹਿਣ ਲੱਗਾ ਇਹ ਬੁੱਲ੍ਹਾਂ ਦੀ ਖੁਸ਼ਕੀ ਦੀ ਸਾਡੇ ਵੇਲੇ ਦੇ ਸਭ ਬੰਦਿਆਂ ਦਾ ਏਹੀ ਹਾਲ ਹੈ। ਆਹ ਲੈ ਮੇਰੇ ਬੁੱਲ੍ਹ ਦੇਖ ਮੇਰੇ ਬੁੱਲ੍ਹਾਂ ਤੇ ਵੀ ਏਵੇ ਹੀ ਖੁਸ਼ਕੀ ਹੈ। ਸਾਲੀ ਕੋਈ ਜ਼ਿੰਦਗੀ ਏ ਚੌਵੀ ਘੰਟੇ ਜੇ ਸ਼ਰੀਰ 'ਚੋਂ ਪਸੀਨਾ ਹੀ ਵਗਣਾ ਤਾਂ ਸ਼ਰੀਰ 'ਚ ਪਾਣੀ ਨਹੀਂ ਰਹੇਗਾ। ਜੇਕਰ ਸ਼ਰੀਰ 'ਚ ਪਾਣੀ ਨਹੀਂ ਰਹੇਗਾ ਤਾਂ ਖੁਸ਼ਕੀ ਰਹੇਗੀ ਹੀ ਰਹੇਗੀ। ਉਹ ਕਿਤੇ ਆਮ ਜਨਾਨੀ ਸੀ ਉਹ ਤਾਂ 'ਅੱਧਾ ਮਨੁੱਖ' ਸੀ ਅੱਧਾ ਮਨੁੱਖ ਕਿਓ ਕਿਓ।" ਮੈਂ ਪੁੱਛਿਆ ਸੀ।

"ਉਹ ਅੱਧਾ ਮਨੁੱਖ ਇਸ ਕਰਕੇ ਕਿ ਉਹ ਜਨਾਨੀ ਸੀ। ਕੰਮ ਤਾਂ ਬੰਦੇ ਬਰਾਬਰ ਕਰਦੀ। ਬਹਾਦਰ ਸੀ। ਉਦਾਂ ਤਾਂ ਸਭ ਔਰਤਾਂ ਬਹੁਤ ਕੰਮ ਕਰਦੀਆਂ , ਕੰਮ ਤੋਂ ਨਹੀਂ ਸੀ ਡਰਦੀਆਂ। ਭਾਰ ਹੇਠਾਂ ਹੀ ਦੱਬੀਆਂ ਰਹੀਆਂ। ਹੱਦ ਸੀ ਯਾਰ ਜ਼ਮਾਨੇ ਦੀ। ਮਿੱਟੀ ਦੇ ਬੋਝ ਹੇਠਾਂ ਹੀ ਜ਼ਿੰਦਗੀ ਗੁਜਾਰ ਦਿੱਤੀ। ਇਹੋ ਉਹਨਾਂ ਦਾ



ਜੀਵਣਾ ਸੀ ਕਾਹਦਾ ਮਾਣ ਸੀ। ਨਾ ਧਰਤੀ ਆਪਣੀ ਤੇ... । ਤਾਇਆ ਚੁੱਪ ਕਰ ਗਿਆ ਸੀ।

ਸੁਤੇ ਸਿਧ ਹੀ ਇਕ ਕਹਾਣੀ "ਐਸਾ ਮਨੁੱਖ" ਲਿਖੀ ਤੇ ਫਿਰ ਕਈ ਕਹਾਣੀਆਂ ਹੋਰ ਜਿਵੇਂ ਕਿ "ਮਾਣ ਤਾਣ" "ਮੇਰਾ ਨਾਨਕਾ ਪਿੰਡ" ਅਤੇ ਮੋਚੀ ਦਾ ਪੁੱਤ" ਲਿਖੀਆਂ ਜਿਹਨਾਂ 'ਚ ਮਾਂ ਦਾ ਜ਼ਿਕਰ ਆਉਂਦਾ ਹੈ। "ਮੋਚੀ ਦਾ ਪੁੱਤ" ਕਹਾਣੀ ਗੁਰਸ਼ਰਨ ਸਿੰਘ ਦੀ ਨਜ਼ਰ ਚੜ੍ਹੀ ਤਾਂ ਉਹਨਾਂ ਨੇ ਉਸ 'ਤੇ ਅਧਾਰਤ ਨਾਟਕ ਲਿਖ ਮਾਰਿਆ। ਬਹੁਤ ਸਟੇਜਾਂ ਕੀਤੀਆਂ ਭਾਅ ਜੀ ਨੇ। ਜਦੋਂ ਮੈਂ ਇਸ ਨਾਟਕ ਦਾ ਸ਼ੋਅ ਪਹਿਲੀ ਵਾਰ ਦੇਖਿਆ ਤਾਂ ਮੇਰਾ ਗਚ ਭਰ ਗਿਆ। ਜਦ ਕਦੀ ਮੈਂ ਆਪਣੀ ਮਾਂ ਨੂੰ ਪੁੱਛਿਆ ਸੀ ਕਿ ਤੂੰ ਇਸ ਲੰਬੜਦਾਰ ਤੋਂ ਏਨਾ ਕਿਉਂ ਡਰਦੀ ਏ ਤਾਂ ਮਾਂ ਨੇ ਕਿਹਾ ਸੀ, "ਤੈਨੂੰ ਨਹੀਂ ਪਤਾ ਇਹ ਲੰਬੜਦਾਰ ਇਕੱਲਾ ਪੰਜਾਹ ਕਿਲਿਆ ਦਾ ਮਾਲਕ ਹੈ ਆਹ ਪਿੰਡ ਦੀਆਂ ਨਿਆਈਆਂ ਤੋਂ ਲੈ ਕੇ ਨਹਿਰ ਤੱਕ ਸਾਰੀ ਇਸਦੀ ਜ਼ਮੀਨ ਹੈ ਤੇ ਅਸੀਂ ਦੋ ਵੇਲੇ ਰੰਬਾਂ ਲੈ ਕੇ ਇਸ ਲੰਬੜਦਾਰ ਦੇ ਖੇਤਾਂ ਵਿਚ ਜਾਣਾ ਹੁੰਦਾ ਹੈ।"

ਏਨਾ ਸੁਣਕੇ ਗੁੱਸਾ ਤਾਂ ਚੜ੍ਹਦਾ ਪਰ ਕੁਝ ਵੀ ਨਾ ਕੀਤਾ ਜਾ ਸਕਦਾ।

ਇਕ ਵਾਰ ਫਿਰ ਇਕ ਦਿਨ ਮਾਂ ਦਾ ਭੁਚੱਕਾ ਪਿਆ। ਤੁਰੇ ਜਾ ਰਹੇ ਸਾਂ। ਇਕ ਖੇਤ ਵਿਚ ਮਾਂ ਵਰਗੀ ਇਕ ਔਰਤ ਘਾਹ ਖੋਤ ਰਹੀ ਰਹੀ ਸੀ। ਉਸ ਦੀ ਘਾਹ ਦੀ ਪੰਡ ਬਣ ਚੁੱਕੀ ਸੀ। ਪਰ ਚੁੱਕੀ ਨਹੀਂ ਸੀ ਜਾ ਰਹੀ ਤੇ ਇਕੱਲੀ ਹੋਣ ਕਰਕੇ ਪੰਡ ਵੀ ਨਹੀਂ ਸੀ ਬੰਨ੍ਹੀ ਜਾ ਰਹੀ।

"ਉਰੇ ਹੋਈ ਬੀਰਾ ਹੱਥ ਪੁਆਈ ਜਰਾ।" ਮਾਂ ਵਰਗੀ ਬੁੱਢੀ ਬੋਲੀ। ਅੱਗੇ ਹੋਇਆ ਘਾਹ ਦੀ ਪੰਡ ਬੰਨ੍ਹਾਈ ਪੰਡ ਨੂੰ ਗੰਢ ਦੁਆਉਣ ਲੱਗਾ ਤਾਂ ਮੈਂ ਆਪਣਾ ਸਿਰ ਉਸਦੇ ਸਿਰ ਨਾਲ ਜੋੜਿਆ ਤਾਂ ਪੰਡ ਦੀ ਗੰਢ ਸੁਆਰ ਕੇ ਆਈ। "ਵੇ ਬੀਰਾ ਤੂੰ ਕਾਹਨੂੰ ਆਪਣਾ ਸਿਰ ਮੇਰੇ ਤੱਤੜੀ ਦੇ ਸਿਰ ਨਾਲ ਜੋੜਦਾਂ।" ਉਸ ਦੇ ਸਿਰ ਦੀਆਂ ਜਟਾਂ ਬਣ ਚੁੱਕੀਆਂ ਸਨ। ਕਦੀ ਸਾਬਣ ਦਾ ਟੋਟਾ ਨਹੀਂ ਜੁੜਿਆ ਹੋਵੇਗਾ। ਸਿਰ ਧੋਣ ਨੂੰ। ਸਿਰ ਵਿਚੋਂ ਪਸੀਨੇ ਦੀ ਬਦਬੂ ਆ ਰਹੀ ਸੀ। ਕੰਘੀ ਕਦੀ ਮਾਰੀ ਨਾ ਹੋਵੇ। ਘਾਹ ਦੀ ਪੰਡ ਉਸ ਬੁੱਢੀ ਦੇ ਸਿਰ ਤੇ ਰਖਵਾਈ ਤਾਂ ਉਹ ਅਸੀਸਾਂ ਦੇਣ ਲੱਗੀ। "ਜਿਉਂਦਾ ਰਹਿ ਭਾਈ ਤੇਰੇ ਬੱਚੇ ਜਿਉਣ।"

ਘਾਹ ਦੀ ਪੰਡ ਚੁੱਕੀ ਉਹ 'ਹਿੰਮਤ' ਨਾਲ ਤੁਰਨ ਲੱਗੀ ਮੈਂ ਪਿੱਛੇ ਖੜਾ ਉਸ ਦੇ ਪੈਰਾਂ ਦੀ ਪੈੜ ਨਾਪਣ ਲੱਗਾ। ਆਪਣੀ ਮਾਂ ਦੇ ਪੈਰਾਂ ਦੀ ਪੈੜ।

**ਪਤਾ : ਐਚ. ਐਮ. 142, ਹਾਊਸਿੰਗ ਬੋਰਡ ਕਲੋਨੀ,**
**ਅਰਬਨ ਅਸਟੇਟ, ਫੇਜ਼-1, ਜਲੰਧਰ, ਮੋਬਾਇਲ: 9888405888**

**ਗ਼ਜ਼ਲਗੋ ਸੁਰਜੀਤ ਜੱਜ ਦਾ ਨਵਾਂ ਤੇ**
**ਨਿਵੇਕਲਾ ਗ਼ਜ਼ਲ ਸੰਗਹਿ**

**ਨਾ ਅੰਤ ਨਾ ਆਦਿ**

**ਸ਼ਾਇਰੀ ਦੇ ਮਾਮਲੇ ਵਿਚ ਮੈਂ ਫ਼ਤਵੇ ਸੁਣਨ-ਸੁਣਾਉਣ ਵਿਚ ਯਕੀਨ ਕਰਨ ਦੀ ਥਾਂ ਮੋਹਵੰਤੀ ਗੁਫ਼ਤਗੂ ਤੋਰਨ-ਤੁਰਾਉਣ ਦਾ ਕਾਇਲ ਹਾਂ। ਇਸੇ ਭਾਵਨਾ ਨਾਲ ਮੈਂ 'ਨਾ ਅੰਤ ਨਾ ਆਦਿ' ਦੀ ਸ਼ਾਇਰੀ ਰਾਹੀਂ ਤੁਹਾਡੇ ਰੂ-ਬ-ਰੂ ਹਾਂ, ਤੁਹਾਨੂੰ ਮੁਖ਼ਾਤਿਬ ਹਾਂ।-ਲੇਖਕ**

***ਪ੍ਰਕਾਸ਼ਕ***

***ਚੇਤਨਾ ਪ੍ਰਕਾਸ਼ਨ, ਲੁਧਿਆਣਾ***

***ਮੁੱਲ :200, ਪੰਨੇ :160***

## ਖ਼ਮੋਸ਼ੀ ਦਾ ਜ਼ਜ਼ੀਰਾ / - ਭਗਵੰਤ ਰਸੂਲਪੁਰੀ

"ਨੀਂ ਬਦਮਾਸ਼ੇ ! ਤੈਂ ਮੇਰਾ ਮੁੰਡਾ ਰੋਲ਼ 'ਤਾ।" ਮੇਰੀ ਦਾਦੀ ਅਕਸਰ ਮਾਂ ਨੂੰ ਕਹਿੰਦੀ। ਜਦੋਂ ਮਾਂ ਆਪਣੇ ਨਿਆਣੇ ਘਰ ਛੱਡ ਕੇ ਦਿਹਾੜੀ ਜਾਣ ਲੱਗਦੀ ਤਾਂ ਦਾਦੀ ਅੱਗਿਓਂ ਆ ਘੇਰਦੀ, "ਸਾਡੇ ਕੋਲੋਂ ਨੀਂ ਸਾਂਭ ਹੁੰਦਾ ਕਤੀੜ ਖਾਨਾ, ਇਹਨਾਂ ਨੂੰ ਨਾਲ ਈ ਲੈ ਜਾ, ਜਮਾਏ ਆ ਤਾਂ ਸਾਂਭ ਇਨ੍ਹਾਂ ਨੂੰ।"

ਮਾਂ ਸਬਰ ਦਾ ਘੁੱਟ ਭਰ ਕੇ ਰਹਿ ਜਾਂਦੀ। ਆਪਣੀ ਕੁੜੀ ਨੂੰ ਕੁੱਛੜ ਚੁੱਕ ਕੇ ਆਲੂ ਪੁੱਟਣ ਤੁਰ ਪੈਂਦੀ। ਪਹਿਲਾਂ ਪਹਿਲ ਮਾਂ ਨੇ ਦਿਹਾੜੀਆਂ ਕਰ ਕਰ ਗੁਜਾਰਾ ਕੀਤਾ। ਖੇਤਾਂ 'ਚੋਂ ਕਾਨੇ, ਪਰਾਲੀ, ਮੁੱਢੀਆਂ, ਕਪਾਹ ਦੀਆਂ ਛਿਟੀਆਂ, ਮੱਕੀ ਦੇ ਟਾਂਡੇ ਪੰਡਾਂ ਬੰਨ੍ਹ ਕੇ ਬਾਲਣ ਲਈ ਲਿਆਉਂਦੀ। ਉਨ੍ਹਾਂ ਦਿਨ੍ਹਾਂ ਵਿਚ ਮੇਰਾ ਪਿਓ ਵਧੇਰੇ ਚੰਡੀਗੜ੍ਹ ਹੀ ਰਹਿੰਦਾ ਸੀ। ਅੱਲਾ ਈ ਜਾਣਦਾ ਉਹ ਕੀ ਕਰਦਾ ਸੀ। ਕਦੀ ਕਦੀ ਤਿੰਨ ਚਾਰ ਮਹੀਨੇ ਉਹ ਲਾਪਤਾ ਹੋ ਜਾਂਦਾ। ਘਰ ਹੀ ਨਾ ਵੜ੍ਹਦਾ। ਜਦੋਂ ਕਦੇ ਦਾਦੀ ਪੁੱਛਦੀ, "ਕੁੜੇ ਬਖ਼ਸ਼ੋ ! ਭਲਾ ਚਮਨ ਵੀ ਆਇਆ ਸੀ?" ਤਾਂ ਮਾਂ ਖਿਝੀ ਹੋਈ ਕਹਿੰਦੀ, "ਕਿਤੇ ਮਰ ਖਪ ਗਿਆ ਹਊ? ਜਿਉਂਦੇ ਦਾ ਕੀ ਆਸਰਾ ਸਾਨੂੰ, ਨਿਆਣੇ ਪੈਰੋਂ ਨੰਗੇ ਫਿਰਦੇ ਆ, ਚੱਜ ਦਾ ਲੀੜਾ ਨ੍ਹੀਂ... ਰੋਟੀ ਨੂੰ ਤਰਸਦੇ ਰਹਿੰਦੇ ਆ, ਮੈਨੂੰ ਤਾਂ ਮਾਪੇ ਨਰਕ 'ਚ ਸੁੱਟ ਗਏ।" ਫਿਰ ਉਹ ਇਕ ਦੂਜੇ ਨੂੰ ਮਿਹਣੇ ਮਾਰਦੀਆਂ। ਲੜ ਪੈਂਦੀਆਂ।

ਆਪਣੀ ਸੁਰਤੀ ਵਿਚ ਆਪਣੇ ਪਿੰਡ ਰਸੂਲਪੁਰ ਵਿਖੇ ਮੈਂ ਮਾਮੇ ਰਾਮ ਰਤਨ ਨਾਲ ਗਿਆ ਸੀ। ਪਹਿਲਾਂ ਵੀ ਗਿਆ ਹੋਵਾਂਗਾ ਪਰ ਮੈਨੂੰ ਪਤਾ ਨਹੀਂ। ਮਾਮਾ ਰਾਮ ਰਤਨ ਪਿਛਲੇ ਦਿਨੀਂ ਵਿਛੋੜਾ ਦੇ ਗਿਆ ਹੈ। ਸੱਤ ਕੁ ਸਾਲ ਦਾ ਹੋਵਾਂਗਾ। ਨਾਨੀ ਨੇ ਮੈਨੂੰ ਤਿਆਰ ਕਰਕੇ ਮਾਮੇ ਨਾਲ ਤੋਰ ਦਿੱਤਾ ਸੀ। ਮਾਮਾ ਸਾਇਕਲ ਚਲਾ ਕੇ ਗਿਆ ਸੀ। ਉਨ੍ਹਾਂ ਦਿਨ੍ਹਾਂ 'ਚ ਵਧੇਰੇ ਕਰਕੇ ਸਾਇਕਲ 'ਤੇ ਹੀ ਜਾਈਦਾ ਸੀ। ਸੌ ਕਿਲੋਮੀਟਰ ਹੋਵੇਗਾ ਪਿੰਡ। ਪਿਛਲੇ ਕੈਰੀਅਰ 'ਤੇ ਮਾਮੇ ਨੇ ਆਚਾਰ ਦਾ ਮਰਤਬਾਨ ਰੱਖ ਕੇ ਬੰਨ੍ਹਿਆਂ ਹੋਇਆ ਸੀ ਤੇ ਮੋਹਰੇ ਡੰਡੇ 'ਤੇ ਪਰਨਾ ਲਪੇਟ ਕੇ ਮੈਨੂੰ ਬਿਠਾ ਲਿਆ ਸੀ। ਮੈਨੂੰ ਚੇਤੇ ਹੈ ਸਫੈਦਿਆਂ ਵਿਚਕਾਰ ਜਾਂਦੀ ਪਗਡੰਡੀ ਵਿਚ ਦੀ ਮਾਮਾ ਸਾਇਕਲ ਲੈ ਕੇ ਗਿਆ ਸੀ। ਅਸੀਂ ਦੁਪਹਿਰ ਢਲੇ ਪਿੰਡ ਪਹੁੰਚ ਗਏ ਸਾਂ। ਘਰ ਪਹੁੰਚ ਕੇ ਮਾਂ ਨੂੰ ਮਿਲ ਕੇ ਮੈਂ ਬੜਾ ਖੁਸ਼ ਹੋਇਆ ਸੀ। ਛੋਟਾ ਜਿਹਾ ਕਮਰਾ ਸੀ। ਘਰ ਵਿਚ ਇਕ ਮੇਰੇ ਤੋਂ ਛੋਟਾ ਭਰਾ ਪੈਂਕੀ ਸੀ ਇਕ ਭੈਣ ਬੀਨਾ ਸੀ। ਜੋ ਬਹੁਤ ਛੋਟੀ ਸੀ। ਭਾਪੇ ਹੁਣੀਂ ਤਿੰਨ ਭਰਾ ਸਨ। ਵੱਡਾ ਮੇਰਾ ਭਾਪਾ ਸੀ। ਉਸ ਤੋਂ ਛੋਟਾ ਬਿਹਾਰੀ ਸੀ ਸਭ ਤੋਂ ਛੋਟਾ ਕੇਵਲ ਸੀ। ਬਾਬਾ ਸੀ। ਦਾਦੀ ਸੀ। ਉਦੋਂ ਸਾਡੇ ਬਾਬਿਆਂ ਦਾ ਸਾਂਝਾ ਵਿਹੜਾ ਹੁੰਦਾ ਸੀ। ਸਾਂਝੇ ਵਿਹੜੇ ਵਿਚ ਤਿੰਨ-ਚਾਰ ਭਾਰੀਆਂ ਕਿੱਕਰਾਂ ਸਨ। ਮਾਂ ਨੇ ਕਿੱਕਰ ਦੀ ਛਾਵੇਂ ਮੰਜਾ ਡਾਹ ਦਿੱਤਾ ਸੀ। ਹੱਥ ਨਾਲ ਕੱਢੀ ਹੋਈ ਚਿੱਟੀ ਚਾਦਰ ਵਿਛਾ ਦਿੱਤੀ ਸੀ। ਅਸੀਂ ਬੈਠੇ ਹੋਏ ਸੀ ਕਿ ਪੰਜ ਸੱਤ ਪੁਲਿਸ ਵਾਲੇ ਜੀਪ 'ਚ ਆ ਧਮਕੇ। ਮਾਂ ਕੋਲੋਂ ਤੇ ਦਾਦੀ ਕੋਲੋਂ ਪੁੱਛਣ ਲੱਗੇ, "ਕਿੱਥੇ ਆ ਚਮਨ ! ਕੱਢੋ ਬਾਹਰ ਉਹਨੂੰ, ਸਾਨੂੰ ਪਤਾ ਲੱਗਾ ਉਹ ਪਿੰਡ ਆਇਆ ਹੋਇਆ।" ਫਿਰ ਉਹ ਸਾਨੂੰ ਪੁੱਛਣ ਲੱਗ ਪਏ। "ਕੌਣ ਹੋ?" ਮਾਮੇ ਨੇ ਕਿਹਾ ਅਸੀਂ ਤਾਂ ਗੁਵਾਂਢੀਆਂ ਦੇ ਪਰਾਹੁਣੇ ਆਏ ਹੋਏ ਹਾਂ।" ਮੇਰਾ ਤਾਂ ਡਰ ਨਾਲ ਮੂਤ ਨਿਕਲ ਗਿਆ ਸੀ। ਮਾਮਾ ਮੈਨੂੰ ਬਾਅਦ ਵਿਚ ਅਕਸਰ ਛੇੜਦਾ ਹੁੰਦਾ ਸੀ, "ਪੁਲਿਸ ਦੇਖ ਕੇ ਇਹਦਾ ਤਾਂ ਮੂਤ ਨਿਕਲ ਗਿਆ।" ਮਾਂ ਬਹੁਤ ਡਰ ਗਈ ਸੀ। ਘੁੰਡ ਕੱਢ ਕੇ ਬੈਠ ਗਈ ਸੀ।

ਮੇਰੇ ਪਿਓ ਨੂੰ ਦਸ ਨੰਬਰੀ ਲੱਗੀ ਹੋਈ ਸੀ। ਵਿਆਹ ਤੋਂ ਪਹਿਲਾਂ ਦੀ। ਮਾਂ ਨੂੰ ਬਾਅਦ ਵਿਚ ਪਤਾ ਲੱਗਾ ਸੀ। ਉਸ ਦੀ ਫੋਟੋ ਫਿਲੌਰ ਠਾਣੇ ਵਿਚ ਲੱਗੀ ਹੋਈ ਸੀ। ਪਿਓ ਪਿੰਡ ਦੇ ਸਾਥੀਆਂ ਨਾਲ ਮਿਲ ਕੇ



ਲੁੱਟਾਂ-ਖੋਹਾਂ ਕਰਨ ਲੱਗ ਪਿਆ ਸੀ। ਮਾਂ ਨੂੰ ਜਦੋਂ ਪਤਾ ਲੱਗਾ ਤਾਂ ਉਹ ਨਾਨੇ ਕੋਲ ਆ ਕੇ ਧਾਹੀਂ ਰੋਣ ਲੱਗ ਪਈ ਸੀ। ਪਰ ਮੇਰੇ ਨਾਨਾ ਜੀ ਨੇ ਉਸਨੂੰ 'ਭਾਣਾ ਮੰਨਣ' ਲਈ ਕਹਿ ਕੇ ਮੁੜ ਆਪਣੇ ਘਰ ਤੋਰ ਦਿੱਤਾ ਸੀ। ਮੈਂ ਉਦੋਂ ਬਹੁਤ ਛੋਟਾ ਸੀ। ਦੁੱਧ ਚੁੰਘਦਾ ਹੋਵਾਂਗਾ। ਘਰ ਦਾ ਗੁਜਾਰਾ ਮੁਸ਼ਕਲ ਨਾਲ ਹੁੰਦਾ ਸੀ। ਪਿਓ ਤਾਂ ਕਿੰਨੇ ਕਿੰਨੇ ਦਿਨ ਘਰ ਨਹੀਂ ਸੀ ਵੜਦਾ, ਜਦੋਂ ਆਉਂਦਾ ਸੀ। ਤਾਂ ਮਾਂ ਕਹਿੰਦੀ ਸੀ ਕਿ ਉਦੋਂ ਘਰ ਪੁਲਿਸ ਬਹੁਤ ਆਉਂਦੀ ਸੀ। ਤੇਰੇ ਪਿਓ ਨੂੰ ਲੱਭਦੀ ਰਹਿੰਦੀ ਸੀ। ਮੈਂ ਡਰ ਗਈ ਸੀ ਮਤੇ ਤੈਨੂੰ ਨਿੱਕੇ ਜਿਹੇ ਨੂੰ ਨਾ ਲੈ ਜਾਣ ਮੈਂ ਤੈਨੂੰ ਨਾਨਕੇ ਛੱਡ ਆਈ ਸੀ। ਮੈਨੂੰ ਪਿਓ ਦਾ ਪਿਆਰ ਕੀ ਮਿਲਣਾ ਸੀ? ਮਾਂ ਦਾ ਵੀ ਨਾ ਮਿਲਿਆ। ਮੈਨੂੰ ਪਾਲਣ ਵਾਲੀ ਮੇਰੀ ਮਾਸੀ ਹੈ। ਸਭ ਤੋਂ ਛੋਟੀ ਕ੍ਰਿਸ਼ਨਾ। ਉਹ ਮੇਰਾ ਗੂੰਹ-ਮੂਤ ਚੁੱਕਦੀ। ਤੇ ਨਾਨੀ-ਨਾਨਾ ਮੇਰੇ ਮਾਂ ਬਾਪ ਬਣ ਕੇ ਮੇਰਾ ਪਾਲਣ-ਪੋਸਣ ਦਾ ਕਾਰਜ ਕਰਨ ਲੱਗੇ। ਮਾਂ ਤੇ ਛੋਟੀ ਭੈਣ ਬੀਨਾ ਮੈਨੂੰ ਨਾਨਕੇ ਮਿਲਣ ਆਉਂਦੀਆਂ। ਮਾਂ ਦੇ ਪੈਰ ਧੂੜ ਨਾਲ ਭਰੇ ਹੁੰਦੇ। ਕੈਂਚੀ ਚੱਪਲਾ। ਪੁਰਾਣੇ ਕੱਪੜੇ ਪਾਏ ਹੁੰਦੇ। ਮਾਂ ਕੋਲ ਹਰ ਵਾਰ ਇਕ ਝੋਲਾ ਹੁੰਦਾ। ਜਿਹਦੇ ਵਿਚ ਛੋਟੇ ਛੋਟੇ ਨਵੇਂ ਕੱਪੜੇ ਦੇ ਟੁਕੜੇ ਹੁੰਦੇ, ਜਿਹੜੇ ਸੂਟਾਂ 'ਚੋਂ ਬਚੇ ਹੁੰਦੇ ਸੀ। ਮਾਂ ਉਨ੍ਹਾਂ ਟੁਕੜਿਆ ਦੇ ਸਿਰਹਾਣੇ, ਨਿਆਣਿਆਂ ਦੀਆਂ ਫਰਾਕਾ, ਭਰਾਵਾਂ ਦੇ ਕੱਛੇ, ਨਾਨੇ ਦੀਆਂ ਗੁਥਲੀਆਂ ਆਦਿ ਬਣਾ ਕੇ ਦੇ ਜਾਂਦੀ। ਮਾਂ ਉਹ ਝੋਲਾ ਨਾਨੇ ਨੂੰ ਆਉਂਦੀ ਹੀ ਸੰਭਾਲ ਦਿੰਦੀ। ਫਿਰ ਨਾਨਾ ਰੁਮਾਲ ਵਿਚ ਬੰਨ੍ਹੇ ਪੈਸੇ ਗਿਣਦਾ। ਸੌ-ਸੌ ਦੇ, ਪੰਜਾਹ ਪੰਜਾਹ ਤੇ ਦਸ-ਦਸ-ਵੀਹ ਵੀਹ ਦੇ ਨੋਟ ਹੁੰਦੇ। ਮਾਂ ਕਹਿੰਦੀ, "ਦੇਖੀ ਭਾਪਾ ਪੂਰੇ ਪੈਸੇ ਜ਼ਮਾ ਕਰਾਈ, ਪੂਰੇ ਚਾਰ ਹਜਾਰ ਐ।" ਅੱਗਿਓਂ ਨਾਨਾ ਕਹਿੰਦਾ, "ਹੈ ਕਮਲੀ ! ਤੈਂ ਪੈਸੇ ਕੀ ਕਰਨੇ ਆ... ਜ਼ਮਾ ਕਰਕੇ... ਚੰਗਾ ਖਾਇਆ ਕਰ। ਘਿਓ ਲੈ ਲਿਆ ਕਰ। ਰੋਟੀ ਚੰਗੀ ਖਾਇਆ ਕਰ। ਰੋਜ ਦਾਲ ਬਣਾਇਆ ਕਰ। ਕਦੀ ਸਬਜੀ ਬਣਾ ਲਈ। ਸਰਦੀਆਂ ਵਿਚ ਬਦਾਮ, ਮਗਜ, ਠੂਠੀ ਤੇ ਦੇਸੀ ਘਿਓ ਦੀ ਗਜ਼ਾ ਬਣਾ ਕੇ ਰੱਖਿਆ ਕਰ।" ਤੇ ਫਿਰ ਨਾਨਾ ਹਜਾਰ ਰੁਪਏ ਆਪਣੇ ਕੋਲੋਂ ਪਾ ਕੇ ਪੰਜ ਹਜ਼ਾਰ ਕਰਕੇ ਮਾਂ ਦੇ ਪੈਸੇ ਮੇਰੀ ਕਾਪੀ ਵਿਚ ਜ਼ਮਾ ਕਰਾ ਦਿੰਦਾ ਸੀ। ਮਾਂ ਨੇ ਮੇਰੇ ਨਾਂ ਬੈਂਕ ਅਕਾਊਂਟ ਖੁਲਵਾਇਆ ਸੀ। ਉਹਦੀ ਕਾਪੀ ਨਾਨੇ ਦੇ ਟਰੰਕ ਵਿਚ ਹੁੰਦੀ ਸੀ। ਮਾਂ ਸਹੁਰੇ ਪਿੰਡ ਕੱਪੜੇ ਸੀਉਂਦੀ। ਪਿਓ ਤੋਂ ਚੋਰੀ ਪੈਸੇ ਬਚਾ ਬਚਾ ਕੇ ਰੱਖਦੀ। ਪੇਟੀ ਵਿਚ ਪਏ ਟਰੰਕ ਵਿਚ ਜਿੰਦਾ ਲਾ ਕੇ ਪੈਸੇ ਰੱਖਦੀ। ਤੇ ਕੁੰਜੀ ਆਪਣੇ ਨਾਲੇ ਨਾਲ ਬੰਨ੍ਹ ਕੇ ਰੱਖਦੀ। ਜਦੋਂ ਕਦੇ ਭਾਪੇ ਦਾ ਦਾਅ ਲੱਗਦਾ ਉਹ ਮਾਂ ਕੋਲੋਂ ਜਬਰਦਸਤੀ ਪੈਸੇ ਲੈ ਲੈਂਦਾ। ਜਾਂ ਚੋਰੀ ਕਰ ਲੈਂਦਾ। ਨਾਨੇ ਹੁਰਾਂ ਨੇ ਮੈਨੂੰ ਪੜ੍ਹਨੇ ਪਾ ਦਿੱਤਾ। ਰਸੂਲਪੁਰ ਮੈਂ ਕਦੇ ਕਦੇ ਕਿਸੇ ਦੇ ਨਾਲ ਮਾਂ ਨੂੰ ਮਿਲਣ ਜਾਂਦਾ। ਕਦੀ ਨਾਨੀ ਨਾਲ ਕਦੇ ਮਾਮੇ ਨਾਲ। ਮਾਂ ਦੱਸਦੀ ਹੁੰਦੀ ਸੀ, "ਤੇਰਾ ਪਿਓ ! ਘਰ ਦਾ ਪੱਤਣ ਨੀਂ ਲੱਗਣ ਦਿੰਦਾ। ਮੇਰੇ ਹੱਥ ਕੋਈ ਪੈਸਾ ਨਹੀਂ ਰੱਖਦਾ। ਸਾਰਾ ਖਰਚ ਅਸੀਂ ਮਾਵਾਂ-ਧੀਆਂ ਕਰਦੀਆਂ ਆ। ਜਦੋਂ ਪੁਲਿਸ ਘਰ ਆਉਂਦੀ ਆ ਤਾਂ ਮਨ ਬੜਾ ਖਰਾਬ ਹੁੰਦਾ। ਜਦੋਂ ਉਹ ਨਹੀਂ ਲੱਭਦਾ ਤਾਂ ਪੁਲਿਸ ਮੈਨੂੰ ਲਿਜਾਣ ਲਈ ਜੋਰ ਪਾਉਂਦੀ। ਪਰ ਪਿੰਡ ਵਾਲੇ ਜਾਣ ਨਹੀਂ ਸੀ ਦਿੰਦੇ। ਕਈ ਵਾਰ ਤਾਂ ਬਹੁਤ ਗੰਦ ਬੋਲਦੇ ਆ।"

ਗਭਲੇ ਚਾਚੇ ਦੀ ਮੌਤ ਹੋ ਗਈ। ਦੂਜਾ ਚਾਚਾ ਚੰਡੀਗੜ੍ਹ ਨੇੜੇ ਧੱਕਾ ਕਲੋਨੀ ਵਿਚ ਚਲੇ ਗਿਆ। ਉਥੇ ਮਜਦੂਰੀ ਕਰਕੇ ਬੱਚੇ ਪਾਲਣ ਲੱਗਾ। ਚਾਚੀ ਲੋਕਾਂ ਦੇ ਘਰਾਂ ਵਿਚ ਕੰਮ ਕਰਨ ਲੱਗ ਪਈ। ਦਾਦੀ ਇਕੱਲੀ ਰਹਿ ਗਈ। ਕਦੀ ਆਪਣੀ ਕੁੜੀ ਕੋਲ ਫਗਵਾੜੇ ਰਹਿ ਲੈਂਦੀ। ਕਦੀ ਮਾਂ ਕੋਲ ਆ ਜਾਂਦੀ। ਉਹਦਾ ਕਈ ਸਾਲ ਚੂਲਾ ਹਿੱਲਿਆ ਰਿਹਾ। ਫਿਰ ਟੁੱਟ ਗਿਆ। ਉਹ ਜ਼ਮਾਂ ਤੁਰਨੋ ਰਹਿ ਗਈ। ਅੱਖਾਂ ਤੋਂ ਦਿਸਣੋਂ ਹੱਟ ਗਿਆ। ਅਖੀਰਲੀ ਉਮਰੇ ਮਾਂ ਨੇ ਉਹਨੂੰ ਸਾਂਭਿਆ। ਮਾਂ ਉਹਨੂੰ ਰੋਟੀ ਦਿੰਦੀ। ਉਹਨੂੰ ਫਲੱਸ਼ ਤੇ ਗੁਸਲਖਾਨੇ ਵਿਚ ਲੈ ਕੇ ਜਾਂਦੀ। ਦਾਦੀ ਕਹਿੰਦੀ , "ਇਹ ਮੇਰੀ ਨਹੂੰ ਨਹੀਂ ਧੀ ਵਾਂਗ ਸੇਵਾ ਕਰਦੀ ਏ।" ਜਿਹੜਾ ਚਾਚਾ ਮਰ ਗਿਆ ਸੀ ਉਹ ਔਂਤ ਸੀ। ਘਰਵਾਲੀ ਛੱਡ ਕੇ ਚਲੇ ਗਈ। ਕੋਈ ਨਿਆਣਾ ਨਹੀਂ ਸੀ। ਉਹਦੇ

ਹਿੱਸੇ ਦਾ ਥਾਂ ਦਾਦੀ ਕੋਲ ਸੀ। ਉਹਨੂੰ ਉਸ ਥਾਂ 'ਤੇ ਮਾਣ ਸੀ। ਮਰਨ ਤੋਂ ਬਾਅਦ ਜਦੋਂ ਮਾਂ ਨੇ ਪਿੰਡ ਵਾਲਾ ਥਾਂ ਵੇਚਿਆ ਤਾਂ ਇਕ ਹਿੱਸਾ ਦਾਦੀ ਦੀ ਧੀ ਨੂੰ ਵੀ ਦਿੱਤਾ।

ਪੁਲਿਸ ਦੇ ਨਿੱਤ ਦੇ ਗਧੀ ਗੇੜ ਤੋਂ ਤੰਗ ਆ ਕੇ ਮੇਰੇ ਬਾਬਾ-ਦਾਦੀ ਨੇ ਪਿਓ ਨੂੰ ਬੇਦਖ਼ਲ ਵੀ ਕਰ ਦਿੱਤਾ ਸੀ। ਮਾਂ ਨੂੰ ਵੱਖਰੇ ਕਰ ਦਿੱਤਾ ਸੀ। ਬਾਬਾ ਸਾਊ ਬੰਦਾ ਸੀ। ਨੇਕ ਦਿਲ ਬੰਦਾ। ਕਾਮਾ ਤੇ ਕਿਰਤੀ। ਪੁੱਤ ਦਾ ਦੁੱਖ ਉਹਨੂੰ ਲੈ ਬੈਠਾ। ਜਦੋਂ ਭਾਪਾ ਰਾਤ ਨੂੰ ਘਰ ਆਉਂਦਾ ਤਾਂ ਸ਼ਰਾਬ ਪੀ ਕੇ ਮਾਂ ਨਾਲ ਕਲੇਸ਼ ਕਰਦਾ। ਮੇਰੀ ਦਾਦੀ ਆਪਣੇ ਮੁੰਡੇ ਦਾ ਪੱਖ ਲੈਂਦੀ, "ਨੀਂ ਲੁੱਚੀਏ ਤੂੰ ਮੁੰਡੇ ਨੂੰ ਰੋਟੀ ਨੀਂ ਦਿੰਦੀ।" ਫਿਰ ਮਾਂ ਵੀ ਬੋਲਦੀ। ਇਧਰ ਉਧਰ ਜੁੱਤੀਆਂ ਚੱਲਦੀਆਂ, ਚਿੱਮਟੇ ਚੱਲਦੇ, ਰੋਟੀ ਖਾਣੀ ਭਾਰੀ ਹੋ ਜਾਂਦੀ। ਰੋਟੀਆਂ ਛੋਟੇ ਜਿਹੇ ਕਮਰੇ ਵਿਚ ਖਿਲਰ ਜਾਂਦੀਆਂ। ਦਾਲ ਡੁੱਲ੍ਹ ਜਾਂਦੀ। ਮੈਂ ਕਈ ਵਾਰੀ ਆਪਣੀ ਮਾਂ ਨੂੰ ਪਿਓ ਕੁੱਟਦਾ ਦੇਖਿਆ। ਇਕ ਵਾਰੀ ਮੈਂ ਪਿੰਡ ਗਿਆ ਸੀ। ਪਿਓ ਮਾਂ ਨੂੰ ਕੁੱਟਣ ਲੱਗਾ ਤਾਂ ਮੈਂ ਉਹਦਾ ਹੱਥ ਫੜ ਲਿਆ। ਮੇਰੇ ਛੋਟੇ ਭੈਣ ਭਰਾ ਵੀ ਅੱਗੇ ਆ ਖੜੇ। ਛੋਟਾ ਭਰਾ ਕਹਿੰਦਾ, "ਬਿੱਟੂ ਮਾਰ ਸਾਲੇ ਦੇ ਲੱਫੜ, ਮੰਮੀ ਨੂੰ ਰੋਜ ਕੁੱਟਣ ਲੱਗ ਪੈਂਦਾ। " ਪਿਓ ਫਿਰ ਡਰਨ ਲੱਗ ਪਿਆ। ਡਰ ਕੇ ਉਹ ਕੁੱਟਣੋ ਹੱਟ ਗਿਆ। ਪਰ ਡਰ ਤੇ ਸਹਿਮ ਘਰ ਵਿਚ ਬਣਿਆ ਰਹਿੰਦਾ। ਮਾਂ ਬਿਨਾ ਰੋਟੀ ਖਾਧੀ ਨਿਆਣਿਆਂ ਨੂੰ ਲੈ ਕੇ ਪੈ ਜਾਂਦੀ। ਤੇ ਪਿਓ ਦੀਵੇ ਦੀ ਲੈਟ ਨਾਲ ਫਿਲਮੀ ਰਸਾਲੇ ਪੜ੍ਹਦਾ। ਬਜ਼ਾਰੂ ਨਾਵਲਾਂ ਵਿਚ ਗਈ ਰਾਤ ਤੱਕ ਖੁੱਭਾ ਰਹਿੰਦਾ। ਮੇਰੀ ਭੈਣ ਬੀਨਾ ਅਜੇ ਛੋਟੀ ਸੀ ਜਦੋਂ ਮਾਂ ਨੂੰ ਵੱਖਰੀ ਕਰ ਦਿੱਤਾ ਸੀ। ਮਾਂ ਦੱਸਦੀ ਹੁੰਦੀ ਸੀ, "ਪੈਂਕੀ ਨੂੰ ਘਰ ਛੱਡ ਕੇ ਦਿਹਾੜੀ ਜਾਣਾ। ਬੀਨਾ ਛੋਟੀ ਸੀ। ਇਹਨੂੰ ਵੀ ਨਾਲ ਲੈ ਜਾਣਾ। ਇਹਨੂੰ ਖੇਤਾਂ 'ਚ ਪੱਲੀ ਵਿਛਾ ਕੇ ਬਿਠਾ ਦੇਣਾ ਮੈਂ ਦਿਹਾੜੀ ਕਰਨ ਲੱਗ ਜਾਣਾ। ਇਹਨੇ ਖੇਤਾਂ ਵਿਚ ਖੇਡਦੀ ਰਹਿਣਾ ਤੇ ਮੈਂ ਦਿਹਾੜੀ ਕਰਦੀ ਰਹਿਣਾ। ਆਲੂ ਪੁੱਟਣੇ, ਤੇ ਸ਼ਾਮ ਨੂੰ ਦਾਲ ਬਣਾਉਣ ਲਈ ਆਲੂ ਝੋਲੀ 'ਚ ਪਾ ਕੇ ਲੈ ਆਉਂਣੇ। ਕਈ ਵਾਰ ਤਾਂ ਆਲੂ ਭੁੰਨ ਕੇ ਖਾ -ਪੀ ਕੇ ਸੌਂਅ ਜਾਣਾ। ਫਿਰ ਉਨ੍ਹਾਂ ਪੈਹਿਆ ਦਾ ਆਟਾ ਲੈ ਕੇ ਆਉਂਣਾ। ਦਾਲ ,ਘਿਓ, ਦੁੱਧ ਪੱਤੀ ਤੇ ਹੋਰ ਨਿਕ ਸੁਕ। ਕਾਕਾ ਅਸੀਂ ਏਦਾ ਗੁਜਾਰਾ ਕੀਤਾ ਆ। ਤੂੰ ਕਿਥੇ ਦੇਖੀ ਆ ਮੇਰੀ ਗਰੀਬੀ। ਫਿਰ ਮੈਂ ਪਿੰਡ ਦੀਆਂ ਜਨਾਨੀਆਂ ਦੇ ਕੱਪੜਾ ਸੀਂਣ ਲੱਗ ਪਈ। ਚਾਰ ਪੈਸੇ ਜੁੜਨ ਲੱਗੇ।" ਪਰ ਪਿਓ ਦਾ ਠਾਠ ਸ਼ਾਹੀ ਸੀ। ਮੈਂ ਇਕ ਵਾਰ ਅੱਖੀ ਦੇਖਿਆ ਸੀ, ਮੈਂ ਪਿੰਡ ਵਾਢੀ ਕਰਵਾਉਣ ਆਇਆ ਹੋਇਆ ਸੀ। ਗਰਮੀਆਂ ਦੀ ਰੁੱਤ ਸੀ ਮੇਰਾ ਬਾਪ ਕਾਰ 'ਚ ਘਰ ਆਇਆ। ਵਿਹੜੇ 'ਚ ਕਾਰ ਰੁਕੀ। ਮੇਰੀ ਮਾਂ ਡਰ ਗਈ ਕਿ ਹੁਣ ਫਿਰ ਪੁਲਿਸ ਆ ਗਈ ਹੈ, ਉਹ ਵਿਹੜੇ ਵਿਚ ਕਿੱਕਰ ਥੱਲੇ ਮਸ਼ੀਨਾ ਡਾਹ ਕੇ ਕੱਪੜੇ ਸੀਂਣ ਲੱਗੀ ਹੋਈ ਸੀ। ਪਿਓ ਕਾਰ ਵਿਚੋਂ ਉਤਰਿਆ। ਉਸ ਨੇ ਕੋਟ ਪੈਂਟ ਪਾਇਆ ਹੋਇਆ ਸੀ। ਕਾਲੀ ਐਨਕ ਲਾਈ ਸੀ ਤੇ ਸਿਗਰਟ ਪੀਂਦਾ ਉਹ ਬਾਹਰ ਖੜ੍ਹਾ ਹੋਇਆ। ਮੈਂ ਪਿਓ ਵੱਲ ਹੈਰਾਨ ਹੋ ਕੇ ਦੇਖਣ ਲੱਗਾ। ਮਨ ਵਿਚ ਖੁਸ਼ੀ ਵੀ ਕਿ ਪਿਓ ਕਾਰ ਵਿਚ ਆਇਆ ਹੈ। ਉਹਦੇ ਹੱਥ ਵਿਚ ਦੋ ਤਿੰਨ ਲਫ਼ਾਫ਼ੇ ਸਨ। ਉਹ ਜਦੋਂ ਇੰਝ ਆਉਂਦਾ ਸੀ ਮੀਟ ਲੈ ਕੇ ਆਉਂਦਾ। ਸ਼ਰਾਬ ਹੁੰਦੀ। ਨਾਲ ਬਜ਼ਾਰੂ ਨਾਵਲ- ਰਸਾਲੇ। ਜਦੋਂ ਉਹ ਸ਼ਰਾਬ ਦੇ ਨਸ਼ੇ 'ਚ ਸੌਂਅ ਜਾਂਦਾ... ਮਾਂ ਚੋਰੀ ਛਿਪੇ ਪਿਓ ਦੀ ਪੈਂਟ ਦੀ ਜੇਬ ਵਿਚ ਹੱਥ ਮਾਰਦੀ ਤਾਂ ਉਹਦੀ ਜੇਬ ਵਿਚੋਂ ਅਫੀਮ ਨਿਕਲਦੀ, ਕਦੇ ਕੋਈ ਪਰਸ ਹੁੰਦਾ, ਕਦੇ ਕੋਈ ਸੋਨੇ ਦੀ ਚੈਨੀ। ਚੀਜਾ ਦੇਖ ਮਾਂ , ਪਿਓ ਨਾਲ ਲੜ ਪੈਂਦੀ, ਪਿਓ ਸਫ਼ਾਈਆਂ ਦਿੰਦਾ। ਝੂਠ ਬੋਲਦਾ। ਮਾਂ ਆਪਣੇ ਕਰਮਾ ਨੂੰ ਰੋਂਦੀ। ਤੇ ਕਦੇ ਆਪਣੇ ਬਾਪ ਨੂੰ ਗਾਲ੍ਹਾਂ ਕੱਢਦੀ। ਕਦੇ ਵਿਚੋਲਿਆ ਨੂੰ ਬੁਰਾ ਭਲਾ ਕਹਿੰਦੀ। ਕਬਾਬ ਤੇ ਸ਼ਰਾਬ ਦਾ ਸ਼ੌਕੀਨ ਪਿਓ ਆਪ ਮੀਟ ਨੂੰ ਤੁੜਕਾ ਲਾਉਂਦਾ। ਸ਼ਰਾਬ ਪੀਂਦਾ, ਮੀਟ ਖਾਂਦਾ। ਮੇਰੀ ਮਾਂ ਤੇ ਭੈਣ ਭਰਾ ਉਹਦੀ ਬਣਾਈ ਚੀਜ਼ ਨੂੰ ਹੱਥ ਨਹੀਂ ਸੀ ਲਾਉਂਦੇ।

ਛੋਟੀ ਜਿਹੀ ਕੋਠੜੀ ਵਿਚ ਸਾਰੇ ਜਣੇ ਸੌਂਦੇ। ਪਿਓ ਪਲੰਘ 'ਤੇ। ਮਾਂ ਤੇ ਭੈਣ ਨੇੜੇ ਡਾਹੇ ਮੰਜੇ ਉਤੇ।



ਵਿਚ ਜਿਹੇ ਮੇਰੀ ਛੋਟੀ ਮੰਜੀ ਡਾਹ ਦਿੱਤੀ ਜਾਂਦੀ। ਤੇ ਭਰਾ ਪੇਟੀ 'ਤੇ ਸੌਂਦਾ। ਉਦੋਂ ਸਾਡੇ ਘਰ ਬਿਜਲੀ ਨਹੀਂ ਸੀ ਹੁੰਦੀ। ਘਰ ਮਿੱਟੀ ਦਾ ਦੀਵਾ ਜਗਦਾ ਤੇ ਮੇਰਾ ਪਿਓ ਦੀਵੇ ਦੀ ਲੋਅ ਵਿਚ 'ਚਮਕੀਲੀ' ਪੜ੍ਹਦਾ। ਵੱਡੇ ਹੋ ਕੇ ਉਹ ਬਜ਼ਾਰੂ ਨਾਵਲ ਤੇ 'ਚਮਕੀਲੀ' ਮੈਂ ਚੁੱਕ ਚੁੱਕ ਕੇ ਪੜ੍ਹਨ ਲੱਗ ਪਿਆ। ਇਹ ਬਿਮਾਰੀ ਮੈਨੂੰ ਐਸੀ ਚੁੰਬੜੀ ਕਿ ਹੁਣ ਤੱਕ ਨਹੀਂ ਲੱਥੀ ਸਗੋਂ ਵੱਧੀ ਜਾਂਦੀ ਹੈ। ਪਿਓ ਵਲੋਂ ਪੜ੍ਹਨ ਦੀ ਲੱਗੀ ਬਿਮਾਰੀ ਨੇ ਮੈਨੂੰ ਚੰਗਾ ਸਾਹਿਤ ਪੜ੍ਹਨ ਤੇ ਲਿਖਣ ਵੱਲ ਤੋਰ ਦਿੱਤਾ। ਮੇਰੀ ਸੋਚ ਬਦਲ ਗਈ।

ਕਹਿੰਦੇ ਨੇ ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਮੇਰਾ ਪਿਓ ਅਖੀਰਲੀ ਉਮਰੇ ਪਿੰਡ ਰਹਿਣ ਲੱਗ ਪਿਆ। ਸਾਡੇ ਦੂਰ ਦੇ ਰਿਸ਼ਤੇਦਾਰ 'ਦਾਸੋ' ਨੇ ਉਹਨੂੰ ਨਿੱਤ ਸਮਝਾਉਣਾ। ਅਖੀਰ ਪਹਿਲਾਂ ਜੱਟਾਂ ਦੇ ਕੰਮ ਕਰਨ ਲੱਗ ਪਿਆ। ਪੂਰੀ ਇਮਾਨਦਾਰੀ ਨਾਲ। ਉਸ ਵੇਲੇ ਉਹਦੇ ਤਿੰਨ-ਚਾਰ ਕੇਸ ਚਲਦੇ ਸਨ। ਤਰੀਕਾ ਤੇ ਜਾਂਦਾ। ਕਈ ਵਾਰ ਪੰਚੈਤ ਦੇ ਬੰਦੇ ਠਾਣੇ ਗਏ, "ਸਾਹਿਬ ਜੀ ਹੁਣ ਇਹ ਬੰਦਾ ਬਣ ਗਿਆ। ਪਿੰਡ ਕੰਮ ਕਰਦਾ ਹੈ ਕਿਤੇ ਨੀਂ ਜਾਂਦਾ।" ਅਖੀਰ ਉਹਦੀ 'ਦਸ ਨੰਬਰੀ' ਟੁੱਟ ਗਈ। ਸਭ ਨੇ ਸੁੱਖ ਦਾ ਸਾਹ ਲਿਆ। ਨਹੀਂ ਤਾਂ ਪੁਲਿਸ ਮਹੀਨੇ ਵਿਚ ਇਕ ਦੋ ਵਾਰ ਘਰ ਗੇੜਾ ਮਾਰਦੀ ਸੀ। ਤੇ ਪਿੰਡ ਵਿਚ ਉਹਦੇ ਬਾਰੇ ਪੁੱਛ ਕੇ ਜਾਂਦੀ ਸੀ। ਉਨ੍ਹਾਂ ਦੇ ਮਗਰ ਪਿੰਡ ਦੇ ਲੋਕਾਂ ਦੀ ਤਮਾਸ਼ਬੀਨਾਂ ਦੀ ਭੀੜ ਹੁੰਦੀ। ਮਸਾਲਾ ਲਾ ਲਾ ਕੇ ਲੋਕ ਗੱਲਾਂ ਕਰਦੇ ਸੁਣੇ ਨਾ ਜਾਂਦੇ। ਫਿਰ ਉਹ ਪਿੰਡ ਵਿਚ ਦਿਹਾੜੀਆਂ ਕਰਨ ਲੱਗ ਪਿਆ। ਜੋ ਕਮਾਉਂਦਾ ਉਹਦਾ ਆਪਣਾ ਹੀ ਸਰਦਾ। ਮਾਂ ਸਬਰ ਕਰ ਕੇ ਬੈਠ ਗਈ ਸੀ। ਆਖਰ ਮਾਂ ਭਾਰਤੀ ਨਾਰੀ ਸੀ। ਉਹ ਨਾਰੀ ਜਿਸ ਨੂੰ ਸਾਡੇ ਧਰਮ, ਭਗਤੀ, ਸਰਧਾ, ਸੰਸਕ੍ਰਿਤੀ ਤੇ ਮਰਦ ਪ੍ਰਧਾਨ ਸਮਾਜ ਨੇ ਇਹ ਹੀ ਸਿੱਖਿਆ ਦਿੱਤੀ ਹੈ ਕਿ ਬੰਦਾ ਚਾਹੇ ਮਿੱਟੀ ਦਾ ਹੋਵੇ ਉਹ ਔਰਤ ਦੇ ਸਿਰ ਦਾ ਸਾਂਈ ਹੁੰਦਾ ਹੈ। ਅਖੀਰ ਤੱਕ ਮਾਂ ਤੇ ਭੈਣ ਬੀਨਾ ਨੇ ਹੀ ਪਿਓ ਨੂੰ ਰੋਟੀ ਦਿੱਤੀ।

ਵਿਆਹ ਕਰਵਾ ਕੁੱਝ ਚਿਰ ਪਿੰਡ ਰਹਿ ਕੇ ਜਲੰਧਰ ਘਰ ਬਣਾ ਲਿਆ। ਤਾਂ ਮਾਂ ਨੂੰ ਆਪਣੇ ਕੋਲ ਰੱਖ ਲਿਆ। ਉਦੋਂ ਪਿਓ ਇਕੱਲਾ ਪਿੰਡ ਰਹਿੰਦਾ ਸੀ। ਇਕ ਦਿਨ ਸਾਡੇ ਪਿੰਡ ਦੇ ਦਾਸੋ ਨੇ ਜਲੰਧਰ ਜਾਂਦਿਆਂ ਹੋਇਆ ਮੈਨੂੰ ਕਿਹਾ, "ਕਾਕਾ ! ਆਪਣੀ ਮਾਂ ਦਾ ਖਿਆਲ ਰੱਖੀ। ਇਹ ਔਰਤ ਨਹੀਂ ਦੇਵੀ ਆ ਦੇਵੀ ! ਜਿਹਨੇ ਐਹੋ ਜਿਹੇ ਬੰਦੇ ਨਾਲ ਸਾਰੀ ਜੂਨ ਕੱਟ 'ਲੀ। ਝੁਕੀ ਨ੍ਹੀਂ, ਕਿਸੇ ਅੱਗੇ ਹੱਥ ਨ੍ਹੀਂ ਅੱਡਿਆ। ਆਪਣੀ ਮਿਹਨਤ ਕੀਤੀ। ਚੰਗੀ ਰੋਟੀ ਖਾਧੀ। ਖਾਂਦੇ-ਪੀਂਦੇ ਘਰ ਦੀ ਕੁੜੀ ਏਥੇ ਆ ਕੇ ਦਿਹਾੜੀਆਂ ਕਰੇ, ਰੋਟੀ ਦੇ ਟੁੱਕ ਲਈ ਤਰਸੇ, ਕਾਕਾ ਇਹਨੂੰ ਘਰ ਵਿਚੋਂ ਚੰਗੇ ਸੰਸਕਾਰ ਮਿਲੇ ਸੀ ਤਾਂ ਹੀ ਐਨੇ ਦੁੱਖ ਕੱਟ ਗਈ। ਨਹੀਂ ਤਾਂ ਮਾੜੇ ਜਿਗਰੇ ਵਾਲੀ ਔਰਤ ਇਹੋ ਜਿਹੇ ਬੰਦੇ ਨਾਲ ਦੋ ਦਿਨ ਨਹੀਂ ਕੱਟਦੀ। ਇਹਨੇ ਤਾਂ ਸਾਰੀ ਉਮਰ ਉਹਦੇ ਲੇਖੇ ਲਾ ਦਿੱਤੀ। ਕਾਕਾ ਮੈਂ ਤਾਂ ਸਭ ਕੁੱਝ ਦੇਖਿਆ। ਤੇਰੇ ਵੱਲ ਦੇਖ ਦੇਖ ਇਹਨੇ ਸਾਰੀ ਜ਼ਿੰਦਗੀ ਲੰਘਾ ਦਿੱਤੀ ਆ। ਸਾਇਦ ਮੇਰਾ ਪੁੱਤ ਮੈਨੂੰ ਕੋਈ ਸੁੱਖ ਦੇਵੇ। ਕਾਕਾ ਤੇਰੇ ਉਤੇ ਹੈ ਇਹਦੀਆਂ ਡੋਰਾ।" ਮੈਂ ਇਕ ਟੱਕ ਦਾਸੋ ਦੇ ਚਿਹਰੇ ਵੱਲ ਦੇਖਦਾ ਰਹਿੰਦਾ। ਮੇਰੇ ਅੰਦਰ ਉਦੋਂ ਬਹੁਤ ਕੁੱਝ ਚੱਲਦਾ। ਲਹੂ ਖੌਲਦਾ। ਤੇ ਅੱਖਾ ਭਰ ਆਉਂਦੀਆਂ। ਮੇਰਾ ਨਾਨਾ ਚਮੜੇ ਦਾ ਕਾਰੋਬਾਰ ਕਰਦਾ ਸੀ। ਤੇ ਉਨ੍ਹਾਂ ਕੋਲ ਜ਼ਮੀਨਾ ਵੀ ਸਨ। ਇਕ ਵਾਰੀ ਦਾਸੋ ਮੈਨੂੰ ਦੱਸਣ ਲੱਗਾ, "ਮੁੰਡਿਆ ਚਮਨ ਨੇ ਪਤਾ ਨ੍ਹੀਂ ਕੀ ਕੀ ਕੀਤਾ, ਕੋਈ ਭੇਤ ਨਹੀਂ, ਇਕ ਵਾਰ ਦੀ ਗੱਲ ਤੈਨੂੰ ਦੱਸਾਂ ਬਈ ਫਿਲੌਰ ਲਾਗੇ ਇਕ ਬੱਸ ਦੇ ਕੰਡੇਕਟਰ ਕੋਲੋਂ ਪਸਤੌਲ ਦਿਖਾ ਕੇ ਪੈਸਿਆ ਵਾਲਾ ਥੈਲਾ ਖੋਹ ਲਿਆ ਤੇ ਨੱਠ ਗਿਆ।" ਮੈਂ ਇਕ ਦਮ ਹਿੱਲ ਗਿਆ, "ਉਨ੍ਹਾਂ ਕੋਲ ਪਸਤੌਲ ਵੀ ਸੀ?"

ਦਾਸੋ ਬੋਲਿਆ, "ਲੈ ਹੋਰ ਕੀ, ਪਤਾ ਨ੍ਹੀਂ ਕੀ ਕੀ ਸੀ, ਪਸਤੌਲ ਦਿਖਾ ਕੇ ਲੁੱਟਦੇ ਸੀ। ਇਕ ਵਾਰੀ ਕੀ ਹੋਇਆ ਬਈ ਚਮਨ ਹੁਰਾਂ ਨੇ ਰਾਹੋਂ ਲਾਗੇ ਇਕ ਕਾਰ 'ਚ ਸਵਾਰ ਮਾਂ ਪੁੱਤ ਨੂੰ ਲੁੱਟ ਲਿਆ। ਉਨ੍ਹਾਂ ਨੂੰ ਕਾਰ

’ਚ ਸੁੱਟ ਕੇ ਸਤਲੁੱਜ ਦਰਿਆ ਵੱਲ ਲੈ ਗਏ, ਇਨ੍ਹਾਂ ਨੇ ਮੁੰਡੇ ਉਹਦੀ ਮਾਂ ਨੂੰ ਕਾਰ ’ਚੋਂ ਧੱਕਾ ਦਿੱਤਾ ਤੇ ਪਸਤੌਲ ਦੀ ਨੋਕ ਤੇ ਵਾਲ਼ੀਆਂ, ਹਾਰ ਲੁਹਾ ਕੇ ਦੋਹਾਂ ਨੂੰ ਉਜਾੜ ਵਿਚ ਸੁੱਟ ਕੇ ਭੱਜ ਗਏ ਪਰ ਬਦਕਿਸਮਤੀ ਨਾਲ ਪੁਲਿਸ ਨੇ ਫੜ ਲਏ। ਚਮਨ ਦੇ ਨਾਲ ਪਿੰਡ ਦੇ ਦੋ ਬੰਦੇ ਹੋਰ ਸਨ। ਇਕ ਤੇਹਿੰਗ ਦਾ ਸੀ। ਲਓ ਜੀ ਦੂਜੇ ਦਿਨ ਅਖ਼ਬਾਰਾਂ ਵਿਚ ਛਪ ਗਿਆ। ਕਾਕਾ ! ਜ਼ਿਮੀਦਾਰਾਂ ਦੇ ਮੁੰਡੇ ਤਾਂ ਉਹਨ੍ਹਾਂ ਦੇ ਮਾਪਿਆ ਨੇ ਛੁਡਾ ਲਏ ਉਹ ਤਕੜੇ ਸੀ। ਚਮਨ ਫਸ ਗਿਆ। ਫੇ ਮੁਕੱਦਮਾ ਚੱਲਿਆ। ਅਸੀਂ ਤੇ ਤੇਰਾ ਬਾਬਾ ਬਖ਼ਸ਼ੀ ਤਰੀਕਾ ਭੁਗਤਣ ਜਾਂਦੇ ਰਹੇ। ਮੁੰਡਿਆ ਅਸੀਂ ਤਾਂ ਵੀਹ ਸਾਲ ਤੋਂ ਚਮਨ ਨੂੰ ਠਾਣਿਆ ’ਚੋਂ ਛਡਾਉਣ ਹੀ ਤੁਰੇ ਰਹੇ। ਕਦੇ ਜ਼ਮਾਨਤ ’ਤੇ ਕਦੇ ਲੈ ਦੇ ਕੇ। ਤੇਰਾ ਬਾਬਾ ਬਖ਼ਸ਼ੀ ਨਾਲ ਹੁੰਦਾ। ”

ਇਕ ਵਾਰ ਮਾਂ ਥੱਕੀ ਹਾਰੀ ਮੂੰਹ-ਸਿਰ ਮਿੱਟੀ ਨਾਲ ਭਰੇ ਹੋਏ ਨਾਨੇ ਕੋਲ ਆ ਕੇ ਰੋਣ ਲੱਗ ਪਈ, “ਲੈ ਹੈ ਕਮਲੀ ! ਬਹਾਦਰ ਬਣੀਂਦਾ। ਹੌਸਲਾ ਨਹੀਂ ਢਾਹੀਦਾ। ਉਏ ਮੁੰਡਿਓ ਪਾਣੀ ਲੈ ਕੇ ਆਓ, ਬਖ਼ਸ਼ੋ ਆਈ ਆ। ” ਨਾਨੇ ਨੇ ਹੌਸਲਾ ਦੇ ਕੇ ਮਾਂ ਨੂੰ ਮੰਜੇ ’ਤੇ ਬਿਠਾਇਆ। ਮਾਂ ਦਾ ਤਾਂਬੇ ਰੰਗਾ ਚਿਹਰਾ ਬਹੁਤ ਧੁਆਂਖਿਆ ਗਿਆ ਸੀ। ਫਿਰ ਉਹਨੇ ਇਕ ਕਾਗਜ਼ ਜਿਹਾ ਨਾਨੇ ਦੇ ਹਾਥ ਫੜਾ ਦਿੱਤਾ। “ਤੂੰ ਗੱਲ ਦੱਸ ਕੀ ਐ? ਕਾਗਜ਼ ਦਾ ਮੈਂ ਕੀ ਕਰਾਂ?” ਨਾਨਾ ਤਲਖ਼ੀ ਵਿਚ ਕਹਿਣ ਲੱਗਾ। ਫਿਰ ਮਾਂ ਬੋਲੀ, “ਤੁਹਾਡੀ ਖਰੀਦ ਜਲੰਧਰ ਜੇਲ੍ਹ ਵਿਚ ਆ। ਬਿਮਾਰੀ ਪੈਣਾ ਆਹ ਚਿੱਠੀਆਂ ਜਿਹੀਆਂ ਪਾਈ ਜਾਂਦਾ। ਬਈ ਮੈਨੂੰ ਖਰਚਾ ਦੇ ਜਾਵੋ। ਮੈਂ ! ਬਿਮਾਰ ਆ। ਮੈਨੂੰ ਮਿਲ ਜਾਵੋ। ਮੈਂ ਮਰ ਜਾਊ।”

“ਮਰਨ ਦੇ ਸਾਲੇ ਨੂੰ। ” ਕਹਿੰਦਾ ਨਾਨਾ ਤੇਜ ਤੇਜ ਹੁੱਕਾ ਪੀਣ ਲੱਗ ਪਿਆ ਸੀ। ਤੇ ਮਾਂ ਨੇ ਮੈਨੂੰ ਕੁਝ ਪੈਸੇ ਦੇ ਕੇ ਜਲੰਧਰ ਜੇਲ੍ਹ ਭੇਜ ਦਿੱਤਾ ਸੀ। ਮੈਂ ਇਕ ਸਾਥੀ ਮੁੰਡੇ ਨੂੰ ਲੈ ਕੇ ਪਿਓ ਨੂੰ ਮਿਲਣ ਗਿਆ। ਪਿਓ ਮੈਨੂੰ ਦੇਖ ਕੇ ਰੋਣ ਲੱਗ ਪਿਆ। ਮੇਰੀਆਂ ਅੱਖਾਂ ਵੀ ਸਿੱਲੀਆਂ ਹੋ ਗਈਆਂ। ਉਥੋਂ ਆ ਕੇ ਮੈਂ ਕਈ ਦਿਨ ਪ੍ਰੇਸ਼ਾਨ ਰਿਹਾ। ਮੇਰੀ ਮਾਂ ਮੇਰੇ ਪਿਓ ਨੂੰ ਬਹੁਤ ਨਫ਼ਰਤ ਕਰਦੀ ਸੀ। ਪਰ ਕਈ ਵਾਰ ਮੈਂ ਦੇਖਦਾ ਉਹ ਗਈ ਰਾਤ ਤੱਕ ਬੈਠੇ ਗੱਲਾਂ ਕਰਦੇ ਰਹਿੰਦੇ ਸੀ। ਇਹ ਕਦੇ ਕਦੇ ਹੁੰਦਾ ਸੀ। ਖਾਸ ਕਰਕੇ ਅਖੀਰਲੀ ਉਮਰੇ। ਜਦੋਂ ਪਿਓ ਦੀ ਦੌਰਾ ਪੈਣ ਨਾਲ ਮੌਤ ਹੋ ਗਈ ਤਾਂ ਮੈਂ ਪਿੰਡ ਪਹੁੰਚਿਆ ਤਾਂ ਮਾਂ ਨੇ ਮੈਨੂੰ ਕੋਲ ਬਿਠਾ ਕੇ ਕਿਹਾ, “ਕਾਕਾ ਚੰਗਾ ਹੋਇਆ ਮਰ ਗਿਆ। ਦੱਦ ਲੱਗੀ ਸੀ। ਖ਼ਬਰੇ ਅਜੇ ਕਿੰਨਾ ਚਿਰ ਸਾਨੂੰ ਚਰੂੰਡ ਕੇ ਖਾਣਾ ਸੀ।” ਭਾਵੇਂ ਕਿ ਮੇਰਾ ਪਿਓ ਪਿੰਡ ਵਿਚ ਦਿਹਾੜੀ ਦੱਪੇ ਦਾ ਕੰਮ ਕਰਦਾ ਸੀ ਪਰ ਜੋ ਮਿਲਦਾ ਸੀ ਉਹਦੇ ਨਸ਼ੇ ਦਾ ਵੀ ਨਹੀਂ ਸੀ ਸਰਦਾ। ਅਖੀਰਲੇ ਪੜ੍ਹਾ ਤੇ ਆ ਕੇ ਮੇਰਾ ਬਾਪ ਬਹੁਤ ਸ਼ਰੀਫ ਤੇ ਸਾਊ ਬਣ ਗਿਆ ਸੀ। ਪਰ ਨਸ਼ਾ ਖਾਣ ਦੀ ਆਦਤ ਨਹੀਂ ਸੀ ਗਈ। ਉਸ ਨੇ ਪਤਾ ਨਹੀਂ ਕਿੰਨੀ ਵਾਰ ਨਸ਼ਾ ਛੱਡਣ ਦੀ ਦਵਾਈ ਖਾਧੀ ਸੀ। ਰਿਸ਼ਤੇਦਾਰੀ ਵਿਚ ਮਿਲਣ ਲੱਗ ਪਿਆ ਸੀ। ਮੇਰੇ ਨਾਨਕੇ ਉਹਨੂੰ ਮਿਲਣ ਲੱਗ ਪਏ ਸਨ। ਮੇਰੀ ਨਾਨੀ ਅਕਸਰ ਮੈਨੂੰ ਕਹਿੰਦੀ, “ਕਾਕਾ ਹੁਣ ਤੂੰ ਆਪਣੇ ਪਿਓ ਨੂੰ ਏਥੇ ਆਪਣੇ ਕੋਲ ਰੱਖ, ਹਊ ਉਹ ਤੇਰਾ ਬਾਪ ਐ, ਚਾਹੇ ਚੰਗਾ ਚਾਹੇ ਮਾੜਾ, ਬੰਦੇ ਦਾ ਆਸਰਾ ਹੁੰਦਾ।” ਮੈਂ ਚੁੱਪ ਕਰ ਗਿਆ। ਆਖਰੀ ਪੜ੍ਹਾ ਤੇ ਆ ਉਹ ਮੇਰੇ ਕੋਲੋਂ ਡਰਨ ਲੱਗ ਪਿਆ ਸੀ। ਮੈਂ ਉਦੋਂ ਨੌਵੀਂ ਜਾਂ ਦੱਸਵੀਂ ਵਿਚ ਪੜ੍ਹਦਾ ਹੋਵਾਂਗਾ ਕਿ ਇਕ ਦਿਨ ਮਾਤਾ ਛੋਟੀ ਭੈਣ ਨੂੰ ਨਾਲ ਲੈ ਕੇ ਨਾਨਕੇ ਘਰ ਆ ਗਈ। ਆਉਂਦੀ ਹੀ ਰੋਣ ਲੱਗ ਪਈ, “ਭਾਪਾ ਪਿੰਡ ਵਾਲਿਆ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਤੇਰੇ ਦੋ ਮੁੰਡੇ ਤੇ ਤੇਰੇ ਘਰ ਵਾਲੇ ਚਮਨ ਨੇ ਡੇਰੇ ਦਾ ਰੁਪਈਆਂ ਵਾਲਾ ਗੱਲ੍ਹਾ ਭੰਨਿਆ ਆ। ਕਿਸੇ ਸਿਆਣੇ ਨੇ ਮੁੰਦੀ ਵਿਚੋਂ ਦੇਖ ਕੇ ਦੱਸਿਆ ਆ। ਕੱਲ੍ਹ ਨੂੰ ਪੰਚੈਤ ’ਕੱਠੀ ਹੋਣੀ ਆ, ਉਸ ਪਾਪੀ ਨੇ ਮੇਰਾ ਜੀਣਾ ਹਰਾਮ ਕਰ ’ਤਾ।” ਨਾਨਾ ਜੀ ਗੱਲ ਸੁਣ ਕੇ ਬਹੁਤ ਪਰੇਸ਼ਾਨ ਹੋ ਗਏ ਭਾਵੇਂ ਕਿ ਮੇਰਾ ਪਿਓ ਪਿੰਡ ਰਹਿੰਦਾ ਸੀ। ਤੇ ਜੱਟਾਂ ਨਾਲ ਖੇਤੀਬਾੜੀ ਦਾ ਕੰਮ ਕਰਦਾ ਸੀ ਪਰ ਲੋਕਾਂ ਲਈ ਤਾਂ ਉਹ ਅਜੇ ਵੀ ਚੋਰੀਆ-ਯਾਰੀਆਂ ਕਰਨ ਵਾਲਾ ਬੰਦਾ ਸੀ।



ਦੂਜੇ ਦਿਨ ਮੇਰੇ ਨਾਨਾ ਜੀ, ਮੇਰਾ ਮਾਸੜ ਜੀ ਪਿੰਡ ਪੰਚਾਇਤ ’ਚ ਗਏ। ਪਿੰਡ ਵਾਲਿਆਂ ਨੂੰ ਪਿੰਡ ਦੇ ਡੇਰੇ ’ਤੇ ਬੈਠੇ ਪੁੱਛਾ ਦੇਣ ਵਾਲੇ ਸਾਧ ਨੇ ਦੱਸਿਆ ਸੀ ਖ਼ੈਰ ਨਾਨੇ ਹੁਰਾਂ ਨੇ ਪਿੰਡ ਦੀ ਪੰਚਾਇਤ ਦੀ ਚੰਗੀ ਲਾਹ ਪਾਹ ਕੀਤੀ ਤੇ ਰਾਜੀਨਾਮਾ ਹੋ ਗਿਆ। ਪੰਚਾਇਤ ਮੰਨ ਗਈ ਕਿ ਸਾਡੀ ਗਲਤੀ ਹੈ। ਸਾਡੇ ਘਰ ਦੇ ਨੇੜੇ ਸੰਤ ਕਰਤਾਰ ਦਾਸ ਦਾ ਡੇਰਾ ਹੈ। ਬਹੁਤ ਵੱਡਾ। ਉਥੇ ਇਕ ਗੱਲ੍ਹਾ ਰੱਖਿਆ ਹੋਇਆ ਸੀ। ਜਿਸ ਨੂੰ ਕਿਸੇ ਅਮਲੀ ਨੇ ਤੋੜ ਲਿਆ ਸੀ। ਇਹੋ ਜਿਹੀਆਂ ਗੱਲਾਂ ਸੁਣ ਕੇ ਮੇਰਾ ਡੇਰਿਆਂ, ਮੰਦਰਾਂ, ਗੁਰਦਵਾਰਿਆ ਤੇ ਉਨ੍ਹਾਂ ’ਚ ਰਹਿੰਦੇ ਸਾਧੂ, ਪਾਠੀਆਂ, ਭਾਈਆਂ ਤੋਂ ਵਿਸ਼ਵਾਸ ਚੁੱਕਿਆ ਹੀ ਨਹੀਂ ਬਲਕਿ ਨਫ਼ਰਤ ਨਾਲ ਭਰ ਗਿਆ। ਹੁਣ ਵੀ ਮੈਂ ਜਦੋਂ ਕਦੇ ਕਿਸੇ ਡੇਰੇ ਜਾਵਾ ਤਾਂ ਮਨ ਕੁੜੱਤਣ ਨਾਲ ਭਰ ਜਾਂਦਾ ਹੈ।

ਫਿਰ ਪਿੰਡ ਭਾਪੇ ਹੁਰਾਂ ਦਾ ਥਾਂ ਤਿੰਨ ਭਰਾਵਾਂ ਵਿਚ ਵੰਡ ਹੋ ਗਿਆ ਸੀ। ਮੇਰੇ ਨਾਨਾ ਜੀ ਨੇ ਆਪ ਖਰਚਾ ਕਰਕੇ ਮਾਂ ਨੂੰ ਮਕਾਨ ਪਾ ਦੇ ਦਿੱਤੇ। ਮਿਸ਼ਤਰੀ ਮਾਮੇ ਨੇ ਮਕਾਨ ਬਣਾਏ ਤੇ ਅਸੀਂ ਮਜਦੂਰੀ ਕੀਤੀ। ਸਾਰੇ ਸ਼ਰੀਕੇ ਨਾਲੋਂ ਚੰਗੇ।

ਇਕ ਵਾਰ ਮੇਰਾ ਪਿਓ ਮੈਨੂੰ ਤੇ ਮੇਰੀ ਮਾਂ ਨੂੰ ਚੰਡੀਗੜ੍ਹ ਲੈ ਕੇ ਗਿਆ। ਮੈਂ ਉਦੋਂ ਨੌਵੀਂ ਵਿਚ ਪੜ੍ਹਦਾ ਸੀ। ਉਹ ਕਹਿਣ ਲੱਗਾ ਕਿ ਤੇਰੀ ਸੁੱਖ ਲਾਹੁਣੀ ਹੈ ਮਾਨਸਾ ਦੇਵੀ ਦੇ। ਪਿਓ ਕੋਲੋਂ ਕਾਫੀ ਰੁਪਏ ਸਨ। ਚੰਡੀਗੜ੍ਹ ਨੂੰ ਜਾਂਦਿਆ ਉਹ ਮੈਨੂੰ ਅਕਸਰ ਹੀ ਪੁੱਛਦਾ “ਬੋਲ ਬਿੱਟੂ? ਕੀ ਖਾਣਾ ਹੈ? ਕੀ ਲੈਣਾ ਹੈ ? ਜੋ ਮਰਜੀ ਲੈ ਲੈ।” ਪਰ ਮੈਂ ਬੋਲਦਾ ਨਾ। ਫਿਰ ਸੁੱਖ ਲਾਹ ਕੇ ਪਿਓ ਸਾਨੂੰ ਕਿਸੇ ਗੁਰਦਵਾਰੇ ਲੈ ਕੇ ਗਿਆ। ਉਥੇ ਅਸੀਂ ਰਾਤ ਰਹੇ। ਵਾਪਸੀ ’ਤੇ ਨਗਰ ਦੇ ਅੱਡੇ ਉੱਤੇ ਉਤਰ ਕੇ ਮਾਂ ਕਹਿਣ ਲੱਗੀ ਤੁਸੀਂ ਤੁਰੇ ਚਲੋ ਮੈਂ ਠਹਿਰ ਕੇ ਆਉਂਦੀ ਹਾਂ। ਮੇਰਾ ਪਿਓ ਇਸ ਗੱਲ ’ਤੇ ਖਿੱਝ ਗਿਆ। “ਹੁਣ ਕੀ ਬਿਮਾਰੀ ਪੈ ਗਈ ਤੈਨੂੰ, ਸਾਡੇ ਨਾਲ ਨੀ ਤੁਰ ਸਕਦੀ।” ਮਾਂ ਵੀ ਬੋਲ ਪਈ ਸੀ। ਪਰ ਉਹ ਪਿਓ ਨਾਲ ਤੁਰੀ ਨਾ। ਮੈਂ ਕਈ ਵਾਰ ਦੇਖਿਆ ਕਿ ਪਿਓ ਨਾਲ ਮਾਂ ਕਦੀ ਵੀ ਨਹੀਂ ਤੁਰੀ। ਨਾ ਹੀ ਘਰੋਂ ਤੁਰਨ ਲੱਗਿਆ ਨਾ ਹੀ ਪਿੰਡ ਨੂੰ ਜਾਣ ਲੱਗਿਆ। ਅੱਡੇ ਤੋਂ ਪਿੰਡ ਦੋ ਕਿਲੋਮੀਟਰ ਤੁਰ ਕੇ ਜਾਣਾ ਪੈਂਦਾ ਹੈ। ਮਾਂ ਦੇ ਮਨ ’ਚ ਪਿਓ ਪ੍ਰਤੀ ਕਿਹੜੀ ਨਫ਼ਰਤ ਦੀ ਗੰਢ ਬੱਝੀ ਹੋਈ ਸੀ। ਵਿਆਹ ਤੋਂ ਉਪਰੰਤ ਮੇਰੇ ਪਿਓ ਨੇ ਮਾਂ ਨਾਲ ਇਕ ਬਲੈਕ ਐਂਡ ਵਾਈਟ ਤਸਵੀਰ ਬਣਵਾਈ ਸੀ। ਸ਼ੀਸ਼ੇ ’ਚ ਜੜੀ ਹੋਈ ਕੰਧ ’ਤੇ ਟੰਗੀ ਮੈਂ ਨਿੱਕਾ ਹੁੰਦਾ ਦੇਖਦਾ ਹੁੰਦਾ ਸੀ। ਜਦੋਂ ਪਿਓ ਮਗਰ ਪੁਲਿਸ ਲੱਗੀ ਰਹਿੰਦੀ ਸੀ ਉਦੋਂ ਕੁ ਹੀ ਮਾਂ ਨੇ ਆਪਣੀ ਤਸਵੀਰ ਨਾਲੋਂ ਪਿਓ ਦੀ ਤਸਵੀਰ ਪਾੜ੍ਹ ਕੇ ਸਾੜ ਦਿੱਤੀ ਸੀ। ਇਕੱਲੀ ਮਾਂ ਦੀ ਤਸਵੀਰ ਅਜੇ ਵੀ ਮੇਰੇ ਕੋਲ ਹੈ। ਫਿਰ ਪਿਓ ਦੇ ਮਰਨ ਉਪਰੰਤ ਉਹਦੇ ਭੋਗ ਤੇ ਮੈਂ ਉਹਦੀ ਵੱਡੀ ਫੋਟੋ ਬਣਾਈ। ਗੁਲਾਬੀ ਪੱਗ ਬੰਨ੍ਹੀ ਹੋਈ। ਮਾਂ ਆਪਣੇ ਸਮਾਨ ਨਾਲ ਉਹ ਫੋਟੋ ਵੀ ਜਲੰਧਰ ਲੈ ਆਈ। ਪਰ ਮਾਂ ਨੇ ਆਪਣੇ ਕਮਰੇ ਵਿਚ ਉਹ ਫੋਟੋ ਨਹੀਂ ਰੱਖੀ। ਪਰਛੱਤੀ ’ਤੇ ਰੱਖ ਦਿੱਤੀ। ਇਕ ਦਿਨ ਮੈਂ ਸਫ਼ਾਈ ਕਰਦਿਆਂ ਪਰਛੱਤੀ ਤੋਂ ਚੁੱਕ ਕੇ ਮਾਂ ਦੇ ਕਮਰੇ ’ਚ ਟੰਗ ਦਿੱਤੀ। ਦੂਜੇ ਦਿਨ ਮੈਂ ਦੇਖਿਆ ਪਿਓ ਦੀ ਫੋਟੋ ਉਥੇ ਨਹੀਂ ਸੀ। ਮਾਂ ਨੇ ਚੁੱਕ ਕੇ ਟਰੰਕ ’ਚ ਰੱਖ ਲਈ ਸੀ। ਜਦੋਂ ਘਰ ਪੁਲਿਸ ਆਉਂਦੀ ਸੀ ਤਾਂ ਮਾਂ ਘੁੰਡ ਕੱਢ ਲੈਂਦੀ ਤੇ ਇਹ ਵੀ ਨਹੀਂ ਦੱਸਦੀ ਸੀ ਕਿ ਮੈਂ ਚਮਨ ਦੀ ਵਹੁਟੀ ਹਾਂ। ਜੇ ਉਹ ਪੁੱਛਦੇ ਤਾਂ ਉਹ ਕਹਿ ਦਿੰਦੀ ਉਹ ਇਥੇ ਨਹੀਂ ਰਹਿੰਦੀ। ਮਾਂ ਦੇ ਮਨ ਵਿਚ ਵੀ ਆਪਣੇ ਪਤੀ ਦੇ ਪ੍ਰਤੀ ਨਫ਼ਰਤ ਦੇ ਬੀਜ਼ ਗਹਿਰੇ ਪਏ ਸਨ। ਮਾਂ ਦੇ ਸੁਭਾਅ ਦਾ ਮੈਨੂੰ ਬਹੁਤਾ ਪਤਾ ਨਹੀਂ ਸੀ। ਕਿਉਂਕਿ ਮੈਂ ਬਹੁਤਾ ਸਮਾਂ ਨਾਨਕੇ ਹੀ ਰਿਹਾ। ਕਦੇ ਕਦੇ ਜਦੋਂ ਸਕੂਲਾਂ ਵਿਚ ਛੁੱਟੀਆਂ ਹੋਣੀਆਂ ਤਾਂ ਪਿੰਡ ਜਾਂਦਾ। ਪਿਓ ਦੀ ਮੌਤ ਤੋਂ ਬਾਅਦ ਪਿੰਡ ਵਾਲੇ ਘਰ ਨੂੰ ਜਿੰਦਾ ਲੱਗ ਗਿਆ। ਮਾਂ ਨੇ ਬੜੀ ਮਿਹਨਤ ਨਾਲ ਘਰ ਬਣਾਇਆ ਸੀ। ਮਾਂ ਸਾਡੇ ਕੋਲ ਰਹਿਣ ਲੱਗ ਪਈ।

ਇਕ ਦਿਨ ਮਾਂ ਮੈਨੂੰ ਕਹਿਣ ਲੱਗੀ, "ਬਿੱਟੂ ਕਿਉਂ ਨਾ ਪਿੰਡ ਵਾਲਾ ਘਰ ਵੇਚ ਦਈਏ। ਉਥੇ ਹੁਣ ਕਿਹਨੇ ਰਹਿਣਾ ਹੈ? ਬੰਦ ਘਰ ਦਿਨੋਂ ਦਿਨ ਢਹਿੰਦਾ ਹੀ ਰਹਿੰਦਾ। ਮੈਂ ਪਿੰਡ ਵਿਚ ਗੱਲ ਕਰ ਆਈ ਹਾਂ।" ਘਰ ਵੇਚਣ ਦੀਆਂ ਗੱਲਾਂ ਕਾਫੀ ਦੇਰ ਤੋਂ ਹੋ ਰਹੀਆਂ ਸਨ। ਮਾਂ ਦਾ ਪਿੰਡ ਨਾਲ ਕੋਈ ਮੋਹ ਨਹੀਂ ਸੀ। ਕਿਉਂਕਿ ਮਾਂ ਨੂੰ ਪਿੰਡ ਨੇ ਅਤੇ ਸ਼ਰੀਕੇ ਨੇ ਬਹੁਤ ਦੁੱਖ ਦਿੱਤੇ ਸਨ। ਮਾਂ ਨੇ ਪਿੰਡ ਆ ਕੇ ਬੜੀ ਜਿੱਲਤ ਹੰਢਾਈ ਸੀ। ਮੇਰਾ ਛੋਟਾ ਭਰਾ ਪਿਛਲੇ ਦੱਸ ਸਾਲ ਤੋਂ ਪਾਗਲ ਸੀ ਜਿਸ ਨੂੰ ਅੰਮ੍ਰਿਤਸਰ ਪਾਗਲਖਾਨੇ ਛੱਡਿਆ ਹੋਇਆ ਸੀ। ਮੈਂ ਇਕੱਲਾ ਸਾਂ। ਸੋ ਘਰ ਵੇਚ ਦਿੱਤਾ। ਮਾਂ ਆਪਣਾ ਸਮਾਨ ਲੈ ਕੇ ਜਲੰਧਰ ਸਾਡੇ ਕੋਲ ਆ ਗਈ ਸੀ। ਮੈਂ ਕਿਹਾ, "ਹੁਣ ਇਹ ਤੇਰਾ ਘਰ ਏ, ਕੋਠੀ ਏ ... ਕਾਰ ਏ... ਕੋਈ ਕੰਮ ਕਰਨ ਦੀ ਲੋੜ ਨਹੀਂ। ਬਥੇਰਾ ਕੰਮ ਕਰ ਲਿਆ। ਆਪਣੇ ਪੋਤਾ-ਪੋਤੀ ਸਾਂਭ ਤੇ ਮੌਜ ਕਰ।" ਪਰ ਮਾਂ ਕੁਝ ਚਿਰ ਬਾਅਦ ਉਦਾਸ ਰਹਿਣ ਲੱਗ ਪਈ। ਕਦੇ ਕਦੇ ਗੁੰਮ ਸੁੰਮ ਹੋ ਜਾਂਦੀ। ਕਿਸੇ ਨਾਲ ਬੋਲਦੀ ਨਾ। ਕੋਠੇ ਉਤੇ ਜਾ ਕੇ ਕਿੰਨਾ ਕਿੰਨਾ ਚਿਰ ਬੈਠੀ ਰਹਿੰਦੀ। ਮੈਂ ਉਹਦੀ ਹਾਲਤ ਦੇਖ ਕੇ ਉਦਾਸ ਹੋ ਜਾਂਦਾ। ਨਿੱਕੀ ਜਿਹੀ ਗੱਲ ਤੇ ਗੁੱਸੇ ਹੋ ਜਾਂਦੀ ਫਿਰ ਉਹ ਗੱਲ ਬਾਰੇ ਸੋਚੀ ਜਾਂਦੀ। ਮਾਂ ਨੂੰ ਅਜੀਬ ਤਰ੍ਹਾਂ ਦਾ ਸਨਕ ਹੋ ਗਿਆ ਸੀ। ਇਕ ਦਿਨ ਮੈਂ ਮਾਂ ਨੂੰ ਦੇਖਣ ਕੋਠੇ ਦੀ ਛੱਤ 'ਤੇ ਬਣੀ ਲੌਬੀ ਵੱਲ ਗਿਆ। ਮਾਂ ਉਥੇ ਬੈਠੀ ਹੋਈ ਸੀ। ਗੁੰਮ-ਸੁੰਮ। ਮੈਂ ਪੁੱਛਿਆ, "ਕੀ ਹੋਇਆ ? ਏਥੇ ਐਨੀ ਗਰਮੀ 'ਚ ਕਿਵੇਂ ਬੈਠੀ ਏ? " ਉਹ ਕੁੱਝ ਨਾ ਬੋਲੀ। ਬੈਠੀ ਰਹੀ। ਉਹਦਾ ਚਿਹਰਾ ਬੜਾ ਉਦਾਸ ਲੱਗ ਰਿਹਾ ਸੀ। ਫਿਰ ਰੋਣ ਲੱਗ ਪਈ। ਕਹੇ, "ਮੇਰੇ ਕੋਲ ਹੁਣ ਕੁਝ ਨਹੀਂ ਰਿਹਾ, ਮੇਰੀ ਕਿਤੇ ਢੋਈ ਨੀਂ... ਮੈਂ ਕਿੱਥੇ ਜਾਵਾ?" ਮੈਂ ਕਿਹਾ, "ਲੈ ਇਹ ਤੂੰ ਕੀ ਕਰਦੀ ਏਂ? ਸਾਰਾ ਘਰ ਤੇਰਾ ਏ। ਤੂੰ ਇਹਦੀ ਮਾਲਕਣ ਏ। ਇਹ ਗੱਲ ਮਨ ਵਿਚ ਨਾ ਲਿਆਈ।" ਪਰ ਮਾਂ ਦੇ ਮਨ ਵਿਚ ਜਿਹੜੀ ਗੱਲ ਬੈਠ ਜਾਂਦੀ ਸੀ ਜਲਦੀ ਕੀਤੇ ਨਿਕਲਦੀ ਨਹੀਂ ਸੀ। ਮਾਂ ਬਹੁਤ ਸਨਕੀ ਸੁਭਾ ਦੀ ਬਣਦੀ ਜਾ ਰਹੀ ਸੀ। ਨਿੱਕੀ ਨਿੱਕੀ ਗੱਲ ਉਤੇ ਸ਼ੱਕ ਕਰਨ ਲੱਗ ਪੈਂਦੀ। ਜੇ ਅਸੀਂ ਗੱਲਾਂ ਕਰ ਰਹੇ ਹੋਈਏ। ਤਾਂ ਮਾਂ ਆਪਣੇ ਦਿਮਾਗ ਨਾਲ ਹੋਰ ਗੱਲਾਂ ਸੁਣਦੀ। ਤੇ ਪਰੇਸ਼ਾਨ ਹੁੰਦੀ ਜਾਂਦੀ। ਨਾਨਕੇ ਘਰ ਪਹਿਲਾ ਵਿਚਕਾਰਲੇ ਮਾਮੇ ਦੀ ਮੌਤ ਹੋਈ, ਫਿਰ ਨਾਨਾ ਚਲੇ ਗਿਆ ਹੁਣੇ ਜਿਹੇ ਵੱਡਾ ਮਾਮਾ ਚਲੇ ਗਿਆ। ਮਾਂ ਨਾਨਕੇ ਘਰ ਆ ਕੇ ਹੁਣ ਬਹੁਤਾ ਭਿੱਜਦੀ ਨਹੀਂ ਸੀ। ਜਾਂ ਤਾਂ ਲੜ ਕੇ ਜਾਂਦੀ ਜਾਂ ਗੁੱਸੇ ਹੋ ਜਾਂਦੀ। ਇਥੇ ਆ ਕੇ ਵੀ ਉਹਨੂੰ ਲੱਗਦਾ ਕਿ ਮੈਨੂੰ ਸਾਰੇ ਲਾ ਲਾ ਕੇ ਗੱਲਾਂ ਕਹਿੰਦੇ ਹਨ। ਸਿੱਧੀ ਗੱਲ ਨੂੰ ਵੀ ਪੁੱਠੀ ਪਾ ਲੈਂਦੀ। ਤੇ ਲੜ ਪੈਂਦੀ। ਮਾਂ ਦੀ ਇਹ ਆਦਤ ਤੇ ਸੁਭਾ ਕਿਵੇਂ ਬਣੀ ਜਾ ਰਿਹਾ ਸੀ। ਮੈਂ ਸੋਚਦਾ ਰਹਿੰਦਾ। ਇਹਦੇ ਵਿਚ ਉਸ ਦਾ ਕੀ ਕਸੂਰ ਸੀ? ਸਹੁਰੇ ਘਰ ਹਾਲਾਤ ਹੀ ਐਦਾ ਦੇ ਸਨ। ਮੇਰੇ ਪਿਓ ਨੇ ਮਾਂ ਨੂੰ ਸਨਕੀ, ਸ਼ੱਕੀ, ਤੇ ਵਹਿਮੀ ਬਿਰਤੀ ਦੀ ਬਣਾ ਦਿੱਤਾ। ਮਾਂ ਬਸ ਇਕੱਲੀ ਰਹਿ ਕੇ ਖੁਸ਼ ਹੈ। ਆਪਣੀਆਂ ਭੈਣਾਂ ਨਾਲ ਅਕਸਰ ਲੜ ਪੈਂਦੀ ਹੈ। ਆਪਣੀ ਮਾਂ ਨਾਲ ਲੜ ਪੈਂਦੀ ਹੈ। ਜਿਥੇ ਅਸੀਂ ਰਹਿੰਦੇ ਹਾਂ। ਉਸ ਦੇ ਨੇੜੇ ਹੀ ਨਾਨਕ ਘਰ ਹੈ। ਮੇਰਾ ਦਫ਼ਤਰ ਉਥੇ ਹੀ ਹੈ। ਜਦੋਂ ਮੈਂ ਦਫ਼ਤਰ ਜਾਂਦਾ ਤਾਂ ਨਾਨੀ ਪੁੱਛਦੀ, "ਕਾਕਾ ਹੁਣ ਬਖ਼ਸ਼ੋ ਠੀਕ ਆ, ਕੱਲ੍ਹ ਏਥੇ ਆਈ, ਬਹੁਤ ਬੋਲ ਕੇ ਗਈ। ਸੌਤਿਆ (ਉਹਦੀ ਭੈਣ) ਨਾਲ ਲੜ ਪਈ। ਐਨਾ ਬੋਲਦੀ ਆ ਕਿਸੇ ਦੀ ਕੋਈ ਗੱਲ ਸੁਣਦੀ ਨ੍ਹੀਂ, ਉਹਨੂੰ ਸਮਝਾਇਆ ਕਰ। ਕਿਤੇ ਪਾਗਲ ਨਾ ਹੋ ਜਾਵੇ। ਕਿਸੇ ਡਾਕਦਾਰ ਨੂੰ ਦਿਖਾ ਲੈ। ਤਾਕਤ ਦੇ ਟੀਕੇ ਲਵਾ ਦੇ।" ਨਾਨੀ, ਮਾਂ ਦਾ ਬਹੁਤ ਫਿਕਰ ਕਰਦੀ। ਮਾਂ ਜੇ ਨਾਨੀ ਨਾਲ ਲੜ ਪੈਂਦੀ ਤਾਂ ਨਾਨੀ ਕੋਲ ਰਿਹਾ ਨੀਂ ਜਾਂਦਾ। ਉਹ ਦੂਜੇ ਦਿਨ ਮਿਲਣ ਆ ਜਾਂਦੀ। ਘਰ ਵੜਦੀ ਕਹਿੰਦੀ, "ਬਖ਼ਸ਼ੋ! ਕਿੱਥੇ ਆ! ਤੂੰ ਤਾਂ ਹੁਣ ਆਉਂਦੀ ਨ੍ਹੀਂ, ਕਿੰਨੇ ਦਿਨ ਹੋ ਗਏ, ਐਵੇਂ ਫ਼ਿਕਰ ਨਾ ਕਰਿਆ ਕਰ। ਦੇਖ ਤੇਰੇ ਘਰ ਲਹਿਰਾ ਬਹਿਰਾ ਆ, ਕੁੜੀ (ਮੇਰੀ ਪਤਨੀ) ਨੌਕਰੀ ਕਰਦੀ ਆ, ਆਹ ਪੋਤਾ, ਤੇਰਾ ਮੁੰਡਾ ਰਾਜੀ ਰਵੇ। ਤੂੰ ਚਾਹੇ ਮੇਨਾ ਸੋ ਵਾਰੀ ਲੜ। ਮੈਂ ਨਹੀਂ ਆਉਂਣੋ ਹੱਟਣਾ। ਇਹ ਮੁੰਡਾ ਤੇਰਾ ਨ੍ਹੀਂ ਮੇਰਾ



ਆ, ਮੈਂ ਇਹਨੂੰ ਐਨੇ ਕੁ ਨੂੰ ਪਾਲਿਆ। ਗੂੰਹ-ਮੂਤ ਚੁੱਕਿਆ। ਮੇਰਾ ਹੱਕ ਆ ਏਹਦੇ 'ਤੇ ਹਲਾ। ਦੇਖ ਕਿਸੇ ਨੀਂ ਰਹਿਣਾ ਏਥੇ। ਸਭ ਜਾਈ ਜਾਂਦੇ ਆ। ਤੂੰ ਖੁਸ਼ ਰਿਹਾ ਕਰ। ਐਵੇਂ ਮਨ 'ਤੇ ਬੋਝ ਨਾ ਪਾਇਆ ਕਰ।" ਇੰਜ ਨਾਨੀ ਕਿੰਨਾ ਕਿਨਾ ਚਿਰ ਉਹਨੂੰ ਸਮਝਾਉਂਦੀ। ਮਾਂ ਚੁੱਪ ਵੱਟੀ ਰੱਖਦੀ। ਨਾਨੀ ਫਿਰ ਬੋਲਦੀ, "ਆਹ ਦੇਖੀ ਆ ਆਪਣੀ ਹਾਲਤ, ਜਾਹ ਸਿਰ 'ਚ ਪਾਣੀ ਪਾ, ਦੇਹ ਤੇ ਪਾਣੀ ਪਾ, ਤੈਨੂੰ ਸੁਰਤ ਆਵੇ। ਐਵੇਂ ਝੱਲੀ ਬਣੀ ਫਿਰਦੀ ਆ।" ਫਿਰ ਮਾਂ ਉੱਚੀ ਉੱਚੀ ਰੋਣ ਲੱਗ ਪੈਂਦੀ। ਬਹੁਤ ਰੋਂਦੀ। ਫਿਰ ਬੋਲਦੀ, "ਮੇਰਾ ਹੁਣ ਕੋਈ ਨਹੀਂ ਰਿਹਾ। ਪੁੱਤ ਠੀਕ ਹੁੰਦਾ ਤਾਂ ਮੈਂ ਉਹਦੇ ਨਾਲ ਪਿੰਡ ਰਹਿ ਲੈਂਦੀ... ਮੈਂ 'ਕੱਲੀ ਰਹਿ ਗਈ।" ਕੁਝ ਚਿਰ ਬਾਅਦ ਚੁੱਪ ਕਰ ਜਾਂਦੀ। ਜੇ ਮੈਂ ਚੁੱਪ ਕਰਾਉਣ ਲੱਗਦਾ ਤਾਂ ਨਾਨੀ ਕਹਿੰਦੀ, "ਕਾਕਾ ਏਹਨੂੰ ਚੁੱਪ ਨਾ ਕਰਾ, ਇਹਨੂੰ ਰੋਣ ਦੇ, ਦੱਬ ਕੇ ਰੋਣ ਦੇ, ਮਨ ਹਲਕਾ ਹੋ ਜੂ ਏਹਦਾ। ਮਨ ਤੇ ਭਾਰ ਪਾ ਲੈਂਦੀ ਆ।" ਫਿਰ ਮਾਂ ਆਪੇ ਹੀ ਰੋਣੋਂ ਹਟ ਜਾਂਦੀ। ਕੁਝ ਚਿਰ ਬਾਅਦ ਦੋਵੇਂ ਗੱਲਾਂ ਕਰਨ ਲੱਗ ਪੈਂਦੀਆਂ। ਮਾਂ ਉੱਠਦੀ, ਨਾਨੀ ਨੂੰ ਚਾਹ ਬਣਾ ਕੇ ਦਿੰਦੀ। ਕਦੇ ਰੋਟੀ ਦਿੰਦੀ। ਸਭ ਨੂੰ ਅਸੀਸੀ ਦਿੰਦੀ ਨਾਨੀ ਖੂੰਡੀ ਚੁੱਕ ਕੇ ਕੁੱਬੀ ਕੁੱਬੀ ਹੋ ਤੁਰ ਪੈਂਦੀ। ਮੇਰੇ ਮਨ ਵਿਚ ਨਾਨੀ ਦਾ ਕੱਦ ਬਹੁਤ ਵੱਡਾ ਹੋ ਜਾਂਦਾ। ਉਹ ਬਹੁਤ ਵੱਡੀ ਵੈਦ ਲੱਗਦੀ। ਜੋ ਮਾਂ ਨੂੰ ਦਾਰੂ ਦਿੰਦੀ। ਤੇ ਉਹਨੂੰ ਸਹਿਜ ਕਰ ਕੇ ਤੁਰ ਪੈਂਦੀ। ਮਾਂ ਦੀ ਅਜਿਹੀ ਸਥਿਤੀ ਦੋ ਕੁ ਦਿਨ ਰਹਿੰਦੀ। ਫਿਰ ਉਹ ਸਾਂਤ ਹੋ ਜਾਂਦੀ। ਸਹਿਜ।

ਮਾਂ ਦੀ ਆਪਣੀ ਪੋਤੀ ਹਰਲੀਨ ਨਾਲ ਬਹੁਤ ਬਣਦੀ ਹੈ। ਦੋਵੇਂ ਜਣੀਆਂ ਕਿੰਨਾ ਚਿਰ ਗੱਲਾਂ ਕਰਦੀਆਂ ਰਹਿੰਦੀਆਂ ਹਨ। ਹਰਲੀਨ ਆਪਣੀ ਬੀਬੀ ਕੋਲੋਂ ਪਿੰਡ ਦੀਆਂ ਗੱਲਾਂ ਸੁਣਦੀ ਹੈ। ਪੁਰਾਣੇ ਪਿੰਡ ਦੀਆਂ ਗੱਲਾਂ, ਕਦੀ ਕਦੀ ਕਹਾਣੀਆਂ ਸੁਣਦੀ ਹੈ। ਦੋਵੇਂ ਰਲ ਕੇ ਕੋਈ ਨਾ ਕੋਈ ਚੀਜ ਬਣਾਉਂਦੀਆਂ ਹਨ। ਹਰਲੀਨ ਕੋਈ ਖਿਡੌਣਾ ਬਣਾਉਂਦੀ ਹੈ। ਮਾਂ ਉਹਦੇ ਕੱਪੜੇ ਸੀਂਅ ਦਿੰਦੀ ਹੈ। ਜੇ ਕਦੇ ਮੈਂ ਤਲਖੀ ਨਾਲ ਮਾਂ ਨੂੰ ਕੋਈ ਗੱਲ ਕਹਿ ਦੇਵਾਂ ਤਾਂ ਸਭ ਤੋਂ ਪਹਿਲਾਂ ਹਰਲੀਨ ਮੇਰੇ ਨਾਲ ਗੁੱਸੇ ਹੁੰਦੀ ਹੈ, "ਪਾਪਾ ਤੁਸੀਂ ਬੀਬੀ ਨੂੰ ਗੁੱਸੇ ਨਹੀਂ ਹੋਣਾ। ... ਪਾਪਾ ਤੁਸੀਂ ਅੱਜ ਬੀਬੀ ਨੂੰ ਝਿੜਕਾ ਮਾਰਿਆ?'

ਜਦੋਂ ਮਾਂ ਗੁੱਸੇ ਹੋ ਜਾਵੇ। ਤਾਂ ਕਿਸੇ ਨਾਲ ਬੋਲਦੀ ਨਹੀਂ। ਬਸ ਅੰਦਰੇ ਅੰਦਰ ਵਿਸ਼ ਘੋਲਦੀ ਹੈ। ਖਬਰੇ ਉਹਦਾ ਬਲੱਡ ਪ੍ਰੈਸ਼ਰ ਵੱਧਦਾ ਹੈ, ਜਾਂ... ਜੇ ਮੈਂ ਕਹਾਂ ਡਾਕਟਰ ਨੂੰ ਦਿਖਾ ਲੈਂਦੇ ਹਾਂ। ਉਹ ਮੰਨਦੀ ਨਹੀਂ। ਕਿਸੇ ਨਿੱਕੀ ਜਿਹੀ ਗੱਲ ਦਾ ਮਾਂ ਤੇ ਅਸਰ ਹੁੰਦਾ ਹੈ। ਫਿਰ ਮਾਂ ਸਾਰੀ ਸਾਰੀ ਰਾਤ ਸੌਂਦੀ ਨਹੀਂ। ਦੂਜੇ ਦਿਨ ਮੇਰੇ ਕੋਲੋਂ ਉਹਦੇ ਵੱਲ ਦੇਖ ਨਹੀਂ ਹੁੰਦਾ। ਅੱਖਾਂ ਗੁੱਸੇ ਨਾਲ ਲਾਲ ਹੁੰਦੀਆਂ ਹਨ। ਮੈਂ ਬਹੁਤ ਘਬਰਾ ਜਾਂਦਾ ਹਾਂ। ਮਾਂ ਕਿਸੇ ਨਾਲ ਬੋਲਦੀ ਨਹੀਂ। ਕੋਠੇ 'ਤੇ ਜਾ ਕੇ ਬੈਠ ਜਾਂਦੀ ਹੈ। ਹਰਲੀਨ ਉਹਦੇ ਵੱਲ ਦੇਖ ਕੇ ਪਰੇਸ਼ਾਨ ਹੋ ਜਾਂਦੀ ਹੈ। ਕਦੇ ਮੈਨੂੰ ਪੁੱਛਦੀ ਹੈ, ਕਦੇ ਆਪਣੀ ਬੀਬੀ ਨੂੰ ਪੁੱਛਦੀ ਹੈ। "ਕੁੜੀਏ ਮੈਨੂੰ ਬੁਲਾ ਨਾ। ਮੈਨੂੰ ਬਹੁਤ ਚੱਕਰ ਆਉਂਦਾ ਆ। ਜਾਹ ਚਲੇ ਜਾਹ।" ਫਿਰ ਉਹਦੇ ਦਿਮਾਗ ਦਾ ਉਹਦੇ ਸਰੀਰ ਤੇ ਕੰਟਰੋਲ ਨਹੀਂ ਰਹਿੰਦਾ। ਪੰਜ ਸਾਲ ਦਾ ਬੇਟਾ ਆਯੂਸ ਪੁੱਛਦਾ ਹੈ, "ਪਾਪਾ! ਬੀਬੀ ਦਾ ਡਮਾਕ ਟੁੱਟ ਗਿਆ... ਉਹ ਦੇਖਦੀ ਕਿੱਦਾ ਆ... ਹੁਣ ਡਾਕਟਰ ਨੇ ਉਹਦਾ ਡਮਾਕ ਕੱਢ ਦੇਣਾ...।" ਮੈਂ ਉਹਨੂੰ ਚੁੱਪ ਕਰਨ ਲਈ ਕਹਿੰਦਾ ਹਾਂ। ਮਹੀਨਾ ਕੁ ਹੋਇਆ ਵੱਡੇ ਪਾਗਲ ਮਾਮੇ ਦੀ ਮੌਤ ਹੋ ਗਈ। ਮਾਂ ਨਾਨਕੇ ਘਰ ਆ ਕੇ ਲੜ ਪੈਂਦੀ। ਫਿਰ ਘਰ ਜਾ ਕੇ ਗੁੰਮ ਸੁੰਮ ਹੋ ਜਾਂਦੀ। ਇਕ ਦਿਨ ਨਾਨਕੇ ਘਰ ਆ ਕੇ ਨਾਨੀ ਨਾਲ ਲੜ ਪਈ। ਸ਼ਾਮ ਨੂੰ ਘਰ ਪਹੁੰਚੀ। ਉਹਦੇ ਚਿਹਰੇ 'ਤੇ ਬੜਾ ਗੁੱਸਾ ਸੀ। ਮੈਂ ਸ਼ਾਮ ਨੂੰ ਰੋਟੀ ਲਈ ਕਿਹਾ ਉਸ ਨੇ ਖਾਧੀ ਨਹੀਂ। ਸਵੇਰੇ ਸਾਝਰੇ ਉੱਠ ਕੇ ਕੋਠੇ ਤੇ ਚਲੇ ਗਈ। ਮੈਂ ਚਾਹ ਲਈ ਹਾਕ ਮਾਰੀ। ਉਹ ਬਾਹਰੋ ਦੁਕਾਨ ਤੋਂ ਡਬਲ ਰੋਟੀ ਲੈ ਕੇ ਆਈ ਸੀ। ਮੈਂ ਕਿਹਾ ਚਾਹ ਲੈ ਲਾ। ਗੁੱਸੇ ਵਿਚ ਬੋਲਣ ਲੱਗ ਪਈ, "ਤੁਹਾਡਾ ਦੁੱਧ ਮੁੱਕ ਜਾਊ, ਮੇਰੇ ਲਈ ਨਾ ਚਾਹ ਬਣਾਇਆ ਕਰੋ। ਰੋਟੀ ਵੀ ਨਾ ਦਿਆ ਕਰੋ। ਮੈਂ ਤਾਂ ਘਰ ਦੀ ਵਾਧੂ ਚੀਜ

ਆ, ਕੁੱਤਿਆ ਵਾਂਗੂ ਰੋਟੀ ਦਿੰਦੇ ਆ। ਮੈਂ ਆਪੇ ਕਿਤਿਓਂ ਮੰਗ ਕੇ ਖਾ ਲਊ।" ਫਿਰ ਮਾਂ ਰੋਣ ਲੱਗ ਪਈ। ਮੈਂ ਕੁਝ ਨਾ ਬੋਲਿਆ ਚਾਹ ਚੁੱਕ ਕੇ ਕੋਠੇ ਚੜ ਗਈ। ਉੱਤੇ ਜਾ ਕੇ ਰੋਣ ਲੱਗ ਪਈ। ਬੱਚੇ ਵਾਰ ਵਾਰ ਪੁੱਛਣ ਬੀਬੀ ਨੂੰ ਕੀ ਹੋਇਆ , ਬੀਬੀ ਨੂੰ ਕੀ ਹੋਇਆ। ਪਤਨੀ ਕਹੇ, 'ਮੈਂ ਤੁਹਾਨੂੰ ਕਿੰਨੀ ਵਾਰੀ ਕਿਹਾ। ਕਿਸੇ ਡਾਕਟਰ ਕੋਲ ਲੈ ਜਾਓ। ਦਵਾਈ ਦਿਓ। ਤੁਸੀਂ ਕਿਹੜਾ ਮੰਨਦੇ ਆ।" ਪਰ ਮਾਂ ਕਿਸੇ ਡਾਕਟਰ ਕੋਲ ਜਾਂਦੀ ਨਾ। ਕੁਝ ਚਿਰ ਬਾਅਦ ਮੈਂ, ਮਾਂ ਨੂੰ ਥੱਲੇ ਲੈ ਕੇ ਆਇਆ। ਉਹਨੂੰ ਨਹਾਉਣ ਲਈ ਕਿਹਾ। ਫਿਰ ਉਹ ਕੰਮ ਕਰਨ ਲੱਗ ਪਈ। ਮੈਂ ਕਿਹਾ, ਹੁਣ ਸੌਂਅ ਜਾ ਸਾਰੀ ਰਾਤੀ ਸੁੱਤੀ ਨ੍ਹੀਂ, ਐਵੇਂ ਨਾ ਮਨ ਤੇ ਬੋਝ ਪਾਇਆ ਕਰ।' ਹਰਲੀਨ ਸਕੂਲੋਂ ਆ ਕੇ ਉਹਦੇ ਨਾਲ ਗੱਲਾਂ ਕਰਨ ਲੱਗ ਪਈ। ਸ਼ਾਮ ਤੱਕ ਮਾਂ ਠੀਕ ਹੋ ਗਈ। ਅਜਿਹੀ ਹਾਲਤ ਮਾਂ ਦੀ ਕਦੀ ਕਦੀ ਉਦੋਂ ਹੁੰਦੀ ਹੈ ਜਦੋਂ ਕਿਤਿਓਂ ਗੁੱਸੇ ਹੋ ਕੇ ਆਉਂਦੀ ਹੈ।

ਮਾਂ ਦਾ ਕਿਰਸੀ ਸੁਭਾਅ ਅਜੇ ਤੱਕ ਕਾਇਮ ਹੈ। ਫਾਲਤੂ ਚੀਜ ਬਾਹਰ ਸੁੱਟਣ ਦੀ ਬਜਾਏ ਸਾਂਭ ਕੇ ਰੱਖ ਲੈਂਦੀ। ਕੋਈ ਸ਼ੀਸ਼ੀ, ਡੱਬੀ ਜਾਂ ਕੋਈ ਚੀਜ਼ ਨੇ ਤਿੰਨ ਚਾਰ ਲਿਫ਼ਾਫ਼ੇ ਚਾੜ ਕੇ ਰੱਖਦੀ। ਕਾਗਜ਼, ਡੱਬੇ, ਪੋਲੀਥੀਨ ਦੇ ਲਿਫ਼ਾਫ਼ੇ ਉਹ 'ਕੱਠੇ ਕਰ ਕਰ ਕੇ ਬਾਲਕੋਨੀ ਵਿਚ ਰੱਖਦੀ ਰਹਿੰਦੀ ਹੈ। ਉੱਤੇ ਉਸ ਨੇ ਚੁੱਲਾਂ ਰੱਖਿਆ ਹੋਇਆ ਹੈ। ਸਾਰੇ ਕਾਗਜ਼ ਤੇ ਗੱਤਾ ਫਿਰ ਚੁੱਲ੍ਹੇ ਵਿਚ ਬਾਲਦੀ ਹੈ। ਲਿਫ਼ਾਫ਼ੇ ਵੀ ਬਾਹਰ ਨਹੀਂ ਸੁੱਟਦੀ। ਪਾਣੀ ਦੀ ਬਹੁਤ ਬੱਚਤ ਕਰਦੀ ਹੈ। ਭਾਂਡੇ ਧੋਂਦੀ ਬਹੁਤ ਘੱਟ ਪਾਣੀ ਦੀ ਵਰਤੋ ਕਰਦੀ ਹੈ। ਦਾਲ-ਸਬਜ਼ੀ ਨਾਲ ਲਾ ਲਾ ਕੇ ਰੋਟੀ ਖਾ ਲੈਂਦੀ ਹੈ। ਜੇ ਕਿਤੇ ਘਰ ਵਿਚ ਥੋੜ੍ਹੀ ਦਾਲ ਹੋਵੇ ਤਾਂ ਉਹ ਉਹਦੇ ਵਿਚੋਂ ਵੀ ਦਾਲ ਬਚਾ ਕੇ ਰੱਖ ਲੈਂਦੀ ਹੈ। ਬੇਹੀ ਰੋਟੀ ਕਦੇ ਬਾਹਰ ਨਹੀਂ ਸੁੱਟਦੀ। ਸਾਨੂੰ ਤਾਜੀ ਰੋਟੀ ਬਣਾ ਕੇ ਬੇਹੀ ਰੋਟੀ ਗਰਮ ਕਰਕੇ ਆਪ ਖਾ ਲੈਂਦੀ ਹੈ। ਜੇ ਮੈਂ ਕਹਾਂ ਕਿ ਤਾਜੀ ਰੋਟੀ ਖਾ ਤਾਂ ਉਹ ਚੋਰੀ ਬੇਹੀ ਰੋਟੀ ਖਾ ਲੈਂਦੀ ਹੈ। ਜੇ ਇਕ ਰੋਟੀ ਉਹਦੇ ਲਈ ਬਚੀ ਹੋਵੇ ਤਾਂ ਉਹ ਇਕ ਰੋਟੀ ਨਾਲ ਸਾਰ ਲੈਂਦੀ ਹੈ। ਮਾਂ ਦਾ ਇਹ ਕਿਰਸੀ ਮਨ ਗਰੀਬੀ ਵਿਚੋਂ ਨਿਕਲਿਆ। ਕਿਰਸ ਕਰ ਕਰ ਮਾਂ ਨੇ ਪੈਸੇ ਜੋੜੇ ਅਤੇ ਉਨ੍ਹਾਂ ਦਾ ਪਿੰਡ ਘਰ ਬਣਾਇਆ। ਜੇ ਘਰ ਵਿਚ ਸਫ਼ਾਈ ਕਰਨ ਵਾਲੀ ਕੋਈ ਰੱਖ ਲਈਏ ਤਾਂ ਉਹਦੇ ਕੰਮ ਵਿਚ ਨੁਕਸ ਕੱਢ ਕੱਢ ਕੇ ਭਜਾ ਦਿੰਦੀ ਹੈ। ਆਪ ਕੰਮ ਕਰਨੋ ਹੱਟਦੀ ਨਹੀਂ। ਕਹਿੰਦੀ ਹੈ , "ਮੈਂ ਵਿਹਲੀ ਨੇ ਕੀ ਕਰਨਾ, ਕੰਮ ਕਰਨ ਨਾਲ ਬੰਦਾ ਤੰਦਰੁਸਤ ਰਹਿੰਦਾ।"

ਮਾਂ ਦਾ ਆਪਣੀ ਕੁੜੀ ਬੀਨਾ ਨਾਲ ਬਹੁਤ ਪਿਆਰ ਹੈ। ਜਦੋਂ ਬੀਨਾ ਭੈਣ ਦਾ ਜਲੰਧਰ ਆ ਕੇ ਵਿਆਹ ਕੀਤਾ ਤਾਂ ਮਾਂ ਨੂੰ ਜਿਵੇਂ ਬਹੁਤ ਵੱਡਾ ਝਟਕਾ ਲੱਗਾ ਹੋਵੇ। ਜਿਵੇਂ ਉਹਦਾ ਕੋਈ ਅੰਗ ਟੁੱਟ ਗਿਆ ਹੋਵੇ। ਵਿਆਹ ਤੋਂ ਬਾਅਦ ਮਾਂ ਗੁੰਮ-ਸੁੰਮ ਹੋ ਗਈ ਸੀ। ਚੁੱਪ ਕਰਕੇ ਬੈਠੀ ਰਹਿੰਦੀ। ਇਕ ਦਮ ਖ਼ਾਮੋਸ਼। ਉਦੋਂ ਮਾਂ ਰਾਤ ਨੂੰ ਸੌਂਦੀ ਨਾ। ਕਹਿੰਦੀ ਸਿਰ ਪਾਟਦੈ। ਦਵਾਈ ਦਿੱਤੀ। ਰਾਤ ਨੂੰ ਸੁੱਤੀ ਪਈ ਬੁੜ-ਬੁੜਾਉਣ ਲੱਗ ਪਈ। ਔਹ ਸੱਪ ਫਿਰਦਾ... ਫੜੋ ਉਹਨੂੰ... ਮਾਰ ਦਊ ਮੈਨੂੰ...ਮੂੰਹ ਵਿਚੋਂ ਖ਼ਤਰਨਾਕ ਆਵਾਜ਼ਾ ਕੱਢਦੀ। ਜਾਨਵਰਾਂ ਦੀਆਂ... ਜਿਵੇਂ ਗਿੱਦੜ ਹੁੰਆਂਕਦੇ ਹੁੰਦੇ ਆ। ਮੈਂ ਤ੍ਰਬਕ ਕੇ ਉੱਠ ਪੈਂਦਾ। ਮਾਂ ਮੰਜੇ ਤੇ ਪਈ ਹੱਥ ਮਾਰ ਰਹੀ ਹੁੰਦੀ। ਮੈਂ ਉਹਨੂੰ ਉੱਚੀ ਉੱਚੀ ਹਾਕਾਂ ਮਾਰ ਰਿਹਾ ਹੁੰਦਾ। ਉਹਨੂੰ ਉਠਾਉਂਦਾ। ਉਹ ਤ੍ਰਬਕ ਕੇ ਉੱਠ ਬੈਠਦੀ। ਦਹਿਸਤ ਭਰਿਆ ਮਹੌਲ ਹੁੰਦਾ। ਅਜਿਹੀ ਸਥਿਤੀ ਮਾਂ ਦੀ ਕਾਫੀ ਦੇਰ ਰਹੀ। ਦੋਵੇਂ ਇਕੱਠੀਆਂ ਰਹੀਆਂ। ਦੋਵਾਂ ਨੇ ਰੱਜ ਕੇ ਕਿਰਤ ਕੀਤੀ। ਦਿਨ ਰਾਤ ਇਕ ਕਰਕੇ ਕੰਮ ਕੀਤਾ। ਦੀਵੇ ਦੀ ਲੋਅ 'ਚ ਵੀ ਉਨ੍ਹਾਂ ਦੀ ਮਸ਼ੀਨ ਚੱਲਦੀ ਰਹਿੰਦੀ। ਦੋਹਾਂ ਵਿਚ ਬਹੁਤ ਪਿਆਰ ਹੈ। ਮੈਂ ਤਾਂ ਨਾਨਕੇ ਰਿਹਾ ਸਾਂ। ਸਾਇਦ ਹੀ ਮਾਂ ਨੇ ਮੈਨੂੰ ਆਪਣੀ ਪਿਆਰ ਦੀ ਜੱਫੀ ਵਿਚ ਲਿਆ ਹੋਵੇ। ਪਰ ਉਹਦੇ ਅੰਦਰ ਮੇਰੇ ਪ੍ਰਤੀ ਬਹੁਤ ਪਿਆਰ ਹੈ। ਮੈਨੂੰ ਜੇ ਕੁਝ ਹੁੰਦਾ ਹੈ ਤਾਂ ਵਾਰ ਵਾਰ ਪੁੱਛਦੀ ਹੈ , "ਬਿੱਟੂ ਕੀ ਹੋਇਆ? ਹੁਣ ਠੀਕ ਆ, ਜਾਹ ਡਾਕਟਰ ਦੇ ਜਾ ਕੇ ਦਵਾਈ ਲੈ ਆ।"



ਮਾਂ ਆਪਣੇ ਆਪ ਨੂੰ ਘਰ ਦੇ ਕੰਮਾਂ ਵਿਚ ਬਿਜੀ ਰੱਖਦੀ ਹੈ। ਸਭ ਦੇ ਕੱਪੜੇ ਧੋਂਦੀ ਹੈ। ਰੋਟੀ ਬਣਾਉਂਦੀ ਹੈ। ਘਰ ਦੀ ਸਫ਼ਾਈ ਕਰਦੀ ਹੈ। ਅਰਾਮ ਰਾਤ ਨੂੰ ਹੀ ਕਰਦੀ ਹੈ। ਦਿਨੇ ਕਦੇ ਨਹੀਂ ਸੌਂਦੀ। ਪਤਾ ਨਹੀਂ ਮਾਂ ਕਿਹੜੀ ਮਿੱਟੀ ਦੀ ਬਣੀ ਹੋਈ ਹੈ। ਆਪਣੀ ਪੇਟੀ ਨੂੰ ਜਿੰਦਾ ਲਾ ਕੇ ਰੱਖਦੀ ਹੈ। ਉਹਦੇ ਦੋ-ਤਿੰਨ ਟਰੰਕ ਹੈ। ਸਾਰਿਆਂ ਨੂੰ ਜਿੰਦਾ ਲਾ ਕੇ ਰੱਖਦੀ ਹੈ। ਇਹੀ ਉਹਦੀ ਸਲਤਨਤ ਹੈ। ਜਦੋਂ ਪਿੰਡ ਦਾ ਘਰ ਵੇਚਿਆ ਤਾਂ ਕਾਫੀ ਪੈਸੇ ਉਹਦੀ ਕਾਪੀ ਵਿਚ ਜ਼ਮਾ ਕਰ ਦਿੱਤੇ। ਉਹ ਹੌਸਲੇ ਵਿਚ ਹੈ। ਇਕ ਦਿਨ ਸਫ਼ਾਈ ਕਰਨ ਲਈ ਟਰੰਕ ਇਧਰ ਉਧਰ ਕਰਨੇ ਸਨ ਤਾਂ ਟਰੰਕ ਚੁੱਕ ਨਾ ਹੋਣ, ਮੈਂ ਕਿਹਾ, "ਮੰਮੀ ਇਨ੍ਹਾਂ ਟਰੰਕਾ ਵਿਚ ਇੱਟਾ ਪਾਈਆਂ ਹੋਈਆਂ ਨੇ, ਜਿਹੜੇ ਐਨੇ ਭਾਰੇ ਆ?" ਉਹ ਕਹਿੰਦੀ, "ਨਾ ਇਹਨਾਂ ਵਿਚ ਕੀ ਹੋਣਾ ਆ, ਕੱਪੜੇ ਈ ਆ।" ਮੈਂ ਸੋਚਦਾ ਹਾਂ ਸਾਇਦ ਇਹ ਟਰੰਕ ਤੇ ਪੇਟੀ ਦਾ ਸਮਾਨ ਹੀ ਉਹਨੂੰ ਸ਼ਕਤੀ ਦਿੰਦਾ ਹੋਵੇ। ਚਾਹੇ ਉਨ੍ਹਾਂ ਵਿਚ ਕੱਪੜੇ ਹੀ ਹਨ। ਹਾਂ ਕੱਪੜਿਆਂ ਦੇ ਨਾਲ ਮਾਂ ਵੱਲੋਂ ਹੱਥ ਨਾਲ ਬਣਾਈਆਂ ਹੋਈਆਂ ਦਰੀਆਂ ਹਨ। ਖੇਸੀਆਂ ਹਨ। ਮਾਂ ਨੇ ਪਿੰਡ ਦਰੀਆਂ ਬੁਣਨ ਵਾਲਾ ਅੱਡਾ ਲਾਇਆ ਹੋਇਆ ਸੀ। ਜਿਥੇ ਉਹ ਦਰੀਆਂ, ਖੇਸ ਬੁਣਦੀ ਹੁੰਦੀ ਸੀ। ਮਾਂ ਨਾਲੀ-ਡਿੱਬ (ਜਿਹੜੀ ਡਿੱਬ ਉਹ ਸਤਲੁੱਜ ਦਰਿਆ ਦੇ ਕੰਡਿਓ ਤੁਰ ਕੇ ਲੈ ਆਉਂਦੀ ਸੀ) ਦੇ ਛਿੱਕੂ, ਬੋਹੀਏ, ਛਾਬੇ ਬਹੁਤ ਵਧੀਆਂ ਤਿਆਰ ਕਰਦੀ। ਮੰਜਾ ਬੁਣਨ ਲਈ ਸ਼ਰੀਕੇ ਦੇ ਉਹਦੇ ਕੋਲ ਆਉਂਦੇ। ਉਹਦੇ ਹੱਥਾਂ ਵਿਚ ਬੜੀ ਕਲਾ ਹੈ। ਦਰੀਆਂ ਖੇਸ ਤੇ ਝੋਲਿਆਂ ਉੱਤੇ ਫੁੱਲ ਬੂਟੇ ਤੇ ਡਿਜਾਇਨ ਬਹੁਤ ਵਧੀਆ ਪਾਉਂਦੀ। ਚੁੱਲ੍ਹੇ ਭੱਠੀਆਂ ਬੜੀ ਰੀਝ ਨਾਲ ਬਣਾਉਂਦੀ।

ਮਾਂ ਦੀ ਉਮਰ ਹੁਣ ਸੱਠ ਦੇ ਨੇੜੇ ਹੋਵੇਗੀ। ਉਹਦੀ ਲੰਮੀ ਰਿਸ਼ਤੇਦਾਰੀ ਨਹੀਂ ਹੈ। ਉਹ ਘਰ ਹੀ ਰਹਿੰਦੀ ਹੈ। ਇਥੇ ਹੀ ਖੁਸ਼ ਰਹਿੰਦੀ ਹੈ। ਰਿਸ਼ਤੇਦਾਰੀ ਵਿਚ ਜਾ ਕੇ ਉਹਦੇ ਮਨ ਦੀ ਅਵਸਥਾ ਠੀਕ ਨਹੀਂ ਰਹਿੰਦੀ। ਮੈਂ ਚਾਹੁੰਦਾ ਹਾਂ ਉਹ ਵਧੇਰੇ ਸਮਾਂ ਘਰ ਹੀ ਰਹੇ। ਜਦੋਂ ਕਦੇ ਮੈਨੂੰ ਲੱਗਦਾ ਹੈ ਕਿ ਉਹ ਉਦਾਸ ਉਦਾਸ ਹੈ ਤਾਂ ਕਹਿ ਦਿੰਦਾ ਹਾਂ ਜਾਹ ਬੀਨਾ ਨੂੰ ਮਿਲ ਆ, ਭੂਆ ਦੇ ਜਾ ਆ, ਆਪਣੀਆਂ ਭੈਣਾਂ ਦੇ ਚੱਕਰ ਮਾਰ ਆ।' ਜੇ ਉਹਦਾ ਮਨ ਕਰੇ ਤਾਂ ਚਲੇ ਜਾਂਦੀ ਹੈ ਨਹੀਂ ਨਾ ਨਹੀਂ। ਮਾਂ ਧਾਰਮਿਕ ਬਿਰਤੀ ਵਾਲੀ ਨਹੀਂ ਹੈ। ਗੁਰਦੁਵਾਰਿਆਂ, ਮੰਦਰਾਂ, ਡੇਰਿਆਂ 'ਤੇ ਧਰਮ ਵਿਚ ਉਹਦਾ ਕੋਈ ਵਿਸ਼ਵਾਸ ਨਹੀਂ ਹੈ। ਸਿਮਰਨ, ਪਾਠ ਕਰਨਾ ਤਾਂ ਦੂਰ ਦੀ ਗੱਲ ਹੈ। ਕਦੇ ਕਦੇ ਮੈਂ ਕਹਿ ਦਿੰਦਾ ਹਾਂ ਜਾਹ ਸਤਸੰਗ ਸੁਣ ਆ। ਜੇ ਉਹਦਾ ਮੰਨ ਕਰੇ ਤਾਂ ਚਲੇ ਜਾਂਦੀ ਨਹੀਂ ਤਾਂ ਨਹੀਂ। ਹਾਲਾ ਕਿ ਮੇਰਾ ਇਨ੍ਹਾਂ ਕੰਮ ਵਿਚ ਰਤਾ ਵੀ ਵਿਸ਼ਵਾਸ ਨਹੀਂ। ਮੈਂ ਇਸ ਲਈ ਕਹਿ ਦਿੰਦਾ ਹਾਂ ਕਿ ਮਾਂ ਬਾਹਰ ਨਿਕਲੇ ਕੇ ਬੁੜੀਆਂ, ਕੁੜੀਆਂ ਨੂੰ ਮਿਲੇਗੀ। ਗੱਲਾਂ ਕਰੇਗੀ। ਉਹਦਾ ਮਨ ਹੋਰ ਪਾਸੇ ਪਏਗਾ। ਮਾਂ ਪਹਿਲਾਂ ਵੀ ਧਾਰਮਿਕ ਬਿਰਤੀ ਵਾਲੀ ਨਹੀਂ ਸੀ। ਵਿਆਹ ਤੋਂ ਬਾਅਦ ਉਹਨੂੰ ਦੁੱਖ ਹੀ ਐਨੇ ਮਿਲੇ ਕਿ ਉਹਦਾ ਧਾਰਮਿਕ ਗੱਲਾਂ ਤੋਂ ਮਨ ਉੱਠ ਗਿਆ। ਪੂਜਾ ਪਾਠ ਦਾ ਉਹਨੂੰ ਪਤਾ ਹੀ ਨਹੀਂ। ਮੇਰੀ ਮਾਂ ਦੁੱਖਾ ਦੀ ਪੰਡ ਹੈ। ਦੁੱਖਾ ਦੀ ਪੰਡ ਦੀ ਗੰਢ ਖੋਹਲਣ ਦਾ ਮੇਰਾ ਕਦੇ ਹੌਂਸਲਾ ਨਹੀਂ ਪਿਆ। ਆਪਣੇ ਅੰਦਰਲੇ ਦੁੱਖਾਂ ਕਰਕੇ ਹੀ ਸਾਇਦ ਉਹ ਕਦੇ ਕਦੇ ਡਿਪਰੈਸ਼ਨ ਵਿਚ ਆ ਜਾਂਦੀ ਹੈ। ਮੇਰੀ ਮਾਂ ਖੁੱਲ੍ਹੀ ਕਿਤਾਬ ਨਹੀਂ ਹੈ ਜਿਹਨੂੰ ਹਰ ਕੋਈ ਪੜ੍ਹ ਲਵੇ। ਉਹ ਖੁੱਲ੍ਹਦੀ ਨਹੀਂ ਹੈ। ਸ਼ਾਇਦ ਖੁੱਲਣਾ ਚਾਹੁੰਦੀ ਨਹੀਂ। ਮਾਂ ਆਪਣੇ ਦੁੱਖਾ ਦੀ ਪੰਡ ਆਪਣੇ ਹੀ ਸਿਰ ਚੁੱਕੀ ਫਿਰ ਰਹੀ ਹੈ। ਜਦੋਂ ਵਧੇਰੇ ਭਾਰ ਪੈ ਜਾਵੇ ਤਾਂ ਕਿਸੇ ਅੱਗੇ ਖੁੱਲ੍ਹਦੀ ਨਹੀਂ, ਆਪੇ ਹੀ ਆਪਣੇ ਅੰਦਰਲਾ ਦੁੱਖ ਪੀ ਲੈਂਦੀ ਹੈ। ਖ਼ਾਮੋਸ਼ ! ਇਕ ਦਮ ਖ਼ਾਮੋਸ਼ੀ ਦਾ ਜਜ਼ੀਰਾ ਲੱਗਦੀ ਹੈ ਮਾਂ। ਸਮੁੰਦਰ ਵਾਂਗ ਉਪਰੋਂ ਸ਼ਾਂਤ ਅੰਦਰ ਬਹੁਤ ਹਲਚਲ।

**ਪਤਾ 144-ਬੀ, ਟਾਵਰ ਟਾਊਨ, ਜਲੰਧਰ-144014, ਮੋਬਾਇਲ-94170-64350**

## ਵੱਡਾ ਰੁੱਖ / ਜਿੰਦਰ

ਅਸੀਂ ਡਰਾਇੰਗ ਰੂਮ 'ਚ ਬੈਠੇ ਹਾਂ। ਮੈਂ, ਮਿਸਿਜ਼ ਤੇ ਮੈਥੋਂ ਵੱਡੀ ਭੈਣ ਬਖ਼ਸ਼ੋ। ਗੱਲਾਂ 'ਚ ਵਾਰ-ਵਾਰ ਬੀਬੀ ਦਾ ਜ਼ਿਕਰ ਆ ਰਿਹਾ ਹੈ। ਹਰੇਕ ਕੰਮ ਵੇਲੇ ਉਸ ਦੀ ਯਾਦ ਆਉਂਦੀ ਹੁੰਦੀ ਹੈ। ਹਰ ਫਕੰਕਸ਼ਨ 'ਤੇ ਉਸ ਨੂੰ ਯਾਦ ਕੀਤਾ ਜਾਂਦਾ ਹੈ। ਜਦੋਂ ਉਸ ਦੇ ਸਰੀਰ ਨੂੰ ਅੱਗ ਦਿਖਾਈ ਗਈ ਸੀ ਤਾਂ ਮੇਰਾ ਵੱਡਾ ਬੇਟਾ ਸ਼ਿਵ ਚੀਕਾਂ ਮਾਰ-ਮਾਰ ਕੇ ਰੋਇਆ ਸੀ। ਸਾਰੇ ਹੈਰਾਨ ਸਨ ਕਿ ਸ਼ਿਵ ਆਪਣੀ ਦਾਦੀ ਨੂੰ ਐਨਾ ਪਿਆਰ ਕਰਦਾ ਸੀ। ਹੁਣ ਅਸੀਂ ਸਾਰੇ ਉਹਨੂੰ ਯਾਦ ਕਰਕੇ ਕਰਕੇ ਰੋਂਦੇ ਹਾਂ। ਸਾਡੇ ਪਰਿਵਾਰ 'ਚ ਚਾਰ ਕਮਰਿਆਂ 'ਚ ਉਸ ਦੀ ਫੋਟੋ ਲੱਗੀ ਹੈ।

ਮੈਨੂੰ ਲੱਗਦਾ ਹੈ ਕਿ ਬੀਬੀ ਦੇ ਜਾਣ ਮਗਰੋਂ ਮੇਰੇ ਸਰੀਰ ਦਾ ਇਕ ਹਿੱਸਾ ਮਰ ਗਿਆ ਹੈ। ਮੈਂ ਪਹਿਲਾਂ ਜਿੰਨਾ ਐਕਟਿਵ ਨਹੀਂ ਰਿਹਾ। ਮੈਂ ਹਰ ਰੋਜ਼ ਉਸ ਨੂੰ ਯਾਦ ਕਰਦਾ ਹਾਂ। ਮਿਸਿਜ਼ ਮੇਰੇ ਬਾਰੇ ਹੈਰਾਨ ਹੁੰਦੀ ਹੋਈ ਕਹਿੰਦੀ ਹੈ, "ਜਦੋਂ ਉਹ ਜਿਊਂਦੀ ਸੀ ਤੁਸੀਂ ਉਹਦੀ ਪ੍ਰਵਾਹ ਨ੍ਹੀਂ ਕੀਤੀ। ਦੱਸੋ-ਕਦੇ ਉਸ ਦੀ ਕੋਈ ਗੱਲ ਮੰਨੀ ਸੀ। ਕਦੇ ਉਸ ਦੀਆਂ ਲੱਤਾਂ-ਬਾਹਾਂ ਘੁਟੀਆ ਸੀ। ਹੁਣ ਤੁਹਾਨੂੰ ਕੀ ਹੋ ਗਿਆ?" ਮੈਨੂੰ ਆਪ ਨੂੰ ਪਤਾ ਨਹੀਂ ਲੱਗਦਾ। ਮੇਰਾ ਰਹਿ-ਰਹਿ ਕੇ ਮਨ ਭਰ ਆਉਂਦਾ ਹੈ। ਮੈਂ ਆਪਣੇ ਆਪ ਨੂੰ ਊਣਾ-ਊਣਾ ਮਹਿਸੂਸ ਕਰਦਾ ਹਾਂ। ਆਪਣੇ ਬੇਟਿਆਂ ਨੂੰ ਦੱਸਦਾ ਹਾਂ, "ਮਾਂ ਜਿਹਾ ਪਵਿੱਤਰ ਰਿਸ਼ਤਾ ਕੋਈ ਹੋਰ ਨ੍ਹੀਂ ਹੋ ਸਕਦਾ।"

ਛੋਟਾ ਬੇਟਾ ਸੈਫੀ ਐਲਸੀਡੀ 'ਤੇ ਪਿੰਨ-ਡਰਾਈਵ ਲਾ ਦਿੰਦਾ ਹੈ। ਡਾ. ਸਤਿੰਦਰ ਸਰਤਾਜ ਦੀ ਆਵਾਜ਼ ਆਉਂਦੀ ਹੈ :

ਦੂਰੋਂ ਬੈਠ ਦੁਆਵਾਂ ਕਰਦੀ ਅੰਮੀ ਏਂ,
ਦੁੱਖ ਸਾਡੇ ਲੇਖਾਂ ਦੇ ਜਰਦੀ ਅੰਮੀ ਏਂ

..................................

ਸਾਨੂੰ ਨਾ ਕੁਝ ਹੋ ਜਾਏ, ਡਰਦੀ ਅੰਮੀ ਏਂ।

ਮੈਂ, ਮਿਸਿਜ਼ ਤੇ ਬਖ਼ਸ਼ੋ ਰੋ ਰਹੇ ਹਾਂ। ਗੀਤ ਖਤਮ ਹੋ ਜਾਂਦਾ ਹੈ। ਬਖ਼ਸ਼ੋ ਮੈਨੂੰ ਚੁੱਪ ਕਰਾਉਂਦੀ ਹੈ, "ਉਹਨੇ ਜਾਣਾ ਹੀ ਸੀ। ਉਸ ਦਾ ਸਾਡੇ ਨਾਲ ਐਨਾ ਕੁ ਹੀ ਸੰਬੰਧ ਸੀ।" ਮੈਨੂੰ ਚੁੱਪ ਕਰਾਉਂਦੀ-ਕਰਾਉਂਦੀ ਉਹ ਆਪ ਉੱਚੀ-ਉੱਚੀ ਰੋਣ ਲੱਗ ਪੈਂਦੀ ਹੈ। ਮਿਸਿਜ਼ ਪਾਣੀ ਦੇ ਗਿਲਾਸ ਮਲੋਜ਼ੋਰੀ ਪਿਲਾਉਂਦੀ ਹੋਈ ਦੱਸਦੀ ਹੈ, "ਐਨਾ ਤਾਂ ਮੈਂ ਆਪਣੀ ਮਾਂ ਮਰੀ 'ਤੇ ਵੀ ਨ੍ਹੀਂ ਰੋਈ ਸੀ।....ਮੈਨੂੰ ਤਾਂ ਰਹਿ ਰਹਿ ਕੇ ਰੋਣਾ ਆਉਂਦਾ। ਤੁਹਾਡਾ ਭਰਾ ਅੰਦਰ ਵੜ ਕੇ ਰੋਂਦਾ।...ਸ਼ਿਵ ਕਹਿੰਦਾ ਕਿ ਉਸ ਨੂੰ ਬੀਬੀ ਚਿੱਟੇ ਫੰਭਇਆਂ ਦੇ ਰੂਪ 'ਚ ਦਿੱਸਦੀ ਆ...ਉਹ ਬੀਬੀ ਦੀ ਘਾਟ ਕਿੰਨੀ ਮਹਿਸੂਸ ਕਰਦਾ-ਇਹ ਉਹੀ ਜਾਣਦਾ। ਉਹ ਇਸ ਘਰ ਦੀ ਬਹੁਤ ਵੱਡੀ ਤਾਕਤ ਸੀ। ਉਹਦੇ ਜਾਣ ਨਾਲ ਇਹ ਘਰ ਪਹਿਲਾ ਜਿਹਾ ਨ੍ਹੀਂ ਰਿਹਾ। ਉਹ ਭਾਵੇਂ ਸਿਰੇ ਦੀ ਅੜਬ ਸੀ ਪਰ ਉਸਨੇ ਸਾਰੇ ਘਰ ਨੂੰ ਬੰਨ ਕੇ ਰੱਖਿਆ ਸੀ। ਜਿਹੜਾ ਕੰਮ ਪ੍ਰੇਮ-ਪਿਆਰ ਨਾਲ ਨ੍ਹੀਂ ਹੁੰਦਾ ਸੀ-ਉਹ ਲੜ-ਝਗੜ ਕੇ ਕਰਵਾ ਲੈਂਦੀ ਸੀ। ਮਰਣ ਤੋਂ ਦੋ ਦਿਨ ਪਹਿਲਾਂ ਦੀ ਗੱਲ ਆ। ਮੈਂ ਗੁਰਦਵਾਰੇ ਚਲੀ ਸੀ। ਉਹਨੇ ਮਲੋਜ਼ੋਰੀ ਆਪਣਾ ਬਟੂਵਾ ਫੜਾ ਕੇ ਕਿਹਾ ਸੀ-'ਲੈ ਇਹਨੂੰ ਸੰਭਾਲ ਲੈ। ਇਹ ਮੇਰੇ ਕੰਮ ਦਾ ਨ੍ਹੀਂ ਰਿਹਾ।' ਉਹਨੂੰ ਆਪਣੀ ਮੌਤ ਦਾ ਗਿਆਨ ਹੋ ਗਿਆ ਸੀ। ਸਾਡੀ ਬੀਬੀ ਜਿਹੀ ਕਿਸੇ ਨੇ ਨ੍ਹੀਂ ਬਣ ਜਾਣਾ। ਇਹ ਤਾਂ ਮੈਨੂੰ ਪਤਾ ਕਿ ਮੈਂ ਉਸ ਬਿਨਾਂ ਕਿੰਨੀ ਇਕੱਲੀ ਰਹਿ ਗਈ ਆਂ....।"



***

ਪਿਛਲੇ ਸਾਲ ਦੀ ਗੱਲ ਸੀ। ਮਿਸਿਜ਼ ਪਿੰਡੋਂ ਆਈ ਸੀ। ਪਾਸੇ 'ਚ ਵਿਆਹ ਸੀ। ਮੈਥੋਂ ਤਾਂ ਜਾ ਨਹੀਂ ਹੋਇਆ ਸੀ। ਉਹ ਗਈ ਸੀ। ਮੈਂ ਉਹਨੂੰ ਪੁੱਛਿਆ ਸੀ, "ਪਿੰਡ ਦੀ ਕੋਈ ਨਵੀਂ ਗੱਲਬਾਤ?"

ਉਸ ਦਸਿਆ ਸੀ, "ਆਪਣੀ ਗੁਆਂਢਣ ਗੁਰਜੀਤ ਮਿਲੀ ਸੀ। ਦੱਸਦੀ ਸੀ ਕਿ ਕਲ੍ਹ ਤੜਕੇ ਬੀਬੀ ਉਸਨੂੰ ਸੁਪਨੇ 'ਚ ਦਿੱਸੀ ਸੀ। ਬੀਬੀ ਉਸਦੇ ਅੱਗੇ ਬਹੁਤ ਰੋਈ ਸੀ। ਕਹਿੰਦੀ ਸੀ ਕਿ ਉਸ ਨੇ ਗੁਰਜੀਤ ਨੂੰ ਧਰਮ ਦੀ ਧੀ ਬਣਾਇਆ ਸੀ। ਗੁਰਜੀਤ ਨੂੰ ਕਿਹਾ ਹੋਇਆ ਸੀ ਕਿ ਉਸਦਾ ਅੰਤਿਮ ਸੰਸਕਾਰ ਪਿੰਡ ਹੀ ਕੀਤਾ ਜਾਵੇ। ਗੁਰਜੀਤ ਨੇ ਆਪਣਾ ਧਰਮ ਨ੍ਹੀਂ ਨਿਭਾਇਆ ਸੀ। ਫੇਰ ਬੀਬੀ ਦੁਹਥੜ ਮਾਰ ਕੇ ਇੱਕ ਪਾਸੇ ਨੂੰ ਡਿੱਗ ਪਈ ਸੀ...ਗੁਰਜੀਤ ਕਿੰਨਾ ਚਿਰ ਰੋਂਦੀ ਰਹੀ ਸੀ।" ਕਿਸੇ ਹੋਰ ਦਿਨ ਗੁਰਜੀਤ ਨੇ ਟੈਲੀਫੋਨ ਤੇ ਦੱਸਿਆ ਸੀ, "ਚਾਚੀ ਦਾ ਮੈਨੂੰ ਬਹੁਤ ਆਸਰਾ ਸੀ। ਉਹ ਹੁੰਦੀ ਸੀ ਤਾਂ ਮੈਂ ਉਹਨੂੰ ਘਰੇ ਬੈਠਾ ਕੇ ਕਿਤੇ ਵੀ ਜਾ ਆਉਂਦੀ ਸੀ। ਇਕ ਦਿਨ ਚਾਚੀ ਬਾਰੇ ਸੋਚਦਿਆਂ-ਸੋਚਦਿਆਂ ਮੇਰੀ ਅੱਖ ਲੱਗ ਗਈ। ਚਾਚੀ ਨੇ ਮੈਨੂੰ ਕਿਹਾ, "ਤੂੰ ਘਰ ਦਾ ਫਿਕਰ ਨਾ ਕਰਿਆ ਕਰ। ਜਦੋਂ ਤੂੰ ਕਿਤੇ ਗਈ ਹੁਨੀ ਆਂ ਮੈਂ ਵਿਹੜੇ 'ਚ ਪੀਹੜੀ ਡਾਹ ਕੇ ਬੈਠੀ ਰਹਿਣੀ ਆਂ।"

****

ਮੈਂ ਆਪਣੇ ਬੈੱਡ ਦੇ ਪਿਛਾਂਹ ਨੂੰ ਢੋਅ ਲਾ ਕੇ ਬੈਠਾ ਹਾਂ। ਮੇਰੇ ਬਿਲਕੁਲ ਸਾਹਮਣੇ ਬੀਬੀ ਦੀ ਫੋਟੋ ਲੱਗੀ ਹੋਈ ਹੈ। ਮੈਂ ਉਸ ਵੱਲ ਸਿੱਧਾ ਹੀ ਦੇਖਦਾ ਹਾਂ। ਮੈਨੂੰ ਐਦਾਂ ਲੱਗਦਾ ਹੈ ਕਿ ਜਿਵੇਂ ਉਹ ਕਹਿ ਰਹੀ ਹੋਵੇ, "ਹੁਣ ਪਤਾ ਲੱਗਾ ਕਿ ਮਾਂ ਕੀ ਹੁੰਦੀ ਆ। ਜੇ ਕਿਸੇ ਰਿਸ਼ਤੇ ਦੀ ਆਂਦਰਾਂ ਦੀ ਸਾਂਝ ਹੁੰਦੀ ਆ ਤਾਂ ਉਹ ਮਾਂ ਹੀ ਹੁੰਦੀ ਆ। ਤੂੰ ਮੇਰੀ ਪ੍ਰਵਾਹ ਨ੍ਹੀਂ ਕਰਦਾ ਸੀ। ਮੈਨੂੰ ਟਿਚ ਕਰਕੇ ਨ੍ਹੀਂ ਜਾਣਦਾ ਸੀ। ਤੈਨੂੰ ਯਾਦ ਆ ਕਿ ਨ੍ਹੀਂ। ਇਕ ਵਾਰ ਤੂੰ ਪਿੰਡ ਆਇਆ ਸੀ। ਮੈਨੂੰ ਬੁਖ਼ਾਰ ਚੜ੍ਹਿਆ ਹੋਇਆ ਸੀ। ਤੂੰ ਮੈਨੂੰ ਦਵਾਈ ਤਾਂ ਕੀ ਲੈ ਕੇ ਦੇਣੀ ਸੀ-ਸ਼ਾਮ ਨੂੰ ਜਲੰਧਰ ਮੁੜ ਗਿਆ ਸੀ। ਦੂਜੇ ਸ਼ਨੀਵਾਰ ਆਇਆ ਤਾਂ ਤੈਨੂੰ ਬੁਖ਼ਾਰ ਚੜ੍ਹ ਗਿਆ ਸੀ। ਮੈਂ ਸਾਰੀ ਰਾਤ ਤੇਰੇ ਮੱਥੇ 'ਤੇ ਪੱਟੀਆਂ ਰੱਖਦੀ ਰਹੀ। ਕਈ ਗੱਲਾਂ ਦੀ ਸਾਨੂੰ ਸਾਰੀ ਉਮਰ ਸਮਝ ਨ੍ਹੀਂ ਲੱਗਦੀ। ਜਿਦਾਂ-ਜਿਦਾਂ ਸਮਾਂ ਬੀਤਦਾ ਜਾਊਗਾ-ਤੂੰ ਮੇਰੀ ਲੋੜ ਨੂੰ ਉੱਨਾ ਹੀ ਜ਼ਿਆਦਾ ਮਹਿਸੂਸ ਕਰੇਂਗਾ।"

ਮਿਸਿਜ਼ ਆਪਣੇ ਆਪ ਨਾਲ ਸਲਾਹੀ ਪਈ ਹੋਈ ਹੈ, "ਬੀਬੀ ਦੇ ਜਾਣ ਤੋਂ ਬਾਅਦ ਮੈਨੂੰ ਐਦਾਂ ਲੱਗਦਾ ਜਿਵੇਂ ਮੇਰੇ ਲਈ ਕੋਈ ਕੰਮ ਹੀ ਨ੍ਹੀਂ ਰਿਹਾ। ਉਹ ਸੀ ਤਾਂ ਮੈਂ ਕੰਮਾਂ 'ਚ ਰੁੱਝੀ ਰਹਿੰਦੀ ਸੀ। ਪਤਾ ਲੈਣ ਵਾਲੇ ਆਏ ਰਹਿੰਦੇ ਸੀ। ਇੱਕ ਜਾਂਦਾ ਤਾਂ ਦੋ ਆ ਜਾਂਦੇ ਸੀ। ਹੁਣ ਕੋਈ ਇੱਧਰ ਨੂੰ ਮੂੰਹ ਨ੍ਹੀਂ ਕਰਦਾ। ਮੈਂ ਤਾਂ ਅਜੇ ਮੁੰਡੇ ਵਿਆਹੁਣੇ ਆ। ਮੈਂ ਕਿਹਦੇ ਨਾਲ ਸਲਾਹ ਕਰੂੰਗੀ। ਮੇਰੇ ਲਈ ਤਾਂ ਉਹ ਵੱਡਾ ਰੁੱਖ ਸੀ। ਜੇ ਉਹ ਹੁੰਦੀ ਤਾਂ ਉਹਨੇ ਕਈ ਵਾਰ ਰੁਸਣਾ ਸੀ। ਮੰਨਣਾ ਸੀ...।"

ਬੀਬੀ ਨੂੰ ਇਸ ਦੁਨੀਆਂ ਤੋਂ ਗਿਆਂ ਸਵਾ ਸਾਲ ਹੋ ਗਿਆ ਹੈ। ਪਰ ਮੈਨੂੰ ਵਿਸ਼ਵਾਸ ਹੀ ਨਹੀਂ ਆਉਂਦਾ ਕਿ ਉਹ ਸੱਚੀ ਮੁੱਚੀ ਚਲੀ ਗਈ ਹੈ। ਮੈਂ ਉਸ ਥਾਂ ਵੱਲ ਦੇਖਦਾ ਹਾਂ ਜਿੱਥੇ ਉਸ ਦਾ ਮੰਜਾ ਪਿਆ ਹੁੰਦਾ ਸੀ। ਮੇਰੇ ਕਮਰੇ ਦੇ ਅੱਗੇ ਡਰਾਇੰਗ ਰੂਮ ਨੁਮਾ ਕਮਰਾ ਪੈਂਦਾ ਹੈ। ਇੱਥੇ ਹੀ ਉਸ ਦਾ ਮੰਜਾ ਹੁੰਦਾ ਸੀ। ਉਸ ਲਈ ਉਠਣਾ ਬੈਠਣਾ ਔਖਾ ਹੋ ਗਿਆ ਸੀ। ਪਰ ਜ਼ਬਾਨ ਦਾ ਗੜਕਾ ਜਿਉਂ ਦਾ ਤਿਉਂ ਸੀ। ਕੀ ਮਜਾਲ ਸੀ ਕਿ ਉਹ ਰਤੀ ਭਰ ਵੀ ਝੁਕੀ ਹੋਵੇ। ਜਿਸ ਚੀਜ਼ ਦੀ ਮੰਗ ਕਰਦੀ ਸੀ, ਮਿਸਿਜ਼ ਉਸ ਵੇਲੇ ਹਾਜ਼ਿਰ ਕਰਦੀ ਸੀ। ਉਹ ਬੀਬੀ ਕੋਲੋਂ ਐਦਾਂ ਡਰਦੀ ਸੀ ਜਿਵੇਂ ਕਾਂ ਧੁਨਖੀ ਤੋਂ ਡਰਦਾ ਹੈ। ਇਹੀ ਹਾਲ ਬਾਕੀ ਪਰਿਵਾਰ ਦਾ ਸੀ।

"ਆਪਾਂ ਨੂੰ ਬੀਬੀ ਦਾ ਸੰਸਕਾਰ ਪਿੰਡ ਹੀ ਕਰਨਾ ਚਾਹੀਦਾ ਸੀ," ਮਿਸਿਜ਼ ਕਹਿੰਦੀ ਹੈ, "ਉਨ੍ਹਾਂ ਮੈਨੂੰ

ਵੀ ਕਿਹਾ ਸੀ ਕਿ ਉਹਨਾਂ ਦੇ ਸੰਗੀ ਸਾਥੀਆਂ ਦਾ ਸੰਸਕਾਰ ਪਿੰਡ ਵਿੱਚ ਹੋਇਆ ਸੀ। ਉਹ ਕਹਿੰਦੇ ਸੀ ਜੇ ਉਹਨਾਂ ਦਾ ਸੰਸਕਾਰ ਇੱਥੇ ਕੀਤਾ ਤਾਂ ਉਹ ਇਕੱਲੇ ਰਹਿ ਜਾਣਗੇ...ਮੈਂ ਉਥੇ ਹੀ ਮਰਨਾ ਚਾਹੁੰਦੀ ਆਂ ਜਿੱਥੇ ਮੈਂ ਵਿਆਹੀ ਆਈ ਸੀ...ਪਰ ਤੁਸੀਂ ਕਿਸੇ ਦੀ ਗੱਲ ਹੀ ਨ੍ਹੀਂ ਸੁਣੀ। ਦੋ-ਤਿੰਨ ਗੱਡੀਆਂ 'ਚ ਸਾਰਿਆਂ ਨੇ ਚਲੇ ਜਾਣਾ ਸੀ...।" ਮੈਂ ਮਿਸਿਜ਼ ਦੀ ਕਿਸੇ ਗੱਲ ਦਾ ਕੋਈ ਜੁਆਬ ਨਹੀਂ ਦਿੰਦਾ। ਸੋਚਦਾ ਹਾਂ ਕਿ ਬੀਬੀ ਐਡੀ ਛੇਤੀ ਕਿਉਂ ਚਲੀ ਗਈ ਸੀ। ਗਰਮੀਆਂ 'ਚ ਵੀ ਉਹ ਬਹੁਤ ਜ਼ਿਆਦਾ ਬੀਮਾਰ ਹੋ ਗਈ ਸੀ। ਇੱਕ ਵਾਰ ਤਾਂ ਉਸ ਐਲਾਨ ਹੀ ਕਰ ਦਿੱਤਾ ਸੀ ਕਿ ਹੁਣ ਉਸ ਦਾ ਅੰਤ ਆ ਗਿਆ ਹੈ। ਉਹਨੇ ਆਪਣੇ ਹੱਥੀਂ ਦਾਨ ਪੁੰਨ ਕਰਨਾ ਸ਼ੁਰੂ ਕਰ ਦਿੱਤਾ ਸੀ। ਗਾਈਆਂ ਨੂੰ ਪੱਠੇ ਪੁਆਏ ਸਨ। ਸਾਂਨ ਨੂੰ ਗੁੜ ਚਾਰਿਆ ਸੀ। ਮਿਸਿਜ਼ ਨੂੰ ਪੰਡਤ ਕੋਲ ਭੇਜਿਆ ਸੀ। ਵਗਦੇ ਪਾਣੀ 'ਚ ਸਤਨਾਜਾ ਤੇ ਸੁੱਕਾ ਨਾਰੀਅਲ ਸੁੱਟਵਾਇਆ ਸੀ। ਆਪਣੇ ਗੁਰੂ ਨਾਲ ਲਿਵ ਲਾ ਲਈ ਸੀ। ਘਰ 'ਚ ਮੈਂ ਇਕੱਲਾ ਹੀ ਸੀ ਜਿਹੜਾ ਜ਼ੋਰ ਨਾਲ ਕਹਿੰਦਾ ਸੀ, "ਬੀਬੀ ਅਜੇ ਕਿਤੇ ਨ੍ਹੀਂ ਚੱਲੀ। ਮੇਰੇ ਨਾਲ ਭਾਵੇਂ ਕੋਈ ਸ਼ਰਤ ਲਾ ਲਵੋ।" ਮੇਰਾ ਕਿਹਾ ਸੱਚ ਹੋਇਆ ਸੀ। ਅਸੀਂ ਬੀਬੀ ਦੀ ਸਕੈਨਿੰਗ, ਬਲੱਡ ਤੇ ਯੂਰੀਨਲ ਟੈਸਟ ਕਰਵਾਇਆ ਸੀ। ਕੋਈ ਬੀਮਾਰੀ ਨਹੀਂ ਨਿਕਲੀ ਸੀ। ਬੱਸ, ਉਮਰ ਜ਼ਿਆਦਾ ਹੋਣ ਕਰਕੇ ਪਾਚਨ ਨਾੜੀਆਂ 'ਚ ਕਮਜ਼ੋਰੀ ਆ ਗਈ ਸੀ। ਮਿਸਿਜ਼ ਨੇ ਬੀਬੀ ਦੀ ਖੁਰਾਕ ਬਦਲ ਦਿੱਤੀ ਸੀ। ਦਿਨਾਂ 'ਚ ਹੀ ਬੀਬੀ ਠੀਕ ਠਾਕ ਹੋ ਗਈ ਸੀ। ਉਸ ਨੂੰ ਖਾਧਾ ਪੀਤਾ ਵੀ ਪਚਨ ਲੱਗ ਪਿਆ ਸੀ। ਫਰਕ ਸਿਰਫ਼ ਏਨਾ ਕੁ ਆਇਆ ਸੀ ਕਿ ਉਹ ਉਨ੍ਹਾਂ ਚੀਜ਼ਾਂ ਨੂੰ ਜ਼ਿਆਦਾ ਖਾਣ ਲੱਗੀ ਸੀ ਜਿਨ੍ਹਾਂ ਨੂੰ ਉਸ ਸਾਰੀ ਉਮਰ ਖਾਧਾ ਨਹੀਂ ਸੀ। ਉਸ ਦੇ ਸਿਰਹਾਣੇ ਵਾਲੇ ਪਾਸੇ ਪਏ ਛੋਟੇ ਜਿਹੇ ਮੇਜ਼ 'ਤੇ ਆਚਾਰ ਵਾਲਾ ਡੱਬਾ ਤੇ ਮੰਜੇ ਹੇਠਾਂ ਗੰਢਿਆਂ ਦੀ ਟੋਕਰੀ ਪਈ ਹੁੰਦੀ ਸੀ। ਉਸ ਦੇ ਮੂੰਹ ਦਾ ਸੁਆਦ ਖਰਾਬ ਹੁੰਦਾ ਤਾਂ ਉਹ ਆਚਾਰ ਦੀ ਫਾੜੀ ਮੂੰਹ 'ਚ ਪਾ ਕੇ ਚੰਗੋਲਦੀ ਰਹਿੰਦੀ ਸੀ। ਸਾਬਤੀ ਮਿਰਚ ਖਾ ਜਾਂਦੀ ਸੀ। ਕਹਿੰਦੀ ਸੀ, "ਮੇਰੇ ਢਿੱਡ ਵਿੱਚ ਗੋਲਾ ਜਿਹਾ ਆ। ਇਹ ਬਹੁਤ ਦਰਦ ਕਰਦਾ।" ਉਹ ਗਰਮ ਪਾਣੀ ਵਾਲੀ ਬੋਤਲ ਕੋਲ ਰੱਖਦੀ ਸੀ। ਜਦੋਂ ਦਰਦ ਜ਼ਿਆਦਾ ਹੀ ਵੱਧ ਜਾਂਦਾ ਸੀ ਤਾਂ ਗਰਮ ਬੋਤਲ ਨਾਲ ਉਸ ਨੂੰ ਆਰਾਮ ਮਿਲਦਾ ਸੀ। ਮੈਥੋਂ ਵੱਡੇ ਤਰਸੇਮ ਕੋਲੋਂ ਪਨੀਰ ਮੰਗਵਾ ਲੈਂਦੀ ਸੀ। ਮੈਂ ਉਸ ਦੀ ਭਾਰੀ ਖੁਰਾਕ ਦਾ ਵਿਰੋਧ ਕਰਦਾ ਸੀ ਕਿ ਉਸ ਕੋਲੋਂ ਭਾਰੀ ਚੀਜ਼ ਪਚਾ ਨਹੀਂ ਹੋਣੀ। ਪਰ ਉਸ ਤਾਂ ਉਹੀ ਕਰਨਾ ਹੁੰਦਾ ਸੀ ਜੋ ਉਸ ਦਾ ਮਨ ਕਹਿੰਦਾ ਸੀ। ਇਕ ਦਿਨ ਪਤਾ ਨਹੀਂ ਉਸ ਦੇ ਮਨ 'ਚ ਕੀ ਆਇਆ ਸੀ ਕਿ ਉਹ ਝੋਲਾ ਕੱਛ 'ਚ ਦੇ ਕੇ ਇਕੱਲੀ ਹੀ ਪਿੰਡ ਚਲੀ ਗਈ ਸੀ। ਦੋ ਦਿਨਾਂ ਬਾਅਦ ਇਕੱਲੀ ਹੀ ਮੁੜ ਆਈ ਸੀ। ਉਸ ਨੂੰ ਸਾਰੇ ਪਰਿਵਾਰ ਨਾਲ ਸ਼ਿਕਾਇਤ ਸੀ ਕਿ ਕੋਈ ਵੀ ਉਸ ਦੇ ਨਾਲ ਗਿਆ ਨਹੀਂ ਸੀ। ਦੋ ਕੁ ਹਫਤਿਆਂ ਬਾਅਦ ਪਿੰਡੋਂ ਗੁਰਜੀਤ ਦਾ ਫੋਨ ਆਇਆ ਸੀ ਕਿ ਘਰ 'ਚ ਚੋਰੀ ਹੋ ਗਈ ਸੀ। ਚੋਰ ਕਾਫੀ ਸਾਰਾ ਸਾਮਾਨ ਚੁੱਕ ਕੇ ਲੈ ਗਏ ਸਨ। ਬੀਬੀ ਨੇ ਵਿਹੜੇ 'ਚ ਬੈਠ ਕੇ ਵੈਣ ਪਾਏ ਸਨ, "ਜਿਹੜੇ ਮੇਰਾ ਸਾਮਾਨ ਚੁੱਕ ਕੇ ਲੈ ਗਏ ਉਨ੍ਹਾਂ ਦਾ ਕੱਖ ਨ੍ਹੀਂ ਰਹਿਣਾ...ਮੈਂ ਪੋਰਿਆ ਪੋਰਿਆ ਕਰਕੇ ਘਰ ਬੰਨ੍ਹਿਆ ਸੀ-ਉਹ ਵੀ ਲੁੱਟ ਕੇ ਲੈ ਗਏ...ਆਹ ਵੱਡੇ ਘਰਾਂ ਦੀਆਂ ਨੇ ਮੇਰੀ ਇੱਕ ਨ੍ਹੀਂ ਮੰਨੀ...ਮੈਂ ਕਲਪ ਕਲਪ ਕੇ ਹੰਭ ਗਈ-ਬਈ ਪਿੰਡ ਵਾਲਾ ਸਾਮਾਨ ਚੁੱਕ ਲਿਆਵੋ ਪਰ ਮੇਰੀ ਕਿਸੇ ਨੇ ਗੱਲ ਨ੍ਹੀਂ ਸੁਣੀ। ਇਨ੍ਹਾਂ ਨੂੰ ਬੈਠੀਆਂ ਬੈਠਾਈਆਂ ਨੂੰ ਸਭ ਕੁਸ਼ ਮਿਲ ਗਿਆ। ਜੇ ਮੇਰੇ ਵਾਂਗ ਤੀਲਾ ਤੀਲਾ ਕਰਕੇ ਆਲਣਾ ਬਣਾਇਆ ਹੁੰਦਾ ਤਾਂ ਇਹਨਾਂ ਨੂੰ ਪਤਾ ਹੁੰਦਾ ਨਿੱਕੀ ਤੋਂ ਨਿੱਕੀ ਚੀਜ਼ ਦੀ ਕਿੰਨੀ ਅਹਿਮੀਅਤ ਹੁੰਦੀ ਆ...ਸੁੱਖ ਇਹ ਵੀ ਨ੍ਹੀਂ ਪਾਉਣ ਲੱਗੀਆਂ।" ਉਸ ਦਿਨ ਤੋਂ ਬਾਅਦ ਉਹ ਮਨ ਛੱਡ ਬੈਠੀ ਸੀ। ਹੋਰ ਹੀ ਤਰ੍ਹਾਂ ਦੀਆਂ ਗੱਲਾਂ ਕਰਨ ਲੱਗੀ ਸੀ। ਫੇਰ ਕੁਝ ਦਿਨ ਬਾਅਦ ਪਹਿਲਾਂ ਜਿਹੀ ਹੋ ਗਈ ਸੀ। ਉਹਨੇ ਆਪਣੇ ਸਾਮਾਨ ਦੀ ਵੰਡ ਵੰਡਾਈ ਕਰ ਦਿੱਤੀ ਸੀ। ਕੰਨਾਂ ਦੀਆਂ ਵਾਲੀਆਂ ਆਪਣੀ ਪੋਤੀ ਨੂੰ ਦੇ ਦਿੱਤੀਆਂ ਸਨ। ਟੋਪਸ ਵੱਡੀ ਦੋਹਤੀ ਸੰਤੋਸ਼ ਨੂੰ। ਬੈਂਕ ਵਾਲੀ ਐਫ. ਡੀ. ਤੁੜਵਾ ਕੇ ਮਿਸਿਜ਼ ਨੂੰ ਪੈਸੇ ਦੇ ਦਿੱਤੇ ਸਨ।



ਕਿਹਾ ਸੀ, "ਧੀਏ-ਤੂੰ ਮੈਨੂੰ ਧੀ ਬਣ ਕੇ ਦਿਖਾ ਤਾ। ਤੂੰ ਬਹੁਤ ਸੁੱਖ ਪਾਏਂਗੀ। ਇਹ 'ਚੋਂ ਕਿਸੇ ਨੂੰ ਇਕ ਪੈਸਾ ਨਾ ਦਈਂ।" ਮਿਸਿਜ਼ ਨੇ ਕਿਹਾ ਸੀ, "ਵੱਡੀ ਨਾਰਾਜ਼ ਹੋ ਜਾਵੇਗੀ।" ਮਿਸਿਜ਼ ਨੇ ਉਸ ਦੇ ਪੈਸੇ ਨਹੀਂ ਫੜੇ ਸੀ। ਉਸ ਕਿਹਾ ਸੀ, "ਜਦੋਂ ਮੈਂ ਕਹਿਨੀ ਆਂ। ਤੂੰ ਕਿਉਂ ਡਰਦੀ ਆਂ। ਸੱਥਰ ਆਪਣੇ ਪਾਸੇ ਵੱਲ ਹੀ ਵਿਛਾਈਂ। ਆਹ ਜਿਹੜਾ ਕਰੀਮ ਕਲਰ ਦਾ ਸੂਟ ਤੂੰ ਮੈਨੂੰ ਲੈ ਕੇ ਦਿੱਤਾ ਸੀ, ਉਹ ਹੀ ਮੈਨੂੰ ਪੁਆ ਦੇਈਂ। ਮੇਰੇ ਜਾਣ ਪਿੱਛੋਂ ਬਹੁਤਾ ਇਕੱਠ ਨਾ ਕਰੀਂ। ਹਰਜਿੰਦਰ ਨੂੰ ਸਮਝਾਈਂ। ਮੈਨੂੰ ਪਤਾ ਉਸ ਮੰਨਣਾ ਨ੍ਹੀਂ। ਉਹਦਾ ਸੁਭਾਅ ਮੇਰੇ ਵਰਗਾ। ਉਹਨੇ ਪੈਸੇ ਲਾਉਣ ਲੱਗਿਆਂ ਸੀ ਨ੍ਹੀਂ ਕਰਨੀ। ਬਿਲਗੇ ਫੂਨ ਕਰੀਂ। ਜਦੋਂ ਦੀ ਮੈਂ ਮੰਜੇ 'ਤੇ ਪਈ ਆਂ-ਚੂੜ ਸਿਉਂ ਇੱਕੋ ਵਾਰ ਪਤਾ ਲੈਣ ਆਇਆ। ਜਾਂਦਾ ਹੋਇਆ ਮੈਨੂੰ ਜੱਫੀ ਪਾ ਕੇ ਭੁੱਬੀਂ ਰੋ ਪਿਆ। ਮੈਂ ਉਹਨੂੰ ਪੁੱਤਾਂ ਵਾਂਗ ਪਾਲਿਆ ਸੀ। ਮੇਰੀ ਮਰੀ 'ਤੇ ਜਿਹੜਾ ਉਹ ਕੱਫਣ ਲਿਆਇਆ ਤਾਂ ਲੈਣੋਂ ਨਾਂਹ ਕਰ ਦਈਂ।...ਧੀਏ-ਤੂੰ ਮੈਨੂੰ ਧੀ ਬਣ ਕੇ ਦਿਖਾਤਾ। ਮੈਂ ਬਹੁਤ ਔਖੇ ਦਿਨ ਦੇਖੇ ਆ। ਮੇਰੀ ਸੱਸ ਮੈਨੂੰ ਕੁੱਟ ਦੇਂਦੀ ਸੀ। ਤੇਰਾ ਸਹੁਰਾ ਚੰਗਾ ਸੀ। ਐਵੇਂ ਮਾਂ ਦਾ ਚੁੱਕਿਆ ਹੋਇਆ ਮੈਨੂੰ ਮੰਦਾ ਚੰਗਾ ਬੋਲ ਜਾਂਦਾ ਸੀ। ਨ੍ਹੀਂ ਤਾਂ ਉਹਨੇ ਮੈਨੂੰ ਕਦੇ ਕੁਸ਼ ਨ੍ਹੀਂ ਕਿਹਾ। ਮੈਂ ਉੱਨੀ ਕਰਾਂ ਜਾਂ ਇੱਕੀ। ਉਹ ਮੇਰੀ ਹਾਂ 'ਚ ਹਾਂ ਮਿਲਾਉਂਦਾ ਸੀ। ਮੈਂ ਉਹਨੂੰ ਸਮਝ ਨ੍ਹੀਂ ਸਕੀ। ਬੰਦਾ ਪਿਛਲੀ ਉਮਰੇ ਬਹੁਤ ਕੁਝ ਸਿਖਦਾ...ਤੂੰ ਮੇਰਾ ਬੋਲਿਆ ਚੱਲਿਆ ਮਾਫ਼ ਕਰੀਂ। ਗੁੱਸੇ 'ਚ ਵੱਧ ਘੱਟ ਬੋਲ ਹੀ ਹੋ ਜਾਂਦਾ...ਘਰ ਬੰਨ੍ਹਣਾ ਬਹੁਤ ਔਖਾ..ਪਰਿਵਾਰ ਨੂੰ ਇਕੱਠਿਆਂ ਰੱਖਣਾ ਹੋਰ ਵੀ ਔਖਾ।" ਨੂੰਹ ਸੱਸ ਕਿੰਨਾ ਚਿਰ ਹਟਕੋਰੇ ਲੈ ਕੇ ਰੋਂਦੀਆਂ ਰਹੀਆਂ ਸਨ। ਫੇਰ ਬੀਬੀ ਨੇ ਮੰਜਾ ਮੱਲ ਲਿਆ ਸੀ। ਉਹ ਸਿਰਫ਼ ਉਸ ਵੇਲੇ ਹੀ ਉੱਠਦੀ ਸੀ ਜਦੋਂ ਉਸ ਬਾਥਰੂਮ ਜਾਣਾ ਹੁੰਦਾ ਸੀ। ਅੱਗੋਂ ਪਿਛੋਂ ਆਪਣਾ ਮੂੰਹ ਰਜਾਈ 'ਚ ਲਕੋਈ ਰੱਖਦੀ ਸੀ। ਘਰ ਦੇ ਜੀਆਂ ਨਾਲ ਸਲਾਹ ਮਸ਼ਵਰਾ ਕਰਨੋਂ ਹੱਟ ਗਈ ਸੀ। ਉਹਦੀ ਡਿੱਗਦੀ ਜਾਂਦੀ ਸਿਹਤ ਵੱਲ ਦੇਖ ਕੇ ਉਸ ਦਾ ਮੰਜਾ ਬਿਸਤਰਾ ਉਪਰ ਲੈ ਆਂਦਾ ਸੀ। ਇੱਕ ਦਿਨ ਚੰਡੀਗੜ੍ਹ ਤੋਂ ਆ ਰਿਹਾ ਸੀ ਕਿ ਮੈਨੂੰ ਤਰਸੇਮ ਦਾ ਫੋਨ ਆਇਆ ਸੀ, "ਕਿੱਥੇ ਆਂ?"

"ਘਰ ਦੇ ਨੇੜੇ ਹੀ ਆਂ। ਕੀ ਗੱਲ ਹੋ ਗਈ? ਬੀਬੀ ਠੀਕ ਆ?" ਮੈਨੂੰ ਘਬਰਾਹਟ ਹੋ ਗਈ ਸੀ।

"ਬੀਬੀ ਤੈਨੂੰ ਸਵੇਰ ਦੀ ਯਾਦ ਕਰਦੀ ਆ।"

ਮੈਂ ਘਰੇ ਆਇਆ ਸੀ। ਬੀਬੀ ਨੇ ਮੇਰਾ ਸਿਰ ਆਪਣੀ ਹਿੱਕ ਨਾਲ ਲਾ ਲਿਆ ਸੀ। ਭਾਰੀ ਆਵਾਜ਼ 'ਚ ਕਿਹਾ ਸੀ, "ਪੁੱਤ ਹੁਣ ਮੇਰੀਆਂ ਟੁੱਟਦੀਆਂ...।"

ਮੈਂ ਕਿਹਾ ਸੀ, "ਕੁਛ ਨ੍ਹੀਂ ਹੁੰਦਾ। ਦੱਸ-ਤੂੰ ਕੀ ਖਾਣਾ?"

ਉਸ ਕਿੰਨਾ ਚਿਰ ਮੈਨੂੰ ਆਪਣੇ ਨਾਲ ਘੁਟੀ ਰੱਖਿਆ ਸੀ। ਹੁਬਕੀਂ ਰੋਂਦੀ ਰਹੀ ਸੀ।

ਉਹਨੇ ਆਪਣਾ ਮੂੰਹ ਰਜਾਈ 'ਚ ਲਕੋਅ ਲਿਆ ਸੀ। ਉਹ ਕੁਝ ਨਹੀਂ ਬੋਲੀ ਸੀ। ਮੈਂ ਆਉਂਦਾ ਜਾਂਦਾ ਪੁੱਛਦਾ ਸੀ ਕਿ ਉਸ ਨੇ ਕੀ ਖਾਣਾ ਹੈ। ਤਰਸੇਮ ਵੀ ਜ਼ੋਰ ਦੇ ਕੇ ਕਹਿੰਦਾ ਸੀ ਕਿ ਉਹ ਆਹ ਖਾ ਲਵੇ। ਅਨਾਰਾਂ ਦਾ ਜੂਸ ਪੀ ਲਵੇ। ਅਲੀਚੀਆਂ ਦੇ ਜੂਸ ਦੇ ਦੋ ਘੁੱਟ ਭਰ ਲਵੇ। ਪਰ ਉਹ ਅੱਗੋਂ ਸਿਰ ਫੇਰ ਦਿੰਦੀ ਸੀ। ਉਹ ਸਿਰਫ਼ ਦਿਨ 'ਚ ਦੋ ਵਾਰ ਅੱਧਾ ਕੁ ਕੱਪ ਦੁੱਧ ਦਾ ਪੀਂਦੀ ਸੀ।

***

ਮੈਂ ਆਪਣੇ ਬੈੱਡ 'ਤੇ ਬੈਠਾ ਸਿੱਧਾ ਹੀ ਬੀਮਾਰ ਪਈ ਬੀਬੀ ਵੱਲ ਦੇਖਦਾ ਸੀ। ਮੇਰੇ ਮਨ 'ਚ ਖਿਆਲ ਆਉਂਦਾ ਸੀ ਕਿ ਉਹ ਐਸ ਵੇਲੇ ਕਿਸ ਬਾਰੇ ਸੋਚਦੀ ਹੋਵੇਗੀ। ਕੀ ਸੋਚਦੀ ਹੋਵੇਗੀ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਉਸ ਦਾ ਅੰਤਿਮ ਸਮਾਂ ਨੇੜੇ ਆ ਗਿਆ ਸੀ। ਮਰਨ ਵੇਲੇ ਬੰਦਾ ਕੀ ਸੋਚਦਾ ਹੈ? ਉਸ ਦੇ ਮਨ 'ਤੇ ਕਿਹੜੇ ਵਿਚਾਰ ਭਾਰੂ ਹੁੰਦੇ ਹਨ? ਮੈਥੋਂ ਕਿਸੇ ਗੱਲ ਦਾ ਕੋਈ ਲੜ ਸਿਰਾ ਫੜਿਆ ਨਹੀਂ ਜਾਂਦਾ ਸੀ। ਮਨ 'ਚ ਇਕ ਵਿਚਾਰ ਆਉਂਦਾ ਸੀ ਕਿ ਉਹ ਮਰਨ ਤੋਂ ਪਹਿਲਾਂ ਪਹਿਲਾਂ ਆਪਣੀ ਮਾਂ ਦੀ ਜਾਤ ਬਾਰੇ ਦੱਸ ਜਾਵੇ। ਮਾਮੇ ਗੋਲੂ ਨੇ ਇੱਕ ਵਾਰ ਮੈਨੂੰ ਦੱਸਿਆ ਸੀ ਕਿ ਬੀਬੀ ਦੀ ਮਾਂ ਨੂੰ ਉਸਦਾ ਬਾਪੂ

ਜੇਜੋਂ ਤੋਂ ਕੱਢ ਕੇ ਲਿਆਇਆ ਸੀ। ਉਹ ਜਾਤ ਦੀ ਸੁਨਿਆਰੀ ਨਹੀਂ ਸੀ। ਕਿਸੇ ਹੋਰ ਜਾਤ ਦੀ ਸੀ। ਮੈਂ ਬੀਬੀ ਨੂੰ ਬਥੇਰਾ ਕਿਹਾ ਸੀ ਕਿ ਉਹ ਨਾਨੀ ਦੀ ਜਾਤ ਦੱਸ ਦੇਵੇ ਪਰ ਉਸ ਕਿਹਾ ਸੀ, "ਤੂੰ ਅਗਾਂਹ ਆਪਣੀ ਵਹੁਟੀ ਨੂੰ ਦੱਸ ਦੇਣਾ। ਉਹ ਤੈਨੂੰ ਮਿਹਣੇ ਮਾਰੂਗੀ।" ਮੈਂ ਉਲਟਾ ਕੇ ਪੁੱਛਿਆ ਸੀ, "ਭਾਪੇ ਨੂੰ ਪਤਾ ਸੀ?" ਉਸ ਦੱਸਿਆ ਸੀ, "ਹਾਂ-ਮੈਂ ਦੱਸਿਆ ਸੀ-ਸਾਰੀ ਉਮਰ ਮੈਨੂੰ ਮਿਹਣੇ ਮਾਰਦਾ ਰਿਹਾ...ਉਹਨੇ ਮੇਰੇ ਨਾਲ ਚੰਗੀ ਨ੍ਹੀਂ ਕੀਤੀ ਸੀ।"

ਬੀਬੀ ਦੀ ਭਾਪੇ ਨਾਲ ਕਦੇ ਨਹੀਂ ਬਣੀ ਸੀ।

ਇੱਕ ਦਿਨ ਮਿਸਿਜ਼ ਨੇ ਦੱਸਿਆ ਸੀ, "ਬੀਬੀ ਹੁਣ ਭਾਪਾ ਜੀ ਨੂੰ ਬਹੁਤ ਯਾਦ ਕਰਦੀ ਆ।"

ਮੈਂ ਕਿਹਾ ਸੀ, "ਮੈਂ ਨ੍ਹੀਂ ਮੰਨਦਾ।"

"ਮੈਂ ਆਪਣੀ ਅੱਖੀਂ ਦੇਖਿਆ। ਉਹਨੇ ਭਾਪਾ ਜੀ ਦੀ ਫੋਟੋ ਆਪਣੇ ਕੋਲ ਰੱਖਵਾ ਲਈ।"

"ਹਾਂ-ਫੋਟੋ ਤਾਂ ਮੈਂ ਆਪ ਦੇਖੀ ਸੀ। ਤੂੰ ਪੁੱਛ ਕੇ ਦੇਖੀ ਤਾਂ।"

"ਨਾ ਜੀ, ਨਾ ਜੀ, ਮੈਂ ਘਰ ਵਿੱਚ ਰਹਿਣਾ।" ਬੀਬੀ ਨੂੰ ਪੁੱਛਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ।

ਭਾਪੇ ਦੇ ਜਿਊਂਦਿਆਂ ਜੀਅ ਬੀਬੀ ਭਾਪੇ ਨੂੰ ਨਫ਼ਰਤ ਕਰਦੀ ਸੀ। ਆਖਰਾਂ ਦੀ ਨਫ਼ਰਤ। ਉਸ ਭਾਪੇ ਦੀ ਹੋਂਦ ਨੂੰ ਨਾ ਦੇ ਬਰੋਬਰ ਲੈ ਆਂਦਾ ਸੀ। ਇਕ ਵਾਰ ਭਾਪਾ ਬੀਮਾਰ ਹੋ ਗਿਆ ਸੀ। ਬਹੁਤ ਹੀ ਜ਼ਿਆਦਾ ਕਮਜ਼ੋਰ ਹੋ ਗਿਆ ਸੀ। ਮਿਸਿਜ਼ ਭਾਪੇ ਨੂੰ ਦੁੱਧ ਦੇਣ ਜਾਂਦੀ ਸੀ। ਬੀਬੀ ਮਿਸਿਜ਼ ਕੋਲੋਂ ਦੁੱਧ ਵਾਲਾ ਗਿਲਾਸ ਖੋਹ ਲੈਂਦੀ ਸੀ। ਕਹਿੰਦੀ ਸੀ, "ਕਦੇ ਸੁੱਕੇ ਦਰੱਖਤ ਵੀ ਹਰੇ ਹੋਏ ਆ।" ਐਨੀ ਨਫ਼ਰਤ? ਮੈਥੋਂ ਇਸ ਨਫ਼ਰਤ ਦਾ ਕੋਈ ਲੜ ਸਿਰਾ ਨਹੀਂ ਫੜਿਆ ਗਿਆ ਸੀ। ਲੋਕ ਭਾਪੇ ਦੀਆਂ ਵਡਿਆਈਆਂ ਕਰਦੇ ਸਨ, "ਚਾਨਣ ਵਰਗਾ ਬੰਦਾ ਸਾਰੇ ਪਿੰਡ 'ਚ ਨ੍ਹੀਂ ਹੋਇਆ। ਉਸ ਕਿਸੇ ਕੋਲੋਂ ਖਾਧਾ ਨ੍ਹੀਂ, ਖੁਆਇਆ ਆ। ਕਦੇ ਕਿਸੇ ਨੂੰ ਮੰਦਾ ਨ੍ਹੀਂ ਬੋਲਿਆ। ਉੱਚੀ ਆਵਾਜ਼ 'ਚ ਗੱਲ ਨ੍ਹੀਂ ਕੀਤੀ...ਆਹ ਪਰਸਿੰਨੀ ਪਤਾ ਨ੍ਹੀਂ ਕਿਉਂ ਉਸਦੀ ਦੁਰਦਸ਼ਾ ਕਰ ਰਹੀ ਆ...ਇੰਨੀ ਧਰਮੀ ਕਰਮੀ ਜਨਾਨੀ...ਉਹਨੂੰ ਐਦਾਂ ਨ੍ਹੀਂ ਕਰਨਾ ਚਾਹੀਦਾ।"

ਬੀਬੀ ਦੀ ਕਿਸੇ ਨਿੱਕੀ ਜਿਹੀ ਗੱਲ ਦਾ ਵਿਰੋਧ ਹੁੰਦਾ ਜਾਂ ਕੋਈ ਉਸ ਦਾ ਕਿਹਾ ਨਾ ਮੰਨਦਾ ਜਾਂ ਉਸ ਦੀ ਨਾ ਚੱਲਦੀ ਤਾਂ ਉਹ ਹਟਕੋਰੇ ਭਰਨ ਲੱਗ ਜਾਂਦੀ ਸੀ, "ਮੈਂ ਚੱਲੀ ਆਂ ਆਪਣੇ ਘਰੇ। ਜੇ ਮੁੜ ਕੇ ਤੁਹਾਡੇ ਘਰ 'ਚ ਪੈਰ ਵੀ ਪਾਇਆ ਤਾਂ ਬਿਲਗੇ ਵਾਲੇ ਕਿਰਪੇ ਦੀ ਧੀ ਨ੍ਹੀਂ-ਕਿਸੇ.... ਦੀ ਧੀ ਹੋਊਂਗੀ....। ਮੈਂ ਤੁਹਾਡੇ ਲਈ ਤੁਹਾਡੇ ਪਿਉ ਦੀਆਂ ਜੁੱਤੀਆਂ ਖਾਧੀਆਂ। ਸ਼ਰੀਕਾਂ ਦੇ ਮਿਹਣੇ-ਕੁਮਿਹਣੇ ਸੁਣੇ। ਮੇਰੀ ਥਾਂ 'ਤੇ ਕੋਈ ਹੋਰ ਹੁੰਦੀ ਤਾਂ ਕਦੋਂ ਦਾ ਹੋਰ ਖਸਮ ਕਰ ਲੈਂਦੀ। ਤੁਹਾਡੇ ਕੰਜਰ ਪਿਉ ਤੋਂ ਤੰਗ ਆ ਕੇ ਮੇਰਾ ਬਾਪੂ ਮੈਨੂੰ ਕਿਤੇ ਹੋਰ ਬਿਠਾਉਣ ਲੱਗਾ ਸੀ। ਉਸ ਪੱਕੀ ਠੱਕੀ ਕਰ ਲਈ ਸੀ। ਮੈਂ ਵੱਡੇ ਤੜਕੇ ਉਥੋਂ ਦੌੜ ਆਈ ਸੀ। ਲੱਧੜਾਂ ਆ ਕੇ ਸਾਹ ਲਿਆ ਸੀ... ਬੁੜੀਆਂ ਮੈਨੂੰ ਸਮਝੌਤੀਆਂ ਦਿੰਦੀਆਂ, 'ਲੈ ਤੂੰ ਕਿਉਂ ਮਨ ਛੋਟਾ ਕਰਦੀਂ? ਵਾਹੇਗੁਰੂ ਨੇ ਤੈਨੂੰ ਸੋਨੇ ਵਰਗੇ ਦੋ ਲਾਲ ਦਿੱਤੇ। ਵੱਡੇ ਹੋ ਕੇ ਤੇਰਾ ਨਰਕ ਕੱਢ ਦੇਣਗੇ। ਤੂੰ ਇਨ੍ਹਾਂ ਦੇ ਆਸਰੇ ਆਪਣੇ ਦਿਨ ਲੰਘਾਂ। ਕਲ੍ਹ ਕੀਹਨੇ ਦੇਖਿਆ। ਦਿਨ ਫਿਰਦਿਆਂ ਬਹੁਤਾ ਸਮਾਂ ਨ੍ਹੀਂ ਲੱਗਦਾ ਹੁੰਦਾ।'...ਸੋਚਿਆ ਸੀ-ਵੱਡੇ ਹੋ ਕੇ ਤੁਸੀਂ ਹੀ ਸੁੱਖ ਦਿਓਗੇ ਪਰ ਮੈਨੂੰ ਇਸ ਗੱਲ ਦਾ ਪਤਾ ਨ੍ਹੀਂ ਸੀ ਕਿ ਤੁਸੀਂ ਆਪਣੀਆਂ ਰੰਨਾਂ ਹੱਥੋਂ ਮੇਰੇ ਆਹ ਹਾਲ ਕਰਾਉਣੇ। ਮੈਂ ਤਾਂ ਇਸ ਘਰ ਨੂੰ ਬੰਨ੍ਹਣ ਲਈ ਆਪਣੇ ਦੀਦੇ ਗਾਲ ਦਿੱਤੇ।" ਤਰਸੇਮ ਉਹਨੂੰ ਜੱਫੀ ਪਾ ਲੈਂਦਾ ਸੀ। ਕਹਿੰਦਾ ਸੀ, "ਬੀਬੀ ਸੁਣ, ਮੇਰੀ ਗੱਲ ਮੰਨ। ਤੂੰ ਕੀ ਲੈਣਾ। ਕਰਨ ਦੇ ਜਿਹੜਾ ਜੋ ਕਰਦਾ।" ਉਹ ਅੱਗੋਂ ਹੋਰ ਹਿਰਖ ਨਾਲ ਭਰ ਜਾਂਦੀ ਸੀ, "ਫੇਰ ਤਾਂ ਮੈਂ ਇਨ੍ਹਾਂ ਲਈ ਕੁੱਤੀ ਹੋ ਨਿਬੜੀ। ਘਰ 'ਚ ਰੱਖੇ ਹੋਏ ਕੁੱਤੇ ਨੂੰ ਵੀ ਅਗਲਾ ਮੋਹ ਕਰਦਾ। ਪਿਆਰ ਦਿੰਦਾ.... ਇਨ੍ਹਾਂ ਦਾ ਜੀ ਕਰੇ ਤਾਂ ਮੈਨੂੰ ਰੋਟੀ ਦੇ ਦੇਣ। ਨਾ ਕਰੇ ਤਾਂ ਭਾਵੇਂ ਸਾਰਾ ਦਿਨ ਨਾ ਪੁੱਛਣ।" ਉਹ ਕਹਿੰਦਾ ਸੀ, " ਇਹ ਕਿਹੜੀ ਖਾਸ ਗੱਲ ਆ-ਤੂੰ ਆਪ ਮੰਗ ਲਿਆ ਕਰ।" ਉਹ ਉੱਠ ਕੇ ਖੜ ਜਾਂਦੀ ਸੀ, "ਹੁਣ, ਮੈਂ



ਰੋਟੀ ਵੀ ਇਨ੍ਹਾਂ ਤੋਂ ਮੰਗਾਂ। ਮੈਥੋਂ ਨ੍ਹੀਂ ਆਹ ਹੁਣਾਂ। ਜੇ ਰੋਟੀ ਹੀ ਮੰਗ ਕੇ ਖਾਣੀ ਆ ਤਾਂ ਕਿਸੇ ਦੇ ਘਰ ਜਮਾਦਾਰਨੀ ਲੱਗ ਕੇ ਖਾ ਲਊਂ। ਕਿਸੇ ਦੇ ਭਾਂਡੇ ਮਾਂਜ ਲਊਂ। ਇਨ੍ਹਾਂ ਰੰਨਾਂ ਅੱਗੇ ਹੱਥ ਨ੍ਹੀਂ ਅੱਡਣਾਂ। ਮੈਂ ਵੀ ਬਿਲਗੇ ਵਾਲੇ ਕਿਰਪੇ ਦੀ ਧੀ ਆਂ। ਇਨ੍ਹਾਂ ਮੇਰੇ ਕੀਤੇ ਦਾ ਮੁੱਲ ਨ੍ਹੀਂ ਪਾਇਆ। ਮੇਰੀ ਜਾਣਦੀ ਆ ਜੁੱਤੀ। ਮੈਂ ਨ੍ਹੀਂ ਇਥੇ ਰਹਿਣਾ। ਇਹ ਘਰ ਇਨ੍ਹਾਂ ਦਾ। ਇਨ੍ਹਾਂ ਦੇ ਖਸਮਾਂ ਦਾ। ਮੈਂ ਆਪਣਾ ਕਫ਼ਨ ਬਣਾ ਰੱਖਿਆ। ਆਪੇ ਪਿੰਡ ਵਾਲੇ ਫੂਕ ਦੇਣਗੇ। ਖ਼ਬਰਦਾਰ ਜੇ ਮੇਰੀ ਸੀੜ੍ਹੀ ਨੂੰ ਕਿਸੇ ਹੱਥ ਲਾਇਆ। ਮੈਂ ਕੁੜੀਆਂ ਨੂੰ ਕਹਿ ਜਾਣਾ ਕਿ ਮੇਰੀ ਮਰੀ ਤੋਂ ਬਾਅਦ ਇਨ੍ਹਾਂ ਨੂੰ ਦਰੀ ਵਿਛਾਉਣ ਨਾ ਦੇਣ.....।" ਮੈਂ ਉਸ ਨੂੰ ਫੜ ਕੇ ਬੈਠਾ ਦਿੰਦਾ ਸੀ। ਸਮਝਾਉਂਦਾ ਸੀ, "ਤੂੰ 'ਰਾਮ ਨਾਲ ਬੈਠ ਜਾ। ਕਿਥੇ ਜਾਣਾ?" "ਜਾਣਾ ਆ ਢਿੱਠੇ ਖੂਹ 'ਚ। ਪਿੰਡ 'ਚ ਮੇਰਾ ਆਪਣਾ ਛੋਟਿਆ ਮਕਾਨ ਆ। ਉਥੇ ਰਹੂੰ। ਜੇ ਮੇਰੀ ਕਿਸੇ ਨੇ ਮੰਨਣੀ ਨ੍ਹੀਂ। ਸੁਣਨੀ ਨ੍ਹੀਂ। ਫੇਰ ਆਪਣਾ ਘਰ ਚੰਗਾ। ਮੈਂ ਰੁੱਖੀ ਖਾਵਾਂ। ਸੁੱਕੀ ਖਾਵਾਂ। ਤੁਹਾਨੂੰ ਮੇਰੇ ਨਾਲ ਕੀ ! ਤੁਹਾਡਾ ਆਪਣੀ ਮਾਂ ਬਿਨਾਂ ਸਰ ਜਾਊ। ਆਪਣੀਆਂ ਰੰਨਾਂ ਬਿਨ੍ਹਾਂ ਨ੍ਹੀਂ। ਇਨ੍ਹਾਂ ਨੂੰ ਮਹੀਨਾ ਕੁ ਛੱਡ ਕੇ ਦਿਖਾਓ ਤਾਂ।" ਉਹ ਕੌੜ ਅੱਖ ਨਾਲ ਵਿਹੜੇ ਵੱਲ ਝਾਕਦੀ ਸੀ। ਮੈਂ ਉਸਦੀਆਂ ਲੱਤਾਂ ਘੁੱਟਣ ਲੱਗ ਪੈਂਦਾ ਸੀ। ਤਰਸੇਮ ਬਾਂਹਾਂ। ਉਹ ਥੋੜ੍ਹੀ ਕੁ ਨਰਮ ਪੈ ਜਾਂਦੀ ਸੀ। ਉਹ ਉਸਨੂੰ ਪੁੱਛਦਾ ਸੀ, "ਮਾਤਾ ਸ੍ਰੀ ਕਲ੍ਹ ਨੂੰ ਤੇਰੇ ਲਈ ਕੀ ਖਾਣ ਲਈ ਲਿਆਵਾਂ?" ਉਹ ਫੇਰ ਸ਼ੁਰੂ ਹੋ ਜਾਂਦੀ ਸੀ, "ਜੇ ਤੁਹਾਡੇ ਪਿਉ ਕੰਜਰ ਵਾਂਗੂ ਮੇਰੀ ਜੀਭ ਖਾਣ ਨੂੰ ਮੂਤਦੀ ਹੁੰਦੀ ਤਾਂ ਤੁਸੀਂ ਆਹ ਮਕਾਨ ਨਾ ਛੱਤ ਲੈਂਦੇ। ਆਹ ਆਪਣਾ ਢਿੱਡ ਬੰਨ ਕੇ ਤੁਹਾਨੂੰ ਉਡਾਰੂ ਕੀਤਾ।" ਤਰਸੇਮ ਕਹਿੰਦਾ ਸੀ, "ਅਸੀਂ ਤੇਰੇ ਪੁੱਛੇ ਬਿਨਾਂ ਕੋਈ ਕੰਮ ਕੀਤਾ ਹੈ ਤਾਂ ਦੱਸ।" ਐਨੀ ਨਾਲ ਹੀ ਉਹ ਢੈਲੀ ਪੈਣ ਲੱਗਦੀ ਸੀ। ਉਹ ਉਸ ਨੂੰ ਜੱਫੀ ਪਾ ਲੈਂਦੀ ਸੀ। ਮੈਂ ਕਹਿੰਦਾ ਸੀ, "ਘਰ ਵਿੱਚ ਕਿਸ ਚੀਜ਼ ਦਾ ਘਾਟਾ ਹੈ। ਘਰ ਵਿੱਚ ਹੁਣ ਕੀ ਨ੍ਹੀਂ। ਤੂੰ ਵੱਡੀ ਕਾਰ ਚਾਹੁੰਨੀ, ਉਹ ਵੀ ਕਿਸੇ ਦਿਨ ਲਿਆ ਖੜੀ ਕਰਨੀ...ਹੁਣ ਘਰ 'ਚ ਤੇਰੀਆਂ ਪੋਤ ਨੌਂਹਾਂ ਆ ਗਈਆਂ...ਤੇਰੀ ਜ਼ੁੰਮੇਵਾਰੀ ਖ਼ਤਮ....ਤੂੰ ਸਾਰਿਆਂ ਵੱਲ ਜਾਇਆ-ਆਇਆ ਕਰ। ਮਹਾਤਮਾ ਬੁੱਧ ਕਹਿੰਦਾ-ਇਹ ਸੰਸਾਰ ਦੁੱਖਾਂ ਦਾ ਘਰ ਆ। ਦੁੱਖਾਂ ਦੇ ਪੈਦਾ ਹੋਣ ਦਾ ਕਾਰਨ ਸਾਡੀਆਂ ਇੱਛਾਵਾਂ ਆ। ਤ੍ਰਿਸ਼ਨਾਵਾਂ ਆ। ਇਨ੍ਹਾਂ ਨੂੰ ਤਿਆਗ ਦਿਓ। ਫੇਰ ਸੁੱਖ ਹੀ ਸੁੱਖ ਆ। ਬੰਦੇ ਨੂੰ ਐਸ ਤਰੀਕੇ ਨਾਲ ਜਿਊਣਾ ਚਾਹੀਦਾ ਆ, ਜਿਸ ਨਾਲ ਨਾ ਤਾਂ ਕਿਸੇ ਦੂਸਰੇ ਨੂੰ ਕੋਈ ਠੇਸ ਪਹੁੰਚੇ ਤੇ ਨਾ ਹੀ ਆਪਣੇ ਆਪ ਨੂੰ। ਤੂੰ ਦੋ ਵੇਲੇ ਗੁਰਦੁਆਰੇ ਜਾਇਆ ਕਰ। ਸੇਵਾ ਕਰਿਆ ਕਰ।" ਉਹ ਫੇਰ ਕਪਲ ਉੱਠਦੀ ਸੀ, "ਤੂੰ ਮੈਨੂੰ ਮੱਤਾਂ ਦਿੰਨਾਂ। ਲੋਕ ਮੈਥੋਂ ਆ-ਆ ਕੇ ਸਲਾਹਾਂ ਪੁੱਛਦੇ। ਤੁਸੀਂ ਮੈਨੂੰ ਜਿਉਂਦਿਆਂ ਜੀਅ ਮਾਰ ਦਿੱਤਾ। ਮੈਨੂੰ ਕੀ ਪਤਾ ਸੀ ਕਿ ਤੁਸੀਂ ਮੇਰੇ ਨਾਲ ਐਦਾਂ ਕਰੋਗੇ। ਮੈਂ ਕਦੇ ਸੋਚਿਆ ਵੀ ਨ੍ਹੀਂ ਸੀ ਕਿ ਮੈਨੂੰ ਆਹ ਦਿਨ ਵੀ ਦੇਖਣੇ ਪੈ ਜਾਣਗੇ। ਮੇਰੀ ਸੱਚੀ ਕਹੀ ਹੋਈ ਗੱਲ ਸਾਰੇ ਟੱਬਰ ਨੂੰ ਪੁੱਠੀ ਲੱਗਦੀ। ਹੋਰ ਤਾਂ ਹੋਰ ਨਿਆਣੇ ਈ ਨ੍ਹੀਂ ਮਾਨ।" ਇੱਕ ਦਿਨ ਉਸ ਮੈਥੋਂ ਕਿਸੇ ਕੰਮ ਲਈ ਪੰਜ ਸੌ ਰੁਪਈਆ ਮੰਗਿਆ ਸੀ। ਮੈਂ ਮਿਸਿਜ਼ ਨੂੰ ਜੇਬ 'ਚੋਂ ਕੱਢ ਕੇ ਦੇਣ ਨੂੰ ਕਿਹਾ ਸੀ। ਮਿਸਿਜ਼ ਨੇ ਉਸ ਨੂੰ ਪੰਜ ਸੌ ਦਾ ਨੋਟ ਫੜਾਇਆ ਸੀ। ਉਸ ਨੋਟ ਚੁੱਕ ਕੇ ਪਰ੍ਹਾ ਮਾਰਿਆ ਸੀ। ਉੱਚੀ ਉੱਚੀ ਰੋਣ ਲੱਗ ਪਈ ਸੀ, "ਆਹ ਤੂੰ ਆਪਣੀ ਰੰਨ ਨੂੰ ਪੈਸੇ ਕੱਢਣ ਨੂੰ ਕਹਿਤਾ। ਮੈਨੂੰ ਨ੍ਹੀਂ ਕਹਿ ਸਕਦਾ ਸੀ। ਮੈਂ ਕੋਈ ਚੋਰਨੀ ਆਂ। ਮੈਂ ਤੇਰੇ ਪੈਸਿਆਂ 'ਤੇ ਥੁੱਕਦੀ ਨ੍ਹੀਂ...।"

***

ਮੈਂ ਦਫ਼ਤਰੋਂ ਆ ਕੇ ਉਸ ਕੋਲ ਅੱਧਾ ਘੰਟਾ ਬੈਠਦਾ ਸੀ। ਉਹ ਇਤਿਹਾਸ ਦੇ ਪੰਨੇ ਫਰੋਲਦੀ ਸੀ, "ਮੇਰਾ ਬਾਪੂ ਆਖਰਾਂ ਦਾ ਕੁਪੱਤਾ ਸੀ। ਮੈਨੂੰ ਸਕੂਲੇ ਕਿਸ ਜਾਣ ਦੇਣਾ ਸੀ। ਸਕੂਲ ਉਦੋਂ ਹੁੰਦੇ ਵੀ ਕਿਥੇ ਸੀ। ਬਾਪੂ ਤਾਂ ਸਾਨੂੰ ਘਰੋਂ ਬਾਹਰ 'ਕੱਲਿਆਂ ਨਾ ਜਾਣ ਦਿੰਦਾ। ਕਦੇ-ਕਦੇ ਮੈਂ ਜੜਾਂਵਾਲੀ ਉਹਦੇ ਨਾਲ ਜਾਂਦੀ। ਰਾਹ ਵਿੱਚ ਨਹਿਰ ਪੈਂਦੀ ਸੀ। ਮੈਨੂੰ ਵਗਦੇ ਪਾਣੀ ਤੋਂ ਬਹੁਤ ਡਰ ਲੱਗਦਾ। ਮੈਂ ਡਰਦੀ ਮਾਰੀ ਪਿਛਾਂਹ ਨੂੰ

ਦੌੜਦੀ। ਉਹ ਮੇਰੀ ਬਾਂਹ ਘੁੱਟ ਕੇ ਫੜ ਲੈਂਦਾ। ਸਮਝਾਉਂਦਾ ਕਿ ਤੂੰ ਥੱਲੇ ਨੂੰ ਨਾ ਦੇਖ। ਫੇਰ ਤੈਨੂੰ ਡਰ ਨ੍ਹੀਂ ਲੱਗਣਾ। ਮੇਰਾ ਬਾਪੂ ਬਹੁਤ ਚੰਗਾ ਸੀ। ਐਵੇਂ ਤਾਂ ਨ੍ਹੀਂ ਮੈਂ ਕਹਿੰਦੀ ਕਿ ਮੈਂ ਬਿਲਗੇ ਵਾਲੇ ਕਿਰਪੇ ਦੀ ਧੀ ਆਂ.... ਸਾਨੂੰ ਤਿੰਨ ਭੈਣਾਂ ਨੂੰ ਕਦੇ ਝਿੜਕਦਾ ਨ੍ਹੀਂ ਸੀ.....ਦਸਾਂ ਪਿੰਡਾਂ 'ਚ ਲਾਲਾ ਕਿਰਪਾ ਦਾ ਨਾਂ ਚਲਦਾ ਸੀ। ਉਹ ਦਰਸ਼ਨੀ ਜੁਆਨ ਸੀ। ਪਿੰਡ 'ਚ ਕਿਸੇ ਨੂੰ ਖੰਘਣ ਨ੍ਹੀਂ ਦਿੰਦਾ ਸੀ।...ਸਾਰੀ ਉਮਰ ਉਸ ਕਿਸੇ ਕੋਲੋਂ ਉਏ ਨ੍ਹੀਂ ਅਖਵਾਈ....।" ਉਹ ਰੌਲਿਆਂ ਵੇਲਿਆਂ ਦੀ ਕੋਈ ਗੱਲ ਛੇੜ ਲੈਂਦੀ ਸੀ, "ਮੈਂ ਤੇ ਤੇਰਾ ਭਾਪਾ ਉਦੋਂ ਬਹਾਵਲਪੁਰ ਕੰਮ-ਕਾਰ ਕਰਨ ਲਈ ਗਏ ਸੀ, ਜਦੋਂ ਰੌਲੇ ਪਏ। ਅਸੀਂ ਗੱਡੇ ਤੇ ਬੀਕਾਨੇਰ ਆਏ। ਉਥੋਂ ਬਠਿੰਡੇ। ਬਠਿੰਡਿਉਂ ਜਲੰਧਰ ਦੀ ਗੱਡੀ ਫੜੀ। ਫੇਰ ਜਲੰਧਰੋਂ ਫ਼ੌਜੀਆਂ ਦੇ ਟਰੱਕ ਵਿੱਚ ਨਕੋਦਰ ਆਏ। ਸਾਨੂੰ ਦੇਖ ਕੇ ਲੋਕਾਂ ਨੂੰ ਚਾਅ ਚੜ੍ਹ ਗਿਆ...। ਪਿੰਡ ਆ ਕੇ ਵੀ ਚੈਨ ਨਾ ਮਿਲਿਆ। ਇਕ ਦਿਨ ਰੌਲਾ ਪੈ ਗਿਆ ਕਿ ਮੁਸਲਮਾਨ ਆਪਣੇ ਪਿੰਡ ਹੱਲਾ ਕਰਨ ਆ ਰਹੇ। ਸਾਰਿਆਂ ਨੇ ਆਪਣੀਆਂ ਤਲਵਾਰਾਂ ਤਿੱਖੀਆਂ ਕਰ ਲਈਆਂ। ਆਪਣੀਆਂ ਘਰਵਾਲੀਆਂ ਨੂੰ ਕਿਹਾ ਕਿ ਜੇ ਕੋਈ ਐਸੀ ਵੈਸੀ ਗੱਲ ਹੋਈ ਤਾਂ ਅਸੀਂ ਪਹਿਲਾਂ ਤੁਹਾਡਾ ਗਲ ਵੱਢਣ ਦੀ ਕਰਨੀ। ਮੁਸਲਿਆਂ ਹੱਥੋਂ ਬੇ-ਪਰਤੀਤੀ ਹੋਣ ਨਾਲੋਂ ਤੁਹਾਨੂੰ ਆਪ ਮਾਰਨਾ ਸੌ ਗੁਣਾਂ ਚੰਗਾ। ਅਸੀਂ ਕਈ ਰਾਤਾਂ ਜਾਨ ਤਲੀ 'ਤੇ ਰੱਖ ਕੇ ਗੁਜ਼ਾਰੀਆਂ। ਬਹੁਤ ਔਖੇ ਸੀ ਉਹ ਦਿਨ।"

ਉਹ ਆਖਿਰਾਂ ਦੀ ਅੜਬ ਸੀ। ਉਸਨੂੰ ਮੰਨਾਉਣਾ/ਸਮਝਾਉਣਾ ਘਰ ਦੇ ਕਿਸੇ ਜੀਅ ਲਈ ਆਸਾਨ ਨਹੀਂ ਸੀ। ਉਹ ਚਾਹੁੰਦੀ ਸੀ ਕਿ ਘਰ 'ਚ ਉਸ ਦੀ ਹਕੂਮਤ ਚੱਲੇ। ਉਸ ਅੱਗੇ ਕੋਈ ਕੁਸਕ ਕਿਵੇਂ ਜਾਵੇ। ਕੋਈ ਤਰਕ ਨਾਲ ਗੱਲ ਕਿਵੇਂ ਕਰੇ। ਜੋ ਉਹ ਚਾਹਵੇ, ਉਹ ਹੀ ਹੋਵੇ। ਪਰ ਬਾਕੀ ਮੈਂਬਰ ਵੀ ਆਪਣੇ ਹਿੱਸੇ ਦੀ ਆਜ਼ਾਦੀ ਚਾਹੁੰਦੇ ਸਨ। ਉਹ ਦੀ ਹਾਂ ਬਿਨਾਂ ਕੋਈ ਕੰਮ ਸਿਰੇ ਨਹੀਂ ਚੜ੍ਹਦਾ ਸੀ। ਜੇ ਉਹ ਪਿੰਡ ਹੁੰਦੀ ਸੀ ਤਾਂ ਉਸ ਦੀ ਆਗਿਆ ਲੈਣ ਪਿੰਡ ਜਾਣਾ ਪੈਂਦਾ ਸੀ। ਮੈਂ ਮਕਾਨ ਬਣਾ ਰਿਹਾ ਸੀ। ਉਹ ਆਪਣਾ ਗਿਆਨ ਵਰਤਾਉਂਦੀ ਰਹੀ ਸੀ। ਉਨ੍ਹੀਂ ਦਿਨੀਂ ਉਸ ਕਿਸੇ ਘਰ ਨਵੇਂ ਡਿਜ਼ਾਈਨ ਦੀਆਂ ਪੌੜੀਆਂ ਦੇਖੀਆਂ ਸਨ। ਉਹ ਚਾਹੁੰਦੀ ਸੀ ਕਿ ਇਸੇ ਤਰ੍ਹਾਂ ਦੀਆਂ ਪੌੜੀਆਂ ਚੜ੍ਹਨ। ਕਮਰਾ 11x10 ਫੁੱਟ ਦਾ ਬਣਾਉਣ ਲੱਗੇ ਤੇ ਨਾਲ ਦੀ ਪੌੜੀਆਂ ਚੜ੍ਹਨੀਆਂ ਸਨ। ਉਸ ਟੋਕਿਆ ਸੀ, "ਆਹ ਕੀ ਤੂੰ ਘੁਰਨੇ ਜਿਹੇ ਬਣਾਉਣ ਲੱਗਾਂ? ਇਸ ਵਿੱਚ ਤਾਂ ਸੰਵਾਰ ਕੇ ਦੋ ਮੰਜੇ ਵੀ ਨ੍ਹੀਂ ਡਿੱਠ ਸਕਦੇ। ਸੌ ਆਇਆਂ-ਗਿਆਂ ਦਾ ਘਰ ਆ।" ਮੈਥੋਂ ਦੱਸ ਹੋ ਗਿਆ ਸੀ, "ਇਸਦੀ ਪਲੈਨਿੰਗ ਪੁਸ਼ਪਾ ਨੇ ਕੀਤੀ।" ਉਹ ਲਾਲ-ਪੀਲੀ ਹੋ ਗਈ ਸੀ, "ਜੇ ਉਹਦੇ ਕੋਲੋਂ ਹੀ ਮੋਹਰ ਲਵਾਉਣੀ ਸੀ-ਫੇਰ ਮੈਥੋਂ ਮੂੰਹ ਰੱਖਣ ਲਈ ਕਿਉਂ ਪੁੱਛਦਾਂ। ਕਰਨੀ ਤਾਂ ਤੁਸੀਂ ਦੋਹਾਂ ਜੀਆਂ ਨੇ ਆਪਣੀ ਮਰਜ਼ੀ ਹੁੰਦੀ ਆ। ਪਹਿਲਾਂ-ਇਹ ਦੱਸ ਮੈਂ ਮੋਹਰੇ ਆਂ ਕਿ ਪੁਸ਼ਪਾ?" ਮੈਂ ਵਿਚਕਾਰ ਫਸ ਗਿਆ ਸੀ। ਮੈਨੂੰ ਕਹਿਣਾ ਪਿਆ ਸੀ, "ਘਰ 'ਚ ਤੂੰ ਹੀ ਵੱਡੀ ਆਂ।" "ਫੇਰ ਸੁਣ ਲੈ ਮੇਰਾ ਫੈਸਲਾ-ਕਮਰਾ ਵੱਡਾ ਕਰ। ਜਿਦਾਂ ਮੈਂ ਕਹਿੰਦੀ ਆਂ-ਉਦਾਂ ਕਰ। ਫੇਰ ਨਾ ਆਪਣੀ ਰੰਨ ਕੋਲ ਜਾ ਕੇ ਮੁੱਕਰ ਜਾਈਂ।" ਉਸ ਦਾ ਕਿਹਾ ਸਿਰ ਮੱਥੇ 'ਤੇ। ਹੁਕਮ-ਅਦੂਲੀ ਕਰਨ ਦੀ ਸੂਰਤ ਵਿੱਚ ਉਸ ਕਹਿ ਦੇਣਾ ਸੀ, "ਤੁਹਾਡੇ ਪਿਉ ਕੰਜਰ ਨੂੰ ਤਾਂ ਮੇਰੀ ਰੱਤੀ ਭਰ ਪ੍ਰਵਾਹ ਨ੍ਹੀਂ ਹੁੰਦੀ ਸੀ। ਇੱਕ ਵਾਰ ਸਿਆਲਾਂ ਦੇ ਦਿਨ ਸੀ। ਮੈਂ ਰੋਟੀ ਪਕਾ ਕੇ ਜਿਉਂ ਉਡੀਕਣ ਲੱਗੀ ਕਿ ਰੱਬ ਦਾ ਬੰਦਾ ਹੁਣ ਵੀ ਆਇਆ ਕਿ ਹੁਣ ਵੀ ਆਇਆ, ਪਰ ਉਸ ਨੂੰ ਮੇਰੀ ਉਡੀਕ ਨਾਲ ਕੀ ਸੀ। ਅੱਕ ਕੇ ਮੈਂ ਹਾਕ ਮਾਰਨ ਚਲੀ ਗਈ। ਉਹ ਵੱਡੜੇ ਕੋਲ ਬੈਠਾ ਸੀ। ਵੱਡੜਾ ਮੈਨੂੰ ਕਹਿਣ ਲੱਗਾ, 'ਤੂੰ ਇਹਨੂੰ ਕਿਉਂ ਹਾਕ ਮਾਰਨ ਆ ਗਈਂ?' ਲਉ, ਉਲਟਾ ਚੋਰ ਕੋਤਵਾਲ ਨੂੰ ਡਾਂਟੇ। ਕੋਈ ਉਸ ਨੂੰ ਪੁੱਛਣ ਵਾਲਾ ਹੋਵੇ ਕਿ ਕੀ ਮੈਂ ਆਪਣੇ ਆਦਮੀ ਨੂੰ 'ਵਾਜ਼ ਵੀ ਨ੍ਹੀਂ ਮਾਰ ਸਕਦੀ। ਮੈਥੋਂ ਅਵਾ ਤਵਾ ਬੋਲ ਹੋ ਗਿਆ। ਵੱਡੜਾ ਬੋਲਿਆ, 'ਤੂੰ ਸਾਡੀ ਵਸਾਈ ਵੱਸ ਰਹੀ ਆਂ। ਸਮਝੀ। ਨ੍ਹੀਂ ਤਾਂ ਇਹ ਤੈਨੂੰ ਕਦੇ ਨਾ ਰੱਖਦਾ।' ਸੱਪ ਲੜੇ ਇਸ ਬੰਦੇ ਦੀ ਜੀਭ 'ਤੇ। ਇਹ ਕੁਸ਼ ਨ੍ਹੀਂ ਬੋਲਿਆ।



ਮੈਂ ਜਿਗਰਾ ਕਰ ਲਿਆ ਤੇ ਘਰੇ ਆ ਕੇ ਰੋਂਦੀ ਰਹੀ।"

***

ਘਰ 'ਚ ਵੰਡ ਵੰਡਾਈ ਤੋਂ ਬਾਅਦ ਘਰ ਦੀ ਸਮੁੱਚੀ ਵਾਗਡੋਰ ਬੀਬੀ ਦੇ ਹੱਥਾਂ 'ਚ ਆ ਗਈ ਸੀ। ਭਾਪਾ ਮਹੀਨੇ ਦੇ ਮਹੀਨੇ ਬੱਧੀ ਤਨਖਾਹ ਉਸ ਨੂੰ ਲਿਆ ਕੇ ਦੇ ਦਿੰਦਾ ਸੀ। ਉਸ ਇੱਕ ਵਾਰ ਜਿਹੜੇ ਪੈਸੇ ਉਹਨੂੰ ਲਿਆ ਕੇ ਫੜਾ ਦਿੱਤੇ, ਉਸ ਵਿੱਚੋਂ ਉਸ ਨੂੰ ਇੱਕ ਰੁਪਿਆ ਵੀ ਨਹੀਂ ਮਿਲਦਾ ਸੀ। ਘਰ 'ਚ ਹਮੇਸ਼ਾ ਦੋ ਮੱਝਾਂ ਰਹੀਆਂ ਸਨ। ਅਸੀਂ ਸਿਆਲਾਂ ਨੂੰ ਟਾਂਡੇ ਤੇ ਹਰਾ ਮੁੱਲ ਖਰੀਦ ਲੈਂਦੇ ਸੀ ਤੇ ਗਰਮੀਆਂ ਨੂੰ ਇਕੱਠੀ ਤੂੜੀ। ਅਸੀਂ ਭੈਣ ਭਰਾ ਆਪ ਹੀ ਤੂੜੀ ਢੋਂਦੇ ਸੀ। ਉਹ ਸਾਨੂੰ ਪੰਡਾਂ ਬੰਨ੍ਹ-ਬੰਨ੍ਹ ਚੁਕਾਈ ਜਾਂਦੀ ਸੀ। ਉਸ ਕੋਲ ਲੋਲੇ-ਪੋਲੋ ਨਹੀਂ ਸੀ। ਜੇ ਮੈਂ ਕਿਸੇ ਕੰਮ ਲਈ ਨਾਂਹ ਕਰਦਾ ਤਾਂ ਉਹ ਰੋਟੀਆਂ ਵਾਲਾ ਛਿੱਕੂ ਚੁੱਕ ਕੇ ਜਿੰਦਰੇ ਅੰਦਰ ਰੱਖ ਆਉਂਦੀ ਸੀ। ਉਸ ਨੂੰ ਕੰਮ ਪਿਆਰਾ ਸੀ, ਚੰਮ ਨਹੀਂ। ਇਕ ਦਿਨ ਮੈਨੂੰ ਕਹਿਣ ਲੱਗੀ ਕਿ ਬੱਕਰੀ ਲਈ ਤੁੱਕੇ ਚੁਗ ਕੇ ਲਿਆ। ਮੈਂ ਨਾਂਹ ਕਰ ਦਿੱਤੀ ਸੀ ਤਾਂ ਅੱਗੋਂ ਉਹ ਮੈਨੂੰ ਟੁੱਟ ਕੇ ਪਈ ਸੀ। ਮੈਂ ਵੀ ਧਾਰ ਲਿਆ ਸੀ ਕਿ ਕੁਝ ਵੀ ਹੋਵੇ, ਮੈਂ ਵੀ ਤੁੱਕੇ ਚੁੱਗ ਕੇ ਨਹੀਂ ਲਿਆਉਣੇ। ਉਸ ਮੈਨੂੰ ਨਾ ਚਾਹ ਦਿੱਤੀ ਸੀ। ਨਾ ਹੀ ਰੋਟੀ। ਹਨੇਰੇ ਹੋਏ ਮੈਂ ਘਰੋਂ ਸਦਾ ਲਈ ਚਲੇ ਜਾਣ ਦਾ ਮਨ ਬਣਾ ਲਿਆ ਸੀ। ਮੈਂ ਘਰੋਂ ਤੁਰ ਵੀ ਪਿਆ ਸੀ। ਲੰਬੜਾਂ ਕੇ ਖੂਹ ਕੋਲ ਜਾ ਕੇ 'ਕਿਉਂ ਨਾ ਮਨਾ ਆਪਣੇ ਸਾਰੇ ਕੱਪੜੇ ਵੀ ਨਾਲ ਲੈ ਹੀ ਜਾਵਾਂ' ਸੋਚ ਮੈਂ ਮੁੜ ਆਇਆ ਸੀ। ਸ਼ਾਇਦ ਉਸਨੂੰ ਮੇਰੀ ਚਾਲ ਦਾ ਪਤਾ ਲੱਗ ਗਿਆ ਸੀ। ਮੈਂ ਬਾਹਰ ਜਾਣ ਲੱਗਾ ਤਾਂ ਉਸ ਮੈਨੂੰ ਪਿਛੋਂ ਦੀ ਫੜ ਲਿਆ ਸੀ। ਆਪਣੇ ਵੱਲ ਨੂੰ ਮੂੰਹ ਕਰਕੇ ਉਸ ਮੈਨੂੰ ਹਿੱਕ ਨਾਲ ਘੁੱਟ ਲਿਆ ਸੀ ਤੇ ਉੱਚੀ-ਉੱਚੀ ਰੋਣ ਲੱਗ ਪਈ ਸੀ, "ਪੁੱਤ ਮੈਂ ਤਾਂ ਆਪਣੇ ਕਰਮਾਂ ਨੂੰ ਰੋਂਦੀ ਆਂ। ਮੈਂ ਕਿਹੜਾ ਨ੍ਹੀਂ ਚਾਹੁੰਦੀ ਕਿ ਮੇਰੇ ਨਿਆਣੇ ਸੋਹਣੇ ਸੋਹਣੇ ਕੱਪੜੇ ਪਾਉਣ। ਚੰਗਾ ਖਾਣ ਪੀਣ। ਇਨ੍ਹਾਂ ਨੂੰ ਲੋਕਾਂ ਦੇ ਖੱਤਿਆਂ ਵਿੱਚ ਨਾ ਰੁਲਣਾ ਪਵੇ। ਮੈਂ ਵੀ ਕੀ ਕਰਾਂ?....ਤੇਰੇ ਕੋਲੋਂ ਇੰਨੀ ਤੰਗੀ ਨ੍ਹੀਂ ਝੱਲੀ ਗਈ। ਕੋਈ ਮੈਥੋਂ ਪੁੱਛ ਕੇ ਦੇਖੇ, ਜਿਸ ਔਧਿਉਂ ਜ਼ਿਆਦਾ ਉਮਰ ਇਨ੍ਹਾਂ ਤੰਗੀਆਂ ਵਿੱਚ ਹੀ ਲੰਘਾ ਦਿੱਤੀ। ਤੂੰ ਉਦੋਂ ਪੰਜਾਂ ਦਿਨਾਂ ਦਾ ਸੀ। ਘਰ ਵਿੱਚ ਰਾਤ ਦੀ ਰੋਟੀ ਲਈ ਆਟੇ ਦੀ ਚੁਟਕੀ ਵੀ ਨ੍ਹੀਂ ਸੀ। ਤੇਰਾ ਪਿਉ ਪਤਾ ਨ੍ਹੀਂ ਕਿਧਰ ਉਜੜਿਆ ਹੋਇਆ ਸੀ। ਮੈਂ ਉਹ ਵੇਲੇ ਵੀ ਗੁਜ਼ਾਰ ਲਏ। ਮੈਂ ਨ੍ਹੀਂ ਚਾਹੁੰਦੀ ਕਿ ਮੇਰੇ ਬੱਚੇ ਕਿਸੇ ਗੱਲੋਂ ਤੰਗ ਰਹਿਣ ਪਰ ਜਿੰਨੇ ਪੈਸੇ ਤੇਰਾ ਪਿਉ ਦਿੰਦਾ, ਉਸ ਨਾਲ ਘਰ ਕਿਵੇਂ ਚਲੇ। ਮੈਂ ਘਰ 'ਚ ਸਾਰਿਆਂ ਨਾਲੋਂ ਪਹਿਲਾਂ ਉਠਦੀ ਆਂ। ਸਭ ਤੋਂ ਮਗਰੋਂ ਮੰਜਾ ਨਸੀਬ ਹੁੰਦਾ। ਮੈਂ ਲੋੜ ਨਾਲੋਂ ਜ਼ਿਆਦਾ ਸਰੀਰ ਤੋਂ ਕੰਮ ਲਿਆ। ਕੋਈ ਮੇਰਾ ਦੁੱਖ ਪੁੱਛਣ ਵਾਲਾ ਵੀ ਹੋਵੇ! ਮੈਨੂੰ ਸਾਰਿਆਂ ਪਾਸਿਆਂ ਦਾ ਸੋਚਣਾ ਪੈਂਦਾ। ਆਹ ਦੇਖ ਮੇਰੇ ਸਿਰ ਦੇ ਵਾਲ-ਮੈਂ ਤਾਂ ਉਮਰ ਤੋਂ ਪਹਿਲਾਂ ਹੀ ਬੁੱਢੀ ਹੋ ਗਈਂ। ਮੇਰੇ ਨਾਲ ਦੀਆਂ ਘੋੜੇ ਵਰਗੀਆਂ।"

ਉਸ ਘਰ ਦੀ ਲੀਹੋਂ ਲੱਥੀ ਗੱਡੀ ਜਿੱਦਾ-ਕਿੱਦਾ ਚਲਾਈ ਰੱਖੀ ਸੀ। ਪਿੰਡੋਂ ਪੰਜ ਮੀਲ ਦੂਰ ਪੈਂਦੇ ਸ਼ਹਿਰ ਨਕੋਦਰ ਪੈਦਲ ਜਾ ਕੇ ਮੁਖਤਿਆਰੇ ਦੀ ਦੁਕਾਨੋਂ ਕਾਲੇ ਸੂਤ ਦੀ ਪੰਡ ਚੁੱਕੀ ਆਉਂਦੀ ਸੀ। ਗਿਆਨੋ ਤੇ ਬਖ਼ਸ਼ੋ ਨੂੰ ਨਾਲ ਲਾ ਕੇ ਹਫ਼ਤੇ ਬਾਅਦ ਕੱਤ ਕੇ ਉਹ ਦੇ ਆਉਂਦੀ, ਹੋਰ ਲੈ ਆਉਂਦੀ ਸੀ। ਦੋਹਾਂ ਮੱਝਾਂ ਦਾ ਗੋਹਾ-ਕੂੜਾ ਕਰਦੀ ਸੀ। ਤੜਕੇ ਉੱਠ ਕੇ ਦੁੱਧ ਰਿੜਕਦੀ ਸੀ। ਉਸ ਨੂੰ ਕਿਸੇ ਦੇ ਕੀਤੇ ਕੰਮ 'ਤੇ ਤਸੱਲੀ ਨਹੀਂ ਆਉਂਦੀ ਸੀ, ਇਸੇ ਲਈ ਸੌਣ ਤੋਂ ਪਹਿਲਾਂ ਉਹ ਮੱਝਾਂ ਵੱਲ ਗੇੜਾ ਜ਼ਰੂਰ ਮਾਰਦੀ ਸੀ। ਖੁਰਲੀਆਂ ਪੱਠਿਆਂ ਨਾਲ ਭਰਦੀ ਸੀ। ਸਾਰਿਆਂ ਨੂੰ ਹਿੱਸੇ ਆਉਂਦਾ ਦੁੱਧ ਵਰਤਾ ਕੇ ਮੰਜੇ 'ਤੇ ਡਿੱਗ ਪੈਂਦੀ ਸੀ। ਉਹ ਦੁਪਹਿਰ ਨੂੰ ਨਾ ਆਪ ਸੌਂਦੀ ਸੀ ਤੇ ਨਾ ਹੀ ਕਿਸੇ ਨੂੰ ਸੌਣ ਦਿੰਦੀ ਸੀ। ਮਿਸਿਜ਼ ਇਸ ਬਾਰੇ ਸ਼ਿਕਾਇਤ ਭਰੇ ਲਹਿਜੇ ਵਿੱਚ ਕਹਿੰਦੀ ਸੀ, "ਬੁੜੀ ਨੇ ਪਤਾ ਨ੍ਹੀਂ ਕੀ ਖਾਧਾ? ਸਾਰਾ ਦਿਨ ਨਾ ਇਹ ਆਪ ਟਿਕਦੀ ਆ ਤੇ ਨਾ ਹੀ ਦੂਜੇ ਨੂੰ ਬੈਠਣ ਦਿੰਦੀ ਆ। ਕੰਮ 'ਤੇ ਕੰਮ ਕੱਢੀ ਜਾਂਦੀ ਰਹਿੰਦੀ। ਮੈਂ ਤਾਂ ਜਦੋਂ ਇਸ ਦੇ ਸਾਹਮਣੇ ਜਾਂਦੀ ਆਂ ਤਾਂ ਮੇਰੀ ਦੇਹ ਕੰਬਣ ਲੱਗ ਪੈਂਦੀ। ਕੀ ਪਤਾ ਲੱਗਦਾ ਕਿ ਇਸ ਅੱਗੋਂ ਕਿਹੜਾ ਹੁਕਮ ਕਰ

ਦੇਣਾ।" ਕਿਸੇ ਹੋਰ ਵੇਲੇ ਉਹ ਐਦਾਂ ਵੀ ਕਹਿ ਦਿੰਦੀ ਸੀ..."ਮਾਤਾ ਜਿੰਨੀ ਸਚਿਆਰੀ ਕੋਈ ਕੋਈ ਔਰਤ ਹੀ ਹੁੰਦੀ ਆ...ਇਸ ਕੋਲੋਂ ਜਿਹੜਾ ਮਰਜ਼ੀ ਕੰਮ ਸਿੱਖ ਲਉ। ਪੁੱਛ ਲਉ। ਇਹਨੂੰ ਆਉਂਦਾ। ਦਰੀਆਂ ਦੀਆਂ ਮੋਰਨੀਆਂ ਦੀ ਸ਼ੁਰੂਆਤ ਇਹੋ ਕਰ ਸਕਦੀ। ਹੋਰ ਤਾਂ ਹੋਰ ਇਸ ਦਾ ਗੁਸਲਖਾਨੇ ਕੋਲ ਕੀਤਾ ਪਲਸਤਰ ਦੇਖੋ.... ਇਸ ਨੂੰ ਸਾਰਾ ਪਤਾ ਹੁੰਦਾ ਕਿ ਕਿਹੜੇ ਜੀਅ ਨੂੰ ਕਿਹੜੇ ਵੇਲੇ ਕਿਹੜੀ ਚੀਜ਼ ਦੀ ਜ਼ਰੂਰਤ ਹੁੰਦੀ। ਰਸੋਈ ਵਿੱਚ ਸਾਰੇ ਡੱਬੇ ਭਰੇ ਰਹਿੰਦੇ। ਇਹਦੇ ਹੱਥਾਂ 'ਚ ਬਹੁਤ ਬਰਕਤ ਆ। ਇਹਨੂੰ ਥੋੜ੍ਹੀ ਜਿੰਨੀ ਚੀਜ਼ ਨਾਲ ਸਬਰ ਨ੍ਹੀਂ ਆਉਂਦਾ।"

***

1988 'ਚ ਅਸੀਂ ਦੋਵੇਂ ਭਰਾ ਜਲੰਧਰ ਆ ਗਏ ਸੀ। ਪਰ ਉਹ ਸਾਡੇ ਨਾਲ ਆਉਣ ਲਈ ਨਹੀਂ ਮੰਨੀ ਸੀ। ਉਹ ਪਿੱਛੇ ਇਕੱਲੀ ਹੀ ਰਹਿੰਦੀ ਸੀ। ਸਾਨੂੰ ਉਸ ਦਾ ਫਿਕਰ ਰਹਿੰਦਾ ਸੀ। ਅਸੀਂ ਜ਼ੋਰ ਪਾ ਕੇ ਕੁਝ ਦਿਨਾਂ ਲਈ ਉਸ ਨੂੰ ਲੈ ਆਉਂਦੇ ਸੀ। ਜਲੰਧਰ ਆ ਕੇ ਉਸ ਦਾ ਦਿਲ ਨਹੀਂ ਲੱਗਦਾ ਸੀ। ਇਥੇ ਉਸ ਨੂੰ ਇੱਕ ਤਰ੍ਹਾਂ ਦੀ ਕੈਦ ਲੱਗਦੀ ਸੀ। ਉਹ ਬੱਧੀ-ਰੁੱਧੀ ਰਹਿੰਦੀ ਸੀ। ਅੱਕੀ ਹੋਈ ਟੋਕਾ ਟਾਕੀ ਕਰਨੀ ਸ਼ੁਰੂ ਕਰ ਦਿੰਦੀ ਸੀ, "ਤੂੰ ਦਾਲ 'ਚ ਐਨੇ ਪਿਆਜ਼ ਕਿਉਂ ਪਾਏ? ਘਿਉ ਘੱਟ ਕਿਉਂ ਪਾਇਆ? ਨਿਆਣਿਆਂ ਨੂੰ ਆਪਣਾ ਦੁੱਧ ਕਿਉਂ ਨ੍ਹੀਂ ਦਿੰਦੀਆਂ? ਕੋਈ ਇਨ੍ਹਾਂ ਰੰਨਾਂ ਨੂੰ ਪੁੱਛਣ ਵਾਲਾ ਹੋਵੇ ਜੇ ਨਿਆਣਿਆਂ ਨੂੰ ਆਪਣਾ ਦੁੱਧ ਨਾ ਦਿੱਤਾ ਤਾਂ ਇਨ੍ਹਾਂ ਦਾ ਮੋਹ ਪਿਆਰ ਕਿਵੇਂ ਪਊ। ਗੱਲ ਸੁਣੋ ਮੇਰੀ ਧਿਆਨ ਨਾਲ। ਜਿਹੜਾ ਓਪਰਾ ਦੁੱਧ ਇਨ੍ਹਾਂ ਨੂੰ ਸ਼ੀਸ਼ੀਆਂ ਨਾਲ ਪਿਲਾਉਣੀਆਂ-ਉਹ ਆਪ ਪੀਆ ਕਰੋ। ਤੁਸੀਂ ਦੁੱਧ ਪੀਉਂਗੀਆਂ ਤਾਂ ਤੁਹਾਡਾ ਦੁੱਧ ਆਪੇ ਉਤਰੂ। ਮਾਂ ਦੇ ਦੁੱਧ ਨਾਲ ਦੀ ਕੋਈ ਰੀਸ ਨ੍ਹੀਂ ਹੁੰਦੀ....। ਸਾਰਾ ਜ਼ੋਰ ਕੱਪੜੇ ਖਰੀਦਣ 'ਤੇ ਲਾਈ ਜਾਂਦੀਆਂ। ਪਰ ਮੇਰੀ ਕੋਈ ਸੁਣੇ ਤਾਂ? " ਉਹ ਪੱਖੀ ਲੈ ਕੇ ਗਲੀ 'ਚ ਬੈਠ ਜਾਂਦੀ ਸੀ, "ਮੈਂ ਕੋਈ ਤੁਹਾਡੀ ਕੈਦਣ ਆਂ। ਮੈਥੋਂ ਨ੍ਹੀਂ ਸਾਰਾ ਦਿਨ ਪੱਖੇ ਥੱਲੇ ਬੈਠਿਆ ਜਾਂਦਾ।" ਉਹ ਹਫ਼ਤਾ ਕੁ ਰਹਿੰਦੀ ਸੀ। ਫੇਰ ਗੁੱਸੇ 'ਚ ਭਰੀ-ਪੀਤੀ ਪਿੰਡ ਵਾਲੀ ਬਸ ਜਾ ਚੜ੍ਹਦੀ ਸੀ, "ਮੈਥੋਂ ਨ੍ਹੀਂ ਦੇਖੀਆਂ ਜਾਂਦੀਆਂ ਤੁਹਾਡੀਆਂ ਫੈਲ-ਸੂਫ਼ੀਆਂ। ਨਾ ਮੈਂ ਸਾਰੀ ਉਮਰ ਅਜਿਹੇ ਕੰਮ ਕੀਤੇ ਆ ਤੇ ਨਾ ਹੀ ਕੀਤੇ ਜਾਂਦੇ ਮੈਥੋਂ ਦੇਖੇ ਜਾਂਦੇ।" ਉਹ ਮਸਾਂ ਇਥੇ ਦਸ-ਪੰਦਰਾਂ ਦਿਨ ਕੱਟਦੀ-ਫੇਰ ਦੋ ਮਹੀਨੇ ਪਿੰਡ ਲਾ ਆਉਂਦੀ ਸੀ। ਮੈਨੂੰ ਸਾਰੇ ਕੰਮ ਛੱਡ ਕੇ ਪਿੰਡ ਜਾਣਾ ਪੈਂਦਾ ਸੀ। ਮੈਂ ਸ਼ਨੀਵਾਰ ਪਿੰਡ ਜਾਂਦਾ ਸੀ। ਐਤਵਾਰ ਰਹਿੰਦਾ ਸੀ ਤੇ ਸੋਮਵਾਰ ਸਵੇਰ ਦੀ ਬਸ ਫੜ ਕੇ ਡਿਊਟੀ 'ਤੇ ਆ ਹਾਜ਼ਰ ਹੁੰਦਾ ਸੀ। ਪਿੰਡ 'ਚ ਰਹਿੰਦਿਆਂ ਵੀ ਉਹਨੂੰ ਜਲੰਧਰ ਦੀ ਇਕ-ਇਕ ਗੱਲ ਦਾ ਪਤਾ ਹੁੰਦਾ ਸੀ। ਉਹ ਹਰੇਕ ਜੀਅ ਬਾਰੇ ਸੂਅ ਰੱਖਦੀ ਸੀ। ਮੈਂ ਜਾਂਦਾ ਤਾਂ ਉਹ ਮੈਥੋਂ ਸਾਰਾ ਸੱਚ ਉਗਲਾ ਲੈਂਦੀ ਸੀ। ਤਰਸੇਮ ਨਾਲ ਹੀ ਐਦਾਂ ਹੁੰਦਾ ਸੀ। ਅੱਗੋਂ-ਪਿੱਛੋਂ ਫੋਨ ਕਰ ਲੈਂਦੀ ਸੀ। ਮੈਨੂੰ ਉਲਟਾ-ਉਲਟਾ ਕੇ ਪੁੱਛਦੀ ਸੀ, "ਆ ਪੁਸ਼ਪਾ ਨੂੰ ਕਿੰਨੇ ਵਾਲਾ ਸੂਟ ਲੈ ਕੇ ਦਿੱਤਾ। ਵੱਡਜ਼ੀ ਵੰਗਾਂ ਕਿੱਥੋਂ ਬਣਾ ਕੇ ਲਿਆਈ। ਜਿਉਤੀ ਬਾੜੀਆ ਕਿੰਨੇ ਦਿਨ ਰਹਿ ਕੇ ਆਈ-ਉਹਨੂੰ ਪੁੱਛੀਂ-ਕਿ ਉਹਨੂੰ ਚੌਥੇ ਦਿਨ ਪੇਕਿਆਂ ਦੇ ਜਾਣ ਦਾ ਤਾਂ ਸ਼ੌਕ ਉੱਠ ਖੜ੍ਹਦਾ-ਕਦੇ ਮਨ ਨ੍ਹੀਂ ਕੀਤਾ ਕਿ ਮੇਰੀ ਰਾਜ਼ੀ-ਬਾਜ਼ੀ ਵੀ ਪੁੱਛ ਲਵੇ। ਇਹ ਪੋਤ ਨੌਹਾਂ ਵੀ ਪੂਰੀਆਂ ਕੁੱਤੀਆਂ ਹੁੰਦੀਆਂ-ਹਾਂ ਦੱਸ ਫੇਰ, ਤੂੰ ਕੋਈ ਗੱਲ ਦੱਸੀ ਹੀ ਨ੍ਹੀਂ।" ਮੈਂ ਘੇਸਲ ਮਾਰ ਜਾਂਦਾ ਸੀ। ਉਹ ਮੂੰਹ ਵੱਟ ਲੈਂਦੀ ਸੀ। ਚਾਹ ਬਣਾ ਕੇ ਦੇ ਜਾਂਦੀ ਸੀ। ਮੈਂ ਕੋਈ ਗੱਲ ਪੁੱਛਦਾ ਤਾਂ ਅੱਗੋਂ 'ਹੂੰ-ਹਾਂ' ਕਹਿ ਕੇ ਚੁੱਪ ਰਹਿੰਦੀ ਸੀ। ਸਿਆਲਾਂ ਨੂੰ ਉਹ ਸਾਡੇ ਲਈ ਜੁੱਟ ਜ਼ਰੂਰ ਰਲਾਉਂਦੀ/ਬਣਾਉਂਦੀ ਤੇ ਸਮਝਾਉਂਦੀ ਸੀ, "ਮੈਂ ਤੇਰੇ ਲਈ ਦੋ ਕਿਲੋ ਘਿਉ ਰਲਾ ਕੇ ਰੱਖਿਆ। ਮੈਨੂੰ ਪਤਾ ਤੈਨੂੰ ਨਜ਼ਲਾ-ਜੁਕਾਮ ਛੇਤੀ ਹੋ ਜਾਂਦਾ। ਮੈਂ ਤੈਨੂੰ ਕਿੰਨੀ ਵਾਰ ਕਿਹਾ ਕਿ ਚਾਹ ਘੱਟ ਪੀਆ ਕਰ। ਤੇਰਾ ਜੁੱਸਾ ਮੇਰੇ 'ਤੇ ਗਿਆ। ਮੈਨੂੰ ਗਰਮ ਚੀਜ਼ਾਂ ਘੱਟ ਪਚਦੀਆਂ। ਹੁਣ ਚੁੱਪ ਕਰਕੇ ਘਿਉ ਖਾ ਲਈਂ। ਕਿਸੇ ਨੂੰ ਨਾ ਦੇਈਂ। ਦੇਖੀਂ-ਨਿਆਣਿਆਂ ਦੇ ਹੱਥ ਨਾ ਲੱਗ ਜਾਵੇ। ਸਿਰਫ਼ ਮਾਂ ਹੀ ਖੁਆ ਸਕਦੀ ਆ। ਹੁਣ



ਤਾਂ ਤੂੰ ਪ੍ਰਵਾਹ ਨ੍ਹੀਂ ਕਰਦਾ। ਜਦੋਂ ਮੈਂ ਮਰ ਗਈ, ਫੇਰ ਤੈਨੂੰ ਪਤਾ ਲੱਗੂ।" ਉਸ ਸਿਆਲਾਂ 'ਚ ਕਦੇ ਮੇਰਾ ਤੇ ਤਰਸੇਮ ਦਾ ਘਿਉ ਨਹੀਂ ਮੁੱਕਣ ਦਿੱਤਾ ਸੀ। ਜਿੰਨਾ ਚਿਰ ਘਰ 'ਚ ਉਸ ਦੀ ਹਕੂਮਤ ਰਹੀ ਸੀ, ਦੇਸੀ ਘਿਉ ਹੀ ਵਰਤਿਆ ਜਾਂਦਾ ਰਿਹਾ ਸੀ। ਸਾਡੇ ਦੋਹਾਂ ਭਰਾਵਾਂ ਲਈ ਉਹ ਅੱਡ-ਅੱਡ ਚਾਰ-ਚਾਰ ਕਿਲੋ ਦੇ ਡੱਬੇ ਭਰ ਕੇ ਰੱਖ ਲੈਂਦੀ ਸੀ, "ਜੇ ਮੇਰੀ ਗੱਲ ਮੰਨਦੇ ਹੋ ਤਾਂ ਘਰੇ ਦੇਸੀ ਘਿਉ ਨਾ ਮੁੱਕਣ ਦਿਉ। ਤੂੰ ਸਾਰਾ ਦਿਨ ਕਾਗ਼ਜ਼ਾਂ ਨਾਲ ਮੱਥਾ ਮਾਰਦਾ ਰਹਿਣਾਂ। ਹੋਰ ਵੀ ਪੈਸੇ ਖਰਚਦਾ ਰਹਿਣਾਂ। ਫਲ-ਫਰੂਟ ਖੁੱਲ੍ਹਾ ਖਾਇਆ ਕਰ....।" ਇਕ ਦਿਨ ਉਹ ਲੱਲੀਆਂ ਵਿਆਹ 'ਤੇ ਗਈ ਸੀ ਤਾਂ ਕਿਸੇ ਦੇ ਗਲ 'ਚ ਪਾਈ ਚੈਨੀ ਦੇਖਕੇ ਪਤਾ ਨਹੀਂ ਉਸ ਦੇ ਮਨ ਵਿਚ ਕੀ ਆਇਆ ਸੀ। ਉਹ ਨਕੋਦਰੋਂ ਦੋ ਚੈਨੀਆਂ ਬਣਾ ਲਿਆਈ ਸੀ। ਸਾਨੂੰ ਦਿੰਦਿਆਂ ਬੋਲੀ, "ਲਉ ਕਿੱਦ੍ਹਾਂ ਸੁੰਨੇ ਜਿਹੇ ਗਲ ਲਈ ਫਿਰਦੇਉਂ। ਵਿਆਹ-ਸ਼ਾਦੀ ਜਾਂ ਕਿਸੇ ਰਿਸ਼ਤੇਦਾਰ ਦੇ ਜਾਣ ਵੇਲੇ ਪਾ ਜਾਇਆ ਕਰੋ। ਪਤਾ ਲੱਗਦਾ ਬਈ ਬੰਦਾ ਖਾਂਦੇ-ਪੀਂਦੇ ਪਰਿਵਾਰ 'ਚੋਂ ਆ।"

ਉਹ ਬੀਮਾਰ ਹੋ ਜਾਂਦੀ ਸੀ ਤਾਂ ਨਾਵਲਜ਼ੀਨ ਜਾਂ ਸੈਰਾਡਾਨ ਦੀ ਗੋਲੀ ਖਾ ਕੇ ਤੇ ਨਾਲ ਚਾਹ ਦਾ ਗਿਲਾਸ ਪੀ ਕੇ ਮੂੰਹ ਸਿਰ ਵਲ੍ਹੇਟ ਕੇ ਪੈ ਜਾਂਦੀ ਸੀ। ਜੁਆਨੀ 'ਚ ਉਹ ਚਾਹ ਦੀ ਬਹੁਤ ਸ਼ੌਕੀਨ ਸੀ। ਉਹ ਦੱਸਦੀ ਸੀ, "ਮੇਰਾ ਇੱਕ-ਅੱਧੇ ਗਲਾਸ ਨਾਲ ਢਿੱਡ ਨਾ ਭਰਦਾ। ਮੈਨੂੰ ਤਾਂ ਪਤੀਲੀ ਚਾਹ ਦੀ ਪੀ ਕੇ ਰੱਜ ਆਉਂਦਾ ਸੀ। ਘਰ ਦਾ ਦੁੱਧ ਹੁੰਦਾ ਸੀ। ਤੜਕੇ ਉੱਠ ਕੇ ਸਾਰੇ ਟੱਬਰ ਲਈ ਚੱਕੀ 'ਤੇ ਆਟਾ ਪੀਸੀਦਾ ਸੀ। ਦੋ-ਦੋ ਭਰੀਆਂ ਟਾਂਡਿਆਂ ਦੀ ਗੰਡਾਸੇ ਨਾਲ ਕੁਤਰ ਲਈਦੀਆਂ ਸੀ।" ਇਕ ਵਾਰ ਉਹ ਬੀਮਾਰ ਹੋ ਗਈ ਸੀ। ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਸੀ। ਡਾਕਟਰ ਨੇ ਗੁਲੂਕੋਜ਼ ਲਾ ਦਿੱਤਾ ਸੀ। ਤਰਸੇਮ ਬਾਜ਼ਾਰ ਨੂੰ ਗਿਆ ਹੋਇਆ ਸੀ। ਉਸ ਨਰਸ ਨੂੰ ਕਿਹਾ ਸੀ, "ਧੀਏ ਐਦਾਂ ਨ੍ਹੀਂ ਹੋ ਸਕਦਾ ਕਿ ਆਹ ਪਾਣੀ ਜਿਹਾ ਗਲਾਸ ਵਿਚ ਪਾ ਕੇ ਮੈਨੂੰ ਇਕੋ ਵਾਰੀ ਦੇ ਦੇ। ਮੈਂ ਇਕੋ ਸਾਹੇ ਪੀ ਲੈਂਦੀ ਆਂ।" ਨਰਸ ਨੇ ਉਸ ਨੂੰ ਸਮਝਾਇਆ ਕਿ ਮਾਤਾ ਜੀ ਇਹ ਤਾਂ ਡਰੌਪ-ਡਰੌਪ ਕਰਕੇ ਨਾੜਾਂ ਵਿਚ ਜਾਣਾ ਹੈ। ਪਰ ਉਸ ਕੋਲੋਂ ਤਾਂ ਬੈੱਡ 'ਤੇ ਬੱਝ ਕੇ ਪਿਆ ਨਹੀਂ ਗਿਆ ਸੀ। ਉਸ ਸਰਿੰਜ ਕੱਢੀ ਸੀ। ਬੋਤਲ ਝੋਲੇ 'ਚ ਪਾਈ ਸੀ। ਝੋਲਾ ਕੱਛ 'ਚ ਲੈ ਕੇ ਪਿੰਡ ਵਾਲੇ ਟਾਂਗੇ 'ਚ ਚੜ੍ਹ ਗਈ ਸੀ। ਪੁੱਛਿਆ ਤਾਂ ਉਸ ਦਾ ਜੁਆਬ ਸੀ, "ਆਹ ਕੀ ਡਾਕਟਰਾਂ ਦੇ ਖੇਖਣ ਜਿਹੇ ਆ। ਬੰਦਾ ਸਿੱਧਾ ਕੰਮ ਕਰੇ। ਮੈਥੋਂ ਨ੍ਹੀਂ ਐਦਾਂ ਪਿਆ ਜਾਂਦਾ। ਮੈਨੂੰ ਹੋਇਆ ਕੀ ਆ। ਆਪਣੀ ਵਹੁਟੀ ਨੂੰ ਕਹਿ, ਮੇਰੇ ਜਿੰਨੇ ਟਾਂਡੇ ਕੁਤਰ ਕੇ ਦਿਖਾਵੇ।"

ਉਹ ਨੂੰ ਪਸ਼ੂਆਂ ਨਾਲ ਬਹੁਤ ਪਿਆਰ ਸੀ। ਟੈਲੀਵੀਜ਼ਨ ਦੀ ਸਕਰੀਨ 'ਤੇ ਜਦੋਂ ਕੋਈ ਬੱਕਰੀ ਜਾਂ ਮੱਝ ਆ ਜਾਂਦੀ ਤਾਂ ਉਹ ਕਹਿੰਦੀ ਸੀ, "ਦੇਖੋ, ਕਿੰਨੇ ਸੋਹਣੇ ਡੰਗਰ ਆ।" ਸਮਝਾਉਂਦੀ ਸੀ, "ਮੁੱਲ ਲੈ ਕੇ ਬੰਦਾ ਖਾ ਨ੍ਹੀਂ ਸਕਦਾ। ਫੇਰ ਮੁੱਲ ਦੀ ਚੀਜ਼ ਆਉਂਦੀ ਵੀ ਕਿੰਨੀ ਕੁ ਆ। ਘਰ ਵਿਚ ਹਮੇਸ਼ਾਂ ਲਵੇਰਾ ਹੋਣਾ ਚਾਹੀਦਾ।" ਜਦੋਂ ਤੱਕ ਉਸਦੇ ਹੱਡਾਂ ਨੇ ਉਸਦਾ ਸਾਥ ਦਿੱਤਾ ਸੀ, ਘਰੇ ਖੁਰਲੀ ਕਦੇ ਸੁੰਨੀ ਨਹੀਂ ਹੋਈ ਸੀ। ਇਕ ਵਾਰ ਇਕ ਕੱਟੀ ਅਧਿਆਰੇ 'ਤੇ ਦਿੱਤੀ ਹੋਈ ਸੀ। ਅਧਿਆਰੇ ਵਾਲੇ ਚਾਹੁੰਦੇ ਸਨ ਕਿ ਇਸ ਦਾ ਮੁੱਲ ਸੂਣ ਤੋਂ ਪਹਿਲਾਂ-ਪਹਿਲਾਂ ਪਾ ਲਿਆ ਜਾਵੇ। ਮੈਂ ਤੇ ਉਹ, ਮੱਝਾਂ ਦੇ ਵਪਾਰੀ ਮਹਿੰਦਰ ਸਿੰਘ ਨੂੰ ਨਾਲ ਲੈ ਕੇ ਲਾਗਲੇ ਪਿੰਡ ਨੂਰਪੁਰ ਗਏ ਸੀ। ਉਸ ਦਾ ਖ਼ਿਆਲ ਸੀ ਕਿ ਇਹ ਝੋਟੀ ਚੰਗੀ ਨਿਕਲੇਗੀ। ਮਹਿੰਦਰ ਸਿੰਘ ਨੇ ਰਸਤੇ 'ਚ ਸਾਨੂੰ ਸਮਝਾਇਆ ਸੀ ਕਿ ਅੱਜ ਕਲ੍ਹ ਪਸ਼ੂਆਂ ਦੇ ਭਾਅ ਟੁੱਟੇ ਹੋਏ ਹਨ। ਇਸ ਲਈ ਪੰਜ-ਛੇ ਹਜ਼ਾਰ ਤੋਂ ਉੱਪਰ ਨਾ ਜਾਇਓ। ਬੋਲੀ ਸ਼ੁਰੂ ਹੋ ਗਈ ਸੀ। ਮਹਿੰਦਰ ਰੋਕ ਰਿਹਾ ਸੀ, ਪਰ ਉਸ ਨੇ ਅੱਠ ਹਜ਼ਾਰ 'ਚ ਝੋਟੀ ਦਾ ਸੰਗਲ ਖੋਲ੍ਹ ਲਿਆਂਦਾ ਸੀ। ਪਿੰਡ ਨੂੰ ਆਉਂਦੀ ਹੋਈ ਦੱਸਣ ਲੱਗੀ ਸੀ, "ਝੋਟੀ ਛੱਡਣ ਵਾਲੀ ਨ੍ਹੀਂ ਸੀ। ਕਿਸਮਤ ਨਾਲ ਚੰਗਾ ਪਸ਼ੂ ਮਿਲਦਾ। ਤੇਰੇ ਭਾਪੇ ਨੂੰ ਹੁਣ ਬਹੁਤੀ ਸੁਰਤ ਨ੍ਹੀਂ। ਉਸਨੂੰ ਪੁੱਛ ਲਈਂ, ਤੈਨੂੰ ਆਪੇ ਪਤਾ ਲੱਗ ਜਾਊ।" ਭਾਪੇ ਨੇ ਝੋਟੀ ਦੀ ਪਿੱਠ 'ਤੇ ਹੱਥ ਫੇਰ ਕੇ ਦੱਸ ਦਿੱਤਾ ਸੀ, "ਇਹ ਦੁੱਧ-ਘਿਉ ਲਈ ਚੰਗੀ ਨਿਕਲੂ।" ਮੈਨੂੰ ਉਸ ਦੇ ਗਿਆਨ 'ਤੇ ਫ਼ਖ਼ਰ ਮਹਿਸੂਸ ਹੋਇਆ ਸੀ।

ਉਹ ਪਸ਼ੂਆਂ ਨੂੰ ਧੀਆਂ-ਪੁੱਤਰਾਂ ਜਿੰਨਾ ਮੋਹ ਕਰਦੀ ਸੀ। ਇਕ ਵਾਰ ਐਦਾਂ ਹੋਇਆ ਕਿ ਭਾਬੀ ਦੇ ਹੱਥੀਂ ਇੱਕ ਮੱਝ ਪਈ ਸੀ। ਇਧਰ ਭਾਬੀ ਨੇ ਮੁੰਡਾ ਜੰਮਿਆ ਤੇ ਉਧਰ ਮੱਝ ਸਵੇਰ ਦੀਆਂ ਧਾਰਾਂ ਲਈ ਅੜਿੰਗੇ। ਕਿਸੇ ਹੋਰ ਨੂੰ ਲਾਗੇ ਨਾ ਆਉਣ ਦੇਵੇ। ਬੀਬੀ ਨੇ ਕਈ ਓਹੜ-ਪੋਹੜ ਕੀਤੇ ਸਨ। ਮੱਝ ਵੀ ਕਹੇ ਕਿ ਤੇਰਾ ਦੇਣਾ ਕੀ, ਜੇ ਕੋਈ ਹੋਰ ਹੱਥ ਲਾ ਜਾਵੇ। ਬੀਬੀ ਨੇ ਭਾਬੀ ਨੂੰ ਪਿੱਠ 'ਤੇ ਚੁੱਕਿਆ ਸੀ ਤੇ ਮੱਝ ਥੱਲੇ ਲਿਆ ਬਿਠਾਇਆ ਸੀ। ਭਾਬੀ ਡਾਹਢੀ ਔਖੀ ਹੋਈ ਤਾਂ ਉਸ ਦਾ ਜਵਾਬ ਸੀ, "ਧੀਏ-ਪਸ਼ੂ ਨੂੰ ਕੌਣ ਸਮਝਾਏ?"

****

## ਮੇਰੇ ਸੁਪਨੇ

ਇਕ ਉਪਰਾ ਘਰ। ਕਾਫੀ ਖੁੱਲ੍ਹਾ ਡੁੱਲ੍ਹਾ। ਵੱਡਾ ਸਾਰਾ ਵਿਹੜਾ। ਮੈਂ ਗੇਟ ਖੋਲ੍ਹ ਕੇ ਬਾਹਰ ਜਾਣ ਲੱਗਾ ਹਾਂ। ਬੀਬੀ ਆਵਾਜ਼ ਮਾਰਦੀ ਹੈ, "ਮੈਂ ਚਾਹ ਰੱਖੀ ਆ। ਪੀ ਕੇ ਜਾਈਂ।" ਮੈਂ ਦੱਸਦਾ ਹਾਂ, "ਮੈਂ ਹੁਣੇ ਆਪ ਬਣਾ ਕੇ ਪੀਤੀ ਆ। ਹੋਰ ਨ੍ਹੀਂ ਪੀਣੀ।" ਉਹ ਦੂਰ ਦਿੱਸਦੇ ਕਮਰੇ ਵੱਲ ਦੇਖਦੀ ਹੈ। ਤਰਸੇਮ ਤੇ ਉਹ ਦੀ ਬੀਵੀ ਬੈਠੇ ਹਨ। ਬੀਬੀ ਕਹਿੰਦੀ ਹੈ, "ਜਾ-ਸੇਮੇ ਨੂੰ ਕਹਿ ਚਾਹ ਪੀ ਲਵੇ।" ਮੈਂ ਕਹਿੰਦਾ ਹਾਂ, "ਤੂੰ ਕਿਉਂ ਫਿਕਰ ਕਰਦੀ ਆਂ। ਉਸ ਦੀ ਵਹੁਟੀ ਨੇ ਆਪੇ ਬਣਾ ਕੇ ਪਿਲਾ ਦੇਣੀ ਆ।" ਉਹ ਗੁੱਸੇ ਨਾਲ ਬੋਲਦੀ ਹੈ, "ਤੈਨੂੰ ਆਵਾਜ਼ ਮਾਰਨੀ ਕਿਉਂ ਭਾਰੀ ਹੋਈ ਆ। ਜਾਹ, ਉਹਨੂੰ ਕਹਿ-ਉਹ ਚਾਹ ਪੀ ਲਵੇ। ਜਦੋਂ ਤਾਈਂ ਪੁੱਤ ਚਾਹ ਨ੍ਹੀਂ ਪੀਂਦੇ-ਮਾਂ ਦੇ ਚਾਹ ਕਿਥੋਂ ਲੰਘਦੀ ਆ।"

*

ਪਿੰਡ ਵਾਲਾ ਸਮਾਂ ਕੌਰ ਦਾ ਘਰ। ਇਹ ਘਰ ਸਾਡੇ ਘਰ ਤੋਂ ਅਗਲੇ ਘਰ ਦੇ ਨਾਲ ਲੱਗਦਾ ਸੀ। ਕੱਚਾ ਵਿਹੜਾ। ਜਗਰਾਤਾ ਹੋ ਰਿਹਾ ਸੀ। ਸੰਗਤਾਂ ਬੈਠੀਆਂ ਸੀ। ਮੇਰੇ ਕੋਲ ਮੇਰੇ ਮਾਮਾ ਜੀ ਦਾ ਵੱਡਾ ਮੁੰਡਾ ਤ੍ਰਿਲੋਕ ਆ ਕੇ ਬੈਠ ਗਿਆ। ਮੈਂ ਉਸ ਨੂੰ ਆਪਣੀ ਬੁਕਲ 'ਚ ਲੈ ਲਿਆ। ਸੰਗਤ 'ਚੋਂ ਕਿਸੇ ਨੇ ਦੁੱਧ ਮੰਗਿਆ ਸੀ। ਇਕੋ ਕੱਪ ਹੀ ਦੁੱਧ ਦਾ ਦਿੱਤਾ ਸੀ। ਮੇਰਾ ਮਨ ਦੁੱਧ ਪੀਣ ਨੂੰ ਕਰ ਆਇਆ। ਮੈਂ ਦੁੱਧ ਮੰਗਿਆ ਸੀ। ਕਿਸੇ ਨੇ ਮੇਰੀ ਗੱਲ ਨਹੀਂ ਸੁਣੀ ਸੀ। ਬੀਬੀ ਬੁੜੀਆਂ 'ਚੋਂ ਉੱਠ ਕੇ ਮੇਰੇ ਕੋਲ ਆ ਖੜੋਈ ਸੀ। ਉਸ ਕਿਹਾ ਸੀ, "ਹਰਜਿੰਦਰ ਘਰ ਚੱਲ। ਮੈਂ ਤੇਰੇ ਲਈ ਦੁੱਧ ਦਾ ਗਿਲਾਸ ਰੱਖਿਆ ਹੋਇਆ। ਚਲ-ਟੈਮ-ਜ਼ਿਆਦਾ ਹੋ ਗਿਆ। ਤੂੰ ਸਵੇਰੇ ਚੰਡੀਗੜ੍ਹ ਜਾਣਾ ਹੈ ਨਾ ਕੰਮ 'ਤੇ।"

ਫੇਰ ਮੇਰੀ ਅੱਖ ਖੁੱਲ੍ਹ ਗਈ ਸੀ।

*

ਇਕ ਪਾਸੇ ਮਲ੍ਹੇ ਸਨ। ਮੈਨੂੰ 'ਤੇ ਮੇਰੇ ਭਤੀਜੇ ਵਿਨੋਦ ਨੂੰ (ਵਿਨੋਦ ਦੀ ਉਮਰ ਇਸ ਸਮੇਂ 38 ਸਾਲਾਂ ਦੀ ਹੈ ਪਰ ਉਹ ਮੈਨੂੰ ਪੰਜ-ਛੇ ਸਾਲਾਂ ਦਾ ਦਿੱਸਦਾ ਹੈ) ਬੇਰੀਆਂ ਦਿੱਸਦੀਆਂ ਹਨ। ਟਾਵੀਆਂ-ਟਾਵੀਆਂ ਬੇਰੀਆਂ। ਕਿਤੇ-ਕਿਤੇ ਬੇਰ ਲੱਗੇ ਹਨ। ਛੋਟੇ-ਛੋਟੇ। ਅੱਧ ਪੱਕੇ। ਬੇਰ ਮੇਰੀ ਪਹੁੰਚ 'ਚ ਨਹੀਂ ਆਉਂਦੇ। ਬੀਬੀ ਆਉਂਦੀ ਹੈ। ਇਕ ਪਾਸੇ ਵੱਡੀ ਬੇਰੀ ਵੱਲ ਇਸ਼ਾਰਾ ਕਰਦੀ ਹੈ। ਬੇਰੀ ਨੂੰ ਕਿਤੇ-ਕਿਤੇ ਬੇਰ ਲੱਗੇ ਹਨ। ਮੋਟੇ-ਮੋਟੇ। ਉਹ ਸੋਟੀ ਮਾਰ ਕੇ ਬੇਰ ਲਾਹੁੰਦੀ ਹੈ। ਵਿਨੋਦ ਨੂੰ ਬੇਰ ਦਿੰਦੀ ਹੈ। ਅਸੀਂ ਬੇਰ ਖਾ ਕੇ ਪਿੰਡ ਵੱਲ ਨੂੰ ਤੁਰ ਪੈਂਦੇ ਹਾਂ। ਸਾਨੂੰ ਅੱਗੋਂ ਸਾਡੇ ਪਿੰਡ ਦਾ ਸਵਰਨਾ ਮਿਲਦਾ ਹੈ। ਉਹ ਬੀਬੀ ਦੇ ਪੈਰੀਂ ਹੱਥ ਲਾਉਂਦਾ ਹੈ। ਬੀਵੀ ਪਹਿਲਾਂ ਉਹਨੂੰ ਅਸੀਸਾਂ ਦਿੰਦੀ ਹੈ। ਫੇਰ ਉਸ ਨਾਲ ਲੜਦੀ ਹੈ। ਕਹਿੰਦੀ ਹੈ, "ਝੂਠਿਆ-ਪਹਿਲਾਂ ਮੇਰੇ ਵੀਹ ਰੁ: ਮੋੜ। ਉਦਣ ਤਾਂ ਹੱਥ ਤੇ ਹੱਥ ਮਾਰ ਕੇ ਲੈ ਗਿਆ ਸੀ।"

*



## ਮੇਰੀ ਮਿਸਿਜ਼ ਦਾ ਸੁਪਨਾ

ਮੈਂ ਤੇ ਜੋਤੀ (ਵੱਡੇ ਭਾਈ ਸਾਹਿਬ ਦੀ ਨੂੰਹ) ਪਿੰਡ ਜਾਂਦੀਆਂ ਹਾਂ। ਖੁੱਲ੍ਹਾ ਡੁੱਲ੍ਹਾ ਘਰ ਹੈ। ਵਿਹੜੇ 'ਚ ਸੁੱਕੇ ਪੱਤੇ ਖਿਲਰੇ ਹੋਏ ਹਨ। ਮੈਂ ਜੋਤੀ ਨੂੰ ਕਹਿੰਦੀ ਹਾਂ ਕਿ ਆਪਾਂ ਜਲਦੀ-ਜਲਦੀ ਸਫਾਈ ਕਰ ਦਈਏ, ਨ੍ਹੀਂ ਤਾਂ ਬੀਬੀ ਬੋਲੂਗੀ। ਅਸੀਂ ਦੋਵੇਂ ਜਣੀਆਂ ਸਫਾਈ ਕਰ ਦਿੰਦੀਆਂ ਹਾਂ। ਬੀਬੀ ਦੀ ਰਸੋਈ 'ਚ ਜਾਂਦੀਆਂ ਹਾਂ। ਉਥੇ ਸਾਨੂੰ ਮੱਕੀ ਦੀ ਵੱਡੀ ਸਾਰੀ ਰੋਟੀ ਮਿਲਦੀ ਹੈ। ਉਦੋਂ ਹੀ ਬੀਬੀ ਆ ਜਾਂਦੀ ਹੈ। ਮੈਂ ਉਸ ਦੇ ਪੈਰੀਂ ਹੱਥ ਲਾਉਂਦੀ ਹਾਂ। ਫੇਰ ਮਿਲਦੀਆਂ ਹਾਂ। ਉਹ ਮੈਨੂੰ ਪਿਆਰ ਦਿੰਦੀ ਹੈ। ਮੈਂ ਉਸਨੂੰ ਕਹਿੰਦੀ ਹਾਂ ਕਿ ਅਸੀਂ ਉਸ ਨੂੰ ਲੈਣ ਆਈਆਂ ਹਾਂ। ਉਹ ਜਾਣ ਲਈ ਤਿਆਰ ਹੋ ਜਾਵੇ। ਉਹ ਕਹਿੰਦੀ ਹੈ, "ਮੈਂ ਨ੍ਹੀਂ ਜਾਣਾ।" ਮੈਂ ਉਸ ਨੂੰ ਜਫੀ ਪਾ ਲੈਂਦੀ ਹਾਂ। ਅਸੀਂ ਦੋਵੇਂ ਰੋਣ ਲੱਗ ਪੈਂਦੀਆਂ ਹਾਂ। ਉਹ ਮੈਨੂੰ ਕਹਿੰਦੀ ਹੈ ਕਿ ਮੈਂ ਨਾ ਰੋਵਾਂ। ਮੈਂ ਉਹਨੂੰ ਵਥੇਰਾ ਜ਼ੋਰ ਲਾਉਂਦੀ ਹਾਂ ਕਿ ਉਹ ਮੇਰੇ ਨਾਲ ਚਲੇ ਪਰ ਉਹ ਨ੍ਹੀਂ ਮੰਨਦੀ। ਬੱਸ-ਇਹੀ ਕਹਿੰਦੀ ਹੈ-"ਮੈਂ ਨ੍ਹੀਂ ਜਾਣਾ।"

*

## ਜੋਤੀ ਦਾ ਸੁਪਨਾ

ਮੈਨੂੰ ਬੀਵੀ ਗੁਰਦਵਾਰੇ ਪੀਲਪਾਵੇ ਕੋਲ ਖੜੀ ਦਿੱਸੀ ਸੀ। ਉਹ ਸਿੱਧਾ ਹੀ ਅਗਾਂਹ ਨੂੰ ਦੇਖ ਰਹੀ ਸੀ। ਮੈਂ ਉਸ ਨੂੰ ਕਈ ਵਾਰ ਬੁਲਾਇਆ। ਘਰ ਜਾਣ ਲਈ ਜ਼ੋਰ ਪਾਇਆ। ਪਰ ਉਹ ਇਹੀ ਕਹਿੰਦੀ ਰਹੀ-"ਧੀਏ, ਮੈਨੂੰ ਕੁਸ਼ ਨ੍ਹੀਂ ਸੁਣਦਾ। ਮੈਨੂੰ ਨ੍ਹੀਂ ਪਤਾ ਲੱਗਦਾ-ਤੂੰ ਕੀ ਬੋਲੀ ਜਾ ਰਹੀ ਆਂ।" ਫੇਰ ਉਹ ਉੱਚੀ ਉੱਚੀ ਰੋਣ ਲੱਗ ਪਈ ਸੀ।

****

ਘਰ 'ਚ ਅਕਸਰ ਗੱਲ ਚਲਦੀ ਕਿ ਸਾਨੂੰ ਪਹੇਵੇ ਜਾ ਕੇ ਬੀਬੀ ਦੀ ਗਤੀ ਕਰਾਉਣੀ ਚਾਹੀਦੀ ਹੈ ਕਿਉਂਕਿ ਮੁਰਦੇ ਕਦੇ ਕਿਸੇ ਦੇ ਮਿੱਤ ਨਹੀਂ ਹੁੰਦੇ। ਮੈਂ ਇਕ ਦਿਨ ਚੰਡੀਗੜ੍ਹ ਜਾ ਰਿਹਾ ਸੀ। ਰੋਪੜ ਬਸ ਸਟੈਂਡ 'ਤੇ ਬਸ ਖੜੀ ਸੀ। ਮੈਨੂੰ ਕੁਝ ਮਿੰਟਾਂ ਲਈ ਝਪਕੀ ਆਈ। ਬੀਬੀ ਦਿੱਸੀ। ਉਹ ਪਹਾੜ ਦੀ ਟੀਸੀ 'ਤੇ ਬੈਠੀ ਸੀ। ਚਹੁੰ ਪਾਸੀਂ ਹਰਿਆਲੀ ਹੀ ਹਰਿਆਲੀ ਸੀ। ਉਸ ਦੇ ਹੱਥ 'ਚ ਸੋਟੀ ਫੜੀ ਸੀ। ਉਹ ਸਿੱਧਾ ਹੀ ਸਾਹਮਣੇ ਦੇਖ ਰਹੀ ਸੀ। ਮੈਨੂੰ ਬੀਬੀ ਦਾ ਸੁਪਨਿਆਂ 'ਚ ਦਿੱਸਣਾ ਚੰਗਾ ਲੱਗਦਾ ਸੀ। ਮੈਂ ਚਾਹੁੰਦਾ ਹਾਂ ਕਿ ਉਹ ਮੈਨੂੰ ਹਰ ਰੋਜ਼ ਦਿੱਸੇ। ਮਿਸਿਜ਼ ਔਖ ਮੰਨਦੀ ਹੋਈ ਕਹਿੰਦੀ ਸੀ, "ਤੁਸੀਂ ਕਿਸੇ ਦੀ ਗੱਲ ਮੰਨ ਵੀ ਲਿਆ ਨਾ ਕਰੋ। ਇਹ ਗਤੀ ਤੁਹਾਡੇ ਹੱਥੋਂ ਹੀ ਹੋਣੀ ਆ। ਭਾਜੀ ਨੇ ਕੁਸ਼ ਨ੍ਹੀਂ ਕਰਨਾ।...ਜੇ ਮੇਰੇ ਹੱਥੀਂ ਗਤੀ ਹੁੰਦੀ ਤਾਂ ਮੈਂ ਕਦੋਂ ਦੀ ਕਰਵਾ ਆਉਣੀ ਸੀ।"

ਇਕ ਦਿਨ ਉਸ ਜ਼ੋਰ ਲਾ ਕੇ ਮੈਨੂੰ ਕੁਰੁਕਸ਼ੇਤਰ ਦੀ ਬਸ ਚੜ੍ਹਾ ਦਿੱਤਾ ਸੀ। ਬਸ ਪਹੇਵੇ ਲਾਗੇ ਪਹੁੰਚ ਗਈ ਸੀ। ਮੈਂ ਤਾਕੀ ਵਾਲੇ ਪਾਸੇ ਬੈਠਾ ਸੀ। ਮੈਨੂੰ ਬੀਬੀ ਦਿੱਸੀ ਸੀ। ਉਸ ਮੈਨੂੰ ਪੁੱਛਿਆ ਸੀ, "ਵੇ ਪੁੱਤ, ਮਾਂ ਦੀ ਗਤੀ ਕਰਵਾ ਕੇ ਤੂੰ ਕਿਹੜਾ ਪੁੰਨ ਵਾਲਾ ਕੰਮ ਕਰਨਾ ਜਾ ਰਿਹਾਂ। ਤੂੰ ਮੈਨੂੰ ਸਾਰੀ ਉਮਰ ਨ੍ਹੀਂ ਭੁੱਲ ਸਕਦਾ। ਭੁੱਲ ਕੇ ਦਿਖਾ। ਮੈਂ ਤੈਨੂੰ ਹੋਰ ਯਾਦ ਆਵਾਂਗੀ।"

ਬਸ ਪਹੇਵੇ ਜਾ ਪਹੁੰਚੀ ਸੀ। ਮੈਂ ਸਿਰ 'ਤੇ ਰੁਮਾਲ ਲੈ ਕੇ ਪੰਡਤਾਂ ਕੋਲ ਜਾਣ ਦੀ ਥਾਂ ਗੁਰਦੁਆਰੇ ਜਾ ਮੱਥਾ ਟੇਕਿਆ ਸੀ। ਮਨ ਹੀ ਮਨ ਕਿਹਾ ਸੀ, "ਮੇਰੇ ਖ਼ੁਦਾ, ਮੇਰੇ ਪਰਵਰਦਿਗਾਰ, ਸੱਚੇ ਪਾਤਸ਼ਾਹ, ਮੇਰੇ ਮੌਲਾ, ਮੇਰੇ ਸਾਈਂ, ਮੇਰੀ ਬੀਬੀ ਨੂੰ ਮੇਰੇ ਸੁਪਨਿਆਂ 'ਚੋਂ ਆਉਣੋਂ ਨਾ ਰੋਕੀਂ.....।"

**ਪਤਾ : 984, ਨੇੜੇ ਸੁਰਿੰਦਰ ਵੈਲਡਿੰਗ ਵਰਕਸ, ਮਾਡਲ ਹਾਊਸ,**
**ਜਲੰਧਰ-144003, ਮੋਬਾਇਲ 98148- 03254**

# ਮਿੱਟੀ ਦਾ ਪੁਰਾਣਾ ਥੇਹ: ਬੇਬੇ / ਹਰਪਾਲ ਸਿੰਘ ਪੰਨੂ

*(ਇਕ ਆਦਮੀ ਦੇ ਮਨ ਵਿਚ ਦੁਨੀਆਂ ਦੀ ਤਸਵੀਰ ਬਣਾਉਣ ਦਾ ਫੁਰਨਾ ਫੁਰਿਆ। ਵਰ੍ਹਿਆਂ ਦੀ ਮਿਹਨਤ ਕਰਕੇ ਉਸਨੇ ਰਾਜਧਾਨੀਆਂ ਬਣਾਈਆਂ, ਹਕੂਮਤਾਂ ਦਿਖਾਈਆਂ, ਪਹਾੜ, ਸਮੁੰਦਰ, ਬੰਦਰਗਾਹਾਂ, ਜਹਾਜ਼, ਮੱਛੀਆਂ, ਤਾਰੇ, ਘੋੜੇ ਅਤੇ ਲੋਕ ਅਨੇਕ ਰੰਗਾਂ ਹੁਨਰਾਂ ਨਾਲ ਚਿੱਤਰੇ। ਮਰਨ ਤੋਂ ਥੋੜ੍ਹਾ ਸਮਾਂ ਪਹਿਲਾਂ ਉਸਨੇ ਧਿਆਨ ਮਾਰਿਆ ਤਾਂ ਦੇਖਿਆ ਕਿ ਦੁਨੀਆਂ ਦੀ ਥਾਂਵੇਂ ਇਸ ਵਿਚੋਂ ਚਿੱਤਰਕਾਰ ਦੇ ਆਪਣੇ ਨੈਣ ਨਕਸ਼ ਦਿਸਣ ਲੱਗੇ ਹਨ- ਜਾਰਜ ਲੂਈ ਬੋਰਖੇਜ਼)*

ਛੇਵੀਂ ਜਮਾਤ ਵਿਚ ਸਾਂ ਮੈਂ ਉਦੋਂ। ਅਸੀਂ ਸਭ ਭੈਣ ਭਰਾ ਸਵੇਰ ਸਾਰ ਸਕੂਲ ਜਾਣ ਤੋਂ ਪਹਿਲਾਂ ਚੁੱਲ੍ਹੇ ਦੇ ਆਲੇ ਦੁਆਲੇ ਘੇਰਾ ਪਾਈ ਬੈਠੇ ਸਾਂ। ਕੁੱਤਾ ਅਤੇ ਬਿੱਲਾ ਪੂਰੀ ਠਾਠ ਨਾਲ ਸਾਡੇ ਵਾਂਗ ਸਾਡੇ ਵਿਚਕਾਰ ਜਮ ਕੇ ਬੈਠਦੇ। ਬੇਬੇ ਨੇ ਰੋਟੀ ਤਵੇ ਤੇ ਪਾਈ ਤਾਂ ਪੂਰਬ ਵਲੋਂ ਘੋੜਾ ਹਿਣਕਣ ਦੀ ਆਵਾਜ਼ ਸੁਣੀ ਤੇ ਅੱਖ ਦੇ ਪਲਕਾਰੇ ਵਿਚ ਮਾਮਾ ਜੀ ਆ ਗਏ। ਮਾਮਾ ਜੀ ਨਿਹੰਗ ਸਿੰਘ ਹਨ। ਨਾਨਕੇ, ਹਰਿਆਣੇ ਵਿਚ ਹਨ। ਬੇਬੇ ਨੂੰ ਮਾਮਾ ਜੀ ਨੇ ਮੱਥਾ ਟੇਕਿਆ। ਅਸੀਸਾਂ ਦੇ ਕੇ ਕਹਿਣ ਲੱਗੀ, "ਤਵੇ ਉਪਰ ਜਦੋਂ ਪਹਿਲੀ ਰੋਟੀ ਪਾਈ ਤਾਂ ਤੂੰ ਯਾਦ ਆਇਆ। ਤੁਰਤ ਤੂੰ ਸਾਹਮਣੇ ਆ ਗਿਆ। ਤੂੰ ਵੱਡਾ ਬਾਬਾ ਤਾਂ ਨਹੀਂ ਕਿਤੇ?"

ਮਾਮਾ ਜੀ ਬੋਲੇ, "ਨਾ ਬੇਬੇ ਨਾ। ਉਸ ਵਰਗਾ ਉਹੀ ਸੀ। ਪਹਿਲਾਂ ਕਦੀ ਉਸ ਵਰਗਾ ਨਾ ਕੋਈ ਹੋਇਆ ਨਾ ਬਾਦ ਵਿਚ। ਪਰ ਇਹ ਸੱਚ ਹੈ ਕਿ ਹਰ ਭੈਣ ਬੇਬੇ ਨਾਨਕੀ ਹੋਇਆ ਕਰਦੀ ਹੈ।"

ਇਹ ਲਿਖਤ ਕਿਥੋਂ ਸ਼ੁਰੂ ਕਰਾਂ, ਪਤਾ ਨਹੀਂ ਲੱਗ ਰਿਹਾ ਸੀ ਕਿਉਂ ਕਿ ਘਟਨਾਵਾਂ ਤਿੱਖੇ ਵੇਗ ਵਿਚ ਉਘੜ ਦੁਘੜੀਆਂ ਆ ਜਾ ਰਹੀਆਂ ਸਨ। ਸੋ ਗੁਰੂ ਮਹਾਰਾਜ ਦੇ ਨਾਮ ਦਾ ਮੰਗਲਾਚਰਣ ਠੀਕ ਰਹੇਗਾ। ਸੰਭਵ ਹੈ ਬਾਬਾ ਜੀ ਨੂੰ ਯਾਦ ਕਰਨ ਉਪਰੰਤ ਇਸ ਲੇਖ ਦੇ ਨੈਣ-ਨਕਸ਼ ਕੁਝ ਠੀਕ ਹੋ ਜਾਣ। ਥਾਟ ਠੀਕ ਬਣੇ, ਅਲਾਪ ਸਹੀ ਹੋਵੇ ਤਾਂ ਗਾਇਨ ਠੀਕ ਨਿਭ ਜਾਂਦਾ ਹੈ ਅਕਸਰ।

ਬਾਪੂ ਦੇ ਨਾਨਕੇ ਵੀ ਹਰਿਆਣਾ ਵਿਚ ਹਨ। ਅੰਮਾਂ ਨੇ 90 ਸਾਲ ਦੀ ਉਮਰ ਭੋਗੀ ਅਤੇ ਗਰੀਬੀ ਦੇ ਬਾਵਜੂਦ ਸੰਸਾਰ ਤੋਂ ਸੁਖੀ ਵਿਦਾ ਹੋਈ। ਜਦੋਂ ਨਾਨਕਿਆਂ ਤੋਂ ਕੋਈ ਮਿਲਣ ਗਿਲਣ ਆਉਂਦਾ ਤਾਂ ਬੇਬੇ ਉਸ ਨਾਲ ਹਰਿਆਣਵੀ ਵਿਚ ਗੱਲਾਂ ਕਰਦੀ। ਸਾਡੇ ਨਾਲ ਸਾਡੀ ਇਧਰ ਦੀ ਬੋਲੀ ਬੋਲਦੀ। ਅੰਮਾਂ ਨੇ ਕੁਲ ਉਮਰ ਇਕ ਵੀ ਵਾਕ ਪੰਜਾਬੀ ਦਾ ਨਹੀਂ ਬੋਲਿਆ। ਉਹ ਗੋਦ ਵਿਚ ਬਿਠਾ ਕੇ ਸਾਰੀਆਂ ਲੋਕ ਕਹਾਣੀਆਂ ਹਰਿਆਣਵੀ ਵਿਚ ਸੁਣਾਉਂਦੀ ਹੋਈ ਕਦੀ ਆਖ ਦਿੰਦੀ, "ਥਾਰੀ ਮਾਂ ਕੀ ਏਕ ਬਾਤ ਚੰਗੀ ਨੀ। ਬੋਲੀ ਨੀ ਇਨਸਾਨ ਕੋ ਛੋੜਨੀ ਚਹੀਏ ਅਪਣੀ। ਚੰਗੀ ਐ ਥਾਰੀ ਮਾਂ, ਪਰ ਜੌਣਸਾ ਅਪਣੀ ਬੋਲੀ ਛੋੜ ਦੇ ਅਹੁ ਬੇਇਤਬਾਰਾ ਹੋਇਆ ਕਰੇ। ਬੇਤਬਾਰੇ ਬੰਦੇ ਕਾ ਚੰਗਪਣਾ ਕੇ ਕਾਮ?"

ਦੋ ਢਾਈ ਸਾਲ ਦੀ ਉਮਰ ਤੱਕ ਦਾ ਆਪਣਾ ਬਚਪਨ ਮੈਨੂੰ ਯਾਦ ਹੈ। ਸਿਰ ਉਪਰ ਘੜਾ ਚੁੱਕੀ ਉਹ ਖੂਹੀ ਉਪਰ ਪਾਣੀ ਭਰਨ ਜਾਂਦੀ ਤਾਂ ਹਰ ਗੇੜ ਮੈਂ ਉਸਦੇ ਕਮੀਜ਼ ਦੀ ਕੰਨੀ ਫੜੀ ਨਾਲ ਨਾਲ ਜਾਂਦਾ। ਕਈ ਵਾਰ ਲੱਤਾਂ ਵਿਚ ਉਲਝ ਕੇ ਡਿਗਦਾ ਤੇ ਬੇਬੇ ਡਿਗਣੋਂ ਮਸਾਂ ਬਚਦੀ। ਝਿੜਕਾਂ ਤਾਂ ਆਮ ਪੈਂਦੀਆਂ, ਕਦੀ ਕਦਾਈਂ ਇਕ ਅੱਧ ਥੱਪੜ ਵੀ ਰਸੀਦ ਹੋ ਜਾਂਦਾ। ਫਿਰ ਵੀ ਨਾ ਹਟਦਾ।

ਬਿਲਕੁਲ ਇਸੇ ਤਰ੍ਹਾਂ ਮੇਰੇ ਨਾਲ ਕੁੱਤਾ ਅਤੇ ਬਿੱਲਾ ਕਰਦੇ। ਜਦੋਂ ਬਿੱਲੇ ਨੂੰ ਭੁੱਖ ਲਗਦੀ ਤਾਂ ਉਹ ਮਿਆਊਂ ਮਿਆਊਂ ਕਰਦਾ ਲੱਤਾ ਵਿਚ ਵੱਜ ਕੇ ਰੋਕਣ ਦਾ ਯਤਨ ਕਰਦਾ। ਕਈ ਵਾਰ ਠੁੱਡਾ ਵੱਜ ਜਾਦਾ ਤਾਂ ਚੀਕਦਾ। ਪਰ ਫਿਰ ਖਾਣ ਲਈ ਕੁਝ ਦੇਣ ਦੀ ਥਾਂ ਮੈਂ ਗੋਦੀ ਬਿਠਾ ਕੇ ਪਲੋਸਣ ਲਗਦਾ। ਉਹ ਸੌਂ ਜਾਂਦਾ ਤੇ ਘੁਰਾੜੇ ਮਾਰਨ ਲੱਗਦਾ। ਅਸੀਂ ਬੜੇ ਹਸਦੇ ਕਿ ਦੇਖੋ ਕਿੰਨੇ ਆਰਾਮ ਨਾਲ ਇਹ ਜਾਨਵਰ ਮੂਰਖ ਬਣ



ਜਾਂਦੇ ਹਨ। ਰਤਾ ਪਲੋਸੋ, ਨਾ ਭੁੱਖ ਯਾਦ ਨਾ ਪਿਆਸ। ਇਹ ਹੁਣ ਪਤਾ ਲਗਦਾ ਹੈ ਕਿ ਪਿਆਰ ਦੇ ਸਾਹਮਣੇ ਜਾਨਵਰ ਤਾਂ ਕੀ, ਬੰਦਾ ਵੀ ਮੂਰਖ ਬਣ ਜਾਂਦਾ ਹੈ। ਭੁੱਖ ਤਰੇਹ ਦੀ ਗੱਲ ਛੱਡੋ ਪਿਆਰ ਕਰਨ ਵਾਲੇ ਭੁੱਲ ਜਾਂਦੇ ਹਨ ਜਿਉਣਾ ਚੰਗੀ ਗੱਲ ਹੈ ਕਿ ਮਰ ਜਾਣਾ ਠੀਕ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਪਿਆਰ ਨਾਲ ਬਾਬਾ ਬੰਦਾ ਸਿੰਘ ਦੇ ਸਿਰ ਉਤੇ ਹੱਥ ਰੱਖ ਦਿੱਤਾ, ਉਹ ਆਪਣੀ ਸਾਰੀ ਤਪੱਸਿਆ, ਸਾਰਾ ਗਿਆਨ ਗੁਆ ਬੈਠਾ ਤੇ ਮੁਰੀਦ ਹੋ ਗਿਆ। ਦੁਨੀਆਂ ਤੋਂ ਹਟ ਕੇ ਜੰਗਲ ਵਿਚ ਬੈਠੇ ਇਸ ਹਠੀ ਤਪੱਸਵੀ ਨੂੰ ਗੁਰੂ ਬਾਬੇ ਨੇ ਕਿਸੇ ਹੋਰ ਕੰਮ ਲਾ ਦਿੱਤਾ, ਜਿਸ ਬਾਰੇ ਉਸਨੇ ਕਦੀ ਨਹੀਂ ਸੋਚਿਆ ਸੀ। ਇਕ ਵਾਰ ਨਹੀਂ ਬਾਬਾ ਬੰਦਾ ਸਿੰਘ ਲੱਖ ਵਾਰ ਗੁਰੂ ਦੇ ਨਾਮ ਤੋਂ ਸ਼ਹੀਦ ਹੋਣ ਲਈ ਤਿਆਰ ਹੋ ਗਿਆ।

ਬੇਬੇ ਬਾਰੇ ਥੋੜੀਆਂ ਕੁ ਗੱਲਾਂ ਕਰਨੀਆਂ ਹਨ ਪਾਠਕ ਜੀ, ਵਿਚ ਵਿਚਾਲੇ ਕੁਝ ਹੋਰ ਗੱਲਾਂ ਵੀ ਤੁਰਦੀਆਂ ਰਹਿਣਗੀਆਂ ਨਾਲ ਨਾਲ। ਪੇਂਟਿੰਗ ਨਾਲੋਂ ਲਿਖਤ ਦਾ ਇਹੀ ਵੱਡਾ ਫਰਕ ਹੈ। ਇਕੋ ਨਜ਼ਰ ਵਿਚ ਪੇਂਟਿੰਗ ਸਾਰੀ ਦੀ ਸਾਰੀ ਨਿਗਾਹਾਂ ਦੀ ਪਕੜ ਵਿਚ ਆ ਜਾਂਦੀ ਹੈ ਸੰਪੂਰਨ। ਲਿਖਤ ਦਾ ਮਹਿਲ ਇਕ ਇਕ ਇੱਟ ਦੀ ਚਿਣਾਈ ਨਾਲ ਉਸਰਦਾ ਸਹਿਜ ਨਾਲ ਦਿਸੇਗਾ।

ਚਾਰ ਕੁ ਸਾਲ ਦਾ ਮੇਰਾ ਬੇਟਾ ਬੇਬੇ ਦੀ ਗੋਦ ਵਿਚ ਬੈਠਾ ਪੁੱਛਣ ਲੱਗਾ, "ਬੇਬੇ ਜੀ ਮੈਨੂੰ ਪਤਾ ਲੱਗਾ ਹੈ ਪਿੰਡ ਵਿਚ ਤੁਸੀਂ ਜਾਨਵਰ ਪਾਲੇ ਹੋਏ ਹਨ। ਦਸਿਓ ਕਿਹੜੇ ਕਿਹੜੇ ਸਨ?" ਬੇਬੇ ਨੇ ਕਿਹਾ "ਕੱਟਰੂ ਵੱਛਰੂ ਤਾਂ ਸਾਰਿਆਂ ਘਰਾਂ ਵਿਚ ਹੀ ਹੁੰਦੇ ਹਨ ਪਰ ਮੈਂ ਮੁਰਗੇ ਮੁਰਗੀਆਂ ਪਾਲਦੀ। ਖਰਗੋਸ਼ ਹੁੰਦੇ। ਕੁੱਤਾ ਤੇ ਬਿੱਲਾ ਹੁੰਦੇ। ਇਹ ਜਾਨਵਰ ਬਹੁਤ ਭਲੇ ਸਨ। ਆਖਾ ਮੰਨਦੇ ਸਨ। ਤੂੰ ਮੇਰਾ ਕਮਾਲ ਦੇਖ ਪੁੱਤਰ, ਤੇਰੇ ਪਾਪਾ ਵਰਗੇ ਖਤਰਨਾਕ ਜਾਨਵਰ ਵੀ ਪਾਲੇ ਨੇ ਮੈਂ।"

ਪਿੰਡੋਂ ਇਕ ਵਾਰ ਜਦੋਂ ਪਟਿਆਲੇ ਆਈ, ਬੇਟੇ ਦਾ ਜਨਮ ਦਿਨ ਮਨਾ ਰਹੇ ਸਾਂ। ਦੋਸਤ ਬੜੇ ਖਿਡੌਣੇ ਲੈ ਕੇ ਆਏ। ਇੰਨੇ ਕਿ ਢੇਰ ਲੱਗ ਗਿਆ। ਬੇਬੇ ਨੇ ਕਿਹਾ-ਏਨੇ ਖਿਡੌਣਿਆਂ ਦਾ ਕੀ ਕਰੂਗਾ ਮੁੰਡਾ ਤੇਰਾ? ਮੈਂ ਕਿਹਾ-ਬੇਬੇ ਇਹ ਬੜੇ ਕੰਮ ਦੇ ਖੇਡ ਨੇ। ਦਿਮਾਗ ਤਿੱਖਾ ਕਰਨ ਵਾਲੇ। ਅਕਲ ਤੇਜ਼ ਕਰਨ ਵਾਸਤੇ ਬਣਾਏ ਨੇ ਸਾਇੰਸਦਾਨਾਂ ਨੇ ਇਹ। ਬੇਬੇ ਬੋਲੀ- ਤੂੰ ਜਦੋਂ ਨਿੱਕਾ ਜਿਹਾ ਸੀ ਤਾਂ ਮੈਂ ਦਰਵਾਜ਼ੇ ਦੇ ਹੇਠਲੇ ਪਾਸੇ ਲੱਗਿਆ ਹੋਇਆ ਸੰਗਲੀ ਵਾਲਾ ਕੁੰਡਾ ਤੇਰੇ ਹੱਥ ਵਿਚ ਫੜਾ ਦਿਆ ਕਰਦੀ। ਤੂੰ ਉਹਨੂੰ ਛਣਕਾ-ਛਣਕਾ ਕੇ ਵੱਡਾ ਹੋ ਗਿਆ। ਫੇਰ ਤੈਨੂੰ ਤਾਂ ਇਸ ਦਾ ਮਤਲਬ ਭੋਰਾ ਅਕਲ ਨਹੀਂ ਆਈ। ਚਮਚਾ-ਕੌਲੀ ਜਾਂ ਵਿਚਾਰਾ ਸੰਗਲੀ ਵਾਲਾ ਕੁੰਡਾ ਕਿਥੇ ਦੇ ਸਕਦਾ ਹੈ ਅਕਲ?

ਘਰ ਵਿਚ ਅੰਤਾਂ ਦੀ ਗਰੀਬੀ ਸੀ। ਕਰਜ਼ਾ ਕਦੀ ਉਤਰਿਆ ਨਹੀਂ ਸੀ। ਫੀਸ ਇੱਕ ਰੁਪਿਆ ਮਹੀਨਾ ਹੁੰਦੀ ਤੇ ਚੰਦਾ ਦਸ ਪੈਸੇ। ਇਕ ਰੁਪਿਆ ਮਾਸਟਰ ਜੀ ਮਾਫ ਕਰ ਦਿੰਦੇ ਤਾਂ ਦਸੀ ਮਾਫ ਕਰਾਉਣ ਲਈ ਨਵੀਂ ਅਰਜ਼ੀ ਦੇ ਦਿੰਦਾ। ਮਾਸਟਰ ਜੀ ਆਖਦੇ ਕਿ ਚੰਦਾ ਨਹੀਂ ਮਾਫ ਹੋਇਆ ਕਰਦਾ। ਮੇਰੇ ਵਰਗੇ ਪੰਜ ਚਾਰ ਹੋਰ ਵੀ ਹੁੰਦੇ ਸਨ ਕਲਾਸ ਵਿਚ। ਅਸੀਂ ਇਸ ਗੱਲੋਂ ਬੜਾ ਹਸਦੇ ਕਿ ਮਾਸਟਰ ਇਕ ਰੁਪਈਆ ਆਰਾਮ ਨਾਲ ਮਾਫ ਕਰ ਦਿੰਦਾ ਹੈ ਤੇ ਦਸੀ ਮਾਫ ਕਰਦਿਆਂ ਰੋਂਦਾ ਕਿਉਂ ਹੈ। ਪੜ੍ਹਨ ਵਿਚ ਚੰਗਾ ਹੋਣ ਕਰਕੇ ਮਾਸਟਰ ਆਪਣੇ ਕੋਲੋਂ ਵੀ ਦਸੀ ਦੇ ਦਿਆ ਕਰਦੇ ਸਨ ਕਦੀ ਕਦੀ। ਸਾਲ 1966 ਵਿਚ ਅੱਠਵੀਂ ਜਮਾਤ ਦੀ ਮੈਰਿਟ ਲਿਸਟ ਵਿਚ ਆ ਗਿਆ ਤਾਂ ਅੱਠ ਰੁਪਏ ਮਹੀਨਾ ਵਜੀਫਾ ਲੱਗਾ। ਸਾਲ ਬਾਦ 96 ਰੁਪਏ ਮਿਲੇ ਤਾਂ ਮਾਂ ਦੀ ਹਥੇਲੀ ਤੇ ਧਰ ਦਿੱਤੇ। ਬਦਲੇ ਵਿਚ ਲੱਖਾਂ ਦੀਆਂ ਅਸੀਸਾਂ ਮਿਲੀਆਂ। ਇਨ੍ਹਾਂ ਪੈਸਿਆਂ ਦਾ ਕੀ ਕਰੀਏ? ਘਰ ਵਿਚ ਸੰਦੂਕ ਨਹੀਂ ਸੀ। ਸਾਰਾ ਸਾਲ ਰਜ਼ਾਈਆਂ ਗਦੈਲਿਆਂ ਉਪਰ ਮਿੱਟੀ ਘੱਟਾ ਪੈਂਦਾ ਰਹਿੰਦਾ। ਅੱਸੀ ਰੁਪਏ ਦੀ ਪੇਟੀ ਸਮਾਣੇ ਤੋਂ ਲਿਆਂਦੀ ਤੇ 16 ਰੁਪਈਆਂ ਦੇ ਲੱਡੂ ਗਵਾਂਢੀਆਂ ਵਿਚ ਵੰਡੇ ਤੇ ਖੁਦ ਵੀ ਗੁਲਛਰਰੇ ਉਡਾਏ। ਇਹ ਪੇਟੀ ਅਜੇ ਤਕ ਟੁੱਟੀ ਨਹੀਂ, ਗਲੀ ਨਹੀਂ। ਵੱਡਾ ਭਰਾ ਹਵਾਈ ਫੌਜ ਵਿਚ ਭਰਤੀ ਹੋ ਗਿਆ ਤਾਂ ਬੇਬੇ ਬਹੁਤ ਰੋਈ। ਹਟਦੀ ਹੀ ਨਹੀਂ ਸੀ। ਦਿਨ ਦੇਖਦੀ ਨਾ ਰਾਤ। ਬੜਾ

ਸਮਝਾਉਂਦੇ। ਆਖਦੀ, ਕੋਈ ਵਸ ਵਿਚ ਹੈ ਮੇਰੇ? ਰੋਣ ਨੂੰ ਕਿਸੇ ਦਾ ਜੀ ਕਰਿਆ ਕਰਦੈ? ਨਹੀਂ ਰੁਕਿਆ ਜਾਂਦਾ, ਕੀ ਕਰਾਂ? ਦੋ ਤਿੰਨ ਮਹੀਨੇ ਇਸੇ ਤਰ੍ਹਾਂ ਬੀਤ ਗਏ। ਸਾਡੇ ਪੰਨੂਆਂ ਦੇ ਭਾਈਚਾਰੇ ਵਿਚ ਦੇਰ ਪਹਿਲਾਂ ਜੀਤ ਚਾਚਾ ਭਰਤੀ ਹੋਇਆ ਸੀ। ਮਾਂ ਤਾਂ ਚਾਚਿਆਂ ਦੀ ਦੇਰ ਪਹਿਲਾਂ ਮਰ ਗਈ ਹੋਈ ਸੀ। ਬੱਚੇ ਬਾਬਾ ਜੀ ਨੇ ਪਾਲੇ। ਵੱਡੇ ਜੀਤ ਸਿੰਘ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ ਗਿਆ। ਅਸੀਂ ਸੋਚਿਆ ਬੇਬੇ ਨੂੰ ਬਾਬੇ ਕੋਲ ਲੈ ਚੱਲੀਏ ਤੇ ਜਾ ਕੇ ਪੁੱਛੀਏ ਕਿ ਉਨ੍ਹਾਂ ਦਾ ਜੀ ਕਿੰਨੇ ਮਹੀਨਿਆਂ ਬਾਦ ਦਿਲ ਲੱਗ ਗਿਆ ਸੀ। ਮੈਂ ਬੇਬੇ ਨਾਲ ਚਲਾ ਗਿਆ। ਬਾਬਾ ਜੀ ਘਰ ਸਨ। ਮੱਥਾ ਟੇਕ ਕੇ ਬੈਠ ਗਏ। ਗੱਲਾਂ ਤੁਰੀਆਂ ਤਾਂ ਬੇਬੇ ਨੇ ਪੁੱਛਿਆ-"ਬਾਬਾ ਜੀ ਗੁਰਦਿਆਲ ਸੂੰ ਦੇ ਫੌਜ ਵਿਚ ਜਾਣ ਪਿਛੋਂ ਮੇਰਾ ਦਿਲ ਨੀ ਲੱਗਦਾ। ਜਦੋਂ ਆਪਣਾ ਜੀਤ ਭਰਤੀ ਹੋ ਕੇ ਗਿਆ ਸੀ ਤਾਂ ਥੋਡਾ ਜੀ ਕਿੰਨੀ ਦੇਰ ਬਾਅਦ ਦਿਲ ਲੱਗਿਆ ਸੀ?" ਬਾਬਾ ਜੀ ਨੇ ਗੱਲ ਸੁਣੀ ਤਾਂ ਰੱਸਾ ਵੱਟਦੇ ਵੱਟਦੇ ਤੁਰੰਤ ਰੋਣ ਲੱਗ ਪਏ- ਮੇਰਾ ਤਾਂ ਹੁਣ ਤਕ ਜੀਅ ਨਹੀਂ ਲੱਗਦਾ ਭਾਈ। ਗਿਆਰਾਂ ਸਾਲ ਹੋ ਗਏ ਨੇ ਜੀਤ ਨੂੰ ਭਰਤੀ ਹੋਇਆਂ, ਹੁਣ ਤੱਕ ਉਹੀ ਹਾਲ ਹੈ।"

ਬੇਬੇ ਘਰ ਆ ਕੇ ਚੁਪ ਕਰਕੇ ਬੈਠ ਗਈ ਤਾਂ ਅਸੀਂ ਬੱਚੇ ਬੜਾ ਹੱਸੇ। ਹੋਰ ਕਰਵਾ ਲਉ ਵੱਡੇ ਹਕੀਮ ਕੋਲੋਂ ਇਲਾਜ। ਲੈ ਆਏ ਜਲੇਬੀਆਂ ਉਥੋਂ।

ਬਲਦ ਆਫਰ ਕੇ ਮਰ ਗਿਆ ਤਾਂ ਕਲਵਾਣੂ ਪਿੰਡ ਦੇ ਬਾਣੀਏ ਚੂਹੜ ਮੱਲ ਤੋਂ ਚਾਰ ਸੌ ਰੁਪਿਆਂ ਦਾ ਗੋਰਾ ਬਲਦ ਖਰੀਦਿਆ। ਛਿਮਾਹੀ ਬਾਦ ਉਹ ਵਿਆਜ ਦੀ ਵਸੂਲੀ ਕਰਨ ਘੋੜੀ ਉਪਰ ਸਵਾਰ ਹੋ ਕੇ ਆਇਆ ਕਰਦਾ ਸੀ। ਦੋ ਲੱਠਮਾਰ ਉਸਦੇ ਪਿਛੇ ਪਿਛੇ ਹੁੰਦੇ। ਇਕ ਬੰਦੇ ਦੇ ਹੱਥ ਵਿਚ ਬਰਛਾ ਹੁੰਦਾ। ਚੂਹੜ ਮੱਲ ਪਹਿਲਾਂ ਪੈਸੇ ਮੰਗਦਾ, ਜਦੋਂ ਉਤਰ ਮਿਲਦਾ ਕਿ ਹਨ ਨਹੀਂ, ਤਾਂ ਉਹ ਆਪਣੇ ਬੰਦਿਆਂ ਨੂੰ ਅੰਦਰ ਵੜਨ ਦਾ ਇਸ਼ਾਰਾ ਕਰਦਾ। ਜਿਹੜੇ ਦਸ ਬਾਰਾਂ ਮਣ ਦਾਣੇ ਆਪਣੇ ਖਾਣ ਲਈ ਰੱਖੇ ਹੁੰਦੇ ਉਹ ਚੁੱਕ ਲਿਜਾਂਦਾ। ਸ਼ਰਾਬ ਕੱਢਣ ਵਾਲਿਆਂ ਦੇ ਘਰ ਜਿਵੇਂ ਪੁਲੀਸ ਧੂੰਜਿਆਂ ਵਿਚ ਬਰਛੇ ਗੱਡ ਗੱਡ ਕੇ ਦੇਖਦੀ ਹੈ ਕਿ ਕਿਤੇ ਸ਼ਰਾਬ ਦੱਬੀ ਪਈ ਹੋਵੇਗੀ ਸ਼ਾਇਦ ਕਿਧਰੇ, ਇਵੇਂ ਕਿਤੇ ਮੱਟਾਂ ਵਿਚ ਪਾ ਕੇ ਦਾਣੇ ਲੁਕੋ ਨਾ ਰੱਖੇ ਹੋਣ, ਉਹ ਬਰਛੇ ਗਡ ਗਡ ਤਲਾਸ਼ੀ ਲੈਂਦੇ। ਇਕ ਵਾਰੀ ਦੋ ਮਣ ਦਾਣੇ ਇਸ ਕਰਕੇ ਬਚੇ ਕਿਉਂਕਿ ਬੇਬੇ ਨੇ ਦੋ ਥੈਲੇ ਤੂੜੀ ਵਿਚ ਦੱਬ ਰੱਖੇ ਸਨ। ਖੁਸ਼ ਹੋ ਕੇ ਕਹਿਣ ਲੱਗੀ- ਹੁਣ ਸਬਜ਼ੀਆਂ ਬੀਜ ਦਿਆਂਗੇ। ਦੋ ਮਹੀਨੇ ਇਹ ਦਾਣੇ ਚੱਲ ਜਾਣਗੇ ਦੋ ਮਹੀਨਿਆਂ ਵਿਚ ਸਬਜ਼ੀ ਹੋ ਜਾਵੇਗੀ। ਬਸ ਫਿਰ ਵਾਰੇ ਕੇ ਨਿਆਰੇ। ਤੱਕੜੀ ਤਾਂ ਘਰ ਵਿਚ ਸੀ ਵੱਟੇ ਨਹੀਂ ਸਨ। ਸਿੱਧਾ ਜਿਹਾ ਹਿਸਾਬ ਹੁੰਦਾ। ਨਾ ਸਬਜੀ ਵੇਚਣ ਵਾਲਿਆਂ ਕੋਲ ਪੈਸੇ ਹੁੰਦੇ ਨਾ ਖਰੀਦਣ ਵਾਲਿਆਂ ਕੋਲ। ਗਾਹਕ ਦਾਣੇ ਲੈ ਕੇ ਆਉਂਦੇ। ਕਰੇਲੇ ਇਕ ਵਾਰ ਦਾਣੇ ਦੋ ਵਾਰ ਲੈਂਦੇ। ਦਾਣੇ ਇਕ ਵਾਰ ਕੱਦੂ ਦੋ ਵਾਰ ਦਿੰਦੇ। ਬਾਕੀ ਸਬਜ਼ੀਆਂ ਦਾਣਿਆਂ ਦੇ ਬਰਾਬਰ। ਮੈਨੂੰ ਪੁਲਸ ਨੇ ਕਈ ਵਾਰ ਗਰਿਫਤਾਰ ਕੀਤਾ ਹੈ। ਦਰਬਾਰ ਸਾਹਿਬ ਵਿਚ ਉਪਰ ਹਮਲਾ ਹੋਇਆ ਤਦ ਤਾਂ ਫੌਜ ਆ ਗਈ ਸੀ ਫੜਨ। ਅੱਧੀ ਰਾਤ। ਚਾਰੇ ਪਾਸੇ ਸਰਚ ਲਾਈਟਾਂ। ਗਵਾਂਢੀਆਂ ਦੀਆਂ ਛੱਤਾਂ ਉਪਰ ਪੁਜੀਸ਼ਨਾਂ ਲਈ ਬੈਠੇ ਸੈਨਿਕ, ਬਖਤਰਬੰਦ ਗੱਡੀਆਂ, ਇਹ ਸਭ ਦੇਖ ਕੇ ਮੈਂ ਹੈਰਾਨ ਹੋ ਗਿਆ। ਮੈਂ ਦਿਲ ਵਿਚ ਸੋਚਿਆ- ਜਿੱਡਾ ਵੱਡਾ ਖੱਬੀਖਾਨ ਤੇ ਖੂੰਖਾਰ ਇਹ ਮੈਨੂੰ ਸਮਝ ਰਹੇ ਹਨ, ਚੰਗਾ ਹੁੰਦਾ ਜੇ ਮੈਂ ਉਹੋ ਜਿਹਾ ਹੀ ਹੁੰਦਾ ਅਸਲ ਵਿਚ ਵੀ। ਉਦੋਂ ਵੀ ਭੋਰਾ ਡਰ ਨਹੀਂ ਲੱਗਾ ਮੈਨੂੰ। ਜਦੋਂ ਕਦੀ ਚੂਹੜ ਮੱਲ ਦੇ ਰੇਡ ਯਾਦ ਆ ਜਾਂਦੇ ਹਨ, ਮੈਨੂੰ ਕਾਂਬਾ ਛਿੜ ਜਾਂਦਾ ਹੈ। ਕਦੀ ਕਦਾਈਂ ਮੈਂ ਆਪਣੇ ਆਪ ਨੂੰ ਸਵਾਲ ਵੀ ਕੀਤਾ ਕਿ ਅਜਿਹਾ ਕਿਉਂ ਹੁੰਦਾ ਹੈ? ਇਕ ਦਿਨ ਮਾਂ ਨੂੰ ਪੁੱਛਿਆ- ਆਪਾਂ ਗੁਰੂ ਦਸ਼ਮੇਸ਼ ਪਿਤਾ ਦੇ ਸਿੰਘ, ਇਕ ਬਾਣੀਉਂ ਤੋਂ ਕਿਉਂ ਡਰ ਜਾਂਦੇ ਸਾਂ? ਉਤੱਰ, "ਬਾਣੀਏ ਤੋਂ ਕੌਣ ਡਰਦਾ ਹੈ? ਅਸੀਂ ਤਾਂ ਪੁੱਤਰ ਸੱਪ ਸ਼ੀਂਹ ਤੋਂ ਨਹੀਂ ਡਰਦੇ। ਬਾਣੀਏ ਤੋਂ ਨਹੀਂ, ਕੰਗਾਲੀ ਤੋਂ ਡਰਦੇ ਸਾਂ। ਸੰਸਾਰ ਵਿਚ ਗਰੀਬੀ ਤੋਂ ਵਧੀਕ ਡਰਾਉਣਾ ਨਾ ਕੋਈ ਜਾਨਵਰ ਹੈ ਨਾ ਕੋਈ ਹਥਿਆਰ। ਦੁਸ਼ਮਣ ਦੇ ਘਰ ਵੀ ਦਾਣਿਆਂ ਤੋਂ ਖਾਲੀ ਨਾਂ ਹੋਣ ਹੇ ਮਹਾਰਾਜ।"



ਜਦੋਂ ਉਹ ਘਰ ਵਿਚ ਹੁੰਦੀ ਤਾਂ ਦਿਨ ਰਾਤ ਤਿਉਹਾਰ ਵਰਗੇ ਹੁੰਦੇ। ਪੜ੍ਹਦੇ, ਖੇਡਦੇ, ਡੰਗਰ ਚਾਰਦੇ,

ਖੇਤੀ ਵਿਚ ਹੱਥ ਵਟਾਉਂਦੇ, ਬਾਂਦਰ ਵਾਂਗ ਦਰਖਤਾਂ ਤੇ ਚੜ੍ਹਦੇ ਉਤਰਦੇ ਛਾਲਾਂ ਮਾਰਦੇ। ਨਹਿਰ ਵਿਚ ਛਾਲ- ਫਿਰ ਤੱਤੇ ਰੇਤ ਵਿਚ ਲੇਟਣੀ-ਫਿਰ ਨਹਿਰ ਵਿਚ ਛਾਲ। ਸੱਟ ਫੇਟ ਬਿਮਾਰੀ ਨੇੜੇ ਤੇੜੇ ਨਹੀਂ ਸੀ। ਜਿਉਂਦਾ ਜਾਗਦਾ ਪੂਰਾ ਸਜਗ ਘਰ ਹੁੰਦਾ। ਜਦੋਂ ਕਦੀ ਰਿਸ਼ਤੇਦਾਰੀ ਵਿਚ ਗਈ ਦੋ ਚਾਰ ਦਿਨ ਨਾ ਆਉਂਦੀ ਤਾਂ ਅਸੀਂ ਚੁਪ ਚਾਪ ਗੁੰਮ ਸੁੰਮ ਜਿਹੇ ਫਿਰਦੇ ਰਹਿੰਦੇ ਇਧਰ ਉਧਰ। ਆਪਸ ਵਿਚ ਗੱਲ ਕਰਨੀ ਵੀ ਚੰਗੀ ਨਾ ਲੱਗਦੀ। ਬਾਪੂ ਦਾ ਸੁਭਾਉ ਸਖ਼ਤ ਸੀ, ਪਰ ਉਹ ਖਿਆਲ ਰਖਦਾ ਕਿ ਜਦੋਂ ਇਨ੍ਹਾਂ ਦੀ ਮਾਂ ਘਰ ਨਾ ਹੋਵੇ ਤਾਂ ਬੱਚੇ ਝਿੜਕਣੇ ਨਹੀਂ ਕਿਉਂਕਿ ਫਿਰ ਰੋਣੋ ਨਹੀਂ ਹਟਣਗੇ। ਜਦੋਂ ਕਦੀ ਵੇਲੇ ਸਿਰ ਸਾਡੇ ਲਈ ਨਵੇਂ ਕੱਪੜੇ ਨਾ ਖਰੀਦ ਸਕਦੀ ਜਾਂ ਵੇਲੇ ਸਿਰ ਕਿਤਾਬਾਂ ਕਾਪੀਆਂ ਵਾਸਤੇ ਪੈਸੇ ਨਾ ਹੁੰਦੇ ਤਾਂ ਉਹ ਉਦੋਂ ਰੋਂਦੀ ਜਦੋਂ ਅਸੀਂ ਸਕੂਲ ਚਲੇ ਜਾਂਦੇ। ਇਹੋ ਜਿਹੇ ਮੌਕਿਆਂ ਤੇ ਉਹ ਨਾਨਕੇ ਜਾ ਪੁਜਦੀ। ਮਾਮੇ ਚੰਗੇ ਵਾਹੀਕਾਰ ਸਨ ਤੇ ਦੋਵਾਂ ਕੋਲ ਪੰਜਾਹ ਏਕੜ ਜ਼ਮੀਨ ਸੀ। ਉਥੋਂ ਕਦੀ ਖਾਲੀ ਮੁੜਨ ਦਾ ਸਵਾਲ ਹੀ ਨਹੀਂ ਸੀ। ਦੁੱਧੋਂ ਹਟੀ ਮੱਝ ਗਾਂ ਲੈ ਜਾਂਦੇ ਤੇ ਤਾਜੀ ਸੂਈ ਮੱਝ ਛੱਡ ਜਾਂਦੇ। ਘਿਉ ਦਿੰਦੇ। ਖੋਇਆ ਦਿੰਦੇ, ਘੋੜੀ ਉਪਰ ਝੂਟੇ ਦਿੰਦੇ। ਹੋਰ ਸੁਰਗ ਕਿਹੋ ਜਿਹਾ ਹੋਇਆ ਕਰਦਾ ਹੈ?

ਪੜ੍ਹਨ ਨੂੰ ਮੈਂ ਚੰਗਾ ਨਿਕਲਿਆ। ਪੰਜਵੀਂ, ਅੱਠਵੀਂ, ਦਸਵੀਂ ਵਿਚੋਂ ਬਹੁਤ ਵਧੀਆ ਨੰਬਰ ਲਏ। ਪਿੰਡ ਵਿਚ ਅਤੇ ਰਿਸ਼ਤੇਦਾਰਾਂ ਵਿਚ ਬੱਲੇ ਬੱਲੇ ਹੋਈ। ਵੱਡਾ ਭਰਾ ਗੁਰਦਿਆਲ ਸਿੰਘ ਜੋ ਮੇਰੇ ਤੋਂ ਦੱਸ ਸਾਲ ਵੱਡਾ ਸੀ, ਬੜਾ ਮਿਹਨਤੀ ਅਤੇ ਤੇਜ਼ ਤਰਾਰ ਦਿਮਾਗ ਵਾਲਾ ਸੀ ਪਰ ਘਰ ਦੀਆਂ ਤੰਗੀਆਂ ਕਰਕੇ ਕਾਲਜ ਜਾਣ ਦੀ ਥਾਂ ਭਰਤੀ ਹੋ ਗਿਆ, ਅੱਸੀ ਰੁਪਏ ਮਹੀਨਾ ਤਨਖਾਹ ਉਪਰ। ਉਥੇ ਉਸਨੇ ਅੰਗਰੇਜ਼ੀ ਦੀ ਐਮ.ਏ. ਕੀਤੀ ਤੇ ਉਹਦੀ ਲਿਖਤ ਅਤੇ ਬੋਲਚਾਲ ਦੀ ਅੰਗਰੇਜ਼ੀ ਤੋਂ ਮੇਰੀ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰਭਾਵਿਤ ਹੁੰਦੇ। ਦਸਵੀਂ ਦੇ ਰਿਜ਼ਲਟ ਤੋਂ ਬਾਦ ਬਾਪੂ ਨਾਲ ਗੱਲ ਕੀਤੀ ਕਿ ਕਾਲਜ ਵਿਚ ਦਾਖਲ ਕਰਵਾਉ। ਬਾਪੂ ਜੀ ਬੋਲੇ, "ਘਰ ਵਿਚ ਕੋਈ ਪਸ਼ੂ ਹੈ, ਦੱਸ ਉਹ ਵੇਚ ਦਿੰਦਾ ਹਾਂ। ਤੇਰੀ ਬੇਬੇ ਕੋਲ ਕੋਈ ਟੂੰਮ ਹੈ ਤਾਂ ਉਹ ਵੇਚ ਦੇ। ਬਾਣੀਆਂ ਹੋਰ ਕਰਜ਼ਾ ਦੇਣ ਤੋਂ ਇਨਕਾਰੀ ਹੈ। ਇਕ ਮੈਂ ਬਚਿਆ ਹਾਂ। ਮੈਨੂੰ ਵੇਚ ਦੇ। ਮੇਰੀ ਇੱਛਾ ਹੈ ਕਿ ਤੂੰ ਪੜ੍ਹੇਂ, ਅਫਸਰ ਬਣੇ, ਬਣ ਸਕਦਾ ਹੈ ਤੂੰ, ਮੈਨੂੰ ਸੀਰੀ ਰਲਾ ਦੇ ਕਿਸੇ ਨਾਲ ਮੈਂ ਤਿਆਰ ਆਂ।" ਇਹੋ ਜਿਹੀ ਗੱਲ ਮੈਨੂੰ ਬਹੁਤ ਛੇਤੀ ਸਮਝ ਆ ਜਾਂਦੀ ਹੈ। ਮੈਂ ਸੋਚਿਆ ਬਾਪੂ ਦੀਆਂ ਗੱਲਾਂ ਵਿਚ ਵਕਤ ਨਸ਼ਟ ਕਰਨ ਦੀ ਥਾਂ ਨਾਨਕੇ ਚਲਦੇ ਹਾਂ। ਮਾਂ ਨੇ ਤੋਰਦਿਆਂ ਹੋਇਆਂ ਕਿਹਾ-ਅਕਲ ਨਾਲ ਹਲੀਮੀ ਨਾਲ ਗੱਲ ਕਰੀਂ, ਤੇਰੀ ਮਾਮੀ ਚੰਗੀ ਹੈ ਬੜੀ। ਉਹਦੇ ਨਾਲ ਅੱਡ ਗੱਲ ਕਰੀਂ ਮਾਮੇ ਨਾਲ ਅੱਡ। ਜਾਹ ਗੁਰੂ ਰਾਖਾ।"

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਨਾਨਕੇ ਨਾਨਾ ਨਾਨੀ ਨਾਲ ਹੁੰਦੇ ਹਨ। ਮੇਰੇ ਨਾਨਾ ਨਾਨੀ ਚਰੋਕਣੇ ਤੁਰ ਗਏ ਹੋਏ ਸਨ। ਮਾਮੇ ਤੇ ਮਾਮੀਆਂ ਫਰਿਸ਼ਤਿਆਂ, ਪਰੀਆਂ ਵਰਗੇ ਲੋਕ ਸਨ। ਜਦੋਂ ਜਾ ਕੇ ਦੱਸਿਆ ਕਿ ਦਸਵੀਂ ਵਿਚੋਂ ਬਹੁਤ ਨੰਬਰ ਲੈ ਕੇ ਪਾਸ ਹੋਇਆ ਹਾਂ ਤਾਂ ਬੜੀਆਂ ਅਸੀਸਾਂ ਮਿਲੀਆਂ। ਖਾਣ ਪੀਣ ਲਈ ਬੜਾ ਕੁੱਝ ਬਣਾ ਧਰਿਆ। ਵਡੇ ਮਾਮਾ ਜੀ ਨਾਲ ਛੱਤ ਉਪਰ ਸੌਣ ਵਾਸਤੇ ਚਲੇ ਗਏ ਜਿਥੇ ਤਿੰਨ ਚਾਰ ਮੰਜੀਆਂ ਵਿਛਾਈਆਂ ਗਈਆਂ ਸਨ। ਮੈਂ ਕਾਲਜ ਵਿਚ ਪੜ੍ਹਨ ਜਾਣ ਦੀ ਗੱਲ ਤੋਰ ਕੇ ਪੈਸੇ ਮੰਗੇ। ਮਾਮਾ ਜੀ ਬੋਲੇ, "ਕਿਥੇ ਪੈਸੇ ਭਾਣਜੇ। ਘਰ ਵਿਚ ਦੋ ਰੁਪਈਏ ਵੀ ਨਹੀਂ ਤੂੰ ਦੋ ਸੌ ਮੰਗਦਾ ਹੈਂ।" ਮੈਂ ਕਿਹਾ, "ਮੇਰੇ ਬਾਪੂ ਨੂੰ ਉਧਾਰ ਨਹੀਂ ਮਿਲਦੇ। ਤੁਹਾਨੂੰ ਉਧਾਰ ਤਾਂ ਮਿਲ ਜਾਣਗੇ। ਬਾਣੀਏ ਤੋਂ ਲਿਆ ਕੇ ਦਿਉ।" ਮਾਮਾ ਜੀ ਨੇ ਕਿਹਾ, "ਫਸਲ ਦੀ ਨਾ ਇਹ ਰੁੱਤ ਨਾ ਉਹ ਰੁੱਤ (ਭਾਵ ਨਾ ਬੀਜਣ ਦੀ ਰੁੱਤ ਨਾ ਵੱਢਣ ਦੀ; ਇਨ੍ਹਾਂ ਦੋ ਵੇਲਿਆਂ ਤੇ ਬਾਣੀਆਂ ਪੈਸੇ ਦਿਆ ਕਰਦਾ ਹੈ), ਹੁਣ ਉਧਾਰ ਵੀ ਨਹੀਂ ਮਿਲਣੇ।" ਮੈਨੂੰ ਗੁੱਸਾ ਆ ਗਿਆ, ਮੈਂ ਕਿਹਾ- "ਮੈਂ ਜੂਆ ਖੇਡਣ ਵਾਸਤੇ ਪੈਸੇ ਮੰਗਣ ਨਹੀਂ ਆਇਆ, ਨਾ ਸ਼ਰਾਬਾਂ ਪੀਣ ਲਈ

ਮੱਦਦ ਮੰਗਦਾ ਹਾਂ। ਬਹੁਤ ਨੇਕ ਤੇ ਵੱਡਾ ਕੰਮ ਕਰਨ ਦਾ ਫੈਸਲਾ ਕੀਤਾ ਹੈ ਮੈਂ। ਏਸ ਚੰਗੇ ਕੰਮ ਕਰਨ ਵਾਸਤੇ ਜੇ ਪੈਸੇ ਨਹੀ ਦੇਣੇ ਤਾਂ ਇਹ ਦਸ ਮਾਮਾ ਆਪਣੀ ਭੈਣ ਗਰੀਬ ਜੱਟ ਨੂੰ ਕਿਉਂ ਵਿਆਹੀ ਸੀ।"

ਮਾਮਾ ਜੀ ਰੋਣ ਲੱਗ ਗਏ, "ਭਾਣਜੇ ਜਿਹੜੀ ਗੱਲ ਦਾ ਪਤਾ ਨਾ ਹੋਵੇ ਉਹ ਛੇੜਿਆ ਨਹੀਂ ਕਰਦੇ। ਤੂੰ ਸਿਆਣਾ ਹੈਂ, ਮੈਂ ਤਾਂ ਕੋਰਾ ਅਨਪੜ੍ਹ ਹਾਂ। ਤੇਰੀ ਬੇਬੇ ਤੇ ਮਾਸੀ ਵੱਡੀਆਂ ਹਨ। ਅਸੀਂ ਦੋਵੇਂ ਭਰਾ ਛੋਟੇ ਹਾਂ। ਤੇਰਾ ਨਾਨਾ ਵੱਡੀ ਲਾਮ ਉਤੇ ਜੰਗ ਵਿਚ ਮਾਰਿਆ ਗਿਆ ਸੀ ਜਦੋਂ, ਤਾਂ ਅਸੀਂ ਬਹੁਤ ਛੋਟੇ ਛੋਟੇ ਸਾਂ। ਸਾਨੂੰ ਕੀ ਪਤਾ ਸੀ ਮੰਗਣਿਆਂ ਵਿਆਹਾਂ ਦਾ। ਨਾ ਪੈਸਾ ਨਾ ਟਕਾ। ਸ਼ਰੀਕ ਜਿਵੇਂ ਕਰਦੇ ਹੁੰਦੇ ਹਨ ਉਸੇ ਤਰ੍ਹਾਂ ਕੀਤਾ। ਤੇਰੀ ਬੇਬੇ ਅਰ ਤੇਰੀ ਮਾਸੀ ਦਾ ਵਿਆਹ ਬਿਨਾਂ ਪੈਸਿਆਂ ਤੋਂ ਜਿਹੋ ਜਿਹਾ ਹੋ ਸਕਦਾ ਸੀ ਗਵਾਂਢੀਆਂ ਨੇ ਕਰ ਦਿੱਤਾ। ਹੁਣ ਤੂੰ ਸੌ ਜਾ। ਕਰੂੰਗਾ ਕੋਈ ਹੀਲਾ ਜੇ ਬਣਿਆ।"

ਉਹ ਹੇਠਾਂ ਚਲੇ ਗਏ। ਮਾਮੀ ਨਾਲ ਹੌਲੀ ਹੌਲੀ ਗੱਲਾਂ ਕਰਦੇ ਰਹੇ। ਫੇਰ ਪਤਾ ਨਹੀਂ ਪਿੰਡ ਵਿਚ ਕਿਥੇ ਕਿਥੇ ਗਏ। ਮੈਂ ਸੌਂ ਗਿਆ। ਉਹ ਕਦੋਂ ਸੁੱਤੇ ਪਤਾ ਨਹੀਂ। ਸਵੇਰੇ ਉਠਿਆ ਤਾਂ ਚਾਹ ਲਿਆ ਕੇ ਮਾਮੀ ਕਹਿਣ ਲੱਗੀ, "ਨਹਾ ਲੈ ਦੋਹਤੇ। ਫੇਰ ਪਰੌਂਠੇ ਤਿਆਰ ਨੇ। ਤੇਰਾ ਮਾਮਾ ਤੇਰੇ ਨਾਲ ਜਾਊਗਾ ਪਟਿਆਲੇ ਤੈਨੂੰ ਛੱਡਣ। ਮੇਰੇ ਪੇਕੇ ਸੰਗਤਪੁਰੇ ਦੇ ਨਾਲ ਪਿੰਡ ਫਤਿਹਗੜ੍ਹ ਹੈ। ਉਥੇ ਦਾ ਇਕ ਸਰਦਾਰ ਐ ਉਹਦਾ ਨਾਉਂ ਐ ਗੁਰਨਾਮ ਸਿੰਘ। ਉਹ ਮੇਰੇ ਭਾਈ ਦਾ ਪਗਵਟ ਦੋਸਤ ਹੈ। ਉਹਦੀ ਕੋਠੀ ਪਟਿਆਲੇ ਐ। ਆਪ ਤਾਂ ਰਹਿੰਦਾ ਨਹੀਂ ਉਹ ਪਟਿਆਲੇ। ਇਕ ਮੁੰਡਾ ਐ ਲਾਲੀ। ਉਹ ਪੜ੍ਹਿਆ ਲਿਖਿਆ ਬਹੁਤ ਐ। ਉਹ ਵੀ ਘੱਟ ਈ ਰਹਿੰਦੈ। ਕੋਠੀ ਖਾਲੀ ਪਈ ਹੁੰਦੀ ਐ। ਤੇਰਾ ਮਾਮਾ ਇਕ ਕਮਰਾ ਉਸ ਕੋਠੀ ਵਿਚ ਦਵਾ ਦਿਊਗਾ। ਨਾਲੇ ਤੇਰਾ ਕਿਰਾਇਆ ਬਚੂ ਨਾਲੇ ਉਹ ਬੰਦੇ ਬੜੇ ਚੰਗੇ ਨੇ।" ਮੈਂ ਤਿਆਰ ਹੋ ਗਿਆ। ਮਾਮੀ ਨੇ ਦੋ ਪੀਪੇ ਤਿਆਰ ਕਰ ਰੱਖੇ ਸਨ। ਇਕ ਪੀਪਾ ਅੱਧਾ ਚੌਲਾਂ ਦਾ ਅੱਧਾ ਆਟੇ ਦਾ ਭਰਿਆ ਹੋਇਆ ਸੀ। ਦੂਜੇ ਵਿਚ ਪੰਜੀਰੀ, ਘਿਉ ਦਾ ਡੱਬਾ, ਸ਼ੱਕਰ ਦਾ ਡੱਬਾ, ਆਚਾਰ ਦਾ ਡੱਬਾ, ਦਸ ਬਾਰਾਂ ਪਰੌਂਠੇ ਆਦਿਕ ਨਿਕਸੁਕ ਸੀ। ਇੱਕ ਕਪੜਿਆਂ ਦੀ ਗਠੜੀ ਜਿਹੀ ਸੀ। ਫੜਾਉਂਦਿਆਂ ਕਹਿਣ ਲੱਗੀ, "ਦੋ ਪੱਗਾਂ ਹਨ। ਦੋ ਕੁੜਤਿਆਂ ਪਜਾਮਿਆਂ ਦਾ ਕਪੜਾ ਹੈ। ਏਥੇ ਸਿਉਂਤੇ ਤੇਰੇ ਪਸੰਦ ਨੀ ਆਉਣੇ, ਸਿਵਾ ਪਟਿਆਲਿਉਂ ਲਈਂ। ਉਥੇ ਤਾਂ ਕਹਿੰਦੇ ਨੇ ਜਾਨ ਪਾ ਦਿੰਦੇ ਨੇ ਕੱਪੜਿਆਂ ਵਿਚ। ਅਸੀਂ ਤਾਂ ਭਾਈ ਸਾਰੀ ਉਮਰ ਬੇਜਾਨ ਕੱਪੜਿਆਂ ਨਾਲ ਕੱਢ ਦਿੱਤੀ," ਹੱਸ ਕੇ ਉਸਨੇ ਦਸ ਰੁਪਏ ਕਿਰਾਏ ਲਈ ਵੱਖਰੇ ਦੇ ਕੇ ਦੋ ਸੌ ਰੁਪਿਆ ਫੀਸਾਂ ਲਈ ਵੱਖ ਮੇਰੀ ਜੇਬ ਵਿਚ ਪਾ ਦਿੱਤਾ। ਫਿਰ ਮਾਮਾ ਜੀ ਨੂੰ ਕਿਹਾ, "ਟਿਕਟ ਤੂੰ ਆਪ ਖਰੀਦੀਂ। ਇਹ ਤਾਂ ਉਈਂ ਟਿਕਟ ਦਾ ਨਾਂ ਲੈ ਕੇ ਪੈਸੇ ਜੇਬ ਵਿਚ ਪਾਏ ਨੇ ਘੱਗੂ ਦੇ।" ਮੇਰਾ ਪਿੰਡ ਘੱਗਾ ਹੋਣ ਕਰਕੇ ਨਾਨਕੇ ਘੱਗੂ ਆਖਿਆ ਕਰਦੇ ਸਨ। ਪਟਿਆਲੇ ਦੀ ਕਹਾਣੀ ਸੁਣਾਵਾਂਗੇ ਵੱਖਰੇ ਅਧਿਆਇ ਵਿਚ ਕਿਸੇ ਹੋਰ ਥਾਂ। ਹੁਣ ਬੇਬੇ ਦੀ ਕਹਾਣੀ ਚਲੇਗੀ। ਜਿੰਨਾ ਕੁ ਜ਼ਿਕਰ ਕਾਲਜ ਦਾਖਲ ਹੋਣ ਵੇਲੇ ਦਾ ਹੋਇਆ ਹੈ ਉਨਾ ਕੁ ਜ਼ਰੂਰੀ ਸੀ ਕਿਉਂਕਿ ਆਪਣੇ ਪਿੰਡ ਤੋਂ ਨਾਨਕਿਆਂ ਦੇ ਰਸਤੇ ਮੈਂ ਪਟਿਆਲੇ ਦਾਖਲ ਹੋਇਆ, ਬੇਸ਼ਕ ਪਿਛੋਂ ਦੋ ਭਰਾਵਾਂ ਗੁਰਦਿਆਲ ਸਿੰਘ ਅਤੇ ਇੰਦਰ ਸਿੰਘ ਨੇ ਬੜੀ ਮੱਦਦ ਕੀਤੀ। ਇਕ ਦਿਨ ਬੇਬੇ ਨੇ ਦੱਸਿਆ- ਥੋਡਾ ਨਾਨਾ ਭਰ ਜੁਆਨੀ ਵਿਚ ਸਾਨੂੰ ਨਿਕਿਆਂ ਨਿਕਿਆਂ ਨੂੰ ਛੱਡ ਕੇ ਤੁਰ ਗਿਆ। ਤੇਰੀ ਨਾਨੀ ਨੇ ਪਹਾੜ ਜਿਡੀ ਉਮਰ ਤਕੜੇ ਜਰਨੈਲ ਵਾਂਗ ਬਿਤਾਈ। ਘੋੜੀ ਤੇ ਸਵਾਰ ਹੋ ਆਪੇ ਮੱਝਾਂ ਚਾਰ ਲਿਆਇਆ ਕਰਦੀ ਸੀ। ਘਿਉ ਦੇ ਤੌਲੇ ਕਦੇ ਖਾਲੀ ਨਹੀਂ ਹੋਏ ਸਨ। ਇਕ ਦਿਨ ਸਵੇਰੇ ਨੇਰ੍ਹੇ ਨੇਰ੍ਹੇ ਬਾਹਰਲੇ ਘਰ ਪਸ਼ੂਆਂ ਨੂੰ ਕੱਖ ਪਾਉਣ ਗਈ। ਮੇਰਾ ਚਾਚਾ ਵੀ ਉਥੇ ਆਪਣੀਆਂ ਮੱਝਾਂ ਦਾ ਦੁੱਧ ਚੋਣ ਗਿਆ ਹੋਇਆ ਸੀ। ਉਸ ਨੇ ਤੇਰੀ ਨਾਨੀ ਦੇ ਨੇੜੇ ਆ ਕੇ ਉਸਦੀ ਬਾਂਹ ਫੜ ਲਈ। ਤੇਰੀ ਨਾਨੀ ਨੇ ਕਿਹਾ-"ਇਕੱਲੀ ਰਹਿ ਗਈ ਹਾਂ। ਬੜਾ ਡਰ ਲਗਦਾ ਹੈ। ਮੇਰੀ ਇੱਛਾ ਹੈ ਤੂੰ ਮੇਰੀ ਬਾਂਹ ਫੜੇਂ। ਇਥੇ ਹਨੇਰੇ ਵਿਚ ਨਹੀਂ। ਦਿਨ ਵਿਚ। ਚਾਨਣ ਵਿਚ। ਕਹੇਂ ਤਾਂ ਭਾਈਚਾਰੇ ਦਾ ਇਕੱਠ ਬੁਲਾਵਾਂ? ਫੜੇਂਗਾ ਬਾਂਹ?" ਚਾਚਾ ਚਲਾ ਗਿਆ।



ਮਹੀਨੇ ਵਿਚ ਇਕ ਵਾਰ ਨਾਨਕੇ ਜਾਂਦਾ ਦੂਜੀ ਵਾਰ ਦਾਦਕੇ। ਪਿੰਡੋਂ ਜਦੋਂ ਮੈਂ ਪਟਿਆਲੇ ਦੀ ਬੱਸ ਫੜਨ ਤੁਰਦਾ ਤਾਂ ਮਾਂ ਦੀਆਂ ਅੱਖਾਂ ਛਲਕਦੀਆਂ। ਮੈਂ ਖੂਬ ਹਸਦਾ ਤੇ ਪੁਛਦਾ, "ਕੋਈ ਸਰਹੱਦ ਉਪਰ ਜੰਗ ਲੜਨ ਚੱਲਿਆ ਹਾਂ ਜੋ ਰੋਣ ਧੋਣ ਸ਼ੁਰੂ ਹੋ ਗਿਆ?" ਮਾਂ ਅੱਖਾਂ ਪੂੰਝ ਕੇ ਆਖਦੀ, "ਕੱਟਰੂ ਵੱਛਰੂ ਸਰਹੱਦਾਂ ਉਪਰ ਦੁਸ਼ਮਣ ਨਾਲ ਲੜਨ ਨੀ ਜਾਂਦੇ। ਤੂੰ ਦੇਖਿਆ ਨਹੀਂ ਅੱਖਾਂ ਤੋਂ ਦੂਰ ਹੋਣ ਲੱਗਣ ਤਾਂ ਗਾਵਾਂ ਮੱਝਾਂ ਰੰਭਣ, ਰਿੰਗਣ ਲਗਦੀਆਂ ਹਨ, ਰੱਸੇ ਤੁੜਾਉਂਦੀਆਂ ਹਨ। ਪਸ਼ੂ ਪੰਛੀ ਤੱਕ, ਸਭ ਮਾਵਾਂ ਇਹ ਜਾਣਦੀਆਂ ਹਨ ਕਿ ਜਿਥੇ ਤੱਕ ਬੱਚੇ ਨਜ਼ਰ ਵਿਚ ਹਨ, ਸਭ ਠੀਕ ਹੈ। ਅੱਖੋਂ ਪਰੋਖੇ ਦੁਸ਼ਮਣ ਦੀ ਸਰਹੱਦ ਹੁੰਦੀ ਹੈ, ਕੀ ਪਤਾ ਕਦ ਕੀ ਵਾਪਰ ਜਾਏ? ਤੈਨੂੰ ਇਨ੍ਹਾਂ ਗੱਲਾਂ ਦੀ ਅਜੇ ਸਮਝ ਨਹੀਂ। ਹੋ ਸਕਦਾ ਹੈ ਕਦੇ ਵੀ ਨਾ ਸਮਝ ਸਕੇਂ ਕਿਉਂਕਿ ਤੇਰੀ ਕਿਸਮਤ ਵਿਚ ਮਾਂ ਹੋਣਾ ਨਹੀਂ ਲਿਖਿਆ ਹੋਇਆ।" ਫਿਰ ਉਹ ਅਸੀਸਾਂ ਦੇ ਕੇ ਤੋਰਦੀ।

ਹਜ਼ਰਤ ਮੁਹੰਮਦ ਸਾਹਿਬ ਨੇ ਮਰਦਾਂ ਨੂੰ ਇਹ ਹੁਕਮ ਦਿਤਾ ਸੀ "ਔਰਤਾਂ ਦੀ ਇੱਜ਼ਤ ਕਰੋ, ਕਿਉਂਕਿ ਤੁਹਾਡੇ ਬੱਚਿਆਂ ਦਾ ਸੁਰਗ ਉਨ੍ਹਾਂ ਦੀਆਂ ਮਾਵਾਂ ਦੇ ਕਦਮਾਂ ਹੇਠ ਛੁਪਿਆ ਹੋਇਆ ਹੈ।"

ਮਾਵਾਂ ਬੜੀਆਂ ਅਜੀਬ ਸ਼ੈਆਂ ਹੁੰਦੀਆਂ ਹਨ। ਮੈਂ ਪੰਦਰਾਂ ਏਕੜ ਜ਼ਮੀਨ ਸਸਤੀ ਜਾਣ ਕੇ ਟਿੱਬੀਆਂ ਖਰੀਦੀਆਂ ਤੇ ਪੱਧਰ ਕਰਨ ਲਈ ਅੱਠ ਟਰੈਕਟਰ ਚਲਾ ਦਿਤੇ। ਇਕ ਟਟੀਹਰੀ ਬੜੀ ਤੇਜ਼ੀ ਨਾਲ ਇਧਰ ਉਧਰ ਦੌੜਦੀ ਰੌਲਾ ਪਾਉਂਦੀ ਦੇਖੀ। ਮੈਂ ਜਾਣ ਗਿਆ ਕਿ ਇਸ ਦੇ ਇਥੇ ਨੇੜੇ ਕਿਧਰੇ ਬੱਚੇ ਹਨ। ਸਾਰੇ ਕਿਤੇ ਫਿਰ ਤੁਰ ਕੇ ਦੇਖਿਆ ਕਿਤੇ ਨਾਂ ਦਿਸੇ। ਟਰੈਕਟਰ ਫਿਰ ਚਲਾ ਦਿਤੇ। ਇਕ ਥਾਂ ਅਜਿਹੀ ਆਈ ਜਿਵੇਂ ਟਟੀਹਰੀ ਵੱਡੇ ਦਿਉ ਕੱਦ ਟਰੈਕਟਰ ਦੇ ਟੱਕਰ ਮਾਰ ਦਏਗੀ। ਮੈਂ ਟਰੈਕਟਰ ਵਾਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ। ਦੋ ਬੱਚੇ ਸਹਿਮੇ ਬੈਠੇ ਲੱਭ ਗਏ ਦੁਬਕੇ। ਬੱਚਿਆਂ ਨੇੜੇ ਸੋਟੀ ਗੱਡ ਦਿੱਤੀ ਤੇ ਉਸ ਉਪਰ ਪਰਨਾ ਬੰਨ੍ਹ ਦਿੱਤਾ। ਐਲਾਨ ਹੋ ਗਿਆ ਕਿ ਸੋਟੀ ਉਪਰਲਾ ਪਰਨਾ ਟਟੀਹਰੀ ਦਾ ਵਿਜੈ ਝੰਡਾ ਹੈ ਤੇ ਇਕ ਵਿਘੇ ਥਾਂ ਉਪਰ ਟਰੈਕਟਰ ਉਦੋਂ ਚੱਲਣਗੇ ਜਦੋਂ ਇਥੋਂ ਬੱਚਿਆਂ ਸਮੇਤ ਚਲੀ ਜਾਵੇਗੀ। ਮੈਂ ਨਿਕੇ ਚੂਚਿਆਂ ਦੀ ਰਖਵਾਲੀ ਕਰਦੀ ਮੁਰਗੀ ਨੂੰ ਕੁੱਤੇ ਉਪਰ ਹਮਲਾ ਕਰਦਿਆਂ ਦੇਖਿਆ ਹੈ। ਆਪਣੀ ਔਲਾਦ ਖਾਤਰ ਮਾਵਾਂ ਕੋਈ ਵੀ ਖਤਰਾ ਸਹੇੜ ਸਕਦੀਆਂ ਹਨ। ਮਾਂ ਗੁਜਰੀ ਦਾ ਕਾਰਨਾਵਾਂ ਸਾਬਤ ਕਰਦਾ ਹੈ ਕਿ ਉਹ ਕੁਲ ਮਨੁੱਖਤਾ ਦੀ ਮਾਂ ਹੋਣ ਕਰਕੇ ਸਾਰਿਆਂ ਨੂੰ ਬਚਾ ਗਈ।

ਕੁਰਕਸ਼ੇਤਰ ਦੇ ਮੈਦਾਨ ਵਿਚ ਅਰਜਣ ਡੋਲ ਗਿਆ ਸੀ। ਉਹ ਵੱਡਾ ਯੋਧਾ ਸੀ ਤੇ ਤੀਖਣ ਬੁੱਧ ਵੀ। ਉਸਨੂੰ ਸਮਝਾਉਣ ਵਾਲਾ ਕੋਈ ਆਮ ਵਿਅਕਤੀ ਨਹੀਂ ਭਗਵਾਨ ਖੁਦ ਸੀ। ਫਿਰ ਵੀ ਕਾਫੀ ਦੇਰ ਲੱਗੀ ਸੀ। ਦਲੀਲਾਂ ਤੋਂ ਪ੍ਰਭਾਵਿਤ ਹੋ ਕੇ ਉਸਨੇ ਦੁਬਾਰਾ ਹਥਿਆਰ ਨਹੀਂ ਚੁੱਕੇ ਸਨ। ਭਗਵਾਨ ਕਿਸ਼ਨ ਨੇ ਆਪਣਾ ਤ੍ਰੈਕਾਲੀ ਵਿਰਾਟ ਰੂਪ ਦਿਖਾਇਆ ਤੇ ਦੱਸਿਆ ਕਿ ਇਹ ਸਭ ਮਰ ਚੁੱਕੇ ਹਨ। ਮਰਿਆਂ ਹੋਇਆਂ ਨੂੰ ਮਾਰ ਦੇਣ ਨਾਲ ਤੈਨੂੰ ਪਾਪ ਨਹੀਂ ਲੱਗੇਗਾ। ਇਥੇ ਸਰਹੰਦ ਵਿਚ ਜਿਹੜਾ ਧਰਮਯੁੱਧ ਹੋਇਆ ਉਸ ਵਿਚਲੇ ਜਰਨੈਲ ਬਹੁਤ ਛੋਟੀ ਉਮਰ ਦੇ ਸਨ ਤੇ ਭਗਵਾਨ ਕ੍ਰਿਸ਼ਨ ਦੀ ਜ਼ਿੰਮੇਵਾਰੀ ਮਾਂ ਗੁਜਰੀ ਨੇ ਨਿਭਾਈ। ਗੀਤਾ ਦਾ ਉਪਦੇਸ਼ ਦੇਣ ਦੀ ਲੋੜ ਨਹੀਂ ਪਈ। ਸਾਹਿਬਜ਼ਾਦਿਆਂ ਦੇ ਪਿਤਾ ਨੇ ਨੌਂ ਸਾਲ ਦੀ ਉਮਰ ਵਿਚ ਸਾਬਤ ਕਰ ਦਿੱਤਾ ਸੀ ਕਿ ਉਸ ਨੇ ਅਨੰਤ ਸੱਚ ਦੇਖ ਲਿਆ ਹੈ- ਉਹ ਦੇਸ ਜਿਥੇ ਨਾ ਜੀਵਨ ਹੈ ਨਾ ਮੌਤ, ਉਹ ਉਸ ਦੇਸ ਦਾ ਵਸਨੀਕ ਸੀ। ਇਥੇ ਛੋਟਿਆਂ ਦੀ ਸੱਤ ਤੇ ਵੱਡਿਆਂ ਬਾਬਿਆਂ ਦੀ ਉਮਰ ਨੌਂ ਸਾਲ ਸੀ। ਮੇਰੇ ਮੰਨਣ ਵਿਚ ਨਹੀਂ ਆਉਂਦਾ ਕਿ ਮਾਂ ਨੇ ਸਾਹਿਬਜ਼ਾਦਿਆਂ ਨੂੰ ਲੰਮਾਂ ਸਮਾਂ ਕੋਈ ਸਿਖਿਆਵਾਂ ਦਿੱਤੀਆਂ। ਇਸ ਮਾਂ ਨੇ ਯੁੱਗਾਂ ਦੀ ਤਪੱਸਿਆ ਕੀਤੀ ਹੋਈ ਸੀ। ਉਸ ਤਪੱਸਿਆ ਦਾ ਕੁਝ ਹਿੱਸਾ ਗੁਰੂ ਦਸਮ ਪਾਤਸ਼ਾਹ ਹਜ਼ੂਰ ਦੇ ਹਿੱਸੇ ਆਇਆ ਤੇ ਬਾਕੀ ਦਾ ਸਾਹਿਬਜ਼ਾਦਿਆਂ ਦੇ ਹਿੱਸੇ। ਮਾਪਿਆਂ ਦੀ ਜਾਇਦਾਦ ਬੱਚਿਆਂ ਨੂੰ ਮਿਲਣੀ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਨੂੰ ਇਕ ਸਨਿਆਸੀ ਨੇ ਪੁੱਛਿਆ,

"ਸੁਆਮੀ ਜੀ ਆਪ ਕਿਆ ਸਾਧਨਾਂ ਕਰਤੇ ਹੈਂ, ਕੌਨਸੀ ਬੰਦਗੀ, ਕੌਨ ਸਾ ਤਪ ਕੀਆ ਹੈ ਜੋ ਕਿ ਆਪਕੇ ਚਿਹਰੇ ਪਰ ਇਤਨਾ ਨੂਰ ਹੈ।" ਪ੍ਰੋ. ਪੂਰਨ ਸਿੰਘ ਨੇ ਕਿਹਾ, "ਤਪ, ਸਾਧਨਾ, ਬੰਦਗੀ ਕਰਨੀ ਤਾਂ ਕੀ ਸੀ ਮੈਨੂੰ ਤਾਂ ਇਹ ਪਤਾ ਨਹੀਂ ਕਿ ਇਹ ਹੁੰਦੀ ਕੀ ਹੈ। ਪਰ ਇਕ ਗੱਲ ਦਾ ਪਤਾ ਹੈ ਕਿ ਬਾਦਸ਼ਾਹ ਦੇ ਘਰ ਬੱਚਾ ਜਨਮ ਲੈਣ ਸਾਰ ਰਾਜਕੁਮਾਰ ਹੁੰਦਾ ਹੈ। ਤਪ ਕੀਤਾ ਸੀ ਗੁਰੂ ਕਲਗੀਧਰ ਹਜ਼ੂਰ ਨੇ। ਉਨ੍ਹਾਂ ਦੇ ਘਰ ਸਾਡਾ ਜਨਮ ਹੋ ਗਿਆ ਤਾਂ ਉਨ੍ਹਾਂ ਦੀ ਕਮਾਈ ਸਾਨੂੰ ਖ਼ੁਦ-ਬ-ਖ਼ੁਦ ਵਿਰਸੇ ਵਿਚ ਮਿਲ ਗਈ।"

ਗੁਜਰੀ ਮਾਂ ਬਾਰੇ ਘੱਟ ਲਿਖਿਆ ਗਿਆ ਹੈ ਕਿਉਂਕਿ ਉਸ ਬਾਰੇ ਲਿਖਣ ਦੀ ਸਮਰੱਥਾ ਲੋੜੀਂਦੀ ਹੈ। ਉਸ ਬਾਰੇ ਲਿਖਣ ਲਈ ਕੋਈ ਕਾਲੀਦਾਸ ਚਾਹੀਦਾ ਹੈ। ਕਾਲੀਦਾਸ ਨੇ ਮੇਘਦੂਤ ਵਿਚ ਲਿਖਿਆ ਹੈ, "ਹੇ ਮੇਘ, ਜਦੋਂ ਸ੍ਰਿਸ਼ਟੀ ਦਾ ਵਿਨਾਸ਼ ਕਰਨਾ ਹੋਏ ਤਦ ਸ਼ਿਵ ਜੀ ਆਪਣੇ ਲੱਕ ਦੁਆਲੇ ਹਾਥੀ ਦੀ ਤਾਜ਼ੀ ਖੱਲ ਲਪੇਟ ਕੇ ਡਮਰੂ ਵਜਾਉਂਦੇ ਹਨ। ਪਰਲੋ ਆ ਜਾਂਦੀ ਹੈ। ਕਿਸੇ ਸ਼ਾਮ ਅਸਮਾਨ ਦੇ ਇਕ ਕੋਨੇ ਵਿਚ ਖਲੋਤਾ ਤੂੰ ਹਾਥੀ ਦੀ ਲਹੂ ਲਿਬੜੀ ਖੱਲ ਦਾ ਟੋਟਾ ਲੱਗੇਂਗਾ। ਉਸ ਵੇਲੇ ਗੱਜੀਂ ਨਾਂਹ। ਗੋਰੀ ਮਾਂ ਨੂੰ ਦਹਿਲ ਪੈ ਸਕਦਾ ਹੈ। ਵੱਡੇ ਸੰਕਟਾਂ ਦੀਆਂ ਕਨਸੋਆਂ ਬਾਕੀਆਂ ਨਾਲੋਂ ਮਾਵਾਂ ਪਾਸ ਪਹਿਲਾਂ ਪੁੱਜ ਜਾਂਦੀਆਂ ਹਨ ਹੇ ਮੇਘ।"

ਰੂਹਾਨੀ ਮਾਵਾਂ ਦੀਆਂ ਗੱਲਾਂ ਕਿਸੇ ਸਮਰੱਥਾਵਾਨ ਲੇਖਕ ਲਈ ਛੱਡ ਕੇ ਆਪਾਂ ਆਪਣੀ ਦੇਸੀ ਮਾਂ ਬਾਰੇ ਕੁਝ ਗੱਲਾਂ ਕਰਦੇ ਹਾਂ।

ਵੱਡੇ ਬੇਟੇ ਨੇ ਜਿਸ ਦਿਨ ਕੰਪਿਊਟਰ ਇੰਜਨੀਅਰਿੰਗ ਕੋਰਸ ਦੀ ਡਿਗਰੀ ਪਾਸ ਕਰ ਲਈ ਤਾਂ ਉਹ ਬੇਬੇ ਜੀ ਨੂੰ ਮਠਿਆਈ ਦਾ ਡੱਬਾ ਦੇਣ ਲਈ ਗਿਆ। ਅਸੀਸਾਂ ਦੇ ਕੇ ਕਿਹਾ, "ਪਰ ਹੁਸਨਬੀਰ ਸੁਣਿਐਂ ਇੰਜਨੀਅਰ ਬਣ ਕੇ ਤਾਂ ਤੂੰ ਅਮਰੀਕਾ ਚਲਾ ਜਾਵੇਗਾ। ਫਿਰ ਤੇਰੇ ਬਗੈਰ ਅਸੀਂ ਕਿਵੇਂ ਜੀ ਲਾਵਾਂਗੇ?" ਹੁਸਨਬੀਰ ਨੇ ਕਿਹਾ, "ਫੋਨ ਕਰਿਆ ਕਰਾਂਗਾ। ਚਿੱਠੀਆਂ ਲਿਖਿਆ ਕਰਾਂਗਾ।" ਬੇਬੇ ਨੇ ਕਿਹਾ "ਸੁਖਬੀਰ ਵੀ ਇਹੀ ਕਿਹਾ ਕਰਦਾ ਸੀ (ਵੱਡੇ ਭਰਾ ਦਾ ਡਾਕਟਰ ਪੁੱਤਰ)। ਨਾ ਫੋਨ ਕਰਦਾ ਹੈ ਨਾ ਚਿਠੀ ਲਿਖਦਾ ਹੈ ਨਾ ਮਿਲਣ ਆਉਂਦਾ ਹੈ। ਤੇਰੇ ਤੇ ਕਿਵੇਂ ਇਤਬਾਰ ਕਰੀਏ? ਹੁਸਨਬੀਰ ਨੇ ਕਿਹਾ, "ਉਹਦਾ ਦਿਲ ਹੋਰ ਤਰ੍ਹਾਂ ਦਾ ਹੈ ਮੇਰਾ ਹੋਰ ਤਰ੍ਹਾਂ ਦਾ। ਮੈਂ ਜੋ ਕਹਿੰਦਾ ਹਾਂ ਉਹੀ ਕਰਾਂਗਾ।" ਬੇਬੇ ਨੇ ਕਿਹਾ, "ਤੁਹਾਡੇ ਖਾਨਦਾਨ ਦੇ ਮੁੰਡਿਆਂ ਕੋਲ ਇਕ ਇਕ ਨਹੀਂ ਕਈ ਕਈ ਦਿਲ ਨੇ। ਸਾਰੇ ਦਿਲ ਕਲੀ ਕਰਾ ਕੇ ਰੱਖੇ ਹੋਏ ਨੇ। ਜਿਹੋ ਜਿਹਾ ਖਰੀਦਦਾਰ ਟੱਕਰਿਆ ਉਸਨੂੰ ਉਸਦੀ ਪਸੰਦ ਦਾ ਦਿਲ ਦਿਖਾ ਦਿੱਤਾ। ਅਸੀਂ ਪੁਰਾਣੇ ਬੰਦੇ ਸਿਧੇ-ਸਾਦੇ ਹਾਂ ਕਿਉਂਕਿ ਸਾਡੇ ਕੋਲ ਇਕੋ ਦਿਲ ਹੈ ਸਭ ਨੂੰ ਦਿਖਾਉਣ ਵਾਸਤੇ। ਕਿਸੇ ਨੂੰ ਚੰਗਾ ਲੱਗੇ ਨਾ ਲੱਗੇ। ਆਪਣੇ ਕੀ ਮੁਕਾਬਲੇ ਤੁਹਾਡੇ ਨਾਲ?"

ਨਾਨਕਿਆਂ ਦੇ ਰਾਹ ਵਿਚ ਘੱਗਰ ਹੈ। ਕੋਈ ਖਾਸ ਦਰਿਆ ਨਹੀਂ ਹੈ ਇਹ, ਪਰ ਇਸੇ ਕਾਰਨ ਸਾਡੀ ਬੋਲੀ ਵਿਚ ਪੱਤਣ, ਘਾਟ, ਬੇੜੀ ਮਲਾਹ ਆਦਿਕ ਸ਼ਬਦ ਆ ਰਲੇ। ਬੇਬੇ ਆਮ ਆਖਦੀ-ਫਲਾਣੀ ਨੇ ਘਾਟ ਘਾਟ ਦਾ ਪਾਣੀ ਪੀਤਾ ਹੋਇਐ, ਉਸ ਨਾਲ ਆਪਣੀ ਕੀ ਰੀਸ। ਨਾਨਕਿਆਂ ਵਾਲੇ ਪਾਸਿਉਂ ਚਾਹੇ ਕੋਈ ਆਉਂਦਾ, ਉਹ ਇਹ ਸਵਾਲ ਜ਼ਰੂਰ ਪੁਛਦੀ-ਕਿਹੜੇ ਘਾਟ ਆਇਆ? ਕਿੰਨਾ ਪਾਣੀ ਹੈ ਘੱਗਰ ਵਿਚ? ਜੇ ਉਤਰ ਮਿਲਦਾ-ਘੱਗਰ ਚੜ੍ਹ ਗਿਆ ਹੈ, ਤਾਂ ਪੁਛਦੀ, ਬੇੜੀ ਹੈ ਲੱਗੀ ਹੋਈ? ਮਲਾਹ ਬੈਠਾ ਹੁੰਦਾ ਹੈ? ਇਹਨਾਂ ਪ੍ਰਸ਼ਨਾਂ ਦੇ ਉਤਰ ਉਸ ਨੂੰ ਧਰਵਾਸ ਦਿੰਦੇ ਕਿ ਪੇਕਿਓਂ ਕੋਈ ਆਏਗਾ ਤਾਂ ਘੱਗਰ ਰੋਕ ਨਹੀਂ ਸਕੇਗਾ। ਬਨੇਰੇ ਉਪਰ ਕਾਂ ਬੋਲਣ ਅਤੇ ਪਰਾਤ ਵਿਚੋਂ ਆਟਾ ਭੁੜਕਣ ਦੇ ਸੰਕੇਤ ਉਸ ਵਾਸਤੇ ਕੀਮਤੀ ਹੁੰਦੇ।

ਮੈਂ ਕਿਹਾ- ਬੇਬੇ ਗੱਲਾਂ ਸੁਣਾ ਪੁਰਾਣੀਆਂ। ਤੇਰੀ ਕਹਾਣੀ ਲਿਖੀਏ।

ਬੋਲੀ- ਇਹ ਖੋਟਾ ਪੈਸਾ ਨਹੀਂ ਚਲਦਾ। ਕੋਈ ਹੋਰ ਕੰਮ ਕਰ।



ਮੈਂ ਕਿਹਾ- ਖੋਟਾ ਪੈਸਾ ਨਾ ਚੱਲੇ, ਖੋਟੇ ਪੈਸੇ ਦੀ ਕਹਾਣੀ ਚੱਲ ਸਕਦੀ ਹੈ। ਕਹਾਣੀ ਖਰੀ ਹੋ ਸਕਦੀ ਹੈ।

ਮੇਰੇ ਨਾਨਕੇ ਘਰ ਦੇ ਜੀ ਏਨੇ ਸੁਹਣੇ ਸਨ ਕਿ ਦੇਖ ਕੇ ਭੁੱਖ ਲਹਿੰਦੀ। ਉਚੇ ਲੰਮੇ ਕੱਦਾਵਰ ਗੋਰੇ ਸੂਹੇ ਰੰਗਾਂ ਦੇ ਲੋਕ। ਪੁਰਾਤਨ ਯੂਨਾਨੀਆਂ ਦੀ ਟੋਲੀ ਜਿਵੇਂ ਜਾਂਦੀ ਜਾਂਦੀ ਰੁਕ ਗਈ ਹੋਵੇ ਇਥੇ ਹਰਿਆਣੇ ਖਰੌਦੀ ਪਿੰਡ ਵਿਚ। ਹੌਲੀ ਹੌਲੀ ਕਦਮ ਪੁਟਦੇ, ਸਹਿਜ ਨਾਲ ਰੋਟੀ ਖਾਂਦੇ, ਸੁਹਜ ਨਾਲ ਗੱਲ ਕਰਦੇ, ਧੀਰਜ ਨਾਲ ਗੱਲ ਸੁਣਦੇ। ਉਹਨਾਂ ਦੀ ਸੁਰਤ ਵਿਚ ਕਾਹਲ ਦਾ ਨਾਂ ਨਿਸ਼ਾਨ ਨਹੀਂ ਸੀ। ਉਹ ਮੈਨੂੰ ਕਈ ਵਾਰ ਕਹਿੰਦੇ-"ਤੂੰ ਭੱਜੂੰ ਭੱਜੂੰ ਕਿਉਂ ਕਰਦਾ ਰਹਿਨੈ? ਤੂੰ ਤਾਂ ਰੋਟੀ ਵੀ ਇਉਂ ਖਾਨੈ ਜਿਵੇਂ ਕਿਸੇ ਦੀ ਚੁੱਕ ਭਜਿਆ ਹੋਵੇ"। ਹਸੂੰ ਹਸੂੰ ਕਰਦੇ ਉਨ੍ਹਾਂ ਦੇ ਹੋਠ, ਮਿਹਰਬਾਨੀਆਂ ਨਾਲ ਭਰੀਆਂ ਹੋਈਆਂ ਨੀਵੀਆਂ ਅੱਖਾਂ।

ਬੇਬੇ ਦੱਸਿਆ ਕਰਦੀ ਹੈ- ਤੇਰੀ ਛੋਟੀ ਮਾਮੀ ਗੁਰਦਿਆਲ ਕੁਰ ਦਾ ਰੰਗ ਧੁਪ ਵਰਗਾ ਸੀ। ਲਾਲੀਆਂ ਝਗੜਦੀਆਂ ਸਨ ਮੂੰਹ ਤੇ। ਹੀਰ ਸੀ ਬਸ। ਮਿਹਨਤ ਨਾਲ ਘੜੀ ਰੱਬ ਨੇ। ਕੰਧ ਤੋਂ ਉਤਰ ਕੇ ਜਿਵੇਂ ਕੋਈ ਤਸਵੀਰ ਤੁਰਨ ਲੱਗੇ। ਭਾਬੀ ਕਾਹਨੂੰ ਮੇਰੀ ਤਾਂ ਸਹੇਲੀ ਸੀ। ਮੈਂ ਇਕ ਦਿਨ ਕਿਹਾ-ਕੁੜੇ ਖਿਆਲ ਰੱਖੀਂ ਮੇਰਾ। ਤੇਰੀ ਇਹ ਨਣਦ ਗਰੀਬਣੀ ਹੈ।

ਉਹ ਮੇਰੇ ਪੈਰੀਂ ਚੁਨੀ ਰੱਖ ਕੇ ਬੋਲੀ-ਮੈਂ ਕਦ ਆਂ ਏਸ ਘਰ ਦੀ ਮਾਲਕਣ? ਮੈਂ ਤਾਂ ਬਾਂਦੀ ਆਂ ਤੁਹਾਡੀ ਸਾਰਿਆਂ ਦੀ। ਬਾਂਦੀ ਰਹੂੰਗੀ ਉਮਰ ਭਰ।" ਪਹਿਲੇ ਜਣੇਪੇ ਵਕਤ ਚਲ ਵਸੀ। ਤੇਰਾ ਮਾਮਾ ਮਾਨ ਸੂੰ ਕਈ ਕਈ ਹਫਤੇ ਘਰ ਨਹੀਂ ਵੜਦਾ ਸੀ। ਬੜਾ ਧਰਵਾਸ ਦਿੰਦੇ। ਘਰੋਂ ਭੱਜ ਕੇ ਫੇਰ ਉਹ ਚੋਰਾਂ ਡਾਕੂਆਂ ਦੇ ਗਰੋਹ ਵਿਚ ਰਲ ਗਿਆ, ਕਈ ਸਾਲ ਨਾ ਮੁੜਿਆ। ਇਕ ਦਿਨ ਨਾਨੀ ਨੂੰ ਉਸਦਾ ਇਕ ਸਾਥੀ ਇਤਫਾਕਨ ਮਿਲ ਗਿਆ ਤਾਂ ਉਸ ਹੱਥ ਇਹ ਸੁਨੇਹਾ ਭੇਜਿਆ-"ਸੱਟ ਖਾਕੇ ਬੰਦਾ ਚੋਰਾਂ ਡਾਕੂਆਂ ਨਾਲ ਰਲ ਜਾਏ, ਸਾਡੇ ਖਾਨਦਾਨ ਵਿਚ ਰਿਵਾਜ ਨਹੀਂ ਇਹ। ਸੱਟ ਖਾਧਾ ਬੰਦਾ ਸਾਧ ਹੋ ਜਾਂਦੈ। ਮਾਨ ਸੂੰ ਨੂੰ ਕਹੀਂ ਘਰੇ ਨਹੀਂ ਆਉਣਾ ਨਾ ਆਏ। ਕਿਸੇ ਦਰਖਤ ਹੇਠ ਬੈਠ ਕੇ ਬੰਦਗੀ ਕਰੇ। ਮੈਂ ਉਹਨੂੰ ਅਪਣੇ ਸਿੱਖ ਰਿਵਾਜ ਬਦਲਣ ਨੀਂ ਦਿਉਂਗੀ।" ਇਹ ਸੁਨੇਹਾ ਸੁਣ ਕੇ ਮਾਮਾ ਘਰ ਪਰਤ ਆਇਆ।

ਤੇਰੀ ਵੱਡੀ ਮਾਮੀ ਦੇ ਦੋ ਬੇਟੇ ਹੋਏ ਇਕ ਤੋਂ ਬਾਦ ਇਕ ਗੁਲਾਬਾਂ ਵਰਗੇ। ਦੋਵਾਂ ਨੂੰ ਰੱਬ ਨੇ ਵਾਪਸ ਬੁਲਾ ਲਿਆ। ਫੇਰ ਕਾਕਾ ਨਾਂ ਹੋਇਆ। ਧੀਆਂ ਹੋਈਆਂ। ਤੇਰੀ ਨਾਨੀ ਨੂੰ ਤਪਦਿਕ ਹੋ ਗਈ। ਉਸਨੇ ਸਾਨੂੰ ਬੜਾ ਕਿਹਾ, "ਮਿਲਣ ਆਉਣਾ ਛੱਡ ਦਿਉ, ਤੁਹਾਡੇ ਨਿਆਣੇ ਨਿਕੇ ਨਿਕੇ ਨੇ। ਇਹ ਬਿਮਾਰੀ ਡੈਣ ਐ ਡੈਣ। ਟੱਬਰਾਂ ਦੇ ਟੱਬਰ ਨਿਗਲਦੀ ਹੈ। ਬਥੇਰੇ ਹੋ ਗਏ ਮੇਲੇ ਗੇਲੇ। ਹੁਣ ਸਬਰ ਕਰ ਕੇ ਘਰ ਬੈਠੋ ਆਪੋ ਆਪਣੇ।" ਅਸੀਂ ਕੋਈ ਹਟਣ ਵਾਲੀਆਂ ਸਾਂ? ਮਾਂ ਨੂੰ ਨਾ ਮਿਲਣ ਦੀ ਜ਼ਿੰਦਗੀ ਨਾਲੋਂ ਤਾਂ ਮਿਲਣਾ ਤੇ ਮਰ ਜਾਣਾ ਹਜਾਰ ਦਰਜੇ ਚੰਗਾ। ਅਗੇ ਕਿਹੜਾ ਇਸ ਘਰ ਵਿਚ ਮੌਤ ਦਾ ਨਾਂ ਨਹੀਂ ਸੁਣਿਆ ਕਦੇ?

ਤੇਰੀ ਮਾਸੀ ਨੂੰ ਤਪਦਿਕ ਦਾ ਰੋਗ ਲੱਗ ਗਿਆ। ਪਹਿਲਾਂ ਨਾਨੀ ਮਰੀ ਫੇਰ ਤੇਰੀ ਮਾਸੀ। ਤੇਰਾ ਛੋਟਾ ਮਾਮਾ ਤੇ ਤੇਰਾ ਵੀਰ ਗੁਰਦਿਆਲ ਇਉਂ ਬਾਂਹ ਛੁਡਾ ਕੇ ਭੱਜੇ ਜਿਵੇਂ ਕਿਸੇ ਦੀਆਂ ਗੱਲਾਂ ਵਿਚ ਆ ਗਏ ਹੋਣ। ਜਿਵੇਂ ਮੈਂ ਉਨ੍ਹਾਂ ਨਾਲ ਬਹੁਤ ਵੱਡੀ ਬੇਈਮਾਨੀ ਕੀਤੀ ਹੋਵੇ ਕੋਈ। ਰੱਬ ਨੂੰ ਪਤਾ ਨੀ ਹੋ ਕੀ ਗਿਆ। ਇਕ ਸੱਟ ਅਜੇ ਰਾਜੀ ਨਾ ਹੁੰਦੀ ਦੂਜੀ ਹੋਰ ਮਾਰਦਾ। ਉਸ ਤੋਂ ਵੀ ਤਕੜੀ। ਸੱਟਾਂ ਈ ਸੱਟਾਂ। ਵਿਛੋੜੇ ਈ ਵਿਛੋੜੇ, ਦਾਗ਼ ਤੇ ਦਾਗ਼। ਆਉਣ ਵਾਲੀ ਹੈ ਮੇਰੀ ਵੀ ਵਾਰੀ। ਪੁੱਛੂੰਗੀ ਜਾ ਕੇ-ਰੱਬਾ ਕੇਹੜਾ ਲਾਚੀਆਂ ਦਾ ਬਾਗ ਉਜਾੜਿਆ ਸੀ ਤੇਰਾ? ਕੀ ਹੱਕ ਸੀ ਤੇਰਾ ਇਹੋ ਜਿਹੀਆਂ ਸਜਾਵਾਂ ਦੇਣ ਦਾ? ਹੋਣ ਵਾਲੀਆਂ ਹਨ ਗੱਲਾਂ ਆਹਮੋ ਸਾਹਮਣੇ।

ਸੁਨੇਹਾ ਮਿਲਿਆ, "ਬੇਬੇ ਜੀ ਨੇ ਸੱਦਿਆ ਹੈ। ਹੁਣੇ ਚਲੇ ਜਾਣਾ।" ਮੈਂ ਤੁਰੰਤ ਗਿਆ ਤੇ ਹਾਲਚਾਲ ਪੁੱਛਿਆ। ਮਾਂ ਕਹਿਣ ਲੱਗੀ, "ਇੰਨੇ ਦਿਨ ਆਇਆ ਕਿਉਂ ਨਹੀਂ?" ਮੈਂ ਦੱਸਿਆ ਕਿ ਡਿਊਟੀ ਦੇ ਕੰਮ ਕਾਜ ਬਹੁਤ ਹਨ ਤੇ ਤੁਹਾਡੇ ਕੋਲ ਰੌਣਕ ਤਾਂ ਲੱਗੀ ਹੀ ਰਹਿੰਦੀ ਹੈ। ਬੇਬੇ ਨੇ ਕਿਹਾ, "ਇਹ ਰੌਣਕਾਂ ਮੈਂ ਕੀ

ਕਰਨੀਆਂ ਹਨ? ਮੈਂ ਉਹ ਜੰਦਰਾ ਹਾਂ ਜਿਹੜਾ ਕਿਸੇ ਵੱਡੇ ਕਿਲੇ ਨੂੰ ਲੱਗਾ ਹੁੰਦਾ ਹੈ। ਮੇਰੇ ਬੱਚੇ ਇਸ ਜੰਦਰੇ ਦੀਆਂ ਕੁੰਜੀਆਂ ਹਨ। ਤੁਹਾਡੇ ਆਉਣ ਨਾਲ ਇਹ ਜੰਦਰਾ ਖੁਲ੍ਹਦਾ ਹੈ ਰੌਣਕਾਂ ਰੂਣਕਾਂ ਨਾਲ ਨਹੀਂ। ਮੈਂ ਹੁਣ ਮਿਟੀ ਦਾ ਬਹੁਤ ਵੱਡਾ ਤੇ ਪੁਰਾਣਾ ਥੇਹ ਹਾਂ। ਇਸਨੂੰ ਫਰੋਲੋਂਗਾ ਤਾਂ ਕਈ ਕੁਝ ਮਿਲੇਗਾ। ਠੀਕਰੇ ਨਿਕਲਣਗੇ, ਹੱਡੀਆਂ ਮਿਲਣਗੀਆਂ, ਵੱਡਾ ਖਜ਼ਾਨਾ ਨਾਂ ਸਹੀ ਕੋਈ ਸਿੱਕਾ ਕੋਈ ਗਹਿਣਾ ਲੱਭ ਸਕਦਾ ਹੈ। ਆਖਰ ਇਥੇ ਇਕ ਦੇਸ ਵਸਦਾ ਸੀ ਕਦੀ ਜੋ ਹੁਣ ਥੇਹ ਹੋ ਗਿਆ ਹੈ। ਕਦੀ ਕਦਾਈਂ ਆ ਕੇ ਇਸ ਨੂੰ ਫਰੋਲ-ਫਰਾਲ ਜਾਇਆ ਕਰ।"

ਬੇਬੇ ਨੂੰ ਹੁਣ ਘੱਟ ਸੁਣਦਾ ਘੱਟ ਦਿਸਦਾ ਹੈ। ਸਾਨੂੰ ਦੇਖ ਕੇ ਕਦੀ ਖੁਸ਼ ਹੋ ਜਾਂਦੀ ਹੈ ਕਦੀ ਉਦਾਸ। ਮੈਂ ਕਿਹਾ- ਅਸੀਂ ਖੁਸ਼ੀ ਦੀ ਗੱਲ ਤਾਂ ਦੱਸ ਦਿੰਦੇ ਹਾਂ ਕਈ ਵਾਰ ਉਦਾਸ ਕਰਨ ਵਾਲੀ ਗੱਲ ਨਹੀਂ ਦਸਦੇ। ਬੇਬੇ ਨੇ ਕਿਹਾ "ਮੈਨੂੰ ਪਤਾ ਲੱਗ ਜਾਂਦਾ ਹੈ। ਤੁਹਾਡੀ ਤੋਰ ਤੋਂ। ਗੱਲਾਂ ਕਰਦਿਆਂ ਦੇ ਤੁਹਾਡੇ ਚਿਹਰੇ ਦੇਖਦੀ ਹਾਂ। ਗੱਲ ਨਹੀਂ ਸੁਣਦੀ। ਪਰ ਪਤਾ ਲੱਗ ਜਾਂਦਾ ਹੈ ਤੁਸੀਂ ਦੁੱਖ ਵਿਚ ਹੋ ਕਿ ਸੁਖ ਵਿਚ।"

ਜਦੋਂ ਮੈਂ ਗੱਲ ਤੋਰਦਾ ਹਾਂ ਤਾਂ ਉਸ ਦੇ ਦਿਲ ਜਿਗਰ ਵਿਚਲੀ ਤਪਸ਼ ਤੋਂ ਕਈ ਵਾਰ ਡਰ ਵੀ ਜਾਂਦਾ ਹਾਂ। ਇਸ ਭੱਠੀ ਦਾ ਸੇਕ ਮੱਠਾ ਨਹੀਂ ਹੋਇਆ। ਗੱਲ ਛੇੜੋ ਤਾਂ ਸਹੀ। ਉਹ ਕਦੀ ਇਉਂ ਵੀ ਆਖਿਆ ਕਰਦੀ ਹੈ- "ਮੇਰਾ ਸਸਕਾਰ ਕਰਨ ਪਿਛੋਂ ਕਿਤੇ ਤੀਜੇ ਦਿਨ ਫੁਲ ਚੁਗਣ ਨਾ ਚਲੇ ਜਾਇਉ। ਮੇਰਾ ਸਿਵਾ ਠੰਢਾ ਹੋਣ ਲਈ ਕਈ ਸਦੀਆਂ ਲੱਗਣਗੀਆਂ।"

ਲੱਖਾਂ ਸਾਲ ਬੀਤ ਗਏ ਹਨ। ਧਰਤੀ ਦੀ ਹਿੱਕ ਅੰਦਰ ਫੌਲਾਦ ਅਤੇ ਚਟਾਨਾਂ ਪਾਣੀ ਵਾਂਗ ਉਬੱਲ ਰਹੀਆਂ ਹਨ। ਅੱਜ ਤੱਕ।

ਇਕ ਦਿਨ ਬੇਬੇ ਨੇ ਕਿਹਾ, "ਹੁਣ ਮੈਂ ਜਿਉਂਦੀ ਹਾਂ। ਤੁਸੀ ਸਾਰੇ ਭਾਈ ਭੈਣ ਰਿਸ਼ਤੇਦਾਰ ਆ ਕੇ ਮੈਨੂੰ ਮਿਲਦੇ ਹੋ ਤਾਂ ਆਪਸ ਵਿਚ ਹੀ ਮਿਲ ਲੈਂਦੇ ਹੋ। ਜਦੋਂ ਮੈਂ ਨਾਂ ਰਹੀ ਇਕ ਰਾਜਧਾਨੀ ਟੁੱਟ ਜਾਏਗੀ। ਤੁਸੀਂ ਬੜੀ ਤਰੱਕੀ ਕੀਤੀ। ਹੋਰ ਕਰੋਗੇ। ਤੁਹਾਡੇ ਬੱਚੇ ਤੁਹਾਡੇ ਤੋਂ ਅੱਗੇ ਲੰਘਣਗੇ...ਖੁਸ਼ਹਾਲ ਹੋਵੋਗੇ। ਇਸ ਪਾਸਿਉਂ ਲੰਘਿਆ ਕਰੋਗੇ ਤਾਂ ਹੌਲੀ ਦੇ ਕੇ ਆਪਣੇ ਆਪ ਨੂੰ ਕਿਹਾ ਕਰੋਗੇ, ਇਥੇ ਸਾਡੀ ਮਾਂ ਰਿਹਾ ਕਰਦੀ ਸੀ। ਹੈਗੀ ਤਾਂ ਬੌਲੀ ਜਿਹੀ ਸੀ ਪਰ ਸੀ ਚੰਗੀ। ਇਸ ਘਰ ਵਲ ਦੇਖਦੇ ਦੇਖਦੇ ਤੁਸੀਂ ਅੱਗੇ ਲੰਘ ਜਾਇਆਂ ਕਰੋਗੇ। ਮੇਰੇ ਪਿਛੋਂ ਇਸ ਘਰ ਵਿਚ ਆਉਣ ਨੂੰ ਤੁਹਾਡਾ ਦਿਲ ਨਹੀਂ ਕਰਿਆ ਕਰੇਗਾ।"

ਹੁਸਨਬੀਰ ਤੇ ਸੁਖਨਬੀਰ ਦੇ ਨਾਨਾ ਜੀ ਸਾਡੇ ਕੋਲ ਰਿਹਾ ਕਰਦੇ ਸਨ। ਉਨ੍ਹਾਂ ਦਾ ਆਪਣੇ ਬੇਟਿਆਂ ਦੇ ਘਰ ਨਹੀਂ ਸਾਡੇ ਨਾਲ ਦਿਲ ਲੱਗਦਾ ਸੀ। ਦੋ-ਤਿੰਨ ਦਿਨ ਲਈ ਬੇਬੇ ਪਿੰਡੋਂ ਆਈ ਤਾਂ ਕਹਿਣ ਲੱਗੀ, "ਤੂੰ ਤੇ ਹਰਮਿੰਦਰ (ਮੇਰੀ ਪਤਨੀ) ਹੁਸਨਬੀਰ ਦੇ ਨਾਨਾ ਜੀ ਨਾਲ ਗੱਲਾਂ ਕਿਉਂ ਨਹੀਂ ਕਰਦੇ? ਉਹ ਦੇਰ ਤੱਕ ਇਕੱਲੇ ਬੈਠੇ ਰਹਿੰਦੇ ਹਨ।" ਮੈਂ ਕਿਹਾ, "ਅਖਬਾਰ ਪੜ੍ਹ ਲੈਂਦੇ ਹਨ। ਕੋਈ ਖਾਸ ਨਵੀਂ ਗੱਲ ਤਾਂ ਹੈ ਨਹੀਂ ਕਰਨ ਵਾਲੀ। ਸੈਰ ਕਰ ਆਉਂਦੇ ਹਨ। ਹੋਰ ਕੀ ਗੱਲਾਂ ਕਰੀਏ?" ਬੇਬੇ ਨੇ ਕਿਹਾ, "ਤੇਰਾ ਛੋਟਾ ਮੁੰਡਾ ਸਾਲ ਕੁ ਦਾ ਹੈ। ਇਹਦੇ ਨਾਲ ਸਾਰਾ ਦਿਨ ਕਿਵੇਂ ਗੱਲਾਂ ਕਰੀ ਜਾਨੇ ਓਂ? ਇਹਨੂੰ ਦੱਸਣ ਜਾਂ ਪੁੱਛਣ ਵਾਸਤੇ ਕਿਹੜੀ ਨਵੀਂ ਗੱਲ ਹੈ ਤੁਹਾਡੇ ਕੋਲ? ਤੁਸੀਂ ਇਸ ਬੱਚੇ ਨਾਲ ਗੱਲਾਂ ਕਰੀ ਜਾਂਦੇ ਹੋ ਕਿਉਂਕਿ ਤੁਸੀਂ ਇਹਨੂੰ ਪਿਆਰ ਕਰਦੇ ਹੋ। ਜੀਹਨੂੰ ਪਿਆਰ ਕਰੀਏ ਉਹਦੀ ਹਰੇਕ ਗੱਲ ਨਵੀਂ ਲਗਦੀ ਹੁੰਦੀ ਹੈ ਤੇ ਪਿਆਰੀ। ਨਵੀਆਂ ਪੁਰਾਣੀਆਂ ਗੱਲਾਂ ਦਾ ਬਹਾਨਾ ਕਿਉਂ ਕਰਦੇ ਹੋ? ਇਹ ਕਹੋ ਕਿ ਬਾਪੂ ਜੀ ਨੂੰ ਪਿਆਰ ਨਹੀਂ ਕਰਦੇ। ਮੈਂ ਤਾਂ ਕੱਟਰੂਆਂ ਵਛਰੂਆਂ ਨਾਲ ਗੱਲਾਂ ਕਰੀ ਜਾਇਆ ਕਰਦੀ ਸੀ। ਤੁਸੀਂ ਬੰਦਿਆਂ ਨਾਲ ਗੱਲ ਕਰਕੇ ਰਾਜੀ ਨੀਂ। ਗੁਰੂ ਮਹਾਰਾਜ ਅਣਜਾਣੇ ਦੇਸਾਂ ਵਿਚ ਅਣਜਾਣ ਲੋਕਾਂ ਨਾਲ ਗੱਲਾਂ ਕਰਨ ਗਏ ਤੇ ਉਨ੍ਹਾਂ ਦੇ ਦੁਖ ਸੁਣੇ। ਤੁਸੀਂ ਜਾਣਕਾਰਾਂ ਨੂੰ ਬੁਲਾ ਕੇ ਰਾਜੀ ਨੀਂ। ਰੱਬ ਨੂੰ ਤੁਹਾਡਾ ਇਹ ਸੁਭਾਅ ਪਸੰਦ ਨਹੀਂ ਹੈ।"



ਮਹਿੰਦਰਾ ਕਾਲਜ ਪੜ੍ਹਨ ਜਾਣ ਲਈ ਮੈਂ ਆਪਣੇ ਜਮਾਤੀ ਅਜੀਤ ਨੂੰ ਵੀ ਮਨਾ ਲਿਆ। ਉਹ ਤਾਂ ਮੰਨਿਆ ਮਨਾਇਆ ਹੀ ਸੀ। ਕਹੋ ਕਿ ਉਸ ਦੇ ਮਾਪਿਆਂ ਨੂੰ ਮਨਾ ਲਿਆ। ਉਨ੍ਹਾਂ ਦੇ ਘਰ ਵੀ ਤੰਗੀ ਸੀ ਸਾਡੇ ਵਾਂਗ। ਬਾਪੂ ਕਿਸੇ ਦੇ ਆਰੇ ਉਪਰ ਮੁਲਾਜ਼ਮ ਸੀ ਤੇ ਮਾਂ ਲੋਕਾਂ ਦੇ ਕੱਪੜੇ ਸਿਉਂਦੀ। ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਪਹਿਲੀਆਂ ਦੋ ਪੁਜ਼ੀਸ਼ਨਾਂ ਅਸੀਂ ਕਿਸੇ ਤੀਜੇ ਕੋਲ ਨਹੀਂ ਜਾਣ ਦਿੱਤੀਆਂ। ਉਹ ਫਸਟ ਅਉਂਦਾ ਤਾਂ ਮੈਂ ਸੈਕੰਡ, ਮੈਂ ਫਸਟ ਹੁੰਦਾ ਤਾਂ ਉਹ ਸੈਕੰਡ। ਮਹੀਨੇ ਬਾਦ ਜਦੋਂ ਉਹ ਘਰ ਜਾ ਕੇ ਆਉਂਦਾ ਤਾਂ ਕੁੱਝ ਨੋਟ ਹੁੰਦੇ ਤੇ ਬਾਕੀ ਕਾਫੀ ਸਾਰੀ ਭਾਨ ਹੁੰਦੀ। ਉਹ ਦਸਦਾ ਕਿ ਨੋਟ ਬਾਪੂ ਦਿੰਦਾ ਹੈ ਤੇ ਭਾਨ ਬੇਬੇ। ਇਹ ਉਹ ਭਾਨ ਹੈ ਜਿਹੜੀ ਜਦੋਂ ਬੇਬੇ ਸਬਜ਼ੀ ਲੈਣ ਲੱਗੀ ਨੋਟ ਸਬਜ਼ੀ ਵਾਲੇ ਨੂੰ ਫੜਾਉਂਦੀ ਹੈ, ਉਹ ਕੁਝ ਭਾਨ ਵਾਪਸ ਕਰਦਾ ਹੈ। ਸਿਲਾਈ ਵਾਸਤੇ ਜੇ ਕੋਈ ਨੋਟ ਦੇ ਜਾਂਦਾ ਤਾਂ ਉਹ ਬਾਪੂ ਨੂੰ ਫੜਾ ਦਿੰਦੀ ਤੇ ਭਾਨ ਥੈਲੀ ਵਿਚ। ਸਭ ਤੋਂ ਚੋਰੀ ਅੱਖ ਬਚਾ ਕੇ ਮੈਨੂੰ ਆਉਣ ਲੱਗਿਆਂ ਉਹ ਸਾਰੀ ਭਾਨ ਫੜਾ ਦਿੰਦੀ ਹੈ। ਇਹ ਪੰਜੀਆਂ ਦਸੀਆਂ ਚੁਆਨੀਆਂ ਅਠਾਨੀਆਂ ਸਭ ਚੋਰੀ ਦਾ ਮਾਲ ਹੈ। ਇਹ ਦਸਦਿਆਂ ਅਜੀਤ ਦੀਆਂ ਅੱਖਾਂ ਛਲਕ ਪੈਂਦੀਆਂ ਤੇ ਆਖਦਾ, "ਜੇ ਹੁਣ ਨਾ ਪੜ੍ਹੇ ਆਪਾਂ ਠੀਕ ਢੰਗ ਨਾਲ ਤਾਂ ਪਾਪ ਬਹੁਤ ਵੱਡਾ ਲਗੇਗਾ।" ਉਹ ਏਅਰਫੋਰਸ ਵਿਚ ਪਾਇਲਟ ਅਫਸਰ ਭਰਤੀ ਹੋਇਆ ਤੇ ਹੁਣ ਤੱਕ ਦੋ ਰਾਸ਼ਟਰਪਤੀ ਮੈਡਲ ਪ੍ਰਾਪਤ ਕਮਾਂਡਿੰਗ ਅਫਸਰ ਹੈ। ਇਨ੍ਹਾਂ ਮਾਵਾਂ ਨੇ ਪੈਸੇ ਦਿੱਤੇ, ਦੁਆਵਾਂ ਦਿੱਤੀਆਂ ਅਤੇ ਹੰਝੂਆਂ ਨਾਲ ਸਾਡੇ ਪਾਪ ਧੋਏ।

ਇਸ ਗੱਲ ਨੂੰ ਵਿਕਟਰ ਹਿਊਗੋ 'ਫਾਂਸੀ' ਨਾਵਲ ਵਿਚ ਕੁਝ ਹੋਰ ਢੰਗ ਨਾਲ ਲਿਖਦਾ ਹੈ। ਇਕ ਜੁਆਨ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਉਹ ਉਪਰਲੀ ਅਦਾਲਤ ਅੱਗੇ ਰਹਿਮ ਦੀ ਅਪੀਲ ਕਰਦਿਆਂ ਆਖਦਾ ਹੈ, "ਜੱਜ ਸਾਹਿਬ ਮੇਰੇ ਉਪਰ ਤਿੰਨ ਜਣੀਆਂ ਆਸਰਿਤ ਹਨ। ਇਕ ਮਾਂ, ਇਕ ਪਤਨੀ, ਤੀਜੀ ਨਿਕੀ ਬੇਟੀ। ਮਾਂ ਦਾ ਮੈਨੂੰ ਫਿਕਰ ਨਹੀਂ ਕਿਉਂਕਿ ਉਹ ਬਹੁਤ ਬਿਰਧ ਹੈ। ਇਧਰੋਂ ਮੇਰੀ ਫਾਂਸੀ ਲਟਕੇ ਦੀ ਖਬਰ ਸੁਣੇਗੀ ਉਧਰ ਉਸਦੇ ਸਾਹਾਂ ਦੀ ਸੰਗਲੀ ਟੁੱਟ ਜਾਏਗੀ। ਪਤਨੀ ਜੁਆਨ ਹੈ। ਕੁਝ ਦੇਰ ਰੋ ਧੋ ਕੇ ਸਬਰ ਕਰ ਲਏਗੀ। ਹੋ ਸਕਦਾ ਹੈ ਦੁਬਾਰਾ ਵਿਆਹ ਕਰਵਾ ਲਏ। ਉਸ ਵਲੋਂ ਵੀ ਮੈਂ ਵਧੀਕ ਫਿਕਰਮੰਦ ਨਹੀਂ। ਬਹੁਤਾ ਫ਼ਿਕਰ ਮੈਨੂੰ ਆਪਣੀ ਧੀ ਦਾ ਹੈ। ਮਾਪਿਆਂ ਦੇ ਹੁੰਦੇ ਕੁੜੀਆਂ ਲੱਖ ਮਾੜੀਆਂ ਹੋਣ, ਦੁੱਧ ਧੋਤੀਆਂ ਹੁੰਦੀਆਂ ਹਨ ਤੇ ਜਿਨ੍ਹਾਂ ਦੇ ਮਾਪੇ ਨਾ ਹੋਣ ਉਹ ਪੋਤੜਿਆਂ ਵਿਚ ਵੀ ਵਿਗੜੀਆਂ ਹੋਈਆਂ ਮੰਨੀਆਂ ਜਾਂਦੀਆਂ ਹਨ।"

ਬੇਬੇ ਨੂੰ ਜਪੁਜੀ ਸਾਹਿਬ ਯਾਦ ਸੀ। ਗੁਰਦੁਆਰੇ ਵਿਚ ਗੁਰਮੁਖੀ ਪੜ੍ਹਨੀ ਸਿਖੀ ਸੀ ਜਿਸ ਕਰਕੇ ਲਿਖ ਤਾਂ ਨਹੀਂ, ਪੜ੍ਹ ਠੀਕ ਲੈਂਦੀ ਸੀ। ਧਾਰਾਂ ਚੋਣ, ਦੁੱਧ ਰਿੜਕਣ ਜਾਂ ਚੱਕੀ ਝੋਣ ਵਕਤ ਜਪੁਜੀ ਦਾ ਪਾਠ ਹੁੰਦਾ ਰਹਿੰਦਾ। ਜਪੁਜੀ ਦੇ ਬੋਲਾਂ ਨਾਲ ਹੀ ਸਾਡੀ ਨੀਂਦ ਖੁਲ੍ਹਦੀ। ਆਵਾਜ਼ ਸੁਰੀਲੀ ਵੀ ਸੀ ਦਮਦਾਰ ਵੀ। ਵਿਆਹ ਦੇ ਗੀਤ ਨਾਲ ਗਵਾਂਢੀ ਪਿੰਡ ਵਿਚ ਸੁਣਾਈ ਦਿੰਦੇ। ਆਸਾ ਦੀ ਵਾਰ ਵਿਚ ਰਾਗੀ ਸੁਰਜਣ ਸਿੰਘ ਜੀ ਨੇ ਇਕ ਸ਼ਬਦ "ਮਿਲ ਮੇਰੇ ਪਰੀਤਮਾਂ ਜੀਉ ਤੁਧੁ ਬਿਨੁ ਖਰੀ ਨਿਮਾਣੀ" ਗਾਇਆ ਹੈ। ਜਿਹੋ ਜਿਹੀ ਬਿਹਬਲਤਾ ਇਸ ਸ਼ਬਦ ਵਿਚਲੀਆਂ ਧੁਨਾਂ ਦੀ ਹੈ, ਉਨ੍ਹਾਂ ਧੁਨਾਂ ਵਿਚ ਅਸੀਂ ਜਪੁਜੀ ਦਾ ਪਾਠ ਬੇਬੇ ਤੋਂ ਸੁਣ ਸੁਣ ਵੱਡੇ ਹੋਏ। ਜੂੜਾ ਕਰਨ ਵੇਲੇ ਜਦੋਂ ਮੇਰੇ ਵਾਲ ਵਾਹੁੰਦੀ ਤਾਂ ਇਹ ਗੀਤ ਗਾਉਂਦੀ ਹੁੰਦੀ:

ਮੇਰਾ ਵੀਰ ਧਣੀਏ ਦਾ ਬੂਟਾ
ਆਉਂਦੇ ਜਾਂਦੇ ਲੈਣ ਵਾਸ਼ਨਾ॥

ਜਿਸ ਔਰਤ ਦੀ ਆਵਾਜ਼ ਦਬਦੀ ਦਿਸਦੀ ਵਿਆਹ ਵਿਚ ਉਸ ਨਾਲ ਜੋੜੀ ਨਾਂ ਬਣਾਉਂਦੀ। ਜਿਸ ਨਾਲ ਸੁਰ ਮਿਲ ਜਾਂਦਾ ਉਸ ਨਾਲ ਰਲ ਕੇ ਗਾਉਂਦੀ ਤਾਂ ਟਿਕੀ ਰਾਤ ਇਹ ਧੁਨਾ ਗੂੰਜਦੀਆਂ:

ਚੰਦ ਚੜ੍ਹ ਗਿਆ ਨੀ ਅੜੀਓ ਕਿੱਕਰਾਂ ਦੇ ਸਿਖਰੀਂ।

ਵੀਰ ਫਿਰਦਾ ਨੀ ਅੜੀਓ ਭਾਬੋ ਦੇ ਫਿਕਰੀਂ।

ਉਸਨੇ ਸਾਨੂੰ ਕਦੀ ਬੇਟਾ ਜਾਂ ਪੁੱਤਰ ਕਹਿ ਕੇ ਨਹੀਂ ਸੀ ਬੁਲਾਇਆ। ਵੀਰ ਕਿਹਾ ਕਰਦੀ ਸੀ। ਪੁੱਤਰ ਕਹਿਣ ਲਗੇ ਸੰਗ ਜਾਂਦੀ। ਕਦੀ ਕਦੀ ਬੁੜ ਬੁੜ ਕਰਦੀ-ਕੀ ਹੋ ਗਿਆ ਇਨ੍ਹਾਂ ਛੋਕਰੀਆਂ ਨੂੰ? ਦੇਖਿਆ? ਜੁਆਕਾਂ ਨੂੰ ਬੁਲਾਉਣ ਲੱਗਿਆਂ ਕਿਵੇਂ ਬੇਟਾ ਬੇਟਾ, ਪੁੱਤ ਪੁੱਤ ਦੀ ਰਟ ਲਾਉਂਦੀਆਂ ਨੇ? ਸ਼ਰਮ ਨੀ ਆਉਂਦੀ। ਕਲਜੋਗਣਾ।

ਅਣਜਾਣ ਉਮਰੇ ਅਸੀਂ ਕਦੀ ਕਦਾਈਂ ਸਿੱਖ ਇਤਿਹਾਸ ਜਾਂ ਸਾਖੀਆਂ ਦਾ ਮਜ਼ਾਕ ਉਡਾਉਂਦੇ। ਇਕ ਦਿਨ ਸਾਨੂੰ ਸਾਰਿਆਂ ਨੂੰ ਇਕੱਠੇ ਬੁਲਾ ਲਿਆ। ਬੈਠਣ ਲਈ ਕਿਹਾ। ਫਿਰ ਬੋਲੀ, "ਜ਼ਰੂਰੀ ਗੱਲ ਹੈ। ਮੰਨਣੀ ਪਏਗੀ। ਤੁਹਾਨੂੰ ਇਕ ਰਿਆਇਤ ਦੇਣੀ ਹੈ ਇਕ ਪਾਬੰਦੀ ਲਾਉਣੀ ਹੈ। ਰਿਆਇਤ ਇਹ ਹੈ ਕਿ ਰੱਬ ਬਾਰੇ ਤੁਹਾਡੇ ਮਨ ਵਿਚ ਜੋ ਊਲਜਲੂਲ ਗੱਲਾਂ ਆਉਂਦੀਆਂ ਹਨ ਕਰੀ ਚਲੋ। ਮੈਂ ਰੱਬ ਨੂੰ ਨਹੀਂ ਜਾਣਦੀ। ਕੀ ਪਤਾ ਉਹੋ ਜਿਹਾ ਹੀ ਹੋਵੇ ਜਿਹੋ ਜਿਹਾ ਤੁਹਾਡੇ ਮਨ ਵਿਚ ਹੈ। ਗੁਰੂ ਸਾਹਿਬਾਨ ਨੂੰ ਮੈਂ ਜਾਣਦੀ ਹਾਂ। ਉਨ੍ਹਾਂ ਬਾਬਤ ਹਲਕੀ ਗੱਲ ਜੇ ਕਦੀ ਹਾਸੇ ਵਿਚ ਵੀ ਕਰ ਦਿੱਤੀ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਰ। ਸਮਝ ਗਏ ਨਾ ਗਲ ਸਾਰੇ ਜਣੇ?" ਅਸੀਂ ਸਮਝ ਗਏ ਸਭ ਕੁਝ।

ਵੱਡੇ ਭਰਾ ਗੁਰਦਿਆਲ ਸਿੰਘ ਦੀ ਸੁਰ ਆਪਣੀ ਪਤਨੀ ਨਾਲ ਨਹੀਂ ਰਲਦੀ ਸੀ। ਉਸ ਦਾ ਇਕੋ ਇਕ ਬੇਟਾ, ਸੁਖਬੀਰ, ਸਕੂਲ ਵੇਲੇ ਤੋਂ ਤੀਖਣ-ਬੁੱਧ ਅਤੇ ਮਿਹਨਤੀ ਮੁੰਡਾ ਸੀ। ਭਰਾ ਭਰਜਾਈ ਦਾ ਆਪਸ ਵਿਚ ਤਤਕਾਰ ਹੋ ਜਾਦਾ ਤਾਂ ਮਾਂ ਆਖਿਆ ਕਰਦੀ, "ਔਰਤ ਮਰਦ ਦੇ ਝਗੜੇ ਝੇੜੇ ਹੁੰਦੇ ਈ ਰਹਿੰਦੇ ਨੇ, ਇਸ ਗੱਲ ਦੀ ਮੈਨੂੰ ਚਿੰਤਾ ਨਹੀਂ। ਚਿੰਤਾ ਦੀ ਗੱਲ ਇਹ ਹੈ ਕਿ ਮੇਰਾ ਇਹ ਵੱਡਾ ਬੇਟਾ ਅਖੀਰ ਵਿਚ ਇਕੱਲਾ ਰਹਿ ਜਾਏਗਾ। ਤਾਂ ਮੈਂ ਰੋਂਦੀ ਹਾਂ।" ਮੈਂ ਕਿਹਾ, "ਇਕੱਲਾ ਕਿਉਂ ਰਹੇਗਾ? ਸੁਖਬੀਰ ਹੈ ਤਾਂ। ਪੜ੍ਹੇਗਾ, ਵੱਡਾ ਹੋਏਗਾ, ਉਸ ਨੂੰ ਵਿਆਹਾਂਗੇ, ਸਭ ਠੀਕ ਹੋਵੇਗਾ।" ਬੇਬੇ ਨੇ ਕਿਹਾ, "ਤੈਨੂੰ ਪਤਾ ਨਹੀਂ। ਸੁਖਬੀਰ ਵੱਡਾ ਹੋ ਕੇ ਜਦੋਂ ਫੈਸਲੇ ਕਰਨ ਜੋਗਾ ਹੋਏਗਾ ਤਾਂ ਮਾਂ ਦੇ ਹੱਕ ਵਿਚ ਭੁਗਤੇਗਾ।" ਮੈਂ ਕਿਹਾ ਬਾਈ ਜੀ ਵੱਡੇ ਤੀਖਣ ਦਿਮਾਗ ਵਾਲੇ ਹਨ, ਉਹੋ ਜਿਹਾ ਤਿੱਖਾ ਸੁਖਬੀਰ ਹੈ। ਉਸਦੀ ਅਨਪੜ੍ਹ ਮਾਂ ਸਿੱਧਰੀ ਹੈ। ਉਹ ਆਪਣੇ ਪਾਪਾ ਦਾ ਨਿਰਾਦਰ ਕਿਵੇਂ ਕਰ ਸਕਦਾ ਹੈ? ਮਾਂ ਬੋਲੀ, "ਤੈਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ। ਵੱਛਰੂ ਗਾਂ ਵੱਲ ਦੌੜਦਾ ਹੈ। ਇਥੇ ਸਮਝ ਬੇਸਮਝ ਦਾ ਕੋਈ ਅਰਥ ਨਹੀਂ। ਮਾਂ, ਨਾ ਕਦੀ ਸਿੱਧਰੀ ਹੁੰਦੀ ਹੈ ਨਾ ਕੁਸੁਹਣੀ। ਸੰਤਾਨ ਲਈ ਮਾਂ ਤੋਂ ਵੱਡੀ ਮਹਾਰਾਣੀ ਕੋਈ ਨਹੀਂ ਹੁੰਦੀ। ਦੇਖਦਾ ਜਾਈਂ ਤੂੰ। ਇਸ ਕਲੇਸ਼ ਵਿਚੋਂ ਆਪਣੀ ਮਾਂ ਨੂੰ ਕੱਢ ਕੇ ਲੈ ਜਾਏਗਾ ਤੇ ਤੇਰਾ ਵੱਡਾ ਸਿਆਣਾ ਭਰਾ ਆਪਣੀ ਸਿਆਣਪ ਨਾਲ ਇਕੱਲਾ ਰਹਿ ਜਾਏਗਾ, ਇਕਦਮ ਇਕੱਲਾ। ਅਸੀਂ, ਜਿੰਨਾ ਚਿਰ ਮਾਂ ਪਿਉ ਹਾਂ ਉਨਾਂ ਚਿਰ ਉਹ ਤੁਹਾਨੂੰ ਸਾਨੂੰ ਮਿਲਣ ਆਉਂਦਾ ਹੈ। ਫਿਰ ਉਸਦਾ ਕੋਈ ਤੇ ਕਿਸੇ ਦਾ ਉਹ ਕੁਝ ਨਹੀਂ ਲੱਗੇਗਾ।" ਇਹ ਆਖਦਿਆਂ ਉਸਦੀਆਂ ਅੱਖਾਂ ਛਲਕ ਆਉਂਦੀਆਂ। ਅਸੀਂ ਸਾਰੇ ਹੱਸਣ ਲੱਗ ਜਾਂਦੇ ਤੇ ਇਕ ਦੂਜੇ ਨੂੰ ਆਖਦੇ, "ਬੇਬੇ ਕੋਲ ਜੇ ਰੋਣ ਧੋਣ ਦਾ ਕੋਈ ਹੋਰ ਬਹਾਨਾ ਨਾ ਵੀ ਹੋਵੇ ਤਾਂ ਉਹ ਫਰਜ਼ੀ ਕਹਾਣੀ ਆਪਣੇ ਰੋਣ ਲਈ ਜ਼ਰੂਰ ਘੜਦੀ ਹੈ।" ਇਹ ਗੱਲਾਂ 25 ਸਾਲ ਪਹਿਲਾਂ ਦੀਆਂ ਹਨ। ਮਾਂ ਅਜੇ ਜਿਉਂਦੀ ਹੈ। ਉਵੇਂ ਹੋਇਆ ਜਿਵੇਂ ਉਹ ਦੱਸਦੀ ਹੁੰਦੀ ਸੀ। ਭਤੀਜਾ ਮਾਂ ਨੂੰ ਨਾਲ ਲੈ ਕੇ ਅਮਰੀਕਾ ਵਿਚ ਆਬਾਦ ਹੋ ਗਿਆ ਅਤੇ ਭਰਾ ਨੂੰ ਬਿਲਕੁਲ ਭੁੱਲ ਗਿਆ। ਮੇਰੇ ਇਸ ਭਰਾ ਕੋਲ ਹਰ ਸੁੱਖ ਸੁਵਿਧਾ ਅਤੇ ਮਾਣ ਸਨਮਾਨ ਮੌਜੂਦ ਸੀ। ਇਕੱਲਤਾ ਦਾ ਸਦਮਾ ਬਰਦਾਸ਼ਤ ਨਾਂ ਕਰਦਾ ਹੋਇਆ ਦਿਮਾਗ ਦੀ ਨਾੜੀ ਫਟਣ ਨਾਲ ਉਹ ਇਸ ਸੰਸਾਰ ਤੋਂ ਕੂਚ ਕਰ ਗਿਆ। ਮੇਰਾ ਇਹ ਕੋਈ ਦਾਅਵਾ ਨਹੀਂ ਹੈ ਕਿ ਸਾਡੀਆਂ ਮਾਵਾਂ ਭਵਿੱਖਬਾਣੀਆਂ ਕਰ ਸਕਦੀਆਂ ਹਨ। ਜੀਵਨ ਨੂੰ ਉਨ੍ਹਾਂ ਨੇ ਏਨੀ ਨੇੜਿਉਂ ਦੇਖਿਆ ਹੈ ਕਿ ਉਨ੍ਹਾਂ ਨੂੰ ਪਤਾ ਲੱਗਦਾ ਰਹਿੰਦਾ ਹੈ, ਘਟਨਾਵਾਂ ਦੇ ਦਰਿਆ ਕਿਸ ਪਾਸੇ ਮੁੜਨਗੇ, ਕਿਸ ਕਿਸ ਨੂੰ ਡੋਬਣਗੇ, ਕਿਸ ਕਿਸ ਨੂੰ ਤਾਰਨਗੇ।



ਵੱਡੇ ਭਰਾ ਦੀ ਮੌਤ ਹੋਈ, ਰਿਸ਼ਤੇਦਾਰ ਆਉਂਦੇ, ਪੁਛਦੇ ਕੀ ਹੋਇਆ, ਤਾਂ ਬੇਬੇ ਆਖਦੀ, "ਹੋਣਾ ਕੀ ਸੀ? ਧੋਖਾ ਹੋ ਗਿਆ ਮੇਰੇ ਨਾਲ। ਕਿਵੇਂ ਜੀਵਾਂ ਉਸ ਬਗ਼ੈਰ? ਕਿਉਂ ਕੀਤਾ ਉਸਨੇ ਮੇਰੇ ਨਾਲ ਦਗ਼ਾ? ਕੋਈ ਪਤਾ ਨਹੀਂ। ਮੈਂ ਉਸ ਨਾਲ ਹਰ ਵੇਲੇ ਗੱਲਾਂ ਕਰਦੀ ਰਹਿੰਨੀ ਹਾਂ ਹੁਣ ਵੀ। ਫਰਕ ਇੰਨਾ ਕੁ ਹੈ ਕਿ ਮੇਰੀਆਂ ਜਿਹੜੀਆਂ ਗੱਲਾਂ ਦੇ ਜਵਾਬ ਉਸ ਨੇ ਦੇਣੇ ਹੁੰਦੇ, ਉਹ ਜਵਾਬ ਵੀ ਆਪ ਦਿੰਦੀ ਹਾਂ-ਉਸ ਦੀ ਥਾਂ। ਔਖਾ ਕੰਮ ਛੇੜ ਗਿਆ ਮੇਰੇ ਲਈ। ਉਸ ਦੀ ਥਾਂ ਕਿਵੇਂ ਤੇ ਕਿੰਨਾ ਕੁ ਚਿਰ ਦਿਆਂਗੀ ਉਸ ਦੇ ਜਵਾਬ?"

ਬਹੁਤ ਵਰ੍ਹੇ ਪਹਿਲਾਂ ਵਡੀ ਮਾਮੀ ਮੇਰੇ ਪਿੰਡ ਆਈ। ਬੇਬੇ ਦੇ ਚਰਨੀ ਹੱਥ ਲਾਏ। ਰਾਜੀ ਖੁਸ਼ੀ ਖੈਰ ਸੁੱਖ ਦੱਸੀ। ਕਹਿਣ ਲੱਗੀ- "ਨਣਦੇ ਕੰਮ ਆਈ ਹਾਂ ਇਕ। ਤੇਰਾ ਭਾਈ ਦੂਜਾ ਵਿਆਹ ਕਰੌਣ ਨੂੰ ਫਿਰਦੇ। ਉਹ ਨੂੰ ਰੋਕ।" ਉਸ ਦਾ ਆਪਣੀਆਂ ਅੱਖਾਂ ਉਪਰ ਵਸ ਨਾ ਰਿਹਾ। ਬੇਬੇ ਨੇ ਕਿਹਾ-ਚਲਦੀ ਹਾਂ। ਉਹਦੀ ਇਹ ਮਜਾਲ? ਦੋਵੇਂ ਜਣੀਆਂ ਨਾਨਕੇ ਚਲੀਆਂ ਗਈਆਂ। ਮਾਮਾ ਜੀ ਨੂੰ ਕਿਹਾ-"ਇਹ ਕੰਮ ਨਾਂ ਕਰੀਂ ਬਾਈ। ਤੇਰੇ ਮੇਰੇ ਬੱਚਿਆਂ ਵਿਚ ਕੀ ਫਰਕ? ਬਹੁਤ ਉਦਰੇਵਾਂ ਹੋਇਐ ਤਾਂ ਆਪਦੇ ਇਕ ਭਾਣਜੇ ਨੂੰ ਲੈ ਆ ਘੱਗੇ ਤੋਂ, ਚਾਹੇ ਬਾਲਦ ਤੋਂ।" ਉਹ ਚੁਪ ਕਰਕੇ ਖੇਤ ਚਲਾ ਗਿਆ। ਬੇਬੇ ਕਈ ਦਿਨ ਨਾਨਕੇ ਬੈਠੀ ਰਹੀ। ਇਕ ਦਿਨ ਮਾਮਾ ਜੀ ਨੇ ਕਿਹਾ-ਬੇਬੇ ਤੇਰੇ ਨਿਆਣੇ ਬਾਹਲੇ ਓਦਰ ਜਾਂਦੇ ਨੇ ਤੇਰੇ ਬਿਨਾਂ। ਹੁਣ ਤੂੰ ਪਿੰਡ ਜਾਹ। ਬੇਬੇ ਨੇ ਕਿਹਾ-ਕਿਵੇਂ ਜਾਵਾਂ? ਤੇਰੇ ਤੋਂ ਹਾਂ ਨਾਂਹ ਲੈ ਕੇ ਜਾਊਂਗੀ। ਨਹੀਂ ਬੈਠੀ ਆਂ। ਮਾਮਾ ਜੀ ਹੱਸ ਪਏ-ਕੋਈ ਲਿਖਤ ਕਰਨੀ ਐ ਅਸ਼ਟਾਮ ਤੇ? ਬੇਬੇ ਨੇ ਕਿਹਾ-ਅਸ਼ਟਾਮਾਂ ਉਪਰ ਲਿਖੇ ਕਰਾਰ ਖੱਲਾਂ ਖੂੰਜਿਆਂ ਵਿਚ ਰੁਲਦੇ ਫਿਰਦੇ ਦੇਖੇ। ਤੇਰੀ ਮੇਰੀ ਗੱਲ ਜਬਾਨੀ ਠੀਕ ਐ। ਆਪਣੇ ਆਲੀ ਹੁੰਡੀ ਮੂੰਹ ਜਬਾਨੀ ਚਲਦੀ ਹੈ। ਬੇਬੇ ਖੁਸ਼ੀ ਖੁਸ਼ੀ ਵਾਪਸ ਪਿੰਡ ਆਈ। ਮਾਮਾ ਜੀ ਨੇ ਦੂਜੇ ਵਿਆਹ ਦਾ ਨਾਂ ਨਹੀਂ ਲਿਆ।

ਮਾਸੀ ਦੇ ਮੁੰਡੇ ਦਾ ਨਾਂ ਲਾਭ ਸਿੰਘ ਹੈ। ਬਸ ਵਿਚ ਸਫਰ ਕਰਦਿਆਂ ਉਸਨੇ ਦੇਖਿਆ ਕਿ ਨਾਲ ਦੀ ਸੀਟ ਉਪਰ ਬੈਠਾ ਜੁਆਨ ਕਦੀ-ਕਦੀ ਰੋਣ ਲੱਗ ਜਾਂਦਾ ਹੈ ਚੋਰੀ ਚੁਪਕੇ। ਲਾਭ ਸਿੰਘ ਨੇ ਪੁੱਛਿਆ-ਕੀ ਹੋਇਆ ਵੀਰ? ਕਿਉਂ ਦਲਗੀਰ ਹੋਇਆ? ਉਸਨੇ ਕਿਹਾ-ਮੈਂ ਫੌਜੀ ਹਾਂ। ਪਲਟਨ ਵਿਚ ਤਾਰ ਗਈ ਕਿ ਮਾਂ ਮਰ ਗਈ ਹੈ ਮੇਰੀ। ਪਿੰਡ ਜਾ ਰਿਹਾ ਹਾਂ। ਦਿਲ ਨੀ ਖੜ੍ਹਦਾ ਮੇਰਾ। ਲਾਭ ਸਿੰਘ ਨੇ ਕਿਹਾ-ਨਿੱਕਾ ਜਿਹਾ ਸੀ ਮੇਰਾ ਬਾਪੂ ਜਦੋਂ ਉਸਦੀ ਮਾਂ ਮਰੀ। ਰੁਲਦਾ-ਖੁਲਦਾ ਪਤਾ ਨੀ ਕਿਵੇਂ ਪਲ ਗਿਆ। ਮੈਂ ਤੇ ਮੇਰੇ ਭਾਈ ਭੈਣ ਨਿੱਕੇ-ਨਿੱਕੇ ਸਾਂ ਜਦੋਂ ਮਾਂ ਸਾਨੂੰ ਸਤ ਸ੍ਰੀ ਅਕਾਲ ਕਹਿ ਕੇ ਤੁਰ ਗਈ। ਹੁਣ ਮੇਰੇ ਮੁੰਡੇ ਦੀ ਮਾਂ ਚੱਲ ਵਸੀ ਹੈ ਨਿੱਕੇ ਜਿਹੇ ਨੂੰ ਛੱਡ ਕੇ। ਮੁੰਡਾ ਪਹਿਰ ਪਹਿਰ ਕੰਧਾਂ ਗੁਹਾਰਿਆਂ ਦਰਖਤਾਂ ਨਾਲ ਲੱਗਾ ਖੜਾ ਰਹਿੰਦੈ ਚੁਪਚਾਪ। ਕਈ ਬਾਰ ਕਿਹੈ, "ਬਈ ਹੁਣ ਕਿਸ ਦੇ ਆਉਣ ਦੇ ਕਦਮਾਂ ਦਾ ਖੜਾਕ ਸੁਣੇਂਗਾ ਮੁੰਡਿਆ? ਤੇਰਾ ਜਿਹੜਾ ਖਜ਼ਾਨਾ ਜੁਆਨ ਉਮਰੇ ਖੁੱਸਿਆ ਸਾਡੇ ਸਾਰੇ ਖਾਨਦਾਨ ਦੇ ਬਚਪਨ ਵਿਚ ਨਹੀਂ ਰਿਹਾ। ਫੇਰ ਮਰ ਗਏ ਅਸੀਂ? ਤੇਰੇ ਸਾਹਮਣੇ ਆਰਾਮ ਨਾਲ ਬੈਠਾ ਗੱਲਾਂ ਕਰ ਰਿਹਾ ਹਾਂ ਮੈਂ ਕਿ ਨਹੀਂ? ਰੱਬ ਦਾ ਨਾਉਂ ਲੈ ਵੀਰ।

ਨਿਹੰਗ ਮਾਮਾ ਦੇ ਘਰ ਦੋ ਬੇਟੀਆਂ ਸਨ। ਇਕ ਦਿਨ ਕੋਈ ਔਰਤ ਕਹਿ ਬੈਠੀ-ਰੱਬਾ ਕੀ ਹੋਇਆ ਤੈਨੂੰ? ਚਾਹੇ ਕਾਣਾ ਲੰਗੜਾ ਜਾਂ ਟੁੰਡਾ ਦੇ ਦਿੰਦਾ, ਰਾਮ ਸੂੰ ਦੇ ਘਰ ਵੀ ਇਕ ਮੁੰਡਾ ਦੇ ਦਿੰਦਾ? ਮਾਮਾ ਜੀ ਗੁੱਸੇ ਹੋਏ-ਕਿਉਂ? ਰੱਬ ਦੀ ਦੁਕਾਨ ਵਿਚ ਸਪੇਅਰ ਪਾਰਟ ਮੁੱਕ ਗਏ? ਜੇ ਦੇਣਾ ਹੁੰਦਾ ਤਾਂ ਸਹੀ ਰਾਜਕੁਮਾਰ ਦੇ ਦਿੰਦਾ ਉਹ। ਉਸ ਦੀ ਮਰਜ਼ੀ ਨਹੀਂ ਹੈ ਤਾਂ ਠੀਕ ਹੈ ਫਿਰ। ਖ਼ਬਰਦਾਰ ਜੇ ਕਿਸੇ ਨੇ ਫਜ਼ੂਲ ਗੱਲ ਕੀਤੀ। ਮਾਮਾ ਮਾਮੀ ਦੋਹੇਂ ਧੀਆਂ ਨੂੰ ਦੇਖ-ਦੇਖ ਜਿਉਂਦੇ। ਵੱਡੀ ਨੂੰ ਘੋੜ ਸਵਾਰੀ ਸਿਖਾਈ। ਰਿਵਾਲਵਰ ਬੰਦੂਕ ਚਲਾਉਣੇ ਸਿਖਾਏ। ਉਸਦੇ ਅਗੋਂ ਪਲੇਠੀਆਂ ਦੋ ਧੀਆਂ ਹੋਈਆਂ ਤੇ ਪੁੱਤਰ ਦੇ ਜਨਮ ਪਿਛੋਂ ਚਲ ਵਸੀ। ਛੋਟੀ ਧੀ ਤਿੰਨ ਸਾਲ ਦੀ ਸੀ ਤੇ ਵੱਡੀ ਪੰਜ ਕੁ ਦੀ ਹੋਵੇਗੀ। ਮਾਮਾ ਮਾਮੀ ਦੇ ਚਿਹਰਿਆਂ ਉਪਰ ਬੈਠਾ ਹਨੇਰਾ ਦੇਖ ਕੇ ਹੌਲ ਪੈਂਦਾ ਸੀ। ਨਿੱਕੀਆਂ ਕੁੜੀਆਂ ਹਰੇਕ ਨੂੰ ਪੁਛਦੀਆਂ ਫਿਰਦੀਆਂ ਸਨ-ਮੰਮੀ ਕਿਥੇ ਹੈ?

ਉਨ੍ਹਾਂ ਨੂੰ ਟਾਲਿਆ ਜਾ ਰਿਹਾ ਸੀ। ਮਾਮੀ ਨੇ ਸੈਨਤ ਕਰਕੇ ਆਪਣੇ ਕੋਲ ਬੁਲਾਈਆਂ। ਸਾਹਮਣੇ ਬੈਠਣ ਲਈ ਇਸ਼ਾਰਾ ਕੀਤਾ। ਜਦੋਂ ਉਹ ਬੈਠ ਗਈਆਂ ਤਾਂ ਮਾਮੀ ਨੇ ਕਿਹਾ-ਕੁੜੀਓ ਤੁਹਾਡੀ ਮੰਮੀ ਮਰ ਗਈ। ਉਸ ਨੂੰ ਅੱਗ ਲਾ ਕੇ ਅਸੀਂ ਰਾਖ ਦਾ ਢੇਰ ਬਣਾ ਆਏ ਹਾਂ। ਹੁਣ ਨੀ ਆਉਂਦੀ ਉਹ ਆਪਣੇ ਘਰ ਕਦੇ।

ਕੁੜੀਆਂ ਰੋਣ ਲੱਗੀਆਂ। ਇਕ ਔਰਤ ਨੇ ਵਰਾਉਂਦਿਆਂ ਕਿਹਾ- ਬੇਬੇ ਕੀ ਲੋੜ ਸੀ ਤੈਨੂੰ ਹੁਣੇ ਇਹ ਗੱਲ ਕਰਨ ਦੀ? ਆਪੇ ਹੌਲੀ ਹੌਲੀ ਪਤਾ ਲਗਦਾ ਰਹਿੰਦਾ ਪਿਛੋਂ। ਮਾਮੀ ਨੇ ਕਿਹਾ-ਕਿੰਨਾ ਕੁ ਚਿਰ ਝੂਠ ਬੋਲਾਂ? ਕਿਵੇਂ ਰੱਖਾਂ ਐਡਾ ਭੇਤ? ਟਿਕ ਜਾਣਗੀਆਂ ਆਪੇ ਰੋ ਧੋ ਕੇ। ਲੱਗ ਜਾਵੇ ਇਨ੍ਹਾਂ ਨੂੰ ਵੀ ਪਤਾ ਜ਼ਿੰਦਗੀ ਚੀਜ਼ ਕੀ ਹੋਇਆ ਕਰਦੀ ਐ। ਬੇਬੇ ਹਉਕਾ ਲੈ ਕੇ ਬੋਲੀ-ਰੰਭ ਰਹਿਣਗੇ ਵੱਛਰੂ, ਦੇਖ ਰਹਿਣਗੀਆਂ ਗਾਵਾਂ।

ਫਿਰ ਮਾਮੀ ਨੇ ਮਕਾਣ ਆਏ ਮਰਦਾਂ-ਔਰਤਾਂ ਨੂੰ ਕਿਹਾ-"ਹੁਣ ਭਾਈ ਖਾਉ ਰੋਟੀ ਤੇ ਜਾਓ ਆਪੋ-ਆਪਣੇ ਵਤਨਾਂ ਨੂੰ। ਲਿਆਉ ਵੀਰ ਵਰਤਾਉ ਰੋਟੀ।" ਕੁੱਝ ਤੀਵੀਆਂ ਕਹਿਣ ਲੱਗੀਆਂ-"ਅਸੀਂ ਨੀ ਖਾਣੀ ਰੋਟੀ। ਸਾਡੇ ਨੀ ਲੰਘਦੀ।" ਮਾਮੀ ਨੇ ਕਿਹਾ- "ਠੀਕ ਐ। ਜਿਨ੍ਹਾਂ ਨੇ ਹੋਟਲਾਂ ਤੇ ਜਾ ਕੇ ਖਾਣੀ ਹੈ ਉਹ ਜਾਣ। ਸਾਡੇ ਅੰਦਰ ਤਾਂ ਭਾਈ ਆਰਾਮ ਨਾਲ ਲੰਘੇਗਾ ਅੰਨ ਪਾਣੀ। ਹੇ ਸੱਚੇ ਪਾਤਸ਼ਾਹ ਤੂੰ ਧੰਨ ਐਂ।"

ਇਹ ਸਾਡੀ ਵੱਡੀ ਮਾਮੀ ਗੁਰਦੇਵ ਕੌਰ ਬਹੁਤਾ ਨਾ ਬੋਲਦੀ ਪਰ ਜਦੋਂ ਕੋਈ ਗੱਲ ਕਰਦੀ ਤਾਂ ਠੰਢ ਪੈ ਜਾਂਦੀ। ਵੱਡੇ ਦੁਖਾਂ ਦੇ ਬਾਵਜੂਦ ਹਸਮੁਖ। ਉਹਦੇ ਕੈਂਸਰ ਦਾ ਪਤਾ ਸਾਨੂੰ ਉਦੋਂ ਲਗਾ ਜਦੋਂ ਤੀਜੀ ਸਟੇਜ ਉਤੇ ਪੁੱਜ ਗਈ ਸੀ। ਇਲਾਜ ਵਾਸਤੇ ਪਟਿਆਲੇ ਲੈ ਆਇਆਂ ਤੇ ਸਾਰਿਆਂ ਨੂੰ ਸਖਤ ਤਾੜਨਾ ਕੀਤੀ ਕਿ ਬਿਮਾਰੀ ਬਾਰੇ ਦੱਸਣਾ ਨਹੀਂ ਮਾਮੀ ਨੂੰ। ਮਾਮੀ ਕਈ ਕਈ ਦਿਨ ਰਹਿੰਦੀ ਦਵਾਈਆਂ ਖਾਂਦੀ ਰਹੀ-ਟੀਕੇ ਲਾਉਂਦੇ ਰਹੇ। ਮੈਨੂੰ ਕਹਿਣ ਲੱਗੀ- ਕੀ ਦੱਸਿਆ ਡਾਕਟਰ ਨੇ? ਮੈਂ ਕਿਹਾ-ਕੋਈ ਖਾਸ ਬਿਮਾਰੀ ਨਹੀਂ। ਮਹੀਨੇ ਡੇਢ ਮਹੀਨੇ ਵਿਚ ਠੀਕ ਹੋ ਜਾਏਂਗੀ ਮਾਮੀ। ਉਹ ਹੱਸ ਪਈ। ਕਹਿਣ ਲੱਗੀ- ਮੇਰੇ ਨਾਲ ਚਲਾਕੀਆਂ ਮਾਰਨ ਲਗ ਪਿਆ ਪ੍ਰੋਫੈਸਰ? ਊਂ ਗੱਲ ਤੇਰੀ ਵੀ ਠੀਕ ਐ। ਮਹੀਨਾ ਡੇਢ ਮਹੀਨਾ ਨਾ ਸਹੀ, ਤਿੰਨ ਚਾਰ ਮਹੀਨੇ ਲੱਗ ਜਾਣਗੇ। ਸਾਰੇ ਰੋਗ ਤਿਆਰ ਬੈਠੇ ਨੇ ਟੁੱਟਣ ਲਈ। ਚੰਗੈ ਹੁਣ ਟੰਟਾ ਮੁਕੇ। ਤੇਰੇ ਮਾਮੇ ਦਾ ਬਹੁਤ ਖਰਚ ਨਾ ਕਰਵਾਈਂ ਖਾਹਮਖਾਹ। ਮੈਨੂੰ ਪਿੰਡ ਛੱਡ ਆ।

ਟੈਲੀਵਿਜ਼ਨ ਦੇਖਦੀ ਹੋਈ ਉਹ ਉਚੀ ਉਚੀ ਹੱਸ ਪਈ। ਮੈਂ ਪੁੱਛਿਆ ਕੀ ਗੱਲ ਯਾਦ ਆ ਗਈ ਮਾਮੀ? ਉਸਨੇ ਕਿਹਾ- ਟੀ.ਵੀ. ਦੇਖ। ਮੈਂ ਟੀ.ਵੀ. ਦੇਖਣ ਲੱਗਾ। ਹੰਢੀ ਹੋਈ ਕਲਾਕਾਰ ਦੱਖਣੀ ਨਾਚ ਦਿਖਾ ਰਹੀ ਸੀ। ਮਾਮੀ ਨੇ ਕਿਹਾ-ਇਹਨੂੰ ਦੇਖਦਾ ਰਹਿ। ਸੁਹਣੀਐ, ਨੱਚਣਾ ਸਹੀ ਆਉਂਦੈ। ਪਰ ਵਿਚ ਵਿਚ ਐਂ ਕਰਨ ਲੱਗ ਜਾਂਦੀ ਐ ਜਿਵੇਂ ਇਹਦੇ ਭਰਿੰਡਾਂ ਲੜ ਗਈਆਂ ਹੋਣ।"

ਮੈਨੂੰ ਧਰਵਾਸ ਮਿਲਦਾ ਹੈ ਕਿ ਇਸ ਮਾਮੀ ਦੀ ਸੰਭਾਲ ਅਤੇ ਸਸਕਾਰ ਆਪਣੇ ਹੱਥੀਂ ਕੀਤਾ। ਹਜ਼ਾਰਾਂ ਸਾਲ ਪਹਿਲਾਂ ਲਾਓ ਤਸੇ ਨੇ ਕਿਹਾ ਸੀ- ਆਪਣੇ ਪਿਆਰਿਆਂ ਨੂੰ ਕਬਰਿਸਤਾਨ ਵਿਚ ਆਪਣੇ ਹੱਥੀਂ ਦਫਨ ਕਰਕੇ ਜਦੋਂ ਖਾਲੀ ਹੱਥ ਘਰਾਂ ਨੂੰ ਮੁੜਦੇ ਹਾਂ ਤਾਂ ਪਤਾ ਲਗਦਾ ਹੈ ਅਕਲ, ਧਨ ਅਤੇ ਤਾਕਤ ਕਿੰਨੀਆਂ ਕਮਜ਼ੋਰ ਚੀਜ਼ਾਂ ਹਨ।

ਭਾਈ ਨੰਦ ਲਾਲ ਨੇ ਲਿਖਿਆ-

ਅਸੀਂ ਮਿਲੇ, ਪਿਆਰ ਕੀਤਾ ਅਤੇ ਵਿਛੜ ਕੇ ਚੁੱਪ ਕਰਕੇ ਬੈਠ ਗਏ।

ਪਪੀਹਿਆਂ, ਬੁਲਬੁਲਾਂ ਅਤੇ ਕੋਇਲਾਂ ਵਾਂਗ ਅਸੀਂ ਚੀਕਾਂ ਨਹੀਂ ਮਾਰੀਆਂ।

ਇਕ ਦਿਨ ਮੈਂ ਕਿਹਾ, "ਬੇਬੇ ਮੈਂ ਜਿਵੇਂ ਚਾਹੁੰਦਾ ਹਾਂ ਨੂਹਾਂ ਤੁਹਾਡਾ ਆਦਰ ਕਰਨ, ਇਸ ਤਰ੍ਹਾਂ ਉਹ ਕਰਦੀਆਂ ਨਹੀਂ। ਇਸ ਸਭ ਦੇ ਬਾਵਜੂਦ ਕੇਵਲ ਵੱਡੀ ਭਰਜਾਈ ਬਾਰੇ ਤੁਸੀਂ ਬੁੜਬੁੜ ਕਰਦੇ ਰਹਿੰਦੇ ਹੋ। ਬਾਕੀ ਨੂੰਹਾਂ ਵਿਰੁੱਧ ਘੱਟ ਵੱਧ ਹੀ ਕੋਈ ਗੱਲ ਕਰਦੇ ਹੋ। ਅਜਿਹਾ ਕਿਉਂ ?



ਬੇਬੇ ਨੇ ਕਿਹਾ, "ਸੱਸਾਂ ਨੂੰ ਪਤਾ ਹੋਣਾ ਚਾਹੀਦੈ ਬਈ ਨੂੰਹਾਂ ਉਨ੍ਹਾਂ ਦਾ ਆਦਰ ਉਦਰ ਨਹੀਂ ਕਰਨਗੀਆਂ। ਕੌਣ ਮੇਰਾ ਆਦਰ ਕਰਦੀ ਹੈ ਕੌਣ ਨਿਰਾਦਰ, ਇਸ ਗੱਲ ਵੱਲ ਮੇਰਾ ਧਿਆਨ ਨਹੀਂ। ਮੈਂ ਇਹ ਦੇਖਦੀ ਆਂ ਕਿ ਮੇਰੀਆਂ ਨੂੰਹਾਂ ਮੇਰੇ ਮੁੰਡਿਆਂ ਨੂੰ ਪਿਆਰ ਕਰਦੀਆਂ ਹਨ ਕਿ ਨਾਂ। ਤੇਰੀ ਹਰਮਿੰਦਰ ਮੇਰੇ ਨਾਲ ਕਈ ਦਿਨ ਨਾ ਬੋਲੇ ਤਾਂ ਕੋਈ ਗੱਲ ਨਹੀਂ। ਮੈਂ ਦੇਖ ਰਹੀ ਹਾਂ ਕਿ ਉਹ ਤੈਨੂੰ ਪਿਆਰ ਕਰਦੀ ਹੈ। ਤੂੰ ਆਉਣ ਵਿਚ ਦੇਰ ਕਰ ਦਏਂ ਤਾਂ ਇਹ ਬੇਚੈਨ ਹੋ ਹੋ ਤੇਰਾ ਰਸਤਾ ਦੇਖਦੀ ਹੈ। ਹੋਰ ਮੈਨੂੰ ਕੀ ਚਾਹੀਦਾ ਹੈ? ਜਿਹੜਾ ਤੈਨੂੰ ਪਿਆਰ ਕਰਦਾ ਹੈ ਉਹ ਮੈਨੂੰ ਪਿਆਰ ਕਰਦਾ ਹੈ ਕਿਉਂਕਿ ਤੂੰ ਮੇਰਾ ਹੈਂ।"

ਸਕੂਲੋਂ ਪੜ੍ਹ ਕੇ ਘਰ ਆਇਆ ਤਾਂ ਬੇਬੇ ਨੇ ਕਿਹਾ "ਕਿਹੋ ਜਿਹਾ ਜ਼ਮਾਨਾਂ ਆ ਗਿਆ। ਤੇਰੀ ਦਿਆਲੋ ਚਾਚੀ ਆਪਣੇ ਬੱਚਿਆਂ ਪਿੱਛੇ ਭਜੀ ਫਿਰਦੀ ਦੇਖੀ। ਸੰਗਤਰੇ ਉਨ੍ਹਾਂ ਤੋਂ ਖੋਹ ਕੇ ਖਾ ਰਹੀ। ਮੈਨੂੰ ਦਹਿਲ ਪੈ ਗਿਆ।" ਮੈਂ ਪੁੱਛਿਆ "ਫੇਰ ਕੀ ਹੋ ਗਿਆ? ਬੱਚੇ ਵੀ ਤਾਂ ਖੋਹ ਲੈਂਦੇ ਹਨ ਮਾਵਾਂ ਹੱਥੋਂ ਚੀਜ਼ਾਂ?"

ਉਸਨੇ ਕਿਹਾ- ਬੱਚੇ ਖੋਹਣ। ਉਨ੍ਹਾਂ ਦਾ ਹੱਕ ਹੈ। ਕੋਈ ਮਾਂ ਤੂੰ ਦੇਖੀ ਨਿਆਣਿਆਂ ਤੋਂ ਖੋਹ ਕੇ ਖਾਂਦੀ? ਇਸ ਘਰ ਵਿਚ ਕੋਈ ਭਾਣਾ ਵਰਤੇਗਾ। ਚਿੜੀਆਂ ਜਨੌਰ ਨੀ ਕਰਦੇ ਇਉਂ ਤਾਂ। ਮੈਨੂੰ ਡਰ ਲੱਗਿਆ। ਤੂੰ ਨਦੀ ਪਹਾੜ ਉਪਰ ਚੜ੍ਹਦੀ ਦੇਖੇਂ ਚਾਣਚੱਕ ਤਾਂ ਦੱਸ ਡਰ ਨੀ ਜਾਏਂਗਾ? ਇਸ ਘਰ ਦੇ ਲੱਛਣ ਹੋਣੀ ਨੂੰ ਸੱਦਾ ਦਿੰਦੇ ਦਿਸੇ। ਰੱਬ ਭਲੀ ਕਰੇ ਭਾਈ।"

ਇਸ ਘਰ ਵਿਚ ਸਦਾ ਕਲੇਸ ਰਹਿੰਦਾ। ਚਾਚੇ ਦੀ ਜੁਆਨ ਕੁੜੀ ਨੇ ਖੂਹ ਵਿਚ ਛਾਲ ਮਾਰ ਕੇ ਤੇ ਚਾਚੀ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆਵਾਂ ਕੀਤੀਆਂ।

ਬੇਬੇ ਨੂੰ ਖੁਸ਼ਖਬਰੀ ਦੇਣ ਵਾਸਤੇ ਗਿਆ ਕਿ ਵੱਡੇ ਨਿਹੰਗ ਸਿੰਘ ਮਾਮੇ ਘੋੜਾ ਖਰੀਦਿਆ ਹੈ। ਹੈ ਵੀ ਬੜਾ ਸੁਹਣਾ। ਉਹ ਖੁਸ਼ ਹੋਈ। ਭਰਾ ਨੂੰ ਅਤੇ ਉਸਦੇ ਘੋੜੇ ਨੂੰ ਅਸੀਸਾਂ ਦਿੱਤੀਆਂ, "ਸੁਖੀ ਰਹਿਣ। ਵਫਾ ਕਰਨ। ਹਰ ਬਲਾ ਦੋਵਾਂ ਤੋਂ ਦੂਰ ਰਹੇ।" ਮੈਂ ਕਿਹਾ, "ਜਲਦੀ ਆਪਾਂ ਨਾਨਕੇ ਚਲਾਂਗੇ। ਤੁਹਾਨੂੰ ਸਵਾਰੀ ਕਰਾਵਾਂਗੇ।" ਉਹ ਬੋਲੀ, "ਹੁਣ ਕਿਥੇ ਚੜ੍ਹਨਜੋਗੀ ਹਾਂ? ਕਦੀ ਹੁੰਦਾ ਸੀ ਸਮਾਂ। ਤੇਰੇ ਮਾਮਾ ਜੀ ਘੋੜੀ ਤੇ ਬਿਠਾ ਕੇ ਤੇਰੇ ਪਿੰਡ ਛੱਡ ਜਾਇਆ ਕਰਦੇ ਸਨ। ਆਪ ਪੈਦਲ ਤੁਰਦੇ। ਤੇਰੀ ਨਾਨੀ ਤਾਂ ਹਮੇਸ਼ਾਂ ਇਕੱਲੀ ਆਉਂਦੀ ਹੁੰਦੀ ਸੀ ਸਵਾਰੀ ਕਰ ਕੇ। ਇਕ ਵਾਰੀ ਮੈਨੂੰ ਮਿਲਣ ਉਹ ਤੇਰੇ ਪਿੰਡ ਘੱਗੇ ਵਿਚ ਘੋੜੇ ਉਪਰ ਸਵਾਰ ਹੋ ਕੇ ਆਈ। ਪਿੰਡ ਦੀ ਨਿਆਈਂ ਵਿਚ ਘੋੜੀਆਂ ਚਰ ਰਹੀਆਂ ਸਨ। ਤੇਰੀ ਨਾਨੀ ਦਾ ਘੋੜਾ ਬੇਕਾਬੂ ਹੋ ਕੇ ਉਧਰ ਦੌੜ ਪਿਆ ਵਾਹੋਦਾਹ। ਪਿੰਡ ਦੇ ਲੋਕ ਛੱਤਾਂ ਉਪਰ ਚੜ੍ਹ ਗਏ ਕਿ ਬੁੱਢੀ ਦੀ ਅੱਜ ਜਾਨ ਗਈ ਕਿ ਗਈ। ਤੇਰੀ ਨਾਨੀ ਨੇ ਇਕ ਹੱਥ ਨਾਲ ਲਗਾਮ ਫੜੀ, ਰਕਾਬਾਂ ਤੇ ਖੜ੍ਹੀ ਹੋ ਗਈ ਤੇ ਦੂਜੇ ਹੱਥ ਨਾਲ ਉਹ ਛਟੀ ਵਾਹੀ ਕਿ ਦਸ ਮਿੰਟ ਵਿਚ ਘੋੜਾ ਸਿੱਧਾ ਹੋ ਗਿਆ। ਫਿਰ ਉਹ ਸਿੱਧੀ ਘਰ ਨਹੀਂ ਆਈ। ਘੋੜੇ ਨੂੰ ਤੇਜ਼ ਦੁੜਾ ਕੇ ਪਿੰਡ ਦੇ ਦੋ ਚੱਕਰ ਲਾਏ। ਪਾਣੀ ਪਾਣੀ ਹੋਇਆ ਘੋੜਾ ਖੁਰਲੀ ਤੇ ਨੀਵੀਂ ਪਾ ਕੇ ਜਾ ਖਲੋਤਾ। ਉਤਰ ਕੇ ਘੋੜੇ ਨੂੰ ਥਾਪੀ ਦਿੱਤੀ, ਸਿਰ ਪਲੋਸਿਆ ਤੇ ਹੌਲੀ ਦੇ ਕੇ ਕੰਨ ਵਿਚ ਕਿਹਾ," "ਮਾਰ ਪੈ ਗਈ ਤਾਂ ਕੀ ਹੋਇਆ। ਹੁਣ ਤੈਨੂੰ ਘਿਉ ਵੀ ਖੁਆਵਾਂਗੀ ਛੋਲੇ ਵੀ। ਸ਼ਾਬਾਸ਼ ਪੁੱਤਰਾ ਸ਼ੇਰ ਬੱਚਾ ਹੈਂ ਤੂੰ। ਤੇਰੀ ਸ਼ਾਨ ਕਾਇਮ ਰਹੇਗੀ।"

ਰੁਕ ਕੇ ਮਾਂ ਨੇ ਫਿਰ ਦੁਹਰਾਇਆ, "ਹਾਂ ਭਾਈ ਹੁਣ ਮੇਰੀ ਉਮਰ ਕਿਥੇ ਸਵਾਰੀ ਕਰਨ ਦੀ।" ਮੈਂ ਕਿਹਾ, "ਤੁਹਾਡੇ ਬੇਟੇ ਤੁਹਾਨੂੰ ਚੁੱਕ ਕੇ ਚੜ੍ਹਾ ਦੇਣਗੇ।" ਉਹ ਬੋਲੀ, "ਨਾ। ਹੁਣ ਮੈਂ ਕੱਚ ਦੀਆਂ ਉਹਨਾਂ ਚੂੜੀਆਂ ਵਰਗੀ ਹੋ ਗਈ ਹੋਈ ਹਾਂ ਜਿਹੜੀਆਂ ਚੜ੍ਹਾਉਂਦਿਆਂ ਚੜ੍ਹਾਉਂਦਿਆਂ ਟੁੱਟ ਜਾਂਦੀਆਂ ਹਨ।"

ਮੈਂ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ ਅੰਦਰ ਬੜੀ ਸੋਹਣੀ ਕੋਠੀ ਵਿਚ ਰਹਿ ਰਿਹਾ ਹਾਂ। ਮਾਮਾ ਜੀ ਮਿਲਣ ਆਏ। ਖੈਰ ਸੁਖ ਪੁੱਛੀ ਦੱਸੀ। ਪੁੱਛਿਆ, "ਭਾਣਜੇ ਗੁਰੂ ਮਹਾਰਾਜ ਦਾ ਨਾਮ ਲਿਆ ਕਰਦਾ ਹੈਂ? ਮੈਂ ਕਿਹਾ, "ਬਿਲਕੁਲ ਲੈਂਦਾ ਹਾਂ।" ਗੱਲਾਂ ਕਰਦੇ ਰਹੇ। ਰਾਤ ਪੈ ਗਈ। ਲੰਗਰ ਪ੍ਰਸ਼ਾਦਾ ਛਕ ਕੇ ਕਹਿਣ ਲੱਗੇ,

"ਪਾਠ ਕਰਨਾ ਹੁੰਨੈ?" ਮੈਂ ਕਿਹਾ, "ਕਰਦਾ ਹਾਂ, ਕਰਦਾ ਹਾਂ।" ਫਿਰ ਗੱਲਾਂ ਹੁੰਦੀਆਂ ਰਹੀਆਂ। ਸੌਣ ਦਾ ਸਮਾਂ ਹੋ ਗਿਆ ਤਾਂ ਮੈਂ ਉਨ੍ਹਾਂ ਨੂੰ ਚੁਬਾਰੇ ਵਿਚ ਲੈ ਗਿਆ ਤੇ ਪੁੱਛਿਆ ਕਿ ਸਵੇਰੇ ਚਾਹ ਛਕਣੀ ਹੈ ਕਿ ਦੁੱਧ? ਕਿੰਨੇ ਵਜੇ? ਉਹ ਬੋਲੇ, "ਸਹੀ ਹੈ ਨਾ ਕਿ ਤੂੰ ਗੁਰੂ ਬਾਬੇ ਨੂੰ ਯਾਦ ਰਖਦੈਂ?" ਮੈਂ ਪੁੱਛਿਆ, "ਕਿਸੇ ਨੇ ਸ਼ਿਕਾਇਤ ਲਾਈ ਹੈ ਮੇਰੀ ਤੁਹਾਡੇ ਕੋਲ? ਕਿਸੇ ਨੇ ਕੋਈ ਵਹਿਮ ਪਾ ਦਿੱਤਾ ਲਗਦਾ ਹੈ ਤੁਹਾਨੂੰ।" ਮਾਮਾ ਜੀ ਨੇ ਕਿਹਾ, "ਨਹੀਂ ਸਕੈਤ ਸਕੂਤ ਕਿਸੇ ਨੇ ਕੀ ਲਾਣੀ, ਇਕ ਪੁਰਾਣੀ ਗੱਲ ਯਾਦ ਆ ਗਈ ਸੀ। ਤੀਹ ਪੈਂਤੀ ਸਾਲ ਹੋ ਗਏ ਹੋਣਗੇ। ਕੀ ਪਤਾ ਇਸ ਤੋਂ ਵੀ ਵੱਧ। ਜਦੋਂ ਕਦੇ ਬੱਸ ਵਿਚ ਬੈਠੇ ਲੰਘਦੇ ਤਾਂ ਤੇਰੀ ਯੂਨੀਵਰਸਿਟੀ ਬਣ ਰਹੀ, ਉਚੀ ਉਠ ਰਹੀ ਦੇਖਦੇ। ਵੱਡੀਆਂ ਵੱਡੀਆਂ ਬਿਲਡਿੰਗਾਂ। ਜੀ ਕਰਿਆ ਕਰਦਾ ਸੀ ਕਦੇ ਦੇਖੀਏ ਕਿ ਅੰਦਰ ਇਹ ਹੈ ਕੀ। ਪਰ ਬਸ ਵਿਚ ਬੈਠੇ ਬੈਠੇ ਲੰਘ ਜਾਂਦੇ। ਇਕ ਦਿਨ ਘੋੜੇ ਤੇ ਸਵਾਰ ਹੋ ਕੇ ਮੈਂ ਪਟਿਆਲੇ ਤੋਂ ਰਾਜਪੁਰੇ ਵੱਲ ਜਾ ਰਿਹਾ ਸੀ ਤਾਂ ਰਸਤੇ ਵਿਚ ਯੂਨੀਵਰਸਿਟੀ ਆ ਗਈ। ਮਨ ਖੁਸ਼ ਹੋ ਗਿਆ ਕਿ ਅੱਜ ਸਮਾਂ ਵੀ ਹੈ ਘੋੜਾ ਵੀ। ਅੱਜ ਦੇਖ ਕੇ ਜਾਵਾਂਗਾ। ਖੱਬੀ ਲਗਾਮ ਖਿੱਚ ਦਿੱਤੀ। ਗੇਟ ਤੇ ਪੁਲਸ ਵਾਲੇ ਖੜ੍ਹੇ ਸਨ। ਇਕ ਨੇ ਘੋੜੇ ਦੀ ਲਗਾਮ ਫੜ ਲਈ ਤੇ ਕਹਿਣ ਲੱਗਾ, "ਕੀ ਕੰਮ ਹੈ ਅੰਦਰ? ਮੈਂ ਕਿਹਾ- ਕੋਈ ਕੰਮ ਨਹੀਂ। ਉਸ ਨੇ ਫਿਰ ਪੁੱਛਿਆ, "ਕਿਸ ਨੂੰ ਮਿਲਣ ਜਾਣਾ ਹੈ ਅੰਦਰ?" ਮੈਂ ਕਿਹਾ "ਕਿਸੇ ਨੂੰ ਨਹੀਂ। ਮੈਂ ਤਾਂ ਬਸ ਦੇਖਣਾ ਸੀ ਅੰਦਰ ਜਾ ਕੇ, ਇਹ ਹੈ ਕੀ।" ਸਿਪਾਹੀ ਨੇ ਕਿਹਾ, "ਨਾ ਬਾਬਾ ਨਾ। ਐਉਂ ਦੇਖਣ ਦਾ ਹੁਕਮ ਨੀ।"

ਇਹ ਗੱਲ ਯਾਦ ਆਈ ਅੱਜ। ਜਿਨ੍ਹਾਂ ਕੋਠੀਆਂ ਨੂੰ ਦੇਖਣ ਦਾ ਹੁਕਮ ਨਹੀਂ ਸੀ, ਉਨ੍ਹਾਂ ਵਿਚ ਰਹਿਣ ਦਾ ਹੁਕਮ ਹੋ ਗਿਆ। ਬਾਦਸ਼ਾਹੀਆਂ ਦੇ ਦਿੱਤੀਆਂ ਆਪਾਂ ਨੂੰ ਗੁਰੂ ਬਾਬੇ ਨੇ। ਤਾਂ ਮੈਂ ਪੁੱਛਿਆ ਤੈਨੂੰ ਕਿ ਮਹਾਰਾਜ ਨੂੰ ਯਾਦ ਕਰਦਾ ਹੁੰਨੈ ਕਿ ਨਹੀਂ। ਜਿਸ ਨੇ ਸੋਨੇ ਦੀ ਬਾਰਸ਼ ਕਰ ਦਿੱਤੀ ਉਸ ਨੂੰ ਭੁੱਲ ਜਾਣ ਨਾਲ ਪਾਪ ਲਗਦਾ ਹੁੰਦੈ।"

ਹੌਲੀ ਹੌਲੀ ਮੈਨੂੰ ਸਮਝ ਆਏਗੀ ਇਨ੍ਹਾਂ ਗੱਲਾਂ ਦੀ। ਚਿੜੀ, ਜਿੰਨੀ ਮਰਜ਼ੀ ਪਿਆਸੀ ਹੋਵੇ ਦਰਿਆ ਨੂੰ ਇਕ ਘੁੱਟ ਵਿਚ ਨਹੀਂ ਪੀ ਸਕਦੀ। ਮੈਂ ਇਸ ਗੱਲੋਂ ਸੰਤੁਸ਼ਟ ਹਾਂ ਕਿ ਗੁਰੂ ਬਾਬੇ ਦਾ ਵਿਦਿਆਰਥੀ ਹਾਂ। ਸਾਡੇ ਕਲਾਸ ਰੂਮ ਨਿਕੇ-ਨਿਕੇ, ਪੀਰੀਅਡ ਘੰਟੇ ਘੰਟੇ ਦੇ। ਬਾਬੇ ਦਾ ਕਲਾਸ ਰੂਮ ਸਾਰਾ ਬ੍ਰਹਿਮੰਡ ਅਤੇ ਪੀਰੀਅਡ ਅਨੰਤ ਕਾਲ ਤੱਕ। ਉਸ ਨੇ ਦਿਆਲੂ ਹੋ ਕੇ ਸਾਨੂੰ ਮੱਥਾ ਟੇਕਣ ਦਾ ਹੱਕ ਦਿੱਤਾ ਹੈ। ਇਸ ਹੱਕ ਬਾਬਤ ਹਫੀਜ਼ ਦਾ ਸ਼ਿਅਰ ਪਿਆਰਾ ਲੱਗਾ, "ਤੂੰ ਸਾਰੀ ਕਾਇਨਾਤ ਦਾ ਮਾਲਕ ਹੈਂ, ਸਭਨਾਂ ਧਰਤੀਆਂ ਦਾ। ਤੇਰੇ ਦਰ ਉਤੇ ਜਦੋਂ ਮੱਥਾ ਟੇਕਿਆ ਤਾਂ ਥੋੜੀ ਕੁ ਮਿੱਟੀ ਸਾਡੇ ਮੱਥੇ ਨੂੰ ਲੱਗੀ। ਮਿੱਟੀ ਦਾ ਇਹ ਦਾਗ ਸਾਡੇ ਲਈ ਕਾਫੀ ਜਾਇਦਾਦ ਹੈ।"

ਐਮ.ਏ. ਵਿਚ ਪੜ੍ਹਦਾ ਸਾਂ। ਸੋਭਾ ਸਿੰਘ ਦੀ ਬਣਾਈ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਤਸਵੀਰ ਖਰੀਦ ਲਿਆਇਆ ਜਿਹੜੀ ਬੀਰ-ਰਸ ਭਾਵਨਾ ਵਾਲੀ ਹੈ ਤੇ ਹੇਠਾਂ ਲਿਖਿਆ ਹੈ, "ਚੂੰ ਕਾਰ ਅਜ਼.....।" ਕੰਧ ਤੇ ਟੰਗ ਦਿੱਤੀ। ਗੁਰੂ ਜੀ ਕਰੋਧ ਨਾਲ ਉਪਰ ਵੱਲ ਦੇਖ ਰਹੇ ਹਨ। ਬੇਬੇ ਨੇ ਧਿਆਨ ਨਾਲ ਇਹ ਪੇਂਟਿੰਗ ਦੇਖੀ ਤੇ ਕਿਹਾ, "ਕੁਝ ਠੀਕ ਨਹੀਂ ਇਹ ਤਸਵੀਰ। ਇਸ ਤਰ੍ਹਾਂ ਦੀਆਂ ਨਿਗਾਹਾਂ ਬਿਲਕੁਲ ਨਹੀਂ ਸਨ ਮਹਾਰਾਜ ਦੀਆਂ। ਦੁਸ਼ਮਣਾਂ ਵੱਲ ਵੀ ਇਉਂ ਨਹੀਂ ਦੇਖਿਆ ਉਨ੍ਹਾਂ ਨੇ ਕਿਉਂਕਿ ਦੁਸ਼ਮਣ ਉਨ੍ਹਾਂ ਦਾ ਹੈ ਹੀ ਨਹੀਂ ਸੀ ਕੋਈ। ਉਹ ਸਭ ਨੂੰ ਪਿਆਰ ਕਰਦੇ ਸਨ। ਤੂੰ ਦੇਖ ਲਈਂ ਜਿੰਨੇ ਵੱਡੇ ਮਹਾਂਪੁਰਖ ਹੋਣ, ਸਾਧ ਸੰਤ ਹੋਣ, ਭਾਵੇਂ ਵਡ ਪਰਤਾਪੀ ਰਾਜੇ ਹੋਣ, ਉਨ੍ਹਾਂ ਦੀਆਂ ਨਿਗਾਹਾਂ ਹੇਠਾਂ ਵੱਲ ਝੁਕੀਆਂ ਹੋਈਆਂ ਹੋਣਗੀਆਂ। ਪਤੈ ਕਿਉਂ? ਉਹ ਉਸ ਰਥ ਵਿਚ ਸਵਾਰ ਹਨ ਜਿਸ ਦੇ ਪਹੀਏ ਚੰਦ ਸੂਰਜ ਹਨ। ਬਹੁਤ ਉਚੀ ਥਾਂ ਤੋਂ ਦੇਖ ਰਹੇ ਹਨ ਉਹ ਆਪਾਂ ਨੂੰ। ਉਨ੍ਹਾਂ ਤੋਂ ਉਚਾ ਹੋਰ ਉਪਰ ਕੁਝ ਨਹੀਂ। ਆਪਾਂ ਨੀਵੀਂ ਥਾਂ ਤੇ ਹਾਂ। ਉਹ ਆਪਣੇ ਵੱਲ ਹੇਠਾਂ ਦੇਖ ਰਹੇ ਹਨ ਤੇ ਰੱਖਿਆ ਕਰਦੇ ਹਨ। ਬਾਬਾ ਜੀ ਨੂੰ ਆਪਾਂ ਨੀਲੇ ਦਾ ਸਵਾਰ ਇਸੇ ਕਰਕੇ



ਆਖਦੇ ਹਾਂ ਕਿ ਅਸਮਾਨ ਉਨ੍ਹਾਂ ਦਾ ਘੋੜਾ ਹੈ। ਚੰਦ ਤਾਰੇ ਧਰਤੀਆਂ ਸਭ ਉਸ ਤੋਂ ਹੇਠਾਂ ਹਨ। ਤੂੰ ਆਪ ਹਿਸਾਬ ਲਾ ਕੇ ਦੱਸ ਠੀਕ ਹੈ ਇਹ ਤਸਵੀਰ?"

ਕਿਰਪਾਲ ਸਿੰਘ ਆਰਟਿਸਟ ਨੇ ਸੋਭਾ ਸਿੰਘ ਦੀ ਉਸ ਪੇਂਟਿੰਗ ਬਾਬਤ ਜਿਹੜੀ ਗੁਰੂ ਨਾਨਕ ਦੇਵ ਜੀ ਦੀ ਬਣਾਈ ਸੀ, ਟਿੱਪਣੀ ਦਿੱਤੀ ਸੀ, "ਪੈਗੰਬਰਾਂ ਦੇ ਚਿਹਰੇ ਅਤੇ ਸਰੀਰ ਬਿਲਕੁਲ ਮੋਟੇ ਨਹੀਂ ਹੁੰਦੇ। ਗੁਰੂ ਨਾਨਕ ਦੇਵ ਜੀ ਨੇ ਤਾਂ ਦੁਨੀਆਂ ਪੈਦਲ ਗਾਹ ਦਿੱਤੀ ਤੇ ਆਖਰੀ ਉਮਰ ਹਲ ਦਾ ਮੁੰਨਾ ਹੱਥ ਫੜਿਆ। ਉਨ੍ਹਾਂ ਵਿਚ ਮੋਟਾਪਾ ਕਿਥੇ ਹੋ ਸਕਦਾ ਹੈ?"

ਬਾਪੂ ਜੀ ਦੇ ਗੰਜ ਪੈ ਚੁੱਕਾ ਹੈ ਤੇ ਗਿੱਠ ਕੁ ਵਾਲ ਪਿਛਲੇ ਅੱਧ ਵਿਚ ਰਹਿ ਗਏ ਹਨ। ਇਸ਼ਨਾਨ ਕਰਕੇ ਦੇਰ ਤੱਕ ਉਹ ਨੰਗੇ ਸਿਰ ਘੁੰਮਦੇ ਰਹੇ। ਬੇਬੇ ਨੇ ਆਵਾਜ਼ ਮਾਰੀ, "ਪੱਗ ਨਹੀਂ ਬੰਨ੍ਹੀ ਜਾਂਦੀ? ਟੈਗੋਰ ਜਾ ਬਣਿਆ ਫਿਰਦੈਂ ?" ਮੈਂ ਕਿਹਾ, "ਬੇਬੇ ਜੀ ਟੈਗੋਰ ਕੋਈ ਮਾੜਾ ਬੰਦਾ ਸੀ?" ਬੇਬੇ ਨੇ ਕਿਹਾ, "ਮਾੜੇ ਚੰਗੇ ਦੀ ਗੱਲ ਨੀ। ਟੈਗੋਰ ਟੈਗੋਰ ਸੀ। ਤੇਰਾ ਬਾਪੂ ਤੇਰਾ ਬਾਪੂ ਹੈ। ਇਹ ਨੂੰ ਕਹਿ ਪੱਗ ਬੰਨ੍ਹੇ।"

ਬਾਪੂ ਜੀ ਨੂੰ ਕਿਹਾ- ਗਰਮ ਪਾਣੀ ਬਾਲਟੀ ਵਿਚ ਪਾ ਕੇ ਗੁਸਲਖਾਨੇ ਵਿਚ ਰੱਖ। ਆਪੇ ਰਲਾਊਂਗੀ ਠੰਢਾ ਮੈਂ। ਵਧ ਠੰਢਾ ਰਲਾ ਕੇ ਤੂੰ ਪਾਣੀ ਦਾ ਲੱਕ ਤੋੜ ਦਿੰਨੈ।

ਕੁਝ ਸਾਲ ਪਹਿਲਾਂ ਸਮਦਰਸ਼ੀ ਰਸਾਲੇ ਨੇ ਪੱਛਮ ਦੀਆਂ ਕਹਾਣੀਆਂ ਦਾ ਵਿਸ਼ੇਸ਼ ਅੰਕ ਛਾਪਿਆ। ਹੁਣ ਕਹਾਣੀਕਾਰ ਅਤੇ ਕਹਾਣੀ ਦਾ ਨਾਮ ਚੇਤੇ ਨਹੀਂ। ਲਭ ਕੇ ਲਿਖਾਂਗਾ। ਕਹਾਣੀ ਯਾਦ ਹੈ। ਕਹਾਣੀ ਇਸ ਵਾਕ ਨਾਲ ਸ਼ੁਰੂ ਹੁੰਦੀ ਹੈ, "ਸ਼ੁਰੂ ਸ਼ੁਰੂ ਵਿਚ ਹੱਸਣ ਦਾ ਹੱਕ ਕੇਵਲ ਅਮੀਰਾਂ ਨੂੰ ਸੀ ਗਰੀਬਾਂ ਨੂੰ ਨਹੀਂ। ਗਰੀਬਾਂ ਨੇ ਰੱਬ ਨੂੰ ਕਿਹਾ ਕਿ ਇਹ ਹੱਕ ਸਾਨੂੰ ਵੀ ਮਿਲਣਾ ਚਾਹੀਦਾ ਹੈ। ਰੱਬ ਨੇ ਗਰੀਬਾਂ ਨੂੰ ਵੀ ਹੱਕ ਦੇ ਦਿੱਤਾ ਕਿ ਉਹ ਹੱਸ ਲਿਆ ਕਰਨ।" ਕਹਾਣੀ ਵਿਚ ਲੇਖਕ ਨਿੱਕਾ ਹੁੰਦਾ ਸਕੂਲ ਜਾਣ ਤੋਂ ਇਸ ਕਰਕੇ ਇਨਕਾਰੀ ਹੋ ਗਿਆ ਕਿਉਂਕਿ ਕਮੀਜ਼ ਇਕੋ ਹੈ ਤੇ ਉਹ ਗੰਦੀ ਹੈ। ਮਾਂ ਕੋਲ ਸਾਬਣ ਖਰੀਦਣ ਲਈ ਛੇ ਆਨੇ ਨਹੀਂ। ਜਿਵੇਂ ਜਿਵੇਂ ਉਹ ਆਲੇ ਕੁੱਜੇ ਫਰੋਲਦੀ ਹੈ, ਉਹ ਗਜ਼ਬ ਦੀਆਂ ਕਲਾਤਮਿਕ ਛੂਹਾਂ ਹਨ। ਸਾਢੇ ਚਾਰ ਆਨੇ ਮਿਲ ਗਏ। ਡੇਢ ਆਨਾ ਹੋਰ ਚਾਹੀਦਾ ਹੈ। ਇਹ ਕਿਥੋਂ ਲਿਆਈਏ? ਇਹ ਵਿਚਾਰਾਂ ਹੋ ਰਹੀਆਂ ਸਨ ਕਿ ਦਰਵਾਜੇ ਤੇ ਇਕ ਮੰਗਤਾ ਆ ਖਲੋਤਾ। ਮਾਂ ਆਖਦੀ ਹੈ," "ਬਾਬਾ ਜਦੋਂ ਆਉਨੈ ਕੁਝ ਨਾਂ ਕੁਝ ਸਰਦਾ ਬਣਦਾ ਦਿੰਦੇ ਹੀ ਹਾਂ ਤੈਨੂੰ। ਅੱਜ ਮੇਰੇ ਕੋਲ ਡੂਢ ਆਨਾ ਘੱਟ ਹੈ। ਅੱਜ ਸਾਨੂੰ ਤੂੰ ਨਹੀਂ ਦੇ ਸਕਦਾ ਇੰਨੇ ਕੁ ਪੈਸੇ?" ਮੰਗਤੇ ਨੇ ਆਪਣੇ ਡੋਲੂ ਵਿਚੋਂ ਡੇਢ ਆਨਾ ਕੱਢ ਕੇ ਮਾਂ ਨੂੰ ਦਿੱਤਾ ਤੇ ਚਲਾ ਗਿਆ। ਮਾਂ ਹੱਸ ਪਈ। ਮੈਨੂੰ ਜੱਫੀ ਵਿਚ ਲੈ ਕੇ ਦੇਰ ਤੱਕ ਹੱਸੀ ਜਾਏ ਨਾਲੇ ਆਖੀ ਜਾਏ, "ਹੋ ਗਿਆ ਨਾ ਕਮਾਲ? ਮੰਗਤੇ ਤੋਂ ਵੀ ਆਪਾਂ ਪੈਸੇ ਲੈ ਸਕਦੇ ਹਾਂ।" ਉਹ ਹਸਦੀ ਰਹੀ। ਫਿਰ ਖੰਘ ਛਿੜ ਗਈ ਤਾਂ ਮਹਿਸੂਸ ਕੀਤਾ ਜਿਵੇਂ ਮੇਰੀ ਗਰਦਣ ਉਪਰ ਕੋਈ ਗਰਮ ਗਰਮ ਤਰਲ ਵਗਿਆ ਹੋਵੇ। ਮੈਂ ਪਿਛੇ ਹਟਿਆ ਤਾਂ ਮਾਂ ਸਦਾ ਲਈ ਜ਼ਮੀਨ ਤੇ ਡਿਗ ਪਈ। ਉਹ ਫੇਫੜਿਆਂ ਦੀ ਰੋਗਣ ਸੀ ਤੇ ਮੋਢੇ ਸਮੇਤ ਮੇਰੀ ਸਾਰੀ ਬਾਂਹ ਖੂਨ ਨਾਲ ਭਰ ਗਈ ਹੋਈ ਸੀ। ਅੰਤ ਵਿਚ ਲੇਖਕ ਪੁੱਛਦਾ ਹੈ ਕਿ ਗਰੀਬਾਂ ਨੇ ਰੱਬ ਤੋਂ ਹੱਸਣ ਦਾ ਹੱਕ ਪ੍ਰਾਪਤ ਕਰਕੇ ਕੀ ਖੱਟਿਆ?

ਇਸ ਕਹਾਣੀ ਦੀਆਂ ਕੁਝ ਸਤਰਾਂ ਲਾਗੇ ਮੈਂ ਪੈਨਸਿਲ ਨਾਲ ਨਿਸ਼ਾਨੀ ਲਾਈ ਹੋਈ ਸੀ। ਇਹ ਕਹਾਣੀ ਦੋ ਕੁ ਸਾਲ ਬਾਦ ਪੰਜਾਬੀ ਟ੍ਰਿਬਿਊਨ ਨੇ ਛਾਪੀ। ਬੇਬੇ ਨੂੰ ਮਿਲਣ ਗਿਆ ਤਾਂ ਅਖਬਾਰ ਉਸ ਦੇ ਸਿਰਹਾਣੇ ਹੇਠ ਪਿਆ ਸੀ। ਇਸ ਕਹਾਣੀ ਵਿਚੋਂ ਉਸ ਨੇ ਮੈਨੂੰ ਕੁਝ ਪੰਕਤੀਆਂ ਪੜ੍ਹ ਕੇ ਸੁਣਾਈਆਂ। ਇਹ ਉਹੋ ਪੰਕਤੀਆਂ ਸਨ ਜਿਨ੍ਹਾਂ ਉਪਰ ਮੈਂ ਨਿਸ਼ਾਨੀਆਂ ਲਾਈਆਂ ਸਨ। ਮਾਂ ਕਹਿਣ ਲੱਗੀ, "ਏਸ ਵਲੈਤੀ ਬੰਦੇ ਨੇ ਤੇਰੀ ਮਾਂ ਦੀ ਕਹਾਣੀ ਲਿਖੀ ਹੈ ਪ੍ਰੋਫੈਸਰ। ਹਨ ਕਿ ਨਹੀਂ ਰੱਬ ਦੇ ਕਮਾਲ? ਨਾ ਇਹਨੇ ਮੈਂ ਦੇਖੀ ਨਾ ਭਾਲੀ, ਦੂਰ ਬੈਠੇ ਬਠਾਏ ਨੇ ਤੇਰੀ ਅਤੇ ਮੇਰੀ ਕਹਾਣੀ ਲਿਖ ਕੇ ਭੇਜ ਦਿੱਤੀ।"

ਦੁਸਹਿਰੇ ਤੋਂ ਪਹਿਲਾਂ ਕੱਚੇ ਘਰ ਦੀ ਲਿੱਪਾ ਪੋਚੀ ਦਾ ਕੰਮ ਸ਼ੁਰੂ ਹੋ ਜਾਂਦਾ। ਅਸੀਂ ਸਾਰੇ ਰਲ ਕੇ ਕੰਮ ਕਰਦੇ। ਕੰਧਾਂ ਉਪਰ ਪਾਂਡੂ ਦਾ ਪਰੋਲਾ ਫਿਰਦਾ ਤੇ ਫਰਸ਼ ਗਾਰੇ ਨਾਲ ਲਿਪਿਆ ਜਾਂਦਾ। ਕੋਈ ਗਾਰੇ ਵਿਚ ਪਾਣੀ ਪਾ ਰਿਹਾ ਹੈ, ਦੂਜਾ ਕਹੀ ਨਾਲ ਗੋਹਾ ਅਤੇ ਤੂੜੀ ਗਾਰੇ ਵਿਚ ਰਲਾ ਰਿਹਾ ਹੈ, ਕੋਈ ਚੀਜਾਂ ਵਸਤਾਂ ਪਰੇ ਪਰੇ ਕਰ ਰਿਹਾ ਹੈ ਤੇ ਕੋਈ ਲਿੱਪਣ ਵਿਚ ਮਦਦਗਾਰ ਹੈ। ਖੁਰਲੀਆਂ ਤੱਕ ਸਭ ਕੁਝ ਲਿਪਿਆ ਜਾਦਾ, ਘਰ ਦੀਆਂ ਛੱਤਾਂ ਵੀ। ਪਸ਼ੂਆਂ ਦੇ ਸਿੰਗਾਂ ਨੂੰ ਤੇਲ ਲਾ ਦਿੰਦੇ। ਚਾਰੇ ਪਾਸੇ ਸੁਗੰਧੀਆਂ। ਕੰਧਾਂ ਉਪਰ ਟੰਗਣ ਲਈ ਬਾਪੂ ਜੀ ਤਸਵੀਰਾਂ ਲਿਆਉਂਦੇ, ਰਮਾਇਣ ਦੀਆਂ, ਮਹਾਂਭਾਰਤ ਦੀਆਂ, ਗੁਰੂਆਂ ਦੀਆਂ। ਬੇਬੇ ਸਾਨੂੰ ਕਿਹਾ ਕਰਦੀ-ਇਹ ਰਮਾਇਣ ਮਹਾਂਭਾਰਤ ਦੀਆਂ ਮੂਰਤਾਂ ਨਾ ਲਿਆਇਆ ਕਰੋ। ਘਰ ਵਿਚ ਕਲੇਸ਼ ਪੈ ਜਾਂਦਾ ਹੈ ਇਨ੍ਹਾਂ ਨਾਲ। ਤੁਹਾਡੀ ਨਾਨੀ ਕਿਹਾ ਕਰਦੀ ਸੀ- ਮਹਾਂਭਾਰਤ ਚੰਗਾ ਲਗਦੈ ਪਰ ਜੇ ਕਿਸੇ ਹੋਰ ਦੇ ਘਰ ਛਿੜਿਆ ਹੋਵੇ। ਗੁਰੂ ਬਾਬੇ ਦੀ ਮੂਰਤ ਲਾ ਲਉ। ਸਾਹਿਬਜ਼ਾਦਿਆਂ ਦੀਆਂ ਮੂਰਤਾਂ ਲਾ ਲਉ। ਮਹਾਂਭਾਰਤ ਵਾਲਾ ਕਾਟੋ ਕਲੇਸ਼ ਠੀਕ ਨੀ ਹੁੰਦਾ।

ਮਹਾਂਭਾਰਤ ਦੇ ਜ਼ਿਕਰ ਤੋਂ ਗਾਂਧਾਰੀ ਯਾਦ ਆਈ। ਕੁਰੂ ਵੰਸ਼ ਦੇ ਸੌ ਬੇਟਿਆਂ ਦੀ ਮਾਂ। ਭਗਵਾਨ ਕ੍ਰਿਸ਼ਨ ਨੇ ਫੈਸਲਾ ਕੀਤਾ, ਗਾਂਧਾਰੀ ਨੂੰ ਧਰਵਾਸ ਦੇਣ ਚੱਲੀਏ। ਮਹਿਲ ਵਿਚ ਜਾ ਕੇ ਪ੍ਰਣਾਮ ਕਰਨ ਉਪਰੰਤ ਸਭ ਨੇ ਬੇਨਤੀਆਂ ਕਰਨੀਆਂ ਸ਼ੁਰੂ ਕੀਤੀਆਂ- ਸਰਾਪ ਨਾਂ ਦੇਈਂ ਗਾਂਧਾਰੀ ਮਾਂ। ਸਰਾਪ ਨਾ ਦੇਈਂ। ਗਾਂਧਾਰੀ ਨੇ ਕਿਹਾ- ਤੂੰ ਮੇਰੇ ਸੌ ਪੁਤਰਾਂ ਦਾ ਕਾਤਲ ਹੈਂ। ਸਰਾਪ ਤੋਂ ਕਿਵੇਂ ਬਚੇਂਗਾ? ਦੇਖ ਲਵੀਂ। ਤੂੰ ਅਣ-ਆਈ ਮੌਤ ਮਰੇਂਗਾ। ਤੂੰ ਲੜਾਈ ਟਾਲ ਸਕਦਾ ਸੀ। ਤੂੰ ਸਾਜ਼ਸ਼ ਰਚੀ। ਕਿਉਂ ਕੀਤੇ ਮੇਰੇ ਸੌ ਪੁੱਤਰ ਕਤਲ ਤੂੰ?

ਕ੍ਰਿਸ਼ਨ ਨੇ ਕਿਹਾ-ਗਾਂਧਾਰੀ ਤੂੰ ਸੌ ਪੁੱਤਰਾਂ ਦੀ ਮਾਂ ਹੈ। ਤੈਨੂੰ ਸੌ ਦੇ ਮਰਨ ਦਾ ਦੁਖ ਹੈ। ਪਰ ਸੌ ਨਹੀਂ ਉਥੇ ਲੱਖਾਂ ਮਰੇ, ਹੋਰ ਨਹੀਂ, ਮੈਂ ਮਰਿਆ ਸਾਂ ਲੱਖ ਵਾਰ। ਮੇਰੇ ਸੁਭਾਅ ਦਾ ਹਿੱਸਾ ਹੈ ਇਹ-ਕਦੀ ਮੈਂ ਇਕ ਤੋਂ ਲੱਖ ਹੋ ਜਾਂਦਾ ਹਾਂ, ਕਦੀ ਖੁਦ ਨੂੰ ਲੱਖ ਵਾਰ ਮਾਰਦਾ ਹਾਂ। ਬਾਰ ਬਾਰ ਇਹੀ ਕੁਝ ਕਰਦਾ ਹਾਂ।

ਛੋਟਾ ਭਰਾ ਜਸਵਿੰਦਰ ਅਤੇ ਭਰਜਾਈ ਚਰਨਜੀਤ ਬੇਬੇ ਬਾਪੂ ਜੀ ਦੀ ਸੇਵਾ ਨਿਭਾ ਰਹੇ ਹਨ। ਮੈਂ ਜਦੋਂ ਮਿਲਣ ਜਾਂਦਾ ਹਾਂ, ਮਾਂ ਦੀ ਮੰਗ ਹੁੰਦੀ ਹੈ ਕਿ ਕੋਈ ਸਾਖੀ ਸੁਣਾ ਕੇ ਜਾਵਾਂ। ਅਕਸਰ ਸਾਖੀ ਸੁਣਾ ਕੇ ਪਰਤਦਾ ਹਾਂ। ਇਕ ਦਿਨ ਵਾਪਸੀ ਲਈ ਉਠਿਆ ਤਾਂ ਬੇਬੇ ਨੇ ਕਿਹਾ, "ਸਾਖੀ ਸੁਣਾਏ ਬਗੈਰ ਕਿਵੇਂ ਜਾ ਸਕਦੈਂ?" ਮੈਂ ਕਿਹਾ, ਕੋਈ ਨਵੀਂ ਸਾਖ਼ੀ ਤਾਂ ਹੈ ਨਹੀਂ ਹੁਣ। ਬੇਬੇ ਨੇ ਕਿਹਾ-ਪੁਰਾਣੀ ਸੁਣਾ ਜਾਹ। ਮੈਂ ਕਿਹਾ ਕਿ ਸੁਣਾਈ ਹੋਈ ਸਾਖੀ ਦੁਬਾਰਾ ਸੁਣਨ ਸੁਣਾਉਣ ਦਾ ਕੀ ਲਾਭ? ਉਹ ਬੋਲੀ, "ਚਿੜੀ ਕਾਂ ਦੀ ਬੜੀ ਫਜ਼ੂਲ ਜਿਹੀ ਕਹਾਣੀ ਨਿੱਕੇ ਹੁੰਦਿਆਂ ਬਾਰ ਬਾਰ ਤੂੰ ਮੇਰੇ ਤੋਂ ਕਿੰਨੇ ਹਜ਼ਾਰ ਵਾਰ ਸੁਣੀ ਮੈਂ ਕਦੇ ਗਿਣਤੀ ਨੀਂ ਕੀਤੀ। ਇਹ ਗੁਰੂਆਂ ਦੀਆਂ ਸਾਖੀਆਂ ਤਾਂ ਬੜੀਆਂ ਮੁੱਲਵਾਨ ਹਨ। ਦੋਹਾਂ ਜਹਾਨਾਂ ਵਿਚ ਤਾਰਦੀਆਂ ਹਨ। ਇਨ੍ਹਾਂ ਸਾਖੀਆਂ ਦਾ ਪੁੰਨ, ਸੁਣਨ ਵਾਲਿਆਂ ਅਤੇ ਸੁਣਾਉਣ ਵਾਲਿਆਂ ਸਭਨਾਂ ਨੂੰ ਮਿਲਦਾ ਹੈ। ਇਹ ਕਦੀ ਪੁਰਾਣੀਆਂ ਨਹੀਂ ਹੁੰਦੀਆਂ। ਜਦੋਂ ਕੋਈ ਤੈਥੋਂ ਸਾਖੀ ਸੁਣਨ ਦਾ ਖਾਹਸ਼ਮੰਦ ਹੋਵੇ ਤਾਂ ਇਨਕਾਰ ਨਾਂ ਕਰੀਂ। ਤੈਨੂੰ ਰੱਬ ਨੇ ਵਿੱਦਿਆ ਦਿੱਤੀ ਹੈ। ਵਿਦਿਆ ਅਜਿਹੀ ਫਸਲ ਹੈ ਜਿਸ ਦੇ ਸਾਰੇ ਹੱਕਦਾਰ ਹਨ। ਜਿਹੜਾ ਮੰਗੇ, ਉਸਨੂੰ ਉਸ ਦਾ ਹੱਕ ਦੇਈਂ।"

ਗੱਲਾਂ ਕਰਦਿਆਂ ਸੁਣਦਿਆਂ ਉਪਮਾ ਅਲੰਕਾਰ ਉਸਦੇ ਮੂਹੋਂ ਸਹਿਜ ਸੁਭਾ ਉਤਰਦੇ। ਅਸੀਂ ਦੋਵੇਂ ਬੱਸ ਵਿਚ ਬੈਠੇ ਕਿਧਰੇ ਜਾ ਰਹੇ ਸਾਂ ਤਾਂ ਦੋਵਾਂ ਨੂੰ ਅੱਡੋ ਅੱਡ ਸੀਟ ਮਿਲੀ। ਥੋੜੀ ਦੇਰ ਬਾਦ ਉਹ ਆਪਣੀ ਸੀਟ ਤੋਂ ਉਠ ਕੇ ਮੇਰੀ ਸੀਟ ਉਪਰ ਨਾਲ ਹੀ ਤੰਗ ਜਿਹੀ ਹੋ ਕੇ ਬੈਠ ਗਈ। ਮੈਂ ਉਥੋਂ ਉਠ ਕੇ ਆਉਣ ਦਾ ਕਾਰਨ ਪੁੱਛਿਆ ਤਾਂ ਬੋਲੀ, "ਅਹੁ ਸੀਟ ਤੇ ਜਿਹੜਾ ਬੰਦਾ ਮੇਰੇ ਨਾਲ ਬੈਠਾ ਸੀ ਤਾਕੀ ਵਾਲੇ ਪਾਸੇ, ਉਸ ਦਾ ਮੂੰਹ ਦੇਖ। ਭੁਜੀਆ ਖਾਣ ਵੇਲੇ ਮੂੰਹ ਖੋਲ੍ਹਦਾ ਹੈ ਤਾਂ ਲੱਗਦਾ ਹੈ ਟੈਚੀਕੇਸ ਖੁਲ੍ਹ ਗਿਆ ਹੋਵੇ। ਭੁਜੀਆ ਖਾਈ



ਜਾਂਦਾ ਹੈ, ਨਾਲ ਵਾਲੇ ਨਾਲ ਗੱਲਾਂ ਵੀ ਕਰੀ ਜਾਂਦਾ ਹੈ, ਹੱਸੀ ਵੀ ਜਾਂਦਾ ਹੈ ਤਾਂ ਭੁਜੀਆ ਉਸਦੇ ਮੂੰਹ ਵਿਚੋਂ ਇਉਂ ਕਿਰਦਾ ਹੈ ਜਿਵੇਂ ਚੌਲਾਂ ਦੇ ਸ਼ੈਲਰ ਦੀ ਪਾਈਪ ਵਿਚੋਂ ਬਾਹਰ ਫੱਕ ਡਿਗਦੀ ਹੈ। ਉਥੇ ਨਹੀਂ ਬੈਠਿਆ ਜਾਂਦਾ ਮੇਰੇ ਤੋਂ। ਇਹ ਤਾਂ ਅੰਬ ਵੀ, ਬੇਰ ਵਾਂਗ ਮੂੰਹ ਵਿਚ ਪਾਉਂਦਾ ਹੋਏਗਾ, ਸਾਬਤ, ਗੁਠਲੀ ਸਣੇ।"

ਕਣਕਾਂ ਪੱਕਣ ਲੱਗਦੀਆਂ, ਬੱਦਲ ਚੜ੍ਹ ਆਉਂਦੇ। ਵਿਸਾਖ ਦੇ ਮਹੀਨੇ ਤੇਜ਼ਧਾਰ ਬਾਰਸ਼ਾਂ ਹੁੰਦੀਆਂ। ਅਸੀਂ ਆਖਦੇ-ਇਹ ਕਿਹੜੇ ਮੌਸਮ ਦਾ ਮੀਂਹ ਹੋਇਆ? ਬੇਬੇ ਆਖਦੀ- ਵਸਾਖ ਦਾ ਮਹੀਨਾ ਦੱਸਿਆ ਕਰਦਾ ਹੈ ਕਿ ਮੇਰੇ ਵਿਚ ਤੇ ਸਾਉਣ ਵਿਚ ਕੋਈ ਫਰਕ ਨਹੀਂ। ਏਨਾ ਕੁ ਫਰਕ ਹੈ ਕਿ ਮੇਰੇ ਪਿਛੇ ਤੁਰੇ ਆਉਂਦੇ ਮੇਰੇ ਪਿਛਲੱਗ ਜੇਠ ਅਤੇ ਹਾੜ੍ਹ ਖੇਹ ਉਡਾਊ ਹਨ। ਸੌਣ ਦੇ ਪਿਛੇ ਪਿਛੇ ਤੁਰੇ ਆਉਂਦੇ ਉਸਦੇ ਦੋਸਤ ਭਾਦੋਂ ਤੇ ਅੱਸੂ ਉਸੇ ਵਰਗੇ ਹਨ, ਖੌਰੂ ਪਾਊ, ਬਰਨਾ ਉਡਾਊ ਨਹੀਂ ਹਨ। ਤਾਂ ਸਾਉਣ ਦੀ ਕਦਰ ਬਣੀ। ਜਿਸ ਨੂੰ ਖੱਪੀ ਸੰਗੀ ਸਾਥੀ ਮਿਲ ਜਾਣ ਉਸਦਾ ਹਾਲ ਮਾੜਾ।

ਇਹ ਵੀ ਦੱਸਿਆ-ਸਿਆਣੇ ਬੱਦਲ ਨੂੰ ਜੱਟ ਦੀ ਕਿਸੇ ਕਰਤੂਤ ਤੋਂ ਗੁੱਸਾ ਆ ਗਿਆ ਜਿਸ ਕਰਕੇ ਉਸਨੇ ਫੈਸਲਾ ਕੀਤਾ ਕਿ ਬਰਸਣਾ ਨਹੀਂ। ਰੁਕਿਆ ਰਿਹਾ। ਇਕ ਕਮਲਾ ਬੱਦਲ ਲੰਘਿਆ ਜਾ ਰਿਹਾ ਸੀ। ਉਸ ਨੇ ਸਿਆਣੇ ਬੱਦਲ ਨੂੰ ਨਾ ਬਰਸਣ ਦਾ ਕਾਰਨ ਪੁੱਛਿਆ। ਸਿਆਣੇ ਬੱਦਲ ਨੇ ਕਿਹਾ-ਜੱਟ ਨੂੰ ਭੁੱਖਾ ਮਾਰਾਂਗੇ। ਨਾ ਬਰਸਾਂਗੇ, ਨਾ ਬਿਜਾਈ ਹੋਏਗੀ ਨਾ ਫਸਲ ਹੋਏਗੀ, ਕਾਲ ਪਏਗਾ। ਕਮਲਾ ਬੱਦਲ ਬੋਲਿਆ-ਜੇ ਇਹ ਗੱਲ ਹੈ ਤਾਂ ਮੈਂ ਬਰਸਦਾ ਹਾਂ। ਜਿੰਨੇ ਦਾਣੇ ਜੱਟ ਦੇ ਘਰ ਅੰਦਰ ਪਏ ਹਨ, ਉਹ ਖੇਤਾਂ ਵਿਚ ਜਾਕੇ ਬੀਜ ਦਏਗਾ। ਜੇ ਇਕ ਮੀਂਹ ਵੀ ਨਾ ਪਿਆ ਫੇਰ ਤਾਂ ਇਹ ਦਾਣੇ ਉਸਦੇ ਕੰਮ ਆ ਜਾਣਗੇ। ਬਾਹਰੋਂ ਨਹੀਂ ਦੇਣਾ ਨਾ ਸਹੀ, ਅੰਦਰਲਾ ਅੰਨ ਕਢਵਾਉਣ ਵਾਸਤੇ ਇਕ ਵਾਰ ਤਾਂ ਬਰਸਣ ਦੇਹ।

ਉਦੋਂ ਦਾ ਭਾਈ ਜੱਟ ਸਿਆਣਾ ਹੋ ਗਿਆ ਹੈ। ਹੁਣ ਇਕ ਅੱਧੇ ਬੱਦਲ ਦੇ ਬਰਸਣ ਤੋਂ ਤੁਰੰਤ ਬਾਦ ਆਪਾਂ ਕੋਈ ਨੀਂ ਦਾਣੇ ਖੇਤ ਵਿਚ ਖਿੰਡਾਉਂਦੇ।

ਸਰਦੀਆਂ ਵਿਚ ਬਰਫਾਨੀ ਠੱਕਾ ਚਲਦਾ। ਅਸੀਂ ਬੱਚੇ ਰਾਤ-ਬਰਾਤੇ ਘਰੋਂ ਨਿਕਲਣ ਲਗਦੇ ਤਾਂ ਉਹ ਇਨ੍ਹਾਂ ਸ਼ਬਦਾਂ ਨਾਲ ਵਰਜਦੀ-"ਟਿਕ ਕੇ ਬੈਠੋ। ਬਾਹਰ ਹਵਾ ਭਟਕ ਚੁੱਕੀ ਹੈ।" ਠੰਢੇ ਪਾਣੀ ਨਾਲ ਮੂੰਹ ਧੋਂਦੀ ਆਖਦੀ-"ਸਿਆਲ ਵਿੱਚ ਪਾਣੀ ਗੋਲੀ ਵਾਂਗ ਵਜਦਾ ਹੈ।" ਸਾਨੂੰ ਦੱਸਿਆ ਕਰਦੀ, ਘਬਰਾਹਟ ਵਿੱਚ ਇੰਨੀ ਉਲਝਣ ਹੋ ਜਾਇਆ ਕਰਦੀ ਹੈ ਕਿ ਪਤਾ ਨਹੀਂ ਲਗਦਾ ਕੀ ਕਰੀਏ। ਪਰਾਂਤ ਖੋਈ ਜਾਵੇ ਤਾਂ ਮੈਂ ਘੜਿਆਂ ਵਿੱਚ ਹੱਥ ਮਾਰਦੀ ਲੱਭਦੀ ਫਿਰਦੀ ਹਾਂ।" ਕੋਈ ਗੁਆਂਢਣ ਵਿਅੰਗ ਕਰਦੀ ਤਾਂ ਉਸ ਨੂੰ ਕਰਾਰ ਜਵਾਬ ਵਿਅੰਗ ਵਿਚ ਹੀ ਮਿਲਦਾ। ਔਰਤਾਂ ਹੱਸਣ ਲਗਦੀਆਂ ਤਾਂ ਆਪਣੇ ਮੋਢੇ ਉਤੇ ਥਾਪੀ ਦੇ ਕੇ ਆਖਦੀ- ਸ਼ੇਰ ਮਾਰਨ ਜੋਗੀ ਨਾ ਸਹੀ, ਇਹ ਸੋਟੀ ਭਾਂਡੇ ਭੰਨਣ ਜੋਗੀ ਤਾਂ ਹੈ ਅਜੇ।

ਇਕ ਵਾਰ ਵੱਡੀਆਂ ਦੋਵੇਂ ਭਰਜਾਈਆਂ ਬੇਬੇ ਜੀ ਦੇ ਦੁਆਲੇ ਹੋ ਗਈਆਂ ਕਿ ਸਾਡੇ ਕਿਸੇ ਕੰਮ ਨਹੀਂ ਆਉਂਦਾ ਪ੍ਰੋਫੈਸਰ। ਜਦੋਂ ਪੜ੍ਹਿਆ ਕਰਦਾ ਸੀ, ਕਿਹਾ ਕਰਦਾ ਸੀ, ਸਾਰੇ ਕੰਮ ਕਰਾਂਗਾ ਤੁਹਾਡੇ। ਤੁਹਾਡੇ ਬੱਚਿਆਂ ਨੂੰ ਪੜ੍ਹਾਵਾਂਗਾ ਵੀ ਨੌਕਰੀਆਂ ਵੀ ਲੁਆਵਾਂਗਾ। ਹੁਣ ਗੱਲ ਨਹੀਂ ਕਰਦਾ। ਮਾਂ ਨੇ ਕਿਹਾ, "ਉਦੋਂ ਇਹ ਕਮਜ਼ੋਰ ਸੀ। ਨਿਆਣਾ ਸੀ। ਤੁਸੀਂ ਤਕੜੀਆਂ ਸਉ। ਪੁਲਸ ਦੀ ਮਾਰ ਹੇਠ ਆਇਆ ਬੰਦਾ ਐਵੇਂ ਮੰਨੀ ਜਾਇਆ ਕਰਦਾ ਹੈ ਜੋ ਮਰਜ਼ੀ ਮਨਾ ਲਉ। ਕਰਨਾ ਕਰਾਉਣਾ ਕੀ ਹੈ ਇਹਨੇ ਕਿਸੇ ਦਾ ਹੁਣ? ਡਰਦਾ ਮਾਰਿਆ ਇਕਰਾਰ ਕਰੀ ਜਾਂਦਾ ਸੀ। ਹੁਣ ਨੀਂ ਦਵਾਲ ਇਹ ਕਿਸੇ ਨੂੰ ਕੁਝ।" ਇਕ ਦਿਨ ਕਹਿਣ ਲੱਗੀ, "ਕਿੰਨੇ ਪਾਪੀ ਹੋ ਗਏ ਨੇ ਤੇਰੇ ਪਿੰਡ ਦੇ ਲੋਕ। ਮੋਰਾਂ ਨੂੰ ਮਾਰ ਕੇ ਖਾ ਜਾਂਦੇ ਹਨ। ਮੁਰਗਾਬੀਆਂ ਤਾਂ ਕੀ ਕੂੰਜਾਂ ਨੂੰ ਵੀ ਨਹੀਂ ਛੱਡਦੇ। ਕੋਈ ਉਚੀ ਦੇ ਕੇ ਮੋਰ ਵਾਂਗ "ਕਿਆਕੋ" ਕਹਿ ਦਏ ਤਾਂ ਦੜੈਂ ਗੋਲੀ ਮਾਰ ਦੇਣ ਇਹ। ਗਿਰਝਾਂ ਤਾਂ ਰਹੀਆਂ ਨੀਂ ਹੁਣ। ਇਹ ਹੱਡਾਰੋੜੀ ਵਿਚ ਕਿਉਂ ਨਹੀਂ ਜਾ ਬੈਠਦੇ ਮੁਰਦਾਰ ਖਾਣ?"

ਮਾਂ ਦੀ ਉਮਰ ਨੱਬੇ ਸਾਲ ਦੀ ਹੋ ਗਈ ਹੈ। ਪੰਦਰਾਂ ਸਾਲ ਦੀ ਉਮਰ ਵਿਚ ਉਹ ਮੇਰੇ ਪਿੰਡ ਆਈ। ਹੁਣ ਤੱਕ ਮੇਰਾ ਪਿੰਡ ਉਸ ਦਾ ਪਿੰਡ ਨਹੀਂ ਬਣਿਆ। ਉਸ ਦਾ ਪਿੰਡ ਉਹੀ ਹੈ ਜਿਥੇ ਉਸ ਦਾ ਜਨਮ ਹੋਇਆ। ਗੱਲਾਂ ਕਰਦਿਆਂ ਹਮੇਸ਼ ਇਹੀ ਆਖਦੀ- ਤੇਰੇ ਪਿੰਡ ਮੈਂ ਇਉਂ ਕੀਤਾ।

ਪਿੰਡ ਕਿਸੇ ਕੰਮ ਕਿਸੇ ਦੇ ਘਰ ਗਈ। ਆ ਕੇ ਕਹਿਣ ਲੱਗੀ, "ਬੜਾ ਵੱਡਾ ਟੱਬਰ ਹੈ ਉਨ੍ਹਾਂ ਦਾ।" ਮੈਂ ਪੁੱਛਿਆ, "ਤੁਸੀਂ ਕਿਥੋਂ ਦੇਖ ਲਿਆ ਸਾਰਾ ਟੱਬਰ?" ਬੇਬੇ ਨੇ ਕਿਹਾ, ਟੱਬਰ ਦੇਖ ਕੇ ਕੀ ਕਰਨਾ ਸੀ। ਕਰਤਾਰ ਕੁਰ ਰੋਟੀਆਂ ਪਕਾਉਂਦੀ ਦੇਖੀ। ਵੱਡੀ ਪਰਾਂਤ ਵਿਚ ਗੁਨ੍ਹਿਆ ਹੋਇਆ ਆਟਾ ਇਉਂ ਲਗਦਾ ਸੀ ਜਿਵੇਂ ਭੇਡ ਮਾਰ ਕੇ ਲਿਟਾਈ ਹੋਵੇ।"

ਪਾਰਲੀਮੈਂਟ ਦੀ ਚੋਣ ਦੇ ਨਤੀਜੇ ਆਏ। ਬੇਬੇ ਨੇ ਪੁੱਛਿਆ, "ਕਿਸ ਦੀ ਸਰਕਾਰ ਬਣੀ ਹੈ?" ਮੈਂ ਕਿਹਾ, "ਕਿਸੇ ਦੀ ਨਹੀਂ। ਪੂਰੀ ਸੰਮਤੀ ਕਿਸੇ ਦੀ ਨਹੀਂ ਬਣੀ। ਕੰਮ ਚਲਾਊ ਸਰਕਾਰ ਬਣੀ ਹੈ।" ਬੇਬੇ ਨੇ ਕਿਹਾ, "ਏਸ ਦੇਸ਼ ਵਿਚ ਹੁਣ ਕੰਮ-ਚਲਾਊ ਸਰਕਾਰਾਂ ਬਣਨਗੀਆਂ। ਕੰਮ-ਚਲਾਊ ਸਰਕਾਰ ਉਸਨੂੰ ਕਹਿੰਦੇ ਹਨ ਜਿਹੜੀ ਤੋਂ ਕੰਮ ਨਾ ਚੱਲ ਸਕਦਾ ਹੋਵੇ।"

ਨੌਂਵੀਂ ਜਮਾਤ ਵਿਚ ਪੜ੍ਹਦਿਆਂ ਮੈਂ ਇਕ ਦਿਨ ਕਿਹਾ, "ਬੇਬੇ ਲੱਗਦਾ ਹੈ ਮੇਰਾ ਕੱਦ ਹੁਣ ਹੋਰ ਨਹੀਂ ਵਧੇਗਾ। ਜਿੰਨਾ ਵਧਣਾ ਸੀ ਵਧ ਗਿਆ।" ਉਸਨੈ ਕਿਹਾ, "ਜੇ ਸਾਧ ਮਤਾ ਰਖੇਂ ਤਾਂ ਹੋਰ ਵੀ ਵਧੇਂ। ਸਾਧੂਆਂ ਵਰਗਾ ਸੁਭਾ ਬਣਾ।"

ਬੈਠਿਆਂ ਗੱਲਾਂ ਕਰਦਿਆਂ ਇਕ ਦਿਨ ਕਹਿਣ ਲੱਗੀ, "ਤੁਸੀਂ ਸਾਰੇ ਭੈਣ ਭਾਈ ਪੜ੍ਹਨ ਵਚ ਮਿਹਨਤੀ ਨਿਕਲੇ ਤਾਂ ਤੁਹਾਨੂੰ ਤਰੱਕੀਆਂ ਕਰਦਿਆਂ ਦੇਖ ਕੇ ਇਕ ਵਾਰ ਤਾਂ ਪਿੰਡ ਦੇ ਮੁੰਡਿਆਂ ਨੇ ਡੰਗਰ ਚਾਰਨ ਵਾਲੀਆਂ ਸੋਟੀਆਂ ਤੇ ਕੁੜੀਆਂ ਨੇ ਗੋਹਾ ਸੁੱਟਣ ਵਾਲੇ ਟੋਕਰੇ ਵਗਾਹ ਕੇ ਕਿਤਾਬਾਂ ਚੁੱਕ ਲਈਆਂ ਸਨ, ਪਰ ਪੰਜ ਪੰਜ ਚਾਰ ਚਾਰ ਸਾਲ ਲਾ ਕੇ ਜਦੋਂ ਦੇਖ ਲਿਆ ਬਈ ਗੱਲ ਬਣ ਨਹੀਂ ਰਹੀ ਤਾਂ ਸੋਟੀਆਂ ਫੇਰ ਹੱਥਾਂ ਵਿਚ ਅਤੇ ਟੋਕਰੇ ਫੇਰ ਸਿਰਾਂ ਉਪਰ ਜਾ ਟਿਕੇ।"

ਪਤਾ ਲਗਦਾ ਕਿ ਕਿਸੇ ਗਵਾਂਢੀ ਨੇ ਆਪਣੀ ਜਨਾਨੀ ਉਪਰ ਹੱਥ ਚੁਕਿਆ ਹੈ ਤਾਂ ਉਲਾਂਭਾ ਦੇਣ ਉਸਦੇ ਘਰ ਜਾਂਦੀ। ਆਖਦੀ- ਵੇ ਧਰਤੀ ਨੂੰ ਕੁੱਟ ਲਿਆ ਜੇਹਾ ਜਨਾਨੀ ਨੂੰ ਕੁੱਟ ਲਿਆ, ਇਸ ਵਿਚ ਕਾਹਦੀ ਸੂਰਮਗਤੀ? ਕੋਈ ਹੈ ਨੀ ਸਰਮ ਹਯਾ ਤੈਨੂੰ? ਡੋਬ ਦਏਂਗਾ ਏਸ ਗਊ ਦਾ ਹਉਕਾ। ਰੋਟੀ ਪਕਦੀ ਬੁਰੀ ਲੱਗਣ ਲੱਗੀ ਤੈਨੂੰ? ਬੇ ਸਰਮ।

ਰੁਮਾਲੇ ਵਿਚ ਪੰਜ ਗ੍ਰੰਥੀ ਪੇਟੀ ਵਿਚ ਤੇ ਗੁਟਕਾ ਰੁਮਾਲ ਵਿਚ ਵਲੇਟ ਕੇ ਉਚੇ ਆਲੇ ਵਿੱਚ ਰਖਦੀ। ਮਤਲਬ ਨਹੀਂ ਕਿ ਹੱਥ ਧੋਏ ਬਗੈਰ ਕੋਈ ਛੂਹ ਸਕੇ। ਪਜਾਮਾ ਖਰਾਬ ਨਾ ਹੋਏ, ਬੈਠਣ ਲੱਗਿਆਂ ਅਖ਼ਬਾਰ ਜਾਂ ਕਿਸੇ ਰਸਾਲੇ ਨੂੰ ਹੇਠ ਧਰ ਕੇ ਬੈਠ ਜਾਂਦੇ ਤਾਂ ਝਿੜਕਾਂ ਪੈਂਦੀਆਂ- ਅਕਲ ਮਾਰੀ ਗਈ? ਵਿੱਦਿਆ ਨੀਵੀਂ ਥਾਂ ਤੇ ਰੱਖੀਦੀ ਹੈ? ਅਸੀਂ ਹਸਦੇ-ਕੀ ਹੋ ਗਿਆ ਮਾਂ। ਇਹ ਕਿਹੜਾ ਬਾਣੀ ਹੈ। ਫਜ਼ੂਲ ਦੇ ਵਰਕੇ ਹਨ। ਉਹ ਆਖਦੀ- ਅੱਖਰ ਤੋਂ ਵੱਡਾ ਕੋਈ ਧਨ ਨਹੀਂ। ਪਤੈ? ਗੁਰੂਆਂ ਨੇ ਤਪਸਿਆ ਕੀਤੀ ਤਾਂ ਰੱਬ ਨੇ ਉਨ੍ਹਾਂ ਦੀ ਝੋਲੀ ਅੱਖਰਾਂ ਨਾਲ ਭਰੀ। ਅਕਲ ਤੋਂ ਕੰਮ ਲਉ ਅਕਲ ਤੋਂ।

ਚਚੇਰਾ ਭਰਾ ਗੁਰਤੇਜ ਬਹੁਤ ਸ਼ਰਾਬ ਪੀਣ ਲੱਗ ਪਿਆ ਤੇ ਸਮਝਾਉਣ ਦੇ ਬਾਵਜੂਦ ਨਾ ਹਟਿਆ ਤਾਂ ਮੌਤ ਹੋ ਗਈ, ਬੇਬੇ ਨੂੰ ਖੱਬਰ ਦੱਸੀ ਤਾਂ ਹਉਕਾ ਲੈ ਕੇ ਕਹਿਣ ਲੱਗੀ, "ਲੋਕਾਂ ਨੂੰ ਪਤਾ ਨਹੀਂ ਲਗਦਾ ਇਹ ਸੰਸਾਰ ਤੇਜ ਅੱਗ ਦੀ ਤਰ੍ਹਾਂ ਹੈ। ਇਸ ਵਿਚ ਘਾਹ ਫੂਸ ਲੱਕੜ ਤਿੰਬੜ ਸਭ ਜਲ ਕੇ ਰਾਖ ਹੋ ਜਾਂਦਾ ਹੈ, ਪਰ ਜਿਹੜਾ ਸੋਨਾ ਹੁੰਦਾ ਹੈ, ਉਹ ਇਸ ਅੱਗ ਵਿਚ ਖਤਮ ਹੋਣ ਦੀ ਥਾਂ ਹੋਰ ਨਿਖਰ ਜਾਂਦਾ ਹੈ।"

ਕੋਈ ਵੱਡਾ ਜੋਖਮ ਭਰਿਆ ਕੰਮ ਛੇੜਨ ਵੇਲੇ ਜਦੋਂ ਅਸੀਂ ਮਾਂ ਨਾਲ ਖਤਰਿਆਂ ਬਾਰੇ ਗੱਲ ਕਰਦੇ ਤਾਂ ਉਹ ਆਖਦੀ, "ਮੱਖੀਆਂ ਦੇ ਡੰਗ ਤੋਂ ਡਰਦਿਆਂ ਆਦਮੀ ਨੇ ਮਖਿਆਲ ਖਾਣਾ ਨੀਂ ਛਡਿਆ। ਦੁਲੱਤੇ



ਮਾਰਦੀਆਂ ਗਾਵਾਂ ਦਾ ਦੁੱਧ ਚੋਣੋਂ ਹਟ ਜਾਂਦੇ ਹਾਂ? ਕਦੀ ਕਿਹਾ ਹੈ ਕਿਸੇ ਨੇ ਕਿ ਏਨੀ ਤੂੜੀ ਵਿਚੋਂ ਕੌਣ ਦਾਣੇ ਕੱਢਦਾ ਫਿਰੇ? ਖੇਤ ਏਸ ਕਰਕੇ ਨਹੀਂ ਵਾਹਣ ਜਾਵਾਂਗੇ ਕਿ ਕੰਡਿਆਈ ਬੜੀ ਹੈ? ਕਿਲੇ ਦੀ ਕੰਧ ਵਾਂਗ ਜਮੀਆਂ ਹੋਈਆਂ ਰੋਹੀਆਂ ਤੋੜ ਕੇ ਤਿਆਰ ਕੀਤੀ ਜ਼ਮੀਨ ਦੇ ਅੰਨ ਦੀ ਰੋਟੀ ਪਕਾ ਕੇ ਖਾਧੀ ਹੈ ਅਸਾਂ। ਤੁਸੀਂ ਮਾੜੇ ਕੁ ਖਤਰੇ ਤੋਂ ਘਬਰਾ ਗਏ? ਜੁਆਨੀ ਦੇ ਦਿਨੀ ਏਨੀ ਤਾਕਤ ਹੋਇਆ ਕਰਦੀ ਸੀ, ਏਨਾ ਹੌਸਲਾ ਕਿ ਪਿਆਸ ਲੱਗੀ ਹੈ ਫੇਰ ਕੀ ਹੋਇਆ ਜੇ ਪਾਣੀ ਨਹੀਂ। ਖੂਹ ਪੁੱਟੋ ਤੇ ਪਾਣੀ ਪੀਓ। ਔਖੀ ਚੀਜ਼ ਹੈ ਕਿਹੜੀ ਜੇ ਰੱਬ ਸਾਥ ਦੇਵੇ? ਭਰੋਸਾ ਰੱਖੋ ਗੁਰੂ ਤੁਹਾਡੇ ਅੰਗ ਸੰਗ ਹੈ।"

ਛੋਟੇ ਬੇਟੇ ਦਾ ਨਾਮ ਸੁਖਨਬੀਰ ਹੈ। ਚਾਰ ਸਾਲ ਦੇ ਨੂੰ ਨਾਲ ਲੈ ਕੇ ਪਿੰਡ ਚਲਾ ਗਿਆ। ਉਸਨੂੰ ਬੇਬੇ ਕੋਲ ਛੱਡ ਕੇ ਮੈਂ ਕਿਸੇ ਕੰਮ ਨਿਕਲ ਗਿਆ ਤੇ ਸਵੇਰ ਦਾ ਗਿਆ ਸ਼ਾਮੀ ਪਰਤਿਆ। ਬੇਬੇ ਨੇ ਦੱਸਿਆ, "ਤੇਰਾ ਮੁੰਡਾ ਅੱਜ ਮੈਂ ਮੌਕੇ ਤੇ ਫੜ ਲਿਆ। ਮੈਨੂੰ ਗਾਲਾਂ ਦੇ ਰਿਹਾ ਸੀ ਇਕੱਲਾ ਬੈਠਾ। ਮੈਂ ਆਈ ਤਾਂ ਉਸਨੂੰ ਪਤਾ ਨਾ ਲੱਗਾ, ਮੇਰੇ ਵੱਲ ਪਿੱਠ ਸੀ, "ਗੰਦੀ ਬੇਬੇ, ਹਰਾਮਣ ਬੇਬੇ ਪਤਾ ਨੀਂ ਕਿਧਰ ਗਈ।" ਮੈਂ ਪੁਛਿਆ, "ਉਏ ਕਿਉਂ ਗਾਲ੍ਹਾਂ ਕੱਢ ਰਿਹਾ ਹੈਂ ਮੈਨੂੰ?" ਉਸ ਨੇ ਕਿਹਾ, "ਤੁਹਾਨੂੰ ਨਹੀਂ, ਮੈਂ ਤਾਂ ਕੰਧ ਨੂੰ ਗਾਲ੍ਹਾਂ ਦੇ ਰਿਹਾ ਸੀ।" ਮੈਂ ਪੁਛਿਆ, ਕੰਧ ਨੂੰ ਕਿਉਂ ਦਿੰਦਾ ਸੀ ਗਾਲ੍ਹਾਂ? ਇਸ ਨੇ ਕਿਹਾ, "ਮੈਨੂੰ ਭੁੱਖ ਲੱਗੀ। ਕੰਧ ਨੇ ਰੋਟੀ ਨਹੀਂ ਦਿੱਤੀ। ਹੋਰ ਕੀ ਕਰਦਾ? ਗਾਲ੍ਹਾਂ ਦਿੱਤੀਆਂ।" ਮੈਂ ਸੁਖਨਬੀਰ ਨੂੰ ਝਿੜਕਣ ਹੀ ਲੱਗਾ ਸਾਂ ਕਿ ਮਾਂ ਨੇ ਮੈਨੂੰ ਕਿਹਾ, "ਸੁਣ। ਤੇਰੀ ਪਿੱਠ ਪਿਛੇ ਕੋਈ ਗਾਲ੍ਹਾਂ ਦੇਵੇ ਤਾਂ ਧਿਆਨ ਨਾ ਦੇਈਂ। ਲੋਕ ਰੱਬ ਨੂੰ ਨਹੀਂ ਛੱਡਦੇ ਤੂੰ ਕੀ ਚੀਜ਼ ਹੈਂ। ਕੀ ਪਤਾ ਗਾਲ੍ਹਾਂ ਦੇਣ ਵਾਲਾ ਸੱਚਾ ਹੋਵੇ। ਜੇ ਉਹ ਆਖੇ, ਤੈਨੂੰ ਨਹੀਂ, ਦਰਖਤ ਨੂੰ ਗਾਲ ਦਿੱਤੀ ਹੈ ਤਾਂ ਇਹੋ ਸੱਚ ਮੰਨੀ ਕਿ ਦਰਖਤ ਨੂੰ ਗਾਲ੍ਹ ਦਿੱਤੀ ਹੈ, ਮੈਨੂੰ ਨਹੀਂ।"

ਮੈਂ ਪੁਛਿਆ, ਇਹ ਸਭ ਕੁਝ ਮੈਨੂੰ ਕਿਉਂ ਸਮਝਾਇਆ ਜਾ ਰਿਹਾ ਹੈ? ਤਾਂ ਉਹ ਬੋਲੀ, "ਇਸ ਕਰਕੇ ਕਿ ਥੋਡੇ ਸਾਰੇ ਭੈਣ ਭਰਾਵਾਂ ਉਪਰ ਗੁਰੂ ਦਇਆਵਾਨ ਹੈ। ਤੁਸੀਂ ਚੜ੍ਹਤ ਵਿਚ ਹੋ। ਕਿਹੜੀ ਤਾਕਤ ਅਤੇ ਸ਼ਾਨ ਹੋਰ ਹੈ ਜਿਹੜੀ ਤੁਹਾਨੂੰ ਨਹੀਂ ਮਿਲੀ? ਅਜੇ ਹੋਰ ਮਿਲੇਗੀ। ਜਿਹੜੇ ਇਸ ਤਾਕਤ ਤੋਂ ਖਾਲੀ ਹਨ, ਦੁਖੀ ਹਨ, ਮੰਦਾ ਚੰਗਾ ਬੋਲਣ ਦਾ ਹੱਕ ਉਨ੍ਹਾਂ ਦਾ ਹੈ ਤੇਰਾ ਨਹੀਂ।"

ਇਹੋ ਜਿਹੀ ਗੱਲ ਬਾਪੂ ਨੇ ਕਹੀ ਸੀ ਜਦੋਂ ਮੈਂ ਕਾਲਜ ਦਾ ਵਿਦਿਆਰਥੀ ਸਾਂ। ਮੈਂ ਇਕ ਦਿਨ ਬਹੁਤ ਗੁੱਸੇ ਵਿਚ ਆ ਗਿਆ। ਕੋਈ ਗੱਲ ਅਜਿਹੀ ਹੋ ਗਈ ਸੀ। ਚਾਚੇ ਨੇ ਗਿਣ ਮਿਥ ਕੇ ਕੋਈ ਨੁਕਸਾਨ ਕੀਤਾ ਸੀ ਜਿਸ ਕਰਕੇ ਮੈਂ ਕਰੋਧ ਵਿਚ ਸਾਂ। ਬਾਪੂ ਜੀ ਕਹਿਣ ਲੱਗੇ, "ਗਰਮ ਨਹੀਂ ਹੋਈਦਾ।" ਮੈਂ ਕਿਹਾ, "ਕਿਉਂ ਨਹੀਂ ਹੋਈਦਾ ਗਰਮ? ਜਿਸ ਨੂੰ ਗੁੱਸਾ ਨਹੀਂ ਆਉਂਦਾ, ਉਹ ਕੋਈ ਬੰਦਾ ਹੈ? ਬੰਦੇ ਨੂੰ ਗੁੱਸਾ ਆਏਗਾ ਤੇ ਔਣਾ ਚਾਹੀਦਾ ਹੈ।" ਬਾਪੂ ਜੀ ਨੇ ਕਿਹਾ, "ਤੂੰ ਮੇਰੇ ਨਾਲ ਲੁਹਾਰ ਦੀ ਆਹਰਨ ਤੇ ਜਾਂਦਾ ਰਿਹੈਂ। ਤੂੰ ਦੇਖਿਆ ਹੋਣਾ ਹੈ ਲੋਹਾ ਗਰਮ ਹੁੰਦਾ ਹੈ ਤੇ ਲੁਹਾਰ ਠੰਢਾ, ਤਾਂ ਲੁਹਾਰ ਦੀ ਮਰਜ਼ੀ ਚਲਦੀ ਹੈ। ਜੇ ਲੋਹਾ ਠੰਢਾ ਹੋਵੇ ਤੇ ਲੁਹਾਰ ਗਰਮ ਹੋਵੇ ਤਾਂ ਲੋਹੇ ਦੀ ਮਰਜ਼ੀ ਚਲੇਗੀ। ਗਰਮ ਨਾ ਹੋਇਆ ਕਰ। ਜੇ ਬਾਦਸ਼ਾਹੀ ਕਰਨੀ ਹੈ ਤਾਂ ਤੈਸ਼ ਵਿਚ ਨਹੀਂ ਆਉਣਾ। ਜੇ ਗੁਲਾਮੀ ਕਰਨੀ ਹੈ ਤਾਂ ਤੇਰੀ ਮਰਜ਼ੀ। ਗੁਰੂ ਕਲਗੀਧਰ ਬਾਬਾ ਜੀ ਯੁੱਧ ਦੇ ਮੈਦਾਨ ਵਿਚ ਵੀ ਠੰਢੇ ਰਹਿੰਦੇ ਸਨ ਤੇ ਠੰਢ ਵਰਤਾਉਂਦੇ ਸਨ।"

ਹਜ਼ਰਤ ਮੁਹੰਮਦ ਸਾਹਿਬ ਆਪਣੇ ਉਸ ਪਿਆਰੇ ਦੇ ਘਰ ਪੁੱਜੇ ਜਿਸਦੇ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਜੁਆਨ ਨੇ ਦੇਖਿਆ ਕਿ ਧਰਵਾਸ ਦੇਣ ਵੇਲੇ ਪੈਗ਼ੰਬਰ ਉਦਾਸ ਸਨ। ਜੁਆਨ ਨੇ ਕਿਹਾ, "ਜੀ ਮੈਂ ਸਾਧਾਰਨ ਬੰਦਾ ਹਾਂ। ਮੇਰੇ ਮਾਪੇ ਨਹੀਂ ਰਹੇ ਤਾਂ ਮੇਰਾ ਦੁਖੀ ਹੋਣਾ ਵਾਜਬ ਹੈ। ਤੁਸੀ ਬੇਅੰਤ ਵੱਡੇ ਹੋ। ਤੁਸੀਂ ਕਿਉਂ ਉਦਾਸ ਹੋਏ?" ਪੈਗ਼ੰਬਰ ਨੇ ਫੁਰਮਾਇਆ, "ਮਾਪੇ ਲਗਾਤਾਰ ਅੱਲਾਹ ਦੇ ਦਰਬਾਰ ਅੱਗੇ ਫਰਿਆਦ ਕਰਦੇ ਹਨ ਕਿ ਸਾਡੀ ਸੰਤਾਨ ਸੁਖੀ ਰਹੇ। ਉਹ ਹਮੇਸ਼ਾਂ ਆਖਦੇ ਹਨ-"ਯਾ ਖੁਦਾ, ਸਾਡਾ ਬੱਚਾ ਅਜੇ ਛੋਟਾ ਹੈ। ਇਸ ਨੂੰ ਸਮਝ ਨਹੀਂ। ਇਸ ਦੇ ਗੁਨਾਹ ਬਖ਼ਸ਼। ਇਸ ਦੇ ਗੁਨਾਹਾਂ ਦੀ ਸਜ਼ਾ ਸਾਨੂੰ ਦੇ ਦੇਹ

ਬੇਸ਼ਕ, ਇਸ ਮਾਸੂਮ ਉਪਰ ਮਿਹਰਬਾਨ ਰਹੀਂ। ਤੇਰੀ ਬੰਦਗੀ ਕਰਦੇ ਹਾਂ ਪਿਤਾ ਤਾਂ ਉਸਦਾ ਸਿਲਾ ਇਨ੍ਹਾਂ ਬੱਚਿਆਂ ਨੂੰ ਮਿਲੇ।” ਮਾਪਿਆਂ ਦੀ ਖੁਸ਼ੀ ਕਾਇਮ ਰਹੇ, ਇਸ ਲਈ ਅੱਲਾਹ ਉਨ੍ਹਾਂ ਦੇ ਬੱਚਿਆਂ ਨੂੰ ਮਾਫ਼ ਕਰਦਾ ਰਹਿੰਦਾ ਹੈ। ਤੇਰੇ ਗੁਨਾਹ ਆਪਣੇ ਸਿਰ ਲੈਣ ਵਾਸਤੇ ਹੁਣ ਤੇਰਾ ਕੋਈ ਨਹੀਂ। ਮਾਪਿਆਂ ਤੋਂ ਬਗੈਰ ਹੋਰ ਕੋਈ ਨਹੀਂ ਜਿਹੜਾ ਇਹੋ ਜਿਹੀਆਂ ਦੁਆਵਾਂ ਦੇ ਕੇ ਬਲਾਵਾਂ ਆਪ ਆਪਣੇ ਸਿਰ ਲਵੇ। ਤੇਰਾ ਇਕ ਮਜ਼ਬੂਤ ਕਿਲਾ ਟੁੱਟ ਗਿਆ ਹੈ। ਹੁਣ ਤੇਰੇ ਉਪਰ ਸਖਤ ਵਕਤ ਆ ਗਿਆ ਹੈ। ਹੁਣ ਤੈਨੂੰ ਬਹੁਤ ਨੇਕ ਬਣਨਾ ਪਵੇਗਾ। ਆਪਣੇ ਕੰਮਾਂ ਦਾ ਹੁਣ ਤੂੰ ਆਪ ਜ਼ਿੰਮੇਵਾਰ ਹੋਵੇਂਗਾ। ਯਤੀਮ ਬੱਚਿਆਂ ਨੂੰ ਦੇਖ ਕੇ ਮੈਂ ਇਸ ਲਈ ਉਦਾਸ ਹੋ ਜਾਂਦਾ ਹਾਂ ਕਿ ਕੀ ਇਹ ਵਿਚਾਰੇ ਜ਼ਿੰਦਗੀ ਦਾ ਭਾਰ ਆਪੇ ਚੁੱਕੇ ਲੈਣਗੇ? ਪਰ ਅੱਲਾਹ ਮਿਹਰਬਾਨ ਹੈ। ਉਹ ਆਪਣੇ ਬੱਚਿਆਂ ਦੇ ਸਿਰ ਤੇ ਏਨਾ ਬੋਝ ਨਹੀਂ ਰੱਖਦਾ ਕਿ ਚੁੱਕ ਨਾ ਸਕਣ। ਤਾਕਤਵਰ ਹੈ। ਉਹ ਤੈਨੂੰ ਤੌਫੀਕ ਬਖ਼ਸ਼ੇਗਾ। ਹੌਸਲਾ ਰੱਖ। ਤੈਨੂੰ ਨੇਕੀ ਕਰਨੀ ਪਵੇਗੀ। ਬੰਦਗੀ ਕਰਨੀ ਪਵੇਗੀ।”

ਮੇਰੀ ਕੁਲੀਗ ਪ੍ਰੋਫ਼ੈਸਰ ਭਾਸਵਤੀ ਸਿਨਹਾ ਦੀ ਮਾਤਾ ਦਾ ਦੇਹਾਂਤ ਪਹਿਲਾਂ ਹੋ ਗਿਆ ਸੀ ਕਈ ਸਾਲ ਹੋਏ, ਪਿਤਾ ਜੀ ਹੁਣ ਗੁਜ਼ਰੇ ਹਨ। ਅਸੀਂ ਉਨ੍ਹਾਂ ਦੇ ਘਰ ਅਫਸੋਸ ਕਰਨ ਗਏ ਤਾਂ ਉਹ ਹਉਕਾ ਲੈ ਕੇ ਬੋਲੇ, “ਪੰਨੂ ਭਾਈ, ਅਬ ਹਮ ਅਨਾਥ ਹੋ ਗਏ ਹੈਂ। ਸਮਝਤੇ ਹੋ ਨਾ ਇਸ ਸ਼ਬਦ ਦਾ ਅਰਥ? ਮਾਤਾ ਪਿਤਾ ਹੋਤੇ ਹੈਂ ਤੋ ਹਮਾਰੇ ਨਾਕ ਮੇਂ ਨਕੇਲ ਹੋਤੀ ਹੈ, ਵੁਹ ਖੀਂਚ ਕਰ ਹਮੇਂ ਠੀਕ ਰਾਸਤੇ ਪਰ ਲੇ ਆਤੇ ਹੈਂ। ਹਮ ਭਟਕਤੇ ਨਹੀਂ ਕਿਉਂਕਿ ਨੱਥ ਉਨਕੇ ਹਾਥ ਮੇਂ ਹੋਤੀ ਹੈ। ਬੇਮੁਹਾਰ ਘੂੰਮੇਂਗੇ ਹਮ ਇਧਰ ਉਧਰ। ਅਬ ਅਪਨਾ ਰਾਸਤਾ ਖੁਦ ਢੂੰਡਨਾ ਪੜੇਗਾ। ਅਨਾਥ ਹੈਂ ਹਮ ਅਬ।”

ਛੋਟਾ ਭਰਾ ਜਸਵਿੰਦਰ ਬੰਦਗੀ ਕਰਨ ਵਾਲਿਆਂ ਵਾਂਗ ਬਿਰਧ ਮਾਪਿਆਂ ਦੀ ਸੇਵਾ ਕਰਦਾ ਹੈ। ਹਰ ਖੁਸ਼ੀ ਗਮੀ ਅਤੇ ਤਿੱਥ ਤਿਉਹਾਰ ਵਕਤ ਅਸੀਂ ਸਾਰੇ ਜਣੇ ਉਸਦੀ ਕੋਠੀ ਜਾ ਪੁਜਦੇ ਹਾਂ। ਰੌਣਕਾਂ, ਖੁਸ਼ੀਆਂ ਅਤੇ ਮਿਲਾਪਾਂ ਦਾ ਮੇਲਾ ਲਗ ਜਾਂਦਾ ਹੈ। ਇਸ ਮੇਲੇ ਵਿਚੋਂ ਜਦੋਂ ਅਸੀਂ ਵਿਦਾ ਹੋ ਕੇ ਘਰੋ ਘਰੀ ਜਾਣ ਲੱਗਦੇ ਹਾਂ ਤਾਂ ਜਸਵਿੰਦਰ ਹੌਲੀ ਦੇ ਕੇ ਪੁਛਿਆ ਕਰਦਾ ਹੈ, “ਜਦੋਂ ਬੇਬੇ ਬਾਪੂ ਨਾ ਰਹੇ, ਉਦੋਂ ਵੀ ਆਇਆ ਕਰੋਗੇ ਹੁਣ ਵਾਂਗ?”

ਜਿਨ੍ਹਾਂ ਬੱਚਿਆਂ ਨੂੰ ਮਾਂ ਦਾ ਪਿਆਰ ਨਸੀਬ ਨਹੀਂ ਹੋਇਆ ਉਹ ਕਿਹੋ ਜਿਹੇ ਹੁੰਦੇ ਹੋਣਗੇ? ਪਾਠਕ ਜੀ ਜੀਨ ਜੈਕ ਰੂਸੋ ਦੀ ਆਪਬੀਤੀ (ਕਨਫੈਸ਼ਨਜ਼) ਪੜ੍ਹੋ। ਜਨਮ ਦੇ ਕੇ ਉਸਦੀ ਮਾਂ ਤੁਰ ਗਈ। ਲਿਖਦਾ ਹੈ- ਬਾਪੂ ਦੱਸਿਆ ਕਰਦਾ ਸੀ, ਗਵਾਂਢਣਾ ਵੀ, ਮੇਰੀ ਮਾਂ ਸੁਹਣੀ ਬਹੁਤ ਸੀ। ਬਾਪੂ ਨੂੰ ਏਨਾ ਪਿਆਰ ਕਰਦੀ ਸੀ ਕਿ ਗਰੀਬੀ ਦੇ ਬਾਵਜੂਦ ਉਸ ਨੂੰ ਚੰਗੀ ਨੌਕਰੀ ਕਰਨ ਪਰਦੇਸ ਜਾਣ ਤੋਂ ਰੋਕ ਦਿੱਤਾ। ਬਾਪੂ ਦੁਕਾਨ ਉਪਰ ਘੜੀਆਂ ਠੀਕ ਕਰਦਾ ਹੁੰਦਾ। ਚਾਰ ਪੰਜ ਸਾਲ ਦਾ ਮੈਂ ਉਸ ਕੋਲ ਬੈਠਾ ਗੱਲਾਂ ਸੁਣਦਾ। ਬਾਪੂ ਆਖਦਾ-ਮੈਂ ਤੇਰੀ ਮਾਂ ਦੀ ਗੱਲ ਮੰਨ ਕੇ ਦੂਰ ਨਹੀਂ ਗਿਆ ਸੀ। ਉਹ ਕਿਉਂ ਗਈ ਫੇਰ? ਅਸੀਂ ਦੋਵੇਂ ਰੋਣ ਲੱਗ ਜਾਂਦੇ। ਕਿਸੇ ਦਿਨ ਫੇਰ ਬਾਪੂ ਮੈਨੂੰ ਆਖਦਾ-ਰੂਸੋ, ਤੇਰੀ ਮੰਮੀ ਦੀਆਂ ਗੱਲਾਂ ਕਰੀਏ? ਮੈਂ ਉਤਰ ਦਿੰਦਾ- ਨਹੀਂ ਪਾਪਾ। ਮੰਮੀ ਦੀਆਂ ਗੱਲਾਂ ਨਹੀਂ ਕਰਨੀਆਂ। ਫੇਰ ਆਪਾਂ ਰੋਣ ਲੱਗ ਜਾਵਾਂਗੇ। ਮੇਰੀ ਏਨੀ ਕੁ ਗੱਲ ਦੇਰ ਤਕ ਸਾਨੂੰ ਦੋਵਾਂ ਨੂੰ ਰੁਆਉਣ ਲਈ ਕਾਫੀ ਹੁੰਦੀ। ਨਾਗਸੈਨ ਨੇ ਮੈਨੂੰ ਪੁੱਛਿਆ-“ਕੀ ਇਹੋ ਜਿਹੀ ਮਾਂ ਵੀ ਦੇਖੀ ਜਿਸ ਨੇ ਵਿਆਹ ਕੇ ਤੋਰਨ ਵੇਲੇ ਧੀ ਨੂੰ ਸਿਖਿਆ ਦਿੱਤੀ ਮਹਿਲਾਂ ਵਿਚ ਵਸੀਂ ਭਾਵੇਂ ਪਰ ਇਕ ਕੋਨਾ ਆਪਣੇ ਰੱਖੀਂ ਜਿਹੜਾ ਤੇਰਾ ਹੋਵੇ। ਜਿਥੇ ਇਕੱਲੀ ਬੈਠ ਕੇ ਤੂੰ ਆਰਾਮ ਨਾਲ ਰੋ ਸਕੇਂ ਤੇ ਕੋਈ ਦੇਖੇ ਨਾਂ। ਪਲਕਾਂ ਹੇਠ ਹੰਝੂ ਤੇ ਪੱਲੇ ਹੇਠਾਂ ਦੁੱਧ ਛੁਪਾ ਕੇ ਰੱਖੀਂ” ਟੈਗੋਰ- ਵਰਖਾ ਦੀਆਂ ਬੂੰਦਾਂ ਨੇ ਧਰਤੀ ਨੂੰ ਚੁੰਮਿਆਂ ਤੇ ਹੌਲੀ ਦੇਣੀ ਕਿਹਾ- ਅਸੀਂ ਤੇਰੇ ਤੋਂ ਵਿਛੜੀਆਂ ਤੇਰੀਆਂ ਬੱਚੀਆਂ ਹਾਂ ਤੇ ਸੁਰਗਾਂ ਤੋਂ ਮੁੜ ਕੇ ਆਈਆਂ ਹਾਂ। ਸਾਨੂੰ ਆਪਣੀ ਗੋਦ ਵਿਚ ਸਮਾਏਂਗੀ ਮਾਂ?



ਇਸ ਕਥਾ ਦਾ ਅੰਤ ਕਿਵੇਂ ਕਰੀਏ? ਸਿਖੀ ਦੀਆਂ ਗੱਲਾਂ ਤਾਂ ਕਰ ਲਈਆਂ। ਪੁਰਾਣ ਦਾ ਕੋਈ ਮੰਤਰ ਠੀਕ ਰਹੇਗਾ ਕਿ ਬੋਧਵਾਕ? ਦੋਵੇਂ ਠੀਕ ਹਨ। ਤੁਸੀਂ ਦੇਖ ਲੈਣ ਅਜਮਾ ਕੇ, ਜਿਵੇਂ ਮਰਦ ਧਰਮਾਂ ਵਿਚਕਾਰ ਬਖੇੜਾ ਕਰਦੇ ਹਨ, ਔਰਤਾਂ ਨਹੀਂ ਕਰਦੀਆਂ। ਮਾਵਾਂ ਦੀਆਂ ਝੋਲੀਆਂ ਏਨੀਆਂ ਵੱਡੀਆਂ ਹਨ ਕਿ ਉਨ੍ਹਾਂ ਵਿਚ ਸਭ ਧਰਮ ਟਿਕ ਕੇ ਸੌਂ ਜਾਂਦੇ ਹਨ ਆਰਾਮ ਨਾਲ। ਖਹਿਬੜਦੇ ਨਹੀਂ।

ਲਓ ਜੀ ਸੁਣੋ ਰਿਸ਼ੀ-ਕਥਨ- ਤੂੰ ਜਿਸ ਮਰਜ਼ੀ ਦੇਸ ਵਿਚ ਜਾਹ। ਜਿਸ ਮਰਜ਼ੀ ਯੁੱਗ ਵਿਚ ਛੁਪਣ ਦਾ ਯਤਨ ਕਰ। ਤੇਰੇ ਕਰਮ ਤੈਨੂੰ ਮਿਲਣਗੇ। ਹਜਾਰ ਗਾਵਾਂ ਵਿਚੋਂ ਵੱਛਾ ਜਿਵੇਂ ਆਪਣੀ ਮਾਂ ਨੂੰ ਲੱਭ ਲੈਂਦਾ ਹੈ, ਤੇਰੇ ਕਰਮ ਤੈਨੂੰ ਲੱਭ ਲੈਣਗੇ ਹਰ ਥਾਂ।

ਕਦੀ ਮਿਰਚਾਂ ਤੋੜਦੀ ਫਿਰਦੀ ਖੇਤ ਵਿਚ, ਕਦੀ ਕਪਾਹ ਚੁਗਦੀ। ਕਿਤੇ ਵਛਰੂਆਂ ਦੀਆਂ ਬੂਥੀਆਂ ਪਲੋਸ ਰਹੀ ਕਿਤੇ ਮੱਝਾਂ ਨੂੰ ਥਾਪੀ ਦੇ ਰਹੀ। ਫਟੇ ਪੁਰਾਣੇ ਟਾਕੀਆਂ ਵਾਲੇ ਖੱਦਰ ਦੇ ਕੱਪੜੇ ਪਾਈ, ਮਿਟੀ ਘੱਟੇ ਵਿਚ ਲਥਪਥ ਉਹ ਕਦੀ ਝਾੜੂ ਦਿੰਦੀ ਦਿਸਦੀ ਕਦੀ ਪਾਥੀਆਂ ਪੱਥਦੀ। ਅਨੁਰੁੱਧ ਨੇ ਇਹ ਬੋਧ-ਵਾਕ ਢਾਈ ਹਜ਼ਾਰ ਸਾਲ ਪਹਿਲਾਂ ਲਿਖਿਆ, “ਸੱਚ ਨੇ ਜਦੋਂ ਫੈਸਲਾ ਕੀਤਾ ਕਿ ਮੈਂ ਪ੍ਰਗਟ ਹੋਵਾਂ ਤਾਂ ਮਿੱਟੀ ਘੱਟੇ ਅਤੇ ਚਿੱਕੜ ਵਿਚ ਲਿੱਬੜ ਕੇ ਉਸ ਨੇ ਏਨੀ ਰੋਸ਼ਨੀ ਛੱਡੀ ਕਿ ਸਾਰੇ ਸੰਸਾਰ ਜਗਮਗ-ਜਗਮਗ ਕਰਨ ਲੱਗੇ। ਬ੍ਰਹਿਮੰਡ ਚਾਨਣ ਦੇ ਹੜ੍ਹ ਵਿਚ ਨਹਾਤਾ।”

ਪਤਾ : ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਫੋਨ ਨੰ: (ਦ) 0175-304-6469, 6468 (ਘਰ)- 228 2832

**ਨਵੀਂ ਸ਼ਿਲਪ ਵਿਧੀ ਵਰਤਣ ਵਾਲੇ ਚਰਚਿਤ ਕਹਾਣੀਕਾਰ ਬਲੀਜੀਤ ਦਾ ‘ਸੌ ਗੱਲਾਂ’ ਤੋਂ ਬਾਅਦ ਨਵਾਂ ਕਹਾਣੀ ਸੰਗ੍ਰਹਿ**

**ਇਬਾਰਤਾਂ**




ਪਾਠਕ ਨੇ ਆਪਣੇ ਮੂਡ, ਤਜਰਬੇ, ਉੱਚਾਈ, ਡੂੰਘਾਈ ਨਾਲ ਲਿਖਤ ਨੂੰ ਪੜ੍ਹਨਾ ਸੁਣਨਾ ਸਮਝਣਾ ਤੇ ਮਾਣਨਾ ਹੁੰਦਾ। ਮੈਂ ਪਿੱਛੇ ਹਟਦਾ ਹਾਂ। ਕਿਉਂਕਿ ਇਹ ਕਹਾਣੀਆਂ ਖ਼ੁਦ ਓਹਦੇ ਸਾਹਮਣੇ ਪੇਸ਼ ਹੋ ਕੇ ਆਪਣੀ ਗੱਲ ਆਪ ਕਰਨਗੀਆਂ। ਉਂਜ ਵੀ ਮੈਂ ਆਪਣੇ ਬੱਚੇ ਬੱਚੀਆਂ ਦੀ ਉਂਗਲੀ ਕਿੰਨੀ ਕੁ ਦੇਰ ਤੱਕ ਫੜ ਕੇ ਰੱਖ ਸਕਦਾ ਹਾਂ। ਪਾਠਕ ਘੱਟ ਹੋਣ। ਬਹੁਤ ਹੀ ਥੋੜ੍ਹੇ ਹੋਣ। ਪਰ ਚੰਗੇ, ਸੁਹਿਰਦ ਹੋਣ। ਇਸ ਸਮੇਂ ਇਹ ਯਾਦ ਕਰਦਿਆਂ ਮੈਨੂੰ ਬੜੀ ਸੰਗ ਆਉਂਦੀ ਐ ਕਿ ਇਸ ਤੋਂ ਪਹਿਲਾਂ ਮੈਂ *ਸੌ ਗੱਲਾਂ* ਨਾਓਂ ਹੇਠ ਦਸ ਕਹਾਣੀਆਂ ਦੀ ਪਹਿਲੀ ਕਿਤਾਬ ਲਿਖੀ ਸੀ। ਹੱਥਲੀਆਂ ਕਹਾਣੀਆਂ ਵਿੱਚ ਜੋੜ ਕੇ ਇਹ ਵੀਹ ਬਣ ਜਾਂਦੀਆਂ ਹਨ ਤਾਂ ਵੀ ਮੈਂ ਸਾਹਿਤ ਦੇ ਕਿਸੇ ਰੂਪ, ਗੱਦ, ਗਲਪ ਸ਼ਾਇਰੀ ਨਾਲ ਸੰਬੰਧਿਤ ਕਿਸੇ ਸੁਆਲ ਦਾ ਜੁਆਬ ਨਹੀਂ ਦੇ ਸਕਦਾ।

-ਬਲੀਜੀਤ

*ਮੁੱਲ :150, ਪੰਨੇ :127*

***ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ***

## ਆ ਭੈਣੇ ਚਲੀਏ ! / ਗੁਰਮੇਲ ਮਡਾਹੜ

ਕਈ ਵਾਰ ਮੈਂ ਸੋਚਦਾ ਹਾਂ ਕਿ ਆਖਰ ਉਹ (ਕਰਤਾਰ ਕੌਰ) ਮੇਰੀ ਕੀ ਲਗਦੀ ਸੀ? ਮਾਂ, 'ਭੈਣ' ਜਾਂ ਸ਼ਰੀਕਣ ? ਇਸ ਸਵਾਲ ਬਾਰੇ ਵਾਰ ਵਾਰ ਸੋਚਣ-ਵਿਚਾਰਨ ਮਗਰੋਂ ਵੀ ਇਸ ਦਾ ਕੋਈ ਸਾਰਥਿਕ ਉਤਰ ਮੈਨੂੰ ਅਜੇ ਤਕ ਨਹੀਂ ਮਿਲਿਆ।

ਭਾਵੇਂ ਮੈਂ ਕਰਤਾਰ ਕੌਰ ਦੀ ਕੁੱਖੋ ਹੀ ਪੈਦਾ ਹੋਇਆ, ਉਸ ਦੀ ਗੋਦੀ ਵਿਚ ਪਲਿਆ, ਖੇਡਿਆ, ਜਵਾਨ ਹੋਇਆ ਪਰ ਫੇਰ ਵੀ ਮੈਂ ਉਸਨੂੰ ਸਾਰੀ ਉਮਰ ਮਾਂ ਨਾ ਸਵੀਕਾਰ ਕਰ ਸਕਿਆ ਅਤੇ ਨਾ ਹੀ ਉਸਨੇ ਮੈਨੂੰ ਪੁੱਤ ਕਹਿਕੇ ਹਿੱਕ ਨਾਲ ਲਾਇਆ। ਸਾਡੇ ਰਿਸਤਿਆਂ ਨੂੰ ਗੁੰਝਲਦਾਰ ਬਨਾਉਣ ਵਿਚ ਮੇਰੇ ਨਾਨਕਿਆਂ ਦਾ ਪੂਰਾ ਯੋਗਦਾਨ ਰਿਹਾ ਹੈ। ਮੇਰੇ ਬਾਪੂ ਜੀ ਸ੍ਰ: ਸਾਧੂ ਸਿੰਘ ਜੀਂਦ ਇਨਫੈਂਟਰੀ ਵਿਚ ਜਮਾਦਾਰ ਦੇ ਔਹਦੇ ਤੇ ਕੰਮ ਕਰਦੇ ਸੀ ਤੇ ਮੇਰਾ ਜਨਮ ਨਾਨਕੇ ਪਿੰਡ ਉਭਾਵਾਲ ਸ੍ਰ: ਜੀਵਾ ਸਿੰਘ ਸ਼ੌਕੀਨ ਦੇ ਘਰ ਹੋਇਆ। ਜੰਮਦੇ ਨੂੰ ਮਾਂ ਦਾ ਦੁੱਧ ਮਾਫਕ ਨਾ ਆਇਆ। ਜਿਸ ਕਰਕੇ ਡਾਕਟਰ ਦੇ ਕਹਿਣ ਉਤੇ ਉਸ ਦਾ ਦੁੱਧ ਛੁਡਾ ਦਿਤਾ ਗਿਆ। ਨਾਨਕੇ ਘਰ ਰਹਿੰਦਾ ਤਾਂ ਆਪ ਤੋਂ ਤਿੰਨ ਸਾਲ ਵੱਡੇ ਮਾਮੇ ਮਹਿੰਦਰ ਸਿੰਘ ਦੀ ਜਗ੍ਹਾ ਨਾਨੀ ਦਾ ਦੁੱਧ ਚੁੰਘਦਾ, ਜੇ ਮਿਲਟਰੀ ਛਾਉਣੀ ਵਿਚ ਹੁੰਦਾ ਤਾਂ ਬਾਪੂ ਜੀ ਨੂੰ ਉਸਦੇ ਘੋੜੇ ਦੀ ਸਫਾਈ ਕਰਨ ਲਈ ਮਿਲੇ ਦਲਿਤ ਕਰਮਚਾਰੀ ਸ੍ਰ: ਮੱਘਰ ਸਿੰਘ ਦੀ ਪਤਨੀ ਰੂੜੀ ਦਾ, ਜਿਸ ਦੀ ਕੁੜੀ ਗੁਰਮੇਲ ਕੌਰ ਮੇਰੇ ਤੋਂ ਸਿਰਫ ਛੇ ਮਹੀਨੇ ਵੱਡੀ ਸੀ। ਇਸ ਤਰ੍ਹਾਂ ਸਾਡੀ ਮਾਂ-ਪੁੱਤ ਦੇ ਆਪਸੀ ਮੋਹ ਦੀ ਤੰਦ ਕਦੇ ਨਾ ਜੁੜ ਸਕੀ।

ਮਾਂ-ਬਾਪ, ਪੰਜ ਭਾਈਆਂ (ਕਰਤਾਰ ਸਿੰਘ, ਗੁਲਜ਼ਾਰ ਸਿੰਘ, ਨਰ ਸਿੰਘ , ਬਲਵੰਤ ਸਿੰਘ ਤੇ ਮਹਿੰਦਰ ਸਿੰਘ) ਦੋ ਭਰਜਾਈਆਂ(ਗੁਰਦੇਵ ਕੌਰ ਤੇ ਮਹਿੰਦਰ ਕੌਰ) ਤੇ ਇਕ ਛੋਟੀ ਭੈਣ ਨਛੱਤਰ ਕੌਰ ਨੂੰ (ਗੱਲ ਕੀ ਦੱਸ ਜੀਆਂ ਦੇ ਵੱਡੇ ਪ੍ਰਵਾਰ ਨੂੰ) ਛੱਡ ਕੇ ਉਸਦਾ ਇਕੱਲੀ ਦਾ ਛਾਉਣੀ ਵਿਚ ਦਿਲ ਨਾ ਲਗਦਾ। ਇਸ ਲਈ ਅਸੀਂ ਬਹੁਤਾ ਉਭਾਵਾਲ ਹੀ ਰਹਿੰਦੇ ਤੇ ਬਾਪੂ ਜੀ ਰਸਾਲੇ ਵਿਚ। ਨਾਨੀ ਦਾ ਦੁੱਧ ਚੁੰਘਣ ਕਰਕੇ ਮੈਂ ਜਿਉਂ-ਜਿਉਂ ਸੁਰਤ ਸੰਭਾਲਦਾ ਗਿਆ, ਤਿਉਂ-ਤਿਉਂ ਮੇਰਾ ਮਾਮਿਆਂ ਦੀ ਰੀਸੀ ਨਾਨੀ ਨੂੰ ਬੇਬੇ, ਮਾਮਿਆਂ ਨੂੰ ਬਾਈ ਤੇ ਮਾਂ ਨੂੰ ਭੈਣ ਕਹਿਕੇ ਬੁਲਾਉਣਾ ਪੱਕਦਾ ਗਿਆ। ਮਾਮੀਆਂ ਦਾ ਨਾਂ ਲੈਂਦਾ। ਮੇਰਾ ਤੇ ਮੇਰੀ ਮਾਂ ਦਾ ਇਹ ਭੈਣ ਭਾਈ ਵਾਲਾ ਰਿਸ਼ਤਾ ਸਾਰੀ ਉਮਰ ਉਸਦੇ ਮਰਨ ਤਕ ਚਲਦਾ ਰਿਹਾ।

ਪਹਿਲਾਂ ਪਹਿਲ ਸੰਗਰੂਰ ਸਾਡੇ ਘਰ ਆਉਣ ਵਾਲੇ ਹੈਰਾਨ ਹੁੰਦੇ ਜਦ ਮੈਂ ਆਪਣੇ ਬਾਪੂ ਜੀ ਨੂੰ ਬਾਪੂ ਜੀ ਕਹਿਕੇ ਸੰਬੋਧਨ ਕਰਦਾ ਤੇ ਮਾਂ ਨੂੰ "ਨੀ ਭੈਣੇ"। ਮੇਰਾ ਛੋਟਾ ਭਾਈ ਜਗਮੇਲ ਸਿੰਘ ਉਸਨੂੰ ਬੀਬੀ ਕਹਿੰਦਾ। ਸਾਡੇ ਇਸ ਰਿਸ਼ਤੇ ਬਾਰੇ ਜਦ ਕੋਈ ਪੁਛਦਾ ਤਾਂ ਮੇਰੀ ਮਾਂ ਤਾਂ ਹੱਸਕੇ ਇਹੋ ਕਹਿ ਦਿੰਦੀ,"ਮੇਰਾ ਛੋਟਾ ਭਾਈ ਐ" ਪਰ ਬਾਪੂ ਜੀ ਸਾਰੀ ਗੱਲ ਸਪਸ਼ਟ ਕਰ ਦਿੰਦੇ। ਲੋਕਾਂ ਦੀ ਇਸ ਪੁੱਛਗਿੱਛ ਤੋਂ ਤੰਗ ਆਕੇ ਜੇ ਮੈਂ ਉਸ ਨੂੰ ਜਗਮੇਲ ਦੀ ਤਰ੍ਹਾਂ ਬੀਬੀ ਕਹਿਕੇ ਬੁਲਾਉਦਾ ਤਾਂ ਉਹ ਕੋਈ ਉਤਰ ਨਾ ਦਿੰਦੀ। ਜੇ "ਨੀ ਭੈਣੇ" ਕਹਿ ਕੇ ਬੁਲਾਉਂਦਾ ਤਾਂ ਝੱਟ ਬੋਲ ਪੈਂਦੀ। ਇਸ ਲਈ ਮੈਨੂੰ ਉਸ ਨੂੰ "ਨੀਂ ਭੈਣੇ" ਵਾਲਾ ਸੰਬੋਧਨ ਹੀ ਕਰਨਾ ਜਾਰੀ ਰਖਣਾ ਪਿਆ। ਪਰ ਇਕ ਵਾਰ ਉਹ ਆਪਣੀ ਸਹੇਲੀ ਨੂੰ ਦਸ ਰਹੀ ਸੀ,"ਭੈਣ ਜੀ ਮੈਂ ਅਜੇ ਅਠਾਰਾਂ ਸਾਲ ਦੀ ਮਸਾਂ ਹੋਈ ਸੀ, ਚੱਜ ਨਾਲ ਸੁਰਤ ਵੀ ਨਹੀਂ ਸੰਭਾਲੀ ਸੀ ਕਿ ਵਿਆਹ ਦਿਤੀ। ਵੀਹ ਸਾਲ ਦੀ ਦੇ ਗੁਰਮੇਲ ਹੋ ਗਿਆ। ਇਹ ਤਾਂ ਚੰਗਾ ਹੋਇਆ ਕਿ ਮੇਰੀ ਰੱਬ ਨੇ ਸੁਣ ਲਈ ਜਿਹੜਾ ਇਹਨੂੰ



ਮੇਰਾ ਦੁੱਧ ਮਾਫਕ ਨਾ ਆਇਆ। ਬੇਬੇ ਤੇ ਰੂੜੀ ਨੇ ਆਪੇ ਪਾਲ ਦਿਤਾ, ਨਹੀਂ ਮੈਨੂੰ ਇਹਨੂੰ ਚੁਕਦੀ ਨੂੰ ਵੀ ਘਰਦਿਆਂ ਦੇ ਸਾਹਮਣੇ ਸੰਗ ਲਗਦੀ ਸੀ। ਦੁੱਧ ਚੁੰਘਾਉਣਾ, ਖਿਡਾਉਣਾ, ਪਿਆਰ ਕਰਨਾ, ਪੁੱਤ ਕਹਿਕੇ ਬੁਲਾਉਣਾ ਤਾਂ ਕਿਤੇ ਦੂਰ ਦੀ ਗੱਲ ਰਹੀ। ਮੈਂ ਤਾਂ ਸੰਗਦੀ ਨੇ ਪਿੰਡ ਘਰਦਿਆਂ ਦੇ ਸਾਹਮਣੇ ਗੁਰਮੇਲ ਦੇ ਬਾਪੂ ਜੀ ਨੂੰ ਕਦੇ ਨਹੀਂ ਬੁਲਾਇਆ ਸੀ।"

ਉਞ ਮੇਰੇ ਆਪਨੀ ਕੋਈ ਸਕੀ ਭੈਣ ਨਹੀਂ ਸੀ। ਜਿਸ ਕਰਕੇ ਉਹ ਮੇਰੇ ਬਚਪਨ ਤੋਂ ਹੀ ਹਰ ਰਖੜੀ ਵਾਲੇ ਦਿਨ ਮੇਰੇ ਰਖੜੀ ਬੰਨਦੀ, ਦੁਸੈਹਰੇ ਵਾਲੇ ਦਿਨ ਤਾਜੀ ਅੰਗੂਰੀ ਪੱਗ ਰੰਗਵਾ ਕੇ, ਮਾਵਾ ਦਵਾ ਕੇ, ਮੇਰੇ ਉਹ ਪੱਗ ਬੰਨਕੇ, ਉਸ ਵਿਚ ਜੌਂ ਟੰਗਦੀ।

ਆਪਣੇ ਪ੍ਰੀਵਾਰ ਤੇ ਤਾਂ ਹਰ ਔਰਤ ਹਕੂਮਤ ਕਰ ਲੈਂਦਾ ਹੈ ਪਰ ਉਹ ਤਾਂ ਆਪਣੇ ਪੇਕਿਆਂ ਉਤੇ, ਆਪਨੀ ਛੋਟੀ ਭੈਣ ਦੇ ਪ੍ਰੀਵਾਰ ਉਤੇ ਮੇਰੀਆਂ ਭੂਆ ਉਤੇ ਵੀ ਹਕੂਮਤ ਜਾ ਕਰਦੀ ਸੀ। ਉਸਦੇ ਪੇਕੇ ਤੇ ਭੈਣ ਦੇ ਸਹੁਰੇ ਤਾਂ ਉਸ ਦੀ ਹਕੂਮਤ ਝਲ ਲੈਂਦੇ ਪਰ ਮੇਰੀਆਂ ਛੇ ਭੂਆਂ ਚੋਂ ਕਿਸੇ ਇਕ ਨੇ ਵੀ ਉਸਦੀ ਹਕੂਮਤ ਨਾ ਬਰਦਾਸ਼ਤ ਕੀਤੀ ਜਿਸ ਕਰਕੇ ਉਹ ਉਨ੍ਹਾਂ ਨਾਲੋਂ ਹਮੇਸ਼ਾ ਦੇ ਲਈ ਟੁੱਟ ਗਈ। ਹਕੂਮਤ ਕਰਨੀ, ਆਪਣੀ ਗੱਲ ਮੂਹਰੇ ਰਖਣੀ , ਜੋ ਗੱਲ ਮੂੰਹੋਂ ਨਿਕਲ ਗਈ ਉਹ ਪੂਰੀ ਕਰਵਾ ਕੇ ਹਟਣਾ, ਉਸਦੇ ਸੁਭਾਅ ਦਾ ਬਹੁਤ ਹੀ ਅਹਿਮ ਪੱਖ ਸੀ। ਮੇਰੇ ਨਾਨਕੇ ਘਰ ਮੇਰੀ ਨਾਨੀ ਦੀ ਪੂਰੀ ਪੁਗਦੀ ਸੀ ਤੇ ਨਾਨੀ ਨੂੰ ਉਹ ਜਾਨ ਤੋਂ ਪਿਆਰੀ ਸੀ। ਇਸ ਕਰਕੇ ਉਸ ਘਰ ਦੇ ਸਾਰੇ ਜੀਅ ਡਰਦੇ ਮਾਰੇ ਉਸ ਅੱਗੇ ਪਾਣੀ ਭਰਦੇ। ਜੇ ਕੋਈ ਜਰਾ ਕੁ ਕੁਸਕ ਜਾਂਦਾ ਤਾਂ ਦੋਵੇਂ ਮਾਵਾਂ ਧੀਆਂ ਅਗਲੇ ਦੀ ਖਾਟ ਖੜ੍ਹੀ ਕਰ ਦਿੰਦੀਆਂ। ਜਿਸ ਕਰਕੇ ਉਸ ਦਾ ਇਹ ਸੁਭਾਅ ਸਾਡੇ ਦੋਹੇ ਪ੍ਰੀਵਾਰਾਂ ਉਤੇ ਜਿਉਂ ਦਾ ਤਿਉਂ ਲਾਗੂ ਹੁੰਦਾ ਰਿਹਾ। ਮੇਰੀ ਘਰਵਾਲੀ ਜਸਵੰਤ ਕੌਰ ਤਾਂ ਉਸ ਨਾਲ ਸੰਯੁਕਤ ਪ੍ਰੀਵਾਰ ਵਿਚ ਕਿਸੇ ਨਾ ਕਿਸੇ ਤਰ੍ਹਾਂ ਤੇਰਾਂ ਸਾਲ ਕੱਟ ਗਈ ਤੇ ਵੱਖ ਹੋਣ ਤੋਂ ਮਗਰੋਂ ਵੀ ਉਸ ਦਾ ਰੋਭ ਝਲਦੀ ਰਹੀ ਪਰ ਮੇਰੀ ਬਹੁਤ ਹੀ ਨਰਮ ਸੁਭਾਅ ਦੀ ਭਰਜਾਈ ਤੇ ਛੋਟੇ ਭਾਈ ਲਈ ਉਸ ਦਾ ਇਹ ਸੁਭਾਅ ਬਹੁਤ ਹੀ ਕਸ਼ਟ ਦਾਇਕ ਰਿਹਾ। ਉਸ ਦੇ ਸੁਭਾਅ ਦੇ ਨਾਲ-ਨਾਲ ਉਸ ਦੀਆਂ ਟੰਗਾਂ ਵੀ ਬਹੁਤ ਤਕੜੀਆਂ ਅਤੇ ਉਸ ਦੀ ਜ਼ਰੂਰਤ ਅਨੁਸਾਰ ਵਧ ਜਾਣ ਵਾਲੀਆਂ ਸੀ। ਉਭਾਵਾਲ ਕਿਸੇ ਵੀ ਭਾਈ ਦੇ ਜਾਂ ਸੇਰੋਂ ਮੇਰੀ ਮਾਸੀ ਦੇ ਘਰ ਕੋਈ ਵੀ ਚੰਗਾ-ਮਾੜਾ ਉਤਸਵ ਹੁੰਦਾ, ਉਸ ਦੀ ਲੱਤ ਝਟ ਉਥੇ ਜਾ ਅੜਦੀ। ਹਰ ਕੰਮ ਉਸ ਦੇ ਕਹੇ ਅਨੁਸਾਰ ਹੁੰਦਾ। ਜੇ ਕੋਈ ਉਸ ਦੀ ਹੁਕਮ ਅਦੂਲੀ ਕਰ ਦਿੰਦਾ ਤਾਂ ਉਹ ਉਥੇ ਹੀ ਟੋਪੀ ਪਟਕ ਦਿੰਦੀ ਤੇ ਰੁਸ ਕੇ ਬਹਿ ਜਾਂਦੀ। ਕਾਰਜ ਦਾ ਕੰਮ ਰੁਕ ਜਾਂਦਾ। ਫੇਰ ਸਾਰੇ ਟੱਬਰ ਨੂੰ ਉਹ ਮਨਾਉਣੀ ਪੈਂਦੀ ਤਾਂ ਕਿਤੇ ਜਾ ਕੇ ਉਸ ਕਾਰਜ ਦਾ ਕੰਮ ਅਗੇ ਰੁੜਦਾ। ਜਿਸ ਕਰਕੇ ਮੈਨੂੰ ਉਸ ਉਤੇ ਅਕਸਰ ਗੁੱਸਾ ਆ ਜਾਂਦਾ ਤੇ ਮੈਂ ਕਹਿ ਦਿੰਦਾ, "ਭੈਣੇ ! ਤੈਨੂੰ ਕੀ ਲੋੜ ਪਈ ਸੀ ਜਾ ਕੇ ਉਨ੍ਹਾਂ ਦੇ ਕਾਰਜ ਵਿਚ ਟੰਗ ਅੜਾਉਣ ਦੀ ?"

"ਉਹ ਸਭ ਕੁਝ ਗਲਤ ਕਰੀਂ ਜਾਂਦੇ ਸੀ "

"ਤੈਂ ਅਗਲੇ ਦੇ ਕੰਮ ਠੀਕ ਕਰਾਉਣ ਦਾ ਠੇਕਾ ਲਿਐ.... ਨਾਲੇ ਉਨ੍ਹਾਂ ਦਾ ਮੂਡ ਖਰਾਬ ਕੀਤਾ, ਨਾਲੇ ਆਪਣਾ।"

"ਬਾਈ, ਸੱਚੀ ਗੱਲ ਐ, ਮੈਤੋਂ ਤਾਂ ਗਲਤ ਕੰਮ ਹੁੰਦਾ ਜਰਿਆ ਨਹੀਂ ਜਾਂਦਾ।" ਉਹ ਬੜੇ ਠਰੰਮੇ ਨਾਲ ਉਤਰ ਦਿੰਦੀ।

ਉਸ ਦੇ ਇਸ ਵਾਕ ਉਤੇ ਮੈਂ ਚੁੱਪ ਕਰ ਜਾਂਦਾ। ਮੈਨੂੰ ਇਹ ਵੀ ਪਤਾ ਸੀ ਕਿ ਜਰਿਆ ਉਸ ਤੋਂ ਹੋਰ ਵੀ ਬਹੁਤ ਕੁਝ ਨਹੀਂ ਸੀ ਜਾਂਦਾ। ਬਾਪੂ ਜੀ ਦਾ ਰੋਜ਼ ਸ਼ਰਾਬ ਪੀਣਾ, ਘਰ ਦੀ ਕੋਈ ਵੀ ਚੀਜ ਦਾ ਘਰ ਵਿਚੋਂ ਬਾਹਰ ਨਿਕਲਣਾ, ਭਾਵੇਂ ਉਹ ਨਿਕਾਰਾ, ਫਾਲਤੂ, ਰੱਦੀ, ਕਬਾੜ ਹੀ ਕਿਉਂ ਨਾ ਹੋਵੇ। ਖਰਚ ਦਾ ਹੋਣਾ,

ਆਪਣੇ-ਪਰਾਏ, ਸਕੇ-ਸਬੰਧੀਆਂ, ਪ੍ਰੀਵਾਰ ਦੇ ਜੀਆਂ, ਇਥੋਂ ਤਕ ਕਿ ਕਿਸੇ ਕੱਟੜ ਦੁਸ਼ਮਣ ਦਾ ਦੁੱਖ ਆਦਿ। ਸਾਡੇ ਘਰਦੇ ਕਿਸੇ ਵੀ ਜੀ ਦੀ ਹਿੰਮਤ ਨਹੀਂ ਪੈਂਦੀ ਸੀ ਕਿ ਉਸਦੇ ਹੁੰਦੇ ਕੋਈ ਘਰ ਵਿਚ ਪਈਆਂ ਫਾਲਤੂ, ਨਕਾਰਾ ਚੀਜਾਂ ਜਾਂ ਕਬਾੜ ਵੇਚ ਦੇਵੇ। ਜਾਂ ਉਸਦੇ ਪੁੱਛੇ ਬਿਨਾਂ ਕਿਸੇ ਨੂੰ ਕੋਈ ਚੀਜ਼ ਦੇ ਦੇਵੇ। ਇਸ ਤਰ੍ਹਾਂ ਕਈ-ਕਈ ਮਹੀਨੇ , ਸਾਲ ਘਰ ਵਿਚ ਕਬਾੜ ਇਕੱਠਾ ਹੁੰਦਾ ਰਹਿੰਦਾ, ਜਦ ਉਹ ਪਿੰਡ ਜਾਂਦੀ ਤਾਂ ਸਾਨੂੰ ਮਸਾਂ ਮੌਕਾ ਮਿਲਦਾ ਘਰ ਦੇ ਕਬਾੜ ਤੇ ਨਿਕਾਰਾ ਚੀਜਾਂ ਦਾ ਨਿਪਟਾਰਾ ਕਰਨ ਦਾ। ਜਦ ਉਹ ਆਉਂਦੀ ਤਾਂ ਉਸਨੂੰ ਘਰ ਖਾਲੀ ਖਾਲੀ ਲਗਦਾ ਤੇ ਜਦ ਸਾਰੇ ਇਕੱਠੇ ਬੈਠੇ ਹੁੰਦੇ ਤਾਂ ਉਹ ਪੁੱਛਦੀ, "ਮੇਰੇ ਗਈ ਤੋਂ ਮਗਰੋਂ ਕੀ ਕੀ ਵੇਚਿਐ?"

ਸਾਰੇ ਚੁੱਪ ਹੀ ਰਹਿੰਦੇ।

"ਕਿਸਨੇ ਵੇਚਿਐ?" ਉਹ ਫੇਰ ਸਵਾਲ ਕਰਦੀ।

ਸੁਣਕੇ ਘਰ ਦੇ ਹਾਜਰ ਜੀ ਇਕ ਦੂਜੇ ਵਲ ਦੇਖਦੇ ਤੇ ਜਿਹੜਾ ਉਸ ਸਮੇਂ ਗੈਰ ਹਾਜ਼ਰ ਹੁੰਦਾ ਉਸ ਦਾ ਨਾਮ ਲੈ ਦਿੰਦੇ। ਏਨੇ ਵਿਚ ਗੱਲ ਆਈ ਗਈ ਹੋ ਜਾਂਦੀ ਪਰ ਉਹ ਜਸਵੰਤ ਕੌਰ ਕੋਲ ਜ਼ਰੂਰ ਆਪਣੇ ਮਨ ਦੀ ਭੜਾਸ ਕਢਦੀ ਹੋਈ ਕਹਿੰਦੀ, "ਮੇਰੇ ਘਰੋਂ ਬਾਹਰ ਪੈਰ ਪੱਟਣ ਦੀ ਦੇਰ ਸੀ ਕਿ ਸਾਰੀਆਂ ਚੀਜ਼ਾਂ ਵੇਚ ਦਿਤੀਆਂ, ਜਿਹੜੀਆਂ ਮੈਂ ਕਿੰਨੇ ਚਿਰ ਦੀਆਂ ਸਾਂਭ ਸਾਂਭ ਕੇ ਰੱਖੀਆਂ ਹੋਈਆਂ ਸਨ।" ਚੱਕੀ, ਮਿੱਟੀ ਦਾ ਪੱਥਿਆ ਹੋਇਆ ਚੁੱਲਾ ਉਸ ਦੇ ਮਰਨ ਤੋਂ ਮਗਰੋਂ ਹੀ ਚੁਬਾਰੇ ਚੋਂ ਨਿਕਲੇ। ਜੇ ਮੈਂ ਕਹਿ ਦੇਣਾ "ਭੈਣੇ ਇਹ ਚੱਕੀ ਤੇ ਚੁੱਲੇ ਨੂੰ ਤੂੰ ਹਰ ਚਾਰ ਪੰਜ ਮਹੀਨਿਆਂ ਮਗਰੋਂ ਲਿਪਕੇ ਪੋਚਾ ਫੇਰਦੀ ਹੈਂ, ਕਾਸ ਵਾਸਤੇ ? ਵੀਹ ਸਾਲ ਤੋਂ ਨਾ ਤਾਂ ਤੈਂ ਚੱਕੀ ਉਤੇ ਕੁਝ ਪੀਹਿਐ, ਨਾ ਚੁੱਲੇ ਵਿਚ ਕੁਝ ਬਾਲਿਐ ਕਿਥੇ ਕੰਮ ਆਉਂਦੀਆਂ ਨੇ ਇਹ ਚੀਜ਼ਾ....ਕਿਉਂ ਵਾਧੂ ਥਾਂ ਘੇਰਿਐ ? ਵੇਚ ਦੇ-ਪਰ੍ਹੇ" ਤਾਂ ਕਹਿੰਦੀ "ਇਹ ਚੱਕੀ ਮੇਰੀ ਮਾਂ ਦੀ ਦਿਤੀ ਹੋਈ ਨਿਸ਼ਾਨੀ ਹੈ ਤੇ ਇਹ ਚੁੱਲਾ ਮੇਰੇ ਬਾਪੂ ਦੀ ਲਿਆਕੇ ਦਿਤੀ ਹੋਈ ਮਿੱਟੀ ਦਾ ਪੱਥਿਆ ਹੋਇਐ...ਏਨਾਂ ਨੂੰ ਦੇਣ ਬਾਰੇ ਅੱਜ ਤਾਂ ਕਹਿ ਦਿਤਾ ਮੁੜਕੇ ਨਾ ਕਹੀਂ... ਮੇਰੇ ਮਰੀ ਮਗਰੋਂ ਭਾਵੇਂ ਜੋ ਮਰਜੀ ਕਰਿਓ।" ਏਸੇ ਤਰ੍ਹਾਂ ਉਹ ਮੱਝਾਂ ਦੇ ਮਾਮਲੇ ਵਿਚ ਅੜ ਜਾਂਦੀ। ਕਿੰਨੀ ਨਿਕੰਮੀ ਤੋਂ ਨਿਕੰਮੀ ਮੱਝ ਹੁੰਦੀ, ਜਿਹੜੀ ਅਸੀਂ ਸਰਵਸੰਮਤੀ ਨਾਲ ਵੇਚਣਾ ਚਾਹੁੰਦੇ ਤਾਂ ਉਹ ਝਟ ਕਹਿੰਦੀ " ਇਹਦੀ ਮਾਂ ਤਾਂ ਭੋਜੋਆਲੀ ਤੋਂ ਮੇਰੇ ਨਾਨਕਿਆਂ ਤੋਂ ਆਈ ਹੋਈ ਸੀ... ਬੜੀ ਰਵੇ ਦੀ ਮੈਸ ਸੀ...ਉਸ ਦੀ ਨਿਸ਼ਾਨੀ ਐ, ਇਹ ਨੀਂ ਵੇਚਣੀ" ਤੇ ਅਸੀਂ ਉਸ ਨਾਲ ਬੇਸਿਟਾ ਬਹਿਸ ਕਰਨ ਤੋਂ ਡਰਦੇ ਹੋਏ ਚੁੱਪ ਕਰਕੇ ਉਸ ਤੋਕੜ ਹੋਈ ਮੱਝ ਨੂੰ ਪਿੰਡ ਮਾਮੇ ਨਰ ਸਿੰਘ ਕੋਲ ਭੇਜ ਦਿੰਦੇ, ਉਹ ਕੋਈ ਝੂਠ ਬੋਲਕੇ ਉਸ ਦੇ ਜਿੰਨੇ ਪੈਸੇ ਵੱਟੇ ਜਾਂਦੇ, ਉਹ ਵੱਟਕੇ ਸਾਨੂੰ ਦੇ ਜਾਂਦਾ।

ਖਰਚ ਕਰਨ ਵੇਲੇ ਉਹ ਹੱਥ ਬਹੁਤ ਘੁੱਟ ਕੇ ਰੱਖਦੀ। ਬਾਪੂ ਜੀ ਦੀ ਪੈਨਸ਼ਨ, ਉਨ੍ਹਾਂ ਦੀ ਤਨਖਾਹ, ਮੇਰੀ ਤਨਖਾਹ, ਤਿੰਨ ਤਿੰਨ ਮੱਝਾਂ ਦੇ ਦੁੱਧ ਦੀ ਕਮਾਈ, ਜੋ ਵੀ ਆਮਦਨ ਹੁੰਦੀ ਅਸੀਂ ਸਾਰੀ ਦੀ ਸਾਰੀ ਲਿਆਕੇ ਉਸਦੇ ਹੱਥ ਉਤੇ ਧਰ ਦਿੰਦੇ। ਬਾਪੂ ਜੀ ਨੇ ਜੇ ਕਿਤੇ ਸ਼ਾਮ ਨੂੰ ਪਊਏ ਲਈ ਹਾਸੀ ਹਾਸੀ ਵਿਚ ਪੈਸੇ ਮੰਗ ਲੈਣੇ ਜਾਂ ਮੈਂ ਫਿਲਮ ਦੇਖਣ ਲਈ ਕਹਿ ਦੇਣਾ ਤਾਂ ਉਸ ਦਾ ਝਟ ਮੂਡ ਖਰਾਬ ਹੋ ਜਾਂਦਾ, ਜਾਂ ਸਿਰ ਦੁੱਖਣ ਲਗ ਪੈਂਦਾ।

ਇਸ ਗੱਲ ਦਾ ਮੈਨੂੰ ਪਤਾ ਹੈ ਕਿ ਉਹ ਕਮ ਖਰਚ ਕਿਉਂ ਸੀ। ਜਦ ਰਿਆਸਤਾਂ ਟੁਟੀਆਂ ਤਾਂ ਜੀਂਦ ਸਟੇਟ ਦੇ ਰਸਾਲੇ ਨੂੰ ਪਟਿਆਲਾ ਤਬਦੀਲ ਕਰ ਦਿਤਾ। ਮਹਾਰਜਾ ਰਾਜਬੀਰ ਸਿੰਘ ਨੇ ਬਾਪੂ ਜੀ ਤੋਂ ਘੋੜ ਸਵਾਰੀ ਸਿੱਖੀ ਸੀ, ਇਸ ਲਈ ਉਸ ਨੇ ਬਾਪੂ ਜੀ ਨੂੰ ਰਸਾਲੇ ਚੋਂ ਪੈਨਸ਼ਨ ਦਵਾਕੇ ਆਪਣੇ ਚੁਤਾਲੀ ਘੋੜਿਆਂ ਦੇ ਨਿੱਜੀ ਅਸਤਬਲ ਦਾ ਇੰਚਾਰਜ ਬਣਾ ਦਿਤਾ। ਇਸ ਅਸਤਬਲ ਦੇ ਇਕ ਕਮਰੇ ਵਿਚ ਜਦੋਂ



ਅਸੀਂ ਤਿੰਨੇ ਮਾਂ ਪੁੱਤ ਆਏ ਤਾਂ (ਮੇਰਾ ਛੋਟਾ ਭਾਈ ਜਗਮੇਲ ਓਦੋਂ ਦੋ ਕੁ ਸਾਲ ਦਾ ਹੋਵੇਗਾ) ਘਰ ਵਿਚ ਦੋ ਟੁਟੇ ਜਿਹੇ ਮੰਜੇ ਸਨ, ਦੋ ਬਿਸਤਰੇ ਉਭਾਵਾਲਾ ਤੋਂ ਭੇਜ ਦਿਤੇ ਗਏ ਸੀ। ਭਾਂਡਿਆਂ ਦੇ ਨਾਮ ਤੇ ਤਿੰਨ ਚਾਰ ਗਲਾਸ, ਦੋ ਥਾਲੀਆਂ, ਦੋ ਕੌਲੀਆਂ, ਇਕ ਗੜਵੀ, ਇਕ ਪਤੀਲੀ ਇਕ ਡੋਲੂ ਸੀ। ਇਕ ਮਿੱਟੀ ਦਾ ਘੜਾ, ਚੱਕਲਾ-ਬੇਲਣਾ ਲੂਣ ਮਿਰਚ ਮਸਾਲਾ, ਕਣਕ ਦਾ ਆਟਾ ਤੇ ਹੋਰ ਲੋੜੀਦੀਆਂ ਜ਼ਰੂਰੀ ਚੀਜ਼ਾਂ ਤੁਰੰਤ ਬਜਾਰੋਂ ਖਰੀਦ ਲਿਆਂਦੀਆਂ ਗਈਆਂ। ਦੁੱਧ ਪੀਣ ਲਈ ਦੂਜੇ ਦਿਨ ਮਾਮਾ ਬਲਵੰਤ ਸਿੰਘ ਬੱਛੇ ਵਾਲੀ ਇਕ ਲੰਡੀ ਗਾਂ, ਤੂੜੀ ਦੀਆਂ ਤਿੰਨ ਚਾਰ ਪੰਡਾਂ, ਤੇ ਦਾਣਾ ਵੀ ਛੱਡ ਗਿਆ, ਜਿਸ ਦਾ ਪ੍ਰਬੰਧ ਘੋੜਿਆਂ ਵਾਲੇ ਇਕ ਖਾਲੀ ਥਾਨ ਵਿਚ ਕਰ ਦਿਤਾ ਗਿਆ। ਹਰਾ ਟਾਲ ਤੋਂ ਆ ਜਾਂਦਾ। ਗੁਆਂਢ ਵਿਚ ਪਾਕਿਸਤਾਨ ਤੋਂ ਆਏ ਲੋਕਾਂ ਦਾ ਕੈਂਪ ਸੀ, ਜਿਥੋਂ ਦੀਆਂ ਜਨਾਨੀਆਂ ਆਪਣੇ ਬੱਚਿਆਂ ਲਈ ਗਊ ਦਾ ਦੁੱਧ ਮੁੱਲ ਲੈ ਜਾਂਦੀਆਂ। ਇਕ ਗਊ ਦਾ ਦੁੱਧ ਵੇਚਣਾ ਸ਼ੁਰੂ ਕਰਕੇ, ਫੇਰ ਅਸੀਂ ਤਿੰਨ ਤਿੰਨ ਮੱਝਾਂ ਦਾ ਦੁੱਧ ਵੀ ਵੇਚਿਆ। ਮੈਂ ਤਾਂ ਖੇਤੋਂ ਹਰਾ ਹੀ ਲਿਆਉਂਦਾ। ਜਿੰਨਾਂ ਚਿਰ ਮੇਰਾ ਵਿਆਹ ਨਹੀਂ ਸੀ ਹੋਇਆ, ਉਨ੍ਹਾਂ ਚਿਰ ਉਹ ਮੇਰੇ ਨਾਲ ਮਸ਼ੀਨ ਉਤੇ ਟੋਕਾ ਕਰਾਉਂਦੀ, ਉਹੀ ਸੰਨੀਆਂ ਰਲਾਉਂਦੀ। ਉਹੀ ਮੱਝਾਂ ਨੂੰ ਨਵਾਉਂਦੀ, ਧੁਆਉ। ਉਹੀ ਧਾਰਾ ਕਢਦੀ ਤੇ ਦੁੱਧ ਵੇਚਦੀ। ਧਾਰਾਂ ਕੱਢਣ ਤੇ ਦੁੱਧ ਵੇਚਣ ਦੇ ਅਧਿਕਾਰ ਤਾਂ ਉਸ ਨੇ ਸਾਰੀ ਉਮਰ ਆਪਣੇ ਕੋਲ ਹੀ ਰੱਖੇ। ਉਹ ਜਿੰਨੀ ਮਰਜ਼ੀ ਬਿਮਾਰੀ ਹੁੰਦੀ, ਹਾਏ ਹਾਏ ਕਰਦੀ ਮੰਜੇ ਉਤੇ ਪਈ ਹੁੰਦੀ, ਜੇ ਮੈਂ ਕਹਿ ਦਿੰਦਾ "ਭੈਣੇ ਬੂਰੀ ਮਿਲ ਪਈ" ਤਾਂ ਉਹ ਝਟ ਉਠ ਕੇ ਖੜ੍ਹੀ ਹੋ ਜਾਂਦੀ। ਬਾਲਟੀ ਲੈ ਕੇ ਮੱਝ ਥਲੇ ਬਹਿ ਜਾਂਦੀ। ਅਸੀਂ ਹਸਦੇ ਕਿ ਹੁਣ ਇਸਦੀ ਬਿਮਾਰੀ ਕਿਥੇ ਗਈ ? ਦੇਖਣ ਨੂੰ ਭਾਵੇਂ ਉਸ ਦੇ ਸਰੀਰ ਵਿਚ ਭੋਰਾ ਵੀ ਜਾਨ ਨਹੀਂ ਸੀ ਲਗਦੀ ਪਰ ਜਿਹੜੀ ਕਰੜੀ ਤੋਂ ਕਰੜੀ ਮੱਝ ਦੀ ਧਾਰ ਸਾਡੇ ਕਿਸੇ ਤੋਂ ਵੀ ਨਾ ਕੱਢੀ ਜਾਂਦੀ ਉਹ ਕਢ ਦਿੰਦੀ।

ਗਊ ਛੱਡਣ ਤੋਂ ਮਗਰੋਂ ਇਕ ਦਿਨ ਨਾਨੀ ਪੰਡ ਪੂਣੀਆਂ ਦੀ, ਚਰਖਾ, ਅਟੇਰਨਾ ਵੀ ਛੱਡ ਗਈ। ਘਰ ਦੇ ਕੰਮ ਕਰਕੇ ਜਿਥੇ ਮਾਂ ਚਰਖਾ ਕੱਤਣ, ਗਲੋਟੇ ਅਟੇਰਨ, ਸੂਤ ਨੂੰ ਵਟਾ ਦੇਣ ਦਾ ਖੁਦ ਕੰਮ ਕਰਦੀ ਸੀ, ਉਥੇ ਉਸ ਨੇ ਇਹ ਸਭ ਕੁਝ ਮੈਨੂੰ ਵੀ ਸਿਖਾ ਦਿਤਾ। ਮਹਾਰਾਜ ਨਾਲ ਮੰਸੂਰੀ ਤੋਂ ਵਾਪਸ ਆਉਂਦੇ ਵੇਲੇ ਬਾਪੂ ਜੀ ਨੇ ਦੇਹਰਾਦੂਨ ਤੋਂ ਦੋ ਪਲੰਘਾਂ ਦੇ ਪਾਵੇ-ਬਾਈਆਂ ਲੈ ਆਂਦੀਆਂ। ਮਾਂ ਨੇ ਮੈਨੂੰ ਪਹਿਲਾਂ ਸੂਤ ਦਾ ਮੰਜਾ ਤਣਨਾ, ਫੇਰ ਹੱਥਿਆਂ ਨਾਲ ਬੁਣਨਾ ਸਿਖਾਇਆ। ਸਿਲਾਈਆਂ ਨਾਲ ਸੁਆਟਰ ਵੀ ਮੈਂ ਉਸ ਤੋਂ ਬੁਣਨਾ ਸਿਖਿਆ। ਘਰ ਵਿਚ ਬਿਜਲੀ ਨਹੀਂ ਸੀ ਇਹ ਸਾਰੇ ਕੰਮ ਅਸੀਂ ਰਾਤ ਨੂੰ ਲਾਲਟੈਣ ਦੇ ਚਾਨਣ ਵਿਚ ਗਈ ਰਾਤ ਤਕ ਕਰਦੇ ਰਹਿੰਦੇ। ਸ਼ਾਇਦ ਓਦੋਂ ਮੈਂ ਦੂਜੀ ਜਾਂ ਤੀਜੀ ਵਿਚ ਪੜ੍ਹਦਾ ਸੀ ਜਦ ਮੇਰੀ ਮਾਂ ਨੇ ਮੇਰੇ ਕੋਲੋਂ, ਮੇਰੇ ਮੰਸੂਰੀ ਗਏ ਬਾਪੂ ਜੀ ਨੂੰ ਬੋਲ ਬੋਲ ਕੇ ਚਿੱਠੀਆਂ ਲਿਖਵਾਉਣੀਆਂ ਸ਼ੁਰੂ ਕਰ ਦਿਤੀਆਂ ਸੀ। ਇਸ ਤਰ੍ਹਾਂ ਮੈਂ ਉਸਦੇ ਜਿਥੇ ਘਰ ਦੇ ਕੰਮਾਂ ਵਿਚ ਹੱਥ ਵਟਾਉਂਦਾ, ਓਥੇ ਉਸ ਤੋਂ ਲਿਖਵਾਈਆਂ ਚਿਠੀਆਂ ਕਰਕੇ ਉਸ ਦੀਆਂ ਭਾਵਨਾਂ ਨੂੰ ਹੌਲੀ ਹੌਲੀ ਸਭ ਤੋਂ ਵਧ ਸਮਝਣ ਲਗ ਪਿਆ ਸੀ। ਫੇਰ ਜਦ ਮੈਨੂੰ ਖੁਦ ਘਰਦਾ ਖਰਚਾ ਚਲਾਉਣਾ ਪਿਆ ਤਾਂ ਸਮਝ ਆਈ ਕਿ ਜੇ ਮੇਰੀ ਮਾਂ ਫਜੂਲ ਖਰਚ ਹੁੰਦੀ ਤਾਂ ਸਾਡਾ ਘਰ ਸਿਫਰ ਤੋਂ ਸਫ਼ਰ ਘਰ ਕੇ ਇਕ ਰੱਜੇ ਪੁੱਜੇ ਘਰਾਂ ਦੇ ਬਰਾਬਰ ਨਾ ਪਹੁੰਚਦਾ। ਇਸੇ ਕਰਕੇ ਉਸਨੂੰ ਪੁਰਾਣੀਆਂ ਚੀਜ਼ਾਂ ਜਿਹੜੀਆਂ ਉਸਨੇ ਬੜੀ ਮਿਹਨਤ ਨਾਲ ਬਣਾਈਆਂ ਸੀ, ਨਾਲ ਏਨਾ ਲਗਾਅ ਹੋ ਗਿਆ ਸੀ ਕਿ ਨਕਾਰਾ ਹੋ ਜਾਣ ਉਤੇ ਵੀ ਉਸਦਾ ਉਨ੍ਹਾਂ ਨੂੰ ਘਰੋਂ ਕਢਣ ਲਈ ਦਿਲ ਨਹੀਂ ਸੀ ਕਰਦਾ।

ਕਮਖਰਚ ਤੇ ਹੱਥੀ ਕੰਮ ਕਰਕੇ ਖਾਣ ਵਾਲਾ ਉਸਦਾ ਸੁਭਾਅ ਉਸ ਨੇ ਮਰਨ ਤਕ ਨਾ ਬਦਲਿਆਂ। ਉਹ ਚਾਹੇ ਜਿੰਨਾ ਮਰਜੀ ਬਿਮਾਰ ਹੁੰਦੀ ਤੁਰਕੇ ਮਿਲਟਰੀ ਹਸਪਤਾਲ ਜਾਂਦੀ। ਗੁਰਦੁਆਰਾ ਜੋਤੀ ਸਰੂਪ ਉਹ ਸਵੇਰੇ ਸ਼ਾਮ ਜਰੂਰ ਮੱਥਾ ਟੇਕ ਕੇ ਆਉਂਦੀ। ਉਥੇ ਵਿਤ ਅਨੁਸਾਰ ਜੋੜਿਆਂ ਦੀ, ਲੰਗਰ ਦੀ ਸੇਵਾ ਕਰਦੀ।

ਸਾਡਾ ਸਾਰਾ ਟੱਬਰ ਬੜਾ ਜੋਰ ਲਾਉਂਦਾ ਕਿ ਹਸਪਤਾਲ ਜਾਣ ਵੇਲੇ ਤੂੰ ਸਾਨੂੰ ਕਿਸੇ ਨੂੰ ਕਹਿ ਦਿਆ ਕਰ ਅਸੀਂ ਦਵਾਈ ਦਵਾ ਕੇ ਲਿਆਇਆ ਕਰਾਂਗੇ। ਜੇ ਨਹੀਂ ਲੈ ਕੇ ਜਾਣੇ ਚਾਹੁੰਦੀ ਤਾਂ ਆਉਣ ਜਾਣ ਦਾ ਰਿਕਸ਼ਾ ਕਰਕੇ ਲੈ ਜਾਇਆ ਕਰ। ਤੇਰੇ ਗੁਰਦੁਆਰੇ ਜਾਣ ਲਈ ਅਸੀਂ ਪੱਕਾ ਰਿਕਸ਼ਾ ਲਵਾ ਦਿੰਦੇ ਹਾਂ...ਕਿਉਂ ਔਖੀ ਹੁੰਨੀਐਂ....? ਕਿਸ ਚੀਜ਼ ਦਾ ਘਾਟੈ ਹੁਣ ਤੇਰੇ ਕੋਲ ....? ਪਰ ਉਹ ਮਰਨ ਤੋਂ ਇਕ ਹਫਤਾ ਪਹਿਲਾਂ ਤਕ ਆਪਣੇ ਸੁਭਾਅ ਅਨੁਸਾਰ ਹੀ ਜੀਵੀ। ਕਹਿੰਦੀ ਹੁੰਦੀ ਸੀ,"ਜਿਸ ਦਿਨ ਮੈਂ ਇਕ ਵਾਰ ਬਹਿ ਗਈ ਮੁੜ ਕੇ ਨਹੀਂ ਉਠਾਂਗੀ ਜਾਂ ਮੈਂ ਕਿਸੇ ਤੇ ਨਿਰਭਰ ਹੋ ਗਈ ਫੇਰ ਹਮੇਸ਼ਾਂ ਲਈ ਨਕਾਰਾ ਹੋ ਜਾਵਾਂਗੀ।"

ਕਿਸੇ ਦਾ ਕੀਤਾ ਚੰਗੇ ਤੋਂ ਚੰਗਾ ਕੰਮ, ਕਿਸੇ ਦਾ ਲਿਆਂਦਾ ਉਸ ਦੇ ਪਹਿਨਣ ਲਈ ਵਧੀਆਂ ਤੋਂ ਵਧੀਆ, ਮਹਿੰਗੇ ਤੋਂ ਮਹਿੰਗਾ ਕਪੜਾ, ਤੇ ਚੰਗੇ ਤੋਂ ਚੰਗੇ ਦਰਜੀ ਵਲੋਂ ਸਿਉਂਤਾ ਗਿਆ ਉਸ ਦਾ ਸੂਟ, ਉਸ ਨੂੰ ਬਹੁਤ ਹੀ ਘੱਟ ਪਸੰਦ ਆਉਂਦਾ। ਕਈ ਵਾਰ ਤਾਂ ਉਹ ਕੰਮ ਦੁਬਾਰੇ ਆਪ ਕੋਲ ਖੜਕੇ ਕਰਵਾਉਂਦੀ। ਲਿਆਂਦਾ ਹੋਇਆ ਸੂਟ ਦੁਬਾਰੇ ਮੋੜਵਾਕੇ ਆਪਣੀ ਪਸੰਦ ਦਾ ਲਿਆਉਂਦੀ ਤੇ ਕਪੜੇ ਸਿਉਂਣ ਵਾਲੀਆਂ ਦੇ ਕੋਲ ਬੈਠ ਕੇ ਕਟਵਾਉਂਦੀ। ਇਸ ਉਤੇ ਭਾਵੇਂ ਬਾਕੀ ਟੱਬਰ ਦੇ ਜੀਅ ਕਈ ਵਾਰ ਖਿਝ ਵੀ ਜਾਂਦੇ ਸੀ ਪਰ ਮੈਨੂੰ ਪਤਾ ਸੀ ਕਿ ਹੱਥੀ ਕੰਮ ਕਰਨ ਵਾਲੇ ਨੂੰ ਦੂਜੇ ਦਾ ਕੀਤਾ ਕੰਮ ਘਟ ਪਸੰਦ ਆਉਂਦਾ ਹੈ। ਉਸ ਨੇ ਤਾਂ ਸਾਰੀ ਉਮਰ ਆਪਣੇ ਕਪੜੇ ਆਪ ਸਿਉਂ ਕੇ ਪਾਏ। ਮਹਿੰਗੇ ਉਹ ਪਹਿਲਾਂ ਹੱਥ ਤੰਗ ਹੋਣ ਕਰਕੇ ਨਾ ਪਾ ਸਕੀ, ਗੂੜੇ ਰੰਗਾਂ ਦੇ ਚਮਕਦਾਰ ਕਪੜੇ ਬਾਪੂ ਜੀ ਦੀ ਗੈਰਹਾਜ਼ਰੀ ਵਿਚ ਨਾ ਪਾਉਣ ਦਾ ਉਸ ਦਾ ਕੀਤਾ ਪ੍ਰਣ ਮੈਨੂੰ ਅਜੇ ਵੀ ਯਾਦ ਹੈ। ਨੌਕਰੀ ਦੇ ਸਿਲਸਿਲੇ ਵਿਚ ਬਾਪੂ ਜੀ ਸਾਲ ਚੋਂ ਅੱਠ ਦਸ ਮਹੀਨੇ ਬਾਹਰ ਰਹਿੰਦੇ ਤਾਂ ਉਸਦੀ ਫਿੱਕੇ ਤੇ ਸਸਤੇ ਕਪੜੇ ਪਾਉਣ ਦੀ ਆਦਤ ਹੋਰ ਪਕਦੀ ਗਈ। ਨਾ ਮੇਰੀ ਮਾਂ ਨੇ ਸ਼ਹਿਰ ਵਿਚ ਰਹਿੰਦਿਆਂ ਕਦੇ ਪੌਡਰ, ਸੁਰਖੀ, ਕਿਸੇ ਪ੍ਰਕਾਰ ਦੇ ਖੁਸ਼ਬੂਦਾਰ ਤੇਲ ਦੀ ਵਰਤੋਂ ਕੀਤੀ ਤੇ ਨਾ ਹੀ ਬਾਹਾਂ ਵਿਚ ਚੂੜੀਆਂ ਪਾਈਆਂ, ਹੋਰ ਸ਼ਿੰਗਾਰ ਤਾਂ ਕੀ ਲਾਉਣਾ ਸੀ। ਬੱਸ ਇਕ ਹਜੂਰ ਸਾਹਿਬ ਤੋਂ ਲਿਆਂਦਾ ਕੜਾ ਉਸ ਦੀਆਂ ਬਾਹ ਦਾ ਸ਼ਿੰਗਾਰ ਸੀ ਜਾਂ ਕੰਨਾਂ ਵਿਚ ਸੋਨੇ ਦੀਆਂ ਡੰਡੀਆਂ।

ਫੇਰ ਜਦੋਂ ਮੈਂ ਜਵਾਨ ਹੋਇਆ ਤੇ ਮੈਨੂੰ ਮਨੁੱਖੀ ਮਨ ਦੀ ਸਮਝ ਆਉਣ ਲੱਗ ਪਈ ਤਾਂ ਪਤਾ ਲੱਗਿਆ ਕਿ ਗਰਮੀਆਂ ਦੇ ਦਿਨਾਂ ਵਿਚ ਜਦੋਂ ਬਾਪੂ ਜੀ ਮਹਾਰਾਜਾ ਜੀਂਦ ਨਾਲ ਮੰਸੂਰੀ, ਭੀਮਤਾਲ ਜਾਂ ਨੈਨੀਤਾਲ ਜਾਂਦੇ ਸੀ ਤਾਂ ਉਹ ਬਾਪੂ ਜੀ ਨਾਲ ਉਸਦੇ ਤੁਰਨ ਵੇਲੇ ਕਿਉਂ ਕਲੇਸ਼ ਕਰਦੀ ਸੀ? ਉਸ ਦੀ ਗੈਰ ਹਾਜ਼ਰੀ ਵਿਚ ਮੇਰੀ ਮਾਂ ਨੂੰ ਜਵਾਨੀ ਵਿਚ ਹੀ ਕਿਉਂ ਦੌਰੇ ਪੈਂਦੇ ਸੀ। ਕਿਉਂ ਉਹ ਚਿੜਚਿੜੇ ਸੁਭਾਅ ਦੀ ਹੋ ਗਈ ਸੀ, ਕਿਉਂ ਉਹ ਆਪਣੇ ਵਾਲ ਖੋਲ ਕੇ ਜੋਰ ਜੋਰ ਦੀ ਸਿਰ ਘੁਮਾਉਣ ਲੱਗ ਪੈਂਦੀ ਸੀ ਤੇ ਅਜੀਬ ਅਜੀਬ ਆਵਾਜ਼ਾ ਕੱਢਦੀ ਸੀ। ਜਾਂ ਫੇਰ ਚੁੱਪ ਕਰਕੇ ਭੁੰਜੇ ਪਈ ਹੁੰਦੀ ਤਾਂ ਮੈਂ ਉਸਨੂੰ ਪੁੱਛ ਲੈਂਦਾ " ਭੈਣੇ ਕੀ ਹੋ ਗਿਆ?" ਤਾਂ ਉਹ ਕਹਿੰਦੀ,"ਐਂ ਲੱਗਦੈ ਜਿਵੇਂ ਮੇਰੇ ਆਲੇ ਦੁਆਲੇ ਅੱਗ ਲੱਗੀ ਪਈ ਹੈ" ਫੇਰ ਮੇਰੀ ਮਾਂ ਦੀ ਚਾਚੀ ਉਸ ਨੂੰ ਤਪਾ ਮੰਡੀ ਕੋਲ ਪਿੰਡ ਤਾਜੋ ਕੇ ਦੇ ਬਾਬਾ ਪੰਜਾਬ ਸਿੰਘ ਦੇ ਡੇਰੇ ਲੈ ਕੇ ਜਾਣ ਲਗ ਪਈ। ਅਸੀਂ ਹਰ ਪੂਰਨਮਾਸ਼ੀ ਨੂੰ ਚੌਂਕੀ ਭਰਨ ਜਾਂਦੇ ਰਹੇ। ਉਹ ਉਸ ਦੀਆਂ ਪੂਰੀਆਂ ਮੰਨਤਾਂ ਮੰਨਦੀ। ਮੇਰੇ ਤੇ ਜਗਮੇਲ ਦੇ ਗਲਾਂ ਵਿਚ ਵੀ ਉਸ ਨੇ ਬਾਬਾ ਪੰਜਾਬ ਸਿੰਘ ਦੇ ਇਕ ਚਾਂਦੀ ਦੇ ਰੁਪੱਈਏ ਵਰਗੇ, ਜਿਨ੍ਹਾਂ ਦੇ ਉਤੇ ਬਾਬਾ ਪੰਜਾਬ ਸਿੰਘ ਲਿਖਿਆ ਹੋਇਆ ਸੀ, ਤਬੀਤ ਪਾ ਦਿੱਤੇ ਸੀ। ਪਰ ਜਦ ਮੇਰੀ ਛੋਟੀ ਭੈਣ ਰਣਜੀਤ ਬਿਮਾਰ ਹੋਈ ਤਾਂ ਉਸਨੇ ਹਰ ਗੁਰ-ਪੀਰ-ਫ਼ਕੀਰ, ਪੈਗੰਬਰ, ਦੇਵੀ-ਦੇਵਤੇ ਦੀ, ਤੇ ਬਾਬਾ ਪੰਜਾਬ ਸਿੰਘ ਦੀ ਸੁੱਖ ਸੁੱਖੀ ਕਿ ਮੇਰੀ ਧੀ ਬਚ ਜਾਵੇ ਪਰ ਜਦ ਉਹ ਮੈਨੂੰ ਫੜਾ ਕੇ ਗਊ ਨੂੰ ਪਾਣੀ ਪਿਆਉਣ ਗਈ ਤਾਂ ਰਣਜੀਤ ਮੇਰੀ ਝੋਲੀ ਵਿਚ ਹੀ ਪ੍ਰਾਣ ਤਿਆਗ ਗਈ। ਉਸ ਤੋਂ ਮਗਰੋਂ ਉਸਨੇ ਸਿਵਾਏ ਗੁਰੂ ਗਰੰਥ ਸਾਹਿਬ ਦੇ ਬਾਕੀ ਸਾਰੀਆਂ ਚੀਜ਼ਾਂ ਨੂੰ ਮੰਨਣਾ ਛੱਡ ਦਿਤਾ ਤੇ ਸਭ ਨੂੰ ਪਖੰਡ ਕਹਿਣ ਲੱਗ ਪਈ।



ਬਾਪੂ ਜੀ ਜਦ ਬਾਹਰ ਚਲੇ ਜਾਂਦੇ ਸੀ ਤਾਂ ਏਡੇ ਵੱਡੇ ਅਸਤਾਬਲ ਵਿਚ ਸਾਨੂੰ, ਇਕੱਲਿਆਂ ਨੂੰ, ਬੇਹੱਦ ਡਰ ਲਗਦਾ, ਜਿਸ ਕਰਕੇ ਮੇਰੀ ਮਾਂ ਦੇ ਹੁਕਮ ਦਾ ਬੰਨਿਆ ਮੇਰਾ ਕੋਈ ਮਾਮਾ ਜਾਂ ਮੇਰੇ ਨਾਨਾ ਜੀ ਆਥਣੇ ਰੋਜ ਘੋੜੀ ਉਤੇ ਸਾਡੇ ਕੋਲ ਰਾਤ ਨੂੰ ਪੈਣ ਲਈ ਆ ਜਾਂਦਾ ਸੀ।

ਮੇਰੀ ਮਾਂ ਮੇਰੇ ਤੋਂ ਵੀਹ ਸਾਲ ਵੱਡੀ ਸੀ ਤੇ ਮੇਰੇ ਬਾਪੂ ਜੀ ਉਸ ਤੋਂ ਸਤਾਰਾਂ ਅਠਾਰਾਂ ਸਾਲ ਵੱਡੇ ਸੀ। ਭਾਵ ਉਸ ਤੋਂ ਲੱਗਭਗ ਦੁਗਣੀ ਉਮਰ ਦੇ...। ਸੀ ਬਹੁਤ ਖੂਬਸੂਰਤ ਜਵਾਨ-ਛੇ ਫੁੱਟ ਕੱਦ, ਗੋਲ ਚਿਹਰਾ, ਲਾਲ ਸੂਹਾ ਟਮਾਟਰ ਵਰਗਾ ਰੰਗ, ਧਾਗਾ ਬੰਨ੍ਹਕੇ ਚੜ੍ਹਾਈ ਪੁੱਠੀ ਦਾਹੜੀ, ਸੌ ਕਿਲੋ ਦੇ ਨੇੜੇ ਤੇੜੇ ਵਜਨ, ਭਾਰਤ ਪੱਧਰ ਦਾ ਪੋਲੋ ਦਾ ਖਿਡਾਰੀ ਅਤੇ ਸਿਰੇ ਦਾ ਨੇਜਾਬਾਜ਼, ਜਦੋਂ ਉਹ ਘੋੜੇ ਉਤੇ ਬਹਿਕੇ ਬਾਕੀ ਦੇ ਘੋੜ ਸਵਾਰਾਂ ਦੀ ਅਗਵਾਈ ਕਰਦਾ ਬਾਜ਼ਾਰ ਵਿਚਦੀ ਲੰਘਦਾ ਲੋਕ ਖੜ੍ਹ ਖੜ੍ਹ ਦੇਖਦੇ। ਜੇ ਮੇਰਾ ਪਿਉ ਏਨ੍ਹਾਂ ਸੋਹਣਾ ਸੀ ਤਾਂ ਘਟ ਮੇਰੀ ਮਾਂ ਵੀ ਨਹੀਂ ਸੀ। ਗੋਰੀ ਚਿੱਟੀ ਮੇਮਾਂ ਜਿਹੀ। ਪਤਲੀ ਤੂਤ ਦੀ ਛਟੀ ਵਰਗੀ। ਪੰਜ ਫੁੱਟ ਛੇ ਇੰਚ ਕੱਦ। ਭਾਰ ਕਦੇ ਸੱਠ ਕਿਲੋ ਤੋਂ ਨਾ ਵਧਿਆ। ਏਨੀ ਖੂਬਸੂਰਤ ਜੋੜੀ ਹੋਣ ਦੇ ਬਾਵਜੂਦ ਮੈਂ ਉਹਨਾਂ ਦੋਹਾਂ ਨੂੰ ਇਕੱਠੇ ਕਦੇ ਕਿਤੇ ਸੈਰ ਕਰਨ ਜਾਂ ਸੌਦਾ ਖਰੀਦਣ ਲਈ ਬਜਾਰ ਜਾਂਦੇ ਨਹੀਂ ਦੇਖਿਆ ਸੀ। ਸ਼ਾਇਦ ਮੇਰੀ ਮਾਂ ਦੇ ਮਨ ਵਿਚ ਕਿਤੇ ਮੇਰੇ ਬਾਪੂ ਜੀ ਦਾ ਸਤਾਰਾਂ-ਅਠਾਰਾਂ ਸਾਲ ਵੱਡੇ ਹੋਣ ਦਾ ਕੰਢਾ ਖੁਭ ਗਿਆ ਹੋਵੇ। ਜੇ ਕਿਤੇ ਜਾਣਾ ਹੁੰਦਾ ਤਾਂ ਉਹ ਮੈਨੂੰ ਹੀ ਲੈ ਕੇ ਜਾਂਦੀ।

ਸਾਡੇ ਗੁਆਂਢ ਵਿਚ ਤੀਵੀਆਂ ਦਾ ਹਸਪਤਾਲ ਹੁੰਦਾ ਸੀ। ਜਿਸ ਦੀਆਂ ਲੱਗਭਗ ਸਾਰੀਆਂ ਨਰਸਾਂ ਉਸਨੂੰ ਜਾਣਦੀਆਂ ਸੀ। ਉਸਦੇ ਮਿਲਾਪੜੇ ਸੁਭਾਅ ਕਰਕੇ ਉਸ ਦੀ ਇੱਜਤ ਵੀ ਕਰਦੀਆਂ ਸੀ। ਪਿੰਡੋਂ ਕੋਈ ਨਾ ਕੋਈ ਜਨਾਨੀ ਬੱਚਾ ਜੰਮਣ ਜਾਂ ਬਿਮਾਰ ਹੋ ਕੇ ਆਈ ਹੀ ਰਹਿੰਦੀ। ਹਸਪਤਾਲ ਜਾਣ ਤੋਂ ਪਹਿਲਾਂ ਉਹ ਮੇਰੀ ਮਾਂ ਨੂੰ ਆਕੇ ਸਾਡੇ ਪਿੰਡ ਦੇ ਕਿਸੇ ਨਾ ਕਿਸੇ ਘਰਦੇ ਜੀ ਦਾ ਸਿਫਾਰਸ਼ੀ ਨਾਂ ਲੈਂਦੇ। ਉਹ ਜਿਨਾਂ ਮਰਜ਼ੀ ਜ਼ਰੂਰੀ ਕੰਮ ਕਰ ਰਹੀ ਹੁੰਦੀ, ਓਥੇ ਹੀ ਛੱਡਕੇ, ਜਿਨ੍ਹਾਂ ਕਪੜਿਆਂ ਵਿਚ ਹੁੰਦੀ ਸੀ, ਉਨ੍ਹਾਂ ਵਿਚ ਹੀ ਸਿਰ ਉਤੇ ਚੁੰਨੀ ਲੈ ਕੇ ਹਸਪਤਾਲ ਨੂੰ ਤੁਰ ਪੈਂਦੀ। ਮਰੀਜ਼ ਨੂੰ ਦਾਖਲ ਕਰਵਾਉਂਦੀ। ਡਿਊਟੀ ਵਾਲੀ ਨਰਸ ਨੂੰ ਉਸਦਾ ਉਚੇਚਾ ਧਿਆਨ ਰੱਖਣ ਲਈ ਬੇਨਤੀ ਕਰਦੀ। ਫੇਰ ਮਰੀਜ਼ ਦੀ ਦੇਖ ਭਾਲ ਕਰਨ ਵਾਲੇ ਲਈ ਮੰਜਾ, ਬਿਸਤਰਾ, ਚਾਹ-ਪਾਣੀ, ਰੋਟੀ-ਟੁੱਕ ਸਾਡੇ ਹੀ ਘਰੋਂ ਜਾਂਦਾ। ਉਸ ਦੇ ਹਸਪਤਾਲ ਦੇ ਇਸ ਰੁਝੇਵੇਂ ਕਰਕੇ ਸਾਡੇ ਘਰ ਬਹੁਤ ਹੀ ਘਟ ਸਮੇਂ ਸਿਰ ਰੋਟੀ ਪੱਕਦੀ। ਕਈ ਵਾਰ ਤਾਂ ਅਸੀਂ ਬਿਨਾਂ ਕੁਝ ਖਾਧੇ ਪੀਤੇ ਹੀ ਸਕੂਲ ਜਾਂਦੇ, ਮੇਰੇ ਬਾਪੂ ਜੀ ਕੰਮ ਉਤੇ। ਇਸ ਗੱਲ ਨੂੰ ਲੈ ਕੇ ਸਾਡੇ ਘਰ ਵਿਚ ਅਕਸਰ ਝਗੜਾ ਹੁੰਦਾ ਰਹਿੰਦਾ ਤਾਂ ਉਹ ਕਹਿੰਦੀ,"ਜੇ ਰੱਬ ਨੇ ਮੈਨੂੰ ਲੋਕਾਂ ਦੇ ਭਲੇ ਕਰਨ ਦੀ ਇਹ ਬਖਸ਼ਸ਼ ਕੀਤੀ ਹੈ ਤਾਂ ਮੈਂ ਅੱਗੇ ਸੇਵਾ ਕਰਦੀ ਹਾਂ, ਨਹੀਂ ਕੋਈ ਹੋਰ ਕੋਲ ਕਿਉਂ ਨਹੀਂ ਚਲਿਆ ਜਾਂਦਾ, ਬਥੇਰੀਆਂ ਉਭਵਾਲ ਦੀਆਂ ਕੁੜੀਆਂ ਰਹਿੰਦੀਆਂ ਨੇ ਏਥੇ....।"

ਫੇਰ ਉਸਦੀ ਸੇਵਾ ਭਾਵਨਾ ਉਭਾਵਾਲ ਤੋਂ ਵੀ ਅੱਗੇ ਆਲੇ ਦੁਆਲੇ ਦੇ ਪਿੰਡਾਂ ਵਿਚ ਫੈਲ ਫੈਲ ਗਈ। ਅਸੀਂ ਹੋਰ ਔਖੇ ਹੋ ਗਏ ਪਰ ਉਹ ਸਿਰਫ ਉਭਾਵਲ ਦੀ ਧੀ ਨਾ ਰਹਿਕੇ ਕਈ ਪਿੰਡਾਂ ਦੇ ਕਈ ਘਰਾਂ ਦੀ ਧੀ ਬਣ ਗਈ, ਘਰ ਵਿਚ ਭਾਵੇਂ ਸਾਨੂੰ ਰੋਟੀ ਪਾਣੀ ਸਮੇਂ ਸਿਰ ਨਾ ਮਿਲਣ ਕਰਕੇ ਕਲੇਸ਼ ਵਧਦਾ ਗਿਆ ਪਰ ਉਸ ਦੀ ਸੇਵਾ ਭਾਵਨਾ ਨਾ ਘਟੀ।

ਪੜ੍ਹਾਈ ਪ੍ਰਤੀ ਉਹ ਬਹੁਤ ਸੁਚੇਤ ਸੀ। ਸਾਨੂੰ ਪੜ੍ਹਾਉਣ ਲਈ ਉਸਨੇ ਪਿੰਡ ਦਾ ਸੁਖ ਤਿਆਗ ਕੇ ਸ਼ਹਿਰ ਦੀ ਅਣਜਾਣੀ ਤੇ ਔਕੜਾਂ ਭਰੀ ਜ਼ਿੰਦਗੀ ਜਿਉਣੀ ਪਸੰਦ ਕੀਤੀ ਸੀ। ਇਸ ਗਲ ਦਾ ਉਸ ਨੂੰ ਅਹਿਸਾਸ ਸੀ ਕਿ ਪਿੰਡ ਵਿਚ ਰਹਿਕੇ ਬੱਚੇ ਪੜ੍ਹਾਉਣੇ ਕਿੰਨੇ ਔਖੇ ਹਨ, ਇਸ ਲਈ, ਜਿਸ ਕਿਸੇ ਵੀ ਰਿਸ਼ਤੇਦਾਰ ਨੇ ਜਾਂ ਉਸ ਦੀ ਹਸਪਤਾਲ ਵਿਚ ਬਣੀ ਸਹੇਲੀ ਨੇ ਆਪਣਾ ਬੱਚਾ ਪੜ੍ਹਾਉਣ ਵਿਚ ਆਈ

ਔਕੜ ਦਸੀ ਤਾਂ ਉਸ ਨੇ ਝਟ ਕਹਿ ਦਿਤਾ,“ਮੇਰੇ ਕੋਲ ਛੱਡ ਜਾਓ।” ਉਸਦੇ ਆਪਣੇ ਮਾਮੇ ਦਾ ਪੁੱਤ ਭੁਪਿੰਦਰ ਸਿੰਘ, ਮਾਮੇ ਦੀ ਧੀ ਬਲਦੇਵ ਕੌਰ ਨੇ ਨੌਂਵੀਂ ਅਤੇ ਦਸਵੀਂ ਤਕ ਦੀ, ਇਕ ਮੇਰੇ ਤਾਏ ਦੀ ਕੁੜੀ ਦੀ ਨਣਦ ਦੇ ਮੁੰਡੇ ਕਰਨੈਲ ਸਿੰਘ ਨੇ ਦਸਵੀਂ ਤੋਂ ਮਗਰੋਂ ਤਿੰਨ ਸਾਲ ਸਾਡੇ ਕੋਲ ਰਹਿ ਕੇ ਪੜਾਈ ਕੀਤੀ ਤੇ ਹੋਰ ਦਸਵੀਂ ਦੇ ਪੇਪਰ ਤਾਂ ਕਈ ਬੱਚਿਆਂ ਨੇ ਸਾਡੇ ਕੋਲ ਰਹਿ ਕੇ ਦਿੱਤੇ।

ਮੇਰੇ ਆਪਣੇ ਦੋਸਤਾਂ ਦਾ ਘੇਰਾ ਬੜਾ ਵਿਸ਼ਾਲ ਸੀ। ਕਬੂਤਰ ਬਾਜ਼, ਮੁਰਗਬਾਜ਼, ਖਿਡਾਰੀ, ਸਾਹਿਤਕਾਰ ਤੇ ਹੋਰ ਦੋਸਤ ਮੇਰੇ ਕੋਲ ਆਏ ਹੀ ਰਹਿੰਦੇ। ਇਸੇ ਤਰ੍ਹਾਂ ਜਗਮੇਲ ਦੇ ਜਮਾਤੀ ਤੇ ਖਿਡਾਰੀ ਦੋਸਤ ਵੀ....। ਘਰ ਵਿਚ ਮੇਲਾ ਲੱਗਿਆ ਰਹਿੰਦਾ ਪਰ ਮੇਰੀ ਮਾਂ ਨੇ ਉਨ੍ਹਾਂ ਦੀਆਂ ਰੋਟੀਆਂ ਪਕਾਉਣ, ਚਾਹਾਂ ਬਨਾਉਣ ਵਿਚ ਕਦੇ ਨੱਕ ਨਹੀਂ ਸੀ ਵੱਟਿਆ। ਮੇਰੇ ਤੋਂ ਵੱਧ ਉਹ ਮੇਰੇ ਦੋਸਤਾਂ ਨੂੰ ਪਿਆਰ ਕਰਦੀ... ਮਰਦੇ ਦਮ ਤਕ ਉਹ ਵੀ ਉਸ ਨੂੰ ਭੈਣੇ ਹੀ ਕਹਿਕੇ ਬੁਲਾਉਂਦੇ, ਸਤਿਕਾਰ ਕਰਦੇ ਰਹੇ। ਉਸਦੇ ਵੱਡੀ ਭੈਣ ਸਮਝ ਕੇ ਗੋਡੀ ਹੱਥ ਲਾਉਂਦੇ। ਭੁਪਿੰਦਰ ਸਿੰਘ ਆਈ. ਏ. ਐਸ. ਉਸਦੇ ਗੋਡੀ ਹੱਥ ਲਾਕੇ ਕਹਿੰਦਾ, “ਭੈਣੇ ਲਗਦੀ ਤਾਂ ਤੂੰ ਸਾਡੀ ਮਾਂ ਹੀ ਹੈ, ਪਰ ਭੈਣ ਕਹਿਣ ਨਾਲ ਇਕ ਰਿਸ਼ਤਾ ਹੋਰ ਵਧ ਜਾਂਦਾ ਹੈ, ਇਸ ਲਈ ਕਹਾਂਗਾ ਤੈਨੂੰ ਭੈਣੇ ਹੀ।”

ਮੈਨੂੰ ਇਸ ਗੱਲ ਦਾ ਲੋਕਾਂ ਤੋਂ ਪਤਾ ਚਲਦਾ ਸੀ ਕਿ ਉਹ ਮੈਨੂੰ ਬਹੁਤ ਪਿਆਰ ਕਰਦੀ ਸੀ ਪਰ ਪਤਾ ਨਹੀਂ ਕਿਉਂ ਉਹ ਕਦੇ-ਕਦੇ ਅਜਿਹੀ ਗੱਲ ਕਹਿ ਦਿੰਦੀ ਕਿ ਮੈਂ ਸਾਰੇ ਦਾ ਸਾਰਾ ਤੜਫ ਉਠਦਾ। ਮਿਸਾਲ ਇਕੋ ਹੀ ਬਹੁਤ ਹੈ। ਮੇਰੇ ਉਤੇ 307 ਦਾ ਕੇਸ ਪੈ ਗਿਆ। ਮੁਕੱਦਮੇ ਤੋਂ ਮੈਨੂੰ ਲੱਗਿਆ ਕਿ ਕਿਤੇ ਮੈਨੂੰ ਸਜਾ ਨਾ ਹੋ ਜਾਵੇ। ਮੈਂ ਸੋਚਿਆ ਕਿ ਜੇ ਸਜਾ ਹੋ ਗਈ ਤਾਂ ਜਨਾਨੀ ਰੋਟੀ ਕਿਥੋਂ ਖਾਊਗੀ ? ਇਸ ਲਈ ਮਕਾਨ ਦੇ ਉਤੇ ਚੁਬਾਰਾ ਪਾਉਣਾ ਸ਼ੁਰੂ ਕਰ ਦਿਤਾ ਤਾਂ ਕਿ ਉਹ ਉਸਨੂੰ ਕਿਰਾਏ ਉਤੇ ਦੇ ਕੇ ਗੁਜਾਰਾ ਕਰ ਸਕੇ। ਇਕ ਦਿਨ ਉਹ ਚੁਬਾਰਾ ਪੈਂਦਾ ਦੇਖਣ ਆ ਗਈ ਤੇ ਮਿਸਤਰੀ ਨਾਲ ਗੱਲੀ ਲੱਗ ਗਈ। ਗੱਲਾਂ ਗੱਲਾਂ ਵਿਚ ਉਸਨੇ ਕਿਹਾ,“ਗੁਰਮੇਲ ਦਾ ਤਾਂ ਸਭ ਕੁਝ ਬਣ ਜਾਊਗਾ ਪਰ ਮੇਰੇ ਮੁੰਡੇ ਦਾ ਕੁਛ ਨਹੀਂ ਬਣਦਾ ਦਿਸਦਾ” ਉਸਦੀ ਗੱਲ ਸੁਣਕੇ ਮੈਨੂੰ ਗੁੱਸਾ ਚੜ੍ਹ ਗਿਆ ਪਰ ਆਪਣੇ ਜਜਬਾਤਾਂ ਤੇ ਕਾਬੂ ਪਾਕੇ ਬੜੇ ਅਰਾਮ ਨਾਲ ਪੁਛਿਆ, “ਜੇ ਉਹ ਤੇਰਾ ਮੁੰਡੈ ਤਾਂ ਮੈਂ ਤੇਰਾ ਕੀ ਲੱਗਦਾਂ ?” ਮੇਰੇ ਇਸ ਸਵਾਲ ਦਾ ਉਸ ਨੇ ਕੋਈ ਉਤਰ ਨਾ ਦਿਤਾ। ਚੁੱਪ ਕਰਕੇ ਓਥੋਂ ਚਲੀ ਗਈ ਪਰ ਮੈਂ ਸਾਰੀ ਰਾਤ ਬੇਚੈਨੀ ਵਿਚ ਪਾਸੇ ਮਾਰਦਾ ਰਿਹਾ। ਉਸ ਤੋਂ ਮਗਰੋਂ ਮੇਰਾ ਉਸਨੂੰ ਬੁਲਾਉਣ ਨੂੰ ਉਕਾ ਹੀ ਦਿਲ ਨਾ ਕਰਿਆ ਕਰੇ।

ਫੇਰ ਮੇਰੇ ਮੁਕੇਰੀਆਂ ਕੋਲ ਕਾਰ ਐਕਸੀਡੈਂਟ ਵਿਚ ਬਹੁਤ ਸੱਟਾਂ ਲੱਗੀਆਂ। ਸਰਕਾਰੀ ਹਸਪਤਾਲ ਮੁਕੇਰੀਆਂ ਦੇ ਡਾਕਟਰਾਂ ਨੇ ਮੇਰਾ ਕੇਸ ਸੀਰੀਅਸ ਜਾਣ ਕੇ ਡੀ. ਐਮ. ਸੀ ਲੁਧਿਆਣਾ ਨੂੰ ਭੇਜ ਦਿਤਾ। ਮੇਰੇ ਦੋਸਤ ਰਾਮ ਸਰੂਪ ਅਣਖੀ ਦੇ ਨਜ਼ਦੀਕੀ ਸਬੰਧੀ ਐਚ.ਆਰ. ਦਰਵੇਸ਼, ਕਹਾਣੀਕਾਰ ਲਾਲ ਸਿੰਘ ਤੇ ਹੋਰ ਮਿੱਤਰਾਂ ਦੀ ਹਿੰਮਤ ਸਦਕੇ ਮੈਨੂੰ ਮੁਕੇਰੀਆਂ ਤੋਂ ਚੁਕ ਕੇ ਲੁਧਿਆਣੇ ਡੀ.ਐਮ. ਸੀ. ਵਿਚ ਦਾਖਲ ਕਰਵਾ ਦਿਤਾ। ਜਦ ਮੈਨੂੰ ਹੋਸ਼ ਆਈ ਤਾਂ ਮੈਂ ਮੇਰੇ ਕੋਲ ਖੜ੍ਹੀ ਜਸਵਤ ਕੌਰ ਤੋਂ ਪੁਛਿਆ,“ਬੇਬੇ ਨੂੰ ਤਾਂ ਨਹੀਂ ਦਸਿਆ”

“ਹਰਪ੍ਰੀਤ ਨੇ ਦਸ ਦਿਤਾ” ਜਸਵੰਤ ਨੇ ਜਵਾਬ ਦਿਤਾ।

“ਦਸਣਾ ਨਹੀਂ ਚਾਹੀਦਾ ਸੀ...ਚਲੋ ਜੇ ਉਹ ਆਉਣਾ ਚਾਹੇ ਤਾਂ ਲੈ ਕੇ ਨਾ ਆਉਣਾ ਕਿਤੇ ਦੇਖਕੇ... ਉਹ ਤਾਂ ਅੱਗੇ ਬਿਮਾਰ ਹੈ। ਉਤੋਂ ਹਫਤਾ ਹੋ ਗਿਆ ਮੀਂਹ ਪੈਂਦੇ ਨੂੰ...” ਅਜੇ ਮੇਰਾ ਵਾਕ ਪੂਰਾ ਵੀ ਨਹੀਂ ਹੋਇਆ ਸੀ ਕਿ ਜਸਵੰਤ ਬੋਲੀ,“ਲਓ... ਰੋਕ ਲਓ ਉਸਨੂੰ... ਓਹ ਤਾਂ ਔਹ ਆਉਂਦੀ” ਅਸੀਂ ਦੇਖਿਆ ਉਹ ਇਕ ਨਰਸ ਦਾ ਮੋਢਾ ਫੜੀ ਪੋਲੇ-ਪੋਲੇ ਪੈਰ ਪੁਟਦੀ ਸਾਡੇ ਵਲ ਆ ਰਹੀ ਸੀ ਤੇ ਮੇਰੇ ਕੋਲ



ਆਕੇ ਉਹ ਮੇਰੇ ਗਲ ਨੂੰ ਚਿਬੜਕੇ ਤੇ ਮੇਰੀ ਛਾਤੀ ਤੇ ਲਿਟਕੇ ਹੁਬਕੀ ਹੁਬਕੀ ਰੋਣ ਲੱਗ ਪਈ। ਮੇਰਾ ਵੀ ਮਨ ਭਰ ਆਇਆ ਪਰ ਮੈਂ ਪਿਆਰ ਨਾਲ ਜਦੋਂ ਉਸਦੇ ਸਿਰ ਉਤੇ ਹੱਥ ਫੇਰਦਾ ਫੇਰਦਾ ਉਸਦੇ ਪਿੱਠ ਉਤੇ ਲੈ ਕੇ ਗਿਆ ਤਾਂ ਉਸਦੇ ਪਿੰਡੇ ਵਿਚੋਂ ਸੇਕ ਮਾਰ ਰਿਹਾ ਸੀ।

“ਤੈਨੂੰ ਤਾਂ ਭੈਣੇ ਤਾਪ ਵੀ ਬਹੁਤ ਚੜ੍ਹਿਆ ਹੋਇਆ ਹੈ, ਤੂੰ ਕਿਵੇਂ ਏਥੇ ਆ ਗਈ ?”

ਚੁੰਨੀ ਨਾਲ ਅੱਖਾਂ ਪੂੰਝਦੀ ਹੋਈ ਉਹ ਮੇਰੀ ਛਾਤੀ ਤੋਂ ਉਠਕੇ, ਚੁੱਪ ਚਾਪ ਪੱਥਰ ਦੀ ਮੂਰਤੀ ਜਿਹੀ ਬਣਕੇ ਮੇਰੇ ਚਿਹਰੇ ਵਲ ਦੇਖਣ ਲਗ ਪਈ ਸੀ। ਜਸਵੰਤ ਨੇ ਉਸਦੇ ਮੱਥੇ ਉਤੇ ਹੱਥ ਧਰਕੇ ਦੇਖਿਆ ਤੇ ਬੋਲੀ,

“ਏਨੇ ਮੀਂਹ ਪੈਂਦੇ ਵਿਚ, ਏਸ ਹਾਲ ਵਿਚ ਬੇਬੇ ਤੈਨੂੰ ਨਹੀਂ ਆਉਣਾ ਚਾਹੀਦਾ ਸੀ। ਸੜਕਾਂ ਉਤੇ ਪਾਣੀ ਹੜ੍ਹ ਵਾਂਗੂੰ ਫਿਰ ਰਿਹੈ, ਜੇ ਤੈਨੂੰ ਕੁਸ਼ ਹੋ ਜਾਂਦਾ....”

“ਬੀਬੀ ਤੂੰ ਵੀ ਕਮਾਲ ਕਰਦੀਐਂ... ਇਹ ਵੀ ਇਕ ਮਾਂ ਹੈ.... ਜੇ ਮੇਰਾ ਐਕਸਡੈਂਟ ਹੋਇਆ ਹੁੰਦਾ, ਕੀ ਤੂੰ ਰੁਕ ਜਾਂਦੀ?” ਹਰਪ੍ਰੀਤ ਨੇ ਜਸਵੰਤ ਨੂੰ ਰਤਾ ਗੁੱਸੇ ਵਿਚ ਕਿਹਾ

ਉਸ ਦਿਨ ਮੈਂ ਕਿੰਨਾ ਚਿਰ ਸੋਚਦਾ ਰਿਹਾ ਸੀ ਕਿ ਉਹ ਕੀ ਬਣਕੇ, ਮਾਂ ਜਾਂ ਭੈਣ, ਮੇਰੇ ਗੱਲ ਨੂੰ ਚਿੰਬੜ ਕੇ, ਮੇਰੀ ਛਾਤੀ ਉਤੇ ਲਿਟਕੇ ਕਿੰਨਾਂ ਚਰ ਹੁਬਕੀ ਹੁਬਕੀ ਰੋਂਦੀ ਰਹੀ ਸੀ ?

ਤੇ ਮੇਰੇ ਮਨ ਵਿਚ ਚਿਰਾਂ ਤੋਂ ਲਟਕ ਦੇ ਆ ਰਹੇ ਸਵਾਲ ਦਾ ਜਵਾਬ ਮੈਨੂੰ ਉਸ ਦਿਨ ਵੀ ਨਹੀਂ ਮਿਲਿਆ ਸੀ, ਜਿਸ ਦਿਨ ਮੈਂ ਸ਼ਮਸ਼ਾਨ ਘਾਟ ਤੋਂ ਉਸ ਦੇ ਫੁੱਲ ਲੈ ਕੇ ਤੁਰਨ ਲੱਗਿਆ ਸੀ ਤਾਂ ਮਾਮੇ ਨਰ ਸਿੰਘ ਨੇ ਕਿਹਾ ਸੀ, “ਬਾਈ ਇਹ ਕਹਿ, ਆ ਭੈਣੇ ਚਲੀਏ....” ਮੈਂ ਉਸ ਦੇ ਕਹੇ ਸ਼ਬਦ ਦੁਹਰਾ ਦਿਤੇ ਸੀ। ਤੇ ਕੀਰਤ ਪੁਰ ਜਾ ਕੇ ਉਹ ਜੋ ਜੋ ਰਸਮਾਂ ਕਰਨ ਲਈਂ ਮੈਨੂੰ ਕਹਿੰਦੇ ਰਹੇ, ਮੈਂ ਕਰਦਾ ਰਿਹਾ। ਪਰ ਜਦ ਪਤਾਲਪੁਰੀ ਵਿਚ ਫੁੱਲ ਪਾਉਣ ਲੱਗਿਆ ਤਾਂ ਮੇਰੇ ਮਾਮੇ ਨਰ ਸਿੰਘ ਨੇ ਕਿਹਾ, “ਫੁੱਲ ਪਾਉਦੇ ਹੋਏ ਇਹ ਕਹੀਂ, ਲੈ ਭੈਣੇ ਆਪਣਾ ਏਥੇ ਤਕ ਦਾ ਹੀ ਸਾਥ ਸੀ। ਹੁਣ ਤੂੰ ਏਥੇ ਹੀ ਰਹਿ” ਪਰ ਫੁੱਲ ਪਾਉਂਦੇ ਹੋਏ ਮੈਂ ਮਾਮੇ ਦੇ ਕਹੇ ਸ਼ਬਦ ਜਦ ਦੁਹਰਾਉਣ ਲੱਗਿਆ ਤਾਂ ਮੇਰੀ ਭੁੱਬ ਨਿਕਲ ਗਈ, ਆਪਣੇ ਆਪ ਤੇ ਕਾਬੂ ਪਾਉਣਾ ਚਾਹਿਆ ਤਾਂ ਆਪਮੁਹਾਰੇ ਚਾਂਗਾ ਨਿਕਲ ਗਈਆਂ। ਫੇਰ ਮੈਂ ਕੋਲ ਹੀ ਖੜ੍ਹੇ ਇਕ ਦਰਖਤ ਦੇ ਨਾਲ ਸਿਰ ਲਾ ਕੇ ਕਿੰਨਾਂ ਹੀ ਚਿਰ ਧਾਹਾਂ ਮਾਰ ਮਾਰਕੇ ਰੋਂਦਾ ਰਿਹਾ। ਮਾਮਾ ਨਰ ਸਿੰਘ ਜਦ ਮੇਰੀ ਧੀਰਜ ਧਰਾਉਣ ਲੱਗਿਆ ਤਾਂ ਇਕ ਹੋਰ ਆਵਾਜ਼ ਮੇਰੇ ਕੰਨਾਂ ਨਾਲ ਟਕਰਾਈ। “ਕਰ ਲੈਣ ਦਿਓ ਦਿਲ ਹੌਲਾ, ਕਰ ਲੈਣ ਦਿਓ.... ਇਸ ਦੀ ਤਾਂ ਮਾਂ ਵੀ ਇਹੀ ਸੀ ਤੇ ਭੈਣ ਵੀ...।” ਪਰ ਮੈਂ ਅਜੇ ਤਕ ਨਹੀਂ ਫੈਸਲਾ ਕਰ ਸਕਿਆ ਕਿ ਮੈਂ ਏਨਾ ਉਚੀ-ਉਚੀ ਚਾਂਗਾ ਮਾਰ-ਮਾਰਕੇ ਕਿਸਨੂੰ ਰੋਇਆ ਸੀ ਮਾਂ ਨੂੰ ਜਾਂ ਭੈਣ ਨੂੰ....।

**ਪਤਾ : ਬੀ-4/91ਸਤਾਬਲ ਪਟਿਆਲਾ ਗੇਟ, ਸੰਗਰੂਰ-148001, ਮੋ: ਨੰ:94630-67405**

**ਸੁਖਦੇਵ ਸਿੱਧੂ ਵੱਲੋਂ ਲਿਖੀ ਵਾਰਤਕ ਦੀ ਨਵੀਂ ਪੁਸਤਕ**

**ਮੇਰੇ ਅਪਣੇ**

ਸੁਖਦੇਵ ਸਿੱਧੂ ਦੀ ਇਹ ਕਿਰਤ, ਮੇਰੇ ਆਪਣੇ, ਸਿਰਫ਼ ਇਕ ਪੁਸ਼ਤ ਪਹਿਲਾਂ ਦੇ ਦੇਸ ਦੁਆਬੇ ਦੇ ਨਕੋਦਰ ਤੇ ਲਾਗੇ ਵਹਿੰਦੇ ਦਰਿਆ ਸਤਲੁੱਜ ਬੇਟ ਦੀ ਦੁਨੀਆਂ ਦੇ ਲੋਕਾਂ ਦੀ ਵਾਰਤਾ ਹੈ। ਸਿੱਧੂ ਨੇ ਦੁਆਬੀ ਬੋਲੀ ਦੀ ਪੁੱਠ ਦੇ ਕੇ ਅਪਣਿਆਂ ਦੀ ਤੇ ਭਗਤ ਕਾਲੇ ਕੁੱਤੇ, ਹਿਰਣਾਂ ਮੋਰਾਂ ਤੱਕ ਦੀ ਬੰਦਿਆਈ ਨੂੰ ਦਿਲ ਭਰ ਕੇ ਸਾਕਾਰ ਕੀਤਾ ਹੈ। ਇਹ ਕਿਤਾਬ ਬੀਤ ਗਏ ਵੇਲੇ ਦਾ ਮਰਸੀਆ ਨਹੀਂ ਉਹਦਾ ਜਸ਼ਨ ਹੈ।

***ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ***

***ਮੁੱਲ :150, ਪੰਨੇ :135***



# ਤੈਂ ਕੀ ਦਰਦ ਨਾਂ ਆਇਆ......./ਗੁਰਮੀਤ ਸਿੰਘ ਸਿੰਗਲ

ਮੇਰੀ ਬੇਬੇ ਦਾ ਨਾਂ ਅਜਮੇਰ ਕੌਰ ਸੀ, ਸਿਰਫ ਹੱਡੀਆਂ ਦਾ ਪਿੰਜਰ , ..... ਅਸਲੋਂ ਹੀ ਮਾਸ ਹੀਣ , ਜਿਵੇਂ ਰੋਹੀ-ਬੀਆਬਾਨਾਂ ਵਿੱਚ ਸੁੱਕ ਚੁੱਕਿਆ ਦਰਖ਼ਤ ਹੋਵੇ।

ਉਸ ਦੀ ਸਾਰੀ ਜ਼ਿੰਦਗੀ ਗਿੱਲੇ ਗੋਹੇ ਵਾਂਗ ਧੁੱਖਦੀ ਰਹੀ।

ਉਸ ਦੀ ਜ਼ਿੰਦਗੀ ਦਾ ਕੋਈ ਇੱਕ ਪਲ ਵੀ ਸੁੱਖ ਨਾਲ ਨਹੀਂ ਬੀਤਿਆ। ਕਈ ਵਾਰ ਸੋਚਦਾ ਹਾਂ ਕਿ ਉਹ ਧੁਰੋਂ ਕਿਹੋ ਜਿਹੇ ਲੇਖ ਲਿਖਾ ਕੇ ਲਿਆਈ ਸੀ...? ਜਿਸ ਦੇ ਪੱਲੇ ਸਿਰਫ ਰੋਣਾਂ ਸੀ..., ਹੌਕੇ ਸਨ...., ਹਾਵੇ ਸਨ, .... ਉਸ ਦੇ ਹਿੱਸੇ ਸਿਰਫ ਦੁੱਖਾਂ ਦਾ ਵਗਦਾ ਦਰਿਆ ਸੀ।

ਅਤਿ ਦੇ ਦੁੱਖ ਭੋਗਦਿਆਂ ਫਰਵਰੀ 2006 ਵਿੱਚ, ਉਹ ਸਾਨੂੰ ਛੱਡ ਕੇ ਕਿਸੇ ਦੂਸਰੇ ਜਹਾਨ ਵਿੱਚ ਤੁਰ ਗਈ.... ਜਿਥੋਂ ਕਦੇ ਕੋਈ ਮੁੜ ਕੇ ਨਹੀਂ ਆਇਆ।

ਕਹਾਣੀ ਧਾਰਾ ਦੇ ਬਾਪੂ ਵਿਸੇਸ ਅੰਕ ਵਿੱਚ ਮੈਂ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਮੇਰੇ ਬਾਪੂ ਜੀ ਨੇ ਸਾਰੀ ਹੀ ਜ਼ਮੀਨ ਸ਼ਰਾਬ ਅਤੇ ਐਸ ਪ੍ਰਸਤੀ ਵਿੱਚ ਰੋੜ੍ਹ ਦਿੱਤੀ ਸੀ। ਬਾਪੂ ਜੀ ਦਾ ਮੇਰੀ ਸੁਨੱਖੀ ਚਾਚੀ ਵੱਲ ਝੁਕਾਅ ਸੀ। ਫੇਰ ਵੀ ਬੇਬੇ ਅਤੇ ਚਾਚੀ ਨੂੰ ਕਦੇ ਮੈਂ ਆਪਸ ਵਿੱਚ ਲੜਦਿਆਂ, ਝਗੜਦਿਆਂ ਨਹੀਂ ਸੀ ਦੇਖਿਆ। ਪਰ ਬੇਬੇ ਬਾਪੂ ਜੀ ਦੀ ਇਸ ਮਲੰਗੀ ਤੋਂ ਅੰਦਰੋਂ ਡਾਹਢੀ ਦੁਖੀ ਸੀ। ਉਹ ਅੰਦਰ ਹੀ ਅੰਦਰ ਤੜਫਦੀ, ਕ੍ਰਿਝਦੀ, ਪਰ ਚੁੱਪ ਰਹਿੰਦੀ। ਜੁਬਾਨ ਤੇ ਕਦੇ ਕੋਈ ਸ਼ਿਕਵਾ ਨਾਂ ਲਿਆਉਂਦੀ।

ਉਹਨਾਂ ਦਿਨਾਂ ਵਿੱਚ ਸਾਡਾ ਸਾਂਝਾ ਪਰਿਵਾਰ ਸੀ। ਬਾਪੂ ਜੀ ਹੁਰੀਂ ਤਿੰਨ ਭਰਾ ਸਨ। ਸਾਰੇ ਇਕੱਠੇ ਰਹਿੰਦੇ ਸਨ। ਸਾਂਝੀ ਖੇਤੀ ਸੀ। ਬਾਪੂ ਜੀ ਵਿਚਾਲੜੇ ਥਾਂ ਸਨ। ਮੇਰੇ ਤਾਇਆ ਜੀ ਸਾਧੂ ਸੁਭਾਅ ਦੇ ਬੰਦੇ ਸਨ, ਪਰ ਮੇਰੀ ਤਾਈ ਬਹੁਤ ਡਾਹਢੀ ਸੀ.....ਡਾਹਢੀ ਅਤੇ ਲੜਾਕੀ। ਮੇਰੀ ਬੇਬੇ ਦੀ ਮੇਰੀ ਤਾਈ ਨਾਲ ਕਦੇ ਨਹੀਂ ਸੀ ਬਣੀ। ਉਹ ਹਰ ਵਕਤ ਬੇਬੇ ਨਾਲ ਕੋਈ ਨਾਂ ਕੋਈ ਪੰਗਾ ਲਈ ਰੱਖਦੀ, ਪਰ ਬੇਬੇ ਜਿਆਦਾ ਚੁੱਪ ਹੀ ਰਹਿੰਦੀ। ਤਾਈ ਬੇਬੇ ਨੂੰ ਉਨੀ ਦੇਰ ਬੁਰਾ ਭਲਾ ਕਹਿੰਦੀ ਰਹਿੰਦੀ, ਜਿੰਨੀ ਦੇਰ ਮੇਰੀ ਚਾਚੀ ਉਸ ਨੂੰ ਅੱਗਿਓਂ ਨਾਂ ਰੋਕਦੀ। ਮੇਰੀ ਚਾਚੀ ਹਰ ਵੇਲੇ ਬੇਬੇ ਦਾ ਪੱਖ ਪੂਰਦੀ ਸੀ। ਇਸ ਗੱਲੋਂ ਮੈਨੂੰ ਚਾਚੀ ਬਹੁਤ ਚੰਗੀ ਚੰਗੀ ਲੱਗਦੀ।

ਮੇਰੀ ਬੇਬੇ ਬਾਪੂ ਜੀ ਤੋਂ ਅੰਤਾਂ ਦਾ ਡਰਦੀ। ਮੇਰੀ ਬੇਬੇ ਦਾ ਕੱਦ ਮਸਾਂ ਹੀ ਪੰਜ ਕੁ ਫੁੱਟ ਸੀ। ਪਰ ਬਾਪੂ ਜੀ ਦਾ ਕੱਦ ਸਵਾ ਛੇ ਫੁੱਟ। ਬਾਪੂ ਜੀ ਨੇ ਭਾਵੇਂ ਮੇਰੀ ਬੇਬੇ ਨੂੰ ਕਦੇ ਕੁੱਟਿਆ-ਮਾਰਿਆ ਨਹੀਂ ਸੀ। ਪਰ ਫਿਰ ਵੀ ਉਹ ਬਾਪੂ ਜੀ ਨੂੰ ਦੇਖਦਿਆਂ ਹੀ ਜਿਵੇਂ ਤ੍ਰਹਿ ਉਠੱਦੀ। ਉਹਨਾਂ ਦਾ ਰੋਅਬ-ਦਾਅਬ ਹੀ ਕੁਝ ਅਜਿਹਾ ਸੀ। ਉੱਚਾ-ਲੰਮਾਂ,ਦਿਓ ਕੱਦ ਸਰੀਰ। ਬਾਪੂ ਜੀ ਸ਼ਰਾਬ ਪੀ ਕੇ ਸ਼ਾਮ ਨੂੰ ਹਨੇਰੇ ਪਏ ਘਰ ਮੁੜਦੇ। ਘਰ ਵੜਦਿਆਂ ਹੀ ਉਹ ਬੜ੍ਹਕਾਂ ਮਾਰਨ ਲੱਗਦੇ ਤਾਂ ਜਿਵੇਂ ਪੂਰੇ ਘਰ ਵਿੱਚ ਸੁੰਨ ਵਰਤ ਜਾਂਦੀ। ਬੇਬੇ ਸਣੇਂ, ਅਸੀਂ ਸਾਰੇ ਭੈਣ ਭਰਾ ਉਹਨਾਂ ਦੀਆਂ ਇਹਨਾਂ ਬੜ੍ਹਕਾਂ ਤੋਂ ਤ੍ਰਹਿ- ਤ੍ਰਹਿ ਜਾਂਦੇ।

ਸਾਡੇ ਹਿੱਸੇ ਦੀ ਜ਼ਮੀਨ ਵਿੱਕ ਜਾਣ ਤੋਂ ਬਾਅਦ , ਜਦੋਂ ਸਾਡੇ ਘਰ ਵਿੱਚ ਕੁਝ ਵੀ ਨਾਂ ਬਚਿਆ ਤਾਂ ਸਾਡੇ ਸਾਂਝੇ ਪਰਿਵਾਰ ਅਲੱਗ-ਅਲੱਗ ਹੋ ਗਏ, ਮੇਰੀ ਬੇਬੇ ਹੱਡਾਂ ਨੂੰ ਝੋਰਾ ਲਾ ਬੈਠੀ। ਉਹ ਦਿਨੋਂ ਦਿਨ ਸੁੱਕਦੀ ਜਾਂਦੀ ਸੀ। ਅਸੀਂ ਸੱਤ ਭੈਣ ਭਰਾ ਸਾਂ। ਤਿੰਨ ਭੈਣਾਂ ਅਤੇ ਚਾਰ ਭਰਾ। ਘਰ ਵਿੱਚ ਦੋ ਕੁੜੀਆਂ ਵਿਆਹੁਣ ਜੋਗੀਆਂ ਹੋ ਗਈਆਂ ਸਨ। ਹੋਰ ਦੋ ਸਾਲਾਂ ਨੂੰ ਛੋਟੀ ਨੇ ਵੀ ਵਿਆਹੁਣ ਜੋਗੀ ਹੋ ਜਾਣਾਂ ਸੀ। ਬੜੀ ਵੱਡੀ ਕਬੀਲਦਾਰੀ ਸੀ.... ਕੀ ਬਣੂੰ ਹੁਣ....? ਬੇਬੇ ਜਵਾਨ ਧੀਆਂ ਦੇ ਮੂੰਹਾਂ ਵੱਲ ਵੇਖਦੀ, ਸੋਚਾਂ ਵਿੱਚ ਡੁੱਬੀ, ਧੁੱਖਦੀ ਰਹਿੰਦੀ।



ਮੇਰੀ ਬੇਬੇ ਹੁਰੀ ਦੋ ਭੈਣਾਂ ਅਤੇ ਉਹਨਾਂ ਦਾ ਇੱਕ ਭਰਾ ਸੀ। ਭਰਾ ਛੋਟੀ ਉਮਰ ਵਿੱਚ ਹੀ ਪਿੰਡ ਦੇ ਟੋਭੇ ਵਿੱਚ ਡੁੱਬ ਕੇ ਮਰ ਗਿਆ ਸੀ। ਮਰ ਚੁੱਕੇ ਇੱਕੋ ਇੱਕ ਭਰਾ ਨੂੰ ਯਾਦ ਕਰਦਿਆਂ ਉਹਦੀਆਂ ਅੱਖਾਂ ਭਰ ਆਉਂਦੀਆਂ। ਪੇਕਿਆਂ ਵੱਲੋਂ ਉਹਨੂੰ ਕੋਈ ਮਿਲਣ ਵਾਲਾ ਨਹੀਂ ਸੀ ਰਿਹਾ। ਇਸ ਗੱਲ ਦਾ ਉਸਨੂੰ ਉਮਰ ਭਰ ਝੋਰਾ ਰਿਹਾ। ਹਾਂ, ਉਸਦੇ ਚਾਚੇ ਦਾ ਪੁੱਤ ਭਰਾ ਕਦੇ ਕਦਾਈਂ ਆਉਂਦਾ ਤਾਂ ਬੇਬੇ ਜਿਵੇਂ ਸੱਤ ਅਸਮਾਨੀਂ ਉੱਡਦੀ ਫਿਰਦੀ। ( ਭਾਵੇਂ ਬੇਬੇ ਨੂੰ ਪਤਾ ਸੀ ਕਿ ਇਹ ਬੰਦਾ ਉਹਨਾਂ ਦੀ ਜਾਇਦਾਦ ਖਾਤਰ ਹੀ ਸਾਡੇ ਪਿੰਡ ਗੇੜਾ ਮਾਰਦਾ ਸੀ) ਪਰ ਫੇਰ ਵੀ ਪਤਾ ਨਹੀਂ ਕਿਉਂ ਉਹਦੇ ਆਉਣ ਦਾ ਅਹਿਸਾਸ ਉਹਨੂੰ ਸੁੱਖ ਦਿੰਦਾ ਸੀ। ਬੇਬੇ ਦੀ ਵੱਡੀ ਭੈਣ ਕਦੇ ਕਦੇ'ਹੀ ਸਾਡੇ ਪਿੰਡ ਗੇੜਾ ਮਾਰਦੀ। ਬੇਬੇ ਵੀ ਉਹਦੇ ਕੋਲ ਘੱਟ -ਵੱਧ ਹੀ ਜਾਂਦੀ ਸੀ। ਪਿੰਡ ਵਿੱਚ ਉਸਦੀ ਹਮ-ਉਮਰ ਕਿਸੇ ਤੀਵੀਂ ਦਾ ਜਦੋਂ ਪੇਕਿਆਂ ਵਾਲੇ ਪਾਸਿਓ ਕੋਈ ਮਿਲਣ ਆਉਂਦਾ ਤਾਂ ਬੇਬੇ ਅੰਦਰ ਵੜ ਕੇ ਮਣਾਂ ਮੂੰਹੀਂ ਰੋਂਦੀ। ਮੇਰਾ ਵੀ ਕੋਈ ਹੁੰਦਾ ਤਾਂ ਅੱਜ ਮੈਨੂੰ ਵੀ ਮਿਲਣ ਆਉਂਦਾ.... ਦੋ ਘੜੀ ਬਹਿ ਕੇ ਦੁੱਖ ਰੋ ਲੈਂਦੀ .....। ਹੁਬਕੀਂ ਹੁਬਕੀਂ ਰੋਂਦਿਆਂ ਉਹ ਆਖਦੀ। ਮੇਰਾ ਨਾਨਾ ਕਈ ਸਾਲ ਪਹਿਲਾਂ ਹੀ ਚੱਲ ਵਸਿਆ ਸੀ। ਨਾਨੀ ਵੀ ਅਕਸਰ ਬਿਮਾਰ ਹੀ ਰਹਿੰਦੀ ਸੀ । ਬਾਪੂ ਜੀ ਉਹਨਾਂ ਕੋਲ ਤਕਰੀਬਨ ਜਾਂਦੇ ਰਹਿੰਦੇ ਸਨ।

ਬਾਪੂ ਜੀ ਨੇ ਬੜੀ ਚਲਾਕੀ ਨਾਲ ਮੇਰੀ ਨਾਨੀ ਕੋਲੋਂ ਉਹਦੇ ਜਿਉਂਦੇ ਜੀ ਹੀ ਸਾਰੀ ਜਾਇਦਾਦ ਦੀ ਵਸੀਅਤ ਆਪਣੇ ਨਾਮ ਕਰਵਾ ਲਈ ਸੀ। ........ ਤੇ ਇਹਨਾਂ ਦਿਨਾਂ ਵਿੱਚ ਹੀ ਮੇਰੀ ਨਾਨੀ ਮਰ ਗਈ ਸੀ। ਬਾਪੂ ਜੀ ਨੇ ਮੇਰੀ ਨਾਨੀ ਦੇ ਮਰਨ ਤੋਂ ਕੁਝ ਮਹੀਨੇਂ ਬਾਅਦ ਹੀ ਇਹ ਜਾਇਦਾਦ ਵੇਚ ਕੇ ਮੇਰੀਆਂ ਭੈਣਾਂ ਦੇ ਵਿਆਹ ਕਰ ਦਿੱਤੇ ਸਨ।

ਬੇਬੇ ਨੂੰ ਪਤਾ ਲੱਗਿਆ ਤਾਂ ਜਿਵੇਂ ਉਹਦੀ ਨਿਮਾਣੀ ਜਿੰਦ ਤੜਫ ਕੇ ਰਹਿ ਗਈ ਸੀ। ਸਾਨੂੰ ਪਤਾ ਹੈ ਬੇਬੇ ਕਈ ਦਿਨ ਦੱਬੀ ਜ਼ੁਬਾਨ ਨਾਲ ਬਾਪੂ ਜੀ ਮੂਹਰੇ ਪਹਿਲੀ ਵਾਰ ਬੋਲੀ ਸੀ। ਇਸ ਤੋਂ ਬਾਅਦ ਸਾਡੀ ਮਾਸੀ ਸਾਡੇ ਨਾਲੋਂ ਸਦਾ ਸਦਾ ਲਈ ਨਾਤਾ ਤੋੜ ਗਈ ਸੀ।

******

ਇਹ ਉਹ ਦਿਨ ਸਨ ਜਦੋਂ ਸਾਡਾ ਪਰਿਵਾਰ ਅੰਤਾਂ ਦੀ ਗਰੀਬੀ ਝੱਲ ਰਿਹਾ ਸੀ। ਦੋ ਵਕਤ ਦੀ ਰੋਟੀ ਮਿਲਣੀ ਵੀ ਮੁਸਕਿਲ ਸੀ। ਮੇਰੇ ਬਾਪੂ ਜੀ ਉੱਚੇ-ਲੰਮੇ ਕੱਦ-ਕਾਠ ਵਾਲੇ ਸਨ। ਬਾਪੂ ਜੀ ਵਾਂਗ ਮੇਰਾ ਵੱਡਾ ਭਰਾ ਅਮਰੀਕ ਵੀ ਖੁਲ੍ਹੇ ਹੱਡਾਂ ਪੈਰਾਂ ਵਾਲਾ ਸੀ। ਉਹ ਫੌਜ ਵਿੱਚ ਭਰਤੀ ਹੋ ਗਿਆ ਸੀ। ਇਹ ਤਕਰੀਬਨ 1972 ਦੀ ਗੱਲ ਹੈ। ਉਸਨੂੰ ਬੰਬੇ ਇੰਜੀਨੀਅਰਿੰਗ ਗਰੁੱਪ ਵਿੱਚ ਭਰਤੀ ਕੀਤਾ ਗਿਆ ਸੀ। ਟ੍ਰੇਨਿੰਗ ਕਰਨ ਉਸਨੇ ਪੂਨੇ ਜਾਣਾਂ ਸੀ। ਘਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ । ਨਾਂ ਚਾਹੁੰਦਿਆਂ ਵੀ ਬੇਬੇ ਉਸ ਨੂੰ ਫੌਜ਼ ਵਿੱਚ ਭੇਜਣ ਲਈ ਰਾਜੀ ਹੋ ਗਈ ਸੀ। ਇਸ ਦਾ ਵੱਡਾ ਕਾਰਨ ਘਰ ਦੀ ਗਰੀਬੀ ਸੀ। ਚੱਲੋ ਘਰ ਦੀ ਕੁਝ ਹਾਲਤ ਸੁਧਰ ਜਾਏਗੀ, ਬੇਬੇ ਨੇ ਇਹੋ ਸੋਚਿਆ ਸੀ। ਜਿਸ ਦਿਨ ਅਮਰੀਕ ਨੇ ਪਟਿਆਲੇ ਤੋਂ ਗੱਡੀ ਫੜਨੀ ਸੀ ਉਸ ਦਿਨ ਬੇਬੇ ਨਾਲ ਹੀ ਗਈ ਸੀ,ਅਤੇ ਉਸ ਨੇ ਆਪਣੇਂ ਹੱਥੀਂ ਪੁੱਤ ਨੂੰ ਗੱਡੀ ਚੜ੍ਹਾਇਆ ਸੀ।

ਅਮਰੀਕ ਦੇ ਗੱਡੀ ਚੜ੍ਹਨ ਤੋਂ ਪੰਜ ਕੁ ਦਿਨਾਂ ਬਾਅਦ ਹੀ ਘਰ ਵਿੱਚ ਕੋਹਰਾਮ ਮੱਚ ਗਿਆ ਸੀ। ਅਚਾਨਕ ਅਮਰੀਕ ਦੀ ਮੌਤ ਦੀ ਟੈਲੀਗ੍ਰਾਮ ਹੀ ਆਈ ਸੀ। ਉਸ ਦੀ ਪੂਨੇ ਪਹੁੰਚਦਿਆਂ ਹੀ ਮੌਤ ਹੀ ਗਈ ਸੀ। ਟੈਲੀਗ੍ਰਾਮ ਵਿੱਚ ਮੌਤ ਦਾ ਕਾਰਨ ਤੇਜ ਬੁਖਾਰ ਲਿਖਿਆ ਗਿਆ ਸੀ। ਜਵਾਨ ਪੁੱਤ ਦੀ ਮੌਤ ਦੀ ਦਿਲ ਹਲੂਣ ਦੇਣ ਵਾਲੀ ਖ਼ਬਰ ਸੁਣਦਿਆਂ ਹੀ ਬੇਬੇ ਮੂੰਹ ਦੇ ਭਾਰ ਡਿੱਗ ਪਈ ਸੀ ਅਤੇ ਉਹਦੇ ਅਗਲੇ ਤਿੰਨ ਦੰਦ ਟੁੱਟ ਗਏ ਸਨ।

ਬਾਪੂ ਜੀ ਦਾ ਦਿਓ ਕੱਦ ਜਿਸਮ ਕੰਬਿਆ, ਅਤੇ ਥਾਂ ਉੱਤੇ ਬੇਹੋਸ ਹੋ ਕੇ ਡਿੱਗ ਪਿਆ ਸੀ। ਜਿਵੇਂ ਵੱਡੇ ਪਹਾੜ ਵਿੱਚ ਭੁਚਾਲ ਆ ਗਿਆ ਹੋਵੇ। ਅਜਿਹੀ ਦੁਖਦਾਈ ਮੌਤ ਸੁਣ ਕੇ ਸਾਡੇ ਪੂਰੇ ਪਿੰਡ ਤਾਂ ਕੀ ਸਗੋਂ ਨੇੜੇ-ਤੇੜੇ ਦੇ ਇਲਾਕੇ ਵਿੱਚ ਵੀ ਜਿਵੇਂ ਸੁੰਨ ਵਰਤ ਗਈ ਸੀ।

ਓ....ਓ.......ਹੋ ...ਹੋ... ਰੱਬਾ ਤੈਂ ਆਹ ਕੀ ਲੋਹੜਾ ਮਾਰਿਆ ? ਘਰ ਵਿੱਚ ਸੋਗ ਕਰਨ ਆਇਆ ਹਰ ਸ਼ਖ਼ਸ ਧਾਅ ਮਾਰਦਿਆਂ ਜਿਵੇਂ ਰੱਬ ਨੂੰ ਇਹੋ ਉਲ੍ਹਾਮਾਂ ਦਿੰਦਾ।

ਉਹਨਾਂ ਦਿਨਾਂ ਵਿੱਚ ਬਸੀ ਪਠਾਣਾਂ ਤੋਂ ਡਾਕਟਰ ਵੇਦ ਜੋ ਕਾਂਗਰਸ ਦਾ ਸਿਰਕੱਢ ਆਗੂ ਵੀ ਸੀ ਅਤੇ ਬਾਪੂ ਜੀ ਨਾਲ ਉਸਦੀ ਕਾਫੀ ਨੇੜਤਾ ਸੀ, ਉਹ ਖ਼ਬਰ ਸੁਣਦਿਆਂ ਹੀ ਸਾਡੇ ਪਿੰਡ ਪੁੱਜ ਗਿਆ । ਉਸ ਨੇ ਬੇਹੋਸ ਪਈ ਬੇਬੇ ਅਤੇ ਬਾਪੂ ਜੀ ਨੂੰ ਸੰਭਾਲਿਆ, ਅਤੇ ਉਹਨਾਂ ਦਾ ਇਲਾਜ ਕੀਤਾ। ਕਿੰਨੇ ਹੀ ਦਿਨ ਉਹ ਸਵੇਰੇ ਹੀ ਸਾਡੇ ਪਿੰਡ ਪੁੱਜ ਜਾਂਦਾ ਅਤੇ ਉਹਨਾਂ ਨੂੰ ਲੋੜੀਂਦੀਆਂ ਦਵਾਈਆਂ ਦੇ ਕੇ ਚਲਾ ਜਾਂਦਾ। ਇਹਨਾਂ ਦਵਾਈਆਂ ਦਾ ਉਸਨੇ ਕਦੇ ਕੋਈ ਪੈਸਾ ਨਹੀਂ ਸੀ ਲਿਆ। ਭਾਵੇਂ ਇਹ ਸਤਿਕਾਰਯੋਗ ਇਨਸਾਨ ਇਸ ਦੁਨੀਆਂ ਵਿੱਚ ਨਹੀਂ ਪਰ ਉਹਨਾਂ ਨੂੰ ਯਾਦ ਕਰਦਿਆਂ ਅੱਜ ਵੀ ਮੇਰਾ ਸਿਰ ਉਹਨਾਂ ਅੱਗੇ ਸਰਧਾ ਨਾਲ ਝੁੱਕ ਜਾਂਦਾ ਹੈ।

ਬੇਬੇ ਹੱਡੀਆਂ ਦਾ ਪਿੰਜਰ ਹੀ ਰਹਿ ਗਈ ਸੀ। ਮੰਜੇ ਤੇ ਪਈ ਵੀ ਪਛਾਣੀ ਨਾਂ ਜਾਂਦੀ। ਪਿੰਡ ਦੀਆਂ ਤੀਵੀਆਂ ਆਉਂਦੀਆਂ ਬੇਬੇ ਨੂੰ ਹੌਂਸਲਾ ਦੇਂਦੀਆਂ ਹੋਈਆਂ ਸਗੋਂ ਆਪਣੇ ਮਰਿਆਂ ਨੂੰ ਯਾਦ ਕਰ - ਕਰ ਕੇ ਆਪ ਹੀ ਰੋਣ ਲੱਗ ਪੈਂਦੀਆਂ। ਰੋ-ਧੋ ਕੇ ਚੁੱਪ ਹੋਈ ਬੇਬੇ ਫਿਰ ਕੀਰਨੇ ਪਾਉਂਣ ਲੱਗਦੀ।

ਇਵੇਂ ਹੀ ਘਰ ਵਿੱਚ ਹਰ ਵਕਤ ਰੋਣ ਪਿਆ ਰਹਿੰਦਾ।

ਇਹਨਾਂ ਦਿਨਾਂ ਵਿੱਚ ਮੇਰੀ ਚਾਚੀ ਨੇ ਹੀ ਸਾਨੂੰ ਸੰਭਾਲਿਆ। ਆਪਣੇ ਘਰ ਦਾ ਰੋਟੀ ਟੁੱਕ ਕਰਨ ਤੋਂ ਬਾਅਦ ਉਹ ਸਾਡੇ ਘਰ ਪੁੱਜ ਜਾਂਦੀ। ਸਵੇਰੇ - ਸਾਮ ਉਹ ਸਾਨੂੰ ਰੋਟੀ ਪਾਣੀ ਖੁਆਉਂਦੀ ਅਤੇ ਹਨੇਰੇ ਪਏ ਆਪਣੇ ਘਰ ਜਾਂਦੀ।

ਬੇਬੇ ਜਵਾਨ ਪੁੱਤ ਨੂੰ ਯਾਦ ਕਰਦਿਆਂ ਕੰਧਾਂ-ਕੌਲਿਆਂ ਨਾਲ ਲੱਗ ਲੱਗ ਰੋਂਦੀ ਰਹਿੰਦੀ। ਉਸ ਰਾਹ ਵੱਲ ਤੱਕਦੀ ਰਹਿੰਦੀ, ਜਿਸ ਰਾਹ ਤੇ ਉਹਦਾ ਪੁੱਤ ਫੌਜ਼ ਵਿੱਚ ਭਰਤੀ ਹੋ ਕੇ ਗਿਆ ਸੀ। ਮੇਰੀਆਂ ਵਿਆਹੀਆਂ ਵਰ੍ਹੀਆਂ ਭੈਣਾਂ ਆਉਂਦੀਆਂ ਬੇਬੇ ਨੂੰ ਧੀਰਜ ਬੰਨਾਉਂਦੀਆਂ,ਪਰ ਆਪ ਰੋ-ਰੋ ਕੇ ਬਾਂਵਰੀਆਂ ਹੁੰਦੀਆਂ, ਆਪਣੇ ਸਿਰ ਦੇ ਵਾਲ ਪੁੱਟ ਲੈਂਦੀਆਂ। ਤੇ ਫਿਰ ਕੁਝ ਦਿਨ ਰੋ-ਧੋ ਕੇ ਆਪੋ ਆਪਣੇ ਘਰੀਂ ਚਲੇ ਜਾਂਦੀਆਂ।

ਉਹਨਾਂ ਦੇ ਜਾਣ ਤੋਂ ਬਾਅਦ ਬੇਬੇ ਸਾਨੂੰ ਤਿੰਨਾਂ ਭਰਾਵਾਂ ਨੂੰ ਆਪਣੀਆਂ ਕਮਜ਼ੋਰ ਬਾਹਾਂ ਵਿੱਚ ਸਮੇਟਣ ਦੀ ਕੋਸ਼ਿਸ਼ ਕਰਦੀ ਹੋਰ ਵੀ ਰੋਂਦੀ।

ਕਿਉਂਕਿ ਮੇਰਾ ਭਰਾ ਅਣਵਿਆਹਿਆ ਹੀ ਸੀ। ਇਸ ਲਈ ਉਸ ਦੀ ਪੈਂਨਸਨ ਮੇਰੇ ਬਾਪੂ ਜੀ ਦੇ ਨਾਂ ਲੱਗ ਗਈ ਸੀ।

****** ****** *****

ਮੇਰੇ ਵੱਡੇ ਭਰਾ ਦੀ ਮੌਤ ਨੂੰ ਕਈ ਸਾਲ ਬੀਤ ਗਏ ਸਨ।

ਪਰ ਬੇਬੇ ਮਰ ਚੁੱਕੇ ਪੁੱਤ ਨੂੰ ਨਾ ਭੁੱਲਾ ਸਕੀ। ਰੋਂਦਿਆਂ ਜਿਵੇਂ ਉਹਦੀਆਂ ਅੱਖਾਂ ਦਾ ਪਾਣੀ ਖਤਮ ਹੋ ਗਿਆ ਸੀ।

ਸਾਡੇ ਸੱਤਾਂ ਭੈਣ ਭਰਾਵਾਂ ਵਿੱਚੋਂ ਇੱਕ ਸਭ ਤੋਂ ਵੱਡੀ ਭੈਣ ਅਤੇ ਇੱਕ ਭਰਾ ਬਿੱਲਕੁਲ ਸਿੱਧੜ ਸਨ। ਅਰਧ-ਪਾਗਲ ਜਿਹੇ। ਇਸ ਸਿੱਧੜ ਭੈਣ ਦਾ ਵੀ ਵਿਆਹ ਪਿੰਡ ਨੰਦਪੁਰ ਕਲੌੜ ਵਿੱਚ ਕਰ ਦਿੱਤਾ ਸੀ। ਉਹਦੇ ਦੋ ਬੱਚੇ ਸਨ। ਇੱਕ ਬੇਟਾ ਇੱਕ ਬੇਟੀ। ਬਾਅਦ ਵਿੱਚ ਮੇਰੀ ਛੋਟੀ ਭੈਣ ਵੀ ਇਸ ਹੀ ਘਰ ਵਿੱਚ ਵਿਆਹ ਦਿੱਤੀ ਸੀ ਤਾਂ ਜੋ ਉਹ ਇਸ ਸਿੱਧੜ ਜਿਹੀ ਭੈਣ ਦਾ ਵੀ ਖਿਆਲ ਰੱਖ ਸਕੇ। ਮੇਰੀ ਭੈਣ ਨੂੰ ਸਿੱਧੀ ਜਾਣ ਕੇ ਬੇਬੇ ਨੇ ਇਹਨਾਂ ਦੋਹਾਂ ਬੱਚਿਆਂ ਨੂੰ ਆਪਣੇ ਕੋਲ ਹੀ ਰੱਖ ਲਿਆ ਸੀ। ਪਰ ਮੇਰੀ ਭੈਣ ਆਪਣੇ ਸਹੁਰੇ



ਪਿੰਡ ਹੀ ਰਹੀ। ਇਸ ਤਰਾਂ ਬੇਬੇ ਇਹਨਾਂ ਛੋਟੇ ਬੱਚਿਆਂ ਵਿੱਚ ਕੁਝ ਪਰਚੀ ਰਹਿੰਦੀ ਅਤੇ ਇਸ ਤਰਾਂ ਉਸ ਵਿੱਚ ਕੁਝ ਬਦਲਾਅ ਵੀ ਆ ਗਿਆ ਸੀ।

ਮੈਂ ਅੱਜ ਇਹ ਸੋਚਦਿਆਂ ਅੰਤਾਂ ਦਾ ਹੈਰਾਨ ਹੋ ਰਿਹਾ ਹਾਂ ਕਿ ਇੰਨੀ ਕਮਜ਼ੋਰ ਹਾਲਤ ਵਿੱਚ ਵੀ ਉਹ ਸਾਨੂੰ ਵੇਲੇ ਸਿਰ ਰੋਟੀ ਖੁਆਉਂਦੀ। ਛੋਟੇ ਛੋਟੇ ਦੋਵੇਂ ਬੱਚਿਆਂ ਦਾ ਖਿਆਲ ਰੱਖਦੀ।

ਮੇਰਾ ਸਿੱਧੜ ਜਿਹਾ ਵੱਡਾ ਭਰਾ ਜੋਤੀ ਸਰੂਪ ਗੁਰਦੁਆਰਾ ਸਾਹਿਬ ਦੇ ਨੇੜੇ ਕਿਸੇ ਡੇਰੇ ਦੇ ਬਾਬੇ ਕੋਲ ਰਹਿਣ ਲੱਗ ਪਿਆ ਸੀ। ਹੁਣ ਉਹ ਕਦੇ ਕਦਾਈਂ ਹੀ ਘਰ ਗੇੜਾ ਮਾਰਦਾ।

ਉਸ ਨੇ ਅੰਮ੍ਰਿਤ ਛਕ ਲਿਆ ਸੀ ਅਤੇ ਸਿੰਘਾਂ ਵਾਲਾ ਬਾਣਾਂ ਪਾ ਲਿਆ ਸੀ। ਬੇਬੇ ਉਸ ਦੇ ਇਸ ਸਿੱਖੀ ਸਰੂਪ ਨੂੰ ਵੇਖ ਕੇ ਖੁਸ਼ ਹੋਈ ਸੀ।

ਇੱਕ ਦਿਨ ਸ਼ਾਮ ਵੇਲੇ ਘਰ ਕਿਸੇ ਨੇ ਆਣ ਕੇ ਸੁਨੇਹਾ ਦਿੱਤਾ ਕਿ ਤੁਹਾਡਾ ਮੁੰਡਾ ਜੋ ਬਾਬਿਆਂ ਦੇ ਡੇਰੇ ਵਿੱਚ ਰਹਿੰਦਾ ਸੀ,ਉਹ ਇੱਕ ਖੇਤ ਦੀ ਵੱਟ ਉਤੇ ਬੇਹੋਸ ਪਿਆ ਹੈ। ਹਨੇਰਾ ਡੂੰਘਾ ਹੋਣ ਲੱਗ ਪਿਆ ਸੀ। ਜਦੋਂ ਅਸੀਂ ਜਾ ਕੇ ਉਸਨੂੰ ਵੇਖਿਆ ਤਾਂ ਉਹ ਅਜੇ ਸਹਿਕ ਰਿਹਾ ਸੀ। ਅਸੀਂ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਲੈ ਗਏ । ਜਿਥੇ ਸਵੇਰੇ ਉਸਦੀ ਮੌਤ ਹੋ ਗਈ।

ਡੇਰੇ ਦੇ ਕਿਸੇ ਬਾਬੇ ਨੇ ਉਹਨੂੰ ਚੁੱਕ ਕੇ ਹਸਪਤਾਲ ਪਹੁੰਚਾਉਣ ਦੀ ਖੇਚਲ ਨਾ ਕੀਤੀ । ਸਾਇਦ ਸਹੀ ਵਕਤ ਤੇ ਹਸਪਤਾਲ ਪੁੱਜ ਜਾਣ ਤੇ ਉਹ ਬਚ ਹੀ ਜਾਂਦਾ।

ਘਰ ਵਿੱਚ ਫਿਰ ਰੋਣ, ਕੁਰਲਾਉਂਣ, ਦੀਆਂ ਦਿਲ ਚੀਰਵੀਆਂ ਆਵਾਜ਼ਾਂ ਅਸਮਾਨ ਪਾੜ ਰਹੀਆਂ ਸਨ। ਬੇਬੇ ਦੇ ਅੱਲ੍ਹੇ ਜ਼ਖ਼ਮ ਫਿਰ ਹਰੇ ਹੋ ਗਏ। ਉਹ ਕਦੇ ਹੋਸ਼ ਵਿੱਚ ਆ ਜਾਂਦੀ , ਫੇਰ ਬੇਹੋਸ਼ ਹੋ ਜਾਂਦੀ। ਭੈਣਾਂ ਕੰਧਾਂ ਨਾਲ ਟੱਕਰਾਂ ਮਾਰਨ ਨੂੰ ਜਾਂਦੀਆਂ। ਲੋਕ ਉਹਨਾਂ ਨੂੰ ਫੜ ਫੜ ਰੱਖਦੇ। ਇਸ ਵਾਰ ਪਤਾ ਨਹੀਂ ਕਿਵੇਂ ਬਾਪੂ ਜੀ ਨੇ ਆਪਣਾਂ ਦਿਲ ਬੜਾ ਕਰੜਾ ਰੱਖਿਆ। ਉਹ ਸਾਰਿਆਂ ਨੂੰ ਹੌਂਸਲਾ ਦਿੰਦੇ ਰਹੇ। ਛੋਟੇ ਭਰਾ ਜਸਪਾਲ ਦਾ ਵੀ ਰੋ ਰੋ ਕੇ ਬੁਰਾ ਹਾਲ ਸੀ। ਬਾਪੂ ਜੀ ਨੂੰ ਹੌਂਸਲੇ ਵਿੱਚ ਵੇਖ ਕੇ ਮੈਂ ਵੀ ਆਪਣੇ ਆਪ ਨੂੰ ਸੰਭਾਲ ਲਿਆ ਸੀ।

ਇਹਨਾਂ ਦਿਨਾਂ ਤੱਕ ਬਸੀ ਪਠਾਣਾਂ ਵਾਲਾ ਡਾਕਟਰ ਵੇਦ ਮਰ ਚੁੱਕਿਆ ਸੀ। ਚੰਡੀਗੜ੍ਹ ਰੋਡ ਤੋਂ ਇੱਕ ਆਰ.ਐਮ.ਪੀ. ਡਾਕਟਰ ਨੂੰ ਲਿਆਂਦਾ ਜਾਂਦਾ, ਉਹ ਬੇਬੇ ਦੇ ਟੀਕਾ ਲਾ ਜਾਂਦਾ ਅਤੇ ਫਿਰ ਬੇਬੇ ਕਿੰਨੀ ਦੇਰ ਸੁੱਤੀ ਰਹਿੰਦੀ। ਫੇਰ ਜਦੋਂ ਵੀ ਜਾਗਦੀ, ਘਗਿਆਈ, ਮਰੀਅਲ ਆਵਾਜ਼ ਵਿੱਚ ਰੋਣਾਂ ਸ਼ੁਰੂ ਕਰ ਦਿੰਦੀ । ਉਹ ਵੇਲਾ ਭਾਵੇਂ ਅੱਧੀ ਰਾਤ ਦਾ ਹੁੰਦਾ, ਭਾਵੇਂ ਸਵੇਰੇ ਅੰਮ੍ਰਿਤ ਵੇਲੇ ਦਾ।

ਬਸ ਹੁਣ ਅਜਮੇਰ ਕੌਰ ਨਹੀਂ ਜਿਆਦਾ ਦੇਰ ਬਚਦੀ...., ਪਿੰਡ ਦੇ ਲੋਕ ਆਪਸ ਵਿੱਚ ਗੱਲਾਂ ਕਰਦੇ।

ਸੱਚ-ਮੁੱਚ ਹੀ ਸਾਨੂੰ ਵੀ ਇਹੋ ਲੱਗ ਰਿਹਾ ਸੀ ਕਿ ਸਾਇਦ ਬੇਬੇ ਥੋੜੇ ਬਹੁਤੇ ਚਿਰ ਦੀ ਮਹਿਮਾਨ ਹੈ।

ਤੂੰ ਪੁੱਤ ਆਵਦੀ ਬੇਬੇ ਦੀ ਸੇਵਾ ਕਰਲੈ ਜਿੰਨੀ ਕਰ ਹੁੰਦੀ ਐ..... ਮਾਂ ਵਾਰ ਵਾਰ ਨੀਂ ਮਿਲਦੀ, ... ਕੋਈ ਤੀਵੀਂ ਰੁੰਧੀ ਹੋਈ ਆਵਾਜ਼ ਵਿੱਚ ਮੈਨੂੰ ਕਲਾਵੇ ਵਿੱਚ ਲੈਂਦਿਆਂ ਕਹਿੰਦੀ। ਨਾਂ ਚਾਹੁੰਦਿਆਂ ਵੀ ਮੇਰੀਆਂ ਅੱਖਾਂ ਦੇ ਕੋਏ ਨਮ ਹੋ ਜਾਂਦੇ। ਬਾਪੂ ਜੀ ਨੂੰ ਹੌਂਸਲੇ ਵਿੱਚ ਵੇਖ ਕੇ ਮੈਂ ਵੀ ਚੜ੍ਹਦੀ ਕਲਾ ਵਿੱਚ ਹੀ ਰਿਹਾ।

ਪਰ ਇਹ ਜਿਵੇਂ ਕੋਈ ਰੱਬੀ ਚਮਤਕਾਰ ਹੀ ਹੋਇਆ ਸੀ। ਮੈਂ ਬੇਬੇ ਨੂੰ ਸਰਹਿੰਦ ਡਾਕਟਰ ਵਿਨੋਦ ਗੁਪਤੇ ਕੋਲ ਲੈ ਗਿਆ। ਉਸ ਨੂੰ ਮੈਂ ਸਾਰੀ ਹਾਲਤ ਤੋਂ ਜਾਣੂ ਕਰਾਇਆ। ਉਸਦੇ ਚੰਗੇ ਇਲਾਜ ਸਦਕਾ ਉਹ ਬਚ ਗਈ ਸੀ।

ਮੇਰੀ ਸਿੱਧੜ ਭੈਣ ਦੇ ਦੋਵੇਂ ਬੱਚੇ ਸਕੂਲ ਜਾਂਦੇ ਸਨ। ਉਹ ਫਿਰ ਇਹਨਾਂ ਦੋਹਾਂ ਬੱਚਿਆਂ ਵਿੱਚ ਰੁੱਝੀ ਰਹਿਣ ਲੱਗ ਪਈ।

ਇਵੇਂ ਹੀ ਸਮਾਂ ਆਪਣੀ ਚਾਲ ਨਾਲ ਸਰਕਣ ਲੱਗਾ ਸੀ।

*********

ਉਪਰੋਕਤ ਘਟਨਾਂ ਤੋਂ ਦੋ ਸਾਲ ਬਾਅਦ।

ਤਕਰੀਬਨ ਥੋੜ੍ਹੇ ਥੋੜ੍ਹੇ ਵਕਵੇ ਵਿੱਚ ਹੀ ਸਾਡਾ ਦੋਵਾਂ ਭਰਾਵਾਂ ਦੇ ਵਿਆਹ ਹੋ ਗਏ ਸਨ। ਘਰ ਵਿੱਚ ਚੰਗੀ ਚਹਿਲ ਪਹਿਲ ਬਣ ਗਈ ਸੀ।

ਬੇਬੇ ਬਹੁਤ ਖੁਸ਼ ਸੀ।

ਸਾਡੀਆਂ ਵਹੁਟੀਆਂ ਬੇਬੇ ਦਾ ਬਹੁਤ ਖਿਆਲ ਰੱਖਦੀਆਂ । ਉਸ ਨੂੰ ਗਰਮ ਪਾਣੀ ਨਾਲ ਨੁਹਾਉਂਦੀਆਂ। ਘਰ ਵਿੱਚ ਉਸ ਦੇ ਖਾਣ ਪੀਣ ਦਾ ਖਾਸ ਖਿਆਲ ਰੱਖਿਆ ਜਾਂਦਾ। ਕੁਝ ਸਾਲਾਂ ਬਾਅਦ ਅਸੀਂ ਦੋਵੇਂ ਭਰਾ ਬਾਲ ਬੱਚੇਦਾਰ ਹੋ ਗਏ ਸਾਂ। ਪਹਿਲਾਂ ਸਾਡੇ ਦੋਵਾਂ ਭਰਾਵਾਂ ਦੇ ਘਰ ਮੁੰਡੇ ਹੀ ਪੈਦਾ ਹੋਏ। ਬੇਬੇ ਦੀ ਖੁਸ਼ੀ ਦਾ ਕੋਈ ਟਿਕਾਣਾਂ ਹੀ ਨਾ ਰਿਹਾ। ਇਹਨਾਂ ਨਿੱਕੇ ਨਿੱਕੇ ਬਾਲਾਂ ਵਿੱਚੋਂ ਉਹ ਆਪਣੇ ਤੁਰ ਗਏ ਪੁੱਤਾਂ ਦੇ ਅਕਸ ਨੂੰ ਲੱਭਦੀ,ਉਹਨਾਂ ਨੂੰ ਹਿੱਕ ਨਾਲ ਲਾਉਂਦੀ, ਚੁੰਮਦੀ, ਲਾਡ ਲਡਾਉਂਦੀ, ਜਿਵੇਂ ਕਿਸੇ ਅਸੀਮ ਅਨੰਦ ਵਿੱਚ ਗਵਾਚ ਜਾਂਦੀ।

ਉਹ ਜਿਵੇਂ ਸੱਤ ਅਸਮਾਨੀਂ ਉੱਡੀ ਫਿਰਦੀ। ਜਿਵੇਂ ਤਪਦੇ ਰੇਗਿਸਤਾਨ ਵਿੱਚ ਭਰਪੂਰ ਬਾਰਿਸ ਹੋਈ ਹੋਵੇ।

ਸਮਾਂ ਫਿਰ ਆਪਣੀ ਚਾਲ ਨਾਲ ਅੱਗੇ ਸਰਕਣ ਲੱਗਾ ਸੀ।

ਮੇਰੀ ਸਿੱਧੜ ਭੈਣ ਦੇ ਬੱਚੇ ਵੱਡੇ ਹੋ ਗਏ ਸਨ। ਕੁੜੀ ਨੂੰ ਅਸੀਂ ਵਿਆਹ ਦਿੱਤਾ ਸੀ। ਮੁੰਡਾ ਕਮਲਜੀਤ ਅਜੇ ਦਸਵੀਂ ਵਿੱਚ ਪੜ੍ਹ ਰਿਹਾ ਸੀ। ਉਸ ਨੂੰ ਪੇਂਟਿੰਗ ਦਾ ਬੜਾ ਸ਼ੌਕ ਸੀ। ਬੇਬੇ ਉਸ ਨੂੰ ਅੰਤਾਂ ਦਾ ਮੋਹ ਕਰਦੀ।

ਇਵੇਂ ਹੀ ਉਹ ਦਸਵੀਂ ਕਰਨ ਤੋਂ ਬਾਅਦ ਪੜ੍ਹਨ ਤੋਂ ਹਟ ਗਿਆ ਸੀ। ਉਸ ਨੇ ਆਪਣੇ ਪਿੰਡ ਨੰਦਪੁਰ ਕਲੌੜ ਦੇ ਮੇਨ ਬੱਸ ਸਟੈਂਡ ਤੇ ਪੇਂਟਿੰਗ ਦੀ ਦੁਕਾਨ ਖੋਲ੍ਹ ਲਈ ਸੀ ਅਤੇ ਉਹ ਆਪਣੇ ਪਿੰਡ ਨੰਦਪੁਰ ਕਲੌੜ ਹੀ ਰਹਿਣ ਲੱਗ ਪਿਆ ਸੀ।

*********

ਬੇਬੇ ਉੱਤੇ ਪਏ ਲਗਾਤਾਰ ਦੁੱਖਾਂ ਦੇ ਪਹਾੜਾਂ ਨੇ ਉਸਨੂੰ ਬਹੁਤ ਹੀ ਸੰਵੇਦਨਸੀਲ ਬਣਾ ਦਿੱਤਾ ਸੀ। ਕੋਈ ਰਤਾ ਭਰਾ ਹਮਦਰਦੀ ਦੇ ਬੋਲ ਬੋਲ ਦਿੰਦਾ ਤਾਂ ਬੇਬੇ ਨੂੰ ਜਿਵੇ ਉਸ ਸ਼ਖ਼ਸ਼ ਆਪਣਾ-ਆਪਣਾ ਲੱਗਣ ਲੱਗਦਾ। ਇਵੇਂ ਹੀ ਅੱਜ-ਕੱਲ੍ਹ ਉਹਦੇ ਚਾਚੇ ਦੇ ਪੁੱਤ-ਭਰਾ ਦਾ ਮੁੰਡਾ ਪਾਲਾ ਸਾਡੇ ਪਿੰਡ ਬਹੁਤ ਆਉਂਣ ਜਾਣ ਲੱਗ ਪਿਆ ਸੀ। ਬਾਪ ਜੀ ਅਤੇ ਬੇਬੇ ਜੀ ਨਾਲ ਉਹ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਮਾਰਦਾ ਰਹਿੰਦਾ। ਉਹ ਆਪਣੇ ਪਿੰਡ ਬਡਾਲੀ ਆਲਾ ਸਿੰਘ ਵਿੱਚ ਅਕਸਰ ਪੈਸਿਆਂ ਦੀਆਂ ਕਮੇਟੀਆਂ ਪਾਉਂਦਾ ਰਹਿੰਦਾ। ਫਿਰ ਅਚਾਨਕ ਇੱਕ ਦਿਨ ਪਤਾ ਲੱਗਾ ਕਿ ਉਸਨੇ ਬਹੁਤ ਸਾਰੇ ਲੋਕਾਂ ਦੇ ਪੈਸੇ ਇੱਕਠੇ ਕਰਕੇ ਕਿਸੇ ਨੂੰ ਮੋੜੇ ਨਹੀਂ ਸਨ। ਉਹ ਇੱਕ ਨੰਬਰ ਦਾ ਠੱਗ ਬੰਦਾ ਸੀ। ਪਰ ਉਹਨੇਂ ਪਤਾ ਨਹੀਂ ਕਿਵੇਂ ਮੇਰੀ ਬੇਬੇ ਅਤੇ ਬਾਪੂ ਜੀ ਦਾ ਦਿਲ ਜਿੱਤ ਲਿਆ ਸੀ। ਇਹਨਾਂ ਦਿਨਾਂ ਵਿੱਚ ਸਾਡਾ ਦੁੱਧ ਦਾ ਕੰਮ ਵੀ ਚੰਗਾ ਚੱਲ ਪਿਆ ਸੀ। ਘਰ ਵਿੱਚ ਚਾਰ ਪੈਸੇ ਚੰਗੇ ਜੁੜ ਗਏ ਸਨ। ਬਾਪੂ ਜੀ ਨੂੰ ਪੈਂਨਸਨ ਵੀ ਚੰਗੀ ਮਿਲਣ ਲੱਗ ਪਈ ਸੀ। ਪਾਲੇ ਨੇ ਮੇਰੀ ਬੇਬੇ ਬਾਪੂ ਜੀ ਤੋਂ ਪੈਸੇ ਉਧਾਰ ਲੈਣੇਂ ਸ਼ੁਰੂ ਕਰ ਦਿੱਤੇ।

ਬੇਬੇ ਨੇ ਉਹਨੂੰ ਆਪਣੇ ਸਕੇ ਪੁੱਤਾਂ ਵਾਲਾ ਪਿਆਰ ਦਿੱਤਾ। ਉਹ ਅਕਸਰ ਬਿਮਾਰ ਰਹਿੰਦੀ ਸੀ। ਪਾਲੇ ਨੇ ਆਪਣੀ ਘਰ ਵਾਲੀ ਨੂੰ ਡਾਕਖਾਨੇ ਵਿੱਚ ਬਚਤ ਖਾਤੇ ਖੋਲ੍ਹਣ ਵਾਲੀ ਏਜੰਟ ਬਣਾ ਲਿਆ। ਉਹ ਸਾਥੋਂ ਵੀ ਇੱਕ ਹਜਾਰ ਰੁਪਏ ਮਹੀਨਾਂ ਲੈਣ ਲੱਗਾ। ਉਸ ਨੇ ਕਿਹਾ ਸੀ ਕਿ ਉਸ ਨੇ ਬੇਬੇ ਦੇ ਨਾਂ ਡਾਕਖਾਨੇ ਵਿੱਚ ਬੱਚਤ ਖਾਤਾ ਖੁਲ੍ਹਵਾ ਦਿੱਤਾ ਹੈ। ਇਹ ਖਾਤਾ ਪੰਜ ਸਾਲਾਂ ਵਾਸਤੇ ਸੀ। ਪਰ ਦੋ ਕੁ ਸਾਲਾਂ ਬਾਅਦ ਮੈਨੂੰ ਕੁਝ



ਸ਼ੱਕ ਪਿਆ। ਮੈਂ ਉਸ ਤੋਂ ਡਾਕਖਾਨੇ ਵਾਲੀ ਪਾਸ ਬੁੱਕ ਦੀ ਮੰਗ ਕੀਤੀ । ਉਹ ਮੈਨੂੰ ਟਾਲਦਾ ਰਿਹਾ। ਉਹ ਜਦੋਂ ਵੀ ਸਾਡੇ ਘਰ ਆਉਂਦਾ ਮੇਰੇ ਵਿਰੁੱਧ ਬੇਬੇ ਅਤੇ ਬਾਪੂ ਜੀ ਨੂੰ ਭੜਕਾਉਂਣ ਲੱਗ ਪਿਆ।

ਉਹਨੇ ਪਤਾ ਨਹੀਂ ਅਜਿਹਾ ਕੀ ਜਾਦੂ ਬਿਖੇਰਿਆ ਕਿ ਮੇਰੀ ਬੇਬੇ ਉਸ ਉੱਤੇ ਅੰਤਾਂ ਦਾ ਇਤਬਾਰ ਕਰਦੀ। ਮੇਰੇ ਕਹਿਣ ਦੇ ਬਾਵਜੂਦ ਵੀ ਉਸ ਨੇ ਪਾਲੇ ਤੋਂ ਡਾਕਖਾਨੇ ਦੀ ਪਾਸ ਬੁੱਕ ਨਾਂ ਲਈ। ਆਖਰ ਜਦੋਂ ਮੈਂ ਆਪਣੇ ਪੱਧਰ ਤੇ ਪਤਾ ਕੀਤਾ ਤਾਂ , ਮੈਨੂੰ ਪਤਾ ਲੱਗਿਆ ਕਿ ਉਹ ਪਾਲਾ ਠੱਗ ਡਾਕਖਾਨੇ ਵਿੱਚ ਬੇਬੇ ਦੇ ਨਾਂ ਉੱਤੇ ਕੋਈ ਪੈਸਾ ਨਹੀਂ ਜਮ੍ਹਾਂ ਕਰਵਾਉਂਦਾ ਸੀ। ਜਦੋਂ ਬੇਬੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਦੀ ਕਮਜ਼ੋਰ ਹਿੱਕ ਵਿੱਚੋਂ ਗਿੱਠ ਲੰਮਾਂ ਹੌਂਕਾ ਨਿਕਲ ਗਿਆ ਅਤੇ ਉਹਦੇ ਅੰਦਰੋਂ ਇਹੋ ਆਵਾਜ਼ ਆਈ ਚੱਲੋ ਰੱਬ ਉਹਦਾ ਵੀ ਭਲਾ ਕਰੂਗਾ।

ਉਦੋਂ ਪਹਿਲੀ ਵਾਰ ਮੈਨੂੰ ਉਸ ਤਿਆਗ ਦੀ ਮੂਰਤ 'ਤੇ ਅੰਤਾਂ ਦਾ ਗੁੱਸਾ ਆਇਆ।

******** ******* *******

ਕਮਲਜੀਤ ਨੰਦਪੁਰ ਕਲੌੜ ਗਲਤ ਸੁਸਾਇਟੀ ਵਿੱਚ ਪੈ ਗਿਆ। ਉਹ ਅੰਤਾਂ ਦੇ ਨਸ਼ੇ ਕਰਨ ਲੱਗ ਪਿਆ ਸੀ। ਉਸ ਨੇ ਏਅਰ ਕੰਪਰੈਸਰ ਅਤੇ ਹੋਰ ਮਸ਼ੀਨਾਂ ਵੇਚ ਕੇ ਦਿੱਤੀਆਂ ਸਨ। ਇਸ ਗੱਲ ਦਾ ਸਾਨੂੰ ਉਦੋਂ ਹੀ ਪਤਾ ਲੱਗਾ ਜਦੋਂ ਮਸ਼ੀਨਾਂ ਖਰੀਦਣ ਵਾਲਾ ਰਾਤ ਵੇਲੇ ਸਭ ਕੁਝ ਚੁੱਕ ਕੇ ਲੈ ਗਿਆ ਸੀ।

ਬਾਪੂ ਜੀ ਨੇ ਉਹਨੂੰ ਅੰਤਾਂ ਦਾ ਝਿੜਕਿਆ ਸੀ। ਬੇਬੇ ਵੀ ਕਮਲਜੀਤ ਦੀ ਇਸ ਹਰਕਤ ਤੋਂ ਅੰਤਾਂ ਦੀ ਪਰੇਸਾਨ ਹੋ ਗਈ ਸੀ। ਉਸ ਨੂੰ ਆਪਣੇ ਪਿੰਡ ਇਸ ਲਈ ਭੇਜਿਆ ਸੀ ਤਾਂ ਜੋ ਉਹ ਆਪਣੇ ਸਿੱਧੜ ਮਾਂ - ਪਿਓ ਨੂੰ ਸਾਂਭ ਲਵੇਗਾ। ਪਰ ਉਹ ਇਹਨਾਂ ਆਸਾਂ ਉੱਤੇ ਪੂਰਾ ਨਹੀਂ ਉੱਤਰਿਆ ਸੀ।

ਕਈ ਮਹੀਨੇ ਉਹ ਇਉਂ ਹੀ ਵਿਹਲਾ ਫਿਰਦਾ ਰਿਹਾ। ਬਾਂਵਰਿਆਂ ਵਾਂਗ।

ਅਚਾਨਕ ਇੱਕ ਦਿਨ ਨੰਦਪੁਰ ਤੋਂ ਮਨਹੂਸ ਖ਼ਬਰ ਆਈ ਕਿ ਕਮਲਜੀਤ ਨੇ ਆਤਮ - ਹੱਤਿਆ ਕਰ ਲਈ ਹੈ। ਪੂਰੇ ਘਰ ਵਿੱਚ ਫੇਰ ਰੋਣ ਕੁਰਲਾਉਂਣ ਦੀਆਂ ਆਵਾਜ਼ਾਂ ਨੇ ਅਸਮਾਨ ਪਾੜ ਦਿੱਤਾ ਸੀ।

ਬੇਬੇ ਦੇ ਦੁੱਖਾਂ ਦੇ ਵਗਦੇ ਦਰਿਆ ਵਿੱਚ ਜਿਵੇਂ ਇੱਕ ਹੋਰ ਨਦੀ ਆ ਕੇ ਦਾਖਲ ਹੋ ਗਈ ਸੀ।

ਮੈਂ ਚੰਡੀਗੜ੍ਹ ਸਰਕਾਰੀ ਨੌਕਰੀ ਕਰ ਰਿਹਾ ਸਾਂ। ਡਿਊਟੀ ਤੇ ਮੈਂ ਹਰ ਰੋਜ ਪਿੰਡ ਤੋਂ ਹੀ ਆਉਂਦਾ ਜਾਂਦਾ ਸਾਂ। ਪੰਜਾਬ ਵਿੱਚ ਅੱਤਵਾਦ ਪੂਰੇ ਜੋਰਾਂ ਤੇ ਸੀ। ਬੇਬੇ ਨੂੰ ਮੇਰਾ ਬਹੁਤ ਫਿਕਰ ਰਹਿੰਦਾ। ਇੱਕ ਡਰ ਉਹਦੇ ਜਿਹਨ ਵਿੱਚ ਛੁਪਿਆ ਸੀ। ਜਿੰਨੀਂ ਦੇਰ ਮੈਨੂੰ ਉਹ ਘਰ ਵਾਪਸ ਆਏ ਨੂੰ ਨਾ ਵੇਖ ਲੈਂਦੀ, ਉਹਦੀਆਂ ਨਜਰਾਂ ਬਾਹਰ ਗੇਟ ਵੱਲ ਹੀ ਲੱਗੀਆਂ ਰਹਿੰਦੀਆਂ।

ਬੇਬੇ ਅੰਤਾਂ ਦੀ ਬਿਮਾਰ ਰਹਿੰਦੀ। ਬਾਪੂ ਜੀ ਉਹਨੂੰ ਡਾਕਟਰਾਂ ਦੇ ਚੁੱਕੀ ਫਿਰਦੇ ਰਹਿੰਦੇ। ਪਰ ਜੋ ਰੋਗ ਬੇਬੇ ਦੇ ਹੱਡਾਂ ਵਿੱਚ ਘਰ ਕਰ ਚੁੱਕਿਆ ਸੀ ਉਹਦਾ ਇਲਾਜ ਡਾਕਟਰਾਂ ਪਾਸ ਨਹੀਂ ਸੀ। ਉਹਦੇ ਅੰਦਰ ਹਾਉਂਕੇ ਸਨ, ਹਾਵੇ ਸਨ, ਗਮਾਂ ਦਾ ਭਰ ਸ਼ੂਕਦਾ ਦਰਿਆ ਸੀ।

***** ****** ******

ਮੇਰਾ ਛੋਟਾ ਭਰਾ ਜਸਪਾਲ ਅੰਤਾਂ ਦੀ ਸ਼ਰਾਬ ਪੀਣ ਲੱਗ ਪਿਆ ਸੀ। ਪਹਿਲਾਂ ਤਾਂ ਉਹ ਇਸ ਨੂੰ ਸ਼ੌਂਕੀਆ ਤੌਰ 'ਤੇ ਪੀਂਦਾ ਹੁੰਦਾ ਸੀ। ਪਰ ਫੇਰ ਉਹਦੀ ਇਹ ਆਦਤ ਵਿਗੜ ਗਈ ਸੀ। ਫੇਰ ਉਹ ਤਰਾਂ ਤਰਾਂ ਦੇ ਨਸ਼ੇ ਕਰਨ ਦਾ ਆਦੀ ਹੋ ਗਿਆ। ਬੇਬੇ ਉਹਨੂੰ ਅੰਤਾਂ ਦਾ ਘੂਰਦੀ। ਉਹਦਾ ਕਈ ਡਾਕਟਰਾਂ ਪਾਸੋ ਇਲਾਜ ਕਰਵਾਇਆ ਗਿਆ। ਪਰ ਉਹਦੇ ਹੱਡਾਂ ਵਿੱਚ ਨਸ਼ਾ ਘਰ ਕਰ ਚੁੱਕਿਆ ਸੀ। ਸਾਡੇ ਹਜਾਰ ਯਤਨ ਕਰਨ ਦੇ ਬਾਵਜੂਦ ਵੀ ਉਹਨੇ ਨਸ਼ੇ ਨਹੀਂ ਸਨ ਛੱਡੇ।

ਇੱਕ ਦਿਨ ਉਹਨੇ ਰਾਤ ਨੂੰ ਬਹੁਤ ਜਿਆਦਾ ਸਰਾਬ ਪੀਤੀ ਸੀ। ਸਵੇਰੇ ਉਹਨੂੰ ਤੋਟ ਲੱਗੀ ਤਾਂ ਉਹ ਆਪਣੇ ਜਿਗਰੀ ਯਾਰ ਜੱਗੇ ਦੇ ਘਰ ਵੱਲ ਤੁਰ ਪਿਆ। ਪਰ ਉਹਤੋਂ ਜੱਗੇ ਦੇ ਘਰ ਤੱਕ ਵੀ ਨਾ ਪਹੁੰਚਿਆ

ਗਿਆ। ਰਸਤੇ ਵਿੱਚ ਹੀ ਉਹ ਦਮ ਤੋੜ ਗਿਆ।

ਘਰ ਵਿੱਚ ਫਿਰ ਅੰਤਾਂ ਦਾ ਕਹਿਰ ਬਰਸ ਗਿਆ ਸੀ। ਰੋਣ ਕੁਰਲਾਉਂਣ ਸੀ... ਅਸਮਾਨ ਛੂੰਹਦੀਆਂ ਤੇ ਕੰਨ ਪਾੜਵੀਆਂ ਚੀਕਾਂ ਸਨ। ਬੇਬੇ ਕਦੇ ਹੋਸ਼ ਵਿੱਚ ਆ ਜਾਂਦੀ ਕਦੇ ਬੇਹੋਸ਼ ਹੋ ਜਾਂਦੀ।

ਹੁਣ ਅਜਮੇਰ ਕੁਰ ਨਹੀਂ ਬਚਦੀ, ਵਿਹੜੇ ਵਿੱਚ ਵਿਛਾਈਆਂ ਪੱਲੀਆਂ ਤੇ ਬੈਠੇ ਪਿੰਡ ਦੇ ਸਿਆਣੇ ਲੋਕਾਂ ਨੇ ਜਿਵੇਂ ਗਹਿਰੀ ਨਮੋਸ਼ੀ ਵਿੱਚ ਸਿਰ ਮਾਰਦਿਆਂ ਬੇਬੇ ਦੀ ਹੋਣੀ ਬਾਰੇ ਕਿਆਸ ਅਰਾਈਆਂ ਲਾਈਆਂ ਸਨ।

ਛੋਟੇ ਭਰਾ ਦੀ ਵਹੁਟੀ ਅਜੇ ਥੋੜ੍ਹੀ ਉਮਰ ਦੀ ਹੀ ਸੀ। ਉਸ ਨੇ ਸਾਡੇ ਘਰ ਰਹਿਣਾਂ ਨਾ ਮੰਨਿਆ। ਜਿਸ ਦਿਨ ਉਹਦੇ ਮਾਪੇ ਸਾਡੇ ਘਰੋਂ ਸਮਾਨ ਚੁੱਕਣ ਆਏ ਬੇਬੇ ਭੱਜ ਭੱਜ ਕੇ ਸਮਾਨ ਨੂੰ ਜੱਫੀਆਂ ਪਾਵੇ ਅਖੇ ਮੈਂ ਨਹੀਂ ਇਹਨੂੰ ਜਾਣ ਦੇਣਾਂ। ਪਰ ਮੇਰੀ ਛੋਟੀ ਭਰਜਾਈ ਟੱਸ ਤੋਂ ਮੱਸ ਨਾਂ ਹੋਈ। ਬੇਬੇ ਨੂੰ ਰੋਂਦੇ ਕੁਰਲਾਉਂਦਿਆਂ ਛੱਡ ਆਪਣੇ ਸਮਾਨ ਦੀ ਟਰਾਲੀ ਭਰ ਕੇ ਉਹ ਆਪਣੇ ਪਿੰਡ ਦੇ ਰਾਹ ਪੈ ਗਈ।

ਪਿੰਡ ਦੇ ਲੋਕਾਂ ਦੀਆਂ ਕਿਆਸ ਅਰਾਈਆਂ ਗਲਤ ਸਾਬਤ ਹੋਈਆਂ। ਬੇਬੇ ਆਪਣੀਂ ਮੌਤ ਨੂੰ ਪਰ੍ਹੇ ਧੱਕਦੀ ਰਹੀ। ਇਸ ਵਾਰ ਉਹ ਫੇਰ ਬਚ ਗਈ। ਪਰ ਉਹ ਸਦਾ ਸਦਾ ਲਈ ਮੰਜੇ 'ਤੇ ਪੈ ਗਈ।

ਅਜੇ ਵੀ ਖਬਰੇ ਬੇਬੇ ਦੀ ਕਿਸਮਤ ਵਿੱਚ ਕੀ ਕੁਝ ਲਿਖਿਆ ਪਿਆ ਸੀ। ਇੱਕ ਦਿਨ ਬਾਪੂ ਜੀ ਤਿਆਰ ਹੋ ਕੇ ਸ਼ਹਿਰ ਜਾਣ ਲਈ ਘਰ ਦੇ ਗੇਟ ਤੋਂ ਬਾਹਰ ਹੋਏ ਕਿ ਘਰ ਤੋਂ ਥੋੜ੍ਹੀ ਦੂਰ ਜਾ ਕੇ ਡਿੱਗ ਪਏ। ਉਹ ਕਿਸੇ ਨੂੰ ਵੀ ਪਛਾਣਦੇ ਤੱਕ ਨਹੀਂ ਸਨ। ਫੇਰ ਮੈਂ ਅਤੇ ਚਾਚਾ ਜੀ ਉਹਨਾਂ ਨੂੰ ਪੀ.ਜੀ.ਆਈ. ਚੰਡੀਗੜ੍ਹ ਲੈ ਆਏ। ਟੈਸਟ ਵਗੈਰਾ ਕਰਨ ਤੋਂ ਬਾਅਦ ਪਤਾ ਲੱਗਾ ਕਿ ਬਾਪੂ ਜੀ ਨੂੰ ਦਿਮਾਗੀ ਕੈਂਸਰ ਸੀ ਜੋ ਆਖਰੀ ਸਟੇਜ ਵੀ ਪਾਰ ਕਰ ਚੁੱਕਿਆ ਸੀ। ਉਹਨਾਂ ਦੇ ਬਚਣ ਦੀ ਉਮੀਦ ਘੱਟ ਹੀ ਸੀ। ਡਾਕਟਰਾਂ ਨੇ ਦੱਸਿਆ ਕਿ ਉਹ ਛੇ ਕੁ ਮਹੀਨੇ ਹੋਰ ਕੱਢਣਗੇ।

ਮਹੀਨਾਂ ਭਰ ਮੈਂ ਆਪਣੀਆਂ ਭੈਣਾਂ ਅਤੇ ਬੇਬੇ ਤੋਂ ਇਹ ਗੱਲ ਛੁਪਾਈ ਰੱਖੀ। ਮੈਂ ਰੁਟੀਨ ਨਾਲ ਬਾਪੂ ਜੀ ਨੂੰ ਪੀ.ਜੀ.ਆਈ. ਚੰਡੀਗੜ੍ਹ ਚੈਕ-ਅੱਪ ਕਰਵਾਉਣ ਲਿਆਉਂਦਾ ਰਿਹਾ। ਪਰ ਇੱਕ ਦਿਨ ਬੇਬੇ ਨੂੰ ਮੇਰੇ ਤਾਏ ਦੀ ਨੂੰਹ ਨੇ ਸਭ ਕੁਝ ਦੱਸ ਦਿੱਤਾ ਸੀ। ਬਾਪੂ ਜੀ ਦੇ ਕੈਂਸਰ ਬਾਰੇ ਮੇਰੇ ਤਾਏ ਦੇ ਮੁੰਡੇ ਨੂੰ ਵੀ ਪਤਾ ਲੱਗ ਚੁੱਕਾ ਸੀ। ਕਿਉਂਕਿ ਜਦੋਂ ਪਹਿਲੇ ਦਿਨ ਅਸੀ ਬਾਪੂ ਜੀ ਨੂੰ ਪੀ.ਜੀ. ਆਈ. ਲੈ ਕੇ ਆਏ ਸਾਂ ਉਸ ਦਿਨ ਤਾਏ ਦਾ ਮੁੰਡਾ ਬਖ਼ਸ਼ੀਸ ਵੀ ਸਾਡੇ ਨਾਲ ਆਇਆ ਸੀ । ਉਸ ਨੇ ਇਹ ਸਭ ਕੁਝ ਆਪਣੀ ਘਰ ਵਾਲੀ ਨੂੰ ਦੱਸ ਦਿੱਤਾ ਸੀ। ਇਸ ਤਰਾਂ ਇਹ ਗੱਲ ਸਾਰੇ ਪਿੰਡ ਵਿੱਚ ਫੈਲ ਗਈ ਸੀ।

ਬੇਬੇ ਨੂੰ ਪਤਾ ਲੱਗਦਿਆਂ ਹੀ ਆਪਣੀ ਮਰੀਅਲ ,ਘਗਿਆਈ ਆਵਾਜ਼ ਵਿੱਚ ਰੋਣ ਲੱਗੀ ਸੀ। ਉਹਤੋਂ ਤਾਂ ਹੁਣ ਰੋਇਆ ਵੀ ਨਹੀਂ ਸੀ ਜਾਂਦਾ। ਉਹਦੇ ਤਾਂ ਹੁਣ ਅੱਥਰੂ ਵੀ ਸੁੱਕ ਚੁੱਕੇ ਸਨ।

...... ਤੇ ਫੇਰ ਬਾਪੂ ਜੀ ਨੇ ਸਿਰਫ ਦੋ ਮਹੀਨੇ ਹੀ ਕੱਢੇ ਸਨ ਅਤੇ ਉਹ ਪੂਰੇ ਹੋ ਗਏ ਸਨ।

ਸਾਡੇ ਘਰ ਮੌਤ ਨੇ ਜਿਵੇਂ ਤਾਂਡਵ ਨਾਚ ਨੱਚਿਆ ਸੀ। ਐਡੇ ਵੱਡੇ, ਭਰੇ ਭਕੁੰਨੇ ਘਰ ਵਿੱਚ ਰਹਿਣ ਵਾਲਾ ਕੋਈ ਨਹੀਂ ਸੀ ਬਚਿਆ। ਦਿਨ ਚੜ੍ਹਦਿਆਂ ਹੀ ਚਾਚਾ ਜੀ ਅਤੇ ਚਾਚੀ ਆ ਜਾਂਦੇ । ਚਾਚਾ ਜੀ ਮੇਰੇ ਗਲ ਲੱਗ ਲੱਗ ਕੇ ਮਣਾਂ ਮੂੰਹੀਂ ਰੋਂਦੇ। ਚਾਚੀ ਦੇ ਵੈਣ ਵੀ ਸੁਣੇ ਨਾਂ ਜਾਂਦੇ। ਮੇਰੀਆਂ ਭੈਣਾਂ ਆਉਂਦੀਆਂ, ਮੈਨੂੰ ਕਲਾਵੇ ਵਿੱਚ ਘੁੱਟਦੀਆਂ, ਜਿਵੇਂ ਰੋ ਰੋ ਕੇ ਪਾਗਲ ਹੋ ਹੋ ਜਾਂਦੀਆਂ।

ਇਸ ਔਖੀ ਘੜੀ ਵਿੱਚ ਮੈਂ ਆਪਣੇ ਆਪ ਨੂੰ ਡੋਲਣ ਨਾ ਦਿੱਤਾ। ਮੈਂ ਚਟਾਨ ਵਾਂਗ ਸਖਤ ਹੋ ਗਿਆ ਸਾਂ। ਮੈਂ ਆਪਣੀਆਂ ਅੱਖਾਂ ਵਿੱਚੋਂ ਇੱਕ ਵੀ ਅੱਥਰੂ ਨਾਂ ਕੇਰਿਆ।

ਮੈਂ ਪਰਮਾਤਮਾਂ ਦੀ ਹੋਂਦ ਤੋਂ ਹੀ ਇਨਕਾਰੀ ਹੋ ਗਿਆ ਸਾਂ।

*******

ਪਿੰਡ ਵਾਲੇ ਮਕਾਨ ਨੂੰ ਜੰਦਰਾ ਮਾਰ ਕੇ ਮੈਂ ਬੇਬੇ ਨੂੰ ਚੰਡੀਗੜ੍ਹ ਹੀ ਲੈ ਆਇਆ ਸੀ। ਉਹਦਾ



ਪੀ.ਜੀ.ਆਈ. ਵਿੱਚ ਇਲਾਜ਼ ਸ਼ੁਰੂ ਕਰ ਲਿਆ। ਮਨੋਰੋਗ ਵਿਭਾਗ ਦੇ ਡਾਕਟਰਾਂ ਨੂੰ ਮੈਂ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਸੀ। ਉਹਨਾਂ ਦੀ ਦਵਾਈ ਰੰਗ ਲਿਆਈ। ਹੌਲੀ ਹੌਲੀ ਬੇਬੇ ਚੱਲਣ ਫਿਰਨ ਲੱਗ ਪਈ। ਮੇਰੀ ਪਤਨੀ ਮਨਦੀਪ ਉਹਨੂੰ ਗਰਮ ਪਾਣੀਂ ਵਿੱਚ ਨੁਹਾਉਂਦੀ। ਉਹਦੀ ਮਾਲਸ਼ ਕਰਦੀ। ਇਉਂ ਬੇਬੇ ਦੀ ਸਿਹਤ ਵਿੱਚ ਕਾਫੀ ਸੁਧਾਰ ਹੋ ਗਿਆ। ਚੰਡੀਗੜ੍ਹ ਆਉਂਣ ਦਾ ਇੱਕ ਹੋਰ ਵੀ ਫਾਇਦਾ ਹੋਇਆ । ਜਿਹੜੀਆਂ ਤੀਵੀਆਂ ਹਰ ਵੇਲੇ ਆ ਕੇ ਬੇਬੇ ਨੂੰ ਮਰ ਚੁੱਕਿਆਂ ਦੀਆਂ ਯਾਦਾਂ ਤਾਜੀਆਂ ਕਰਵਾ ਕਰਵਾ ਕੇ ਰੁਆਉਂਦੀਆਂ ਰਹਿੰਦੀਆਂ ਸਨ, ਉਹ ਸਭ ਕੁਝ ਹੁਣ ਇੱਥੇ ਬੰਦ ਹੋ ਚੁੱਕਿਆ ਸੀ। ਅਸੀਂ ਹਰ ਵਕਤ ਉਹਨੂੰ ਖ਼ੁਸ਼ ਰੱਖਣ ਦਾ ਯਤਨ ਕਰਦੇ।

ਇਵੇਂ ਹੀ ਇੱਕ ਸਾਲ ਬੀਤ ਗਿਆ।

ਤੂੰ ਪੁੱਤ ਮੈਨੂੰ ਪਟਿਆਲੇ ਛੱਡ ਆ, ਮੈਂ ਆਪਣੀਂ ਧੀ ਨੂੰ ਮਿਲਣੈਂ। ਇੱਕ ਦਿਨ ਉਹਨੇ ਬੜੇ ਦਲੇਰੀ ਭਰੇ ਲਫ਼ਜ਼ਾਂ ਨਾਲ ਕਿਹਾ ਸੀ। ਬੇਬੇ ਨੂੰ ਇਉਂ ਖ਼ੁਸ਼ ਹੁੰਦਿਆਂ ਵੇਖ ਕੇ ਮੇਰੀ ਖੁਸ਼ੀ ਦਾ ਕੋਈ ਠਿਕਾਣਾਂ ਨਾਂ ਰਿਹਾ। ਦੂਜੇ ਦਿਨ ਹੀ ਮੈਂ ਉਹਨੂੰ ਆਪਣੀ ਪਟਿਆਲੇ ਵਿਆਹੀ ਭੈਣ ਗੁਰਚਰਨ ਕੋਲ ਛੱਡ ਆਇਆ।

ਪਰ ਬੇਬੇ ਪਟਿਆਲੇ ਜਾ ਕੇ ਫੇਰ ਸਖਤ ਬਿਮਾਰ ਪੈ ਗਈ। ਭੈਣ ਨੇ ਫੋਨ ਕੀਤਾ ਤਾਂ ਮੈਂ ਪਟਿਆਲੇ ਗਿਆ। ਬੇਬੇ ਨੇ ਮੈਨੂੰ ਥੋੜ੍ਹਾ ਜਿਹਾ ਪਛਾਣਿਆ। ਉਹਦਾ ਸਾਹ ਵੀ ਰੁੱਕ ਰੁੱਕ ਕੇ ਆ ਰਿਹਾ ਸੀ। ਮੈਂ ਉਹਨੂੰ ਚੰਡੀਗੜ੍ਹ ਲੈ ਆਇਆ ਅਤੇ ਪੀ.ਜ਼ੀ.ਆਈ. ਵਿੱਚ ਦਾਖਲ ਕਰਵਾ ਦਿੱਤਾ। ਦੂਜੇ ਦਿਨ ਡਾਕਟਰਾਂ ਨੇ ਉਹਨੂੰ ਵੈਂਟੀਲੇਟਰ ਤੇ ਲਾ ਦਿੱਤਾ।

ਤਕਰੀਬਨ ਪੰਦਰਾਂ ਸੋਲਾਂ ਦਿਨ ਉਹ ਵੈਂਟੀਲੇਟਰ ਤੇ ਹੀ ਰਹੀ। ਅਖੀਰ 14 ਫਰਵਰੀ 2006 ਦੀ ਰਾਤ ਦੇ ਦੋ ਵੱਜ ਕੇ ਵੀਹ ਮਿੰਟ ਤੇ ਉਸਨੇ ਆਖਰੀ ਸਾਹ ਲਿਆ।

ਅਸੀਂ ਉਸਦੀ ਦੇਹ ਨੂੰ ਪਿੰਡ ਲੈ ਆਏ। ਜਦੋਂ ਉਹਨੂੰ ਆਖਰੀ ਇਸਨਾਨ ਕਰਵਾ ਕੇ ਵਿਹੜੇ ਵਿੱਚ ਪਈ ਸੀੜ੍ਹੀ 'ਤੇ ਲਿਆ ਕੇ ਰੱਖਿਆ ਗਿਆ ਤਾਂ ਬਾਂਸਾਂ ਦੀ ਬਣੀ ਸੀੜ੍ਹੀ ਅਤੇ ਬੇਬੇ ਦੀਆਂ ਸੁੱਕ ਚੁੱਕੀਆਂ ਹੱਡੀਆਂ ਵਿੱਚ ਕੋਈ ਬਹੁਤਾ ਫਰਕ ਨਾਂ ਜਾਪਿਆ।

ਜਦੋਂ ਮੈਂ ਇਸ ਦੁੱਖਾਂ ਦੀ ਭਾਰੀ ਪੰਡ ਨੂੰ ਆਪਣਾਂ ਮੋਢਾ ਦੇ ਕੇ ਚੁੱਕਿਆ ਤਾਂ ਮੇਰੇ ਧੁਰ ਅੰਦਰੋਂ ਲੇਰ ਨਿਕਲੀ........

....... ਗੱਡੀ ਦੀ ਲਾਈਨ ਜਿੱਡੀ ਲੰਮੀ ਲੇਰ। ਮੈਂ ਦੁੱਖਾਂ ਦੇ ਇਸ ਸ਼ੂਕਦੇ ਦਰਿਆ ਨੂੰ ਕਿਸੇ ਓਪਰੇ ਜਹਾਨ ਵਿੱਚ ਵੀਲੀਨ ਹੋ ਜਾਣ ਲਈ ਲਿਜਾ ਰਿਹਾ ਸਾਂ।

**ਪਤਾ : ਮਕਾਨ ਨੰ: 2585, ਸੈਕਟਰ- 39-ਸੀ, ਚੰਡੀਗੜ੍ਹ।ਮੋਬਾਈਲ-98550-72504**



**ਸੂਝਵਾਨ ਆਲੋਚਕ ਡਾ. ਜੋਗਿੰਦਰ ਸਿੰਘ ਨਿਰਾਲਾ ਦੀ ਆਲੋਚਨਾ ਦੀ ਨਵੀਂ ਪੁਸਤਕ**

**ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ**

1990 ਤੋਂ ਪਿੱਛੋਂ ਪੰਜਾਬੀ ਕਹਾਣੀ ਦੀਆਂ ਰੂਪ ਜੁਗਤਾਂ ਵਿਚ ਵੀ ਗੁਣਾਤਮਕ ਪਰਿਵਰਤਨ ਆਇਆ ਹੈ। ਹੁਣ ਲਕੀਰੀ ਬਿਰਤਾਂਤ, ਇਕਹਿਰੀ ਜੁਗਤ ਅਤੇ ਪਾਤਰ ਪ੍ਰਧਾਨ ਕਹਾਣੀਆਂ ਬਹੁਤੀਆਂ ਮਕਬੂਲ ਨਹੀਂ ਹੁੰਦੀਆਂ। ਅਜੋਕੀ ਸਥਿਤੀ ਵਿਚ ਕਹਾਣੀ ਬਾਰੇ ਕੋਈ ਅੰਤਿਮ ਰੂਪ ਵਿਚ ਨਿਰਣਾ ਨਹੀਂ ਕੀਤਾ ਜਾ ਸਕਦਾ, ਹੁਣ ਦੀ ਸਥਿਤੀ ਸੰਵਾਦ ਦੀ ਸਥਿਤੀ ਹੈ। -ਨਿਰਾਲਾ

***ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ***

***ਮੁੱਲ :200, ਪੰਨੇ :147***



## ਬਾ ਹਿੰਮਤ ਤੇ ਰੋਅਬਦਾਰ ਬੇਜੀ / ਸੁਰਿੰਦਰ ਨੀਰ

ਮੈਂ ਜੋ ਕੁਝ ਵੀ ਹਾਂ, ਮੇਰੇ ਉਹ 'ਕੁਝ' ਹੋਣ ਵਿਚ ਮੇਰੀ ਬੇਜੀ ਦਾ ਬਹੁਤ ਵੱਡਾ ਯੋਗਦਾਨ ਹੈ। ਜੋ ਉਨ੍ਹਾਂ ਦਾ ਸਾਹਸ ਤੇ ਮੇਰੇ ਪ੍ਰਤੀ ਉਨ੍ਹਾਂ ਦਾ ਵਿਸ਼ਵਾਸ ਇਤਨਾ ਦ੍ਰਿੜ ਨਾ ਹੁੰਦਾ, ਤਾਂ ਮੈਂ ਵੀ ਆਪਣੇ ਉਸ ਪਹਾੜੀ ਪਿੰਡ ਦੀ ਪਥਰੀਲੀ ਧਰਤੀ ਦੀਆਂ ਉਨ੍ਹਾਂ ਹੀ ਕੰਡਿਆਲੀਆਂ ਥੋਰਾਂ ਵਿਚ ਉਲਝੀ ਜ਼ਿੰਦਗੀ ਜੀਉਣ ਲਈ ਮਜਬੂਰ ਹੁੰਦੀ ਜਿਵੇਂ ਹੁਣ ਵੀ ਮੇਰੇ ਉਸ ਪਿੰਡ ਦੀਆਂ ਕੁੜੀਆਂ ਜੀਉਣ ਲਈ ਮਜਬੂਰ ਹਨ। ਬੇਸ਼ਕ ਆਰਥਕ ਪੱਖੋਂ ਹੁਣ ਇਹ ਪਹਾੜੀ ਪਿੰਡ ਵੀ ਸ਼ਹਿਰੀ ਕਸਬਿਆਂ ਦੇ ਹਾਣ ਦੇ ਹੋ ਗਏ ਹੋਣ ਪਰ ਕੁੜੀਆਂ ਦੀ ਪੜ੍ਹਾਈ ਦਾ ਸਿਲਸਿਲਾ ਅਜੇ ਵੀ ਦਸਵੀਂ ਤੋਂ ਉਪਰ ਨਹੀਂ ਜਾ ਸਕਿਆ। ਹੁਣ ਕੁਝ ਉਹ ਅਪਵਾਦ ਛੱਡ ਕੇ ਜਿਨ੍ਹਾਂ ਕੁੜੀਆਂ ਦੇ ਮਾਪਿਆਂ ਨੇ ਆਤੰਕਵਾਦੀ ਮਾਹੌਲ, ਕਰਫਿਊ, ਹੜਤਾਲਾਂ ਤੇ ਗੱਡੀਆਂ ਦੀਆਂ ਸਮੱਸਿਆਵਾਂ ਤੋਂ ਫਾਇਦਾ ਉਠਾ ਆਪਣੇ ਬਜ਼ੁਰਗ ਮਾਪਿਆਂ ਨੂੰ ਪਿੰਡ ਛਡ ਸ਼ਹਿਰਾਂ ਵਲ ਪਲਾਇਨ ਕਰਨ ਦੀ ਆਗਿਆ ਦੇਣ ਲਈ ਰਾਜੀ ਨਹੀਂ ਕਰ ਲਿਆ। ਅਜੇਹੀਆਂ ਕੁਝ ਖੁਸ਼ਨਸੀਬ ਕੁੜੀਆਂ ਸ਼ਹਿਰਾਂ ਵਿਚ ਹੁਣ ਬੇਸ਼ਕ ਪੜ੍ਹ ਰਹੀਆਂ ਹਨ।

ਪਰ ਇਹ ਮੇਰੇ ਵੇਲੇ ਦੀਆਂ ਗੱਲਾਂ ਨਹੀਂ ਸਨ। ਫਿਰ ਵੀ ਬੇਜੀ ਦਸਦੇ ਹਨ ਕਿ ਮੈਨੂੰ ਕੁਛੜ ਚੁਕ ਜਾਂ ਉਂਗਲੀ ਨਾਲ ਲਾ ਸ੍ਰੀਨਗਰ ਸ਼ਹਿਰ ਆਂਦੇ ਜਾਂਦੇ ਉਹ ਜਦ ਵੂਮੈਨ ਕਾਲਜ ਲਾਗਿਓਂ ਗੁਜ਼ਰਦੇ ਤਾਂ ਸਫ਼ੈਦ ਵਰਦੀਆਂ ਵਾਲੀਆਂ ਕੁੜੀਆਂ ਨੂੰ ਵੇਖ ਉਹ ਆਹ ਭਰ ਕੇ ਸੋਚਦੇ ਕਿ 'ਕਾਸ਼ ਮੇਰੀ ਬਿੱਟੂ' ਵੀ ਇਸ ਕਾਲੇਜ਼ ਵਿਚ ਚਿਟੀ ਵਰਦੀ ਪਾ ਕੇ ਪੜ੍ਹਨ ਆਵੇ ਕਦੀ।

ਇਹ ਉਹ ਵੇਲਾ ਸੀ ਜਦ ਬੇਜੀ ਦੇ ਇਸ ਸੁਪਨੇ ਨੂੰ ਸਿਰਫ਼ ਨਾ ਪੂਰੀ ਹੋ ਸਕਣ ਵਾਲੀ ਖਾਹਿਸ਼ ਹੀ ਸਮਝਿਆ ਜਾ ਸਕਦਾ ਸੀ। ਪਰ ਬੇਜੀ ਨੇ ਇਹ ਸੱਚ ਕਰ ਦਿਖਾਇਆ।

ਹਾਲਾਂਕਿ ਮੇਰੇ ਤੋਂ ਵੱਡਾ ਮੇਰਾ ਵੀਰ ਤੇ ਉਸਤੋਂ ਵੱਡੀ ਇਕ ਭੈਣ ਵੀ ਹੈ ਪਰ ਬੇਜੀ ਦਾ ਸਭ ਤੋਂ ਵਧ ਪਿਆਰ ਤੇ ਦੁਲਾਰ ਮੈਨੂੰ ਹੀ ਮਿਲਿਆ। ਬੇਹੱਦ ਲਾਡਾਂ ਪਿਆਰਾਂ ਵਿਚ ਮੇਰਾ ਬਚਪਨ ਤੇ ਜਵਾਨੀ ਬੀਤੇ। ਬੇਜੀ ਦੇ ਇਸ ਪਿਆਰ ਵਿਚ ਮੇਰੇ ਭਾਪਾ ਜੀ ਚਾਚੇ-ਚਾਚੀਆਂ, ਮਾਮੇ-ਮਾਮੀਆਂ, ਭੂਆ-ਫੁੱਫੜਾਂ ਤੇ ਢੇਰ ਸਾਰੇ ਕਜ਼ਨਜ਼ ਦਾ ਪਿਆਰ ਵੀ ਸ਼ਾਮਿਲ ਰਿਹਾ ਹੈ।

ਮੇਰੇ ਬੇਜੀ ਬਹੁਤ ਹੀ ਬਾਹਿੰਮਤ ਔਰਤ ਰਹੇ ਹਨ। ਰੋਅਬਦਾਰ ਸ਼ਖਸੀਅਤ। ਉੱਚੀ ਲੰਮੀ। ਮਜ਼ਬੂਤ ਕਦ ਕਾਠੀ ਵਾਲੀ ਇਕ ਜਾਗਰੂਕ ਤੇ ਸਮਝਦਾਰ ਔਰਤ। ਪੜ੍ਹਾਈ ਉਨ੍ਹਾਂ ਨੇ ਕੇਵਲ ਪੰਜਵੀਂ ਤਕ ਪੜ੍ਹੀ ਪਰ ਗੁਰਦੁਆਰਿਆਂ ਵਿਚ ਪੜ੍ਹਾਈ ਜਾਂਦੀ ਗੁਰਮੁਖੀ ਨੇ ਉਨ੍ਹਾਂ ਨੂੰ ਪਾਠ ਪੂਜਾ ਤੇ ਹੋਰ ਧਾਰਮਿਕ ਸਾਹਿਤ ਪੜ੍ਹਨ ਤੇ ਸਮਝਣ ਦੇ ਕਾਬਿਲ ਬਣਾ ਦਿੱਤਾ।

ਅਸੀਂ ਸਕੂਲ ਦੀ ਪੜ੍ਹਾਈ ਕਰਦਿਆਂ ਜਦ ਕਦੀ ਕਿਸੇ ਕਿਤਾਬ ਜਾਂ ਕਿਸੇ ਵਿਸ਼ੇ ਨੂੰ ਸਮਝਣਾ ਔਖ ਮਹਿਸੂਸ ਕਰਦੇ ਤਾਂ ਕਿਤਾਬ ਲੈ ਕੇ ਬੇਜੀ ਕੋਲ ਦੌੜ ਜਾਂਦੇ। 'ਬੇਜੀ ਇਹ ਸਮਝਾ ਦਿਓ।' ਬੇਜੀ ਨੇ ਕਦੀ ਨਹੀਂ ਕਿਹਾ ਕਿ ਮੈਨੂੰ ਇਸ ਬਾਰੇ ਪਤਾ ਨਹੀਂ ਜਾਂ ਮੈਂ ਇਸ ਬਾਰੇ ਜਾਣਦੀ ਨਹੀਂ ਉਹ ਸਾਨੂੰ ਆਖਦੇ, "ਲਾਇਨ ਪੂਰੀ ਪੜ੍ਹ ਕੇ ਸੁਣਾਓ।" ਅਸੀਂ ਲਾਇਨ ਪੜ੍ਹਦੇ ਤਾਂ ਸੁਘੜ ਬੇਜੀ ਲਾਇਨ ਦਾ ਮਤਲਬ ਸਮਝ ਜਾਂਦੇ ਤੇ ਆਪਣੀ ਉਸੇ ਸਮਝ ਮੁਤਾਬਿਕ ਸਾਨੂੰ ਸਮਝਾ ਦੇਂਦੇ। ਸਾਡੀ ਮੁਸ਼ਕਿਲ ਹਲ ਹੋ ਜਾਂਦੀ।

ਬੇਜੀ ਦੀ ਹਿੰਮਤ ਦੇ ਕਿੱਸੇ ਮੇਰੇ ਨਾਨਕੇ ਪਰਵਾਰ ਵਿਚ ਮਸ਼ਹੂਰ ਹਨ। ਮੈਂ ਕਦੀ ਫ਼ਖ਼ਰ ਨਾਲ ਸੋਚਦੀ ਹਾਂ ਕਿ ਔਰਤ ਦੀ ਸੁਤੰਤਰਤਾ ਸਵੈਮਾਨ ਅਤੇ ਗਲਤ ਧਾਰਨਾਵਾਂ ਅੱਗੇ ਡੱਟ ਕੇ ਖਲੋਣ ਦੀ ਹਿੰਮਤ ਬੇਜੀ



ਵਰਗੀਆਂ ਔਰਤਾਂ ਵਿਚ ਉਦੋਂ ਸੀ। ਅਜਕਲ ਤਾਂ ਅਸੀਂ ਫੈਸ਼ਨ ਵਜੋਂ ਜਾਂ ਪ੍ਰਸਿੱਧੀ ਵਜੋਂ ਇਨ੍ਹਾਂ ਲਹਿਰਾਂ ਤੇ ਵਿਚਾਰਧਾਰਾਵਾਂ ਨੂੰ ਉੜਨ ਦੀ ਕਾਹਲ ਜਹੀ ਵਿਚ ਪਗਲਾਏ ਫਿਰ ਰਹੇ ਹਾਂ। ਕਸ਼ਮੀਰ ਦੇ ਪਿੰਡਾਂ ਦਾ ਸਭਿਆਚਾਰ ਐਸਾ ਹੈ ਕਿ ਜੁਆਨ ਕੁੜੀਆਂ ਨੂੰ ਅਗਰ ਆਪਣੇ ਹੀ ਪਿੰਡ ਦਾ ਕੋਈ ਘਰਾਣਾ ਨੂੰਹ ਵਜੋਂ ਪਸੰਦ ਕਰ ਲਏ ਤਾਂ ਇਹ ਇਕ ਤਰ੍ਹਾਂ ਉਸ ਕੁੜੀ ਦੀ ਇਜ਼ਤ ਅਫਜ਼ਾਈ ਸਮਝੀ ਜਾਂਦੀ ਹੈ। ਕਸ਼ਮੀਰ ਦੇ ਸਿੱਖਾਂ ਵਿਚ ਜ਼ਾਤ-ਪਾਤ, ਊਚ, ਨੀਚ, ਦਲਿਤ-ਸਵਰਨ ਵਰਗੀ ਕੋਈ ਸਮੱਸਿਆ ਨਹੀਂ। ਉਥੇ 'ਸਿੱਖ' ਦਾ ਮਤਲਬ 'ਗੁਰੂ ਕਾ ਸਿੱਖ' ਹੈ। ਬੇਜੀ ਸੁੰਦਰ ਤਾਂ ਹੈ ਹੀ ਸਨ ਪਰ ਉਨ੍ਹਾਂ ਦੀ ਕਦ ਕਾਠੀ ਤੇ ਸੁਡੋਲ ਸਰੀਰ ਉਨ੍ਹਾਂ ਨੂੰ ਸਾਰੇ ਪਿੰਡ ਦੀਆਂ ਕੁੜੀਆਂ ਚੋਂ ਨੁਮਾਯਾ ਕਰਦਾ ਸੀ।

ਉਨ੍ਹਾਂ ਦੇ ਪਿੰਡ ਦੇ ਇਕ ਖਾਂਦੇ ਪੀਂਦੇ ਜ਼ਿਮੀਦਾਰ ਪਰਵਾਰ ਦਾ ਮੁੰਡਾ ਵੈਟਰਨਰੀ ਡਾਕਟਰੀ ਕਰਕੇ ਡਾਕਟਰ ਸਾਬ ਬਣ ਗਿਆ। ਜੁਆਨ ਪੁੱਤਰ ਦੀ ਸ਼ਾਦੀ ਦਾ ਸੋਚਦਿਆਂ ਹੀ ਉਸਦੇ ਘਰਵਾਲਿਆਂ ਦੀ ਨਜ਼ਰ ਸਭ ਤੋਂ ਪਹਿਲਾਂ ਕੁਲਵੰਤ ਕੌਰ ਤੇ ਹੀ ਪਈ ਜਿਸਨੂੰ ਸਾਰੇ ਕੰਤੀ ਬੁਲਾਂਦੇ ਸਨ। ਇਹ ਤਾਂ ਹੋਣਾ ਹੀ ਸੀ।

ਮੇਰੇ ਨਾਨਾ ਜੀ ਯਾਨੀ ਬੇਜੀ ਦੇ ਚਾਜੀ ਵੀ ਘੱਟ ਹੈਸੀਅਤ ਨਹੀਂ ਸਨ ਰੱਖਦੇ। ਉਹ ਆਸ ਪਾਸ ਦੇ ਪਿੰਡਾਂ ਵਿਚ ਬੇਤਾਜ ਬਾਦਸ਼ਾਹ ਵਰਗੀ ਹੈਸੀਅਤ ਰਖਦੇ ਸਨ ਤੇ ਉਨ੍ਹਾਂ ਦੇ ਫੈਸਲੇ ਸਭ ਸਤਕਾਰ ਨਾਲ ਮੰਨਦੇ। ਇਹ ਪਰੰਪਰਾ ਮੇਰੇ ਵੱਡੇ ਮਾਮੇ ਤਕ ਚਲਦੀ ਆਈ। ਹਾਲਾਂਕਿ ਉਸਤੋਂ ਬਾਦ ਹਾਲਾਤ ਬਿਲਕੁਲ ਹੀ ਬਦਲ ਗਏ।

ਬੇਜੀ ਦਾ ਰਿਸ਼ਤਾ ਲੈ ਕੇ ਡਾਕਟਰ ਸਾਬ ਦੇ ਘਰਵਾਲੇ ਡਰਦੇ ਡਰਦੇ ਚਾਜੀ ਕੋਲ ਆਏ। ਗਲ ਕੌਣ ਕਰੇ? ਪਰ ਪਿੰਡ ਦਾ ਦੇਖਿਆ ਭਾਲਿਆ ਘਰਾਣਾ ਤੇ ਡਾਕਟਰ ਮੁੰਡਾ ਹੋਣ ਕਰਕੇ ਕੰਤੀ ਦਾ ਰਿਸ਼ਤਾ ਉਸ ਨਾਲ ਪੱਕਾ ਹੋ ਗਿਆ।

ਦੋ ਸਾਲ ਮੁੰਡੇ ਦੀਆਂ ਭਾਬੀਆਂ ਭੈਣਾਂ ਹਰ ਰੋਜ਼ ਕੰਤੀ ਨੂੰ ਮਿਲਣ ਆ ਜਾਂਦੀਆਂ ਰਹੀਆਂ। ਡਾਕਟਰ ਤਾਂ ਜਾਗਦੀਆਂ ਅੱਖਾਂ ਨਾਲ ਸੁਪਨੇ ਵੇਖਣ ਲਈ ਮਜਬੂਰ ਸੀ। ਉਸਦੀਆਂ ਭੈਣਾਂ ਭਾਬੀਆਂ ਤੇ ਬਾਕੀ ਸਹੇਲੀਆਂ ਕੰਤੀ ਨੂੰ ਆ ਕੇ ਦਸਦੀਆਂ ਕਿ ਡਾਕਟਰ ਦਾ ਤਾਂ ਵਸ ਨਹੀਂ ਚਲਦਾ ਕਿ ਉਹ ਕੰਤੀ ਦਾ ਡੋਲਾ ਘਰ ਲਿਆਣ ਨੂੰ ਦੇਰ ਨਾ ਲਗਾਏ।

ਮੁੰਡੇ ਵਾਲਿਆਂ ਦੇ ਬਾਰ ਬਾਰ ਆਖਣ ਤੇ ਵਿਆਹ ਲਈ ਸਾਵਣ ਮਹੀਨੇ ਦੀ ਕੋਈ ਤਰੀਕ ਮਿਥ ਲਈ ਗਈ। ਉਨ੍ਹਾਂ ਹੀ ਦਿਨਾਂ 'ਚ ਵਿਸਾਖੀ ਦਾ ਤਿਉਹਾਰ ਸੀ। ਮੁੰਡੇ ਵਾਲਿਆਂ ਦੇ ਘਰੋਂ ਉਸਦੀਆਂ ਭੈਣਾਂ ਭਾਬੀਆਂ ਉਪਹਾਰ, ਕਪੜੇ, ਫ਼ਲ ਮਿਠਾਈਆਂ ਲੈ ਕੇ 'ਵਹੁਟੀ' ਨੂੰ ਮਿਲਣ ਆ ਗਈਆਂ। ਸਾਰਾ ਦਿਨ ਹਸਦੇ ਖੇਡਦੇ , ਖਾਂਦੇ ਪੀਂਦੇ ਬੀਤ ਗਿਆ। ਸਹੁਰਿਓ ਆਈਆਂ ਔਰਤਾਂ ਚਲੀਆਂ ਗਈਆਂ ਚਾਜੀ ਨੇ ਵੀ ਉਨਾਂ ਨੂੰ ਕਪੜੇ ਮਿਠਾਈ ਉਪਹਾਰ ਦੇ ਕੇ ਤੋਰਿਆ।

ਸ਼ਾਮ ਕੁ ਦੇ ਵੇਲੇ ਮੁੰਡੇ ਦੀ ਮਾਂ ਆ ਗਈ। ਉਸਨੂੰ ਵੇਖ ਕੇ ਸਾਰੇ ਖੁਸ਼ ਹੋ ਗਏ। ਆਪਣੇ ਹੀ ਪਿੰਡ ਦੀ ਚਾਚੀ ਭਾਬੀ ਤਾਂ ਲਗਦੀ ਸੀ ਉਹ ਸਭ ਦੀ। ਹਾਸੇ ਮਜ਼ਾਕ ਵਿਚ ਉਸਨੇ ਕੰਤੀ ਨੂੰ ਬੁਲਾ ਕੇ ਕਿਹਾ ਕਿ ਕੁੜੀਆਂ ਹੱਥ ਕਪੜੇ ਲੱਤੇ ਭੇਜਦਿਆਂ ਮੈਂ ਜ਼ੇਵਰ ਭੇਜਣਾ ਭੁਲ ਗਈ ਸਾਂ।

"ਇਹ ਸੋਨੇ ਦੀਆਂ ਚੂੜੀਆਂ ਨੀ ਸਾਂਭ ਕੇ ਰੱਖੀਂ" ਆਖਦਿਆਂ ਉਸਨੇ ਹੱਸਦੇ ਹੋਏ ਦੋ ਚੂੜੀਆਂ ਕੰਤੀ ਦੀ ਬਾਂਹ ਵਿਚ ਪਾ ਦਿੱਤੀਆਂ।

ਚੂੜੀਆਂ ਅਸਲ ਵਿਚ ਸੋਨੇ ਦੀਆਂ ਨਹੀਂ ਪਿੱਤਲ ਦੀਆਂ ਸਨ। ਸੱਸ ਨੇ ਆਪਣੀ ਹੋਣ ਵਾਲੀ ਨੂੰਹ ਨਾਲ ਆਪਣੇ ਵਲੋਂ ਮਖੌਲ ਕੀਤਾ ਸੀ। ਪਰ ਇਹ ਮਖੌਲ ਉਸਨੂੰ ਮਹਿੰਗਾ ਪੈ ਗਿਆ। ਉਸਦੇ ਘਰ ਜਾਂਦਿਆਂ ਹੀ ਕੰਤੀ ਨੇ ਬਾਂਹ ਚੋਂ ਚੂੜੀਆਂ ਲਾਹ ਪਰੇ ਵਗਾਹ ਮਾਰੀਆਂ ਤੇ ਐਲਾਨ ਕਰ ਦਿੱਤਾ ਕਿ ਉਹ

ਇਨ੍ਹਾਂ ਦੇ ਘਰ ਵਿਆਹ ਨਹੀਂ ਕਰੇਗੀ। ਕੰਤੀ ਮੁਤਾਬਿਕ ਉਸਦਾ ਅਪਮਾਨ ਕੀਤਾ ਗਿਆ ਸੀ। ਸੱਸ ਦੇ ਮਖੌਲ ਨੂੰ ਉਸਨੇ ਆਪਣੀ ਬੇਇਜ਼ਤੀ ਮਨ ਲਿਆ ਅਖੇ ਅੱਜ ਚੂੜੀਆਂ ਲਈ ਝੂਠ ਬੋਲ ਗਈ ਕਲ ਕੀ ਪਤਾ...।

ਇਸ ਤੋਂ ਪਹਿਲਾਂ ਕਿ ਚਾਜੀ ਤੱਕ ਗੱਲ ਪੁਜਦੀ ਕੰਤੀ ਨੇ ਸਾਰਾ ਸਮਾਨ ਚੁਕਵਾ ਕੇ ਮੁੰਡੇ ਦੇ ਘਰ ਵਾਪਸ ਭੇਜ ਦਿੱਤਾ। ਮੁੰਡੇ ਵਾਲਿਆਂ ਨੇ ਚਾਜੀ ਸਾਹਮਣੇ ਮਾਫ਼ੀਆਂ ਮੰਗੀਆਂ ਪਰ ਕਮਾਨ ਚੋਂ ਤੀਰ ਨਿਕਲ ਚੁੱਕਾ ਸੀ। ਰਿਸ਼ਤਾ ਟੁੱਟ ਗਿਆ।

ਵਿਸਾਖੀ ਵਾਲੇ ਦਿਨ ਪਿੰਡ ਵਿਚ ਕੋਹਰਾਮ ਮੱਚ ਗਿਆ। ਡਾਕਟਰ ਮੁੰਡੇ ਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ। ਬੜੀ ਮੁਸ਼ਕਿਲ ਨਾਲ ਹਕੀਮਾਂ ਤੇ ਡਾਕਟਰਾਂ ਨੇ ਉਸਦੀ ਜਾਨ ਬਚਾਈ। ਕਿਸੇ ਦੇ ਵਿਯੋਗ (ਜਾਂ ਸ਼ਰਮ) ਪਿਛੇ ਆਪਣੀ ਜਾਨ ਦੇਣ ਦੀ ਕੋਸ਼ਿਸ਼ ਇਹ ਉਨ੍ਹਾਂ ਦਿਨਾਂ ਉਸ ਕਸ਼ਮੀਰ ਦੇ ਇਲਾਕੇ ਵਿਚ ਪਹਿਲੀ ਇਤਿਹਾਸਕ ਘਟਨਾ ਸੀ ਤੇ ਵਿਦਰੋਹ ਕਰਨ ਵਾਲੀ ਪਹਿਲੀ ਔਰਤ ਵੀ ਕੰਤੀ ਹੀ ਸੀ।

ਪਹਾੜਾਂ ਦੇ ਧੁਰ ਅੰਦਰ ਵਸਦੇ ਪਿੰਡ ਕੰਗਾਲੂੜਾ ਵਿਚ ਉਨ੍ਹੀਂ ਦਿਨੀਂ ਦਿਨੇ ਹੀ ਗਿੱਦੜ ਹੌਂਕਦੇ ਫਿਰਦੇ ਸਨ। ਜੰਡ ਬਹੂਟ ਪਥਰੀਲੇ ਰਾਹ ਕੰਡਿਆਲੀਆਂ ਝਾੜੀਆਂ। ਇਸ ਪਿੰਡ ਨੂੰ ਸਾਰੇ ਕੰਡੀ ਆਖਦੇ ਸਨ। ਇਸੇ ਪਿੰਡ ਵਿਆਹੀ ਸੀ ਕੰਤੀ ਦੀ ਇਕ ਫੂਫੀ। ਹੈਰਾਨੀ ਵਾਲੀ ਗਲ ਸੀ ਕਸਬੇ ਤੋਂ ਤੇਰਾ ਮੀਲ ਦੂਰ ਸਿਧੀ ਪਥਰੀਲੀ ਚੜ੍ਹਾਈ ਵਾਲੇ ਇਸ ਪਹਾੜੀ ਪਿੰਡ ਵਿਚ ਨਾ ਬਿਜਲੀ ਨਾ ਸੜਕਾਂ ਨਾਂ ਕੋਈ ਹੋਰ ਸਹੂਲਤਾਂ, ਪਰ ਫਿਰ ਵੀ ਇਸ ਪਿੰਡ ਦੇ ਤਕਰੀਬਨ ਸਾਰੇ ਹੀ ਮੁੰਡੇ ਤਗਲ ਕਸਬੇ ਦੇ ਸਕੂਲਾਂ ਵਿਚ ਪੈਦਲ ਜਾ ਕੇ ਪੜ੍ਹਾਈ ਕਰਦੇ। ਤੇ ਕੁਝ ਮੁੰਡੇ ਸਰਕਾਰੀ ਨੌਕਰੀਆਂ ਵਿਚ ਲੱਗੇ ਸਨ। ਕੁਝ ਸਰਕਾਰੀ ਟਰਾਂਸਪੋਰਟ ਦੇ ਡਰਾਇਵਰ ਰਹਿੰਦੇ ਖੂੰਹਦੇ ਜ਼ਿੰਮੀਦਾਰੀਆਂ ਕਰਦੇ, ਕੋਈ ਮਾਸਟਰ ਬਣ ਗਿਆ। ਹੈਰਾਨ ਹੋ ਜਾਈਦਾ ਹੈ ਜਾਣ ਕੇ ਅਜੇਹੇ ਦੁਰਗਾਮ ਪੈਂਡਿਆਂ ਤੇ ਤੁਰਦੇ ਵੀ ਉਸ ਪਿੰਡ ਦੇ ਲੋਕਾਂ ਚੋਂ ਕੋਈ ਪਟਵਾਰੀ ਗਿਰਦਾਵਰ ਤੇ ਕੋਈ ਹੈਡਮਾਸਟਰ ਤਕ ਵੀ ਬਣ ਗਿਆ।

ਇਸੇ ਫੂਫੀ ਦੀ ਨਾਨਾਣ ਦਾ ਮੁੰਡਾ ਸੀ ਹਕੂਮਤ ਸਿੰਘ ਜਿਹੜਾ ਉਨ੍ਹਾਂ ਹੀ ਦਿਨਾਂ 'ਚ ਬਿਜਲੀ ਦੇ ਸਰਕਾਰੀ ਮਹਿਕਮੇ ਵਿਚ ਫੋਰਮੈਨ ਲਗਾ ਗਿਆ ਸੀ। ਨਨਾਣ ਦੇ ਘਰ ਚੌਧਾਂ ਸਾਲ ਬਾਅਦ ਪੈਦਾ ਹੋਇਆ ਹਕੂਮਤ ਸਿੰਘ ਬੇਹੱਦ ਖੂਬਸੂਰਤ, ਅੱਥਰਾਂ ਤੇ ਲਾਡਲਾ ਪੁਤਰ ਸੀ। ਇਸੇ ਲਾਡਲੇ ਪੁੱਤਰ ਲਈ ਮੁੰਡੇ ਦੀ ਮਾਮੀ ਨੇ ਆਪਣੀ ਭਤੀਜੀ ਕੰਤੀ ਦਾ ਹੱਥ ਆਪਣੇ ਭਰਾ ਤੋਂ ਮੰਗ ਲਿਆ। ਤੇ ਇਹੋ ਹਕੂਮਤ ਸਿੰਘ ਮੇਰੇ ਭਾਪਾ ਜੀ ਤੇ ਕੰਤੀ ਮੇਰੇ ਬੇਜੀ ਬਣੇ।

ਵਿਆਹ ਵਾਲੇ ਦਿਨ ਹਕੂਮਤ ਸਿੰਘ ਨੇ ਜੋ ਬੇਜੀ ਨੂੰ ਤੱਕਿਆ ਤਾਂ ਤੱਕਦੇ ਹੀ ਰਹਿ ਗਏ। ਪਹਿਲੇ ਦਿਨ ਦੀ ਤੱਕਣੀ ਦੀ ਦੀਵਾਨਗੀ ਬੇਜੀ ਪ੍ਰਤੀ ਉਨ੍ਹਾਂ ਦੀ ਸਾਰੀ ਜ਼ਿੰਦਗੀ ਬਣੀ ਰਹੀ। ਜ਼ਿੰਦਗੀ ਦੇ ਆਖਰੀ ਸਾਹ ਤਕ। ਉਨ੍ਹਾਂ ਦਾ ਇਸ਼ਕ ਮਸ਼ਹੂਰ ਸੀ।

ਬੇਜੀ ਹਾਲਾਂਕਿ ਕੰਡੀ ਇਲਾਕੇ ਦੇ ਉਸ ਸਖਤ ਜੀਵਨ ਦੇ ਆਦੀ ਨਹੀਂ ਸਨ ਪਰ ਭਾਪਾ ਜੀ ਦੇ ਪਿਆਰ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਮਾਹੌਲ ਵਿਚ ਢਾਲ ਲਿਆ ਤੇ ਘਰ ਗ੍ਰਹਿਸਥੀ ਦਾ ਸਾਰਾ ਭਾਰ ਤੇ ਜ਼ਿੰਮੇਦਾਰੀ ਆਪਣੇ ਮੋਢਿਆ ਤੇ ਸੰਭਾਲ ਲਈ। ਬੇਜੀ ਦੇ ਮੋਢੇ ਭਾਪਾ ਜੀ ਤੋਂ ਮਜ਼ਬੂਤ ਸਨ। ਆਪਣੇ ਮਾਂ ਬਾਪ ਦੀ ਮੈਂ ਤੀਜੀ ਔਲਾਦ ਸਾਂ। ਭਾਪਾ ਜੀ ਦੀ ਨੌਕਰੀ ਅਕਸਰ ਦੂਰ ਦੁਰਾਡੇ ਪਿੰਡਾਂ ਸ਼ਹਿਰਾਂ ਵਿਚ ਹੋਣ ਕਰਕੇ ਉਹ ਉਥੇ ਹੀ ਡੇਰਾ ਕਰਕੇ ਰਹਿੰਦੇ। ਹਫ਼ਤੇ ਬਾਦ ਘਰ ਆਂਦੇ। ਜਿਸ ਦਿਨ ਉਹ ਘਰ ਨਾ ਆਂਦੇ। ਬੇਜੀ ਉਨ੍ਹਾਂ ਕੋਲ ਚਲੇ ਜਾਂਦੇ। ਉਨ੍ਹਾਂ ਦੋਹਾਂ ਦਾ ਆਪਣਾ ਅਲੱਗ ਹੀ ਰੁਮਾਂਟਿਕ ਸੰਸਾਰ ਸੀ ਜਿਸ ਵਿਚ ਬੱਚਿਆਂ ਦੀ ਦਖ਼ਲ ਅੰਦਾਜ਼ੀ ਵੀ ਸ਼ਾਮਿਲ ਨਹੀਂ ਸੀ। ਭਾਪਾ ਜੀ ਨੂੰ ਫਿਲਮਾਂ ਵੇਖਣ ਦਾ ਬੜਾ ਸ਼ੋਕ ਸੀ ਤੇ ਇਸ ਸ਼ੋਕ ਵਿਚ ਉਨ੍ਹਾਂ ਨੇ ਬੇਜੀ ਨੂੰ ਵੀ ਨਾਲ ਸ਼ਾਮਿਲ ਕਰ ਲਿਆ।



ਬੇਜੀ ਬਹੁਤ ਸਖਤ ਮਿਜ਼ਾਜ ਪਰ ਖੂਬ ਮਿਹਨਤ ਕਰਨ ਵਾਲੀ ਔਰਤ ਏ। ਉਸਨੇ ਭਾਪਾ ਜੀ ਦੇ ਹਿੱਸੇ ਆਈ ਪਥਰੀਲੀ ਜ਼ਮੀਨ ਨੂੰ ਆਪਣੇ ਹੱਥੀਂ ਪੱਥਰ ਚੁਣ ਚੁਣ ਦਾਤੀਆਂ ਨਾਲ ਖੁੰਨ ਖੁੰਨ ਉਪਜਾਊ ਬਣਾਇਆ। ਹੱਥਾਂ ਤੇ ਛਾਲੇ ਪੈ ਜਾਂਗੇ ਪਰ ਉਹ ਜ਼ਮੀਨਾਂ ਵਿਚ ਮਿੱਟੀ ਨਾਲ ਮਿੱਟੀ ਹੁੰਦੀ ਘਰ ਗ੍ਰਹਿਸਥੀ ਨੂੰ ਸੰਭਾਲਦੀ। ਭਾਪਾ ਜੀ ਅਕਸਰ ਨੌਕਰੀ ਦੇ ਸਿਲਸਿਲੇ ਵਿਚ ਘਰੋਂ ਬਾਹਰ ਜੋ ਰਹਿੰਦੇ ਸਨ। ਸਾਇਦ ਇਹੋ ਕਾਰਨ ਰਿਹਾ ਹੋਵੇਗਾ ਕਿ ਉਨ੍ਹਾਂ ਘਰ ਗ੍ਰਹਿਸਥੀ ਨਾਲ ਨਾਲ ਬੱਚਿਆਂ ਦੇ ਪਾਲਣ ਪੋਸਣ ਵਿਚ ਨਰਮ ਮਿਜ਼ਾਜੀ ਦੀ ਥਾਂ ਇਕ ਤਰ੍ਹਾਂ ਦੇ ਰੋਅਬ ਅਤੇ ਡਰ ਨੂੰ ਤਰਜੀਹ ਦਿੱਤੀ। ਇਸ ਡਰ ਸੰਕੋਚ ਤੇ ਰੋਅਬ ਦੇ ਹੀ ਸਾਏ ਹੇਠ ਬੱਚੇ ਪਲਦੇ ਰਹੇ।

ਪਰ ਜਿਵੇਂ ਅਕਸਰ ਕਿਹਾ ਜਾਂਦਾ ਹੈ ਕਿ ਮਾਵਾਂ ਵੀ ਆਪਣੇ ਬੱਚਿਆਂ ਵਿਚ ਫਰਕ ਪਾ ਲੈਂਦੀਆਂ ਹਨ ਮੋਹ ਮਮਤਾ ਦੇ ਮਾਮਲੇ ਵਿਚ। ਇਹ ਫਰਕ ਬੇਜੀ ਦੇ ਮਿਜ਼ਾਜ ਦਾ ਵੀ ਹਿੱਸਾ ਰਿਹਾ। ਪਤਾ ਨਹੀਂ ਮੈਨੂੰ 'ਖੁਸ਼ਕਿਸਮਤੀ ਨਾਲ' ਠਰਕ ਲਫ਼ਜ਼ ਇਸਤੇਮਾਲ ਕਰਨਾ ਚਾਹੀਦਾ ਹੈ ਕਿ ਨਹੀਂ ਪਰ ਹਾਲ ਦੀ ਘੜੀ ਮੈਂ ਉਨ੍ਹਾਂ ਦਿਨਾਂ ਦੇ ਸੰਦਰਭ ਵਿਚ ਕਹਿ ਹੀ ਸਕਦੀ ਹਾਂ ਕਿ ਖੁਸ਼ਕਿਸਮਤੀ ਨਾਲ ਬੇਜੀ ਦਾ ਮੋਹ ਤਿੰਨ ਬੱਚਿਆਂ 'ਚੋਂ ਮੇਰੇ ਨਾਲ ਵੱਧ ਰਿਹਾ। ਪਤਾ ਨਹੀਂ ਪੇਟ ਘਰੋੜੀ ਹੋਣ ਕਾਰਨ ਜਾਂ ਕੀ ਉਨ੍ਹਾਂ ਮੈਨੂੰ ਰੱਜ ਕੇ ਪਿਆਰ ਦਿੱਤਾ। ਬੇਜੀ ਦਸਦੇ ਹੁੰਦੇ ਹਨ ਕਿ ਮੈਂ ਬਚਪਨ ਵਿਚ ਬਹੁਤ ਸੋਹਣੀ ਸਾਂ। ਗੋਲਮਟੋਲ। ਉਹ ਗੋਦੀ ਵਿਚ ਮੈਨੂੰ ਲੈ ਕੇ ਸੋਚਦੇ ਕਿ ਕਾਸ਼! ਮੈਂ ਕਦੀ ਵੱਡੀ ਨਾ ਹੋਵਾਂ।

'ਪਰ ਕਿਉਂ ਬੇਜੀ?' ਪੁੱਛਣ 'ਤੇ ਉਹ ਆਖਦੇ ਕਿ ਵੱਡੇ ਹੋਣ ਦੇ ਕਿਤਨੇ ਝਮੇਲੇ ਨੇ ਤੂੰ ਪੜ੍ਹਨ ਸਕੂਲ ਚਲੀ ਜਾਇਆ ਕਰੇਗੀ, ਫਿਰ ਸੋ ਸੋ ਪ੍ਰੇਸ਼ਾਨੀਆਂ ਤੈਨੂੰ ਬਾਕੀ ਕੁੜੀਆਂ ਵਾਂਗ ਆ ਘੇਰਨਗੀਆਂ ਫਿਰ ਵਿਆਹੀ ਜਾਏਂਗੀ ਤੇ ਫਿਰ ਕੀ ਪਤਾ ਅੱਗੇ ਜਾ ਕੇ ਤੈਨੂੰ ਸੁਖ ਮਿਲੇ ਜਾਂ ਨਾ। ਚੰਗਾ ਹੈ ਤੂੰ ਵੱਡੀ ਹੀ ਨਾ ਹੋਵੇ।'

ਕੋਈ ਗਲ ਤਾਂ ਹੈ ਸੀ। ਜਿਹੜੀ ਬਚਪਨ ਵਿਚ ਹੀ ਬੇਜੀ ਨੂੰ ਮੇਰੀ ਨੁਹਾਰ ਚੋਂ ਵਿਲੱਖਣ ਜਿਹੀ ਦਿਸੀ ਹੋਵੇਗੀ। ਬੇਜੀ ਨੂੰ ਜਦ ਕਦੀ ਗੁੱਸਾ ਚੜ੍ਹਦਾ ਉਹ ਮੇਰੀ ਵੱਡੀ ਭੈਣ ਜੀ ਤੇ ਮੇਰੇ ਭਰਾ ਨੂੰ ਰੂੰ ਵਾਂਗ ਪਿੰਜ ਛਡਦੇ। ਕੋਈ ਬੇਜੀ ਦੇ ਹੱਥੋਂ ਇਨ੍ਹਾਂ ਮਾਸੂਮ ਬੱਚਿਆਂ ਨੂੰ ਛੁਡਾਣ ਦੀ ਹਿੰਮਤ ਨਾ ਕਰਦਾ। ਪਰ ਪਤਾ ਨਹੀਂ ਕਿਉਂ ਬੇਜੀ ਦਾ ਹੱਥ ਕਦੀ ਮੇਰੇ ਤੇ ਕਿਉਂ ਨਹੀਂ ਉੱਠਿਆ। ਮੈਂ ਘਰ ਵਾਲਿਆਂ, ਪਰਵਾਰ ਵਾਲਿਆਂ ਸਕੇ ਸੰਬੰਧੀਆਂ। ਇਥੋਂ ਤਕ ਕਿ ਸਕੂਲ ਦੇ ਮਾਸਟਰ ਮਾਸਟਰਾਣੀਆਂ ਦੀ ਵੀ ਲਾਡਲੀ ਰਹੀ ਹਾਂ। ਕਾਰਨ ਸਿਰਫ ਇਹ ਸੀ ਕਿ ਮੈਂ ਪੜ੍ਹਾਈ ਵਿਚ ਸ਼ਾਨਦਾਰ ਸਾਂ।

ਤਾਂ ਹੀ ਸ਼ਾਇਦ ਬੇਜੀ ਨੇ ਚਿੱਟੀ ਵਰਦੀ ਪਾ ਕੇ ਕਾਲੇਜ ਪੜ੍ਹਨ ਦਾ ਮੇਰਾ ਸੁਪਨਾ ਆਪਣੀਆਂ ਅੱਖਾਂ ਵਿਚ ਸਜਾ ਲਿਆ ਸੀ।

ਮੈਂ ਕਦੀ ਕਦੀ ਹੈਰਾਨ ਹੋ ਕੇ ਸੋਚਦੀ ਹਾਂ ਕਿ ਇਹ ਸੁਪਨਾ ਬੇਜੀ ਨੇ ਭਾਣਜੀ ਲਈ ਕਿਉਂ ਨਹੀਂ ਸਿਰਜਿਆ। ਉਹ ਵੀ ਤਾਂ ਦਸਵੀਂ ਤਕ ਕਸਬੇ ਦੇ ਸਕੂਲ ਵਿਚ ਪੜ੍ਹੀ ਸੀ।

ਮੇਰੇ ਇਕ ਮਾਮਾ ਜੀ ਗਿਆਨੀ ਜਰਨੈਲ ਸਿੰਘ ਗੁਲਾਬ ਬੜੇ ਚੰਗੇ ਕਵੀ, ਵਿਦਵਾਨ ਤੇ ਬੁਲਾਰੇ ਸਨ। ਧਾਰਮਿਕ ਸਟੇਜਾਂ ਉਤੇ ਉਹ ਬੜੀਆਂ ਹੀ ਜੋਸ਼ੀਲੀਆਂ ਤਰਕੀਰਾਂ ਕਰਦੇ। ਉਨ੍ਹਾਂ ਹੀ ਦਿਨਾਂ ਪੰਥਕ ਤੇ ਅਕਾਲੀ ਲਹਿਰ ਦੇ ਪ੍ਰਭਾਵ ਵਿਚ ਕਸ਼ਮੀਰ ਦੀ ਸਾਰੀ ਸਿੱਖ ਸੰਗਤ ਰੰਗੀ ਗਈ। ਦੋਵੇਂ ਪਾਰਟੀਆਂ ਇਕ ਦੂਜੀ ਦੇ ਵਿਰੋਧੀ ਹੋਣ ਕਰਕੇ ਆਪਣੀ ਪਾਰਟੀ ਦਾ ਵੱਧ ਤੋਂ ਵੱਧ ਪਰਚਾਰ ਕਰਦੀਆਂ ਤੇ ਵਿਰੋਧੀ ਪਾਰਟੀ ਨੂੰ ਨਿੰਦਣ ਦੀ ਕਸਰ ਨਾ ਛਡਦੀਆਂ। ਦੋਹਾਂ ਪਾਰਟੀਆਂ ਨੇ ਭੀੜ ਨੂੰ ਆਕ੍ਰਸ਼ਤ ਕਰਣ ਲਈ ਵੱਖਰੀਆਂ ਵੱਖਰੀਆਂ ਨੀਤੀਆਂ ਤੇ ਚਾਲਾਂ ਆਪਣਾ ਲਈਆਂ। ਔਰਤਾਂ ਨੂੰ ਵੀ ਇਨ੍ਹਾਂ ਧਾਰਮਿਕ ਰਾਜਨੀਤਿਕ ਜਥੇਬੰਦੀਆਂ ਵਿਚ ਸ਼ਾਮਿਲ ਕਰ ਲਿਆ। ਇਨ੍ਹਾਂ ਔਰਤਾਂ ਲਈ ਔਰਤ ਲੀਡਰ ਵੀ ਚਾਹੀਦੀਆਂ ਸਨ। ਸੋਂ

ਪਿੰਡਾਂ ਸ਼ਹਿਰਾਂ ਦੀਆਂ ਦਲੇਰ ਤੇ ਸਿਰਕੱਢ ਔਰਤਾਂ ਦੇ ਹੱਥ ਔਰਤ ਪਾਰਟੀਆਂ ਦੀ ਕਮਾਨ ਦੇ ਦਿੱਤੀ ਗਈ। ਗਿਆਨੀ ਮਾਮਾ ਜੀ ਆਪ ਇਸ ਪਾਰਟੀ ਦੇ ਲੀਡਰ ਸਨ ਸੋ ਉਨ੍ਹਾਂ ਨੇ ਆਸ ਪਾਸ ਦੇ ਦੋ ਤਿੰਨ ਪਿੰਡਾਂ ਦੀਆਂ ਔਰਤਾਂ ਦੀ ਸਰਦਾਰੀ ਦੀ ਕਮਾਨ ਬੇਜੀ ਦੇ ਹੱਥ ਫੜਾ ਦਿੱਤੀ।

ਬੇਜੀ ਬਾ ਹਿੰਮਤ, ਦਲੇਰ ਤੇ ਹੈ ਹੀ ਸਨ ਪਰ ਉਦੋਂ ਪਹਿਲੀ ਵਾਰ (ਅਸੀਂ ਨਿੱਕੇ ਨਿੱਕੇ ਹੁੰਦੇ ਸਾਂ ਸਮਝ ਕੁਝ ਨਹੀਂ ਸੀ ਆਂਦੀ) ਅਸਾਂ ਬੇਜੀ ਨੂੰ ਸੈਕੜੇ ਲੋਕਾਂ ਦੇ ਇਕੱਠ ਵਿਚ ਜਿਨ੍ਹਾਂ 'ਚ ਜ਼ਿਆਦਾ ਔਰਤਾਂ ਹੁੰਦੀਆਂ ਉਥੇ ਸਟੇਜ ਉਤੇ ਜੋਸ਼ ਵਿਚ ਨਾਅਰੇ ਮਾਰਦਿਆਂ, ਜੈਕਾਰੇ ਛਡਦਿਆਂ ਤੇ ਭਾਸ਼ਨ ਦੇਂਦਿਆਂ ਸੁਣਿਆ। ਬੇਜੀ ਨੂੰ ਇਹ ਭਾਸ਼ਨ ਕਿਸੇ ਨੇ ਸਿਖਾਏ ਨਹੀਂ ਸਨ ਪਰ ਉਹ ਦਲੇਰੀ ਨਾਲ ਸਟੇਜ ਉਤੇ ਬੋਲਦੇ ਰਹੇ। ਉਨ੍ਹਾਂ ਨੂੰ ਦੇਖ ਦੇਖ ਕੁਝ ਹੋਰ ਔਰਤਾਂ ਵੀ ਮੰਚ ਤੇ ਆ ਕੇ ਜੈਕਾਰੇ ਛੱਡਣ ਦੀ ਹਿੰਮਤ ਦਸਣ ਲੱਗੀਆਂ। ਘਰ ਘਰ ਮੀਟਿੰਗਾਂ ਹੁੰਦੀਆਂ ਤੇ ਬੇਜੀ ਕੁਝ ਹੋਰ ਮਹਿਲਾ ਲੀਡਰਾਂ ਨਾਲ ਮਿਲਕੇ ਔਰਤਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰਕੇ ਵੋਟ ਪਾਉਣ ਦੀ ਰਾਜਨੀਤੀ ਵਿਚ ਸਾਮਲ ਕਰਨ ਦੀ ਕੋਸ਼ਿਸ਼ ਕਰਦੇ।

ਇਹ ਲਹਿਰਾਂ, ਇਹ ਜੋਸ਼ ਕੁਝ ਹੀ ਦੇਰ ਰਹੇ। ਬਾਅਦ ਵਿਚ ਨਾ ਕੋਈ ਅਕਾਲੀ ਲਹਿਰ ਕਸ਼ਮੀਰ ਦੇ ਰਹਿਤਲ ਤੇ ਲੱਭੀ ਤੇ ਨਾ ਹੀ ਪੰਥਕ ਪਾਰਟੀ। ਸਿਆਸੀ ਧਾਰਮਿਕ ਜੋਸ਼ ਠੰਡੇ ਪੈ ਗਏ। ਵਰਨਾ ਬੇਜੀ ਵਰਗੀਆਂ ਕਿੰਨੀਆਂ ਹੀ ਹੋਰ ਜੋਸ਼ੀਲੀਆਂ ਔਰਤਾਂ ਸ਼ਾਇਦ ਕੋਈ ਆਗੂ ਵਾਗੂ ਬਣ ਗਈਆਂ ਹੁੰਦੀਆਂ।

ਮਾਮਾ ਜੀ ਕਵੀ, ਕਹਾਣੀਕਾਰ ਸਨ। ਉਨ੍ਹਾਂ ਦੇ ਹੀ ਪ੍ਰਭਾਵ ਵਿਚ ਮੈਂ ਵੀ ਮੁਢਲੀ ਉਮਰ ਤੋਂ ਹੀ ਕਲਮ ਅਜ਼ਮਾਇਸ਼ ਸ਼ੁਰੂ ਕਰ ਦਿੱਤੀ। ਮੈਂ ਜੋ ਲਿਖਦੀ ਬੇਜੀ ਨੂੰ ਸੁਣਾਉਂਦੀ ਉਹ ਨਿਹਾਲ ਹੋ ਜਾਂਦੇ। ਜਦ ਕਦੀ ਮਾਮਾ ਜੀ ਸਾਡੇ ਘਰ ਆਉਂਦੇ, ਬੇਜੀ ਮੈਨੂੰ ਉਨ੍ਹਾਂ ਦੇ ਗੋਡੇ ਮੂਹਰੇ ਬਿਠਾ ਕੇ ਉਹ ਲਿਖਿਆ ਕੁਝ ਪੜ੍ਹ ਕੇ ਸੁਣਾਣ ਲਈ ਆਖਦੇ। ਮੈਂ ਪੜ੍ਹਦੀ। ਮਾਮਾ ਜੀ ਅੰਤਰ ਧਿਆਨ ਹੋ ਕੇ ਸੁਣਦੇ। 'ਇਹ ਕੁੜੀ ਜ਼ਰੂਰ ਇਕ ਦਿਨ 'ਕੁਝ' ਬਣੇਗੀ।' ਉਹ ਆਖਦੇ।

ਬੇਜੀ ਦੇ ਲਈ ਇਹ 'ਕੁਝ' ਮਾਮਾ ਜੀ ਵਰਗੀ ਕੋਈ ਸ਼ਖਸੀਅਤ ਹੀ ਹੋ ਸਕਦੀ ਸੀ। ਸੋ ਉਹ ਮੇਰੇ ਵਲ ਉਚੇਚਾ ਧਿਆਨ ਦੇਣ ਲਗ ਪਏ। ਉਨ੍ਹਾਂ ਦੇ ਪਿਆਰ, ਮਮਤਾ ਤੇ ਮੋਹ ਦਾ ਕੇਂਦਰ ਬਿੰਦੂ ਮੈਂ ਹੀ ਬਣ ਗਈ। ਬਾਕੀ ਦੋਵੇਂ ਬੱਚੇ ਤਾਂ ਆਪਣੇ ਆਪ ਪਲਦੇ, ਜੁਆਨ ਹੁੰਦੇ ਗਏ। ਸਾਂਝੀ ਜ਼ਮੀਨ ਉਤੇ ਘਰ ਪਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਪਰ ਸਾਂਝੇ ਘਰ ਦੇ ਦੋ ਕਮਰਿਆਂ ਵਿਚ ਜਦ ਸਾਡਾ ਗੁਜ਼ਾਰਾ ਹੋਣਾ ਮੁਸ਼ਕਿਲ ਹੋ ਗਿਆ ਤਾਂ ਇਕ ਦਿਨ ਬੇਜੀ ਨੇ ਇੱਟਾਂ ਲਾਣ ਵਾਲੇ ਮਜ਼ਦੂਰ ਘਰ ਬੁਲਾ ਲਏ। ਦਾਦੇ, ਚਾਚੇ ਤੇ ਗੁਆਂਢੀ ਉਸ ਵੇਲੇ ਹੈਰਾਨ ਰਹਿ ਗਏ ਜਦ ਵਿਹੜੇ ਵਿਚ ਇਕ ਸਿਰੇ ਤੋਂ ਦੂਜੇ ਸਿਰੇ ਤਕ ਮਜ਼ਦੂਰਾਂ ਨੇ ਕਢੀਆਂ ਇੱਟਾਂ ਦੀਆਂ ਲਾਇਨਾਂ ਚਿਣ ਦਿੱਤੀਆਂ। ਭਾਪਾ ਜੀ ਆਪਣੇ ਘਰ ਵਾਲਿਆਂ ਨਾਲ ਕਿਸੇ ਬਹਿਸ ਮੁਬਾਹਸੇ ਤੇ ਝਗੜੇ ਝਮੇਲੇ ਤੋਂ ਬਚਦੇ ਸਨ ਪਰ ਬੇਜੀ ਸਾਂਹਵੇਂ ਕੌਣ ਡਟ ਸਕਦਾ? ਭਾਪਾ ਜੀ ਨੌਕਰੀ ਤੇ ਹੀ ਸਨ ਜਦ ਬੇਜੀ ਨੇ ਘਰ ਤਰਖਾਣ ਤੇ ਮਜ਼ਦੂਰ ਬੁਲਾ ਕੇ ਘਰ ਦਾ (ਕੁੰਨ) ਪਲਿੰਥ ਵੀ ਪਾ ਦਿੱਤਾ। ਭਾਪਾ ਜੀ ਜਦ ਦੋ ਹਫਤੇ ਬਾਅਦ ਘਰ ਆਏ ਤਾਂ ਛੇ ਫੁੱਟ ਉੱਚਾ ਪਲਿੰਥ ਤਿਆਰ ਹੋ ਚੁੱਕਾ ਸੀ। ਬੇਜੀ ਦੀ ਹਿੰਮਤ ਨਾ ਹੁੰਦੀ ਤਾਂ ਤਿੰਨ ਮੰਜ਼ਲਾ ਮਕਾਨ ਸਾਡੀ ਮਲਕੀਅਤ ਕਦੀ ਨਾ ਬਣਦਾ।

ਜਦ ਮੈਂ ਪਹਿਲੇ ਹੀ ਇਮਤਿਆਨ ਵਿਚ ਦਸਵੀਂ ਫਸਟ ਡਿਵੀਜ਼ਨ ਵਿਚ ਪਾਸ ਕਰ ਲਈ ਤਾਂ ਲੋਕਾਂ ਲਈ ਇਹ ਹੈਰਾਨੀ ਭਰੀ ਘਟਨਾ ਬਣ ਗਈ। ਕਿ ਕਿਸੇ ਕੁੜੀ ਨੇ ਪਹਿਲੀ ਹੀ ਵਾਰ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ ਉਹ ਵੀ ਫਸਟ ਡਿਵੀਜ਼ਨ ਵਿਚ। ਵਰਨਾ ਤਾਂ ਮੁੰਡੇ ਦੋ ਦੋ-ਤਿੰਨ ਤਿੰਨ ਵਾਰ ਇਕ ਇਕ ਦੋ ਦੋ ਪੇਪਰ ਪਾਸ ਕਰਕੇ ਹੀ ਪੂਰੀ ਮੈਟ੍ਰਿਕ ਕਰਦੇ ਸਨ। ਮੈਟ੍ਰਿਕ ਦਾ ਇਮਤਿਹਾਨ ਇਕ ਬਹੁਤ ਵੱਡਾ ਹਊਆ ਹੁੰਦਾ ਸੀ ਸਾਰਿਆਂ ਲਈ ਤੇ ਮੈਂ ਇਸ ਹਊਏ ਨੂੰ ਠੇਂਗਾ ਦਸ ਦਿੱਤਾ। ਮੇਰੀ ਟੋਪੀ ਵਿਚ ਇਕ ਹੋਰ ਫੈਦਰ ਜੜਿਆ ਗਿਆ।



ਤੇਰ੍ਹਾਂ ਮੀਲ ਪੈਦਲ ਚਲ ਕੇ ਗਰਲਜ਼ ਹਾਇਰ ਸਕੈਂਡਰੀ ਵਿਚ ਪੜ੍ਹਨ ਜਾਣਾ ਉਨ੍ਹਾਂ ਦਿਨ੍ਹਾਂ 'ਚ ਕੋਹਕਾਫ਼ ਦੀਆਂ ਪਹਾੜੀਆਂ ਚੜ੍ਹਨ ਵਰਗਾ। ਦੁਰਗਮ ਕੰਮ ਸੀ। ਭਾਪਾ ਜੀ ਡਰ ਰਹੇ ਸਨ ਪਰ ਬੇਜੀ ਨੇ ਤਾਂ ਮੈਨੂੰ ਵੂਮੈਨ ਕਾਲੇਜ ਵਿਚ ਚਿੱਟੀ ਵਰਦੀ ਪਾ ਕੇ ਪੜ੍ਹਨ ਜਾਂਦੇ ਵੇਖਣਾ ਸੀ, ਉਹ ਹਾਰ ਕਿਵੇਂ ਮੰਨ ਜਾਂਦੇ। ਭਾਪਾ ਜੀ ਨੂੰ ਉਦਾਂ ਮਨਾ ਲਿਆ। ਜਿਸ ਦਿਨ ਮੈਂ ਗਰਲਜ਼ ਹਾਇਰ ਸਕੈਂਡਰੀ ਵਿਚ ਦਾਖਲਾ ਲੈਣ ਗਈ , ਭਾਪਾ ਜੀ ਨੇ ਗਾਤਰੇ ਵਾਲੀ ਕਿਰਪਾਨ ਮੇਰੇ ਗਲੇ ਵਿਚ ਪਾਂਦਿਆਂ ਕਿਹਾ, "ਜੇ ਜ਼ਰੂਰਤ ਪਵੇ ਤਾਂ ਇਸਨੂੰ ਖੋਲ ਕੇ ਇਸਤੇਮਾਲ ਕਰ ਲਵੀਂ। ਬਾਕੀ ਪਿਛੋਂ ਮੈਂ ਆਪ ਸਾਂਭ ਲਵਾਂਗਾ।" ਇਹ ਐਸੇ ਜੋਸ਼ ਤੇ ਵਿਸ਼ਵਾਸ ਭਰੇ ਸ਼ਬਦ ਸਨ ਕਿ ਸੱਜੇ ਪਾਸਿਓਂ ਗਲੇ ਵਿਚ ਲਟਕਾਈ ਕਿਰਪਾਨ ਮੈਂ ਖੱਬੇ ਪਾਸਿਓ ਕਮੀਜ਼ ਤੋਂ ਬਾਹਰ ਰਖਦੀ ਤਾਂ ਕਿ ਕਿਸੇ ਦੀ ਨਜ਼ਰ ਮੇਰੇ ਤੇ ਪੈਣ ਤੋਂ ਪਹਿਲਾਂ ਇਸ ਕਿਰਪਾਨ ਤੇ ਪਵੇ। ਇਹ ਕਿਰਪਾਨ ਮੇਰੇ ਗਲੇ ਵਿਚ ਤਦ ਤਕ ਰਹੀ ਜਦ ਤਕ ਮੈਂ ਵੂਮੈਨ ਕਾਲੇਜ ਸ੍ਰੀਨਗਰ ਦੇ ਹੋਸਟਲ ਵਿਚ ਸੁਰੱਖਿਅਤ ਨਹੀਂ ਪਹੁੰਚ ਗਈ। ਉਥੇ ਕਿਰਪਾਨ ਦੀ ਉਹੋ ਜਹੀ ਲੋੜ ਨਹੀਂ ਸੀ ਜਿਹੋ ਜਿਹੀ ਤੇਰਾਂ ਮੀਲ ਆਣ ਤੇ ਜਾਣ ਲਈ ਪੈਦਲ ਚਲਣ ਵਾਲੀ ਇਕੱਲੀ ਕੁੜੀ ਲਈ ਸੀ।

ਮੇਰਾ ਤੇ ਬੇਜੀ ਦਾ ਰਿਸ਼ਤਾ ਬੜਾ ਹੀ ਅਜੀਬ ਜਿਹਾ ਹੋ ਗਿਆ। ਹੋਇਆ ਸੀ। ਮੋਹ ਮਮਤਾ ਦਾ ਰਿਸ਼ਤਾ ਹੁਣ ਹੌਲੀ ਹੌਲੀ ਸ਼ਰਧਾ ਵਾਲਾ ਸੰਕੋਚੀ ਜਿਹਾ ਰਿਸ਼ਤਾ ਬਣ ਗਿਆ ਸੀ। ਪਤਾ ਨਹੀਂ ਕਿਉਂ ਬੇਜੀ ਨੇ ਮੇਰੇ ਬਾਰੇ ਇਹ ਧਾਰਨਾ ਬਣਾ ਲਈ ਹੋਈ ਸੀ ਕਿ ਮੈਂ ਕੁਝ ਖਾਸ ਹਾਂ। ਮੈਂ ਜੋ ਕਹਾਂ, ਜੋ ਸੋਚਾਂ, ਜੋ ਲਿਖਾਂ, ਜੋ ਨਿਰਣਾ ਕਰਾਂ ਉਹ ਸਭ ਸਹੀ ਹੈ। ਮੈਂ ਗਲਤ ਹੋ ਹੀ ਨਹੀਂ ਸਕਦੀ। ਬੇਜੀ ਦਾ ਵਿਸ਼ਵਾਸ ਅੰਧ ਵਿਸ਼ਵਾਸ ਤਕ ਜਾ ਅਪੜਿਆ ਸੀ ਤੇ ਇਸ ਅੰਧ ਵਿਸ਼ਵਾਸ ਨੇ ਮੇਰੇ ਰਾਹਾਂ ਵਿਚ ਬੈਰੀਅਰ ਖੜੇ ਕਰ ਦਿੱਤੇ।

ਹਰ ਬੱਚਾ ਆਪਣੇ ਮਾਂ ਬਾਪ ਦੀ ਛਤਰ ਛਾਇਆ ਵਿਚ ਪਲਦਾ, ਉਨ੍ਹਾਂ ਦੀ ਰਾਇ ਅਤੇ ਸਲਾਹ ਮਸ਼ਵਰੇ ਮੁਤਾਬਿਕ ਆਪਣੀ ਜ਼ਿੰਦਗੀ ਦੀਆਂ ਰਾਹਾਂ ਤਲਾਸ਼ਣ ਵਿਚ ਹੀ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹੈ। ਪਰ ਮੇਰੇ ਨਾਲ ਇਸਤੋਂ ਉਲਟ ਹੋਇਆ। ਮੇਰੇ ਮਾਂ ਬਾਪ ਸਮਝਦੇ ਸਨ ਕਿ ਆਪਣੇ ਬਾਰੇ ਮੈਂ ਖੁਦ ਉਨ੍ਹਾਂ ਤੋਂ ਵੱਧ ਸਮਝਦਾਰ ਫੈਸਲੇ ਲੈ ਸਕਦੀ ਹਾਂ।

ਕਦੀ ਕਦੀ ਸੋਚਦੀ ਹਾਂ ਕਿਉਂ ਇਤਨਾ ਅੰਧਵਿਸ਼ਵਾਸ ਕੀਤਾ ਉਨ੍ਹਾਂ ਮੇਰੇ ਉਤੇ। ਕਿਉਂ ਨਹੀਂ ਭੈਣਜੀ, ਵੀਰ ਜੀ ਵਾਂਗ ਕਦੀ ਮੈਨੂੰ ਵੀ ਕਿਸੇ ਗਲਤੀ ਉਤੇ ਥੱਪੜ ਮਾਰਿਆ, ਡਾਂਟਿਆ, ਸੋਟੀ ਲੈ ਕੇ ਝੰਬ ਸੁਟਿਆ। ਕਿਵੇਂ ਉਨ੍ਹਾਂ ਨੇ ਇਤਨੀ ਵੱਡੀ ਧਾਰਨਾ ਬਣਾ ਲਈ ਕਿ ਮੈਂ ਗਲਤ ਹੋ ਹੀ ਨਹੀਂ ਸਕਦੀ। ਮੈਂ ਵੀ ਤਾਂ ਦੂਜੇ ਭੈਣ ਭਰਾਵਾਂ ਵਰਗਾ ਬੱਚਾ ਹੀ ਸਾਂ।

ਅੱਜ ਸੋਚਦੀ ਹਾਂ ਕਿ ਮੇਰੇ ਤੇ ਬੇਜੀ ਦੇ ਇਸ ਮੋਹ ਅਤੇ ਅੰਧਵਿਸ਼ਵਾਸ ਵਰਗੇ ਰਿਸ਼ਤੇ ਵਿਚ ਮੇਰੀ ਵੱਡੀ ਭੈਣ ਕਿਨੀ ਅਣਗੌਲੀ ਰਹਿ ਗਈ। ਨਾ ਉਸਦੀ ਪੜਾਈ ਵਲ ਕਿਸੇ ਨੇ ਧਿਆਨ ਦਿੱਤਾ ਨਾ ਉਸਦਾ ਜੀਵਨ ਸੁਖਾਲਾ ਬਣਾਣ ਦਾ ਕਿਸੇ ਉਪਰਾਲਾ ਕੀਤਾ। ਨਾ ਉਸ ਦੀਆਂ ਅੱਖਾਂ ਵਿਚਲੇ ਰੰਗੀਨ ਸੁਪਨਿਆਂ ਨੂੰ ਦੇਖਣ ਦੀ ਕਿਸੇ ਨੇ ਫ਼ਿਕਰ ਕੀਤੀ ਤੇ ਨਾ ਹੀ ਉਸਦੀਆਂ ਰੀਝਾਂ ਸਧਰਾਂ ਨੂੰ ਕਿਸੇ ਨੇ ਮਹੱਤਵ ਦਿੱਤਾ। ਉਹ ਬਸ ਵੱਡੀ ਹੋਈ ਜੁਆਨ ਹੋਈ ਤੇ ਚੁਪ ਚਾਪ ਵਿਆਹੀ ਗਈ।

ਵੀਰ ਤਾਂ ਮੁੰਡਾ ਸੀ। ਖਿੱਚ ਧੂਹ ਕੇ ਆਪਣੇ ਲਈ ਮੋਹ ਵਰਗੇ ਕਿਸੇ ਨਿੱਕੇ ਜਿਹੇ ਅਹਿਸਾਸ ਨੂੰ ਝਪਟ ਹੀ ਲੈਂਦਾ ਸੀ। ਪਰ ਭੈਣ ਜੀ ਨੇ ਕਈ ਕੋਸ਼ਿਸ਼ ਵੀ ਨਹੀਂ ਕੀਤੀ ਤੇ ਨਾ ਹੀ ਉਸਦੀ ਕੋਸ਼ਿਸ਼ ਵਲ ਕਿਸੇ ਨੇ ਧਿਆਨ ਹੀ ਦਿੱਤਾ। ਸਕੂਲੋਂ ਆਂਦੀ ਤਾਂ ਸਿੱਧਾ ਚੁੱਲ੍ਹਾ ਚੌਂਕਾ ਸਾਂਭ ਲੈਂਦੀ। ਮੈਂ ਸਕੂਲੋਂ ਆਂਦੀ ਤਾਂ ਗੁਰਦੁਆਰੇ ਵਿਚ ਪੜ੍ਹਾਈ ਜਾਂਦੇ ਗੁਰਮੁਖੀ ਦੇ ਵਿਦਿਆਲੇ ਵਿਚ ਪੜ੍ਹਨ ਤੁਰ ਜਾਂਦੀ। ਵਿਦਿਆਲੇ ਭੈਣ ਜੀ ਤੇ ਵੀਰ ਜੀ ਵੀ ਪੜ੍ਹਦੇ ਪਰ ਉਨ੍ਹਾਂ ਲਈ ਘਰ ਦੇ ਕੰਮਾਂ ਦੀ ਜ਼ਿੰਮੇਵਾਰੀ ਵੀ ਹੁੰਦੀ ਜਦ ਕਿ ਮੇਰੇ ਲਈ ਐਸੀ ਕੋਈ ਬੰਦਸ਼ ਨਹੀਂ ਸੀ।

ਦਾਦਕਿਆਂ ਵਲੋਂ ਅਸੀਂ ਸਤ ਅੱਠ ਕੁੜੀਆਂ ਸਾਂ ਤੇ ਨਾਨਕਿਆਂ ਵਲੋਂ ਬਾਰਾਂ ਤੇਰਾ। ਮੁਸਲਮਾਨਾ ਦੇ ਸਭਿਆਚਾਰ ਵਿਚ ਜਿਵੇਂ ਤਾਏ, ਚਾਚੇ, ਮਾਸੀ, ਮਾਮੇ ਦੇ ਮੁੰਡੇ ਕੁੜੀਆਂ ਦੇ ਆਪਸ ਵਿਚ ਵਿਆਹ ਜਾਇਜ਼ ਹੁੰਦੇ ਨੇ ਉਵੇਂ ਕਦੀ ਅਸੀਂ ਸਹੇਲੀਆਂ ਵੀ ਇਕੱਠੀਆਂ ਹੁੰਦੀਆਂ ਤਾਂ ਸੋਚਦੀਆਂ ਕਿ ਜੇ ਭਲਾ ਸਾਡੇ ਵਿਚ ਵੀ ਤਾਏ-ਚਾਚੇ ਮੁੰਡੇ ਕੁੜੀਆਂ ਦਾ ਵਿਆਹ ਜਾਇਜ਼ ਹੁੰਦਾ ਤਾਂ ਕਿਸਦੀ ਜੋੜੀ ਕਿਸ ਨਾਲ ਬਣਦੀ। ਅਸੀਂ ਸਾਰੀਆਂ ਖਾਨਦਾਨ ਦੀ ਹਰ ਕੁੜੀ ਦੀ ਜੋੜੀ ਤਾਏ ਚਾਚੇ, ਮਾਮੇ, ਮਾਸੀਆਂ ਦੇ ਮੁੰਡਿਆਂ ਨਾਲ ਜੋੜਦੇ। ਮੇਰੀ ਭੂਆ ਦੀ ਕੁੜੀ ਹੈ ਪਵਿੱਤ੍ਰ। ਉਸਦੀ ਜੋੜੀ ਉਸਦੀ ਮਾਸੀ ਦੇ ਮੁੰਡੇ ਜੈਲੇ ਨਾਲ ਬਣਾਂਦੇ। ਉਹ ਪਿੱਟ ਸਿਆਪਾ ਪਾ ਕੇ ਉੱਚੀ ਉੱਚੀ ਰੋਣ ਬੈਠ ਜਾਂਦੀ।

ਪਰ ਇਸ ਮਖ਼ੌਲਬਾਜ਼ੀ ਦਾ ਅਸਰ ਇਹ ਵੀ ਹੋਇਆ ਕਿ ਜਿਸ ਕਜ਼ਨ ਨਾਲ ਮੇਰੀ ਜੋੜੀ ਬਣਦੀ ਉਹੋ ਕਜ਼ਨ ਬਾਲਪਨ ਦੀ ਪਹਿਲੀ ਕੱਚੀ ਉਮਰ ਦਾ ਮੇਰਾ ਪਹਿਲਾ 'ਕੁੱਝ' ਬਣ ਗਿਆ। ਮੈਂ ਉਸਦੀ ਤਸਵੀਰ ਆਪਣੀਆਂ ਕਿਤਾਬਾਂ ਵਿਚ ਰੱਖਦੀ ਤੇ ਮਨ ਹੀ ਮਨ ਉਸ ਨਾਲ ਗੱਲਾਂ ਕਰਦੀ।

ਇਕ ਦਿਨ ਬੇਜੀ ਨੇ ਉਹ ਤਸਵੀਰ ਵੇਖ ਲਈ। ਪਤਾ ਨਹੀਂ ਤਸਵੀਰ ਦਾ ਅਕਸ ਮੇਰੀਆਂ ਅੱਖਾਂ 'ਚੋਂ ਉਸ ਵੇਖਿਆ ਕਿ ਨਾ ਪਰ ਕਿਸੇ ਕਾਪੀ ਤੇ ਮੇਰੀ ਲਿਖੀ ਇਹ ਸਤਰ ਉਨ੍ਹਾਂ ਜ਼ਰੂਰ ਪੜ੍ਹ ਲਈ, ਮੈਂ... ਨਾਲ ਹੀ ਵਿਆਹ ਕਰਾਂਗੀ' (ਕਸ਼ਮੀਰੀ ਸਿੱਖ ਸਭਿਆਚਾਰ ਦੇ ਤਥਾ ਕਥਿਤ ਰਖਵਾਲੇ ਮੈਨੂੰ ਮਾਫ਼ ਕਰਨ)।

ਬੇਜੀ ਨੇ ਤਸਵੀਰ ਤੇ ਕਾਪੀ ਦਾ ਉਹ ਵਰਕਾ ਫਾੜ ਸੁਟਿਆ। ਪਰ ਫਿਰ ਵੀ ਨਾਨਕੇ ਜਾਣ ਤੋਂ ਮੈਨੂੰ ਕੋਈ ਮਨਾਹੀ ਨਹੀਂ ਹੋਈ। ਉਨ੍ਹਾਂ ਲਈ ਮੇਰੀ ਇਹ ਬਾਲਪਨ ਦੀ ਇਕ ਅਣਜਾਣੀ ਖੇਡ ਵਰਗੀ ਮੂਰਖਤਾ ਸੀ। ਇਸੇ ਨਾਨਕੇ ਘਰ ਦਾ ਜ਼ਿਕਰ ਮੇਰੀ ਕਹਾਣੀ 'ਜ਼ੋਰਾਵਰ ਲਾਲਾ' ਵਿਚ ਸ਼ਿੱਦਤ ਨਾਲ ਆਇਆ ਹੈ।

ਬੇਜੀ ਦਾ ਸੁਪਨਾ ਪੂਰਾ ਹੋ ਗਿਆ। ਮੈਂ ਬੀ. ਏ. ਕਰਨ ਲਈ ਵਮੈਨ ਕਾਲੇਜ ਸ੍ਰੀ ਨਗਰ ਵਿਚ ਦਾਖਲ ਹੋ ਗਈ ਤੇ ਉਥੇ ਹੀ ਹੋਸਟਲ ਵਿਚ ਮੈਨੂੰ ਜਗਾ ਮਿਲ ਗਈ। ਭਾਪਾ ਜੀ, ਬੇਜੀ ਤੇ ਮੇਰੇ ਚਾਚਾ ਜੀ ਮੈਨੂੰ ਹੋਸਟਲ ਛਡ ਘਰ ਮੁੜ ਗਏ। ਹੋਸਟਲ ਦੀ ਇਕੱਲਤਾ ਵਿਚ ਪਹਿਲੀ ਵਾਰ ਮੈਨੂੰ ਬੇਜੀ ਦੀ ਯਾਦ ਆਈ। ਪਰ ਇਹ ਯਾਦ ਉਵੇਂ ਦੀ ਨਹੀਂ ਸੀ ਜਿਵੇਂ ਕਿਸੇ ਮਮਤਾ ਮਈ ਮਾਂ ਦੀ ਨਿੱਘੀ ਬੁੱਕਲ ਦੀ ਯਾਦ ਆਵੇ। ਕਿਉਂਕਿ ਬੇਜੀ ਨੇ ਕਦੀ ਕਿਸੇ ਬੱਚੇ ਨੂੰ ਮੋਹ ਅਤੇ ਮਮਤਾ ਨਾਲ ਬੁੱਕਲ ਵਿਚ ਲੈ ਕੇ ਨਾ ਕਦੀ ਚੁੰਮਿਆ ਸੀ ਤੇ ਨਾ ਹੀ ਕਦੀ ਰੋਂਦਿਆਂ ਦੇ ਅੱਥਰੂ ਪੂੰਝਦੇ ਆਪਣੀਆਂ ਅੱਖਾਂ ਭਰੀਆਂ ਸਨ। ਉਨ੍ਹਾਂ ਦੀ ਮਮਤਾ ਜ਼ਾਹਿਰ ਨਹੀਂ ਸੀ ਹੁੰਦੀ। ਉਨ੍ਹਾਂ ਦੇ ਆਪਣੇ ਵਿਚਾਰ ਅਤੇ ਅਸੂਲ ਸਨ। ਮੇਰੇ ਨਾਲ ਉਨ੍ਹਾਂ ਦਾ ਭਾਵੇਂ ਸਭ ਤੋਂ ਵਧ ਮੋਹ ਸੀ ਪਰ ਇਸ ਮੋਹ ਵਿਚ ਸੰਕੋਚ, ਝਿਜਕ ਤੇ ਇਕ ਅਜੀਬ ਜਹੀ ਦੂਰੀ ਸੀ। ਮੈਨੂੰ ਨਹੀਂ ਯਾਦ ਕਿ ਹੋਸ਼ ਸੰਭਾਲਣ ਤੋਂ ਬਾਦ ਬੇਜੀ ਨੇ ਕਿਸੇ ਬੱਚੇ ਨੂੰ ਆਪਣੇ ਸੀਨੇ ਨਾਲ ਲਗਾ ਕੇ ਸਵਾਇਆ ਹੋਵੇ।

ਮੇਰੇ ਪ੍ਰਤੀ ਉਨ੍ਹਾਂ ਦਾ ਰਿਸ਼ਤਾ ਹਮ ਖਿਆਲ, ਹਮਨਜ਼ਰ ਤੇ ਹਮਉਮਰ ਸਮਝਦਾਰ ਲੋਕਾਂ ਵਾਲਾ ਬਣ ਗਿਆ। ਯਾਨੀ ਮੈਂ ਜੋ ਕਹਾਂ ਉਨ੍ਹਾਂ ਮੰਨ ਲਿਆ। ਤੇ ਉਹ ਜੋ ਕਹਿਣ ਮੈਂ ਮੰਨ ਲਵਾਂ। ਨਾਂਹ ਦੀ ਕੋਈ ਜ਼ਰੂਰਤ ਹੀ ਨਹੀਂ। ਬਿੱਟੂ ਅਗਰ ਕੁਝ ਕਹਿ ਰਹੀ ਹੈ ਤਾਂ ਠੀਕ ਹੀ ਹੋਵੇਗਾ। ਤੇ ਬੇਜੀ ਜੇ ਕੁਝ ਕਹਿ ਰਹੇ ਹਨ ਤਾਂ ਸਹੀ ਹੀ ਹੋਵੇਗਾ। ਮੈਂ ਕਦੀ ਥੱਕੀ ਟੁੱਟੀ, ਉਦਾਸੀ ਵਿਚ ਜਾਂ ਗਹਿਰੇ ਦੁਖ ਵਿਚ ਧਾਹ ਕਰਕੇ ਬੇਜੀ ਦੇ ਸੀਨੇ ਨਾਲ ਨਹੀਂ ਲੱਗੀ। ਸਗੋਂ ਹਮੇਸ਼ਾ ਇਕ ਖਿਆਲ ਰਿਹਾ ਕਿ ਕੋਈ ਗਲ ਉਨ੍ਹਾਂ ਨੂੰ ਤਕਲੀਫ਼ ਨਾ ਪਹੁੰਚਾਏ। ਮੈਂ ਹਰ ਗਲ ਆਪਣੇ ਸੀਨੇ ਤਾਈਂ ਦਫ਼ਨ ਕਰਕੇ ਰੱਖਣੀ ਸਿਖ ਗਈ।

ਇਕ ਉਹ ਵਕਤ ਵੀ ਆਇਆ ਜਦ ਭੈਣ ਜੀ ਦੇ ਵਿਆਹ ਦੇ ਦੋ ਸਾਲ ਬਾਅਦ ਅਚਾਨਕ ਮੈਂ ਆਪਣੀ ਜ਼ਿੰਦਗੀ ਦਾ ਇਕ ਮਹੱਤਵਪੂਰਨ ਫ਼ੈਸਲਾ ਲੈ ਲਿਆ। ਜੰਮੂ ਦੇ ਸਾਹਿਤਕਾਰ ਬਲਜੀਤ ਸਿੰਘ ਰੈਨਾ ਨਾਲ ਮੇਰੀ ਮੁਲਾਕਾਤ ਕੇਵਲ ਕੁਝ ਦਿਨ ਪਹਿਲਾਂ ਹੀ ਸ੍ਰੀਨਗਰ ਦੇ ਟੈਗੋਰ ਹਾਲ ਵਿਚ ਇਕ ਕਾਨਫਰੰਸ ਦੌਰਾਨ ਹੋਈ ਸੀ। ਮਾਮਾ ਜੀ ਨਾਲ ਉਨ੍ਹਾਂ ਦੀ ਜਾਣ ਪਛਾਣ ਸੀ ਤੇ ਇਸੇ ਜਾਣ ਪਛਾਣ ਦੇ ਹੀ



ਆਧਾਰ ਤੇ ਬਲਜੀਤ ਨੇ ਮੇਰੇ ਨਾਲ ਆਪਣੀ ਜਾਣ ਪਛਾਣ ਵਧਾਈ ਤੇ ਫਿਰ ਮੈਨੂੰ ਵਿਆਹ ਕਰਵਾਉਣ ਲਈ ਕਹਿਣ ਵਿਚ ਉਨ੍ਹਾਂ ਨੇ ਕੋਈ ਵਕਤ ਨਹੀਂ ਸੀ ਗੰਵਾਇਆ।

ਉਦੋਂ ਆਲਮ ਇਹ ਸੀ ਕਿ ਮੈਂ ਜਿਸ ਚੀਜ਼ 'ਤੇ ਹੱਥ ਧਰਦੀ, ਜਿਸ ਸ਼ਖ਼ਸ਼ ਵਲ ਇਸ਼ਾਰਾ ਕਰਦੀ, ਜਿਸ ਤਰ੍ਹਾਂ ਦੀ ਜ਼ਿੰਦਗੀ ਦੀ ਮੈਂ ਖ਼ਾਹਿਸ਼ ਕਰਦੀ ਉਹੋ ਜਿਹੀ ਹੀ ਜ਼ਿੰਦਗੀ ਮੈਨੂੰ ਆਪਣੇ ਕਲਾਵੇ ਵਿਚ ਲੈਣ ਲਈ ਮੇਰੇ ਅੱਗੇ ਆ ਜਾਂਦੀ। ਮੇਰੇ ਇਕ ਪਾਸੇ ਐਸ਼ੋ ਅਸ਼ਰਤ ਦੀ ਜ਼ਿੰਦਗੀ ਲੈ ਕੇ ਮੇਰੀ ਇਕ ਪ੍ਰੋਫ਼ੈਸਰ ਦਾ ਭਰਾ ਖੜਾ ਸੀ ਤੇ ਦੂਜੇ ਪਾਸੇ ਸਾਹਿਤ ਦੀ ਦੁਨੀਆਂ ਵਿਚ ਜਾਣਿਆਂ ਪਛਾਣਿਆ ਇਕ ਸਾਹਿਤਕਾਰ ਖੜਾ ਸੀ।

ਮੈਂ ਸਾਹਿਤ ਦਾ ਰਾਹ ਚੁਣਨ ਦਾ ਫੈਸਲਾ ਕੀਤਾ।

ਉਦੋਂ ਵੀ ਮੇਰੇ ਘਰ ਵਾਲੇ ਚਾਹੁੰਦੇ ਤਾਂ ਮੈਨੂੰ ਪੁਛ ਸਕਦੇ ਸਨ। ਕਿਉਂਕਿ ਮੇਰੀ ਪ੍ਰੋਫ਼ੈਸਰ ਦੇ ਘਰ ਵਾਲਿਆਂ ਨੇ ਉਸਦੇ ਜਿਸ ਭਰਾ ਲਈ ਮੇਰਾ ਹੱਥ ਮੰਗਿਆ ਸੀ ਉਹ ਇਕ ਸਫ਼ਲ ਬਿਜ਼ਨਸਮੈਨ ਸੀ। (ਜਿਹੜਾ ਹੁਣ ਤਕ ਮੇਰਾ ਪਰਿਵਾਰਕ ਸੁਹਿਰਦ ਤੇ ਈਮਾਨਦਾਰ ਦੋਸਤ ਹੈ। ਉਸ ਦੇ ਘਰ ਵਾਲਿਆਂ ਨੇ ਮੈਨੂੰ ਆਪਣੀ ਧੀ ਮੰਨ ਕੇ ਬਾਕੀ ਸਾਰੀ ਉਮਰ ਰਿਸ਼ਤਾ ਨਿਭਾਇਆ। ਤੇ ਦੂਜੇ ਪਾਸੇ ਬਲਜੀਤ ਰੈਨਾ ਜਿਸਨੂੰ ਨਾ ਮੇਰੇ ਘਰ ਵਾਲੇ ਜਾਣਦੇ ਸਨ ਨਾ ਉਨ੍ਹਾਂ ਦੇ ਪਰਵਾਰ ਬਾਰੇ ਜਾਂ ਜੰਮੂ ਦੇ ਕਲਚਰ ਬਾਰੇ ਹੀ ਸਾਨੂੰ ਕੁਝ ਪਤਾ ਸੀ। ਪਰ ਇਹ ਨਾਨਕ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੇ ਰੁਮਾਂਟਿਕ ਨਾਵਲਾਂ ਦਾ ਹੀ ਅਸਰ ਸੀ ਕਿ ਮੈਂ ਸਾਹਿਤਕਾਰ ਨੂੰ ਆਪਣਾ ਹਮਸਫ਼ਰ ਚੁਣ ਲਿਆ।

ਮੈਂ ਕਸ਼ਮੀਰ ਤੋਂ ਵਿਸਥਾਪਿਤ ਹੋ ਕੇ ਜੰਮੂ ਆ ਗਈ। ਮੇਰੀ ਭੈਣ ਵੀ ਉਦੋਂ ਤਕ ਜੰਮੂ ਹੀ ਸੈਟਲ ਹੋ ਚੁੱਕੀ ਸੀ ਤੇ ਭਾਪਾ ਜੀ ਨੇ ਵੀ ਕਸ਼ਮੀਰ ਦੇ ਮਹੌਲ ਤੋਂ ਤੰਗ ਆ ਕੇ ਜੰਮੂ ਵਿਚ ਘਰ ਬਣਾ ਲਿਆ। ਘਰ ਬਣਾਨ ਲਈ ਵੀ ਬੇਜੀ ਨੇ ਮੇਰੇ ਹੀ ਘਰ ਦੇ ਨੇੜੇ ਜ਼ਮੀਨ ਖਰੀਦਣ ਨੂੰ ਤਰਜੀਹ ਦਿੱਤੀ। ਉਹ ਮੇਰੇ ਗੁਆਂਢੀ ਹਨ। ਇਕ ਅਜੇਹੀ ਘਟਨਾ ਜਿਸਨੇ ਸਾਡੀ ਜ਼ਿੰਦਗੀ ਵਿਚ ਖੌਫ਼ ਅਤੇ ਅਵਿਸ਼ਵਾਸ ਦੀ ਹਨੇਰੀ ਲੈ ਆਂਦੀ ਉਸਦਾ ਜ਼ਿਕਰ ਮੈਂ ਜ਼ਰੂਰ ਕਰਨਾ ਚਾਹਾਂਗੀ।

1993 ਦੇ ਦਿਨ ਕਸ਼ਮੀਰ ਦੇ ਸਿਆਸੀ ਮੰਜ਼ਰਨਾਮੇ ਉਤੇ ਸਭ ਤੋਂ ਵਧ ਭਿਆਨਕ ਦਿਨ ਸਨ। ਆਤੰਕਵਾਦ ਸਿਖਰਾਂ ਉਤੇ ਸੀ। ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਸੀ ਪਰ ਫਿਰ ਵੀ ਲੋਕੀ ਜੀ ਰਹੇ ਸਨ ਇਹ ਸੋਚ ਕੇ ਕਿ ਜਿਹੜਾ ਦਿਨ ਗੁਜ਼ਰ ਰਿਹਾ ਹੈ ਉਹ ਗਨੀਮਤ ਹੈ।

ਤੇ ਇਨ੍ਹਾਂ ਹੀ ਦਿਨਾਂ 'ਚ ਮੇਰਾ ਬੱਚਾ ਹੋਣ ਵਾਲਾ ਸੀ। ਜੰਮੂ ਵਿਚ ਤਾਂ ਖ਼ੈਰ ਅਮਨ ਅਮਾਨ ਸੀ ਪਰ ਬੇਜੀ ਜਾਣਦੇ ਸਨ ਕਿ ਜੰਮੂ ਵਿਚ ਮੇਰੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੋਵੇਗਾ। ਮੇਰੀ ਸੱਸ ਸਰਕਾਰੀ ਸਕੂਲ ਦੇ ਟੀਚਰ ਸਨ। ਸੋ ਨੌਕਰੀ ਪੇਸ਼ਾ ਔਰਤ ਮੇਰੀ ਕਿੰਨੀ ਕੁ ਦੇਖਭਾਲ ਕਰ ਸਕਦੀ ਸੀ ਜਦ ਪਹਿਲਾਂ ਮੇਰੇ ਦੋ ਮੇਜਰ ਉਪਰੇਸ਼ਨ ਹੋ ਚੁੱਕੇ ਸਨ। ਯਕੀਨਨ ਤੀਜੀ ਵਾਰ ਵੀ ਮੇਜਰ ਉਪਰੇਸ਼ਨ ਦੀ ਹੀ ਸੰਭਾਵਨਾ ਸੀ। ਉਪਰੋਂ ਬਲਜੀਤ ਦੀ ਆਪਣੀ ਹੀ ਫਿਲਮੀ ਦੁਨੀਆਂ ਸੀ ਜਿਸ ਵਿਚ ਉਹ ਕਲਪਨਾ ਦੀਆਂ ਉਡਾਰੀਆਂ ਮਾਰਦੇ, ਮਸਤ ਵਿਚਰਦੇ ਰਹਿੰਦੇ ਸਨ। ਉਹ ਦੁਨੀਆਂ ਦਾਰੀ ਤੇ ਗ੍ਰਹਿਸਥੀ ਦੇ ਝਮੇਲਿਆਂ ਵਿਚ ਬਹੁਤਾ ਨਹੀਂ ਸਨ ਪੈਂਦੇ। ਬੇਜੀ ਨੂੰ ਕਿਸੇ 'ਤੇ ਭਰੋਸਾ ਨਹੀਂ ਸੀ। ਪਰ ਕਸ਼ਮੀਰ ਦੇ ਹਾਲਾਤ ਇਜਾਜ਼ਤ ਨਹੀਂ ਸਨ ਦੇ ਰਹੇ ਕਿ ਕੋਈ ਗੰਭੀਰ ਕੇਸ ਉਥੋਂ ਦੇ ਡਾਕਟਰਾਂ ਹੱਥ ਸੌਂਪ ਦਿੱਤਾ ਜਾਏ। ਬੇਜੀ ਜੰਮੂ ਆ ਕੇ ਮੇਰੇ ਸਹੁਰਾ ਘਰ ਰਹਿ ਕੇ ਵੀ ਮੇਰੀ ਦੇਖਭਾਲ ਨਹੀਂ ਸਨ ਕਰ ਸਕਦੇ।

ਕੁਝ ਵੀ ਹੋਵੇ ਦੇਖਿਆ ਜਾਵੇਗਾ। ਮੈਂ ਕਸ਼ਮੀਰ ਚਲੀ ਗਈ। ਨਿਸ਼ਚਿਤ ਤਰੀਕ ਤੋਂ ਦੋ ਮਹੀਨੇ ਪਹਿਲਾਂ ਹੀ। ਉਨ੍ਹੀਂ ਦਿਨੀਂ ਭਾਪਾ ਜੀ ਬਿਜਲੀ ਮਹਿਕਮੇ 'ਚੋਂ ਐਸ. ਓ. ਦੀ ਪੋਸਟ ਤੋਂ ਰਿਟਾਇਰ ਹੋਏ ਸਨ। ਮੇਰੀ ਸਿਹਤ ਠੀਕ ਨਹੀਂ ਸੀ ਰਹਿੰਦੀ ਇਸ ਕਰਕੇ ਭਾਪਾ ਜੀ ਨੇ ਸ੍ਰੀਨਗਰ ਲਲਦੈਦ ਹਸਪਤਾਲ ਦੇ ਨੇੜੇ ਹੀ

ਇਕ ਕਮਰਾ ਕਿਰਾਏ ਤੇ ਲੈ ਲਿਆ। ਬੇਜੀ ਮੇਰੇ ਨਾਲ ਸ਼ਹਿਰ ਰਹਿਣ ਲੱਗ ਪਏ ਤੇ ਭਾਪਾ ਜੀ ਘਰ ਸੰਭਾਲਣ ਲਗ ਪਏ। ਇਹ ਫਸਲਾਂ ਕਟਣ ਦਾ ਮੌਸਮ ਸੀ। ਜ਼ਿਮੀਦਾਰਾਂ ਲਈ ਨੱਠ ਭੱਜ ਦਾ ਸਮਾਂ। ਪਰ ਬੇਜੀ ਸਭ ਕੁਝ ਭਾਪਾ ਜੀ ਦੀ ਜ਼ਿੰਮੇਦਾਰੀ 'ਤੇ ਛੱਡ ਕੇ ਮੇਰੇ ਨਾਲ ਸ਼ਹਿਰ ਚਲੇ ਆਏ।

ਮੇਰੀ ਨਿਸ਼ਚਿਤ ਤਰੀਕ ਨੇੜੇ ਆ ਰਹੀ ਸੀ ਬੇਜੀ ਭਾਪਾ ਜੀ ਸ਼ਹਿਰੋਂ ਪਿੰਡ ਤੇ ਪਿੰਡੋ ਸ਼ਹਿਰ ਗੇੜੇ ਮਾਰਦੇ ਰਹੇ। ਜਿਸ ਦਿਨ ਮੈਂ ਹਸਪਤਾਲ ਦਾਖਲ ਹੋਣਾ ਸੀ ਬੇਜੀ ਪ੍ਰੇਸ਼ਾਨ ਇਧਰ ਉਧਰ ਦੌੜਦੇ ਫਿਰ ਰਹੇ ਸਨ। ਮੇਰਾ ਇਕਲੌਤਾ ਵੀਰ ਉਨ੍ਹਾਂ ਦਿਨਾਂ 'ਚ ਲੇਹ ਨੌਂਕਰੀ ਕਰਦਾ ਸੀ। ਤਾਏ ਚਾਚੇ ਸਾਰੇ ਜ਼ਿੰਮੀਦਾਰੀਆਂ ਵਿਚ ਉਲਝੇ ਹੋਏ ਸਨ। ਭਾਪਾ ਜੀ ਨੇ ਪਿਛਲੀ ਰਾਤ ਹੀ ਸ਼ਹਿਰ ਪਹੁੰਚ ਜਾਣਾ ਸੀ ਪਰ ਨਹੀਂ ਸਨ ਪਹੁੰਚੇ। ਬੇਜੀ ਘਬਰਾਏ ਹੋਏ ਤਾਂ ਸਨ ਪਰ ਮੇਰੇ ਸਾਹਮਣੇ ਕੁਝ ਵੀ ਜ਼ਾਹਿਰ ਨਹੀਂ ਸੀ ਹੋਣ ਦਿੱਤਾ।

ਅਖੀਰ ਡਾਕਟਰਾਂ ਨੇ ਬੇਜੀ ਨੂੰ ਮੇਰੇ ਉਪਰੇਸ਼ਨ ਦੇ ਫਾਰਮ ਤੇ ਸਾਇਨ ਕਰਨ ਲਈ ਕਿਹਾ। ਪਹਿਲੀ ਵਾਰ ਮੈਂ ਵੇਖਿਆ ਕਿ ਬੇਜੀ ਸ਼ਾਇਦ ਭੁੱਬਾਂ ਮਾਰ ਕੇ ਰੋਣਾ ਚਾਹੁੰਦੇ ਸਨ ਪਰ ਉਨ੍ਹਾਂ ਜ਼ਾਬਤਾ ਰੱਖਿਆ ਹੋਇਆ ਸੀ। ਐਸੀ ਕਰਾਮਾਤ ਹੋਈ ਕਿ ਉਸੇ ਵੇਲੇ ਭਾਪਾ ਜੀ ਆ ਪਹੁੰਚੇ। ਉਨ੍ਹਾਂ ਸਭ ਸੰਭਾਲ ਲਿਆ। ਤੀਜੀ ਵਾਰ ਫਿਰ ਮੇਰਾ ਮੇਜਰ ਉਪਰੇਸ਼ਨ ਹੋਇਆ। ਬੇਟਾ ਹੋਣ ਦੀ ਖੁਸ਼ੀ ਵਿਚ ਭਾਪਾ ਜੀ ਨੇ ਨਰਸਾਂ, ਦਾਈਆਂ ਨੂੰ ਪੈਸੇ ਵੰਡੇ। ਮੈਂ ਨੀਮ ਬੇਹੋਸ਼ੀ ਵਿਚ ਸੁਣ ਰਹੀ ਸਾਂ ਕਿ ਭਾਪਾ ਜੀ ਪ੍ਰੇਸ਼ਾਨ ਤੇ ਘਬਰਾਈ ਅਵਾਜ਼ ਵਿਚ ਬੇਜੀ ਨੂੰ ਕੁਝ ਸੁਣਾ ਰਹੇ ਸਨ। ਮੈਂ ਸੁਣ ਰਹੀ ਸਾਂ ਪਰ ਬੇਹੋਸ਼ੀ ਕਾਰਨ ਸਮਝ ਨਹੀਂ ਸਾਂ ਰਹੀ। ਹੋਰ ਕੋਈ ਵਕਤ ਹੁੰਦਾ ਤਾਂ ਮੇਰੀ ਇਕ ਦਰਦ ਭਰੀ ਕਰਾਹ ਤੇ ਬੇਜੀ ਭਾਪਾ ਜੀ ਆਪਣਾ ਸੀਨਾ ਪਿੱਟ ਲੈਂਦੇ ਪਰ ਇਸ ਵੇਲੇ ਉਹ ਪਤਾ ਨਹੀਂ ਕਿਹੜੀਆਂ ਪ੍ਰੇਸ਼ਾਨੀਆਂ ਵਿਚ ਪਏ ਹੋਏ ਸਨ।

ਮੇਰੇ ਅਪ੍ਰੇਸ਼ਨ ਤੋਂ ਦੋ-ਤਿੰਨ ਦਿਨ ਬਆਦ ਤਕ ਭਾਪਾ ਜੀ ਸਾਡੇ ਨਾਲ ਹੀ ਹਸਪਤਾਲ ਰਹੇ। ਮੈਂ ਦਰਦ ਤਕਲੀਫ ਤੋਂ ਥੋੜਾ ਬਾਹਰ ਨਿਕਲ ਆਈ ਤਾਂ ਉਨ੍ਹਾਂ ਮੇਰੇ ਅਤੇ ਨਵਜੰਮੇ ਬੱਚੇ ਦੇ ਮੱਥੇ ਤੇ ਚੁੰਮਣ ਦੇ ਕੇ ਮੈਨੂੰ ਕਿਹਾ ਕਿ ਮੈਂ ਘਰ ਜਾਣਾ ਹੈ ਜ਼ਰੂਰੀ। ਮੈਂ ਵੇਖਿਆ ਭਾਪਾ ਜੀ ਦੀਆਂ ਅੱਖਾਂ ਭਰ ਆਈਆਂ ਸਨ। ਬੇਜੀ ਚੁੱਪ ਸਨ। ਪਰ ਉਨ੍ਹਾਂ ਦੇ ਚਿਹਰੇ ਦੇ ਹਾਵ ਭਾਵ ਉਨ੍ਹਾਂ ਦੀ ਅੰਦਰਲੀ ਕਸ਼ਮਕਸ਼ ਨੂੰ ਜ਼ਾਹਿਰ ਕਰ ਰਹੇ ਸਨ।

ਭਾਪਾ ਜੀ ਪਿੰਡ ਚਲੇ ਗਏ। ਚਾਰ ਪੰਜ ਦਿਨ ਬੀਤ ਗਏ। ਭਾਪਾ ਜੀ ਮੁੜ ਸ਼ਹਿਰ ਨਹੀਂ ਆਏ। ਨਾ ਕਿਤੇ ਮੋਬਾਇਲ ਦੀ ਸੁਵਿਧਾ ਹਾਸਲ ਸੀ ਨਾ ਫੋਨ ਦੀ। ਮੈਨੂੰ ਇਕੱਲਿਆ ਛੱਡ ਕੇ ਬੇਜੀ ਇਧਰ ਉਧਰ ਜਾ ਵੀ ਨਹੀਂ ਸਨ ਸਕਦੇ। ਮੈਂ ਸਮਝ ਰਹੀ ਸਾਂ ਕਿ ਕੋਈ ਗਲ ਜ਼ਰੂਰ ਹੈ ਜਿਹੜੀ ਬੜੀ ਗੰਭੀਰ ਹੈ ਪਰ ਮੇਰੇ ਤੋਂ ਛੁਪਾਈ ਜਾ ਰਹੀ ਹੈ। ਇਤਨੀ ਬਹਾਦਰ, ਹਿੰਮਤ ਵਾਲੀ ਔਰਤ ਵੀ ਜਿਸ ਗਲ ਲਈ ਪਰੇਸ਼ਾਨ ਅਤੇ ਬੇਬੱਸ ਜਹੀ ਹੋਈ ਫਿਰਦੀ ਹੈ। ਪਰ ਕੀ ਹੋ ਸਕਦੀ ਹੈ ਇਹ ਗੱਲ। ਪੁੱਛਣ ਤੇ ਵੀ ਬੇਜੀ ਮੈਨੂੰ ਕੁਝ ਨਹੀਂ ਸਨ ਦਸ ਰਹੇ।

ਪੰਜ ਦਿਨ ਬੀਤੇ ਸਨ ਕਿ ਪਿੰਡੋਂ ਮੇਰੀ ਇਕ ਚਾਚੀ ਤੇ ਉਸਦਾ ਮੁੰਡਾ ਸ਼ਹਿਰ ਸਾਡੇ ਕੋਲ ਆ ਗਏ। ਉਨ੍ਹਾਂ ਬੇਜੀ ਨਾਲ ਪਤਾ ਨਹੀਂ ਅੰਦਰੋਂ ਅੰਦਰੀ ਕੀ ਗੱਲ ਕੀਤੀ ਕਿ ਬੇਜੀ ਜਿਨ੍ਹਾਂ ਕਪੜਿਆਂ ਵਿਚ ਬੈਠੇ ਸਨ, ਉਨ੍ਹਾਂ ਵਿਚ ਹੀ ਉਠੇ ਤੇ ਪਿੰਡ ਵਲ ਦੌੜ ਪਏ। ਪਿੰਡ ਨੂੰ ਦੋ ਤਿੰਨ ਹੀ ਬੱਸਾਂ ਜਾਂਦੀਆਂ ਸਨ। ਬੇਜੀ ਨੇ ਵਕਤ ਨਹੀਂ ਦੇਖਿਆ ਤੇ ਨਾ ਹੀ ਕੁਝ ਸੋਚਿਆ ਕਿ ਉਹ ਹਨੇਰਾ ਪੈਣ ਤੇ ਤੇਰਾਂ ਮੀਲ ਦੀ ਚੜਾਈ ਇਕੱਲਿਆ ਕਿਵੇਂ ਚੜ ਕੇ ਪਿੰਡ ਪੁਜੇਗੀ।

ਪਰ ਬੇਜੀ ਤਾਂ ਬੇਜੀ ਸੀ। ਹਾਰ ਤਾਂ ਕਦੀ ਉਸ ਮੰਨੀ ਹੀ ਨਹੀਂ ਸੀ। ਚਾਚੀ ਤੇ ਉਸਦਾ ਮੁੰਡਾ ਮੇਰੀ ਦੇਖਭਾਲ ਕਰਦੇ ਰਹੇ। ਉਨ੍ਹਾਂ ਵੀ ਮੈਨੂੰ ਕੁਝ ਨਹੀਂ ਦੱਸਿਆ। ਪਰ ਉਨ੍ਹਾਂ ਦੇ ਘਬਰਾਏ ਚਿਹਰੇ ਵੀ ਕਿਸੇ ਹੋਣੀ ਦੀ ਸੂਚਨਾ ਦੇ ਰਹੇ ਸਨ। ਤਿੰਨ ਦਿਨ ਬਾਅਦ ਬੇਜੀ ਭਾਪਾ ਜੀ ਨੂੰ ਨਾਲ ਲੈ ਕੇ ਸ਼ਹਿਰ ਆ ਗਏ। ਉਨ੍ਹਾਂ ਦੇ



ਚਿਹਰੇ ਉਤੇ ਉਹੋ ਤੇਜ ਸੀ ਜਿਵੇਂ ਯਮਰਾਜ ਤੋਂ ਸਤਯਵਾਨ ਨੂੰ ਵਾਪਸ ਖੋਹ ਕੇ ਸਵਿਤ੍ਰੀ ਦੇ ਮੁਖ ਮੰਡਲ ਤੇ ਆਇਆ ਹੋਵੇਗਾ। ਭਾਪਾ ਜੀ ਮੈਨੂੰ ਗਲ ਲਾ ਕੇ ਧਾਹਾਂ ਮਾਰ ਮਾਰ ਕੇ ਰੋ ਪਏ।

ਦਰਅਸਲ ਭਾਪਾ ਜੀ ਦੀ ਰਿਟਾਇਰਮੈਂਟ ਦਾ ਪਤਾ ਲਗਣ ਤੇ ਆਤੰਕਵਾਦੀਆਂ ਨੇ ਉਨ੍ਹਾਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ ਕਿ ਉਨ੍ਹਾਂ ਨੂੰ ਉਹ ਪੈਸਾ ਦੇਣ। ਇਹ ਤਾਂ ਕਸ਼ਮੀਰ ਵਿਚ ਉਨ੍ਹਾਂ ਦਿਨ ਅਰਾਜਕਤਾ ਦੀ ਹੱਦ ਸੀ। ਉਹ ਇਹ ਫਿਰੌਤੀਆਂ ਦੇ ਪੈਸੇ ਇਸ ਕਰਕੇ ਨਹੀਂ ਸਨ ਵਸੂਲਦੇ ਕਿ ਉਨ੍ਹਾਂ ਕੋਲ ਪੈਸੇ ਦੀ ਕਮੀ ਸੀ। ਬਲਕਿ ਇਹ ਅਗਵਾਹਕਾਰੀਆਂ, ਫਿਰੌਤੀਆਂ ਇਸ ਕਰਕੇ ਕਰ ਰਹੇ ਸਨ ਕਿ ਤਾਂ ਕਿ ਘੱਟ ਗਿਣਤੀ ਦੇ ਲੋਕਾਂ ਵਿਚ ਦਹਿਸਤ ਫੈਲੀ ਰਹੇ। ਉਪਰੇਸ਼ਨ ਵਾਲੇ ਦਿਨ ਜਦ ਭਾਪਾ ਜੀ ਪੁੱਜੇ ਸਨ ਉਸਦੀ ਇਕ ਰਾਤ ਪਹਿਲਾਂ ਹੀ ਸਾਡੇ ਘਰ ਤਿੰਨ ਚਾਰ ਮੁਜਾਹਿਦ ਆ ਕੇ ਭਾਪਾ ਜੀ ਨੂੰ ਧਮਕੀ ਦੇ ਗਏ ਸਨ। ਉਨ੍ਹਾਂ ਮੇਰੇ ਉਪਰੇਸ਼ਨ ਹੋਣ ਤਕ ਦੀ ਮੋਹਲਤ ਮੰਗੀ ਸੀ। ਪਿੰਡ ਵਾਪਸ ਜਾਣ ਉਤੇ ਜਦ ਮੇਰੇ ਚਾਚਿਆਂ ਤੇ ਪਿੰਡ ਵਾਲਿਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਮਜਾਹਿਦਾਂ ਨਾਲ ਗਲ ਕਰਨ ਦੀ ਸੋਚੀ। ਵਿਚੋਲਿਆ ਰਾਹੀਂ ਸੌਦਾ ਹੁੰਦਾ ਰਿਹਾ, ਪਰ ਗਲ ਨਹੀਂ ਸੀ ਬਣ ਰਹੀ ਤੇ ਇਕ ਰਾਤ ਮੁਜਾਹਿਦ ਭਾਪਾ ਜੀ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਕੇ ਉਨ੍ਹਾਂ ਨੂੰ ਅਗਵਾ ਕਰਕੇ ਪਤਾ ਨਹੀਂ ਕਿਹੜੇ ਜੰਗਲਾਂ ਵਿਚ ਲੈ ਗਏ।

ਪਿੰਡ ਵਿਚ ਦਹਿਸ਼ਤ ਫੈਲ ਗਈ। ਉਦੋਂ ਹੀ ਮੇਰੀ ਚਾਚੀ ਦੌੜਦੀ ਹੋਈ ਸ਼ਹਿਰ ਸਾਡੇ ਕੋਲ ਪੁੱਜੀ ਤੇ ਬੇਜੀ ਨੂੰ ਭਾਪਾ ਜੀ ਦੇ ਅਗਵਾ ਹੋ ਜਾਣ ਦੀ ਗਲ ਦਸੀ। ਬੇਜੀ ਰਾਤੋ ਰਾਤ ਪੈਦਲ ਤੁਰਦੇ ਪਿੰਡ ਪੁਜੇ। ਭਾਪਾ ਜੀ ਦੋ ਦਿਨ ਤੋਂ ਅਗਵਾ ਸਨ। ਪਿੰਡ ਵਾਲਿਆਂ ਦੀਆਂ ਹਜ਼ਾਰ ਕੋਸ਼ਿਸ਼ਾ ਦੇ ਬਾਅਦ ਮੁਜਾਹਿਦ ਉਨ੍ਹਾਂ ਨੂੰ ਛਡ ਨਹੀਂ ਸਨ ਰਹੇ। ਉਨ੍ਹਾਂ ਨੂੰ ਉਨ੍ਹਾਂ ਦੀ ਮੰਗ ਮੁਤਾਬਿਕ ਭਾਪਾ ਜੀ ਨੂੰ ਰਿਟਾਇਰਮੈਂਟ ਦਾ ਮਿਲਿਆ ਪੈਸਾ ਚਾਹੀਦਾ ਸੀ।

ਘਰ ਪੁਜਦੇ ਹੀ ਬੇਜੀ ਨੇ ਅਲਮਾਰੀਆਂ ਵਿਚ ਅਲਗ ਅਲਗ ਥੈਲੀਆਂ ਵਿਚ ਸੀਂ ਕੇ ਚਾਵਲਾਂ ਵਾਲੀ ਪੇਟੀ ਵਿਚ, ਤੇ ਸਟੋਰ ਵਿਚ ਪਏ ਅਖਰੋਟਾਂ ਦੀਆਂ ਬੋਰੀਆਂ ਵਿਚ ਰਖੇ ਰੁਪੈ ਲਿਆ ਪਿੰਡ ਵਾਲਿਆਂ ਦੇ ਅੱਗੇ ਰੱਖ ਦਿੱਤੇ।

ਅਗਲੇ ਦਿਨ ਭਾਪਾ ਜੀ ਸਹੀ ਸਲਾਮਤ ਘਰ ਵਾਪਸ ਆ ਗਏ। ਪਰ ਵਾਪਸ ਆਣ ਤੇ ਉਨ੍ਹਾਂ ਦੇ ਹਾਵ ਭਾਵ ਉਹੋ ਜਿਹੇ ਹੀ ਸਨ। ਜਿਹੋ ਜਹੇ ਉਨ੍ਹਾਂ ਲੋਕਾਂ ਦੇ ਹੁੰਦੇ ਹਨ ਜਿਹੜੇ ਦਸਦੇ ਹੁੰਦੇ ਹਨ ਕਿ ਉਹ ਕੁਝ ਦੇਰ ਲਈ ਮਰ ਕੇ ਕਿਸੇ ਹੋਰ ਦੁਨੀਆਂ ਵਿਚ ਚਲੇ ਗਏ ਸਨ। ਪਰ ਫਿਰ ਤਰਸ ਖਾ ਕੇ ਉਨ੍ਹਾਂ ਨੂੰ ਵਾਪਸ ਆਪਣੀ ਦੁਨੀਆਂ ਵਿਚ ਭੇਜ ਦਿੱਤਾ ਗਿਆ।

ਇਹ ਅਗਵਾਕਾਰੀਆਂ, ਫਿਰੌਤੀਆਂ ਕਸ਼ਮੀਰ ਦੇ ਮੁਜਾਹਿਦੀਨਾ ਦਾ ਹਿੱਸਾ ਸਨ ਉਨ੍ਹਾਂ ਦਿਨਾਂ ਵਿਚ। ਭਾਪਾ ਜੀ ਆਖਦੇ ਸਨ ਕਿ ਬਿੱਟੂ ਦੇ ਬੱਚੇ ਦੀ ਕਿਸਮਤ ਨਾਲ ਮੈਂ ਮੁਜਾਹਿਦਾਂ ਤੋਂ ਬਚ ਕੇ ਵਾਪਸ ਆ ਗਿਆ ਸਹੀ ਸਲਾਮਤ। ਪੈਸਾ ਚਲਾ ਗਿਆ ਤਾਂ ਕੀ ਹੋਇਆ, ਜਾਨ ਤਾਂ ਬਚ ਗਈ। ਬੇਜੀ ਨੇ ਮੈਨੂੰ ਕੁਝ ਇਸ ਕਰਕੇ ਨਹੀਂ ਸੀ ਦੱਸਿਆ ਕਿ ਅਜੇਹੀ ਹਾਲਤ ਵਿਚ ਮੈਂ ਘਬਰਾ ਨਾ ਜਾਵਾਂ। ਉਪਰੇਸ਼ਨ ਵਾਲੀ ਜੁ ਸਾਂ ਮੈਂ ਉਮਰ ਦੇ ਇਸ ਮੋੜ ਤੇ ਆ ਕੇ ਜਦ ਮੈਂ ਆਪਣੀ ਭੈਣ ਨਾਲ ਗੱਲਾਂ ਕਰਦੀ ਹਾਂ ਤਾਂ ਆਪਣਾ ਆਪ ਉਸਦੇ ਸਾਹਮਣੇ ਅਪਰਾਧੀ ਜਿਹਾ ਮਹਿਸੂਸ ਹੁੰਦਾ ਹੈ। ਜਾਣੇ ਅਣਜਾਣੇ ਹੀ ਮੈਂ ਸ਼ਾਇਦ ਭੈਣ ਤੇ ਭਰਾ ਦੇ ਹਿੱਸੇ ਦੇ ਪਿਆਰ ਨੂੰ ਨਿਗਲ ਗਈ। ਭੈਣ ਜੀ ਜਦ ਆਪਣੇ ਅਣਗੌਲੇ ਬਚਪਨ, ਬੇਧਿਆਨੀ ਜੁਆਨੀ ਤੇ ਫਿਰ ਉਸਤੋਂ ਬਾਅਦ ਜ਼ਿੰਦਗੀ ਦੀਆਂ ਗੱਲਾਂ ਕਰਦੀ ਰੋ ਪੈਂਦੀ ਹੈ ਤਾਂ ਮੇਰਾ ਦਿਲ ਚੀਰਿਆ ਜਾਂਦਾ ਹੈ। ਕੀ ਮੈਂ ਉਨ੍ਹਾਂ ਦੇ ਹਿੱਸੇ ਦੀਆਂ ਖੁਸ਼ੀਆਂ ਨੂੰ ਹੜਪ ਕੇ ਤੇ ਸਭ ਦਾ ਧਿਆਨ ਆਪਣੇ ਵਲ ਕੇਂਦਰਤ ਕਰਕੇ ਉਨ੍ਹਾਂ ਦੀ ਗੁਨਾਹਗਾਰ ਬਣੀ ਹਾਂ। ਇਕ ਅਪਰਾਧ ਬੋਧ ਮਨ ਤੇ ਹਾਵੀ ਹੋ ਜਾਂਦਾ ਹੈ।

ਭਾਪਾ ਜੀ ਹੁਣ ਇਸ ਦੁਨੀਆਂ ਤੇ ਨਹੀਂ ਹਨ। ਬੇਜੀ ਦਾ ਭਾਵੇਂ ਆਪਣਾ ਪਰਿਵਾਰ ਹੈ। ਨੂੰਹ ਪੁੱਤਰ ਪੋਤਰੇ ਪੋਤਰੀਆਂ ਹਨ। ਪਰ ਉਨ੍ਹਾਂ ਦੇ ਮੇਰੇ ਪ੍ਰਤੀ ਮੋਹ ਵਿਚ ਕੋਈ ਫਰਕ ਨਹੀਂ ਆਇਆ। ਮੈਂ ਚਾਹੁੰਦੀ ਹਾਂ ਉਹ ਹੁਣ ਮੇਰੇ ਵੱਲੋਂ ਮੁੜ ਕੇ ਆਪਣੇ ਨੂੰਹ ਪੁੱਤਰ ਤੇ ਪੋਤਰੇ ਪੋਤਰੀਆਂ ਵਿਚ ਆਪਣਾ ਪਿਆਰ ਵੰਡੇ ਪਰ ਕੀ ਇਹ ਮੁਮਕਿਨ ਹੈ? ਕਦੀ ਨਹੀਂ।


ਬੇਜੀ ਅਗਰ ਕਦੀ ਮੇਰੇ ਘਰ ਆਏ ਹੋਣ ਤਾਂ ਜੁਆਨ ਬੱਚੇ ਜਾਂ ਬਲਜੀਤ ਕਿਸੇ ਗਲੋਂ ਖਿੱਝ ਪੈਣ ਜਾਂ ਗੁੱਸਾ ਕਰਨ ਬੇਜੀ ਤੋਂ ਇਹ ਬਰਦਾਸ਼ਤ ਨਹੀਂ ਹੁੰਦਾ। ਉਹ ਮਨ ਹੀ ਨਹੀਂ ਸਕਦੇ ਕਿ ਉਨ੍ਹਾਂ ਦੀ ਬਿੱਟੂ ਜਿਸਨੇ ਪਹਿਲੇ ਸਾਲ ਫਸਟ ਡਿਵੀਜਨ ਵਿਚ ਮੈਟ੍ਰਿਕ ਪਾਸ ਕੀਤੀ। ਕਾਲਜ ਵਿਚ ਬੀ. ਏ. ਤੇ ਯੂਨੀਵਰਸਿਟੀ ਤੋਂ ਐਮ. ਏ. ਕੀਤੀ ਉਹ ਕੋਈ ਗੱਲ ਗ਼ਲਤ ਕਰ ਸਕਦੀ ਹੈ ਜਿਸ ਲਈ ਇਹ ਤੁਛ ਜਹੇ ਬੱਚੇ ਜਾਂ ਪਤੀ ਮੇਰੇ ਨਾਲ ਬਹਿਸਣ। ਇਹ ਬੇਜੀ ਦੇ ਵਿਸ਼ਵਾਸ ਤੋਂ ਬਾਹਰ ਹੈ।

ਮੈਂ ਉਨ੍ਹਾਂ ਨੂੰ ਬੜਾ ਸਮਝਾਂਦੀ ਹਾਂ ਕਿ ਮੈਂ ਵੀ  ਤਾਂ ਗਲਤ ਹੋ ਸਕਦੀ ਹਾਂ। ਮੇਰੇ ਬੱਚੇ ਜੁਆਨ ਨੇ। ਵਕਤ ਬਦਲ ਗਿਆ ਹੈ। ਹੁਣ ਹਰ ਬੰਦਾ ਆਪਣੀ ਗਲ ਸਾਬਿਤ ਕਰਣ ਲਈ ਤਰਕ ਦੇਂਦਾ ਤੇ ਤਰਕ ਮੰਗਦਾ ਹੈ। ਹੁਣ ਉਹ ਵਿਸ਼ਵਾਸ ਜਾਂ ਅੰਧਵਿਸ਼ਵਾਸ ਵਾਲਾ ਸਮਾਂ ਨਹੀਂ ਹੈ। ਹੁਣ ਹਰ ਗਲ ਰਿਸ਼ਤਿਆਂ ਦੀ ਕਸੌਟੀ ਉਤੇ ਪਰਖੀ ਜਾਂਦੀ ਹੈ। ਪਰ ਬੇਜੀ ਦੀ ਸਮਝ ਤੋਂ ਇਹ ਗੱਲਾਂ ਬਾਹਰ ਨੇ। ਉਨ੍ਹਾਂ ਲਈ ਸਾਰੀ ਦੁਨੀਆਂ ਗਲਤ ਹੋ ਸਕਦੀ ਹੈ ਪਰ ਉਨ੍ਹਾਂ ਦੀ ਬਿੱਟੂ ਨਹੀਂ।

ਪਰ ਉਹ ਕੀ ਜਾਣਨ ਕਿ ਬਿੱਟੂ ਵੀ ਤਾਂ ਆਖਰ ਇਕ ਇਨਸਾਨ ਹੀ ਹੈ। ਸਾਇਦ ਦੁਨੀਆਂ ਦੇ ਬਾਕੀ ਸਾਰੇ ਇਨਸਾਨਾਂ ਤੋਂ ਵੱਧ ਕਮਜ਼ੋਰ। ਪਰ ਬੇਜੀ ਨੂੰ ਕੌਣ ਸਮਝਾਏ। **ਪਤਾ : ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਪਿੱਛੇ, ਜੰਮੂ, (ਜੰਮੂ ਕਸ਼ਮੀਰ) ਮੋ. 096220-06304, 094690-98085**

**ਪ੍ਰਸਿੱਧ ਗਲਪਕਾਰ ਪ੍ਰੋ. ਹਰਭਜਨ ਸਿੰਘ ਦੀ ਹਲ.ਫਨਾਮਾ, ਮੰਜ਼ਿਲ ਤੋਂ ਉਰੇ ਉਰੇ, ਬਿਨ ਸਿੰਗੇ ਸਾਨ੍ਹ ਕਹਾਣੀ ਸੰਗ੍ਰਹਿ ਅਤੇ ਜੋ ਹਾਰੇ ਨਹੀਂ, ਮਿੱਟੀ ਜਾਏ, ਵਿੰਗ ਤੜਿੰਗੇ ਰਾਹ, ਬਲਦੇ ਸਿਵਿਆਂ ਦਾ ਸੇਕ ਨਾਵਲਾਂ ਤੋਂ ਬਾਅਦ ਨਵਾਂ ਕਹਾਣੀ ਸੰਗ੍ਰਹਿ**

**ਰੇਸ, ਕਲਾਸ ਤੇ ਜੰਗ**




ਸਮਕਾਲੀ ਪੰਜਾਬੀ ਕਹਾਣੀ ਦੇ ਫਲਕ ਉੱਤੇ ਪ੍ਰੋ. ਹਰਭਜਨ ਸਿੰਘ ਨੇ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਅਤੇ ਪ੍ਰਬੁੱਧਤਾ ਸਮੇਤ ਪ੍ਰਵੇਸ਼ ਕੀਤਾ ਹੈ। ਉਹ ਭਾਵੇਂ ਪਰਵਾਸੀ ਹੋਂਦ ਨੂੰ ਦਰਪੇਸ਼ ਖਤਰਿਆਂ, ਵੰਗਾਰਾਂ ਅਤੇ ਭੇੜਾਂ ਦਾ ਚਿਤਰਣ ਕਰ ਰਿਹਾ ਹੋਵੇ, ਭਾਵੇਂ ਅਮਰੀਕੀ ਜੀਵਨ ਜਾਚ ਦੀਆਂ ਅਦ੍ਰਿਸ਼ਟ ਪਰਤਾਂ ਨੂੰ ਉਚੇੜ ਉਸਦੀਆਂ ਅਲਾਮਤਾਂ ਪਕੜ ਰਿਹਾ ਹੋਵੇ ਅਤੇ ਭਾਵੇਂ ਅਮਰੀਕੀ ਸਾਮਰਾਜ ਦੀਆਂ ਨਿਹੱਕੀਆਂ ਜੰਗਾਂ ਦੀ ਗੱਲ ਕਰ ਰਿਹਾ ਹੋਵੇ ਉਸਦੀ ਕਹਾਣੀ ਸਪਸ਼ਟ ਤੇ ਵੰਗਾਰਵੀਂ ਹੁੰਦੀ ਹੈ। ਉਸਨੇ ਆਪਣੇ ਥੀਮ ਨੂੰ ਐਨਕੋਡ ਕਰਨ ਲਈ ਨਵੇਂ ਗਲਪੀ ਮੈਟਾਫਰ ਸਿਰਜੇ ਹਨ, ਉਸਦੀ ਕਹਾਣੀ ਦੀ ਬਿਰਤਾਂਤਕ ਰਫਤਾਰ ਤੇਜ਼ ਹੁੰਦੀ ਹੈ। ਇਸੇ ਕਰਕੇ ਉਸਦੇ ਪੈਗ਼ਾਮ ਨੂੰ ਡੀਕੋਡ ਕਰਨ ਲਈ ਬਿਰਤਾਂਤ ਸਰੋਤੇ ਦੀ ਉਸੇ ਪੱਧਰ ਦੀ ਭਾਗੀਦਾਰੀ ਲੋੜੀਂਦੀ ਹੈ।

**-ਡਾ. ਧਨਵੰਤ ਕੌਰ**

***ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ*** ***ਮੁੱਲ :150, ਪੰਨੇ :151***



# 'ਡੱਬਲੀ' ਪੈਸਿਆਂ ਦਾ ਖ਼ਜ਼ਾਨਾ ਬੇਬੇ / ਹਰਨੇਕ ਕਲੇਰ

ਬੇਬੇ ਇਸ ਦੁਨੀਆਂ ਤੋਂ ਨਿਰਾਲੀ ਹੈ। ਬੇਬੇ ਦਾ ਰੰਗ ਕਣਕ ਵੰਨਾ, ਕੱਦ ਹੋਏਗਾ ਪੰਜ ਫੁੱਟ ਦੋ ਇੰਚ, ਅੱਖਾਂ ਨੀਲੀਆਂ। ਨੱਕ 'ਚ ਕੋਕਾ ਤੇ ਕੰਨਾਂ 'ਚ ਪਿੱਪਲ ਪੱਤੀਆਂ। ਉਸ ਦੇ ਗਲ ਵਿਚ ਸੋਨੇ ਦਾ ਤਵੀਤ ਪਾਇਆ ਹੁੰਦਾ ਸੀ। ਤਿਉੜੀਆਂ ਰਹਿਤ ਸਾਫ਼ ਮੱਥਾ ਪਤਲਾ ਜਿਹਾ ਸਿਰੜੀ ਸਰੀਰ। ਘੱਟ ਬੋਲਣਾ। ਸਹਿਜ ਮਤਾ। ਉਸਦਾ ਇਹੋ ਗੁਣ ਮੇਰੇ ਹਿੱਸੇ ਆਇਆ।

ਬਚਪਨ ਵਿੱਚ ਮੈਂ ਬੇਬੇ ਨੂੰ ਸਦਾ ਹੀ ਕੰਮ 'ਚ ਰੁਝੀ ਨੂੰ ਦੇਖਿਆ ਜਦ ਉਹ ਬਾਪੂ ਨਾਲ ਵਿਆਹ ਕੇ ਘਰ ਆਈ ਤਾਂ ਬਾਪੂ ਘਰ ਵਿੱਚ ਇਕੱਲਾ ਸੀ। ਨਾ ਉਸਦਾ ਕੋਈ ਭਰਾ, ਨਾ ਚਾਚਾ ਨਾ ਤਾਇਆ ਉਸਦੀ ਇੱਕ ਭੈਣ ਸੀ। ਉਹ ਉਸ ਸਮੇਂ ਵਿਆਹੀ ਹੋਈ ਸੀ। ਆਪਣੇ ਵਿਆਹ ਵੇਲੇ ਬੇਬੇ ਪੰਦਰਾਂ ਕੁ ਸਾਲ ਦੀ ਹੋਵੇਗੀ। ਘਰ ਆਉਣ ਸਾਰ ਬੇਬੇ ਇਸ ਉਜੜੇ ਘਰ ਨੂੰ ਵਸਾਉਣ ਵਿੱਚ ਜੁਟ ਗਈ। ਮੈਂ ਚਾਰ ਪੰਜ ਸਾਲ ਦਾ ਸੀ ਤਦ ਬੇਬੇ ਨੂੰ ਘਰ ਦੇ ਇੱਕ ਖੂੰਜੇ ਵਿੱਚ ਪਈ ਚੱਕੀ 'ਤੇ ਛੋਲਿਆ ਦੀ ਦਾਲ ਦਲਦਿਆਂ ਅਤੇ ਆਟਾ ਪੀਂਹਦਿਆਂ ਦੇਖਿਆ ਹੈ। ਆਟਾ ਪੀਂਹਦੀ ਉਹ ਚੱਕੀ ਦੀ ਆਵਾਜ਼ ਨਾਲ ਬੋਲ ਰਲਾ ਕੇ ਕੁਝ ਗਾਉਂਦੀ ਹੁੰਦੀ ਸੀ। ਕਈ ਵਾਰ ਮੈਂ ਉਸਦੇ ਨਾਲ ਗਲਾ ਪਾਉਣ ਜਾਂ ਹੱਥੀ ਫੜ ਕੇ ਚੱਕੀ ਗਿੜਾਉਣ ਲੱਗ ਜਾਂਦਾ। ਬੇਬੇ ਦਾ ਕੰਮ ਰੁਕ ਜਾਂਦਾ। ਉਹ ਮੈਨੂੰ ਆਖਦੀ, "ਚੱਲ ਤੂੰ ਖੇਡ ਪੁੱਤ, ਤੈਨੂੰ ਨੂਣ ਆਲੀ ਰੋਟੀ ਪਕਾ ਕੇ ਖਵਾਊ।"

ਰਾਤ ਨੂੰ ਸੌਣ ਵੇਲੇ ਅਸੀਂ ਬੇਬੇ ਤੋਂ ਬਾਤਾਂ ਸੁਣਦੇ। ਬੇਬੇ ਨੂੰ ਪੰਜ ਸੱਤ ਬਾਤਾਂ ਮੂੰਹ ਜ਼ੁਬਾਨੀ ਯਾਦ ਸਨ। ਬੁਝਾਰਤਾਂ ਉਸ ਨੂੰ ਬਹੁਤ ਯਾਦ ਸਨ। ਕੰਮ ਕਰਦੀ ਕਰਦੀ ਉਹ ਬੁਝਾਰਤ ਪਾ ਜਾਂਦੀ। ਤੇ ਸਾਨੂੰ ਭੈਣ ਭਰਾਵਾਂ ਨੂੰ ਆਖਦੀ ਬੁੱਝੋ ਤੁਸੀਂ ਫੇਰ ਹੋਰ ਬਾਤ ਪਾਉਂ। ਰਾਤ ਨੂੰ ਉਹ ਕੱਤਣ ਤੁੰਬਣ ਦਾ ਕੰਮ ਵਿੱਢੀ ਰੱਖਦੀ। ਸ਼ਾਇਦ ਉਸਨੂੰ ਤਿੰਨ ਧੀਆਂ ਦੇ ਤੋਰਨ ਦਾ ਫ਼ਿਕਰ ਸੀ। ਜਦੋਂ ਭੂਆ ਆਈ ਹੁੰਦੀ ਤਾਂ ਬੇਬੇ ਉਸਨੂੰ ਆਖਦੀ ,"ਲੈ ਰੱਖੀ ਨਾਲੇ ਗਲੋਟੇ ਅਟੇਰ ਲਾ ਨਾਲੇ ਬੈਠੀ ਬੈਠੀ ਨਿਆਣਿਆਂ ਨੂੰ ਬਾਤ ਸੁਣਾਈ ਜਾ। ਭੂਆਂ ਨੂੰ 'ਸੇਰ ਕੱਤਣੀ' 'ਅਸਮਾਨ ਟਾਕੀ ਲਾਉਂਣੀ', 'ਫੁੱਲਾ ਜਾਦੀ' ਤੇ ਹੋਰ ਬੜੀਆਂ ਬਾਤਾਂ ਯਾਦ ਸਨ। ਬੇਬੇ ਕੰਮ ਕਰਦੀ ਕਰਦੀ ਆਖਦੀ ਭਲਾ ਏਸ ਸਰੀਰ ਦੀ ਕੀ ਲਟੈਣ ਚੜ੍ਹਾਉਣੀ ਆ, ਜਿਨ੍ਹਾਂ ਕੰਮ ਲੈ ਲਓ ਥੋੜ੍ਹਾ। ਸਵੇਰੇ ਚਾਟੀ 'ਚ ਮਧਾਣੀ ਪਾਉਣ ਤੋਂ ਲੈ ਕੇ ਰਾਤ ਨੂੰ ਦੁੱਧ ਨੂੰ ਜਾਗ ਲਾਉਣ ਤੱਕ ਉਹ ਉਗੀਂ ਵਾਂਗ ਘੁੰਮਦੀ।

ਬੇਬੇ ਦਰ ਤੇ ਆਏ ਮੰਗਤੇ ਨੂੰ ਖ਼ਾਲੀ ਨਾ ਮੋੜਦੀ। ਗਲੀ ਗੁਆਂਢ 'ਚੋਂ ਕੋਈ ਦੁੱਧ ਲੈਣ ਆ ਜਾਂਦਾ ਤਾਂ ਬੇਬੇ ਦੁੱਧ ਦਾ ਗਲਾਸ ਭਰ ਕੇ ਦਿੰਦੀ ਆਖਦੀ, 'ਕੁੜੇ ਘਰ ਅਗਲੇ ਦਾ ਪਰਾਹੁਣਾ ਚਾਹ ਬਿਨਾ ਬੈਠਾ ਹਊ।" ਬਾਪੂ ਤੇ ਵੱਡਾ ਭਰਾ ਪਿੰਡ ਵਿਚ ਕਰਿਆਨੇ ਦੀ ਦੁਕਾਨ ਕਰਦੇ ਸਨ। ਘਰ 'ਚੋਂ ਦਾਣਾ ਫੱਕਾ ਖੁੱਲ੍ਹਾ ਸੀ। ਉਹਨਾਂ ਦਿਨ੍ਹਾਂ 'ਚ ਦਿਨ 'ਚ ਦੋ ਵਾਰ ਭੱਠੀ ਤਪਦੀ ਹੁੰਦੀ ਸੀ। ਜਦੋਂ ਨਵੀਂ ਕਣਕ ਘਰ ਆਉਂਣੀ ਤਾਂ ਬੇਬੇ ਨੇ ਗੁੜ ਤੇ ਕਣਕ ਪੋਣੇ ਵਿੱਚ ਬੰਨ੍ਹ ਕੇ ਮੈਨੂੰ ਭੱਠੀ 'ਤੇ ਤੋਰ ਦੇਣਾ, "ਮੁੜਦਾ ਹੋਇਆ ਗੋਲੀ ਆਂਗੂ ਆਈ ਦਾਣੇ ਨਾ ਠੰਡੇ ਕਰ ਲਿਆਈ।" ਮੇਰੇ ਘਰ ਆਉਣ ਸਾਰ ਬੇਬੇ ਗੁੜ ਰਲਾ ਕੇ ਭੁੱਜੇ ਕਣਕ ਦੇ ਦਾਣਿਆ ਦੇ ਲੱਡੂ ਵੱਟ ਦਿੰਦੀ ਫੇਰ ਆਂਢ-ਗੁਆਂਢ ਦੇ ਜੁਆਨਾਂ ਨੂੰ ਲੱਡੂ ਵੰਡਦੀ, ਕਣਕ ਨਵੀਂ ਆਈ ਆ, ਮੂੰਹ ਮਿੱਠਾ ਕਰ ਲਓ।" ਬੇਬੇ ਵਲੋਂ ਬਚਪਨ ਵਿਚ ਖਵਾਈ ਉਹ ਵੰਨਗੀ ਮੈਂ ਕਦੇ ਨਹੀਂ ਭੁੱਲ ਸਕਿਆ। ਉਸਦੀ ਹਾਰੇ 'ਚ ਧਰ ਕੇ ਬਣਾਈ ਮਾਂਹ ਛੋਲਿਆ ਦੀ ਦਾਲ ਨੂੰ ਮੈਂ ਅੱਜ ਵੀ ਯਾਦ ਕਰਦਾ ਹਾਂ। ਉਸਦੀ ਬਣਾਈ ਮੱਕੀ ਦੀ ਰੋਟੀ ਮੈਨੂੰ ਬੜੀ ਪਸੰਦ ਸੀ। ਚੁਰਚਰੀਆਂ ਦੀ ਸ਼ਬਜੀ ਉਸਨੂੰ ਹੀ ਬਣਾਉਣੀ ਆਉਂਦੀ ਸੀ। ਉਸਦੇ

ਰਾਜ 'ਚ ਜਵਾਰ ਤੇ ਮੱਕੀ ਦੀਆਂ ਖਿੱਲ੍ਹਾਂ ਤੇ ਛੋਲਿਆ ਦੇ ਦਾਨਿਆਂ ਦੀ ਦਾਲ ਅਸੀਂ ਲੱਪਾਂ ਭਰ ਭਰ ਖਾਂਦੇ। ਜਦੋਂ ਬੇਬੇ ਨੇ ਦਹੀਂ ਵਿੱਚ ਮੱਖਣੀ ਦਾ ਪੇੜਾ ਬਣਾ ਕੇ ਮੇਰੇ ਛੰਨੇ 'ਚ ਪਾਉਣਾ ਤੇ ਆਖਣਾ , "ਦੇਖ ਲਾ ਫੇਰ ਕੰਮ ਵੇਲੇ ਬੁੱਲ੍ਹ ਜੇ ਨਾ ਢਿੱਲੇ ਕਰਕੇ ਬਹਿ ਜੀਂ।"

ਬੇਬੇ ਸਵੇਰੇ ਚਾਰ ਵਜੇ ਉੱਠ ਕੇ ਮੱਝਾਂ ਨੂੰ ਪੱਠਾ-ਤੱਥਾ ਪਾਉਂਦੀ। ਪਾਣੀ ਦੋਨੋਂ ਵਕਤ ਮੈਂ ਹੀ ਨਲਕਾ ਗੇੜ ਕੇ ਪਿਲਾਉਂਦਾ। ਮੱਝਾਂ ਨਵਾਉਣ ਦਾ ਕੰਮ ਵੀ ਮੇਰੇ ਹਿੱਸੇ ਹੀ ਸੀ। ਬੇਬੇ ਪੀਹਣ ਕਰਨ ਲੱਗਦੀ ਤਾਂ ਮੈਂ ਛਾਨਣਾ ਲੈ ਕੇ ਮੁੰਮਣੀ ਛਾਨਣ ਬੈਠ ਜਾਂਦਾ। ਕਈ ਵਾਰ ਉਹ ਖਿਝ ਕੇ ਆਖਦੀ , "ਤੂੰ ਨਿਆਣਿਆਂ 'ਚ ਜਾ ਕੇ ਖੇਡ ਤੀਮੀਆਂ ਦਾ ਪੜਤੀਮਾਂ।" ਮੈਂ ਨਿੰਮੋਝੂਣਾ ਹੋਇਆ ਚੁੱਪ ਚਾਪ ਕੰਮ ਲੱਗਿਆ ਰਹਿੰਦਾ।

ਬੇਬੇ ਦਾ ਪਿੰਡ ਸੰਗਰੂਰ ਜ਼ਿਲ੍ਹੇ ਵਿੱਚ ਕੁਰਡ ਹੈ। ਉਹ ਪੰਜ ਭਾਈਆਂ ਦੀ ਭੈਣ, ਤੀਜੇ ਨੰਬਰ 'ਤੇ ਹੈ। ਬਚਪਨ ਵਿੱਚ ਇੱਕ ਵਾਰ ਮੈਂ ਤੁਰ ਕੇ ਬੇਬੇ ਨਾਲ ਨਾਨਕੀਂ ਗਿਆ। ਟਿੱਬਿਆਂ ਦਾ ਰਾਹ ਮੈਥੋਂ ਤੁਰਿਆ ਨਹੀਂ ਜਾ ਰਿਹਾ ਸੀ। ਬੇਬੇ ਏਨੀ ਸਿਰੜੀ ਸੀ ਕਿ ਉਹ ਮੈਨੂੰ ਘਨੇੜੇ ਬਿਠਾ ਕੇ ਭੱਜੀ ਗਈ। ਛੋਟੀ ਉਮਰ ਵਿਚ ਹੀ ਬੇਬੇ ਦੇ ਗਲ ਕਬੀਲਦਾਰੀ ਪੈ ਗਈ। ਵੱਡੀ ਭੈਣ ਦੇ ਵਿਆਹ ਵੇਲੇ ਇਕ ਮਹੀਨਾ ਪਹਿਲਾਂ ਹੀ ਸੁਹਾਗ ਤੇ ਲੰਮੇ ਗਾਉਣ ਸ਼ੁਰੂ ਹੋ ਗਏ। ਚੰਨ ਚਾਨਣੀ ਟਿਕੀ ਰਾਤ ਵਿੱਚ ਗਾਉਣ ਨਾਲ ਸਾਰਾ ਪਿੰਡ ਸੰਗੀਤ ਨਾਲ ਭਰ ਜਾਂਦਾ। ਪਰਿਵਾਰ ਦੇ ਸਕੇ ਸੋਦਰਿਆਂ ਦੇ ਘਰਾਂ ਤੋਂ ਬੇਬੇ ਦੀਆਂ ਮੇਲਣਾਂ ਕੋਠਿਆਂ ਤੇ ਬੈਠੀਆਂ ਵਾਰੀ ਵਾਰੀ ਬੋਲ ਲੈ ਕੇ ਸੁਹਾਗ ਗਾਉਂਦੀਆਂ। ਉਹ ਮਿੱਠੇ ਲੰਮੇ ਵੈਰਾਗਮਈ ਬੋਲ ਅੱਜ ਵੀ ਮੇਰੇ ਕੰਨਾਂ 'ਚ ਗੂੰਜਦੇ ਹਨ। ਕਿਉਂਕਿ ਉਹਨਾਂ ਬੋਲਾਂ ਵਿੱਚ ਬੇਬੇ ਦੀ ਲਿਲਕ ਵੀ ਸ਼ਾਮਿਲ ਸੀ।

ਬੇਬੇ ਨੇ ਜਿਸ ਦਿਨ ਮੈਨੂੰ ਸਕੂਲ ਤੋਰਿਆ। ਉਹ ਵੱਡੀ ਭੈਣ ਦੇ ਵਿਆਹ ਤੋਂ ਬਾਅਦ ਦੀ ਗੱਲ ਹੈ। ਮੇਰੇ ਝੋਲੇ 'ਚ ਉਸਨੇ ਲੱਡੂ ਪਾਏ ਤੇ 'ਡੱਬਲੀ' ਪੈਸਾ ਜੇਬ 'ਚ ਪਾਉਂਦਿਆਂ ਕਿਹਾ, "ਪੁੱਤ ਚੰਗੂੰ ਪੜ੍ਹੀਂ,. ਸਿੱਧਾ ਸਕੂਲ ਜਾਈਂ ਤੇ ਸਿੱਧਾ ਘਰ ਆਈਂ।" ਮੇਰੇ ਅਚੇਤ ਮਨ ਵਿੱਚ ਅੱਜ ਵੀ ਬੇਬੇ ਦੀ ਉਹ ਗੱਲ ਟਿੱਕੀ ਹੋਈ ਹੈ। ਸਕੂਲ 'ਚ ਮੇਰਾ ਕੋਈ ਸਾਥੀ ਨਹੀਂ ਸੀ ਮੈਂ ਸਕੂਲ ਜਾਣ ਤੋਂ ਆਨਾ ਕਾਨੀ ਸ਼ੁਰੂ ਕਰ ਦਿੱਤੀ, ਬੇਬੇ ਨੇ ਇੱਕ ਮੁੰਡੇ ਨਾਲ ਮੇਰਾ ਸਾਥ ਬਣਾ ਦਿੱਤਾ। ਮੈਂ ਮੱਖਣੀ ਨਾਲ ਰੋਟੀ ਖਾਂਦਾ ਤੇ ਬੇਬੇ ਦੀ ਕੁੱਟੀ ਚੂਰੀ ਝੋਲੇ 'ਚ ਪਾ ਕੇ ਕੋਠੀ ਕੋਲ ਜਾ ਖੜ੍ਹਦਾ। ਬੇਬੇ ਕੋਠੀ ਦੀ ਉਪਰਲੀ ਬਾਰੀ ਖੋਲ੍ਹਦੀ ਪਹਿਲਾਂ ਉਸ ਮੁੰਡੇ ਨੂੰ ਕੋਲ ਬੁਲਾ ਕੇ ਉਸਦੀ ਮੁੱਠੀ 'ਚ ਪੈਸਾ ਦਿੰਦੀ। ਤੇ ਫਿਰ ਮੈਨੂੰ ਜੇਬ 'ਚ ਪੈਸਾ ਪਾਉਂਦੀ ਆਖਦੀ, "ਪੁੱਤ ਸਾਧਾਂ ਦਾ ਮੁੰਡਾ ਏਸ ਪੈਸੇ ਦਾ ਪੁੰਨ ਤੈਨੂੰ ਲੱਗੂ। ਤੂੰ ਚੰਗਾ ਪੜ੍ਹ ਜੇ ਗਾ।" ਅੱਜ ਸੋਚਦਾ ਹਾਂ, ਬੇਬੇ ਸੱਚ ਕਹਿੰਦੀ ਸੀ।

ਬੇਬੇ ਘਰੇਲੂ ਨੁਸਖਿਆ ਦੀ ਵੈਦ ਸੀ। ਬਹੁਤ ਵਾਰੀ ਸਾਡੇ ਘਰ ਸਰੋਂ ਦੇ ਤੇਲ ਦੀ ਬੋਤਲ ਵਿੱਚ ਨੌਂ ਮਹੀਨੇ ਡੱਕਾ ਪਿਆ ਰਹਿੰਦਾ। ਫਿਰ ਜਦੋਂ ਆਂਢ-ਗੁਆਂਢ ਜਾਂ ਨਜ਼ਦੀਕੀ ਦੇ ਘਰ ਬੱਚਾ ਜਨਮ ਲੈਂਦਾ ਤਾਂ ਬੇਬੇ ਉਹ ਡੱਕਾ ਕੱਢਦੀ ਦੋ ਇੱਟਾ ਰੱਖ ਕੇ ਉੱਤੇ ਤਵਾ ਰੱਖਦੀ ਤੇ ਡੱਕੇ ਨੂੰ ਅੱਗ ਲਾ ਦਿੰਦੀ। ਡੱਕਾ ਬਲਦਾ ਰਹਿੰਦਾ ਤੇ ਉਸਦੀ ਲੋਅ ਤਵੇ ਨਾਲ ਲੱਗ ਜਾਂਦੀ। ਬੇਬੇ ਉਹ ਲੋਅ ਡੱਬੀ ਵਿੱਚ ਭਰ ਲੈਂਦੀ। ਫਿਰ ਉਹ ਲੋਅ ਨਵੇਂ ਜਨਮੇ ਬਾਲ ਦੀਆਂ ਅੱਖਾਂ 'ਚ ਪਾਈ ਜਾਂਦੀ। ਬੱਚੇ ਦੀਆਂ ਅੱਖਾਂ ਮੋਟੀਆਂ ਮੋਟੀਆਂ ਤੇ ਸਿਹਤਮੰਦ ਹੋ ਜਾਂਦੀਆਂ। ਸਹੁਰਿਆਂ ਤੋਂ ਮਿਲਣ ਆਈ ਕਿਸੇ ਕੁੜੀ ਦੀ ਗੋਦੀ ਨਿਆਣਾ ਚੁੱਕਿਆ ਦੇਖ ਆਖਦੀ, ਕੁੜੇ ਨਿਆਣੇ ਦੀਆਂ ਅੱਖਾਂ ਦੇਖ ਨਿੱਕੀਆਂ ਨਿੱਕੀਆਂ ਨੇ। ਲੋਅ ਪਾਇਆ ਕਰ। ਮੇਰੇ ਕੋਲੋਂ ਭਰ ਕੇ ਲੈ ਜਾਈਂ ਇੱਕ ਡੱਬੀ।" ਸਾਡੇ ਘਰ ਪੱਕੀ ਮਿੱਟੀ ਦੇ ਦੀ ਸੂਏ (ਦੀਵੇ) ਵਿੱਚ ਇੱਕ ਅੱਧ ਘਸੀ ਹੋਈ ਹਰੜ ਪਈ ਰਹਿੰਦੀ। ਬੇਬੇ ਹਫ਼ਤੇ 'ਚ ਇੱਕ ਦੋ ਵਾਰੀ ਉਹ ਹਰੜ ਦੀਵੇ 'ਚ ਘਸਾਉਂਦੀ ਤੇ ਬੱਚੇ ਨੂੰ ਪਿਲਾ ਦਿੰਦੀ। ਉਸ ਨਾਲ ਬਾਲ ਦਾ ਹਾਜ਼ਮਾ ਠੀਕ ਰਹਿੰਦਾ। ਜੇਕਰ ਕਿਸੇ ਬਾਲ ਦੀਆਂ ਅੱਖਾਂ ਦੁਖਦੀਆਂ ਹੋਣ ਤਾਂ ਉਹ ਰਾਤ ਵੇਲੇ ਅੱਖਾਂ ਤੇ ਬੱਕਰੀ ਦੇ ਦੁੱਧ 'ਚ ਭਿੱਜੇ ਫਹੇ ਧਰਾਉਂਦੀ। ਅੱਖ 'ਚ ਚੋਬ ਪੈ ਜਾਂਦੀ ਤਾਂ ਨੱਕ



ਦੀ ਵੱਖੀ ਮਲ ਕੇ ਉਸਦੀ ਚੋਭ ਕੱਢ ਦਿੰਦੀ। ਪੇਟ ਦੀ ਧਰਨ ਕਢਾਉਣ ਲਈ ਤਾਂ ਉਸ ਕੋਲ ਔਰਤਾਂ ਆਈਆਂ ਹੀ ਰਹਿੰਦੀਆਂ। ਇੱਕ ਨੁਸਖਾ ਉਸ ਕੋਲ ਨਿਰਾਸ ਕੁੜੀਆਂ ਦੀ ਆਸ ਬੰਨ੍ਹਉਣ ਦਾ ਸੀ। ਮੈਨੂੰ ਉਹ ਖੇਤਾਂ 'ਚੋਂ ਮੋਰ ਦੇ ਖੰਭ ਲਿਆ ਕੇ ਦੇਣ ਨੂੰ ਆਖਦੀ ਤੇ ਹੱਟੀ ਤੋਂ ਕੁੱਜਾ ਮਿਸਰੀ ਮੰਗਵਾਉਂਦੀ। ਤਿੰਨ ਪੁੜੀਆਂ ਦੇ ਕੇ ਉਹ ਆਖਦੀ, "ਲੈ ਕੁੜੇ ਅਗਲੇ ਸਾਲ ਲੋਹੜੀ ਪੱਕੀ।" ਬੇਬੇ ਦੀਆਂ ਅਜਿਹੀਆਂ ਲੋਹੜੀਆਂ ਦਾ ਮਿੱਠਾ ਮੈਂ ਆਪ ਖਾਧਾ ਹੈ।

ਬੇਬੇ ਨੂੰ ਮੈਂ ਕਦੇ ਬਿਮਾਰ ਨਹੀਂ ਦੇਖਿਆ। ਕਦੇ ਢਿੱਲੀ ਮੱਠੀ ਹੋਵੇ ਤਾਂ ਲੌਂਗ ਲੈਂਚੀ ਵਾਲੀ ਚਾਹ ਪੀ ਕੇ ਕੱਪੜਾ ਲੈ ਕੇ ਗਰਮੀ ਲੈ ਲੈਂਦੀ। ਫਿਰ ਉੱਠ ਕੇ ਮੁਸਕਰਾਉਂਦੀ ਆਖਦੀ, ਲੈ ਕੁੜੇ ਸਰੀਰ ਖੁੱਲ੍ਹ ਗਿਆ।" ਦਾੜ੍ਹ ਦੀ ਤਕਲੀਫ਼ ਉਹ ਲੌਂਗ ਜਾਂ ਪਾਨ ਦੀ ਜੜ੍ਹ ਚੱਬ ਕੇ ਠੀਕ ਕਰ ਲੈਂਦੀ ਹੈ। ਸ਼ਾਇਦ ਹੁਣ ਉਸਦੇ ਮੂੰਹ 'ਚ ਬਹੁਤੇ ਦੰਦ ਜਾੜ੍ਹ ਨਹੀਂ ਰਹੇ ਪਰੰਤੂ ਉਹ ਕਦੇ ਦੰਦਾਂ ਦੇ ਡਾਕਟਰ ਕੋਲ ਨਹੀਂ ਗਈ। ਬੰਦ ਮੂੰਹ ਵਾਲੇ ਫੋੜੇ 'ਤੇ ਉਹ ਪੱਥਰ ਚੱਟ ਬੰਨ੍ਹਾ ਦਿੰਦੀ ਹੈ। ਫੋੜੇ ਫਿਨਸੀ ਲਈ ਨਿੰਮ ਦੇ ਪੱਤਿਆਂ ਨੂੰ ਸਰੋਂ, ਦੇ ਤੇਲ 'ਚ ਸਾੜ ਕੇ ਦਵਾਈ ਬਣਾ ਰੱਖਦੀ ਸੀ। ਗੁੱਝੀ ਸੱਟ ਲਈ ਫਟਕੜੀ ਦੀ ਟਕੋਰ ਤੇ ਵਿਸ਼ਵਾਸ ਕਰਦੀ ਸੀ। ਕੋਈ ਧੀ ਭੈਣ ਜਾਂ ਬਹੂ ਪੇਟ ਦੀ ਸ਼ਿਕਾਇਤ ਕਰਦੀ ਤਾਂ ਉਹ ਆਖਦੀ, 'ਜਾਹ ਨੀ ਜਮੈਣ ਦੀ ਤਲੀ ਪਾਣੀ ਨਾਲ ਲੈ ਲਾ। ਮੂੰਹ ਜਿਹਾ ਬਣਾਈ ਬੈਠੀ ਐਂ।"

ਬੇਬੇ ਬਹੁਤ ਨਰਮ ਦਿਲ ਹੈ। ਉਹ ਨਾ ਕਿਸੇ ਨਾਲ ਉੱਚਾ ਬੋਲ ਸਕਦੀ ਹੈ ਨਾ ਹੀ ਲੜ ਭਿੜ ਸਕਦੀ ਹੈ। ਜਿਨ੍ਹਾਂ ਚਿਰ ਬੇਬੇ 'ਚ ਦਮ ਸੀ, ਉਹਨੇ ਕੰਮ ਕੀਤਾ। ਜਦ ਮੈਂ ਨੌਕਰੀ 'ਤੇ ਪੱਕੇ ਪੈਰੀਂ ਹੋ ਗਿਆ ਤਾਂ ਮੈਂ ਇਹ ਕਹਿ ਕੇ ਬੇਬੇ ਬਾਪੂ ਨੂੰ ਰਿਟਾਇਰ ਕਰ ਦਿੱਤਾ, "ਬਹੁਤ ਕਰ ਲਿਆ ਬੇਬੇ ਕੰਮ ਤੁਸੀਂ ਹੁਣ ਸਾਡੀ ਵਾਰੀ ਆ।" ਜੀਵਨ ਵਿੱਚ ਕਾਮਯਾਬੀ ਦੇ ਸਰੋਕਾਰ ਉਸਦੇ ਖ਼ੂਨ 'ਚ ਸਨ। ਬਹੁਤ ਹੀ ਸੀਮਿਤ ਸਾਧਨਾ ਨਾਲ ਉਸਨੇ ਤਿੰਨ ਪੁੱਤਰ ਤੇ ਤਿੰਨ ਧੀਆਂ ਵਿਆਹ ਕੇ ਧੀਆਂ ਦੀ ਕਬੀਲਦਾਰੀ ਵੀ ਨਜਿੱਠੀ ਅੱਜ ਪੜੋਤੇ ਪੜ ਦੋਹਤੇ ਖਿਡਾ ਰਹੀ ਬੇਬੇ ਦੂਰੋਂ ਹੀ ਮੈਨੂੰ ਘਰ ਵੱਲ ਆਉਂਦਾ ਦੇਖ ਕੇ ਆਖਦੀ ਹੈ, "ਆਹ ਤਾਂ ਚੰਦ ਚੜ੍ਹ ਗਿਆ... ਨੀ ਆਹ ਤਾਂ ਚੰਦ ਚੜ੍ਹ ਗਿਆ। ਉਸ ਦੀਆਂ ਅੱਖਾਂ ਸਾਹਮਣੇ ਉਸਦੀ ਤੀਜੀ ਫਸਲ ਲਹਿ ਲਹਾ ਰਹੀ ਹੈ। ਉਸਦੇ ਇੱਕ ਤੋਂ ਅਨੇਕ ਹੋਣ ਦਾ ਨੁਸਖਾ ਉਸਦਾ ਸਹਿਜ ਮਤਾ ਹੈ। ਅੱਜ ਮੈਂ ਸੋਚਦਾ ਹਾਂ ਬੇਬੇ ਜੇ ਕਦੇ ਡੱਬਲੀ ਪੈਸਿਆਂ ਦਾ ਖ਼ਜ਼ਾਨਾ ਹੁੰਦੀ ਅੱਜ ਆਪਣੇ ਕਟੁੰਬ ਲਈ ਅਸੀਸਾਂ ਦਾ ਸਾਗਰ ਹੈ।


ਪਤਾ: 687, ਐਫ, ਸੈਕਟਰ-68, ਮੁਹਾਲੀ-160062, ਮੁਬਾਇਲ-98555-65150

ਅਦਨਾ ਇਨਸਾਨ, ਅੰਨ੍ਹੀ ਥੇਹ, ਸਬੂਤੇ ਕਦਮ, ਟੁਟਦੇ ਬਣਦੇ ਰਿਸ਼ਤੇ, ਮਾਸ ਖੋਰੇ ਵਰਗੇ ਚਰਚਿਤ ਕਹਾਣੀ ਸੰਗ੍ਰਹਿ ਤੋਂ ਬਾਅਦ ਕਹਾਣੀਕਾਰ ਅਤਰਜੀਤ ਦੀ ਪੜ੍ਹਨਯੋਗ ਤੇ ਸਮਾਜ ਨੂੰ ਸਮਝਣਯੋਗ ਸਵੈ ਜੀਵਨ

**ਅੱਕ ਦਾ ਦੁੱਧ**

*ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ*

*ਮੁੱਲ :150, ਪੰਨੇ :240*



## ਮਾਰੂਥਲ ਦਾ ਸਫ਼ਰ / ਲਕਸ਼ਮੀ ਨਰਾਇਣ ਭੀਖੀ

ਮੇਰੀ ਮਾਂ ਨੇ ਤਾਂ ਅਣਚਾਹਿਆ ਪਰਵਾਸ ਭੋਗਿਆ ਹੈ, ਉਹ ਨਾ ਪੇਕਿਆਂ ਨੂੰ ਛੱਡਣਾ ਚਾਹੁੰਦੀ ਸੀ ਨਾ ਹੀ ਸਹੁਰਾ ਪਰਿਵਾਰ। ਮੇਰੇ ਤਾਏ ਦਾ ਸਤਾਇਆ ਹੋਇਆ ਮੇਰਾ ਪਿਤਾ ਵਿਆਹ ਤੋਂ ਪਹਿਲਾਂ ਹੀ ਤਿੰਨ ਹਮਜੋਲੀਆਂ ਨਾਲ ਪੰਜਾਬ ਭੱਜ ਆਇਆ ਸੀ, ਜਦੋਂ ਕੁਝ ਵਰ੍ਹਿਆਂ ਬਾਅਦ ਵਾਪਸ ਗਿਆ ਤਾਂ ਸਾਰਿਆਂ ਨੇ ਸਕੀਮ ਬਣਾ ਕੇ ਉਸਦਾ ਵਿਆਹ ਕਰ ਦਿੱਤਾ ਤਾਂ ਕਿ ਮੇਰਾ ਪਿਤਾ ਟਿਕਿਆ ਰਹੇ, ਬੱਸ ਸਵਾ ਡੇਢ ਕੁ ਸਾਲ ਮਸਾ ਟਿਕਿਆ ਹੋਵੇਗਾ ਕਿ ਮੇਰੇ ਜਨਮ ਸਮੇਂ ਤਾਏ ਨਾਲ ਪੰਗਾ ਪੈ ਗਿਆ ਕਿਉਂਕਿ ਮਾਂ ਨੂੰ ਜਣੇਪੇ ਵਿਚ ਚੰਗੀ ਖੁਰਾਕ ਖਾਣ ਦੀ ਬਜਾਏ ਮੱਕੀ ਦੀ ਰੋਟੀ ਹੀ ਖਾਣੀ ਪਈ, ਦੁੱਧ ਘਿਓ ਦੀ ਗੱਲ ਤਾਂ ਦੂਰ ਰਹੀ, ਪਿਤਾ ਨੇ ਤਾਏ ਦੇ ਸ਼ੋਸ਼ਣ ਤੋਂ ਤੰਗ ਆ ਕੇ ਪੰਜਾਬ ਜਾਣ ਦੀ ਠਾਣ ਹੀ ਲਈ। ਤਾਏ ਨੇ ਪਿਤਾ ਤੇ ਰੋਹਬ ਪਵਾਉਣ ਲਈ ਮਾਮੇ ਵੀ ਬੁਲਾ ਲਏ। ਪਰ ਪਿਤਾ ਨੇ ਮਾਮਿਆਂ ਦੀ ਵੀ ਨਾ ਮੰਨੀ। ਮਾਮਿਆਂ ਮਾਂ ਨੂੰ ਆਖਿਆ ਕਿ ਜੇਕਰ ਨਾਲ ਜਾਏਗੀ ਤਾਂ ਸਾਡੇ ਬੰਨੀਓ ਤੂੰ ਮਰ ਗੀ। ਇਸ ਦਵੰਦ 'ਚੋਂ ਨਿਕਲਣ ਲਈ ਮਾਂ ਨੂੰ ਪਿਤਾ ਦੀ ਜ਼ਿੱਦ ਅੱਗੇ ਝੁਕਣਾ ਪਿਆ, ਉਸਨੂੰ ਪਤਾ ਸੀ, ਕਿ ਮੇਰੇ ਪਿਤਾ ਦੇ ਜਾਣ ਪਿੱਛੋਂ ਖਾਏਗੀ ਕੀ ਤੇ ਪੀਵੇਗੀ ਕੀ। ਇਕ ਕੱਚਾ ਮਕਾਨ ਸੀ ਉਹ ਵੀ ਡਿੱਗ ਪਿਆ ਸੀ ਤੇ ਰਹੇਗੀ ਕਿੱਥੇ? ਮੈਂ ਸਵਾ ਕੁ ਮਹੀਨੇ ਦਾ ਸੀ ਜਦੋਂ ਮਾਂ ਨੂੰ ਮਜ਼ਬੂਰਨ ਉਤਰ ਪ੍ਰਦੇਸ਼ ਤੋਂ ਪੰਜਾਬ ਆਉਣਾ ਪਿਆ। ਅਣਇੱਛਤ ਪਰਵਾਸ ਭੋਗਣ।

ਪੰਜਾਬ ਆ ਕੇ ਮੇਰੀ ਮਾਂ ਮਾਮਿਆਂ ਨੂੰ ਬਹੁਤ ਯਾਦ ਕਰਦੀ ਉਹਨਾਂ ਦੀਆਂ ਸਿਫ਼ਤਾਂ ਕਰਦੀ, ਗੁਆਂਢੀਆਂ ਤੋਂ ਚਿੱਠੀਆਂ ਪਵਾਉਂਦੀ, ਆਉਣ ਦੀ ਬੇਨਤੀ ਕਰਦੀ। ਪਰ ਮਾਮੇ ਕਦੀ ਵੀ ਆਏ ਨਾ। ਮਾਂ ਬਿਮਾਰ ਰਹੀ, ਪਿਤਾ ਬਿਮਾਰ ਹੋਇਆ ਘਰ 'ਚ ਗਰੀਬੀ ਪਸਰੀ ਰਹੀ, ਉਨ੍ਹਾਂ ਕਦੇ ਸਾਰ ਨਾ ਲਈ, ਮੇਰੀ ਮਾਂ ਨੇ ਲੰਮਾ ਸਮਾਂ ਝੁੱਗੀਆਂ 'ਚ ਬਤੀਤ ਕੀਤਾ। ਮਾਂ ਨੇ ਗਰੀਬੀ ਨਾਲ ਲੜਾਈ ਲੜੀ। ਮੇਰਾ ਪਿਤਾ ਇਕ ਦੋ ਸਾਲ ਬਾਅਦ ਪਿੰਡ ਜਾ ਆਉਂਦਾ, ਮੇਰੀ ਮਾਂ ਨੂੰ ਪੇਕੀਂ ਘੁਮਾ ਲਿਆਉਂਦਾ, ਤਾਂ ਕਿ ਮਾਮੇ ਮੰਨ ਜਾਣ। ਪਰ ਮਾਮੇ ਕਦੇ ਵੀ ਨਾ ਮੰਨੇ। ਪਿਤਾ ਜੀ ਦੀ 1988 'ਚ ਮੌਤ ਹੋ ਗਈ। ਮਾਮੇ ਫੇਰ ਵੀ ਨਾ ਆਏ। ਅਸੀਂ ਮਾਂ ਨੂੰ ਮਾਮਿਆਂ ਬਾਰੇ ਮੇਹਣੇ ਵੀ ਮਾਰਦੇ, ਉਸਨੂੰ ਪੇਕੇ ਜਾਣ ਤੋਂ ਵੀ ਰੋਕਦੇ, ਪਰ ਉਹ ਰੁਕਦੀ ਨਾ ਕਿਵੇਂ ਨਾ ਕਿਵੇਂ, ਜਾਂ ਮੇਰੀ ਪਤਨੀ ਤੋਂ ਦਬਾਓ ਪਾ ਕੇ ਉਹ ਪੇਕੇ ਜਾ ਹੀ ਆਉਂਦੀ।

ਮਾਂ ਨੂੰ ਸਹੁਰਾ ਪਿੰਡ ਅਤੇ ਪੇਕੇ ਪਿੰਡ ਤਾਂ ਅਣਚਾਹਿਆਂ ਹੀ ਛੱਡਣਾ ਪਿਆ ਸੀ ਲੇਕਿਨ ਉਸਨੇ ਕਦੇ ਵੀ ਮਾਤ ਭਾਸ਼ਾ ਹਿੰਦੀ ਨੂੰ ਨਹੀਂ ਛੱਡਿਆ। ਉਤਰ ਪ੍ਰਦੇਸ਼ੀ ਪਹਿਰਾਵਾ ਨਹੀਂ ਤਿਆਗਿਆ। ਉਹ ਆਸੇ ਪਾਸੇ ਕਿਤੇ ਵਿਆਹ ਹੁੰਦਾ, ਤਾਂ ਹਮਕਲਚਰ ਔਰਤਾਂ ਨਾਲ ਮਿਲਕੇ ਗੀਤ ਗਾਉਂਦੀ। ਭਾਵੇਂ ਹੁਣ ਮਾਂ ਪੰਜਾਬੀ ਪੂਰੀ ਤਰ੍ਹਾਂ ਬੋਲ ਲੈਂਦੀ ਹੈ, ਫੇਰ ਵੀ ਉਸਨੇ ਮਾਤ ਭੂਮੀ ਅਤੇ ਮਾਤ ਭਾਸ਼ਾ ਨੂੰ ਭੁਲਾਇਆ ਨਹੀਂ। ਬਹੁਤਿਆਂ ਨੇ ਕਿਹਾ, ਕਿ ਮਾਤਾ ਜੀ ਤੁਹਾਡਾ ਸਾਰਾ ਪਰਿਵਾਰ ਪੰਜਾਬੀ ਬਣ ਚੁੱਕਿਐ, ਤੁਸੀਂ ਵੀ ਹੁਣ ਪੰਜਾਬੀ ਪਹਿਰਾਵਾ ਪਾਇਆ ਕਰੋ, ਪਰ ਮਾਂ ਨੇ ਕਿਸੇ ਦਾ ਦਬਾਓ ਨਹੀਂ ਮੰਨਿਆ। ਨਾ ਹੀ ਕਦੇ ਸਾਡੇ ਤੇ ਪਹਿਰਾਵੇ ਜਾ ਭਾਸ਼ਾ ਪ੍ਰਤੀ ਦਬਾਓ ਪਾਇਆ। ਇਸ ਪੱਖੋਂ ਮੈਨੂੰ ਮਾਂ ਦੀ ਪ੍ਰਤੀਬੱਧਤਾ, ਅਤੇ ਜਮਹੂਰੀਅਤ ਚੰਗੀ ਲੱਗਦੀ ਹੈ।

ਪਿਤਾ, ਪੰਜਾਬ ਆਉਣ ਤੋਂ ਦੋ ਤਿੰਨ ਸਾਲ ਬਾਅਦ ਸਰਕਾਰੀ ਗਰਲਜ਼ ਸਕੂਲ ਦੇ ਕੋਲ ਜੈਲਦਾਰਾਂ ਦੇ ਖੇਤ 'ਚ ਝੁੱਗੀ ਪਾ ਕੇ ਰਹਿਣ ਲੱਗਾ। ਉਹਨਾਂ ਦੇ ਖੇਤ 'ਚ ਸਬਜ਼ੀ ਬੀਜਦਾ, ਸਬਜੀ ਵੇਚਦਾ। ਮਾਂ ਸਕੂਲ ਦੀਆਂ ਮਾਸਟਨੀਆਂ ਨੂੰ ਸਬਜ਼ੀ ਖਵਾਉਂਦੀ। ਉਨ੍ਹਾਂ ਦੀਆਂ ਤਰੀਫ਼ਾ ਕਰਦੀ। ਤੇ ਮੈਨੂੰ ਪੜ੍ਹਾਉਣ ਵਾਸਤੇ ਮਾਸਟਰਨੀਆਂ ਨੂੰ ਬੇਨਤੀ ਕਰਦੀ, ਮਾਸਟਰਨੀਆਂ ਆਖਦੀਆਂ ਤੇਰਾ ਪੁੱਤ ਨਲਾਇਕ ਐ, ਇਹਨੂੰ ਕੋਈ ਦੁਨੀਆਂ ਦੇ ਤਖਤੇ ਤੇ ਪੜ੍ਹਾ ਨੀ ਸਕਦਾ। ਕਿਉਂ ਸਾਡਾ ਸਿਰ ਖਾਨੀ ਐ, ਤੇ ਕਿਉਂ ਸਾਨੂੰ ਸਬਜ਼ੀ



ਖਵਾਉਨੀ ਏ। ਮਾਂ ਮੇਰੇ ਪੜ੍ਹਨ ਪਿਛੇ ਚਿੰਤਤ ਸੀ, ਪਿਤਾ ਨੇ ਬਹੁਤ ਕਿਹਾ ਇਹ ਨੀ ਪੜ੍ਹ ਸਕਦਾ, ਫੇਰ ਮਾਂ ਦੇ ਕਹਿਣ ਤੇ ਮੈਨੂੰ ਵੱਡੇ ਸਕੂਲ (ਮੁੰਡਿਆਂ ਵਾਲੇ ਸਕੂਲ) ਭੀਖੀ ਦਾਖਲ ਕਰਵਾਇਆ। ਹੌਲੀ ਹੌਲੀ ਮੈਂ ਪੜ੍ਹਨ 'ਚ ਰੁੜ੍ਹ ਪਿਆ, ਮਾਂ ਨੂੰ ਖੁਸ਼ੀ ਹੁੰਦੀ। ਤੇ ਜਦੋਂ ਮੈਂ ਐਮ. ਏ. ਦਾ ਦਾਖਲਾ ਭਰਨਾ ਚਾਹਿਆ। ਮਾਂ ਨੇ ਕਿਹਾ ਬੱਸ ਕਰ ਰਹਿਣ ਦੇ, ਕਿਉਂ ਅੱਖਾਂ ਗਾਲ਼ਦੈ, ਬਹੁਤ ਪੜ੍ਹ ਲਿਆ, ਪੜ੍ਹਕੇ ਕਿਹੜਾ ਮਿਡਲ ਪਾਸ ਹੋ ਜੇ ਗਾ। ਮਾਂ ਨੂੰ ਪਤਾ ਨਹੀਂ ਸੀ ਕਿ ਮਿਡਲ ਕੀ ਹੁੰਦੀ ਐ। ਇਕ ਵਾਰ ਡਾ. ਜਸਵਿੰਦਰ ਸਿੰਘ ਪਿੰਡ ਗਏ ਤਾਂ ਮਾਤਾ ਜੀ ਨੂੰ ਕਿਹਾ ਮਾਤਾ ਜੀ ਤੁਹਾਡੀ ਹਿੰਮਤ ਕਰਕੇ ਲਕਸ਼ਮੀ ਪੀਐੱਚ. ਡੀ. ਕਰ ਗਿਆ। ਮਾਂ ਪਿਓ ਦੇ ਸਹਿਯੋਗ ਤੋਂ ਬਿਨ੍ਹਾਂ ਬੱਚਿਆਂ ਦਾ ਪੜ੍ਹਨਾ ਤਾਂ ਬਹੁਤ ਮੁਸ਼ਕਲ ਐ।" ਮਾਤਾ ਦਾ ਜਵਾਬ ਸੀ ਕਿ "ਚੰਗਾ ਕੀਤਾ ਕਿ ਤੁਸੀਂ ਮੇਰੇ ਅਨਪੜ੍ਹ ਪੁੱਤ ਨੂੰ ਪੜਾਤਾ, ਐਹਨੂੰ ਪੜਾਉਣ ਲਈ ਤਾਂ ਕੋਈ ਤਿਆਰ ਨਹੀਂ ਸੀ।"

ਕਿਸੇ ਦੋਸਤ ਨੇ ਕਿਹਾ ਕਿ ਮਾਤਾ ਹੁਣ ਤਾਂ ਤੇਰਾ ਪੁੱਤ ਡਾਕਟਰ ਬਣ ਗਿਆ, ਮਾਂ ਕਹਿੰਦੀ, "ਬਣ ਗਿਆ ਹੋਊ, ਮੇਰੇ ਹੱਡ ਗੋਡਿਆਂ ਦਾ ਉਹੀ ਹਾਲ ਐ। ਦੁਖਦੇ ਰਹਿੰਦੇ ਨੇ। ਇਹ ਜਿਓਂ ਜਿਉਂ ਪੜ੍ਹੀ ਜਾਂਦੈ ਅਕਲ ਏਹਦੀ ਘੱਟੀ ਜਾਂਦੀ ਐ। ਮੈਂ ਕੀ ਕਰਾ ਏਹਦੀ ਪੜ੍ਹਾਈ ਨੂੰ, ਪੜ੍ਹ ਕੇ ਕਿਹੜਾ ਇਹ ਪੜ੍ਹਾਕੂ ਬਣ ਜੂ।" ਹੁਣ ਜਦੋਂ ਅਸੀਂ ਪੜ੍ਹ ਕੇ ਨੌਕਰੀਆਂ ਤੇ ਲੱਗ ਗਏ ਹਾਂ ਤਾਂ ਕਸ਼ਟ ਝੱਲ ਕੇ ਸੁੱਖਾਂ ਸੁਖ ਕੇ ਪੜਾਉਣ ਵਾਲੀ ਮਾਂ ਆਖਦੀ ਕਿ 'ਜੇ ਮੈਨੂੰ ਪਤਾ ਹੁੰਦਾ ਵੀ ਤੁਸੀਂ ਪੜ੍ਹ ਲਿਖ ਕੇ ਨੌਕਰੀਆਂ ਲੱਗ ਕੇ ਦੂਰ ਦੂਰ ਚਲੇ ਜਾਓਗੇ। ਤਾਂ ਮੈਂ ਥੋਨੂੰ ਪੜ੍ਹਾਉਂਦੀ ਨਾ। ਤਾਂ ਮੈਨੂੰ ਲੱਗਿਆ ਕਿ ਬੱਚਿਆ ਨੂੰ ਕੋਲ ਕੋਲ ਰੱਖਣ ਦੀ ਮਾਂ ਦੀ ਇੱਛਾ ਕਿੰਨੀ ਪ੍ਰਬਲ ਹੁੰਦੀ ਐ। ਮਾਂ ਦੀਆਂ ਦੋ ਇਛਾਵਾਂ ਨੇ ਇਕ ਤਾਂ ਅਸੀਂ ਉਹਦੇ ਕੋਲ ਕੋਲ ਰਹੀਏ। ਦੂਜਾ ਤਿੰਨੇ ਭਾਈ (ਮੈਂ+ਕਪੂਰ ਚੰਦ ਤੇ ਸਤਪਾਲ) ਇਕੱਠੇ ਰਹੀਏ। ਉਸ ਕਰਕੇ ਜਦੋਂ ਵੀ ਪਿੰਡ (ਭੀਖੀ) ਕੋਈ ਖੜਕਾ ਦੜਕਾ ਹੁੰਦੈ, ਤੁਰੰਤ ਦੱਸੂ, ਜਲਦੀ ਆ ਜਾ ਦੋਹੇਂ ਭਾਈ ਕਿਤੇ ਕਿਤੇ ਪੀ ਕੇ ਆ ਜਾਂਦੈ। ਤੇਰੀਆਂ ਦੋਵੇਂ ਭਰਜਾਈਆਂ ਨਿੰਦੀ ਤੇ ਸਰਬਤੀ ਲੜ ਪੈਂਦੀਆ। ਆ ਕੇ ਥੋੜਾ ਜਾ ਸਮਝਾ ਜੀ ਦੋਹਾਂ ਨੂੰ।"

ਮਾਂ ਨੇ ਵਿਚਕਾਰਲੀ ਨੂੰਹ ਸਰਬਤੀ ਨੂੰ ਤਾਂ ਕਦੇ ਕੁਸ਼ਕਣ ਨੀ ਦਿੱਤਾ। ਛੋਟੀ ਨਰਿੰਦਰ ਤੇ ਵੱਡੀ ਦਰਸ਼ਨ ਕਦੇ ਉਸ ਦੀ ਪਕੜ 'ਚ ਨਹੀਂ ਆਈਆਂ। ਉਹ ਪੜ੍ਹੀਆਂ ਲਿਖੀਆਂ ਹੋਣ ਕਰਕੇ ਮਾਂ ਨਾਲ ਮਿੱਠੀਆਂ ਪਿਆਰੀਆਂ ਹੋ ਜਾਂਦੀਆਂ, ਦੂਰ ਰਹਿਣ ਕਰਕੇ ਮਾਂ ਨੇ ਇਹਨਾਂ ਨੂੰ ਕਦੇ ਦਬਾਇਆ ਵੀ ਨੀ। ਪਰ ਕਦੇ ਦੋਵਾਂ ਤੋਂ ਦੱਬੀ ਵੀ ਨਹੀਂ। ਮੌਕੇ ਆਉਣ ਤੇ ਗੁੱਸੇ 'ਚ ਆਖਦੀ ਐ ਕਿ 'ਅਜੇ ਤਾਂ ਮੇਰੇ ਹੱਥ ਪੈਰ ਚੱਲਦੇ ਨੇ, ਮੈਂ ਆਪ ਕਮਾ ਕੇ ਖਾ ਸਕਦੀ ਆ। ਮੇਰੀ ਬੁਢਾਪਾ ਪੈਨਸ਼ਨ ਆ। ਮੈਂ ਲੋਕਾਂ 'ਚ ਰੌਲਾ ਪਾ ਕੇ ਖਰਚਾ ਬੰਨ੍ਹਾਂ ਲੂੰ। ਥੋਡੇ ਖ਼ਿਲਾਫ਼ ਸਟੇਜ ਤੋਂ ਬੋਲਦੂ। ਬਣੇ ਫਿਰਦੇ ਨੇ ਵੱਡੇ ਕਾਂਗਰੇਡ। ਮਾਂ ਨੇ ਸਟੇਜਾਂ ਤੋਂ ਸਾਡੇ ਖ਼ਿਲਾਫ਼ ਬੋਲਣ ਦੀ ਅਨੇਕਾਂ ਵਾਰ ਧਮਕੀ ਦਿੱਤੀ, ਪਰ ਸਾਡੇ ਖ਼ਿਲਾਫ਼ ਕਦੇ ਬੋਲੀ ਨਾ।

ਮਾਂ ਜਦੋਂ ਸਾਡੇ ਨਾਲ ਗੁੱਸੇ ਹੁੰਦੀ ਤਾਂ ਆਖਦੀ "ਥੋਡਾ ਕੋਈ ਵੀ ਆ ਜੇ ਮੈਂ ਨੀ ਚਾਹ ਪਿਆਉਣੀ। ਨਾ ਕਿਸੇ ਲਈ ਰੋਟੀ ਬਣਾਵਾਂ, ਆਪੇ ਬਣਾਇਓ, ਆਪੇ ਖਾਇਓ। ਮੈਂ ਠੇਕਾ ਨੀਂ ਲਿਆ ਸਾਰਿਆਂ ਦਾ।"

ਪਰ ਜਦੋਂ ਕੋਈ ਦੋਸਤ ਆ ਜਾਂਦਾ, ਤਾਂ ਝੱਟ ਚਾਹ ਪਾਣੀ ਲੈ ਆਉਂਦੀ। ਮੇਰੇ ਗਲ਼ ਮਾਂ ਨੂੰ ਪਵਾਉਣ ਵਾਲੇ ਮਿੱਤਰ ਮੇਰੀ ਨਿੰਦਿਆਂ ਕਰਦੇ ਤਾਂ ਮਾਂ ਖੁਸ਼ ਹੋ ਜਾਂਦੀ। ਮੇਰੇ ਕੁਝ ਚੰਗੇ ਮਿੱਤਰਾਂ ਨੂੰ ਮਾਂ ਅਜੇ ਵੀ ਯਾਦ ਕਰਦੀ ਐ। ਆਖਦੀ ਬਹੁਤ ਚਿਰ ਹੋ ਗਿਆ ਨਾ ਨਿੰਦੀ ਆਇਐ, ਨਾ ਜੁਗਰਾਜ ਧੌਲਾ। ਜਦੋਂ ਦਾ ਤੂੰ ਪਟਿਆਲੇ ਗਿਐ ਗੁਰਦਾਸ ਘਾਰੂ ਤੇ ਜੱਸ ਵੀ ਨੀ ਆਇਆ। ਉਹ ਪਵਨ ਪਵਨ (ਪਰਿੰਦਾ) ਤੇ ਰਾਹੀ (ਰਾਜਿੰਦਰ ਰਾਹੀ) ਨੇ ਵਿਆਹ ਤੋਂ ਬਾਅਦ ਕਦੇ ਪੈਰ ਨੀ ਪਾਇਆ।

ਮਾਂ ਦੀ ਕਈ ਕੰਮਾਂ 'ਚ ਮੁਹਾਰਤ ਐ। ਉਸ ਵਰਗੀਆਂ ਪਾਣੀ ਹੱਥੀਆਂ ਰੋਟੀਆਂ ਉਸ ਦੀਆਂ ਤਿੰਨੇ ਨੂੰਹਾਂ 'ਚੋਂ ਕੋਈ ਵੀ ਨੀ ਬਣਾ ਸਕਦੀ। ਘਰ 'ਚ ਅੰਤਾਂ ਦੀ ਗਰੀਬੀ ਰਹੀ, ਪਰ ਘਰੋਂ ਰੋਟੀ ਖਾਧੇ ਤੋਂ ਬਿਨਾ ਕੋਈ ਵੀ ਨਹੀਂ ਗਿਆ। ਮੈਨੂੰ ਲੱਗਦੈ ਇਹ ਮਾਂ ਦਾ ਹੀ ਪ੍ਰਤਾਪ ਹੈ, ਜਿਸ ਕਰਕੇ ਸਾਨੂੰ ਤਿੰਨੇ ਭਾਈਆਂ ਨੂੰ

ਸਰਕਾਰੀ ਰੋਟੀ ਨਸੀਬ ਹੋਈ ਹੈ। ਇਕ ਦਿਨ ਅੱਧੀ ਛੁੱਟੀ ਮੈਂ ਰੋਟੀ ਖਾਣ ਘਰ ਆਇਆ, ਘਰ ਆਟਾ ਨਾ ਹੋਣ ਕਰਕੇ ਰੋਟੀ ਪੱਕੀ ਨਹੀਂ ਸੀ, ਮੈਂ ਭੁੱਖਣ ਭਾਣਾ ਹੀ ਵਾਪਸ ਸਕੂਲ ਪਰਤ ਗਿਆ। ਮਾਂ ਮੇਰੇ ਤੋਂ ਵੀ ਵੱਧ ਦੁਖੀ ਸੀ। ਕਿਉਂ ਜੋ ਮਾਂ ਨੂੰ ਬੱਚੇ ਦੀ ਭੁੱਖ ਦਾ ਪਤਾ ਹੁੰਦੈ। ਫੇਰ ਪਤਾ ਨਹੀਂ ਮਾਂ ਨੇ ਕਿੱਥੋਂ ਉਧਾਰ ਆਟਾ ਲਿਆ ਕੇ, ਮੇਰੇ ਲਈ ਰੋਟੀ ਬਣਾਈ ਤੇ ਸਕੂਲ 'ਚ ਲੈ ਆਈ, ਪ੍ਰੰਤੂ ਜਦੋਂ ਤੀਕ ਮਾਂ ਸਕੂਲ 'ਚ ਰੋਟੀ ਲੈ ਕੇ ਆਈ, ਉਸ ਵੇਲੇ ਤੀਕ ਸਕੂਲ 'ਚ ਸਾਰੀ ਛੁੱਟੀ ਹੋ ਚੁੱਕੀ ਸੀ। ਪ੍ਰੰਤੂ ਉਹ ਅਜਿਹਾ ਬੇਬਸੀ ਵਾਲਾ ਦ੍ਰਿਸ਼ ਸੀ ਮਾਂ ਤੋਂ ਮੇਰੀ ਹਾਲਤ ਦੇਖੀ ਨਹੀਂ ਜਾ ਰਹੀ ਤੇ ਉਹ ਦ੍ਰਿਸ਼ ਮੈਂ ਅੱਜ ਤੀਕ ਵੀ ਭੁੱਲਾ ਨਹੀਂ ਸਕਿਆ ਹਾਂ। ਹੁਣ ਵੀ ਉਹ ਦ੍ਰਿਸ਼ ਯਾਦ ਕਰਕੇ ਮੇਰਾ ਗੱਚ ਭਰ ਆਉਂਦਾ ਹੈ।

ਮਾਂ ਨੇ ਸਾਡੇ ਭੈਣ ਭਰਾਵਾਂ ਲਈ ਬਹੁਤ ਮੁਸੀਬਤਾਂ ਝੱਲੀਆਂ ਹਨ। ਕਦੇ ਮਹਿੰਗੇ ਕਪੜੇ ਨਹੀਂ ਪਾਏ। ਘਰ ਦੇ ਹਾਲਾਤ ਭਾਵੇਂ ਕਿਹੋ ਜਿਹੇ ਵੀ ਰਹੇ ਇਕ ਤਾਂ ਉਸਨੇ ਕਿਸੇ ਦੇ ਲਾਹੇ ਹੋਏ ਕੱਪੜੇ ਨਹੀਂ ਪਾਏ, ਦੂਜਾ ਟਾਕੀਆਂ ਵਾਲੇ ਕਪੜੇ ਨਹੀਂ ਪਹਿਨੇ। ਉਹ ਜਦੋਂ ਵੀ ਸਾਡੇ ਲਈ ਕੱਪੜੇ ਲਿਆਉਂਦੀ ਤਾਂ ਸਰਕਾਰੀ ਡੀਪੂ ਤੋਂ ਹੀ ਕਪੜੇ ਲਿਆਉਂਦੀ। ਸਾਰਾ ਹੀ ਪਰਿਵਾਰ ਡੀਪੂ ਤੋਂ ਲਿਆਂਦੇ ਹੋਏ ਸਸਤੇ ਕਪੜੇ ਹੀ ਸਿਲਾਈ ਕਰਾਉਂਦੇ। ਦੂਜੇ ਬੱਚਿਆਂ ਦੇ ਨਵੇਂ ਤੋਂ ਨਵੇਂ ਕਪੜੇ ਪਾਏ ਦੇਖ, ਮੈਂ ਇਕ ਦਿਨ ਮਾਂ ਨੂੰ ਕਿਹਾ, "ਮਾਂ ਗਰੀਬਾਂ ਨੂੰ ਸਕੂਲ 'ਚ ਸਰਕਾਰੀ ਵਰਦੀ ਮੁਫ਼ਤ ਦਿੰਦੇ ਆ, ਮੈਂ ਲੈ ਲਵਾ। ਉਸ ਨੇ ਕਿਹਾ, "ਨਹੀਂ ਤੈਂ ਨੀ ਲੈਣੀ।" ਮੈਂ ਮਾਂ ਦੇ ਕਹਿਣ ਤੇ ਵਰਦੀ ਨਹੀਂ ਸੀ ਲਈ। ਕਿਉਂਕਿ ਸਕੂਲ ਦੀ ਪ੍ਰਾਰਥਨਾ 'ਚ ਕਿਹਾ ਜਾਂਦਾ ਕਿ ਕਿਹੜੇ ਗਰੀਬ ਨੇ ਖੜੇ ਹੋ ਜੋ, ਫੇਰ ਨਾ ਲਿਖ ਕੇ ਵਰਦੀ ਦਿੱਤੀ ਜਾਂਦੀ। ਮਾਂ ਇਹ ਵੀ ਕਹਿੰਦੀ ਆਪਾ ਗਰੀਬ ਨੀ, ਆਪਣੇ ਦਿਨ ਮਾੜੇ ਨੇ, ਕਦੇ ਫਿਰ ਜਾਣਗੇ। ਇਕ ਦਿਨ ਮਾਂ ਨੂੰ ਸਕੂਲ 'ਚ ਚਪੜਾਸਣ ਲੱਗਣ ਦੀ ਪੇਸ਼ਕਸ਼ ਆਈ। ਸਕੂਲ 'ਚ ਟੱਲੀ ਵਜਾਉਣੀ ਸੀ, ਘੜਿਆ 'ਚ ਪਾਣੀ ਭਰਨਾ ਸੀ, ਅਧਿਆਪਕਾਵਾਂ ਨੂੰ ਪਾਣੀ ਪਿਲਾਉਣਾ ਸੀ, ਚਾਹ ਬਣਾਉਣੀ ਸੀ, ਪਰ ਪਿਤਾ ਨੇ ਆਪਣੇ ਅੰਦਾਜ਼ 'ਚ ਨਾਂਹ ਕਰ ਦਿੱਤੀ ਕਿ "ਨੌਂਕਰੀ ਐਂ ਨਾ ਕਰੀ ਗਰਜ਼ ਪਰ ਤਬ ਕਰੀ।' ਪਿਤਾ ਲਈ ਘਰਦੀ ਗਰੀਬੀ ਕੋਈ ਗਰਜ ਜਾ ਮਜ਼ਬੂਰੀ ਨਹੀਂ ਸੀ। ਪਿਤਾ 'ਚ ਇਹ ਵੀ ਖਾਸੀਅਤ ਸੀ, ਕਿ ਉਸਨੇ ਮਾਂ ਨੂੰ ਕਦੇ ਦਿਹਾੜੀ ਨਹੀਂ ਕਰਨ ਦਿੱਤੀ। ਮਾਂ ਨੇ ਪਿਤਾ ਨਾਲ ਖੇਤ 'ਚ ਖੂਬ ਕੰਮ ਕਰਾਇਆ, ਖੇਤਾਂ 'ਚ ਗੋਡੀ ਕੀਤੀ, ਸ਼ਬਜ਼ੀਆਂ ਤੁੜਵਾਈਆਂ। ਪਿਤਾ ਸਬਜ਼ੀ ਦੀ ਰੇਹੜੀ ਲਾਉਂਦਾ, ਮਾਂ ਨੇ ਪਹਿਲਾਂ ਮੂਲੀਆਂ ਗਾਜਰਾਂ, ਸ਼ਲਗਮ ਪੱਟਣੇ, ਫੇਰ ਧੋਣੇ, ਫੇਰ ਸਵੇਰੇ ਵੇਲੇ ਰੇਹੜੀ ਸਜ਼ਾਉਣੀ। ਇਸ ਕੰਮ ਕਾਜ 'ਚ ਮਾਂ ਰਾਤੀ ਦੇਰ ਰਾਤ ਨੂੰ ਸੌਂਦੀ ਤੇ ਸੁਵਖਤੇ ਹੀ ਜਾਗਦੀ। ਜਿਹੜੀ ਸਬਜ਼ੀ ਮੋਟੀ ਮੋਟੀ ਹੁੰਦੀ ਜਾਂ ਰੇਹੜੀ ਤੋਂ ਬੱਚ ਜਾਂਦੀ, ਮਾਂ ਅੱਧ ਮੁੱਲ ਵੇਚ ਦਿੰਦੀ ਜਾਂ ਫੇਰ ਲੋੜਵੰਦ ਨੂੰ ਮੁਫ਼ਤ ਦੇ ਦਿੰਦੀ। ਮੋਟੀਆਂ ਮੋਟੀਆਂ ਤੋਰੀਆਂ , ਮੋਟੇ ਮੋਟੇ ਕੱਦੂ ਜਦੋਂ ਆਪ ਧਰ ਲੈਂਦੀ, ਤਾਂ ਸਾਨੂੰ ਗੁੱਸਾ ਆਉਂਦਾ ਕਿ ਮਾਂ ਅਜਿਹਾ ਕਿਉਂ ਕਰਦੀ ਐ। ਘਰਦੀ ਸਬਜੀ ਵੀ ਚੱਜ ਦੀ ਨੀਂ ਬਣਾਉਂਦੀ ਪ੍ਰੰਤੂ ਛੇ ਬੱਚੇ ਤਾਂ ਅਜਿਹੀ ਸਬਜ਼ੀ ਨਾਲ ਹੀ ਪਾਲੇ ਜਾ ਸਕਦੇ ਸਨ।

ਇਕ ਵਾਰ ਮਾਂ ਦੀ ਧੌਣ 'ਚ ਗਲਹੀਰਾਂ ਨਿਕਲ ਆਈਆਂ। ਪਿਤਾ ਪਹਿਲਾਂ ਹੀ ਬਿਮਾਰ ਸੀ, ਘਰ ਦੀ ਹਾਲਤ ਬੇਹੱਦ ਖਰਾਬ ਹੋ ਗਈ। ਮਾਂ ਨੂੰ ਇਲਾਜ਼ ਲਈ ਪੇਕੇ ਜਾਣਾ ਪਿਆ। ਮਾਂ ਦੇ ਪੇਕੇ ਜਾਣ ਤੋਂ ਬਾਅਦ ਪਿਤਾ ਨੇ ਮਾਂ ਦੀ ਬੱਚਦੀ ਖੁੱਚਦੀ ਚਾਂਦੀ ਵੀ ਵੇਚ ਦਿੱਤੀ। ਮਾਂ ਸਰੀਰਕ ਤੌਰ ਤੇ ਤਾਂ ਪੇਕਿਓ ਕੁਝ ਠੀਕ ਹੋ ਆਈ ਸੀ ਪਰ ਚਾਂਦੀ ਵਿੱਕੀ ਦੇਖ ਕੇ ਮਨੋ ਬਹੁਤ ਦੁੱਖੀ ਹੋਈ ਉਹ ਹੁਣ ਗੁੱਸੇ ਰਹਿਣ ਲੱਗ ਪਈ ਸੀ। ਇਕ ਦਿਨ ਗੁੱਸੇ 'ਚ ਆ ਕੇ ਉਸਨੇ ਮੇਰੇ ਵਲ ਵੱਗਾਵੀਂ ਦਾਤੀ ਮਾਰੀ, ਦਾਤੀ ਮੇਰੇ ਗੋਡੇ 'ਚ ਖੁੱਭ ਗਈ ਜੋ ਬੜੀ ਮੁਸ਼ਕਲ ਨਾਲ ਨਿਕਲੀ। ਜਿਸਦਾ ਨਿਸ਼ਾਨ ਮੇਰੇ ਗੋਡੇ ਤੇ ਅਜੇ ਵੀ ਬਣਿਆ ਹੋਇਆ ਹੈ।

ਮਹੀਨੇ 'ਚ ਇਕ ਦਿਨ ਸਾਡੇ ਲਈ ਖੁਸ਼ੀ ਦਾ ਹੁੰਦਾ, ਚੌਦਸ਼ (ਚੌਦੇ) ਵਾਲੇ ਦਿਨ ਮਾਂ ਅਤੇ ਪਿਤਾ ਜੀ ਸਵੇਰੇ ਤੋਂ ਵਰਤ ਰੱਖਦੇ ਸ਼ਾਮ ਵੇਲੇ ਮਾਂ ਪੂਰੀਆਂ ਕਚੌਰੀਆਂ ਤੇ ਖੀਰ ਬਣਾਉਂਦੀ। ਚੌਂਕੇ ਦੀ ਜਿੱਥੇ ਸਾਨੂੰ ਉਡੀਕ ਰਹਿੰਦੀ, ਉੱਥੇ ਕਈ ਗੁਆਂਢੀ ਵੀ ਚੌਂਕੇ ਯਾਦ ਰੱਖਦੇ ਕਿਉਂਕਿ ਮੇਰੀ ਮਾਂ ਵਰਗੀਆਂ ਕਚੌਰੀਆਂ



ਹੋਰ ਕੋਈ ਬਣਾ ਨਹੀਂ ਸਕਦਾ। ਸਾਡਾ ਪਿਤਾ ਸਾਹ ਦਾ ਮਰੀਜ਼ ਸੀ। ਉਹ ਕਈ ਸਾਲ ਬਿਮਾਰ ਰਿਹਾ, ਤਾਂ ਮਾਂ ਉਸ ਲਈ ਮੋਠ, ਕਾਲੇ ਛੋਲੇ ਤੇ ਘੀਆ ਦੀ ਸਬਜ਼ੀ ਬਣਾ ਕੇ ਦਿੰਦੀ। ਪਿਤਾ ਲਈ ਕਣਕ ਦੀ ਰੋਟੀ ਸਾਡੇ ਲਈ ਬਾਜਰੇ ਜਾਂ ਮੱਕੀ ਦੀ ਰੋਟੀ ਬਣਾਉਂਦੀ। ਇਉਂ ਮਾਂ ਨੂੰ ਦੂਹਰਾ ਚੁੱਲ੍ਹਾ ਚਾੜ੍ਹਨਾ ਪੈਂਦਾ। ਇਹ ਕੁਝ ਕਰਦਿਆਂ ਮਾਂ ਨੇ ਕਦੇ ਮੱਥੇ ਵੱਟ ਨ੍ਹੀਂ ਪਾਇਆ, ਔਖ ਨੀ ਮੰਨੀ। ਸਾਨੂੰ ਵੀ ਪਿਤਾ ਦੀ ਸੇਵਾ ਕਰਨ ਲਈ ਪ੍ਰੇਰਦੀ। ਪਿਤਾ ਦੇ ਔਖੇ ਤੋਂ ਔਖੇ ਪਰਹੇਜ਼ ਮਾਂ ਦੀ ਨਿਗਰਾਨੀ ਕਰਕੇ ਹੀ ਨਿਭ ਸਕੇ। ਮਾਂ ਰਿਸ਼ਤੇਦਾਰਾਂ ਦੀ ਖਾਤਰਦਾਰੀ 'ਚ ਵੀ ਕੋਈ ਕਸਰ ਨਾ ਛੱਡਦੀ। ਸਾਡੇ ਕਈ ਰਿਸ਼ਤੇਦਾਰ ਪੰਜਾਬ 'ਚ ਰਹਿਣ ਲਈ ਆਉਂਦੇ ਤਾਂ ਕਈ ਕਈ ਮਹੀਨੇ ਸਾਡੇ ਕੋਲ ਰਹਿੰਦੇ, ਜਿੰਨੀ ਦੇਰ ਤੀਕ ਉਹ ਕੰਮ ਕਾਜ ਸ਼ੁਰੂ ਨਾ ਕਰ ਲੈਂਦੇ ਰਿਸ਼ਤੇਦਾਰਾਂ ਦੀ ਦੇਖ ਭਾਲ ਦਾ ਜ਼ੁਮਾ ਸਾਡੇ ਪਰਿਵਾਰ ਦਾ ਹੁੰਦਾ। ਮਾਂ ਨੇ ਪਿਤਾ ਦੀ ਇਸ ਗੱਲ ਦਾ ਕਦੇ ਵੀ ਵਿਰੋਧ ਨਹੀਂ ਕੀਤਾ ਸੀ।

ਜਦੋਂ ਅਸੀਂ ਪੰਜੇ ਭੈਣ ਭਰਾ ਪੜ੍ਹਨ ਜਾਂਦੇ ਮਾਂ ਸਮੇਂ ਸਿਰ ਰੋਟੀ ਬਣਾ ਕੇ ਦਿੰਦੀ, ਸਵੇਰੇ ਪੜ੍ਹਨ ਲਈ ਜਗਾਉਂਦੀ। ਸਾਡੇ ਤਾਏ ਨੇ ਕਈ ਸਾਲਾਂ ਤੋਂ ਸਾਡੀ ਜ਼ਮੀਨ ਮੁਫ਼ਤ ਸਾਂਭੀ ਹੋਈ ਸੀ ਕਿ ਮੈਂ ਕੁੜੀ ਦੇ ਵਿਆਹ ਤੇ ਖਰਚ ਕਰਾਂਗਾ। ਪ੍ਰੰਤੂ ਜਦੋਂ ਖਰਚ ਕਰਨ ਦਾ ਵਕਤ ਆਇਆ ਤਾਂ ਖਾਲੀ ਹੱਥ ਹੀ ਆ ਖੜਿਆ। ਫੇਰ ਮਾਂ ਨੇ ਤਾਏ ਨਾਲ ਲੜ ਕੇ ਜ਼ਮੀਨ ਛਡਵਾਈ ਤੇ ਠੇਕੇ ਚਾੜ੍ਹ ਦਿੱਤੀ।

ਮਾਂ ਮੈਨੂੰ ਯੂਨੀਅਨ ਦੇ ਕੰਮਾਂ ਤੋਂ ਚੌਕਸ ਕਰਦੀ ਕਿ ਤੂੰ ਨਕਸਲਵਾੜੀਆ ਨਾਲ ਨਾ ਰਲ਼। ਤੂੰ ਹਰੇਕ ਨਾਲ ਪੰਗੇ ਨਾ ਲਿਆ ਕਰ, ਹਰੇਕ ਨਾਲ ਪੰਗੇ ਲੈ ਕੇ ਪਛਤਾਏਗਾ। ਤੇਰੇ 'ਤੇ ਸਾਰੇ ਮੱਚਦੇ ਨੇ, ਅਖੇ ਭੁੱਖੇ ਮਰਦੇ ਮਰਦੇ ਅੱਜ ਸਾਡੇ ਤੇ ਲੀਡਰੀ ਕਰਦੇ ਨੇ। ਅੱਤਵਾਦ ਵੇਲੇ ਮਾਂ ਬਹੁਤ ਡਰੀ ਹੋਈ ਸੀ। ਹਾਕਮ ਸਮਾਓ ਦੀ ਪਾਰਟੀ (ਆਈ. ਪੀ. ਐਫ.) ਨਾਲ ਸਬੰਧਤ ਹੋਣ ਕਰਕੇ ਅਸੀਂ ਸਰਕਾਰੀ ਜਬਰ ਅਤੇ ਅੱਤਵਾਦ ਵਿਰੋਧੀ ਸਰਗਰਮੀਆਂ 'ਚ ਭਾਗ ਲੈਂਦੇ। ਘਰ ਕੋਲ ਜਦੋਂ ਵੀ ਕੋਈ ਕਾਰ ਰੁੱਕਦੀ। ਮਾਂ ਮੈਨੂੰ ਕੁੰਡਾ ਲਾ ਦਿੰਦੀ। ਤੇ ਕਹਿੰਦੀ ਕਿ ਮੱਚਦੀ ਅੱਗ 'ਚ ਹੱਥ ਨਾ ਪਾਇਆ ਕਰ। ਤੂੰ ਕਿਉਂ ਅਣਆਈ ਮੌਤ ਮਰਨਾ ਚਾਹੁੰਨੇ। ਨਵੇਂ ਠਾਣੇਦਾਰ ਨੇ ਕਿੰਨੇ ਮੁੰਡੇ ਮਾਰਤੇ।"

ਬੀਮਾਰ ਹੋਣ ਕਰਕੇ ਜਦੋਂ ਪਿਤਾ ਖੇਤੀ ਕਰਨ ਦੇ ਕਾਬਲ ਨਾ ਰਿਹਾ ਤਾਂ ਉਸਨੇ ਕਿਸੇ ਤੋਂ ਉਧਾਰੇ ਪੈਸੇ ਲੈ ਕੇ ਬਿਲਕੁਲ ਛੋਟੀ ਜਿਹੀ ਦੁਕਾਨ ਕਰ ਲਈ, ਕੋਲੋਂ ਹੀ ਡਾ. ਆਤਮਾ ਰਾਮ ਦਾ ਹਸਪਤਾਲ ਸੀ, ਰੋਜ਼ ਦੀ ਰੋਜ਼ ਸਮਾਨ ਆਉਂਦਾ ਘਰ ਜੋਗਾ ਗੁੜ, ਚਾਹ ਬਚ ਜਾਂਦਾ। ਪਿਤਾ ਬੀਮਾਰੀ ਕਾਰਨ ਪਿਆ ਰਹਿੰਦਾ ਅਸੀਂ ਰੋਜ਼ ਦੀ ਰੋਜ਼ ਅੱਡੇ ਤੋਂ ਸਮਾਨ ਲਿਆਉਂਦੇ। ਬੜੀ ਮੁਸ਼ਕਲ ਨਾਲ ਘਰ ਦਾ ਗੁਜਾਰਾ ਚੱਲਦਾ। ਹਸਪਤਾਲ ਕੋਲ ਭੋਲੇ ਬਾਣੀਏ ਦਾ ਚਾਹ ਦਾ ਖੋਖਾ ਸੀ। ਉਹ ਭੱਜਿਆ ਭੱਜਿਆ ਆਉਂਦਾ ਤੇ ਮਾਂ ਨੂੰ ਆਖਦਾ ਮਾਲਣ ਮੈਨੂੰ ਚੀਨੀ ਪੱਤੀ ਪਾਈ ਛੇਤੀ, ਦੁਕਾਨ ਤੇ ਚਾਹ ਵਾਲੇ ਗਾਹਕ ਬੈਠੇ ਨੇ। ਮਾਂ ਬਹੁਤਾ ਗੁੱਸਾ ਨਾ ਕਰਦੀ ਪਰ ਮੈਨੂੰ ਗੁੱਸਾ ਆਉਂਦਾ। ਭੋਲੇ ਦੀ ਮਾਂ ਵੀ ਕਦੇ ਕਦੇ ਦੁਕਾਨ ਤੇ ਬੈਠਿਆ ਕਰਦੀ। ਜਦੋਂ ਭੋਲੇ ਨੇ ਮਾਲਣ ਵਾਲਾ ਵਾਕ ਕਈ ਵਾਰ ਦੁਹਰਾਇਆ ਤਾਂ ਇਕ ਦਿਨ ਮੈਂ ਵੀ ਉਸਨੂੰ ਕਹਿ ਹੀ ਦਿੱਤਾ, ਯਾਰ ਕਦੇ ਕਰਿਆੜੀ ਨੀ ਦੇਖੀ, ਉਹ ਬਹੁਤ ਲਾਲ ਪੀਲਾ ਹੋਇਆ ਤੇ ਪੁੱਛਣ ਲੱਗਾ ਕਿਹੜੀ ਕਰਿਆੜੀ?, ਮੈਂ ਕਿਹਾ ਤੇਰੀ ਮਾਂ ਹੋਰ ਕੌਣ। ਅੱਗੋਂ ਉਹ ਲੜਨ ਨੂੰ ਆਇਆ ਕਹਿੰਦਾ ਮੇਰੀ ਮਾਂ ਨੂੰ ਅਜਿਹਾ ਨਾ ਬੋਲੀ, ਮੈਂ ਵੀ ਗੁੱਸੇ 'ਚ ਕਿਹਾ ਕਿ ਮੇਰੀ ਮਾਂ ਨੂੰ ਅਜਿਹਾ ਕੁੱਝ ਕਹਿਣ ਦੀ ਲੋੜ ਨੀ। ਉਹ ਸਰਮਿੰਦਾ ਵੀ ਹੋਇਆ ਤੇ ਅਗਾਹ ਤੋਂ ਉਸਨੇ ਆਪਣਾ ਵਿਵਹਾਰ ਵੀ ਤਬਦੀਲ ਕਰ ਲਿਆ।

ਘਰ ਦੀ ਗਰੀਬੀ ਕਾਰਨ ਪਿਤਾ ਨੇ ਡੇਅਰੀ ਫਾਰਮ ਵਾਲਿਆਂ ਤੋਂ ਲੋਨ 'ਤੇ ਮੱਝ ਲੈ ਲਈ, ਮਾਂ ਮੱਝ ਨੂੰ ਸੰਭਾਲਦੀ, ਦੁੱਧ ਹਸਪਤਾਲ ਵਾਲਿਆ ਨੂੰ ਵੇਚ ਦਿੰਦੀ। ਘਰੇ ਚਾਹ ਲਈ ਬਹੁਤ ਘੱਟ ਦੁੱਧ ਰੱਖਦੀ। ਹਸਪਤਾਲ 'ਚ ਮੰਜੇ ਵੀ ਕਿਰਾਏ 'ਤੇ ਚਾੜ੍ਹ ਦਿੱਤੇ ਜਾਂਦੇ ਤੇ ਅਸੀਂ ਕਦੇ ਕਦੇ ਭੁੰਜੇ ਹੀ ਚਟਾਈਆਂ ਦਰੀਆਂ ਵਿਛਾ ਕੇ ਸੌਂਦੇ। ਇਸ ਤਰ੍ਹਾਂ ਮਾਂ ਨੇ ਔਖੇ ਤੋਂ ਔਖੇ ਹਾਲਾਤ ਵਿਚ ਮਿਹਨਤ ਅਤੇ ਬੱਚਤ ਨਾਲ ਫਤਿਹ

ਕੀਤਾ। ਅਸੀਂ ਮਾਂ ਦੇ ਕਦੇ ਕਦੇ ਪੈਸੇ ਚੋਰੀ ਕਰ ਲੈਂਦੇ ਮਾਂ ਖਿੱਝ ਕੇ ਕੁੱਟਦੀ ਤੇ ਪਿਤਾ ਅਲੱਗ ਮੁਰਗਾ ਬਣਾਉਂਦਾ, ਉਹ ਸਾਨੂੰ ਕਸਾਈਆਂ ਵਾਂਗ ਕੁੱਟਦਾ। ਮਾਂ ਦੀ ਹਿੰਮਤ ਨਾ ਪੈਂਦੀ ਕਿ ਉਹ ਸਾਨੂੰ ਛੁਡਾ ਸਕੇ। ਫੇਰ ਤਾਂ ਗੁਆਂਢ ਚੋਂ ਮੀਤੂ ਭੂਆ ਹੀ ਆ ਕੇ ਸਾਨੂੰ ਬਚਾਉਂਦੀ। ਇਸ ਲਈ ਮਾਂ ਸਾਨੂੰ ਪਿਤਾ ਦੀ ਗ਼ੈਰ ਹਾਜ਼ਰੀ 'ਚ ਘੂਰਦੀ। ਉਸਨੇ ਬਹੁਤ ਵਾਰ ਕਿਹਾ ਕਿ ਆਉਂਣ ਦੇ ਤੇਰੇ ਪਿਓ ਨੂੰ ਅੱਜ ਉਧੜਾਓਂ ਥੋਡੀ ਚਮੜੀ, ਕੰਮ ਤੁਸੀਂ ਨਹੀਂ ਕਰਦੇ, ਵਿਹਲੇ ਫਿਰਦੇ ਓ, ਸਾਰਾ ਦਿਨ ਖੇਡਦੇ ਰਹਿੰਨੇ ਓ, ਖਾਣ ਨੂੰ ਕਿੱਥੋਂ ਆਉਗਾ। ਅਜਿਹੀ ਸਥਿਤੀ 'ਚ ਅਸੀਂ ਭੈਣ ਭਰਾ ਕੁਝ ਦਿਨਾਂ ਲਈ ਸੁਧਰ ਜਾਂਦੇ, ਤੇ ਕੁਝ ਦਿਨਾਂ ਬਾਅਦ ਓਹੀ ਬਾਂਹਾ ਉਹੀ ਕੁਹਾੜੀ।

ਮਾਂ ਸਫ਼ਾਈ ਪਸੰਦ ਬਹੁਤ ਹੈ। ਆਂਡਾ-ਮਾਸ ਕਦੇ ਚੁੱਲ੍ਹੇ ਨੀ ਚੜ੍ਹਨ ਦਿੱਤਾ। ਮਾਂ ਚੁੱਲ੍ਹਾ ਚੌਂਕਾ ਰੋਜ ਪੋਚਦੀ। ਪਹਿਲਾਂ ਕਾਲੀ ਮਿੱਟੀ ਨਾਲ ਵਿਹੜਾ ਲਿਪਦੀ ਫੇਰ ਪਾਂਡੋ ਮਿੱਟੀ ਫੇਰਦੀ। ਚੁੱਲ੍ਹੇ 'ਚ ਜੁੱਤੀ ਲਿਜਾਣੀ ਮਨ੍ਹਾ ਸੀ। ਸ਼ਰਾਬ ਕਦੇ ਘਰ ਵੜ੍ਹਨ ਨੀ ਸੀ ਦਿੱਤੀ। ਮਾਂ ਨੂੰ ਹੁਣ ਜਦੋਂ ਅਜਿਹੀ ਅਵੱਗਿਆ ਦਾ ਪਤਾ ਲੱਗਦੈ, ਤਾਂ ਬਹੁਤ ਦੁੱਖੀ ਹੁੰਦੀ ਐ। ਕਦੇ ਮੈਨੂੰ ਪਟਿਆਲੇ ਦੱਸਦੀ ਐ ਕਦੇ ਲਕੋਦੀ ਐ। ਕਿ ਅਸੀਂ ਭਰਾ ਭਰਾ ਕਿਤੇ ਲੜ ਨਾ ਪਈਏ, ਸਾਨੂੰ ਇਕ ਥਾਂ ਰੱਖਣ ਦੀ ਕੋਸ਼ਿਸ਼ 'ਚ ਹੈ। ਪਰ ਉਹ ਆਪਣੀਆਂ ਨੂੰਹਾਂ ਨੂੰ ਇਕ ਸੁਰ ਕਰਨ 'ਚ ਅਸਮਰੱਥ ਹੈ। ਔਰਤਾਂ ਔਰਤਾਂ ਦੀ ਕਿਸੇ ਗੱਲੋਂ ਖੜਕ ਹੀ ਪੈਂਦੀ ਹੈ।

ਬਹੁਤਾ ਸਮਾਂ ਮਾਂ ਘਰ ਦੀ ਬਣਾਈ ਸਾਬਣ ਹੀ ਵਰਤਦੀ ਰਹੀ, ਫੇਰ ਉਸ ਤੋਂ ਰਿਸ਼ਤੇਦਾਰ ਵੀ ਸਾਬਣ ਬਣਵਾਉਂਦੇ। ਮਾਂ ਖੇਤ ਦੇ ਆਸੇ ਪਾਸੇ ਰਿੰਡ ਬੀਜ ਦਿੰਦੀ, ਫੇਰ ਉਸਦੀ ਘਾਣੀ ਕਢਵਾ ਕੇ ਤੇਲ 'ਚ ਕਾਸ਼ਟਕ ਪਾ ਕੇ ਸਾਬਣ ਬਣਾ ਦਿੰਦੀ। ਉਹਨਾਂ ਦਿਨਾਂ 'ਚ 808 ਸਾਬਣ ਦੀ ਇਹ ਮਸ਼ਹੂਰੀ ਆਉਂਦੀ, "ਮੈਲ਼ ਵੀ ਘੱਟ ਖੁਰੇ ਵੀ ਘੱਟ ਸਾਬਣ ਵਰਤੋ ਅੱਠ ਸੋ ਅੱਠ।' ਮਾਂ ਦੀ ਬਣੀ ਹੋਈ ਸਾਬਣ ਸਾਇਦ ਇਸ ਤੋਂ ਵਧੀਆ ਸੀ। ਮਾਂ ਦੇ ਪੇਕੇ ਉਡੀਕ ਦੇ ਰਹਿੰਦੇ ਕਿ ਕਦ ਉਹ ਆਵੇ ਤੇ ਆ ਕੇ ਸਾਬਣ ਬਣਾਵੇ।

ਮਾਂ ਬਹੁਤਾ ਭੀਖੀ ਹੀ ਰਹਿੰਦੀ ਐ। ਪਟਿਆਲੇ ਕਦੇ ਕਦੇ ਆਉਂਦੀ ਐ। ਜੇਕਰ ਆ ਜੇ ਤਾਂ ਜੀਅ ਨੀ ਲਾਉਂਦੀ। ਕਹੂ ਤੇਰੀ ਘਰਆਲੀ ਪੜ੍ਹਾਉਣ ਚਲੀ ਜਾਂਦੀ ਐ, ਬੱਚੇ ਪੜ੍ਹਨ ਤੇਰਾ ਕੋਈ ਪਤਾ ਨੀ ਕਦ ਆਵੇਂ, ਮੈਂ ਕੱਲੀ ਨੀ ਰਹਿ ਸਕਦੀ। ਇਸ ਲਈ ਅਸੀਂ ਮਾਂ ਨੂੰ ਛੁੱਟੀਆਂ 'ਚ ਬਲਾਉਨੇ ਆ, ਫੇਰ ਵੀ ਉਹ ਪੰਜ ਸੱਤ ਦਿਨ ਤੋਂ ਵੱਧ ਸਾਡੇ ਕੋਲ ਰਹਿੰਦੀ ਨੀ। ਸਾਡੇ ਕੋਲ ਆ ਕੇ ਵੀ ਉਸਨੂੰ ਪਿੰਡ ਦਾ ਔੜ੍ਹਕਾ ਲੱਗਿਆ ਰਹਿੰਦਾ। ਉਹ ਸਾਨੂੰ ਪਿੰਡ ਬੁਲਾਕੇ ਵਧੇਰੇ ਖੁਸ਼ ਹੁੰਦੀ ਐ। ਫੇਰ ਉਹ ਸਾਗ ਤੇ ਮੱਕੀ ਦੀ ਰੋਟੀ ਬਣਾਉਂਦੀ, ਲੱਸੀ ਮੰਗਉਂਦੀ, ਰਸ਼ ਦੀ ਖੀਰ ਖਵਾਉਂਦੀ ਐ। ਤੇ ਮੇਰੇ ਲਈ ਰੱੜ੍ਹੀਆਂ (ਕੁਰਕਰੀਆਂ) ਰੋਟੀਆਂ ਬਣਾਉਂਦੀ ਐ। ਰਾਤ ਨੂੰ ਫੇਰ ਦੇਰ ਤੀਕ ਘਰ ਦੀਆਂ, ਰਿਸ਼ਤੇਦਾਰਾਂ ਦੀਆਂ ਗੱਲਾਂ ਚੱਲਦੀਆਂ ਨੇ। ਇਕ ਇਕ ਕਰਕੇ ਪਿੰਡ ਦੀਆਂ ਸਾਰੀਆਂ ਘਟਨਾਵਾਂ ਦੱਸਕੇ ਹੀ ਸੌਂਦੀ ਹੈ।

ਜਦੋਂ ਕਦੇ ਮੈਂ ਬਹੁਤਾ ਸਮਾਂ ਪਿੰਡ ਨਾ ਜਾਵਾਂ, ਤਾਂ ਮਾਂ ਗੁੱਸੇ ਹੁੰਦੀ ਐ, "ਅਕੇ ਜਦੋਂ ਮੈਂ ਮਰਗੀ ਫੇਰ ਆਵੇਗਾ। ਹੁਣ ਮੇਰੀ ਸਾਰ ਨੀ ਲੈਂਦਾ। ਫੇਰ ਤਾਂ ਵਥੇਰੇ ਹੰਝੂ ਕੇਰੇਗਾਂ। ਲੋਕ ਕੱਠੇ ਕਰੇਗਾ, ਭਾਸ਼ਣ ਕਰਾਏਗਾ। ਜਿਉਂਦੇ ਜੀਅ ਮੇਰੀ ਜਾਤ ਨੀ ਪੁੱਛਦਾ। ਮਰੇ ਤੋਂ ਮੈਂ ਕੀ ਦੇਖਣੈਂ ਤੁਸੀਂ ਕੀ ਕਰਦੇ ਓ ਤੇ ਕੀ ਨਹੀਂ ਕਰਦੇ। ਲਗਪਗ ਸੱਤਰ ਸਾਲਾਂ ਦੀ ਹੋਣ ਤੇ ਵੀ ਉਸ ਦੀ ਸਿਹਤ ਠੀਕ ਹੈ। ਨਿਗਾਹ ਸਾਡੇ ਨਾਲੋਂ ਵੀ ਤੇਜ਼ ਹੈ। ਉਹ ਪੁਰਾਣੀ ਗਰੀਬੀ ਅਤੇ ਮਾੜੇ ਦਿਨਾਂ ਨੂੰ ਭੁੱਲਾ ਸਕੇ। ਮਾਂ ਨੇ ਜਿੰਨੇ ਦੁੱਖ ਉਠਾਏ ਉਸ ਦੇ ਬਦਲੇ 'ਚ ਸੁਖ ਭੋਗ ਸਕੇ। ਖੁਸ਼ੀਆਂ ਮਾਣ ਸਕੇ। ਤੇ ਅਤੀਤ ਨੂੰ ਜਲਦੀ ਤੋਂ ਜਲਦੀ ਭੁਲਾ ਸਕੇ। ਮਾਂ ਨੇ ਅੱਜ ਤੱਕ ਮੈਥੋਂ ਕਦੇ ਵੀ ਪੈਸੇ ਨੀ ਮੰਗੇ ਪਰ ਮੇਰਾ ਮਾਂ ਤੋਂ ਖਰਚ ਲਈ ਅਜੇ ਵੀ ਪੈਸੇ ਮੰਗਣ ਨੂੰ ਦਿਲ ਕਰਦਾ ਰਹਿੰਦਾ ਹੈ।

**ਪਤਾ : ਐਮ. ਆਈ. ਜੀ.-481, ਫੇਜ-1, ਅਰਬਨ ਅਸਟੇਟ,**
**ਪਟਿਆਲਾ-147002, ਫੋਨ 96460-26123**



## ਚਾਚੀ ਬਨਾਮ ਮਾਂ ਜੀ / ਪ੍ਰੀਤ ਨੀਤਪੁਰ

ਅਸੀਂ ਆਪਣੀ ਮਾਂ ਨੂੰ ਚਾਚੀ ਕਹਿੰਦੇ ਹੁੰਦੇ ਸੀ।

ਚਾਚੀ ਦਾ ਨਾਂ ਸਵਰਨ ਕੌਰ ਸੀ। ਮੇਰੇ ਨਾਨਾ ਬੂਟਾ ਰਾਮ ਦੇ ਗ੍ਰਹਿ ਵਿਖੇ, ਪਿੰਡ ਬਹਿਲਪੁਰ, ਹੁਸ਼ਿਆਰਪੁਰ, ਵਿਚ ਖਵਨੀ ਕਿਹੜੀ ਤਰੀਕ ਤੇ ਕਿਹੜੇ ਸੰਨ 'ਚ ਚਾਚੀ ਦਾ ਜਨਮ ਹੋਇਆ ਸੀ। ਚਾਚੀ ਦੀ ਜਨਮ ਤਰੀਕ ਦਾ ਸਾਡੇ ਭਾਈਏ ਨੂੰ ਵੀ ਨਹੀਂ ਸੀ ਪਤਾ। ਚਾਚੀ ਇਕਹਿਰੀ ਪਿੰਡੇ ਦੀ ਪਤਲੀ ਤੇ ਵੇਖਣ ਨੂੰ ਕਮਜ਼ੋਰ ਜਿਹੀ ਲੱਗਦੀ ਸੀ। ਦਰਮਿਆਨਾ ਕੱਦ-ਕੱਠ। ਗੋਰਾ ਰੰਗ। ਨਿੱਕੀਆਂ ਅੱਖਾਂ, ਨਿੱਕੇ ਨਿੱਕੇ ਹੱਥ ਕਰੇੜੇ ਦੰਦ। ਤਿੱਖਾ ਨੱਕ। ਨੱਕ 'ਚ ਆਮ ਕੋਕਿਆਂ ਨਾਲੋਂ ਥੋੜਾ ਵੱਡਾ ਕੋਕਾ। ਕੰਨਾਂ 'ਚ ਵਾਲੀਆਂ।

ਚਾਚੀ ਦੇ ਸਿਰ ਦੇ ਵਾਲ਼ ਬਹੁਤ ਛੋਟੇ-ਛੋਟੇ ਤੇ ਵਿਰਲੇ ਹੁੰਦੇ ਸੀ। ਜਵਾਨੀ ਵੇਲੇ ਸ਼ਾਇਦ ਲੰਮੇ, ਸੰਘਣੇ ਤੇ ਕਾਲ਼ੇ ਸ਼ਾਹ ਹੁੰਦੇ ਹੋਣਗੇ, ਪਰ ਮੈਂ ਜਦੋਂ ਦੀ ਸੁਰਤ ਸੰਭਾਲੀ ਸੀ। ਉਹਦੇ ਇਹੋ ਜਿਹੇ ਹੀ ਵਾਲ਼ ਵੇਖੇ ਸੀ। ਨਿੱਕੇ ਨਿੱਕੇ ਤੇ ਖਿਚੜੀ। ਉਹਦੇ ਮੱਥੇ ਤੋਂ ਚੱਪਾ ਕੁ ਸਿਰ ਦੇ ਵਾਲ਼ ਹਮੇਸ਼ਾ ਗੁੱਤ ਤੋਂ ਬਾਹਰ ਖਿੰਡੇ ਪੁੰਡੇ ਜਿਹੇ ਰਹਿੰਦੇ ਸੀ। ਉਹ ਗੁੱਤ 'ਚ ਹਲਕੀ ਛੋਟੀ ਪਰਾਂਦੀ, ਕਾਲੀ ਡੋਰੀ ਜਾਂ ਰਿਬਨ ਨੁਮਾ ਟਾਕੀ ਹੀ ਗੁੰਦਦੀ ਹੁੰਦੀ ਸੀ। ਭਾਰੀ ਪਰਾਂਦੀ ਉਹਦੇ ਛੋਟੇ ਵਾਲ਼ਾਂ ਦੀ ਪਕੜ ਵਿਚ ਨਹੀਂ ਸੀ ਆਉਂਦੀ ਹੁੰਦੀ।

ਵੱਡੀ ਭੈਣ ਉਹਦੀ ਗੁੱਤ ਗੁੰਦਦੀ ਅਕਸਰ ਕਹਿੰਦੀ ਹੁੰਦੀ ਸੀ।

"ਚਾਚੀ, ਤੇਰੇ ਵਾਲ਼ ਤਾਂ ਬਲਾਈ ਛੋਟੇ ਆ, ਜਮਾਂ ਹੱਥ 'ਚ ਨ੍ਹੀਂ ਆਉਂਦੇ...।"

"ਨੀ, ਜਿੱਦਾਂ ਦੇ ਹੈਗੇ ਆ ਠੀਕ ਆ। ਤੂੰ ਬੰਨ੍ਹ ਪਰਾਂ।"

ਬੇਸ਼ੱਕ, ਲੰਮੇ ਵਾਲ਼ ਔਰਤ ਦੀ ਸੁੰਦਰਤਾ ਦਾ ਪ੍ਰਤੀਕ ਮੰਨੇ ਜਾਂਦੇ ਆ। ਔਰਤਾਂ ਹਮੇਸ਼ਾ ਆਪਣੇ ਵਾਲ਼ਾਂ ਪ੍ਰਤੀ ਸੁਚੇਤ ਰਹਿੰਦੀਆਂ। ਪਰ ਚਾਚੀ ਨੂੰ ਆਪਣੇ ਵਾਲ਼ ਛੋਟੇ ਹੋਣ ਤੇ ਕੋਈ ਰੰਜ ਜਾਂ ਝੋਰਾ ਨਹੀਂ ਸੀ। ਵੈਸੇ, ਉਦੋਂ ਪੇਂਡੂ ਔਰਤਾਂ ਆਪਣੀ ਸਰੀਰਕ ਸੁੰਦਰਤਾਂ ਬਾਰੇ ਐਨੀਆਂ ਸੁਚੇਤ ਨਹੀਂ ਸੀ ਹੁੰਦੀਆਂ। ਜਿੰਨੀਆਂ ਘਰ ਦੀ ਮਾਨ-ਮਰਿਯਾਦਾ ਪ੍ਰਤੀ ਸੁਚੇਤ ਤੇ ਸਿਆਣੀਆਂ ਹੁੰਦੀਆਂ ਸੀ।

ਪਰ ਜਦੋਂ ਕਦੇ ਭਾਈਆ ਗੁੱਸੇ 'ਚ ਆ ਕੇ, ਚਾਚੀ ਨੂੰ 'ਸਿਰ ਖਿੰਡੀ' ਜਿਹੀ ਕਹਿੰਦਾ ਹੁੰਦਾ ਸੀ ਤਾਂ ਚਾਚੀ ਤੜਫ ਉਠਦੀ ਸੀ। ਭਾਵੁਕ ਹੋ ਜਾਂਦੀ ਸੀ।

ਕੋਈ ਵੀ ਔਰਤ ਆਪਣੇ ਹਾਣੀ ਮਨੁੱਖ ਦੇ ਮੂੰਹੋਂ ਆਪਣੇ ਪ੍ਰਤੀ ਕੀਤੀ ਨਾ ਪੱਖੀ ਟਿੱਪਣੀ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਇਸ ਦੇ ਜਵਾਬ 'ਚ ਚਾਚੀ ਭਾਈਏ ਨੂੰ ਇਹੋ ਮਿਹਣਾ ਮਾਰਦੀ ਹੁੰਦੀ ਸੀ। ਕਿ 'ਮੈਂ ਤੇਰੇ ਨਾਲ ਪ੍ਰਦੇਸ਼ਾ 'ਚ ਧੱਕੇ ਖਾਧੇ। ਸੀਤਾ ਨੇ ਤਾਂ ਸਿਰਫ ਚੌਦਾਂ ਸਾਲ ਦਾ ਬਨਵਾਸ ਕੱਟਿਆ ਸੀ' ਉਹ ਭਾਵੁਕ ਹੋ ਕੇ ਕਹਿੰਦੀ ਹੁੰਦੀ ਸੀ। "ਬੰਦਿਆ, ਮੈਂ ਤੇਰੇ ਨਾਲ ਪ੍ਰਦੇਸ਼ਾ 'ਚ ਅੱਧੀ ਜ਼ਿੰਦਗੀ ਗਾਲਤੀ ਚੱਜ ਨਾਲ ਨਾ ਪਹਿਨਿਆ ਨਾ ਹੰਢਾਇਆ। ਰੁੱਖੀ ਮਿੱਸੀ ਖਾ ਕੇ ਗੁਜ਼ਾਰਾ ਕਰਦੀ ਰਹੀ।" ਚਾਚੀ ਅੱਧੋਰਾਣੀ ਘਸੀ ਹੋਈ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ। ਰੁਦਨ ਜਿਹਾ ਕਰਦੀ। ਜਿਵੇਂ ਪਹਿਨ-ਪੱਚਰ ਕੇ ਸ਼ਰੀਕਾਂ 'ਚ ਰਹਿਣ ਦੀ ਉਹਦੀ ਹਸਰਤ ਦਮ ਤੋੜ ਗਈ ਹੋਵੇ। ਸੰਨ ਉੱਨੀ ਸੌ ਸੰਤਾਲੀ ਦੀ ਵੰਡ ਤੋਂ ਬਾਅਦ, ਭਾਈਆ ਸਮੇਤ ਪਰਿਵਾਰ ਰੋਟੀ ਰੋਜ਼ੀ ਦੇ ਚੱਕਰ 'ਚ ਦੁਆਬਾ ਛੱਡਕੇ ਮਾਲਵੇ ਜਾ ਵੱਸਿਆ ਸੀ। ਭਾਈਆ 'ਹੱਥ ਖੱਡੀ' ਦਾ ਕੰਮ ਕਰਦਾ ਹੁੰਦੀ ਸੀ। ਬੜਾ ਨਿਪੁੰਨ ਕਾਰੀਗਰ ਸੀ। ਸ਼ੁੱਧ ਜੁਲਾਹਾ।

ਉਦੋਂ ਚਾਚੀ ਤਿੰਨਾਂ ਜਵਾਕਾਂ ਦੀ ਮਾਂ ਹੁੰਦੀ ਸੀ। ਮੇਰਾ ਜਨਮ ਉਥੇ ਮਾਲਵੇ ਦੇ ਗੜ੍ਹ ਜ਼ਿਲ੍ਹਾ ਬਠਿੰਡਾ (ਹੁਣ ਫਰੀਦਕੋਟ) ਦੇ ਪਿੰਡ ਚੰਦਬਾਜਾ ਵਿਚ ਹੋਇਆ ਸੀ। ਭਾਈਆ ਕੋਈ ਤਿੰਨ ਦਹਾਕੇ ਤੋਂ ਵੱਧ ਸਮਾਂ

ਪਿੰਡ ਚੰਦਬਾਜਾ ਵਿਚ ਰਿਹਾ। ਚਾਚੀ ਹਮੇਸ਼ਾ ਹਿੱਕ ਦੇ ਤਵੀਤ ਵਾਂਗੂ ਉਹਦੇ ਅੰਗ ਸੰਗ ਰਹੀ ਸੀ।

ਉਹ ਦੋਵੇਂ ਜੀਅ ਬੜੇ ਮਿਹਨਤੀ ਸਿਰੜੀ ਤੇ ਇਮਾਨਦਾਰ ਹੁੰਦੇ ਸੀ।

ਭਾਈਆ ਗਈ ਰਾਤ ਤੱਕ ਲਾਲਟੈਨ ਦੀ ਲੋਅ ਵਿਚ ਖੱਡੀ 'ਚ ਬੈਠਾ ਬੁਣਦਾ ਰਹਿੰਦਾ ਸੀ। ਤੇ ਲਾਗੇ ਹੀ ਚਾਚੀ ਚਰਖਾ ਡਾਹਕੇ ਨਲੀਆਂ ਵੱਟਦੀ ਰਹਿੰਦੀ ਸੀ। ਤੇ ਧੀਮੀ ਸੁਰ 'ਚ ਧਰਮੀ ਬਾਬਲ ਦੇ ਤੇ ਅੰਮੀਂ ਜਾਏ ਵੀਰ ਦੇ ਗੀਤ ਗੁਣਗਣਾਉਂਦੀ ਰਹਿੰਦੀ ਸੀ।

ਮੈਂ ਵੇਖਿਆ ਗੀਤ ਗਾਉਂਦੀ ਉਹ ਉਦਾਸ ਹੋ ਜਾਂਦੀ ਸੀ।

ਚਾਚੀ ਹੁਣੀਂ ਛੇ ਭੈਣਾਂ ਸੀ। ਛੇਆਂ ਭੈਣਾਂ ਦਾ ਇਕੋ ਇਕ ਭਰਾ ਸੀ। ਮਾਮਾ ਸੰਤ ਰਾਮ।

ਮੇਰੇ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਮੇਰੇ ਨਾਨਾ ਨਾਨੀ ਸਵਰਗਵਾਸ ਹੋ ਗਏ ਸੀ। ਇਕੱਲਾ ਮਾਮਾ ਹੀ ਛੇਆਂ ਭੈਣਾਂ ਦੇ ਦੁੱਖਦੇ ਸੁੱਖਦੇ ਬਹੁੜਦਾ ਹੁੰਦਾ ਸੀ। ਭੈਣਾਂ ਦੇ 'ਜਣੇਪੇ' ਮੌਕੇ 'ਪੰਜੀਰੀ' ਤੇ ਹੋਰ ਨਿੱਕ ਸੁੱਕ ਲੈ ਕੇ ਆਉਂਦਾ ਹੁੰਦਾ ਸੀ। ਨਾਨਕੇ ਛੱਕ ਪੂਰਦਾ ਸੀ। ਚਾਚੀ ਹਮੇਸ਼ਾ ਮਾਮੇ ਬਾਰੇ ਫ਼ਿਕਰਮੰਦ ਰਹਿੰਦੀ ਸੀ। ਝੋਰਾ ਕਰਦੀ ਸੀ।

"ਮੇਰਾ ਬੀਰਾ ਵਿਚਾਰਾ 'ਕੱਲਾ, ਭੈਣਾਂ ਦੀ ਕਬੀਲਦਾਰੀ ਭਾਰੀ ਆ।" ਭਰਾ ਪ੍ਰਤੀ ਮੋਹ ਦਾ ਜ਼ਜਬਾ ਉਹਦੇ ਅੰਦਰੋਂ ਹੰਝੂ ਬਣਕੇ ਛਲਕਦਾ ਹੁੰਦਾ ਸੀ।

ਆਰਥਿਕ ਪੱਖੋਂ ਕਮਜ਼ੋਰ ਤੇ ਖੁਦ ਟੱਬਰ ਟੀਰ੍ਹ ਵਾਲਾ ਹੋਣ ਦੇ ਬਾਵਜੂਦ ਮਾਮੇ ਨੇ ਕਦੇ ਪਿੱਠ ਨਹੀਂ ਸੀ ਵਿਖਾਈ। ਭੈਣਾਂ ਦੇ ਹਰ ਕਾਰਜ਼ 'ਤੇ ਖੁਸ਼ੀ ਹੋਵੇ ਜਾਂ ਗ਼ਮੀ ਮਾਮਾ ਹਰ ਹਾਲਤ 'ਚ ਬਹੁੜਿਆ ਸੀ। ਉਹ ਭੈਣਾਂ ਦੇ ਘਰੀਂ ਨੰਗੇ ਪੈਰੀਂ ਤਾਂ ਭਾਵੇਂ ਕਦੇ ਗਿਆ ਹੋਵੇ। ਪਰ ਖ਼ਾਲੀ ਹੱਥ ਕਦੇ ਨਹੀਂ ਸੀ ਗਿਆ। ਮਾਮਾ ਕੋਰਾ ਕਰਾਰਾ ਤੇ ਸੁਭਾ ਦਾ ਤੱਤਾ ਸੀ। ਪੂਰਾ ਰੰਗੜ। ਪਰ ਸੰਵੇਦਨਸ਼ੀਲ ਤੇ ਮੋਹ ਖੋਰਾ ਵੀ ਬੜਾ ਹੁੰਦੀ ਸੀ।

ਮਾਮਾ ਕਿਸੇ ਵਿਆਹ ਸ਼ਾਦੀ ਦੇ ਮੌਕੇ ਛਿੱਟ ਕੁ ਦਾਰੂ ਪੀ ਕੇ ਬੜ੍ਹਕ ਜਿਹੀ ਮਾਰਕੇ ਕਹਿੰਦਾ ਹੁੰਦਾ ਸੀ।

"ਓਏ, ਮੇਰੇ ਛੇ ਜੀਜੇ ਓਏ...।"

"ਸਾਲਿਆ, ਤੈਨੂੰ ਛੇਆਂ ਦਾ ਕੀ ਭਾਅ?" ਇੰਦਣੇ ਵਾਲਾ ਮਾਸੜ ਜਾਗਰ ਟਾਂਚ ਕਰਦਾ, "ਹਰ ਛੇਈਂ ਮਹੀਨੀਂ ਕਿਸੇ ਨਾ ਕਿਸੇ ਦੇ 'ਪੰਜੀਰੀ' ਲੈ ਕੇ ਤੁਰਿਆ ਰਹਿੰਨੈ...।"

ਫਿਰ ਇਹ ਛੇਈ ਸਾਂਢੂ ਖਿੜਖੜਾ ਕੇ ਹੱਸ ਪੈਂਦੇ ਸੀ। ਮਾਮੇ ਦਾ ਨਾ ਹੱਸਦੇ ਦਾ ਪਤਾ ਲੱਗਦਾ ਸੀ, ਨਾ ਰੋਂਦੇ ਦਾ। ਉਹ ਚਾਚੀ ਵਾਂਗੂੰ ਇਕਹਿਰੇ ਪਿੰਡੇ ਦਾ ਸੀ। ਮਾੜਚੂ ਜਿਹਾ। ਉਹਦੀਆਂ ਨਿੱਕੀਆਂ ਤੇ ਕੱਚੀਆਂ ਅੱਖਾਂ ਦੇ ਕੋਇਆਂ 'ਚੋਂ ਪਾਣੀ ਸਿੰਮਦਾ ਰਹਿੰਦਾ ਹੁੰਦਾ ਸੀ।

"ਤੁਸੀਂ ਸਾਡੇ ਬੀਰੇ ਨੂੰ ਤੰਗ ਕਰਦੇ ਆ।" ਮਾਸੀ ਛਿੰਨੋ, ਰੱਖੀ ਤੇ ਚਾਚੀ ਉਹਦੀ ਵਾਹਰ 'ਚ ਆ ਖਲੋਂਦੀਆਂ।

ਝੰਜੋਵਾਲੀਆ ਮਾਸੜ ਹਜ਼ਾਰਾ ਮਲਵੀ ਜਿਹੀ ਆਵਾਜ਼ 'ਚ ਕਹਿੰਦਾ, "ਤੰਗ ਤਾਂ ਤੁਸੀਂ ਕਰਦੀਆਂ।

"ਅਸੀਂ ਕੀ ਤੰਗ ਕਰਦੀਆਂ ਵੇ।" ਮਾਸੀ ਰੱਖੀ ਪਟਾਕ ਬੋਲਦੀ ਸੀ।

ਹੁੱਕੇ ਦਾ ਘੁੱਟ ਭਰਕੇ ਮਾਸੜ ਬੋਲਦਾ।

"ਪਹਿਲਾਂ ਇਹ ਵਿਚਾਰਾ 'ਪੰਜੀਰੀ' ਢੋਂਹਦਾ ਅੱਧਾ ਰਹਿ ਗਿਆ। ਹੁਣ 'ਨਾਨਕੀ ਛੱਕਾਂ' ਦੇ ਗਧੀਗੇੜ 'ਚ ਪੈ ਗਿਆ।"

ਮਹਿਫ਼ਲ 'ਚ ਫਿਰ ਹਾਸੜ ਜਿਹੀ ਮੱਚ ਜਾਂਦੀ ਸੀ।

ਇਸ ਤਰ੍ਹਾਂ ਇਹ ਸਾਡੇ ਪੁਰਖੇ, ਜੋ ਮਿਹਨਤ ਮਜ਼ਦੂਰੀ ਕਰਕੇ ਆਪਣੇ ਟੱਬਰ-ਟੀਰ੍ਹ ਪਾਲਦੇ ਸੀ। ਵਿਆਹ-ਸ਼ਾਦੀ ਦੇ ਮੌਕੇ, ਸਸਤੀ ਦਾਰੂ ਪੀਂਦੇ। ਕਬੀਲਦਾਰੀ ਦੀਆਂ ਸਿਆਣੀਆਂ ਗੱਲਾਂ ਕਰਨ ਦੇ ਨਾਲ



ਨਾਲ ਇਕ ਦੂਜੇ ਨੂੰ ਠੱਠਾ ਮਖੌਲ ਕਰਦੇ, ਹੱਸਦੇ ਹਸਾਉਂਦੇ ਰਹਿੰਦੇ ਸੀ। ਹੁੱਕਾ ਇਨ੍ਹਾਂ ਦੀ ਸਾਂਝ ਦਾ ਅਸਲ ਪ੍ਰਤੀਕ ਹੁੰਦਾ ਸੀ।

ਉਪਰੋਕਤ ਗੱਲਾਂ ਦਾ ਸਰੋਤ ਚਾਚੀ ਹੁੰਦੀ ਸੀ।

ਚਾਚੀ ਈ ਸੁਲੱਖਣੀ ਕੁੱਖੋਂ ਅਸੀਂ ਨੌਂ ਭੈਣ ਭਰਾ ਪੈਦਾ ਹੋਏ। ਮਰ ਉਏ ਥੋਡੀ ਭੈਣ ਨੂੰ , ਨੌਂ...! ਹਾਂ ਜੀ, ਨੌਂ!! ਚਾਚੀ ਦਾ ਪਲੇਠਾ ਬੱਚਾ, ਜਾਣੀ ਕਿ ਮੇਰੀ ਵੱਡੀ ਭੈਣ ਗਿਆਨੋ, ਜਨਮ ਤੋਂ ਮਹੀਨਾ ਖੰਡ ਬਾਅਦ ਹੀ ਮਰ ਗਈ ਸੀ। ਪਰ ਚਾਚੀ ਆਖਰੀ ਸਾਹ ਤੱਕ ਭਾਈਏ ਨੂੰ 'ਗਿਆਨੋ ਦੇ ਭਾਈਆ' ਕਹਿ ਕੇ ਹੀ ਸੰਬੋਧਨ ਹੁੰਦੀ ਰਹੀ ਸੀ। ਇਹ ਹਕੀਕਤ ਹੈ ਕਿ ਔਰਤ ਆਪਣੇ ਪਹਿਲੇ ਪਿਆਰ ਨੂੰ ਅਤੇ ਆਪਣੇ ਪਹਿਲੇ ਬੱਚੇ ਨੂੰ ਕਦੇ ਨਹੀਂ ਭੁੱਲਦੀ।

ਅਸੀਂ ਚਾਰ ਭੈਣ-ਭਰਾ ਭਾਈਏ ਰੰਗੇ ਹਾਂ। ਸਾਂਵਲੇ। ਤੇ ਚਾਰ ਭੈਣ-ਭਰਾ, ਚਾਚੀ ਰੰਗੇ ਹਾਂ। ਜਮਾਂ ਗੋਰੇ ਨਛੋਹ।

ਚਾਚੀ ਦੇ ਖੱਬੇ ਪੈਰ ਦੀ ਅੱਡੀ 'ਚ 'ਭੌਰੀ' ਹੁੰਦੀ ਸੀ। ਉਹ ਖੱਬੇ ਪੈਰ ਦੀ ਅੱਡੀ ਚੁੱਕ ਕੇ, ਪੱਬ 'ਤੇ ਭਾਰ ਪਾ ਕੇ ਤੁਰਦੀ ਹੁੰਦੀ ਸੀ। ਉਹ ਐਡਾ ਖਾਸ ਲੰਫ ਤਾਂ ਨਹੀਂ ਸੀ ਮਾਰਦੀ ਹੁੰਦੀ। ਪਰ ਪਿੰਡ ਦੀਆਂ ਔਰਤਾਂ (ਜੱਟੀਆਂ) ਉਹਨੂੰ 'ਸਵਰਨੀ ਲੰਞੀ' ਕਹਿੰਦੀਆਂ ਹੁੰਦੀਆਂ ਸੀ।

ਚਾਚੀ ਸਮਾਂ ਅਨਪੜ੍ਹ ਹੋਣ ਦੇ ਬਾਵਜੂਦ, ਬੇਹੱਦ ਸਿਆਣੀ ਸੁਚੱਜੀ ਤੇ ਸਾਊ ਔਰਤ ਸੀ। ਘਰ ਦੀ ਕਬੀਲਦਾਰੀ ਪ੍ਰਤੀ ਸੁਹਿਰਦ ਤੇ ਸੁਚੇਤ। ਸਮਾਜਿਕ ਕਦਰਾਂ-ਕੀਮਤਾਂ ਦੀ ਪਹਿਰੇਦਾਰ। ਘਰ ਦੀ ਮਾਣ-ਮਰਿਯਾਦਾ ਪ੍ਰਤੀ ਖ਼ਬਰਦਾਰ।

ਪੂਰੇ ਪਿੰਡ 'ਚ ਸਾਡਾ ਇਕੋ 'ਜੁਲਾਹਿਆਂ' ਦਾ ਘਰ ਹੁੰਦਾ ਸੀ। ਮਾਲਵੇ 'ਚ ਲੋਕ ਸਾਨੂੰ ਜੁਲਾਹੇ ਕਹਿੰਦੇ ਹੁੰਦੇ ਸੀ। (ਵੈਸੇ ਅਸੀਂ ਆਦਿ ਧਰਮੀ ਹਾਂ) ਚਾਚੀ ਤੇ ਭਾਈਆ, ਇਕ ਲੰਮਾ ਅਰਸਾ ਬਰਾੜ ਗੋਤ ਦੇ ਜੱਟਾਂ 'ਚ ਮਾਣ ਇੱਜਤ ਨਾਲ ਰਹੇ। ਇਹ ਸਭ ਉਨ੍ਹਾਂ ਦੇ ਚੰਗੇ ਵਿਵਹਾਰ ਚੰਗੇ ਕਰਦਾਰ ਤੇ ਲੋਹੜੇ ਦੀ ਹਲੀਮੀ ਕਰਕੇ ਹੀ ਸੰਭਵ ਹੋਇਆ ਸੀ।

ਚਾਚੀ ਵੇਖਣ ਨੂੰ ਭਾਵੇਂ ਮਾੜਚੂ ਜਿਹੀ ਲੱਗਦੀ ਸੀ। ਪਰ ਉਹ ਸਿਰੜੀ ਤੇ ਹਠੀ ਬਹੁਤ ਹੁੰਦੀ ਸੀ। ਕੰਮ ਵਾਲੀ ਤਾਂ ਉਹ ਸਮਾਂ ਭੂਤਨੀ ਭੁਲਾਈ ਰੱਖਦੀ ਸੀ। ਚੌਂਕਾ ਚੁੱਲ੍ਹਾ ਕਰਨਾ। ਮੱਝ ਚੋਣੀ। ਦੁੱਧ ਰਿੜਕਣਾ। ਗੋਹਾ ਕੂੜਾ ਕਰਨਾ, ਪਾਥੀਆਂ ਪੱਥਣੀਆਂ। ਗੀਰ੍ਹਾ ਲਾਉਣਾ। ਲੀੜੇ ਧੋਣੇ। ਕੱਚੇ ਕੋਠਿਆਂ ਨੂੰ ਲਿੱਪਣਾ ਪੋਚਣਾ। ਤਾਣਾ ਤਣਨਾ। ਸੂਤ ਉਟੇਰਨਾ। ਭਾਈਏ ਨਾਲ ਪਾਣ ਕਰਾਉਣੀ। ਗਈ ਰਾਤ ਤੱਕ ਨਲੀਆਂ ਵੱਟਣੀਆਂ। ਆਦਿ ਆਦਿ।

ਚਾਚੀ ਆਪਣੇ ਕੰਮ ਪ੍ਰਤੀ ਬੜੀ ਸੁਹਿਰਦ ਤੇ ਇਮਾਨਦਾਰ ਹੁੰਦੀ ਸੀ। ਉਹਨੇ ਕਦੇ 'ਥਕੇਵਾਂ' ਮਹਿਸੂਸ ਨਹੀਂ ਸੀ ਕੀਤਾ।

"ਜੁਲਾਹੀ ਸਾਰਾ ਦਿਨ ਊਰੀ ਵਾਂਗੂੰ ਘੁੰਮਦੀ ਆ।" ਗੁਵਾਂਢਣ ਜੱਟੀਆਂ ਕਹਿੰਦੀਆਂ ਹੁੰਦੀਆਂ ਸੀ, "ਖਵਨੀ ਕੀ ਖਾਂਦੀ ਆ, ਜਮਾਂ ਨ੍ਹੀਂ ਥੱਕਦੀ।"

"ਬੀਬੀ ਜੀ, ਅਸੀਂ ਮਹਾਤੜ-ਕੰਮੀ ਕਮੀਣ ਲੋਕ ਆ। ਕੰਮ ਕਰਾਂਗੇ ਤਾਂ ਖਾਵਾਂਗੇ।" ਤਲਖੀ ਜਾਂ ਗੁੱਸਾ ਕਰਨਾ ਚਾਚੀ ਦੀ ਫਿਤਰਤ ਨਹੀਂ ਸੀ।

ਚਾਚੀ ਦੇ ਬੋਲਾਂ 'ਚ ਲੋਹੜੇ ਦੀ ਮਿਠਾਸ ਸੀ। ਉਹ ਹਰ ਔਰਤ ਨੂੰ 'ਬੀਬੀ ਜੀ' ਤੇ ਹਰ ਮਰਦ ਨੂੰ 'ਬਾਈ ਜੀ' ਕਹਿ ਕੇ ਬਲਾਉਂਦੀ ਸੀ। ਪਰ ਆਮ ਬੁੜੀਆਂ ਬੰਦੇ ਚਾਚੀ ਦਾ ਨਾਂਅ ਲੈ ਕੇ ਬਲਾਉਂਦੇ ਸੀ। ਸਵਰਨੀ।

ਚਾਚੀ 'ਚ ਇਕ ਵੱਡਾ ਗੁਣ ਇਹ ਸੀ ਕਿ ਉਹ ਇਕ ਨਿਪੁੰਨ 'ਦਾਈ' ਸੀ। ਉਹਨੇ ਇਸ ਕੰਮ ਦੀ ਕਿਤੋਂ

ਸਿਖਲਾਈ ਨਹੀਂ ਸੀ ਲਈ। ਕੋਈ ਕੋਰਸ ਨਹੀਂ ਸੀ ਕੀਤਾ। ਪਰ ਉਹਦਾ 'ਕੇਸ' ਕਦੇ ਖਰਾਬ ਨਹੀਂ ਸੀ ਹੋਇਆ। ਪਿੰਡ ਦੇ ਸੈਕੜੇ ਬੱਚੇ ਉਹਦੇ ਹੱਥੀਂ ਪੈਦਾ ਹੋਏ ਸੀ। ਜਨੇਪੇ ਵਿਚ ਔਰਤਾਂ ਉਹਦੇ 'ਤੇ ਬਹੁਤ ਵਿਸ਼ਵਾਸ ਕਰਦੀਆਂ ਹੁੰਦੀਆਂ ਸਨ। ਘੁਮਿਆਰ ਦੇ ਹੱਥਾਂ ਵਰਗੇ ਚਾਚੀ ਦੇ ਹੱਥ ਸਨ, ਬੜਾ ਕੁਸ਼ਲਤਾ ਨਾਲ 'ਮਿੱਟੀ ਦਾ ਭਾਂਢਾ' ਘਰ ਦਿਆਂ ਦੇ ਹਵਾਲੇ ਕਰ ਦਿੰਦੀ ਸੀ। ਉਹਦੇ ਹੱਥਾਂ ਦੀ ਪਕੜ ਤੇ ਰਵਾਨਗੀ ਮੈਂ ਕਈ ਵਾਰ ਦੇਖੀ ਸੀ।

ਚਾਚੀ ਔਰਤਾਂ ਦੇ ਢਿੱਡ ਵੀ ਮਲਦੀ ਹੁੰਦੀ ਸੀ। ਧਰਨ, ਚੁੱਕ ਜਾਂ ਕੋਡੀ 'ਚ ਹੁੰਦੀ ਦਰਦ ਨੂੰ ਉਹ ਮਲ਼ ਕੇ ਹੀ ਠੀਕ ਕਰ ਦਿੰਦੀ ਹੁੰਦੀ ਸੀ।

ਇਸ ਕੰਮ ਲਈ ਔਰਤਾਂ, ਤੇਲ ਦੀ ਕੌਲੀ ਚੁੱਕੀ, ਅਕਸਰ ਉਹਦੇ ਕੋਲ ਤੁਰੀਆਂ ਰਹਿੰਦੀਆਂ ਸੀ। ਢਿੱਡ ਮਲਾਉਣ ਆਈ ਔਰਤ ਥੱਲੇ ਵਿਛਾਏ ਖ਼ੇਸ਼ 'ਤੇ ਸਿੱਧੀ ਸਫ਼ਾਲ ਲੇਟ ਜਾਂਦੀ ਸੀ। ਤੇ ਚਾਚੀ ਦੇ ਕਹਿਣ 'ਤੇ, ਸਲਵਾਰ ਦਾ ਨਾਲਾ ਢਿੱਲਾ ਕਰਦੀ ਸੀ। ਕੁੜਤੀ ਨੂੰ ਛਾਤੀਆਂ ਤੱਕ ਚੜ੍ਹਾਉਂਦੀ ਸੀ। ਸਰੀਰ ਨੂੰ ਪੂਰੀ ਤਰ੍ਹਾਂ ਢਿੱਲ੍ਹਾ ਛੱਡਦੀ ਸੀ। ਨਾਰਮਲ ਅਸਵਥਾ 'ਚ ਸਾਹ ਲੈਂਦੀ ਸੀ। ਤੇ ਫਿਰ ਚਾਚੀ ਐਂ ਜਮਾਂ ਧੁੰਨੀ ਦੀ ਸੇਧ ਨੂੰ ਕੌਲੀ 'ਚੋਂ ਤੇਲ ਦੀ ਤਤੀਰੀ ਪਾਉਂਦੀ ਸੀ। ਇਸ ਤੋਂ ਪਹਿਲਾਂ ਕਿ ਤੇਲ ਦੀ 'ਘਰਾਲ਼' ਸੱਜੇ-ਖੱਬੇ ਜਾਂ ਨਾਲੇ ਦੇ ਬੰਨ੍ਹ ਵਲ ਨੂੰ ਵਗੇ, ਚਾਚੀ ਹੱਥ ਨਾਲ ਢਿੱਡ ਨੂੰ ਤੇਲ ਨਾਲ ਚੋਪੜ ਦਿੰਦੀ ਸੀ। ਕਈ ਔਰਤਾਂ ਢਿੱਡ ਮਲਾਉਂਦੀਆਂ ਅਨੰਦਮਈ ਅਵਸਥਾ 'ਚ ਪਹੁੰਚ ਜਾਂਦੀਆਂ ਸੀ। ਤੇ ਕਈ ਨਵ-ਵਿਆਹੀਆਂ ਜਾਂ ਕੁੜੀਆਂ ਕੁਤਕੁਤਾੜੀਆਂ ਜਿਹੀਆਂ ਮੰਨਦੀਆਂ ਹੁੰਦੀਆਂ ਸੀ। ਪਰ ਚਾਚੀ ਦੇ ਹੱਥ ਤੇਜ ਗਤੀ ਨਾਲ ਔਰਤ ਦੇ ਢਿੱਡ 'ਤੇ ਫਿਰਦੇ ਰਹਿੰਦੇ।

ਮੈਂ ਇਹ ਸਭ ਚੋਰ ਅੱਖ ਨਾਲ ਵੇਖਦਾ ਹੁੰਦਾ ਸੀ।

ਮੇਰੀ ਇਸ ਹਰਕਤ ਨੂੰ ਭਾਂਪ ਕੇ ਚਾਚੀ ਕਹਿੰਦੀ ਹੁੰਦੀ ਸੀ.

"ਚੱਲ ਵੇ, ਤੂੰ ਬਾਹਰ ਜਾ ਕੇ ਖੇਡ।"

"ਚੱਲ ਕੋਈ ਨ੍ਹੀਂ ਜੁਵਾਕ ਆ।"

"ਜਵਾਕ ਨ੍ਹੀਂ, ਖਚਰੈ...।"

ਬੇਸ਼ੱਕ ਉਦੋਂ ਮੈਂ ਜੁਵਾਕ ਜਿਹਾ ਹੀ ਹੁੰਦਾ ਸੀ।

ਪਰ ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਕਈ ਔਰਤਾਂ ਦੇ ਢਿੱਡ ਸੋਹਣੇ ਤੇ ਪਿਆਰੇ ਲੱਗਦੇ ਆ। ਤੇ ਕਈਆਂ ਦੇ ਅੱਧ-ਭਰੇ ਬਲੱਡਰ ਵਰਗੇ ਢਿਲ੍ਹੜ ਤੇ ਭੱਦੇ ਜਿਹੇ ਲੱਗਦੇ ਆ। ਵੇਖ ਕੇ ਕਚਿਆਣ ਜਿਹੀ ਆਉਂਦੀ ਹੁੰਦੀ ਸੀ।

ਦਾਈਪੁਣਾ ਕਰਨ ਤੇ ਢਿੱਡ ਮਲਣ ਦੇ ਇਵਜ਼ ਵਜੋਂ, ਚਾਚੀ ਨੂੰ ਦਾਣੇ, ਆਟਾ ਜਾਂ ਕੁੱਝ ਪੈਸੇ ਮਿਲ ਜਾਂਦੇ ਸੀ। ਇਸ ਕੰਮ ਦੀ ਕੋਈ ਬੱਝਵੀ ਫੀਸ ਨਹੀਂ ਸੀ ਹੁੰਦੀ। ਆਪਣੀ ਖੁਸ਼ੀ ਨਾਲ ਕੋਈ ਜੋ ਕੁੱਝ ਵੀ ਦਿੰਦਾ ਸੀ। ਚਾਚੀ ਸਵੀਕਾਰ ਕਰ ਲੈਂਦੀ ਸੀ। ਜੇ ਕਿਸੇ ਦੇ ਮੁੰਡਾ ਹੁੰਦਾ ਸੀ। ਉਹ ਸੂਟ ਵਗੈਰਾ ਵੀ ਦੇ ਦਿੰਦੇ ਸੀ। ਇਸ ਤਰ੍ਹਾਂ ਸਾਡੇ ਵੱਡੇ ਪਰਵਾਰ ਦੀ ਆਈ-ਚਲਾਈ ਚੱਲੀ ਜਾਂਦੀ ਸੀ।

ਕੇਰਾਂ ਮੇਰੇ ਨਿੱਕੇ ਹੁੰਦੇ ਦੇ, ਅੰਗੂਠੇ ਦੇ ਨਾਲ ਦੀ ਉਂਗਲ 'ਤੇ 'ਚੰਦਰਾ' ਹੋ ਗਿਆ ਸੀ। ਨੌਂਹ ਦੀ ਨਸ ਪਾਟ ਕੇ ਪੀਕ ਪੈ ਗਈ ਸੀ। ਬੜੀ ਚਸਕ ਪੈਂਦੀ ਹੁੰਦੀ ਸੀ। ਦਿਨ ਤਾਂ ਖੇਡਦਿਆਂ ਖੂਡਦਿਆਂ ਜਿਵੇਂ ਕਿਵੇਂ ਲੰਘ ਜਾਂਦਾ ਹੁੰਦਾ ਸੀ। ਪਰ ਰਾਤ ਨੂੰ ਮੇਰਾ ਰੋਂਦੇ ਦਾ ਅੜਾਟ ਪੈਂਦਾ ਹੁੰਦਾ ਸੀ। ਐਨੀ ਪੀੜ ਹੁੰਦੀ ਹੁੰਦੀ ਸੀ। ਚਾਚੀ ਮੇਰੀ ਉਂਗਲ ਨੂੰ ਪਿੱਛੋਂ ਘੁੱਟ ਕੇ ਫੜਦੀ ਤਾਂ ਮੈਨੂੰ ਚੈਨ ਜਿਹੀ ਆਉਂਦੀ ਸੀ। ਆਰਾਮ ਜਿਹਾ ਮਿਲਦਾ ਸੀ। ਪਰ ਜਦੋਂ ਮੇਰੀ ਉਂਗਲ ਚਾਚੀ ਦੀ ਪਕੜ ਤੋਂ ਥੋੜੀ ਜਿਹੀ ਢਿੱਲ੍ਹੀ ਹੁੰਦੀ ਸੀ। ਤਾਂ ਮੈਂ ਫਿਰ ਤੜਫ ਉੱਠਦਾ



ਸੀ। ਸੋ ਚਾਚੀ ਉਨ੍ਹਾਂ ਚਿਰ ਮੇਰੀ ਉਂਗਲ ਨੂੰ ਘੁੱਟ ਕੇ ਫੜੀ ਰੱਖਦੀ ਸੀ ਜਿੰਨ੍ਹਾਂ ਚਿਰ ਮੈਂ ਘੂਕ ਨਹੀਂ ਸੀ ਸੌਂ ਜਾਂਦਾ। ਕਿਤੇ ਬਾਅਦ 'ਚ ਜਾ ਕੇ ਇਸ ਗੱਲ ਦਾ ਅਹਿਸਾਸ ਹੋਇਆ ਕਿ ਮਾਂ ਆਪਣੇ ਬੱਚੇ ਦੀ ਪੀੜ ਨੂੰ, ਦੁੱਖ ਨੂੰ ਕਿਵੇਂ ਆਪਣੇ ਪਿੰਡੇ 'ਤੇ ਹੰਢਾਉਂਦੀ ਹੈ। ਮਹਿਸੂਸ ਕਰਦੀ ਹੈ।

ਅੱਠਵੀਂ ਦੇ ਪੇਪਰ ਦੇਣ ਉਪਰੰਤ ਮੈਂ ਇਕ ਸਾਧ ਦਾ ਚੇਲਾ ਹੋ ਗਿਆ ਸੀ। ਘਰ ਛੱਡਕੇ ਡੇਰੇ ਰਹਿਣ ਲੱਗ ਪਿਆ ਸੀ। ਚਾਚੀ ਬੜਾ ਰੋਈ ਪਿੱਟੀ ਸੀ। ਤੜਫੀ ਸੀ। ਕਲਪੀ ਸੀ।

"ਚੰਦਰਿਆ! ਇਹ ਬੜਾ ਔਖਾ ਪੈਂਡਾ! ਤੈਥੋਂ ਸਰ ਨਹੀਂ ਹੋਣਾ। ਤੇਰੀ ਅਜੇ ਉਮਰ ਈ ਕੀ ਆ? ਚੱਲ, ਘਰ ਚੱਲ! ਕਿਉਂ ਮਾਂ ਦੀਆਂ ਆਂਦਰਾਂ ਨੂੰ ਸਾੜਦੈ...।"

ਉਹਦੀਆਂ ਨਿੱਕੀਆਂ ਤੇ ਡੂੰਘੀਆਂ ਅੱਖਾਂ 'ਚੋਂ ਧਾਰੋ-ਧਾਰ ਹੰਝੂ ਵਹਿ ਤੁਰੇ ਸੀ।

ਉਹਦੇ ਹੰਝੂ ਵੇਖਕੇ ਮੇਰਾ ਮਨ ਨਹੀਂ ਸੀ ਪਸੀਜਿਆ।

ਮੈਂ ਡੇਰੇ ਰਹਿਣ ਲਈ ਬਜਿੱਦ ਸੀ।

ਆਖਿਰ ਚਾਚੀ ਨੂੰ ਮੇਰੀ ਘੜੀ ਮੂਹਰੇ ਝੁਕਣਾ ਪਿਆ ਸੀ। ਮਾਨੋ ਸੀਨੇ ਪੱਥਰ ਧਰਨਾ ਪਿਆ ਸੀ।

ਕਿਸੇ ਮਾਂ ਲਈ ਇਸ ਤੋਂ ਵੱਡਾ ਦੁੱਖ ਹੋਰ ਕੀ ਹੋ ਸਕਦਾ, ਜਿਹਦਾ ਪੁੱਤ 'ਘਰ' ਛੱਡ ਕੇ 'ਸਾਧ' ਹੋ ਗਿਆ ਹੋਵੇ। ਉਦੋਂ ਮੈਂ ਚਾਚੀ ਦੀ ਤੜਫਦੀ ਮਮਤਾ ਤੇ ਅੰਤਰ ਆਤਮਾ ਨੂੰ ਸਮਝ ਨਹੀਂ ਸੀ ਸਕਿਆ।

ਇਸ ਤੋਂ ਪਹਿਲਾਂ ਚਾਚੀ ਨੇ ਕਿਸੇ ਸਾਧ ਦੇ ਡੇਰੇ ਪੈਰ ਤੱਕ ਨਹੀਂ ਸੀ ਪਾਇਆ। ਉਹਦੀ 'ਡੇਰਿਆ' 'ਚ ਆਸਥਾ ਜਾਂ ਵਿਸ਼ਵਾਸ਼ ਨਹੀਂ ਸੀ। ਪਰ ਮੇਰੀ ਬਦੌਲਤ ਉਹ ਹਰ ਵੀਰਵਾਰ ਪਿੰਡੋਂ ਅੱਠ ਦਸ ਮੀਲ ਪੈਦਲ ਤੁਰਕੇ, ਡੇਰੇ ਜਾਂਦੀ ਹੁੰਦੀ ਸੀ। ਜਿਵੇਂ ਕੋਈ 'ਅੱਛਰਾਂ' ਆਪਣੇ 'ਪੂਰਨ' ਨੂੰ ਲੱਭਦੀ ਭਟਕਦੀ ਫਿਰਦੀ ਹੋਵੇ।

ਕੁੱਝ ਸਾਲਾਂ ਬਾਅਦ, ਸਾਧ ਦੀਆਂ ਕਰਤੂਤਾਂ ਵੇਖਕੇ, ਮੈਂ ਡੇਰਾ ਛੱਡ ਦਿੱਤਾ ਸੀ। ਪਰ ਚਾਚੀ ਆਖਰੀ ਸਾਹ ਤੱਕ ਹਰ ਵੀਰਵਾਰ 'ਪੰਜਾਂ ਪੀਰਾਂ' ਦਾ 'ਚਿਰਾਗ਼' ਕਰਦੀ ਰਹੀ ਸੀ। ਜਿਵੇਂ ਉਹ ਮੇਰੀਆਂ ਭੁੱਲ੍ਹਾਂ ਨੂੰ ਬਖ਼ਸ਼ਾਉਂਦੀ ਹੋਵੇ। ਜਿਸ ਡੇਰੇ 'ਚ ਮੈਂ ਰਹਿੰਦਾ ਹੁੰਦਾ ਸੀ। ਉਹ ਡੇਰਾ ਪੰਜ ਪੀਰ ਕਰਕੇ ਜਾਣਿਆ ਜਾਂਦਾ ਸੀ। ਡੇਰੇ 'ਚ ਪੰਜਾਂ ਪੀਰਾਂ ਦੀ ਮਜ਼ਾਰ ਹੁੰਦੀ ਸੀ।

ਕਿਸ਼ੋਰ ਅਵਸਥਾ ਤੋਂ ਹੀ ਮੈਨੂੰ ਸਾਹਿਤਕ ਕਿਤਾਬਾਂ ਪੜ੍ਹਨ ਅਤੇ ਗੀਤ, ਕਵਿਤਾਵਾਂ ਲਿਖਣ ਦੀ ਚੇਟਕ ਲੱਗ ਗਈ ਸੀ। ਸਕੂਲੀ ਪੜ੍ਹਾਈ ਤੋਂ ਮੈਂ ਕੰਨੀ ਕਤਰਾਉਂਦਾ ਹੁੰਦਾ ਸੀ। ਭਾਈਆ ਮੇਰੇ ਲਿਖਣ-ਪੜ੍ਹਨ 'ਤੇ ਢਿੱਡੋਂ ਔਖਾ ਸੀ। ਉਹ ਕਈ ਵਾਰ ਮੰਦਾ-ਚੰਗਾ ਬੋਲਦਾ ਹੁੰਦਾ ਸੀ।

ਹਰਾਮਦੀਏ ਮਾਰੇ, ਤੂੰ ਸਕੂਲ ਦੀਆਂ ਕਿਤਾਬਾਂ ਕੰਨੀਂ ਤਾਂ ਝਾਕਦਾ ਨ੍ਹੀਂ ਆ ਗਈ ਰਾਤ ਤੱਕ ਨਾਵਲਾਂ ਜਿਹੀਆਂ ਪੜ੍ਹਦਾ ਰਹਿਨੈਂ, ਤੇ ਊਟ-ਪਟਾਂਗ ਜਿਹਾ ਲਿਖਦਾ ਰਹਿਨੈਂ। ਅਖੇ, ਆ ਜਾ ਕੁੜੀਏ, ਬਹਿ ਜਾ ਮੁੰਡਿਆ। ਢੇਕਾ ਮਰ੍ਹਾੜਾ ਵਾਲੇ ਮਾਨ ਦਾ।" ਭਾਈਆ ਮੇਰੀਆਂ ਕਾਪੀਆਂ, ਕਿਤਾਬਾਂ ਫਰੋਲ ਲੈਂਦਾ ਹੁੰਦਾ ਸੀ। ਮੈਂ ਕਹਿਨਾਂ ਪੜ੍ਹਲਾ ਚਾਰ ਜਮਾਤਾਂ ਕਿਤੇ ਰੋਟੀ ਜੋਗਾ ਹੋ ਜੇਗਾ। ਇਹ ਮਾਂ 'ਚੋ ਲਿਖਾਰੀ ਬਣਨ ਨੂੰ ਪਿਆ।" ਚਾਚੀ ਝੱਟ ਮੇਰੇ ਪੱਖ 'ਚ ਬੋਲਦੀ ਹੁੰਦੀ ਸੀ। "ਕਿਉਂ ਮੁੰਡੇ ਨੂੰ ਗਾਲ੍ਹਾਂ ਕੱਢਦੈ। ਵੇਖੀਂ, ਕਿਸੇ ਦਿਨ ਮੇਰੇ ਪੁੱਤ ਦਾ ਨਾਂਅ ਹਓ। ਅਖ਼ਬਾਰਾਂ 'ਚ ਛਪੂ।"

ਚਾਚੀ ਦੀ ਅਖ਼ਬਾਰਾਂ 'ਚ ਨਾਂਅ ਛੱਪਣ ਦੀ ਭਵਿੱਖ ਬਾਣੀ ਤਾਂ ਸਹੀ ਸਾਬਤ ਹੋ ਗਈ ਹੈ। ਪਰ ਅਜੇ ਤੱਕ ਨਾਂਮਾ ਨਹੀਂ ਹੋਇਆ।

ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਇਕ ਖੂਬਸੂਰਤ ਔਰਤ ਨਾਲ ਮੇਰੀ ਮੁਹੱਬਤ ਹੋ ਗਈ ਸੀ। ਅਸੀਂ ਇਕ ਦੂਜੇ ਦੇ ਸਾਹੀਂ ਜਿਉਂਦੇ ਹੁੰਦੇ ਸੀ। ਕਾਮ-ਤ੍ਰਿਪਤੀ ਲਈ ਇਕ ਦੂਜੇ ਨੂੰ ਜਨੂੰਨ ਦੀ ਹੱਦ ਤੱਕ ਚਾਹੁੰਦੇ ਹੁੰਦੇ ਸੀ।

ਚਾਚੀ ਨੂੰ ਜਦੋਂ ਸਾਡੇ ਨਾਜ਼ਾਇਜ਼ ਸੰਬੰਧਾਂ ਦੀ ਭਿਣਕ ਪਈ, ਤਾਂ ਉਹ ਕਾਲਜਾ ਫੜਕੇ ਬਹਿ ਗਈ ਸੀ। ਜਿਵੇਂ ਕਿਸੇ ਨੇ ਉਹਦੇ ਕਾਲਜੇ 'ਚੋਂ ਰੁੱਗ ਭਰ ਲਿਆ ਹੋਵੇ। ਉਹ ਇਕ ਲੰਮੇ ਹਾਉਂਕੇ ਨਾਲ ਧੁਰ-ਅੰਦਰ ਤੱਕ ਸੂਤੀ ਗਈ ਸੀ।

"ਪ੍ਰਦੇਸ਼ਾ ਦਾ ਮਾਮਲਾ! ਤੇ ਮੁੰਡੇ ਕਿਹੜੇ ਕਸੂਤੇ ਰਾਹ ਪੈ ਗਿਆ।' ਉਹ ਤ੍ਰਾਹ ਤ੍ਰਾਹ ਡਰਦੀ ਹੁੰਦੀ ਸੀ। ਉਹਦੇ ਭਾਣੇ ਇਹ ਬਹੁਤ ਵੱਡੀ ਤੇ ਅਣਹੋਣੀ ਗੱਲ ਸੀ। ਦਲਿਤਾਂ ਦਾ ਮੁੰਡਾ ਸਵਰਨ ਜਾਤੀ ਦੀ ਔਰਤ ਨਾਲ ਇਸ਼ਕ ਕਰ ਹੀ ਨਹੀਂ ਸਕਦਾ। ਇਹ ਤਾਂ ਜੱਗੋਂ ਤੇਰ੍ਹਵੀ ਸੀ।

ਮੇਰੇ ਸਿਰ 'ਤੇ ਉਹਨੂੰ ਮੌਤ ਕੂਕਦੀ ਦਿਸਦੀ ਹੁੰਦੀ ਸੀ।

ਚਾਚੀ ਆਨੇ-ਬਹਾਨੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੁੰਦੀ ਸੀ।

"ਪੁੱਤ, ਤੀਮੀਂ ਜਾਤ ਦਾ ਬਹੁਤਾ ਇਤਬਾਰ ਨਹੀਂ ਕਰੀਦਾ। ਇਹਦਾ ਪਤਾ ਨ੍ਹੀ ਕਦੋਂ ਫਿਰਜੇ।" ਫਿਰ ਉਹ ਮੈਨੂੰ 'ਸਹਿਬਾਂ' ਦਾ ਕਿੱਸਾ ਸੁਣਾਉਣ ਲੱਗ ਪੈਂਦੀ ਹੁੰਦੀ ਸੀ।

ਪਰ ਮੈਂ ਕੰਨ ਨਾ ਧਰਦਾ। ਸੁਣੀ, ਅਣਸੁਣੀ ਕਰ ਦਿੰਦਾ ਹੁੰਦਾ ਸੀ।

ਮਾਂ ਆਪਣੇ ਪੁੱਤ ਪ੍ਰਤੀ ਕਿੰਨੀ ਉਲਾਰਵਾਰੀ ਹੁੰਦੀ ਹੈ। ਕਿ ਉਹ ਪੁੱਤ ਦੇ ਮੁਕਾਬਲੇ ਸਮੁੱਚੀ ਔਰਤ ਜਾਤ ਨੂੰ ਨਕਾਰ ਦਿੰਦੀ ਹੈ।

ਪਰ ਪੁੱਤ...??

ਚਾਚੀ ਕਹਿੰਦੀ ਹੁੰਦੀ ਸੀ, "ਮਾਂ ਦਾ ਚਿੱਤ ਵੱਛੇ, ਵੱਛੇ ਦਾ ਝਾੜੀ ਬੂਝੀ।' ਅਥਵਾ ਪੁੱਤ, ਮਾਂ ਦੀਆਂ ਭਾਵਨਾਵਾਂ ਦਾ ਕਦੇ ਕਦਰਦਾਨ ਨਹੀਂ ਹੋ ਸਕਿਆ।

ਬਲਿਓ ਸਟਾਰ ਉਪਰੇਸ਼ਨ ਤੋਂ ਕੁੱਝ ਸਮਾਂ ਪਹਿਲਾਂ, ਅਸੀਂ ਮਾਲਵਾ ਛੱਡ ਕੇ ਦੁਆਬੇ 'ਚ ਆਪਣੇ ਜੱਦੀ ਪਿੰਡ ਨੀਤਪੁਰ ਆ ਵਸੇ ਸੀ। ਇਸ ਤੋਂ ਪਹਿਲਾਂ ਸਾਡੇ ਛੇਆਂ ਭੈਣਾਂ-ਭਰਾਵਾਂ ਦੇ ਵਿਆਹ ਹੋ ਗਏ ਸੀ। ਮੇਰਾ ਤੇ ਸਭ ਤੋਂ ਛੋਟੇ ਭਰਾ ਦਾ ਵਿਆਹ ਇੱਥੇ ਦੁਆਬੇ 'ਚ ਆ ਕੇ ਹੀ ਹੋਇਆ ਸੀ। ਸਾਡੇ ਅੱਠਾਂ ਭੈਣ-ਭਰਾਵਾਂ 'ਚੋਂ ਮੇਰੇ ਜਨਮ ਦਾ ਨੰਬਰ ਚੌਥਾ ਹੈ। ਤੇ ਵਿਆਹ ਦਾ ਸੱਤਵਾਂ।

ਪਹਿਲਾਂ, ਚਾਚੀ ਨੂੰ ਮੇਰੇ ਵਿਆਹ ਦੀ ਚਿੰਤਾ ਲੱਗੀ ਰਹਿੰਦੀ ਸੀ। ਤੇ ਫਿਰ ਉਹ ਮੇਰੇ ਰੁਜ਼ਗਾਰ ਬਾਰੇ ਫਿਕਰਮੰਦ ਰਹਿਣ ਲੱਗੀ ਸੀ। ਮੈਂ ਨਿੱਕੇ ਮੋਟੇ ਕਈ ਕੰਮ ਕੀਤੇ। ਪਰ ਚੱਜ ਨਾਲ ਕੋਈ ਸੂਤ ਨਹੀਂ ਸੀ ਆਇਆ। ਥੋੜੀ ਕਮਾਈ ਤੇ ਬਹੁਤੀ ਮਹਿਗਾਈ ਨੇ ਮੈਨੂੰ ਪੈਰਾਂ ਸਿਰ ਨਾ ਹੋਣ ਦਿੱਤਾ। ਇਸ ਦੇ ਬਾਵਜੂਦ, ਕਿਤਾਬਾਂ ਨਾਲ ਜੁੜਿਆ ਹੋਣ ਕਰਕੇ, ਮੈਂ ਥਿੜਕਿਆ, ਡੋਲਿਆ ਨਹੀਂ ਸੀ। ਸਗੋਂ ਸਹਿਜ ਰੂਪ 'ਚ ਕਬੀਲਦਾਰੀ ਦਾ ਗੱਡਾ ਖਿੱਚਦਾ ਰਿਹਾ। ਕਿਤਾਬਾਂ, ਤੰਗੀ ਤੁਰਸੀ ਦਾ ਅਹਿਸਾਸ ਹੀ ਨਹੀਂ ਸੀ ਹੋਣ ਦਿੰਦੀਆਂ। ਪਰ ਕਿਤਾਬਾਂ, ਮੈਗਜ਼ੀਨ ਖਰੀਦਣ ਅਤੇ ਮਹੀਨੇ ਪਿੱਛੋਂ ਅਖ਼ਬਾਰ ਦੇ ਆਏ 'ਬਿੱਲ' ਤੋਂ ਘਰ ਵਿਚ ਕਲੇਸ਼ ਹੁੰਦਾ ਰਹਿੰਦਾ ਸੀ।

ਮੇਰੀਆਂ ਚੱਪਲਾਂ ਲਈ ਤਾਂ ਇਸ ਬੰਦੇ ਕੋਲ ਪੈਸੇ ਹੈ ਨ੍ਹੀਂ।" ਪਤਨੀ ਤੱਤੀ ਹੋ ਕੇ ਬੋਲਦੀ ਸੀ, "ਆਹ ਫੂਕਣੀਆਂ ਕਿਤਾਬਾਂ ਲਈ ਖਵਨੀ ਕਿੱਥੋਂ ਕੱਢ ਲੈਂਦਾ ਨੋਟ।"

"ਚੱਲ ਚੁੱਪ ਕਰ ਨੀ।" ਚਾਚੀ ਮੇਰੇ ਹੱਕ 'ਚ ਭੁਗਤ ਹੀ ਹੁੰਦੀ ਸੀ।

"ਬਾਹਲਾ ਨ੍ਹੀਂ ਬੋਲੀਦਾ।"

"ਬੋਲਾ ਨਾ, ਇਹਨੂੰ ਨ੍ਹੀਂ ਦੀਹਦਾ, ਮੈਂ ਨੰਗੀ ਪੈਰੀਂ ਜਾਨੀ ਆ, ਪੱਠੇ ਡੱਕੇ ਨੂੰ।" ਪਤਨੀ ਭਾਵੁਕ ਹੋ ਜਾਂਦੀ ਸੀ।

ਚਾਚੀ ਨੂੰ ਲੱਗਦਾ, ਵਹੁਟੀ ਸੱਚੀ ਆ। ਮੁੰਡਾ ਝੂਠਾ। ਪਰ ਚਾਚੀ ਮੇਰੇ ਕਿਤਾਬਾਂ ਨਾਲ ਇਸ਼ਕ ਬਾਰੇ ਵੀ



ਜਾਣਦੀ ਸੀ। ਉਹ ਵਿਚ ਵਿਚਾਲਾ ਰੱਖ ਕੇ ਬੋਲਦੀ ਹੁੰਦੀ ਸੀ।

"ਪੁੱਤ, ਤੂੰ ਜਿਹੜਾ ਐਨੇ ਪੈਸੇ ਇਨ੍ਹਾਂ ਕਿਤਾਬਾਂ 'ਤੇ ਖਰਚਦੈ। ਜੇ ਐਨੇ ਦਾ ਸੌਦਾ ਪੱਤਾ ਲਿਆਮੇਂ, ਤਾਂ ਸੋਹਣਾ ਮਹੀਨਾ ਲੰਘ ਸਕਦੈ।"

"ਚਾਚੀ ਸੌਦਾ ਪੱਤਾ ਕਿਤਾਬਾਂ ਦੀ ਪੂਰਤੀ ਨਹੀਂ ਕਰ ਸਕਦਾ।"

"ਚੱਲ ਫਿਰ ਮੇਰਾ ਪੁੱਤ, ਅਖਬਾਰਾਂ ਬੰਦ ਕਰਾ ਦੇ।"

"ਅਖ਼ਬਾਰਾਂ ਬੰਦ ਕਰਵਾ ਕੇ ਅੰਨ੍ਹਾ ਹੋ ਜਾ, ਗੂੰਗਾ ਬੋਲਾ ਹੋ ਜਾ।" ਮੈਂ ਤਲਖ਼ੀ ਨਾਲ ਬੋਲਦਾ ਹੁੰਦਾ ਸੀ।

ਫਿਰ ਚਾਚੀ ਚੁੱਪ ਕਰ ਜਾਂਦੀ ਸੀ। ਦਰਅਸਲ, ਮੇਰੇ ਪੜ੍ਹਨ-ਲਿਖਣ ਤੇ ਚਾਚੀ ਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਹਲਾਤ ਹੀ ਉਹਨੂੰ ਅਜਿਹਾ ਕਹਿਣ ਲਈ ਮਜ਼ਬੂਰ ਕਰਦੇ ਸੀ ਕਿ 'ਪੱਤ ਛੱਡ ਇਹ ਪੜ੍ਹਨ ਲਿਖਣ ਦਾ ਖਹਿੜਾ, ਇਹਤੋਂ ਕਿਹੜਾ ਕੋਈ ਕਮਾਈ ਹੁੰਦੀ ਆ।

ਮੈਂ ਚਾਚੀ ਦੀਆਂ ਭਾਵਨਾਵਾਂ ਨੂੰ ਸਮਝਦਾ ਸੀ। ਮੈਨੂੰ ਪਤਾ ਹਰ ਮਾਂ ਚਾਹੁੰਦੀ ਹੈ ਕਿ ਉਹਦਾ ਪੁੱਤ ਚੰਗਾ ਕਮਾਏ। ਚੰਗਾ ਖਾਏ। ਤੇ ਚੰਗਾ ਪਹਿਨੇ-ਹੰਢਾਏ।ਤੇ ਬੱਸ। ਮਾਂ ਦੀਆਂ ਸੋਚਾਂ ਸੁਫ਼ਨਿਆਂ ਦਾ ਕੇਂਦਰ ਬਿੰਦੂ ਤਾਂ ਸਿਰਫ ਤੇ ਸਿਰਫ ਉਹਦਾ ਪੁੱਤਰ ਹੁੰਦੈ। ਬਾਕੀ ਸਮਾਜ ਦੇਸ਼ ਉਹਦੀਆਂ ਸੋਚਾਂ ਸੁਫਨਿਆਂ ਚੋਂ ਮਨਫ਼ੀ ਹੁੰਦੇ ਆ। ਖ਼ੈਰ।ਇਸ ਦੌਰਾਨ ਉਤੋੜਤੀ ਮੇਰੀ ਪਤਨੀ ਨੇ ਤਿੰਨਾਂ ਦੇਵੀਆਂ ਨੂੰ ਜਨਮ ਦਿੱਤਾ। ਚਾਚੀ ਝੋਰਾ ਕਰਦੀ। ਰੋਂਦੀ।

"ਚੰਦਰਿਆਂ! ਤੈਨੂੰ ਪੀਰਾਂ ਦਾ 'ਸਰਾਪ' ਲੱਗਾ।"

ਚਾਚੀ ਮੇਰੇ ਡੇਰਾ ਛੱਡਣ 'ਤੇ ਖੁਸ਼ ਨਹੀਂ ਸੀ। ਚਾਚੀ ਐਂ ਸੋਚਦੀ ਸੀ ਕਿ ਮੇਰੇ ਡੇਰਿਓ ਭੱਜਣ ਕਰਕੇ ਈ ਪੈਰ ਨਹੀਂ ਸੀ ਲੱਗਦੇ। ਘਰ 'ਚ ਬਰਕਤ ਨਹੀਂ ਸੀ ਹੁੰਦੀ। ਕੁੜੀਆਂ ਜੰਮੀ ਜਾਂਦੀਆਂ ਸੀ। ਮੁੰਡਾ ਨਹੀਂ ਸੀ ਹੁੰਦਾ। ਚਾਚੀ ਅੱਜ ਦੇ ਡੇਰੇਦਾਰਾਂ ਨੂੰ ਠਾਠ ਬਾਠ ਨਾਲ ਰਹਿੰਦਿਆਂ ਵੇਖਕੇ ਕਲਪਦੀ ਹੁੰਦੀ ਸੀ।

"ਕੰਜਰਾ, ਜੇ ਟਿਕਿਆ ਰਹਿੰਦਾ, ਅੱਜ ਗੱਡੀਆ 'ਚ ਘੁੰਮਦਾ ਹੁੰਦਾ। ਮੌਜਾ ਕਰਦਾ ਹੁੰਦਾ।" ਫਿਰ ਉਹ ਹਾਉਂਕਾ ਲੈ ਕੇ ਕਹਿੰਦੀ ਹੁੰਦੀ ਸੀ, "ਮਾਂ ਤਾਂ ਜਨਮ ਦੇ ਸਕਦੀ ਆ। ਕਿਸਮਤ ਲਿਖਣੀ 'ਉਹਦੇ' ਹੱਥ ਵਸ।"

ਚਾਚੀ ਦੀ ਉਹਦੇ 'ਚ ਅਥਾਹ ਸ਼ਰਧਾ ਵੇਖ ਕੇ, ਮੈਂ ਕਦੇ ਪੁੱਛਣ ਦੀ ਜੁਰੱਅਤ ਨਹੀਂ ਸੀ ਕੀਤੀ ਕਿ 'ਉਹਦੇ ਕੀਹਦੇ ਹੱਥ?"

ਅਸੀਂ ਪੰਜੇ ਭਰਾ ਅੱਡੋ ਅੱਡ ਰਹਿੰਦੇ ਸੀ। ਆਪੋ ਆਪਣੀ ਬਾਲਕੇ ਸੇਕਦੇ ਸੀ। ਚਾਚੀ ਤੇ ਭਾਈਆ ਛੋਟੇ ਭਰਾ ਨਾਲ ਰਹਿੰਦੇ ਸੀ। ਭਾਈਏ ਨੇ ਹੱਥ ਖੱਡੀ ਦਾ ਕੰਮ ਛੱਡ ਦਿੱਤਾ ਸੀ।

ਇਸ ਤੋਂ ਪਹਿਲਾਂ ਚਾਚੀ ਨੇ ਕਦੇ ਖੇਤ ਮਜ਼ਦੂਰੀ ਨਹੀਂ ਸੀ ਕੀਤੀ। ਪਰ ਭਾਈਏ ਦੇ ਕੰਮ ਛੱਡਣ 'ਤੇ ਉਹਨੂੰ ਵਿਹਲੀ ਨੂੰ ਅਚਵੀ ਜਿਹੀ ਲੱਗੀ ਰਹਿੰਦੀ ਸੀ। ਹਾਲਾਂਕਿ ਉਹ ਹੁਣ ਸਿਆਣੀ ਬਜੁਰਗ ਹੋ ਗਈ ਸੀ। ਪਰ ਸਾਡੇ ਭਰਾਵਾਂ ਦੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ, ਉਹ ਦਿਹਾੜੀ ਕਰਨ ਲੱਗ ਪਈ ਸੀ। ਮਟਰ ਤੋੜਨ ਜਾਂ ਛੱਲੀਆਂ ਕੱਢਣ ਉਹ ਬੁੜੀਆਂ ਨਾਲ ਵਗ ਜਾਂਦੀ ਸੀ।

ਵੱਡਾ ਭਰਾ ਲੜਦਾ।

"ਮੇਰੇ ਹੁੰਦੇ ਤੈਨੂੰ ਕੀ ਲੋੜ ਆ, ਦਿਹਾੜੀ ਜਾਣ ਦੀ।" ਉਹ ਟਿੱਚਰ ਸੀ।

"ਚੱਲ ਹਓ ਪੁੱਤ, ਚਾਰ ਪੈਸੇ ਆ ਜਾਂਦੇ ਆ। ਘਰੇ ਕੀ ਕਰਨਾ ਬਿਹਲੇ ਬਹਿ ਕੇ।" ਚਾਚੀ ਨੂੰ ਘਰ ਦੀ ਬਹੁਤ ਚੂੰਢ ਹੁੰਦੀ ਸੀ।

ਘਰ ਦੀ ਪਰਿਭਾਸ਼ਾ ਦਾ ਉਹਨੂੰ ਖੂਬ ਗਿਆਨ ਸੀ। ਚਾਚੀ ਕਹਿੰਦੀ ਹੁੰਦੀ ਸੀ।

–ਘਰ ਤਾਂ ਸਮੁੰਦਰ ਹੁੰਦੇ ਆ, ਘਰ ਆਇਆ ਸਭ ਕੁਝ ਖਪਤ ਹੋ ਜਾਂਦਾ।

–ਜਿੰਨੇ ਜੀਅ, ਉਨੇ ਕਮਾਉਣ ਤਾਂ ਘਰ ਚੱਲਦੇ ਆ।

–ਮਰਦ ਲਿਆਵੇ, ਔਰਤ ਸਾਂਭੇ ਤਾਂ ਘਰ ਬੱਝਦੇ ਆ।

–ਸ਼ਾਮੀ ਖ਼ਾਲੀ ਹੱਥ ਆਉਣ ਵਾਲੇ ਮਰਦਾਂ ਦੇ ਘਰ 'ਚ ਕਦੇ ਬਰਕਤ ਨਹੀਂ ਹੁੰਦੀ।

ਚਾਚੀ ਅਜਿਹੀਆਂ ਆਪੇ ਘੜੀਆਂ ਕਹਾਵਤਾਂ ਜਿਹੀਆਂ ਸੁਣਾਉਂਦੀ ਰਹਿੰਦੀ ਸੀ।

ਤੇ ਚਾਚੀ ਨੂੰ ਜਦੋਂ ਮਜ਼ਦੂਰੀ ਦੇ ਪੈਸੇ ਮਿਲਦੇ ਸੀ। ਤਾਂ ਉਹ ਉਨ੍ਹਾਂ ਪੈਸਿਆਂ 'ਚੋਂ ਕੁੱਝ ਪੈਸੇ, ਪਰਦੇ ਨਾਲ ਮੇਰੀ ਵਹੁਟੀ ਨੂੰ ਫੜਾ ਦਿੰਦੀ ਸੀ। ਵਹੁਟੀ ਜੇ ਨਾਂਹ-ਨੁਕਰ ਕਰਦੀ ਤਾਂ ਚਾਚੀ ਕਹਿੰਦੀ ਹੁੰਦੀ ਸੀ।

"ਰੱਖ ਲੈ, ਕੁੜੀਆਂ ਨੂੰ ਕੋਟੀ ਕਾਟੀ ਲੈ ਦਈਂ।"

ਕਦੇ ਕਦਾਈ ਚਾਚੀ ਮੇਰੀ ਜੇਬ 'ਚ ਵੀ ਸੌ ਪੰਜਾਹ ਪਾ ਕੇ ਕਹਿੰਦੀ ਹੁੰਦੀ ਸੀ।

"ਅਖ਼ਬਾਰਾਂ ਵਾਲੇ ਨੂੰ ਦੇ ਦਈਂ।" ਇਕ ਦਿਨ ਚਾਚੀ ਦੇ ਬੈਠਿਆਂ 'ਹਾਕਰ' ਔਖਾ ਭਾਰਾ ਹੋ ਕੇ ਗਿਆ ਸੀ। ਕਿ ਤਿੰਨਾਂ ਮਹੀਨਿਆਂ ਤੋਂ ਅਖ਼ਬਾਰ ਦਾ ਬਿੱਲ ਜਮਾਂ ਨਹੀਂ ਕਰਵਾਇਆ।

ਮੇਰੇ ਵਿਆਹ ਤੋਂ ਛੇ ਸੱਤ ਸਾਲ ਬਾਅਦ ਜਦੋਂ ਮੈਨੂੰ ਸਰਕਾਰੀ ਮਾਨਤਾ ਪ੍ਰਾਪਤ ਸਕੂਲ 'ਚ ਚੌਥਾ ਦਰਜਾ ਮੁਲਾਜ਼ਮ ਦੀ ਨੌਕਰੀ ਮਿਲੀ ਤਾਂ ਚਾਚੀ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਉਹ ਖੁਸ਼ੀ ਦੇ ਰੌਂਅ 'ਚ ਭਾਵੁਕ ਹੋ ਕੇ ਬੋਲੀ ਸੀ, "ਇਹ ਮੇਰੀ ਅਰਦਾਸ ਨੂੰ ਫ਼ਲ ਲੱਗਾ। ਪੰਜਾਂ ਪੀਰਾਂ ਨੇ ਮੇਰੀ ਨੇੜੇ ਹੋ ਕੇ ਸੁਣੀ ਆ।" ਨਿਰਸੰਦੇਹ, ਮਾਂ ਜਦੋਂ ਅਰਦਾਸ ਕਰਦੀਆ ਆ। ਉਹ ਆਪਣੇ ਲਈ ਕੁੱਝ ਨਹੀਂ ਮੰਗਦੀ। ਸਗੋਂ ਧੀਆਂ ਪੁੱਤਾਂ ਲਈ ਮੰਗਦੀ ਹੈ। ਇਸ ਕਰਕੇ ਮਾਵਾਂ ਮਹਾਨ ਹੁੰਦੀਆਂ, ਧੀਆਂ ਪੁੱਤਾਂ ਲਈ ਕੁਰਬਾਨ ਹੁੰਦੀਆਂ। ਮੇਰੇ ਘਰ ਪੁੱਤਰ ਦੀ ਬਖਸ਼ਿਸ਼ ਵੀ ਚਾਚੀ ਦੀ ਅਰਦਾਸ ਦਾ ਹੀ ਫ਼ਲ ਸੀ।

ਮੈਂ ਥੋਨੂੰ ਸ਼ੁਰੂ 'ਚ ਦੱਸਿਆ ਸੀ ਕਿ ਅਸੀਂ ਆਪਣੀ ਮਾਂ ਨੂੰ ਚਾਚੀ ਕਹਿੰਦੇ ਹੁੰਦੇ ਸੀ। ਪਰ ਮੇਰੀ ਵੱਡੀ ਭਰਜਾਈ ਚਾਚੀ ਨੂੰ ਮਾਂ ਜੀ ਕਹਿੰਦੀ ਹੁੰਦੀ ਸੀ। ਉਹਦੀ ਰੀਸੇ ਫਿਰ ਸਾਰਾ ਪਰਿਵਾਰ ਹੀ ਚਾਚੀ ਨੂੰ ਮਾਂ ਜੀ ਕਹਿਣ ਲੱਗ ਪਿਆ ਸੀ। ਦਰਅਸਲ ਜਿਹੜੀ ਚਾਚੀ ਕਦੇ ਮਾਲਵੇ 'ਚ 'ਸਵਰਨੀ' ਕਰਕੇ ਜਾਣੀ ਜਾਂਦੀ ਸੀ। ਉਹ ਹੁਣ ਦੁਆਬੇ 'ਚ ਆਪਣੇ ਜੱਦੀ ਪਿੰਡ ਆ ਕੇ ਪੂਰੇ ਪਿੰਡ ਦੀ ਮਾਂ ਜੀ ਹੋ ਗਈ ਸੀ। ਪਰ ਮੈਂ ਹਮੇਸ਼ਾ ਚਾਚੀ ਨੂੰ ਚਾਚੀ ਕਹਿ ਕੇ ਬੁਲਾਉਂਦਾ। ਚਾਚੀ ਸ਼ਬਦ ਮੇਰੇ ਅੰਦਰ ਮਾਂ ਮੋਹ ਦਾ ਜਜਬਾ ਪੈਦਾ ਕਰਦਾ ਸੀ।

ਚਾਚੀ ਮੇਰੇ ਚੰਗੇ ਮੰਦੇ ਕੰਮਾਂ ਦੀ ਭੇਤੀ ਸੀ। ਮੇਰੀ ਰਹਿਬਰ ਸੀ। ਆਖਿਰ 'ਚ ਚਾਚੀ ਦੀ ਨਜ਼ਰ ਕਮਜ਼ੋਰ ਹੋ ਗਈ ਸੀ। ਐਨਕਾਂ ਲਾ ਕੇ ਰੱਖਦੀ ਸੀ। ਖੂੰਡੀ ਫੜਕੇ ਤੁਰਦੀ ਸੀ। ਚਾਚੀ ਸਾਡੇ ਪੰਜਾਂ ਭਰਾਵਾਂ ਦੀ ਪਹਿਰੇਦਾਰ ਹੁੰਦੀ ਸੀ। ਉਹ ਇਸ ਗੱਲ ਦੀ ਪੂਰੀ ਕੰਨਸੋ ਰੱਖਦੀ ਸੀ ਕਿ ਅਸੀਂ ਆਪਣੇ ਕੰਮਾਂ-ਕਾਰਾਂ ਤੋਂ ਕਦੋਂ ਘਰ ਆਉਂਦਾ ਹੈ। ਕੌਣ ਕੀ ਲੈ ਕੇ ਆਉਂਦਾ ਹੈ। ਕੌਣ ਖਾ ਪੀ ਕੇ ਆਉਂਦਾ ਹੈ। ਕੌਣ ਤੀਮੀਂ ਨਾਲ ਆ ਕੇ ਲੜਦਾ ਹੈ। ਸਕੂਲ ਦੀ ਨੌਕਰੀ ਮਿਲਣ ਤੋਂ ਪਹਿਲਾਂ ਮੈਂ ਦੋਧੀ ਹੁੰਦਾ ਸੀ। ਮੈਂ ਬਾਹਲੇ ਹਨੇਰੇ ਹੋਏ ਘਰ ਮੁੜਦਾ ਹੁੰਦਾ ਸੀ। ਚਾਚੀ ਰਾਹ ਨਾਲ ਬੈਠਕ 'ਚ ਰਜਾਈ 'ਚ ਮੁਗੜ੍ਹੀ ਮਾਰ ਕੇ ਬੈਠੀ, ਕੰਨ ਖੜੇ ਰੱਖਦੀ, ਹੁੰਦੀ ਸੀ। ਜਦੋਂ ਮੇਰੇ ਸਾਇਕਲ ਪਿੱਛੇ ਰੱਖੇ ਦੁੱਧ ਵਾਲੇ ਡਰੰਮ ਖੜਕਦੇ ਹੁੰਦੇ ਸੀ। ਤਾਂ ਉਹ ਆਪ-ਮੁਹਾਰੇ ਕਹਿੰਦੀ ਹੁੰਦੀ ਸੀ।

" ਲੈ ਹੁਣ ਆਇਆ ਕੰਜਰ।" ਫਿਰ ਉਹ ਰਜਾਈ ਲੈ ਕੇ ਨਿਸਚਿਤ ਹੋ ਕੇ ਸੌਂ ਜਾਂਦੀ ਸੀ।

ਔਰਤ ਦੀ ਵੀ ਕੀ ਹੋਣੀ ਆ। ਕਦੇ ਪਤੀ ਦੀ ਉਡੀਕ। ਕਦੇ ਪੁੱਤਰ ਦੀ ਉਡੀਕ। ਤੇ ਕਦੇ ਪੋਤੇ ਦੀ ਉਡੀਕ। ਚਾਚੀ ਨੂੰ ਹਮੇਸ਼ਾ ਮੇਰਾ ਘਰ ਬਣਾਉਣ ਦੀ ਚਿੰਤਾ ਲੱਗੀ ਰਹਿੰਦੀ ਸੀ। ਉਹ ਅਕਸਰ ਕਹਿੰਦੀ ਹੁੰਦੀ ਸੀ, "ਮੇਰੇ ਜਿਉਂਦੇ ਜੀ, ਇਹਦਾ ਦੋ ਖਣ ਕੋਠਾ ਪੈ ਜੇ, ਫਿਰ ਮੈਂ ਸੌਖੀ ਮਰਜੂ।"



ਮੇਰੇ ਭਰਾਵਾਂ ਨੇ ਆਪਣੇ ਗੁਜ਼ਾਰੇ ਜੋਗੇ ਘਰ ਬਣਾ ਲਏ ਸੀ ਪਰ ਮੈਂ ਅਜੇ ਤੱਕ ਖਾਨਾ ਬਦੋਸ਼ ਹੀ ਸੀ। ਮੈਂ ਆਪਣੇ ਇਕ ਭਰਾ ਦੇ ਘਰ, ਸਮੇਤ ਪਰਿਵਾਰ ਛੇਅ ਜੀਆਂ ਨਾਲ ਇਕ ਕਮਰੇ ਵਿਚ ਰਹਿੰਦਾ ਹੁੰਦਾ ਸੀ। ਭਰਾ ਜਦੋਂ ਕਦੇ ਲੜ੍ਹ ਪੈਂਦਾ ਹੁੰਦਾ ਸੀ। ਤਾਂ ਖੌਰੂ ਪਾਉਂਦਾ ਹੁੰਦਾ ਸੀ। ਗਾਲ੍ਹਾਂ ਕੱਢਦਾ ਹੁੰਦਾ ਸੀ। "ਚੱਕ ਉਏ, ਆਪਣਾ ਜੁੱਲ੍ਹ-ਪਤਾਣ, ਨਹੀਂ ਮੈਂ ਸਣੇ ਜੁਵਾਕ ਅੱਗ ਲਾਦੂੰ।"

ਅਜਿਹੇ ਹਾਲਾਤ 'ਚ ਮੈਂ ਪਰੇਸ਼ਾਨੀ 'ਚ ਤਣਾਓਗ੍ਰਸਤ ਰਹਿੰਦਾ ਹੁੰਦਾ ਸੀ। ਚਾਚੀ ਮੇਰੇ ਨਾਲੋਂ ਵੀ ਵੱਧ ਦੁਖੀ ਹੁੰਦੀ ਸੀ। ਉਹ ਭਰਾ ਨੂੰ ਚੰਗਾ ਮੰਦਾ ਬੋਲਦੀ ਹੁੰਦੀ ਸੀ। ਮੈਨੂੰ ਆਪਣੇ ਥਾਂ 'ਚ ਜਿਹੜਾ ਮੇਰੇ ਹਿੱਸਾ ਆਇਆ ਸੀ, ਛੰਨ ਪਾਉਣ ਦੀ ਸਲਾਹ ਦਿੰਦੀ ਹੁੰਦੀ ਸੀ। ਤਾਂ ਕਿ ਨਿੱਤ ਦਾ ਕਲੇਸ਼ ਮੁੱਕੇ। ਭਰਾ ਦੀ ਸ਼ਰਾਬ ਬੜੀ ਮਾੜੀ ਹੁੰਦੀ ਸੀ। ਮੈਂ ਕਿਤੇ ਪੜ੍ਹਿਆ ਸੀ ਕਿ ਮੂਰਖ ਘਰ ਬਣਾਉਂਦੇ, ਸਿਆਣੇ ਉਹਦੇ 'ਚ ਰਹਿੰਦੇ ਆ।' ਪਰ ਹੁਣ ਮੈਨੂੰ ਘਰ ਦੀ ਅਹਿਮੀਅਤ ਦਾ ਅਹਿਸਾਸ ਹੋ ਗਿਆ ਸੀ। ਕਿ ਹਰ ਮਨੁੱਖ ਦਾ ਆਪਣਾ ਇਕ ਘਰ ਹੋਣਾ ਚਾਹੀਦਾ ਹੈ।

ਚਾਚੀ ਕਹਿੰਦੀ ਹੁੰਦੀ ਸੀ, "ਪਹਿਲਾਂ ਕੁੜੀ ਵਾਲੇ ਮੁੰਡੇ ਦਾ ਘਰ ਬਾਰ ਵੇਖਦੇ ਹੁੰਦੇ ਸੀ। ਹੁਣ ਮੁੰਡੇ ਵਾਲੇ ਵੀ ਕੁੜੀ ਦਾ ਘਰ ਵੇਖਦੇ ਆ। ਪਈ ਬਹਿਣ ਉੱਠਣ ਨੂੰ ਹੈ ਕੋਈ ਕਮਰਾ।"

ਮੈਂ ਤਿੰਨਾਂ ਧੀਆਂ ਦਾ ਬਾਪ ਹਾਂ ਸੋ ਤਿੰਨਾਂ ਧੀਆਂ ਦੇ ਬਾਪ ਲਈ ਆਪਣਾ ਘਰ ਕਿੰਨਾ ਜ਼ਰੂਰੀ ਸੀ।

ਚਾਚੀ ਦੀ ਹਸਰਤ ਸੀ। ਤਮੰਨਾ ਸੀ। ਜਿਉਂਦੇ ਜੀ ਮੇਰਾ ਘਰ ਵੇਖਣ ਦੀ। ਆਪਣੇ ਪੁੱਤ ਦਾ ਘਰ ਵੇਖਣ ਦੀ। ਪਰ ਨਹੀਂ ਅਜਿਹਾ ਨਹੀਂ ਹੋਇਆ।

ਚਾਚੀ ਦੇ ਇਸ ਜਹਾਨੋਂ ਕੂਚ ਕਰਨ ਤੋਂ ਬਾਅਦ ਹੀ ਮੈਂ ਤੀਲ੍ਹਾ-ਤੀਲ੍ਹਾ ਜੋੜਕੇ ਆਪਣਾ 'ਪ੍ਰੀਤ ਆਲ੍ਹਣਾ' ਬਣਾ ਸਕਿਆ ਹਾਂ। ਮੈਨੂੰ ਐ ਲੱਗਦਾ ਐ ਚਾਚੀ ਇਸ ਘਰ ਦੇ ਕਣ ਕਣ 'ਚ ਵੱਸਦੀ ਹੈ। ਕਦੇ ਰੋਂਦੀ ਆ। ਕਦੇ ਹੱਸਦੀ ਆ।

ਪਤਾ : ਬਾੜੀਆਂ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਮੁਬਾਇਲ 98788-05238

**ਕਹਾਣੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਾਲੇ ਕਹਾਣੀਕਾਰ ਜਿੰਦਰ ਦਾ ਮੈਂ ਕਹਾਣੀ ਤੇ ਉਹ, ਤੁਸੀਂ ਨਹੀਂ ਸਮਝ ਸਕਦੇ, ਨਹੀਂ ਮੈਂ ਨਹੀਂ, ਬਿਨਾਂ ਵਜ੍ਹਾ ਤਾਂ ਨਹੀਂ ਵਰਗੇ ਚਰਚਿਤ ਕਹਾਣੀ ਸੰਗ੍ਰਹਿ ਤੋਂ ਬਾਅਦ ਨਵਾਂ ਕਹਾਣੀ ਸੰਗ੍ਰਹਿ**

**ਜ਼ਖ਼ਮ**

ਜਿੰਦਰ ਸਮਕਾਲੀ ਪੰਜਾਬੀ ਕਹਾਣੀ ਵਿਚ ਸਥਾਪਤ ਹੋ ਚੁੱਕਿਆ ਕਹਾਣੀਕਾਰ ਹੈ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਉਸ ਦੀਆਂ ਪਹਿਲੀਆਂ ਕਹਾਣੀਆਂ ਨਾਲੋਂ ਹਟ ਕੇ ਹਨ। ਇਹ ਕਹਾਣੀਆਂ ਉਸ ਦੇ ਨਿਵੇਕਲੇ ਕਥਾ-ਅਨੁਭਵ ਅਤੇ ਕਥਾ-ਵਿਧੀ ਦੀ ਬਾਰੀਕੀ, ਗਹਿਰਾਈ ਅਤੇ ਸੂਖ਼ਮ ਅਹਿਸਾਸਾਂ ਨੂੰ ਉਜਾਗਰ ਕਰਦੀਆਂ ਹਨ। ਸਾਰੀਆਂ ਕਹਾਣੀਆਂ ਮਾਨਵ ਵਿਰੋਧੀ ਵਰਤਾਰਿਆਂ ਵਿਚ ਘਿਰੇ ਬੰਦੇ ਨੂੰ 'ਮਾਨਵੀ' ਹੁੰਗਾਰੇ ਰਾਹੀਂ ਵੇਖਦੀਆਂ ਹਨ।




***ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ***
***ਮੁੱਲ :150, ਪੰਨੇ :135***

## ਇਕ ਸਧਾਰਨ ਔਰਤ / ਬਲਵੀਰ ਕੌਰ ਰੀਹਲ

ਮਾਂ ਇੱਕ ਛੋਟਾ ਜਿਹਾ ਸ਼ਬਦ ਹੈ, ਪਰ ਇਹਦੇ ਵਿਸ਼ਾਲ ਅਰਥਾਂ ਦੀ ਡੂੰਘਾਈ ਨਾ ਨਾਪੀ ਜਾ ਸਕਦੀ ਹੈ ਨਾ ਮਾਪੀ ਜਾ ਸਕਦੀ ਹੈ ਤੇ ਨਾ ਹੀ ਸ਼ਬਦਾਂ 'ਚ ਚਿੱਤਰੀ ਜਾ ਸਕਦੀ ਹੈ। ਇਸ ਸ਼ਬਦ ਦੇ ਅਰਥਾਂ ਨੂੰ ਸਿਰਫ ਤੇ ਸਿਰਫ ਮਾਂ ਨੂੰ ਪਿਆਰ ਕਰਨ ਵਾਲੇ ਹੀ ਮਹਿਸੂਸ ਕਰ ਸਕਦੇ ਹਨ।

ਮੈਂ ਕਿੰਨੀ ਖੁਸ਼ਨਸੀਬ ਹਾਂ ਮੈਨੂੰ ਮਾਂ ਦਾ ਪਿਆਰ ਮਿਲਿਆ ਹੈ, ਦੂਜੇ ਬੰਨੇ ਮੈਂ ਬਦ ਨਸੀਬ ਵੀ ਹਾਂ ਕਿ ਮੇਰੀ ਮਾਂ ਮੈਨੂੰ ਬਹੁਤ ਜਲਦ ਵਿਛੋੜਾ ਦੇ ਗਈ। ਮੈਂ ਕਿਸੇ ਵੀ ਪਲ ਆਪਣੀ ਮਾਂ ਨੂੰ ਭੁੱਲਦੀ ਨਹੀਂ ਹਾਂ, ਉੱਠਦੇ ਬੈਠਦੇ ਹਰ ਪਲ ਮੇਰੇ ਅੰਦਰੋਂ ਮੇਰੀ ਵਿਛੜ ਚੁੱਕੀ ਮਾਂ ਲਈ ਆਹਟ ਨਿਕਲਦੀ ਹੈ। ਦਿਲ ਤ੍ਰਾਹ ਤ੍ਰਾਹ ਕਰਨ ਲੱਗਦਾ ਹੈ।

ਜੇ ਮੈਨੂੰ ਕੋਈ ਇਹ ਪ੍ਰਸ਼ਨ ਪੁੱਛਦਾ, "ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਤੇ ਹੁਸੀਨ ਔਰਤ ਕੌਣ ਹੈ। ਤਾਂ ਮੇਰਾ ਜੁਆਬ ਹੁੰਦਾ, "ਮੇਰੀ ਮਾਂ।"

ਮੇਰੀ ਮਾਂ ਵਿਆਹ ਤੋਂ ਬਾਅਦ ਮੇਰੀ ਮਾਸੀ ਦੇ ਘਰ ਗਈ ਉੱਥੇ ਕੋਈ ਪੁੱਛਣ ਲੱਗਾ, "ਇਹ ਕੌਣ ਜਨਾਨੀ ਹੈ?" ਸੋਨੇ ਦੇ ਪਾਏ ਚਮਕੀਲੇ ਗਹਿਣੇ ਮੇਰੀ ਬੀਬੀ ਦੇ ਕਾਲੇ ਸ਼ਾਹ ਰੰਗ 'ਤੇ ਖਿੜੇ ਪਏ ਸਨ। ਇਥੋਂ ਇਹ ਗੱਲ ਸਾਬਤ ਹੋ ਗਈ ਕਿ ਮੇਰੀ ਬੀਬੀ ਕਾਲੀ ਸੀ। ਉਹਦੇ ਰੰਗ ਰੂਪ ਵਿੱਚ ਕੋਈ ਖਿੱਚ ਨਹੀਂ ਸੀ। ਪਹਿਲੀ ਨਜ਼ਰੇ ਵੇਖਿਆ ਚੰਗੀ ਨਹੀਂ ਲੱਗਦੀ ਸੀ। ਮੈਂ ਫਿਰ ਵੀ ਉਹਨੂੰ ਆਖੀ ਜਾ ਰਹੀ ਹਾਂ ਕਿ ਉਹ ਦੁਨੀਆਂ ਦੀ ਖ਼ੂਬਸੂਰਤ ਔਰਤ ਸੀ। ਉਹ ਮੇਰੇ ਲਈ ਕੀਮਤੀ ਤੇ ਅਨਮੋਲ ਹੀਰਾ ਸੀ।

ਇਸ ਗੱਲ ਦਾ ਵੀ ਜੁਆਬ ਹੈ, ਮੇਰੇ ਕੋਲ, ਖੂਬਸੂਰਤੀ ਮੇਰੀ ਮਾਂ ਦੇ ਅੰਦਰ ਛੁਪੀ ਹੋਈ ਸੀ, ਉਹਦੇ ਅੰਦਰਲੇ ਗੁਣਾ ਕਰਕੇ।

ਫਿਰ ਮੈਨੂੰ ਕੋਈ ਦੂਜਾ ਪ੍ਰਸ਼ਨ ਪੁੱਛੇ ਕਿ ,"ਰੱਬ 'ਤੇ ਵਿਸ਼ਵਾਸ ਹੈ, ਰੱਬ ਕਦੇ ਵੇਖਿਆ।" ਮੇਰੇ ਕੋਲ ਉੱਤਰ ਹੋਵੇਗਾ, "ਰੱਬ ਤੇ ਮੈਂ ਨਹੀਂ ਵੇਖਿਆ ਰੱਬ ਤੋਂ ਪਹਿਲਾਂ ਤੱਤਾਂ ਦੀ ਮੂਰਤੀ ਸੀ। ਸਭ ਧਰਮਾਂ ਦੇ ਪੀਰਾਂ, ਪੈਗੰਬਰਾਂ ਤੋਂ ਪਹਿਲਾਂ ਮੇਰੀ ਜ਼ੁਬਾਨ 'ਤੇ ਮੇਰੀ ਮਾਂ ਦਾ ਨਾਂ ਹੀ ਹੈ।"

ਮੈਂ ਕਿਉਂ ਆਖਦੀ ਹਾਂ ਆਪਣੀ ਮਾਂ ਨੂੰ ਰੱਬ ਕਾਰਨ ਸਪੱਸ਼ਟ ਹੈ, ਰੱਬ ਤਾਂ ਮੈਂ ਕਦੇ ਆਪਣੀਆਂ ਅੱਖਾਂ ਨਾਲ ਵੇਖਿਆ ਨਹੀਂ, ਪਰ ਮਾਂ ਦੀ ਮਮਤਾ ਵੇਖੀ ਹੈ। ਮੈਂ ਮਾਂ ਨੂੰ ਆਪਣੇ ਲਈ ਦੁੱਖ-ਤਕਲੀਫਾਂ ਸਹਿਣ ਕਰਦਿਆਂ ਵੇਖਿਆ ਹੈ। ਅੱਜ ਜੇ ਮੈਂ ਕੁੱਝ ਵੀ ਹਾਂ, ਤਾਂ ਉਹਦੇ ਪਿੱਛੇ ਮੇਰੀ ਮਾਂ ਦਾ ਹੀ ਤਾਂ ਵੱਡਾ ਰੋਲ ਹੈ।

ਮੇਰੀ ਮਾਂ ਮੈਨੂੰ ਆਪਣੇ ਜਨਮ ਬਾਰੇ ਦੱਸਿਆ ਕਰਦੀ, "ਜਦੋਂ ਪਾਕਿਸਤਾਨ ਦਾ ਰੌਲਾ ਪਿਆ, ਆ ਗਏ, ਆ ਗਏ ਹੁੰਦੀ ਸੀ, ਮੈਂ ਮੁਸਲਮਾਨਾਂ ਦੇ ਨਿਆਣਿਆਂ ਵਿਚ ਖੜ੍ਹੀ ਸੀ, ਮੁਸਲਮਾਨ ਆਪਣੇ ਨਿਆਣੇ ਲੈ ਗਏ ਤੇ ਮੈਨੂੰ ਛੱਡ ਗਏ, ਅਖੇ ਇਹ ਤਾਂ ਭਗਤ ਸਿੰਘ ਠੇਕੇਦਾਰ ਦੀ ਕੁੜੀ ਹੈ।"

ਮੈਂ ਬੀਬੀ ਦੀਆਂ ਗੱਲਾਂ ਤੋਂ ਅੰਦਾਜਾ ਲਾਉਂਦੀ, ਮੇਰੀ ਬੀਬੀ 63-65 ਸਾਲਾਂ ਦੇ ਵਿਚਕਾਰ ਸੀ। ਮਾਂ ਮੇਰੀ ਲੱਗਦੀ 80 ਵਰ੍ਹਿਆਂ ਦੀ ਸੀ, ਹੱਡੀਆਂ ਨਿਕਲ ਆਈਆਂ ਸਨ, ਸਰੀਰ ਨੇ ਮਾਸ ਛੱਡਿਆ ਹੋਇਆ ਸੀ। ਦੰਦ ਬਾਹਰ ਨੂੰ ਨਿਕਲੇ ਹੋਏ ਸਨ, ਜਾਬਾਂ ਪਿਚਕ ਗਈਆਂ ਸਨ, ਡੰਡੇ ਦੇ ਸਹਾਰੇ ਤੋਂ ਬਗੈਰ ਇੱਕ ਪੈਰ ਨਹੀਂ ਪੁੱਟ ਸਕਦੀ ਸੀ, ਅੱਖਾਂ ਤੋਂ ਦਿਖਾਈ ਨਹੀਂ ਦਿੰਦਾ ਸੀ... ਪਾਣੀ ਪੀਣ ਤੋਂ ਵੀ ਆਵਾਜਾਰ ਸੀ।

ਜੇ ਕਿਤੇ ਛੋਟੀ ਮੋਟੀ ਗੱਲ ਹੋ ਜਾਂਦੀ, ਮਾਂ ਮੇਰੀ ਝੱਟ ਘਬਰਾ ਜਾਂਦੀ, ਮੈਂ ਆਖਦੀ, "ਲੋਕਾਂ ਤੋਂ ਡਰੀਦਾ ਨਹੀਂ, ਇਹਨਾਂ ਨੂੰ ਦਬਾਅ ਕੇ ਰੋਅਬ ਨਾਲ ਰਹੀਦਾ।"

ਬੀਬੀ ਉੱਤਰ ਦਿੰਦੀ, "ਵੰਡ ਵੇਲੇ ਆ ਗਏ, ਆ ਗਏ ਦਾ ਰੌਲਾ ਪੈਂਦਾ ਸੀ, ਭਾਈਆ (ਨਾਨਾ) ਸਾਡਾ ਕੁੜੀਆਂ ਨੂੰ ਅੰਦਰ ਲੁਕੋ ਦਿੰਦਾ ਸੀ, ਪੁੱਤ ਉਦੋਂ ਦਾ ਮੇਰੇ ਅੰਦਰ ਸਹਿਮ ਪਿਆ ਹੋਇਆ, ਸੰਤਾਲੀ ਦਾ ਡਰ



ਅਜੇ ਤੱਕ ਮੇਰੇ ਅੰਦਰੋਂ ਨਹੀਂ ਗਿਆ।"

ਮੈਂ ਆਪਣੀ ਮਾਂ ਦੇ ਹੱਥ ਫੜਿਆ ਕਰਦੀ, ਮੈਨੂੰ ਬੀਬੀ ਦੇ ਹੱਥ ਬਹੁਤ ਨਰਮ ਲੱਗਦੇ, ਬੀਬੀ ਦੇ ਮੁਕਾਬਲੇ ਮੇਰੇ ਹੱਥ ਕਰੜੇ ਹਨ। ਕਿੰਨੀ ਕਰਿੰਦੀ ਸੀ ਮੇਰੀ ਮਾਂ, ਘਰ ਦੀ ਕਪਾਹ ਬੀਜਣੀ ਪੂਣੀਆਂ ਸਾਰਾ ਸਾਲ ਕੱਤਦੀ ਰਹਿੰਦੀ। ਦਿਨੇਂ ਜਦੋਂ ਕੰਮ ਨਿਬੇੜ ਕੇ ਵਿਹਲੀ ਹੋਣਾ, ਕੱਤਣ ਬੈਠ ਜਾਣਾ। ਅੰਤਾਂ ਦੀਆਂ ਚਾਦਰਾ ਖੇਸੀਆਂ ਹੱਥੀ ਕੱਤ ਕੱਤ ਕੇ ਬਣਾਈਆਂ।

ਘਰ ਸਾਡੇ ਇੱਕ ਚਰਖੀ ਹੈ, ਇੱਕ ਚਰਖਾ ਤੇ ਤੀਜਾ ਗਾਂਧੀ ਚਰਖਾ। ਬੀਬੀ ਆਖਦੀ, ਚਰਖੀ ਮੇਰੀ ਛੋਟੀ ਹੁੰਦੀ ਦੀ ਹੈ। ਚਰਖਾ ਨਾਨੇ ਨੇ ਬਾਅਦ 'ਚ ਬਣਾ ਕੇ ਦਿੱਤਾ ਤੇ ਗਾਂਧੀ ਚਰਖਾ ਬਾਅਦ 'ਚ ਲਿਆ।" ਕਈ ਵਾਰੀ ਮਾਂ ਮੇਰੀ ਦੇ ਚਰਖੇ ਜਾਲਣ ਦੀ ਗੱਲ ਹੁੰਦੀ, ਬੀਬੀ ਦੀ ਇਨ੍ਹਾਂ 'ਚ ਜਾਨ ਸੀ, ਰੀਝਾਂ ਨਾਲ ਮਾਂ ਚਰਖਾ ਕੱਤਦੀ ਸੀ, ਉਹ ਚਰਖੇ ਤੋੜਨ ਦੇ ਨਾਂ ਤੇ ਖਿਝ ਜਾਂਦੀ। "ਮੇਰੀਆਂ ਨਿਸ਼ਾਨੀਆਂ ਨਹੀਂ ਜਾਲਣੀਆਂ।"

ਬੀਬੀ ਹੱਥੀ ਸੂਤ ਕੱਤਦੀ, ਫਿਰ ਉਹਦੀ ਸੂਤਲੀ ਬਣਾਉਂਦੀ ਉਹਨੂੰ ਰੰਗਦੀ, ਤੇ ਅੱਠਕਲੀਏ ਵਾਲੇ ਸੂਤ ਦੇ ਮੰਜੇ ਬੁਣਦੀ। ਬੀਬੀ ਦਾ ਸੂਤਲੀ ਦਾ ਨੀਲੇ ਪੀਲੇ ਰੰਗ ਦਾ ਹੱਥੀ ਬੁਣਿਆ ਮੰਜਾ ਮੇਰੀ ਸੁਰਤ 'ਚ ਹੀ ਟੁੱਟਿਆ।

ਮੈਂ ਮਾਂ ਦੀਆਂ ਹੱਥੀਂ ਕੱਢੀਆਂ ਚਾਦਰਾਂ, ਸਿਰਾਹਣੇ ਸੰਭਾਲ ਕੇ ਰੱਖੇ ਹੋਏ ਹਨ, ਕਿੰਨੀ ਮਿਹਨਤੀ ਸੀ ਮੇਰੀ ਮਾਂ। ਕਿੰਨਾ ਬਾਰੀਕੀ ਦਾ ਕੰਮ ਕਰਦੀ ਸੀ।

ਤਿੰਨ ਕੁ ਸਾਲਾਂ ਤੋਂ ਬੇਬੇ ਦੀ ਇੱਕ ਅੱਖ ਤੋਂ ਜਮਾਂ ਹੀ ਦਿਸਣਾ ਬੰਦ ਹੋ ਗਿਆ ਸੀ, ਕਈ ਡਾਕਟਰਾਂ ਦੇ ਦਿਖਾਇਆ, ਐਨਜੋਗ੍ਰਾਫੀ 'ਚ ਪਤਾ ਚੱਲਿਆ ਖ਼ੂਨ ਦੀ ਨਾੜੀ ਫਟ ਗਈ, ਅੱਖ ਕੰਮ ਨਹੀਂ ਕਰ ਸਕਦੀ, ਹੌਲੀ ਹੌਲੀ ਦੂਜੀ ਅੱਖ ਦੀ ਰੌਸ਼ਨੀ ਵੀ ਜਾਂਦੀ ਲੱਗੀ।

ਇਹਨਾਂ ਅੱਖਾਂ ਨਾਲ ਮਾਂ ਨੇ ਕ੍ਰੋਸ਼ੀਏ ਦੇ ਬਹੁਤ ਹੀ ਸੁੰਦਰ ਤੇ ਬਾਰੀਕ ਨਮੂਨੇ ਬੁਣੇ ਹੋਏ ਹਨ, ਮੈਂ ਵੇਖ ਵੇਖ ਸੋਚਦੀ ਹਾਂ, ਮਾਂ ਮੇਰੀ ਦੇ ਹੱਥਾਂ ਵਿੱਚ ਜਾਦੂ ਸੀ, ਏਨੀਆਂ ਸੋਹਣੀਆਂ ਚੀਜਾਂ ਬਣਾਈਆਂ ਪਈਆਂ ਹਨ। ਇਹ ਉਹੀ ਅੱਖਾਂ ਸਨ, ਜਿਨ੍ਹਾਂ ਵਿਚੋਂ ਏਨਾ ਬਾਰੀਕ ਤੇ ਮਹੀਨ ਕੰਮ ਹੋਇਆ।

ਮੈਂ ਕਈ ਵਾਰ ਆਪਣੀ ਮਾਂ ਦੀ ਤੁਲਨਾ ਇਕ ਪਰਪੱਕ ਕਲਾਕਾਰ ਨਾਲ ਕਰਿਆ ਕਰਦੀ। ਬੇਬੇ ਨੂੰ ਕਿਸੇ ਦੇ ਚੁੱਲੇ-ਭੱਠੀਆਂ ਬਣਾਏ, ਪਸੰਦ ਨਹੀਂ ਆਉਂਦੇ ਸੀ, "ਆਹ ਕੀ ਥੋਬਾ ਜਿਹਾ ਬਣਾ ਕੇ ਰੱਖ ਦਿੱਤਾ।"

ਮਾਂ ਦਾ ਜਨਮ ਵੰਡ ਤੋਂ ਪਹਿਲਾਂ ਪਿੰਡ ਭੂੰਨੋ ਨੇੜੇ ਬਾੜੀਆਂ ਕਲਾਂ, ਜ਼ਿਲ੍ਹਾਂ ਹੁਸ਼ਿਆਰਪੁਰ ਵਿਖੇ ਭਗਤ ਸਿੰਘ ਠੇਕੇਦਾਰ ਦੇ ਘਰ ਹੋਇਆ, ਵੱਡੇ ਮਾਮੇ ਦਾ ਨਾਂ ਹਰਭਜਨ ਸਿੰਘ ਸੀ, ਪਿਛਲੇ ਸਮਿਆਂ 'ਚ ਭੈਣ ਭਰਾ ਦਾ ਇੱਕ ਹੀ ਨਾਂ ਹੁੰਦਾ ਸੀ। ਸੋ ਮੇਰੀ ਮਾਂ ਦਾ ਨਾਂ ਵੀ ਹਰਭਜਨ ਕੌਰ ਹੀ ਰੱਖ ਦਿੱਤਾ ਗਿਆ। ਮੇਰੀ ਬੀਬੀ ਨੂੰ ਆਪਣੀ ਮਾਂ ਕਰਤਾਰ ਕੌਰ ਉਨੀ ਹੀ ਪਿਆਰੀ ਸੀ, ਜਿਨੀ ਮੈਨੂੰ ਮੇਰੀ ਮਾਂ। ਉਹ ਆਪਣੀ ਮਾਂ ਨੂੰ ਯਾਦ ਕਰਕੇ ਰੋਇਆ ਕਰਦੀ ਸੀ।

ਬੀਬੀ ਨੂੰ ਦੂਜੇ ਪਿੰਡ ਪੜ੍ਹਨ ਜਾਣਾ ਪੈਂਦਾ ਸੀ, ਕੁੱਝ ਕੁ ਦਿਨ ਮਾਈ ਲੈ ਕੇ ਜਾਂਦੀ ਰਹੀ, ਉਸ ਤੋਂ ਬਾਅਦ ਬੀਬੀ ਨੇ ਜਾਣਾ ਬੰਦ ਕਰ ਦਿੱਤਾ, ਬੀਬੀ ਨੂੰ ਹਮੇਸ਼ਾਂ ਅਫਸੋਸ ਰਹਿੰਦਾ, "ਅਗਰ ਪੜ੍ਹਨ ਜਾਂਦੀ ਰਹਿੰਦੀ ਤਾਂ ਹੁਣ ਨੂੰ ਮਾਸਟਰਨੀ ਰਿਟਾਇਰ ਹੋਣਾ ਸੀ।"

ਮਾਮੇ ਮੇਰੇ ਨੇ ਮਾਂ ਨੂੰ ਪੰਜਾਬੀ ਹਿੰਦੀ ਪੜ੍ਹਨੀ ਸਿਖਾਈ, ਘਰ ਵਿਚ ਅਖ਼ਬਾਰ ਆਉਂਦੀ। ਬੀਬੀ ਦੀ ਇੱਛਾ ਸਭ ਤੋਂ ਪਹਿਲਾਂ ਅਖ਼ਬਾਰ ਪੜ੍ਹਨ ਦੀ ਹੁੰਦੀ। ਮਾਂ ਐਨਕ ਲਾ ਮੋਟੀਆਂ ਮੋਟੀਆਂ ਸੁਰਖੀਆਂ ਪੜ੍ਹ ਲੈਂਦੀ। ਗਲੀ ਗੁਆਂਢ ਦਾ ਜਿਹੜਾ ਨਿਆਣਾ ਕੋਲ ਆਇਆ ਉਹਨੂੰ ਆਪਣਾ ਆਹ ਖ਼ਬਰ ਪੜ੍ਹ ਕੇ ਸੁਣਾ।" ਫਿਰ ਆਏ ਗਏ ਨੂੰ ਖਾਸ ਖਬਰਾਂ ਬਾਰੇ ਦੱਸਦੀ ਰਹਿੰਦੀ। ਫਲਾਣੀ ਘਟਨਾ ਇੰਝ ਵਾਪਰ ਗਈ।

ਲਗਾਤਾਰ ਘਰ ਵਿਚ ਤਿੰਨ ਮੌਤਾਂ ਹੋਣ ਕਰਕੇ ਮਾਹੌਲ ਹਰ ਵੇਲੇ ਗ਼ਮਗ਼ੀਨ ਬਣਿਆ ਰਹਿੰਦਾ। ਬੀਬੀ ਨੇ ਜ਼ਿੰਦਗੀ ਜਿਉਣ ਦੇ ਢੰਗ ਲੱਭ ਲਏ ਸਨ। ਬੀਬੀ ਬੀਮਾਰੀਆਂ ਦੀ ਖ਼ਾਨ ਬਣ ਚੁੱਕੀ ਸੀ।

ਸਾਰਾ ਸਾਰਾ ਦਿਨ ਟੀ. ਵੀ. ਮੂਹਰੇ ਬੈਠੀ ਰਹਿੰਦੀ ਨਿਆਣਿਆਂ ਨੂੰ ਨਾਲ ਲੈ ਕੇ। ਭਾਵੇਂ ਕ੍ਰਿਕਟ ਦੀ ਸਮਝ ਨਾ ਹੁੰਦੀ, ਫਿਰ ਵੀ ਭੱਜੀ ਨੂੰ ਹੱਲਾਸ਼ੇਰੀ ਦਿੰਦੀ। ਕਿਸੇ ਕਿਸੇ ਦਿਨ ਮੇਰਾ ਟੀ. ਵੀ. ਦੇਖਣ ਦਾ ਮਨ ਨਾ ਹੁੰਦਾ, ਪਰ ਬੀਬੀ ਜਾਣਦੀ ਸੀ, ਮੈਨੂੰ ਖਬਰਾਂ ਸੁਣਨੀਆਂ ਬਹੁਤ ਪਸੰਦ ਹਨ, ਉਹ ਮੈਨੂੰ ਟੀ. ਵੀ. ਦੀਆਂ ਮੁੱਖ ਖਬਰਾਂ ਤੋਂ ਜਾਣੂ ਕਰਵਾ ਦਿੰਦੀ। ਨੇਤਾਵਾਂ ਦੀ ਬੀਬੀ ਨੂੰ ਪੂਰੀ ਪਹਿਚਾਣ ਸੀ।

ਮੰਤਰੀਆਂ ਲਈ ਮਾਂ ਨੇ ਅਲੱਗ ਅਲੱਗ ਨਾਂ ਰੱਖੇ ਹੋਏ ਸਨ। ਕਿਹੜਾ ਪ੍ਰਧਾਨ ਮੰਤਰੀ ਹੈ, ਕਿਹੜਾ ਹੋਰ ਮੰਤਰੀ ਹੈ।

ਝੱਟ ਅੱਖਾਂ ਦਾ ਵਿਗੋਚਾ ਆ ਜਾਣ ਕਰਕੇ ਬੀਬੀ ਨੇ ਮਨ ਪ੍ਰਚਾਵੇਂ ਦਾ ਹੋਰ ਸਾਧਨ ਲੱਭ ਲਿਆ, ਐਫ. ਐਮ. ਰੇਡੀਉ। ਬੀਬੀ ਦੇ ਨਾਲ ਹੀ ਮੈਂ ਵੀ ਟੀ. ਵੀ. ਵੇਖਣਾ ਉੱਕਾ ਹੀ ਬੰਦ ਕਰ ਦਿੱਤਾ ਸੀ। ਕਈ ਵਾਰੀ ਕੋਈ ਗੀਤ ਮੈਨੂੰ ਪਤਾ ਨਾ ਲੱਗਦਾ, ਕਿਹਦਾ ਗਾਇਆ ਹੋਇਆ। ਬੀਬੀ ਝੱਟ ਦੱਸ ਦਿੰਦੀ, ਇਹ ਤਾਂ ਮਾਝੇ ਦੀ ਮੋਮਬੱਤੀ ਵਾਲਾ (ਬਲਕਾਰ ਸਿੱਧੂ) ਹੈ, ਜਾਂ ਫਿਰ ਟੇਢੀ ਪੱਗ ਵਾਲੇ ਦਾ ਜ਼ਿਕਰ ਕਰਦੀ। ਕੁਲਵਿੰਦਰ ਢਿੱਲੋਂ ਦੀ ਬੇਵਕਤੀ ਮੌਤ ਦਾ ਬੀਬੀ ਨੂੰ ਬਹੁਤ ਜਿਆਦਾ ਅਫਸੋਸ ਸੀ।

ਬੀਬੀ ਬੁਝਾਰਤਾਂ ਵਾਲਾ ਪ੍ਰੋਗਰਾਮ ਸੁਣਦੀ, ਮੈਨੂੰ ਕਈ ਵਾਰੀ ਆਖਦੀ, "ਆਹ ਸੁੱਖੀ ਕੋਲ ਚੱਜ ਦੀਆਂ ਬੁਝਾਰਤਾਂ ਨਹੀਂ ਹਨ, ਕਾਪੀ ਪੈਨਸਿਲ ਲਿਆ, ਇਹਨੂੰ ਬਾਤਾਂ ਭੇਜ, ਮੈਂ ਲਿਖਾਉਂਦੀ ਹਾਂ।" ਬੀਬੀ ਦੀ ਬੁਝਾਰਤਾਂ ਵਾਲੀ ਰੀਝ ਮੈਥੋਂ ਪੂਰੀ ਨਾ ਹੋ ਸਕੀ।

ਬੀਬੀ ਮੈਨੂੰ ਆਖਦੀ, "ਤੂੰ ਗੁਰਦਾਸ ਮਾਨ ਦੇ ਨਿਆਣਿਆਂ ਬਾਰੇ ਕਿਉਂ ਨਹੀਂ ਕੁੱਝ ਦੱਸਦੀ, ਕਿੰਨੇ ਨਿਆਣੇ ਹਨ।" ਹੰਸ ਦੇ ਨਿਆਣਿਆਂ ਬਾਰੇ ਤਾਂ ਬੀਬੀ ਨੂੰ ਪਤਾ ਸੀ। ਬੀਬੀ ਨੂੰ ਗੁਰਦਾਸ ਮਾਨ ਦੀ ਪਤਨੀ ਉਹਦੇ ਮੁਕਾਬਲੇ ਸੋਹਣੀ ਨਾ ਲੱਗਦੀ।

ਮੈਂ ਬੀਬੀ ਨੂੰ ਸਮਝਾਉਂਦੀ, "ਗੁਰਦਾਸ ਦੀ ਪਤਨੀ ਉਹਦੀ ਬਹੁਤ ਹੈਲਪ ਕਰਦੀ ਆ।

ਬੀਬੀ ਨੇ ਇੰਗਲਿਸ਼ ਦੇ ਖਾਸੇ ਹੀ ਸ਼ਬਦ ਬੋਲਣੇ ਆਰੰਭੇ ਹੋਏ ਸਨ। ਗੱਲ ਨੂੰ ਬੀਬੀ ਬੜੀ ਜਲਦੀ ਕੈਚ ਕਰਦੀ। ਇੱਕ ਦਿਨ ਮੈਨੂੰ ਆਖਣ ਲੱਗੀ, "ਆਹ! ਮਾਊਸ ਕਾਹਦੇ ਕੰਮ ਆਉਂਦਾ।" ਮੈਨੂੰ ਆਖਦੀ, "ਚਿੱਠੀ ਨਹੀਂ ਪਾਉਣੀ ਈ-ਮੇਲ ਹੀ ਕਰ ਦੇ।"

ਘਰ 'ਚ ਹੁੰਦੀਆਂ ਗੱਲਾਂ ਬੀਬੀ ਬੜੀ ਜਲਦੀ ਸਿਖ ਜਾਂਦੀ।

ਮਾਂ ਮੇਰੀ ਨੇ ਮੈਨੂੰ ਮੋਬਾਇਲ ਲੈਣ ਵਕਤ, ਸਖਤ ਹਦਾਇਤ ਕੀਤੀ, "ਬੱਸਾਂ 'ਚ, ਰਸਤਿਆਂ 'ਚ ਇਹਨੂੰ ਆਵਾਗੌਣ ਕੰਨਾਂ ਨਾਲ ਨਾ ਲਾਈ ਬੈਠੀ ਰਿਹਾ ਕਰੀ, ਬੇਸ਼ੱਕ ਇਹਨੂੰ ਘਰ ਛੱਡ ਜਾਇਆ ਕਰ।" ਮੇਰੇ ਸ਼ਾਮ ਨੂੰ ਆਉਂਦੇ ਮੋਬਾਇਲ ਫੋਨਾਂ ਤੋਂ ਬੀਬੀ ਚਿੜ੍ਹ ਜਾਂਦੀ, ਬੀਬੀ ਨੂੰ ਲੱਗਦਾ ਮੈਂ ਉਹਨੂੰ ਘੱਟ ਟਾਇਮ ਦੇ ਰਹੀ ਹਾਂ।

ਹੱਟੀ, ਭੱਠੀ, ਦਰਵਾਜ਼ਾ, ਇਹਨਾਂ ਤਿੰਨਾਂ ਜਗ੍ਹਾਂ ਤੇ ਉਹ ਕੁੜੀਆਂ ਨੂੰ ਜਾਣੋ ਵਰਜਦੀ। ਜਦੋਂ ਬੰਦੇ ਦੇ ਕਰੈਕਟਰ ਦੀ ਗੱਲ ਸਮਝਾਉਣੀ ਹੁੰਦੀ ਤਾਂ ਆਖਦੀ, ਨੰਗਾ ਪੁੱਤ ਚੋਰਾ 'ਚ ਖੇਡੇ।" ਬੀਬੀ ਨੇ ਆਖਣਾ, ਜੇ ਚੋਰੀ ਤੇ ਯਾਰੀ ਦੋ ਐਬ ਨਹੀਂ ਜਿੱਥੇ ਮਰਜ਼ੀ ਤਣ ਜਾਵੋ।"

ਮੇਰੇ ਦੁਆਰਾ ਲਿਖੀ ਹਰ ਰਚਨਾ ਸੁਣਨ ਦੀ ਬੀਬੀ ਦੇ ਅੰਦਰ ਤਾਂਘ ਹੁੰਦੀ। ਮੈਂ 1995 'ਚ ਸੱਭਿਆਚਾਰ ਨਾਲ ਸੰਬੰਧਿਤ ਖੋਜ ਭਰਪੂਰ 25 ਕੁ ਦੇ ਕਰੀਬ ਆਰਟੀਕਲ ਲਿਖੇ, ਟ੍ਰਿਬਿਊਨ, ਜੱਗਬਾਣੀ ਤੇ ਨਿੱਕੀਆਂ ਕਰੂੰਬਲਾਂ 'ਚ ਛਪੇ। ਮੇਰੀ ਵੱਡੀ ਜਾਣਕਾਰੀ ਦਾ ਸਰੋਤ ਮੇਰੀ ਮਾਂ ਹੀ ਬਣੀ। ਮੇਰੇ ਪਿੱਛੇ ਮੇਰੀ ਮਾਂ ਦਾ ਬਹੁਤ ਹੱਥ ਹੈ।

ਮੈਂ ਕੁੱਝ ਲਿਖਿਆ। ਬੀਬੀ ਨੂੰ ਨਾ ਸੁਣਾਉਂਦੀ ਤਾਂ ਉਹ ਮੇਰੇ ਨਾਲ ਨਰਾਜ਼ ਹੋ ਜਾਂਦੀ, "ਕੀ ਮੈਂ ਕਿਤਾਬ ਨਹੀਂ ਲਿਖ ਸਕਦੀ?" ਬੀਬੀ ਦੀ ਇੱਛਾ ਹੁੰਦੀ, ਮੈਂ ਗੀਤ, ਗਜ਼ਲਾਂ, ਕਵਿਤਾਵਾਂ ਅਖ਼ਬਾਰਾਂ, ਰਸਾਲਿਆ ਵਿਚੋਂ ਪੜ੍ਹ ਕੇ ਸੁਣਾਵਾਂ। ਕਿਤਾਬ ਦਾ ਲੇਖਕ ਕੌਣ ਹੈ, ਕਿਥੋਂ ਦਾ ਹੈ। ਉਹਦੇ ਬਾਰੇ ਪੂਰੀ ਜਾਣਕਾਰੀ ਦੇਵਾਂ।



ਬੱਬਰਾਂ ਦਾ ਇਤਿਹਾਸ ਮੈਨੂੰ ਸੁਣਾਉਂਦੀ, ਕਦੇ ਕਾਰੂੰ ਰਾਜੇ ਦੀ ਕਹਾਣੀ ਸੁਣਦੀ, ਆਪਣੀ ਸੁਰਤ 'ਚ ਹੋਈਆਂ ਲੜਾਈਆਂ ਬਾਰੇ ਮੈਨੂੰ ਦੱਸਦੀ। ਬੀਬੀ ਨੇ ਮੈਨੂੰ ਕੋਈ ਮੱਤ ਦੇਣੀ ਹੁੰਦੀ, ਕੋਈ ਕਹਾਣੀ ਜਾਂ ਅਖਾਣ ਪਾ ਕੇ ਆਪਣੀ ਗੱਲ ਪੂਰੀ ਕਰਦੀ।

ਮੈਂ ਬੀਬੀ ਨੂੰ ਪਾਠ ਕਰਨ ਲਈ ਆਖਦੀ, "ਬੀਬੀ ਜੁਆਬ ਦਿੰਦੀ, "ਪਾਠ ਕਰਦਿਆਂ ਦੀ ਤਾਂ ਜੀਭ ਵੀ ਘਸ ਗਈ ਆ, ਮੈਂ ਨਹੀਂ ਕਰਨਾ ਪਾਠ।" ਉਦਾ ਬੀਬੀ ਦੀ ਇੱਕ ਆਦਤ ਸੀ, ਸੌਣ ਤੋਂ ਪਹਿਲਾਂ ਰੋਜ ਬੈਠ ਕੇ ਕੁਝ ਮਿੰਟ ਪਾਠ ਕਰਨਾ ਫਿਰ ਸੌਂਅ ਜਾਣਾ।

ਮੇਰੀ ਬੀਬੀ ਨੂੰ ਮੇਰੇ ਵਰਤ ਰੱਖਣੇ, ਢਕਵੰਜ ਕਰਨੇ ਚੰਗੇ ਨਾ ਲੱਗਦੇ। ਇੱਕ ਵਾਰੀ ਮੈਂ ਵਰਤ ਰੱਖ ਬੈਠੀ, ਬੀਬੀ ਰੋਟੀ ਖੁਆ ਕੇ ਹੀ ਹਟੀ। ਇੱਕ ਘਰ ਦੇ ਬੂਹੇ ਮੂਹਰੇ ਪੰਡਿਤ ਆ ਗਿਆ,

"ਭਵਿੱਖ ਜਾਣ ਲਓ।" ਬੀਬੀ ਨੇ ਪੰਡਿਤ ਨਠਾ ਦਿੱਤਾ, "ਮੌਤ ਤੋਂ ਵੱਧ ਨਹੀਂ ਕੁੱਝ ਹੋ ਸਕਦਾ ਜਾਂ ਨੱਠ ਜਾ ਇੱਥੋਂ।" ਬੀਬੀ ਆਖਦੀ, "ਬੱਸ ਇੱਕ 'ਤੇ ਹੀ ਡੋਰੀ ਰੱਖੋ।" ਗੁਰਦੁਆਰੇ ਤੋਂ ਬਗੈਰ ਬੀਬੀ ਮੈਨੂੰ ਹੋਰ ਕਿਸੇ ਪਾਸੇ ਭਟਕਣ ਨਾ ਦਿੰਦੀ, " ਪੁੱਤ ਮਨ ਨੂੰ ਟਿਕਾ ਕੇ ਰੱਖੀਦਾ। ਜੋ ਹੋਣਾ ਹੈ ਹਰ ਹਾਲ 'ਚ ਹੀ ਹੋਣਾ ਹੈ।"

ਘਰ ਕੋਈ ਖਾਣ ਵਾਲੀ ਚੀਜ਼ ਵੱਧ ਆ ਜਾਂਦੀ, ਬੀਬੀ ਦੇ ਨੱਕ ਮੂੰਹ ਨੂੰ ਚੜ ਜਾਂਦੀ।

ਆਂਢੀਆਂ-ਗੁਆਢੀਆਂ ਦੇ ਵੰਡ ਕੇ ਹੀ ਸਾਹ ਲੈਂਦੀ।

ਸਵਾਲ ਮਨ ਵਿਚ ਇਹ ਉੱਠਦਾ ਹੈ ਬੀਬੀ ਸੱਠ-ਪੈਂਠ ਦੀ ਬਜਾਏ ਅੱਸੀ ਵਰ੍ਹਿਆਂ ਦੀ ਕਿਉਂ ਲੱਗਦੀ ਸੀ। ਬੀਬੀ ਨੂੰ ਪੁੱਤ ਦਾ ਝੋਰਾ ਲੈ ਬੈਠਾ, ਮੇਰਾ ਵੱਡਾ ਭਾਜੀ ਸੁਦਾਗਰ ਸਿੰਘ, ਬੀਬੀ ਦਾ ਸਭ ਤੋਂ ਪਿਆਰਾ ਪੁੱਤ ਸੀ, ਸੰਨ ਦੋ ਹਜ਼ਾਰ ਵਿਚ ਭਾਜੀ ਦੀ ਮੌਤ ਹੋ ਗਈ, ਮੈਨੂੰ ਜ਼ਿੰਦਗੀ ਦੀ ਇਹ ਘਟਨਾ ਕਦੇ ਨਹੀਂ ਭੁਲੇਗੀ। ਘਰ ਦੇ ਬਾਹਰ ਭਾਜੀ ਦੀ ਸਿਵ਼ੀ ਪਈ ਸੀ। ਮਾਂ ਵਾਰ ਵਾਰ ਭਾਜੀ ਦਾ ਮੱਥਾ ਫੜ੍ਹ ਰਹੀ ਸੀ, "ਪੁੱਤਾਂ ਤੂੰ ਕਿੱਥੇ ਤੁਰ ਪਿਆ।" ਬੀਬੀ ਸਿੜ੍ਹੀ ਉਠਾਣ ਨਹੀਂ ਸੀ ਦਿੰਦੀ। ਬੀਬੀ ਉੱਤੇ ਇਸ ਮੌਤ ਦਾ ਬਹੁਤ ਗਹਿਰਾਂ ਧੱਕਾ ਵੱਜਿਆ। ਬੀਬੀ ਦੇ ਖ਼ੂਨ ਦਾ ਦਬਾਅ ਜਿਆਦਾ ਹੋ ਕੇ ਅੱਖ ਦੀ ਨਾੜੀ ਫਟ ਗਈ, ਹਾਰਟ ਦਾ ਸਾਇਜ਼ ਵੱਧ ਗਿਆ। ਨਾ ਅੱਖ ਦਾ ਇਲਾਜ਼ ਸੀ ਨਾ ਹੀ ਵਧੇ ਹਾਰਟ ਦਾ। ਹਾਰਟ ਦੇ ਤਿੰਨ ਵਾਲਵ ਜਾਂਦੇ ਲੱਗੇ।

ਪਤਾ ਨਹੀਂ ਬੀਬੀ ਨੇ ਮੈਨੂੰ ਕਿੰਨੇ ਕੁ ਅਣਗਿਣਤ ਹਸਪਤਾਲ ਦਿਖਾਏ, ਮੈਂ ਬੀਬੀ ਨੂੰ ਕਦੇ ਕਿੱਧਰੇ ਲੈ ਕੇ ਜਾਂਦੀ ਕਦੇ ਕਿੱਧਰੇ। ਸੱਤਰ ਕੁ ਗੋਲੀਆਂ ਤਾਂ ਪੱਕੀਆਂ ਹੀ ਲੱਗੀਆਂ ਹੋਈਆਂ ਸਨ।

ਬੀਬੀ ਮੇਰੀ ਸ਼ਾਮ ਸਵੇਰੇ ਘਰ ਦੇ ਬੂਹੇ ਅੱਗੇ ਬੈਠ ਜਾਂਦੀ, ਮੇਰੇ ਦੋ ਨੰਬਰ ਵਾਲੇ ਭਰਾ ਨੇ ਗਲੀ ਵਿਚੋਂ ਲੰਘਣਾ ਹੁੰਦਾ ਸੀ, ਉਹ ਉਹਨੂੰ ਵੇਖਣ ਦੇ ਬਹਾਨੇ ਉਹਦੇ ਲੰਘਣ ਦੇ ਟੈਮ ਬਾਹਰ ਜਾ ਬੈਠਦੀ।

ਗਰਮੀ ਅੰਤਾਂ ਦੀ ਪਈ ਮਾਂ ਮੰਜੀ ਬਾਹਰ ਗਲੀ 'ਚ ਡਾਹਉਂਦੀ, ਜਿਵੇਂ ਜਿਵੇਂ ਤੀਮੀਆਂ ਆਉਂਦੀਆਂ ਰਹਿੰਦੀਆਂ ਬੀਬੀ ਉਹਨਾਂ ਨੂੰ ਮੰਜੀ, ਮੰਜੀ 'ਤੇ ਬਿਠਾਉਂਦੀ ਰਹਿੰਦੀ। ਆਪ ਉਹਨਾਂ ਦੇ ਕੋਲ ਹੇਠਾਂ ਬੈਠ ਜਾਂਦੀ।

ਵੱਡੇ ਭਾਜੀ ਦਾ ਮੇਰੇ ਜਨਮ ਨਾਲੋਂ ਤੇਰਾਂ-ਚੌਦਾਂ ਸਾਲਾਂ ਦਾ ਵਕਫ਼ਾ ਸੀ। ਭਾਜੀ ਤੋਂ ਬਾਅਦ ਦੋ ਭੈਣਾਂ ਦੀ ਤੇਰਾਂ ਦਿਨਾਂ 'ਚ ਮੌਤ ਹੋ ਗਈ। ਕੁੜੀਆਂ ਦਾ ਇਕੱਠੇ ਤੁਰ ਜਾਣਾ ਬੀਬੀ ਨੂੰ ਬਹੁਤ ਉਦਾਸ ਕਰ ਗਿਆ। ਬੀਬੀ ਨੇ ਮੈਨੂੰ ਸੁੱਖਾ-ਸੁੱਖ ਸੁੱਖ ਲਿਆ ਸੀ।

ਸਿਰੇ ਵੀ ਬੀਬੀ ਨੇ ਮੈਨੂੰ ਅੰਤਾਂ ਦਾ ਚੜਾਇਆ ਹੋਇਆ ਸੀ। ਸਾਡੀ ਮਾਂ ਦਾ ਮੰਨਣਾ ਸੀ ਕਿ ਮੈਂ ਤੀਜੀ ਵਾਰੀ ਘਰ 'ਚ ਜਨਮ ਲਿਆ ਹੈ। ਦੋ ਕੁੜੀਆਂ ਦੇ ਹਿੱਸੇ ਦਾ ਪਿਆਰ ਵੀ ਬੀਬੀ ਨੇ ਮੈਨੂੰ ਦਿੱਤਾ।

ਜਿਸ ਦਿਨ ਸਾਡੇ ਘਰ ਬੇਟੀ ਗੁਰਅਮਾਨਤ ਕੌਰ ਨੇ ਜਨਮ ਲਿਆ, ਮੈਂ ਇਹ ਮਹਿਸੂਸ ਕੀਤਾ, ਇਹ ਜ਼ਰੂਰ ਮੇਰੀ ਮਾਂ ਦੀ ਦੁਆ ਸਕਦਾ ਹੀ ਲਿਆ ਹੈ। ਮਾਂ ਮੈਨੂੰ ਇਕ ਪਲ ਵੀ ਆਪਣੇ ਤੋਂ ਦੂਰ ਕਰਕੇ ਰਾਜ਼ੀ ਨਹੀਂ ਸੀ। ਵੱਡਾ ਭਾਜੀ, ਦੋ ਭੈਣਾਂ, ਬਾਪ ਹਮੇਸ਼ਾਂ ਲਈ ਤੁਰਦੇ ਬਣੇ। ਨੰਬਰ ਦੋ ਵਾਲਾ ਭਰਾ ਆਪਣੇ ਘਰ

ਅਲੱਗ ਰਹਿੰਦਾ ਹੈ। ਬੀਬੀ ਲਈ ਕੇਵਲ ਮੈਂ ਹੀ ਬਚੀ ਸਾਂ। ਮੇਰੇ ਕਾਲਜ ਤੋਂ ਆਉਣ ਦਾ ਟੈਮ ਹੁੰਦਾ, ਬੀਬੀ ਬੂਹੇ 'ਚ ਬੈਠ ਕੇ ਮੇਰੀ ਉਡੀਕ ਕਰਦੀ। ਕੁੱਝ ਮਿੰਟ ਲੇਟ ਹੋ ਜਾਂਦੀ ਬੀਬੀ ਨੂੰ ਤੋੜਾਖੋਹੀ ਲੱਗ ਜਾਂਦੀ।

ਮਾਂ ਆਪਣੀ ਲਈ ਮੈਂ ਅਜੇ ਤੱਕ ਛੋਟੀ ਬੱਚੀ ਹੀ ਸੀ। ਬੀਬੀ ਦਾ ਦਿਲ ਬਹੁਤ ਨਰਮ ਸੀ। ਘਰ ਆਏ ਗਏ ਮਹਿਮਾਨ ਦੀ ਸੇਵਾ ਕਰਨੀ ਉਹਨੂੰ ਰੱਬ ਦੀ ਬੰਦਗੀ ਕਰਨ ਦੇ ਬਰਾਬਰ ਲੱਗਦੀ। ਮੇਰੀਆਂ ਸਹੇਲੀਆਂ ਜਾਂ ਕੋਈ ਸਾਹਿਤਕਾਰ ਆ ਜਾਂਦਾ, ਬੀਬੀ ਉਹਦਾ ਦਿਲ ਜਿੱਤ ਲੈਂਦੀ। ਕੋਈ ਹੀ ਅਜਿਹਾ ਬੰਦਾ ਹੁੰਦਾ ਬੀਬੀ ਜਿਹਨੂੰ ਰੋਟੀ ਖਾਧੇ ਬਗੈਰ ਘਰੋਂ ਤੁਰਨ ਦਿੰਦੀ। ਪ੍ਰਾਹੁਣਾ ਅਜੇ ਦਰਵਾਜੇ ਵਿੱਚ ਹੀ ਹੁੰਦਾ, ਬੀਬੀ ਨੂੰ ਪਹਿਲਾਂ ਹੀ ਫ਼ਿਕਰ ਲੱਗ ਜਾਂਦਾ।" ਚਾਹ ਧਰ ਲਓ, ਆਹ ਬਣਾ ਲਓ, ਅਹੁ ਬਣਾ ਲਓ।"

ਸ਼ਰੀਕੇ 'ਚੋਂ ਮੇਰੀ ਭੂਆ ਮੈਨੂੰ ਮਿਲਣ ਆਇਆ ਕਰਦੀ ਹੈ, "ਭਾਬੀ ਨੇ ਮੇਰੇ ਨਾਲ ਕਦੇ ਫਰਕ ਨਹੀਂ ਕੀਤਾ ਸੀ, ਉਹ ਮੇਰੀ ਭਰਜਾਈ ਨਹੀਂ ਮੇਰੀ ਮਾਂ ਸੀ। ਮੈਨੂੰ ਨੀ ਮਹਿਸੂਸ ਹੋਇਆ ਕਿ ਮਾਂ ਤੇ ਭਰਜਾਈ 'ਚ ਕੀ ਫਰਕ ਹੁੰਦਾ।" ਫਿਰ ਉਹ ਮੇਰੇ ਕੋਲ ਆ ਕੇ ਮੇਰੀ ਮਾਂ ਨੂੰ ਯਾਦ ਕਰਕੇ ਰੋਣ ਲੱਗ ਪਊਗੀ।

ਤਕਰੀਬਨ ਸਾਹਿਤਕ ਖੇਤਰ ਦੇ ਜਿੰਨੇ ਕੁ ਅਦੀਬ ਮੇਰੇ ਨਾਲ ਜੁੜੇ ਹਨ, ਉਹ ਆਉਂਦੇ ਹੀ ਬੀਬੀ ਨੂੰ ਮਿਲਣ ਲਈ ਸਨ। ਬਲਜਿੰਦਰ ਮਾਨ, ਪੰਮਾ ਪੇਂਟਰ ਤਾਂ ਆ ਕੇ ਬੈਠਦੇ ਹੀ ਬੀਬੀ ਦੇ ਕੋਲ ਸਨ। ਅਕਸਰ ਸਭ ਫੋਨ ਤੇ ਵੀ ਪਹਿਲਾਂ ਬੀਬੀ ਦੀਆਂ ਹੀ ਗੱਲਾਂ ਕਰਦੇ ਸਨ।

ਘਰ ਕੋਈ ਚੀਜ਼ ਬਚਦੀ ਚਾਹੇ ਨਾ ਬਚਦੀ, ਮੰਗਣ ਵਾਲਾ ਘਰੋਂ ਖਾਲੀ ਨਾ ਮੁੜਦਾ। ਇਕ ਦਿਨ ਪੰਜ ਛੇ ਜਣੇ ਰੋਟੀਆਂ ਮੰਗਣ ਆ ਗਏ। ਬੀਬੀ ਨੇ ਆਲੂਆਂ ਵਾਲੇ ਪਰਾਉਂਠੇ ਜਿਵੇਂ ਘਰ ਦਿਆਂ ਲਈ ਬਣਾਏ ਸੀ, ਉਹਨਾਂ ਦੇ ਅੱਗੇ ਰੱਖ ਦਿੱਤੇ। ਕਿਸੇ ਨੇ ਘਰੋਂ ਚੀਜ਼ ਲਿਜਾਣੀ ਹੁੰਦੀ, ਬੀਬੀ ਕੋਲ ਹੀ ਮੰਗਣ ਲਈ ਲਾਉਂਦਾ, ਪਤਾ ਸੀ ਬੀਬੀ ਨੇ ਮੁੱਕਰਨਾ ਨਹੀਂ।

ਬੀਬੀ ਬਾਹਰਲਾ ਦਰਵਾਜ਼ਾ ਬੰਦ ਕਰਨ ਤੋਂ ਬਹੁਤ ਖਿਝਦੀ, ਬੀਬੀ ਆਖਦੀ, "ਵਸਦੇ ਘਰਾਂ ਦੇ ਬੂਹੇ ਖੁੱਲ੍ਹੇ ਹੀ ਚੰਗੇ ਲੱਗਦੇ ਹਨ, ਮੇਰੀ ਜਿਉਂਦੇ ਜੀਅ ਨਾ ਹੀ ਬੂਹਾ ਬੰਦ ਹੋਵੇਗਾ, ਨਾ ਹੀ ਘਰੋਂ ਕੋਈ ਭੁੱਖਾ ਪਿਆਸਾ ਜਾਊਗਾ, ਮੇਰੇ ਜਿਉਂਦੇ ਜੀਅ ਲੰਗਰ ਚੱਲਦੇ ਹੀ ਰਹਿਣਗੇ।"

ਤਾਰੋ, ਸਾਰੋ, ਜਿੰਦਰੋ, ਮੀਤੋ, ਸ਼ੀਲੋ, ਮਿੰਦੋ ਦਰਸ਼ਣੋ ਬੀਬੀ ਦੀਆਂ ਸਹੇਲੀਆਂ ਵਿਚੋਂ ਘਰ ਕੋਈ ਨਾ ਕੋਈ ਆਈ ਹੀ ਰਹਿੰਦੀ। ਬੀਬੀ ਦੀ ਮੰਜੀ ਨੂੰ ਭਾਗ ਲੱਗੇ ਹੀ ਰਹਿੰਦੇ। ਹੁਣ ਬੀਬੀ ਦੀ ਮੰਜੀ ਭਾਂਅ ਭਾਂਅ ਕਰਦੀ ਹੈ। ਬੀਬੀ ਆਖਦੀ, "ਚਾਹ ਧਰ ਲਓ, ਰੋਟੀ ਪਕਾ ਲਿਆਓ।" ਬੀਬੀ ਦੀਆਂ ਨੂੰਹਾਂ ਕਈ ਵਾਰੀ ਖਿਝ ਜਾਂਦੀਆਂ। ਬੀਬੀ ਫਿਰ ਨਿਹੋਰਾ ਮਾਰਦੀ, "ਸਾਰੀ ਉਮਰ ਇਸ ਘਰੋਂ ਕੋਈ ਖ਼ਾਲੀ ਨਹੀਂ ਗਿਆ, ਨਾ ਹੀ ਭੁੱਖਾ ਮੁੜਿਆ...।"

ਬੀਬੀ ਉੱਨੀਂ ਵਰ੍ਹਿਆਂ ਦੀ ਸੀ, ਜਦੋਂ ਮੇਰੇ ਅੜਬ ਭਾਪੇ ਨਾਲ ਬੀਬੀ ਵਿਆਹੀ ਗਈ, ਬਾਪੂ ਮੇਰਾ ਵਲੈਤੀਏ ਦਾ ਰੱਜਿਆ ਪੁੱਜਿਆ ਪੁੱਤ ਸੀ।

ਭੂੰਨੋ ਤੇ ਸੁਭਾਨਪੁਰ ਨੂੰ ਇੱਕ ਹੀ ਬਜ਼ਾਰ ਬਾੜੀਆਂ ਕਲਾਂ ਦਾ ਲੱਗਦਾ ਸੀ। ਬੀਬੀ ਦੇ ਬਾਰੇ ਪਹਿਰੇ ਮਾਹਿਲਪੁਰ ਦਾ ਬਜ਼ਾਰ ਨਹੀਂ ਹੁੰਦਾ ਸੀ, ਜੇਜੋਂ ਬਾੜੀਆਂ ਦੇ ਬਜ਼ਾਰ ਹੀ ਮੁੱਖ ਬਜ਼ਾਰ ਸਨ। ਬੀਬੀ ਦਾ ਵਿਚੋਲਾ ਵੀ ਬਾੜੀਆਂ ਦਾ ਹੀ ਸੀ। ਬੀਬੀ ਦੱਸਿਆ ਕਰਦੀ, "ਕੁੜਮਾਈ ਦੇ ਮਗਰੋਂ ਮੈਂ ਬਾੜੀਆਂ ਦੇ ਬਾਜ਼ਾਰ ਨਹੀਂ ਗਈ।" ਨਾਨੀ ਆਖਦੀ ਸੀ, "ਕੁੜੀਏ ਨੇੜੇ ਸੁਹਰੇ ਹਨ, ਕੋਈ ਉਲਾਹਮਾ ਨਾ ਆਵੇ।"

ਖੇਤੋਂ ਖੇਤੀ ਦੋ ਕੁ ਕਿਲੋਮੀਟਰ ਦਾ ਰਸਤਾ ਨਾਨਕਿਆ ਦਾ ਸੀ। ਬੀਬੀ ਆਖਦੀ, "ਹੁਣ ਦੀਆਂ ਮਠਿਆਈਆਂ 'ਚੋਂ ਕੋਈ ਸੁਆਦ ਨਹੀਂ ਆਉਂਦਾ, ਮੇਰੇ ਵਿਆਹ ਵੇਲੇ ਜਗਨ ਨਾਥ ਹਲਵਾਈ ਨੇ ਸੱਤ ਸੱਤ ਤਰ੍ਹਾਂ ਦੀਆਂ ਮਠਿਆਈਆਂ ਬਣਾਈਆਂ। ਬਰਾਤ ਦੋ ਦਿਨ ਰਹੀ। ਸਾਰਾ ਸੁਭਾਨਪੁਰ ਹੀ ਨੇੜੇ ਹੋਣ ਕਰਕੇ ਬਰਾਤੀ ਤੁਰ ਗਿਆ। ਕੁੜੀਏ ਹੁਣ ਤਾਂ ਬਾਲੂ ਸ਼ਾਹੀਆਂ ਕੋਈ ਬਣਾਉਂਦਾ ਹੀ ਨਹੀਂ, ਕੋਈ ਸੁਆਦ ਨਹੀਂ ਰਿਹਾ ਮਿੱਠੀਆਂ ਚੀਜਾਂ ਦਾ ਨਾ ਉਹ ਦਿਨ ਰਹੇ ਨਾ ਉਹ ਬੰਦੇ ਹੀ ਰਹੇ। ਪਿਛਲੇ ਸਮਿਆਂ 'ਚ ਗੱਡੇ



ਗੱਡੀਆਂ ਹੁੰਦੇ ਸਨ, ਉਹਨਾਂ ਤੇ ਮੈਨੂੰ ਵਿਆਹ ਕੇ ਲਿਆਏ।

ਕੁੜੀਆਂ ਦੋ ਦਿਨ ਬਰਾਤ ਨੂੰ ਸਿੱਠਣੀਆਂ ਦੇਣੋ ਨਾ ਹਟੀਆਂ, ਪੈਲਸਾਂ ਦੇ ਵਿਆਹਾਂ ਦਾ ਕੁੱਝ ਪਤਾ ਹੀ ਨਹੀਂ ਚੱਲਦਾ, ਝੱਟ ਸ਼ੁਅ ਮੰਤਰ ਹੋ ਜਾਂਦੀਆਂ।" ਬੀਬੀ ਮੈਨੂੰ ਪੁਰਾਣੀਆਂ ਸਿੱਠਣੀਆਂ ਸੁਣਾਉਣ ਲੱਗ ਪੈਂਦੀ। ਭਾਪੇ ਮੇਰੇ ਨੂੰ ਇੰਗਲੈਂਡ ਪੈਂਦੀ ਸੀ। ਭਾਪੇ ਨੇ ਬੀਬੀ ਨੂੰ ਸਾਰੀ ਉਮਰ ਤੰਗ ਕਰੀ ਰੱਖਿਆ। ਮੇਰੇ ਭਾਪੇ ਤੇ ਬੀਬੀ ਦਾ ਅਕਸਰ ਟਕਰਾਓ ਹੋ ਜਾਂਦਾ ਸੀ। ਮੇਰਾ ਭਾਪਾ ਬੋਲ ਕੁਬੋਲ ਬੋਲਦਾ। ਬਹੁਤ ਕੁਰੱਖਤ ਤੇ ਅੜਬ ਸੁਭਾਅ ਸੀ ਮੇਰੇ ਭਾਪੇ ਦਾ ਪਰ ਮੇਰੀ ਮਾਂ 'ਚ ਬਹੁਤ ਸਹਿਣਸ਼ੀਲਤਾ ਸੀ। ਉਹ ਅੱਗਿਓਂ ਕੋਈ ਜੁਆਬ ਨਹੀਂ ਦਿੰਦੀ ਸੀ। ਮੈਨੂੰ ਮੇਰੀ ਮਾਸੀ ਦੱਸਦੀ ਸੀ, ਸਾਡੀ ਸੁਰਤ ਤੋਂ ਪਹਿਲਾਂ ਭਾਪਾ ਸਾਡਾ ਬੀਬੀ ਨੂੰ ਕੁੱਟ ਕੁੱਟ ਕੇ ਨੀਲ ਪਾ ਦਿੰਦਾ ਸੀ। ਬੀਬੀ ਸਾਡੀ ਨੇ ਕਦੇ ਵੀ ਭਾਪੇ ਨੂੰ ਮਾੜਾ ਨਹੀਂ ਆਖਿਆ ਸੀ।

ਜਦੋਂ ਰਾਤ ਨੂੰ ਦੋਹਾਂ ਨੂੰ ਪੀਣ ਵਾਸਤੇ ਦੁੱਧ ਦੇ ਗਿਲਾਸ ਦੇਣੇ, ਬੀਬੀ ਨੇ ਆਖਣਾ, ਮੇਰੇ ਗਿਲਾਸ ਵਿਚੋਂ ਥੋੜ੍ਹਾ ਦੁੱਧ ਭਾਪੇ ਆਪਣੇ ਨੂੰ ਹੋਰ ਪਾ ਦਿਓ।" ਭਾਪਾ ਜੋ ਮਰਜ਼ੀ ਆਖੀ ਜਾਂਦਾ, ਬੀਬੀ ਮੇਰੀ ਬੋਲਦੀ ਨਹੀਂ ਸੀ, ਪਰ ਮੈਨੂੰ ਇਹ ਸਭ ਚੰਗਾ ਨਹੀਂ ਲੱਗਦਾ ਸੀ। ਮੇਰੇ ਮਨ 'ਚ ਇਹ ਗੱਲ ਘਰ ਕਰ ਗਈ ਕਿ ਮਰਦ ਚੰਗੇ ਨਹੀਂ ਹੁੰਦੇ। ਦੋਹਾਂ ਦੇ ਵਤੀਰੇ ਨੂੰ ਵੇਖ ਵੇਖ ਮੈਂ ਬਹੁਤ ਅੜਬ ਸੁਭਾਅ ਦੀ ਬਣ ਗਈ।

ਸਾਡੇ ਘਰ ਨੂੰ ਕਿਸੇ ਨੇ ਬੰਨ੍ਹਿਆ ਹੋਇਆ ਸੀ, ਉਹ ਬੀਬੀ ਕਰਕੇ ਹੀ ਸੀ, ਉਹ ਕਿਸੇ ਨੂੰ ਮਾੜਾ ਨਹੀਂ ਬੋਲਦੀ ਸੀ।

ਤੜਕੇ ਉੱਠਕੇ ਬੀਬੀ ਮੇਰੇ ਭਾਪੇ ਲਈ ਰੋਟੀ ਪਕਾਉਂਦੀ, ਕੱਪੜੇ ਧੋ ਕੇ ਰੱਖਦੀ, ਭਾਪੇ ਦੇ ਸਾਰੇ ਕੰਮਕਾਰ ਕਰਦੀ। ਭਾਪਾ ਮੇਰਾ ਬਿਜਲੀ ਮਹਿਕਮੇ 'ਚ ਕੰਮ ਕਰਦਾ ਸੀ। ਬੀਬੀ ਸਾਨੂੰ ਨਾਲ ਲੈ ਕੇ ਪਿੰਡ ਹੀ ਰਹਿੰਦੀ ਸੀ। ਰਿਟਾਇਰਮੈਂਟ ਤੋਂ ਬਾਅਦ ਬੀਬੀ ਭਾਪਾ ਦਸ ਸਾਲ ਇਕੱਠੇ ਰਹੇ। ਪਿੰਡ ਦੇ ਲੋਕਾਂ ਨਾਲ ਸਾਂਝ, ਅਪਣੱਤ ਮੇਰੀ ਬੀਬੀ ਦੇ ਨਿਮਰਤਾ, ਭਰੇ ਸੁਭਾਅ ਕਰਕੇ ਹੀ ਤਾਂ ਹੈ। ਮੈਂ ਤਾਂ ਇੱਕ ਸਿੱਟਾ ਕੱਢਿਆ ਕਰਦੀ ਹਾਂ ਬਾਪੂ ਮੇਰਾ ਜਿਆਦਾ ਸੋਹਣਾ ਸੀ, ਭਾਪੇ ਦੇ ਸਾਹਮਣੇ ਬੀਬੀ ਪਾਸਕ ਵੀ ਨਹੀਂ ਸੀ, ਸ਼ਕਲੋ ਸੂਰਤੋ। ਸੋ ਭਾਪੇ ਨੂੰ ਹੋ ਸਕਦਾ ਇਹ ਚੀਜ਼ ਅੰਦਰੋ ਅੰਦਰੀ ਵੱਢ ਵੱਢ ਖਾਂਦੀ ਰਹੀ ਹੋਵੇ।

ਮੇਰਾ ਤੇ ਮੇਰੇ ਭਰਾਵਾਂ ਦਾ ਝੁਕਾਅ ਬੀਬੀ ਵੱਲ ਹੀ ਰਿਹਾ। ਸਾਡੇ ਤਿੰਨਾਂ ਵਿਚੋਂ ਭਾਪੇ ਵੱਲ ਕੋਈ ਵੀ ਨਾ ਗਿਆ। ਬੀਬੀ ਦੀ ਗੱਲ ਕਦੇ ਕੋਈ ਟਾਲਦਾ ਹੀ ਨਹੀਂ ਸੀ ਤੇ ਭਾਪੇ ਦੀ ਕੋਈ ਮੰਨਣ ਲਈ ਤਿਆਰ ਹੀ ਨਹੀਂ ਸੀ ਹੁੰਦਾ, ਉਹਦੀ ਅੜਬਾਈ ਅੱਗੇ ਬੀਬੀ ਦੇ ਪਿਆਰ ਦੇ ਖਿੱਚੇ ਉਹਦੇ ਵੱਲ ਸਭ ਆਉਂਦੇ। ਇਕ ਵਾਰੀ ਮੈਂ ਆਪਣੀ ਮਾਂ ਨੂੰ ਪੁੱਛਿਆ, "ਸਾਡੇ ਤਿੰਨਾਂ ਵਿਚੋਂ ਵੱਧ ਪਿਆਰਾ ਕੌਣ ਹੈ?" ਬੀਬੀ ਨੇ ਜੁਆਬ ਨਾ ਦਿੱਤਾ, ਮੈਂ ਚਾਹੁੰਦੀ ਸੀ, ਮਾਂ ਮੇਲੇ ਵੱਲ ਇਸ਼ਾਰਾ ਕਰੇਗੀ। ਕਹਿੰਦੇ ਪੁੱਤ ਕੁਪੱਤ ਹੋ ਜਾਂਦੇ ਹਨ, ਮਾਪੇ ਕੁਮਾਪੇ ਨਹੀਂ ਹੁੰਦੇ। ਮਾਂ ਮੇਰੀ ਨੇ ਆਪਣੇ ਪੁੱਤ ਦੇ ਵਿਰਲਾਪ 'ਚ ਦੋਵੇਂ ਅੱਖਾਂ ਗੁਆ ਲਈਆ।

"ਪੁੱਤ ਮੈਨੂੰ ਕਿਸੇ ਦਾ ਮੂੰਹ ਨਹੀਂ ਦਿਸਦਾ, ਬਸ ਬੁੱਤ ਜਿਹੇ ਹੀ ਦਿਸਦੇ ਹਨ। ਮੈਂ ਬਾਬਾ ਫਰੀਦ ਦੇ ਸ਼ਲੋਕ ਪੜ੍ਹਆਉਂਦੀ, ਬੁਢਾਪੇ ਦੀ ਤੁਲਨਾ ਬੜੀ ਵਧੀਆ ਕਰਦੀ, ਮੇਰੀਆਂ ਅੱਖਾਂ ਅੱਗੇ ਬੇਬੇ ਦਾ ਚਿਹਰਾ ਘੁੰਮਦਾ ਰਹਿੰਦਾ। ਬਹੁਤ ਵਾਰੀ ਮੈਨੂੰ ਤਰਸ ਆਉਂਦਾ, ਮੈਂ ਆਪਣੀ ਮਾਂ ਲਈ ਕੁੱਝ ਨਾ ਕਰ ਸਕੀ।

ਡੱਬੂ ਕੁੱਤਾ ਸਾਡੀ ਗਲੀ ਦੀ ਰਖਵਾਲੀ ਕਰਦਾ ਸੀ। ਸਭ ਤੋਂ ਪਹਿਲਾਂ ਉਹਨੇ ਮਾਂ ਦੇ ਪੈਰਾਂ ਨੂੰ ਚੱਟਣ ਲੱਗ ਪੈਣਾ, ਬੀਬੀ ਨੇ ਆਮਲ 'ਚ ਉਹਨੂੰ ਮੱਖਣ-ਮਲਾਈ ਨਾਲ ਰੋਟੀ ਖਾਣੀ ਗਿਝਾਈ ਹੋਈ ਸੀ। ਕਦੇ ਡੱਬੂ ਨੇ ਬੇਹੀ ਰੋਟੀ ਨਾ ਖਾਣੀ, ਬੀਬੀ ਨੇ ਆਖਣਾ, "ਇਹਨੂੰ ਦੋ ਰੋਟੀਆਂ ਗੈਸ 'ਤੇ ਲਾਹ ਦਿਓ।"

ਬੀਬੀ ਜਦੋਂ ਮੰਜੇ 'ਤੇ ਬੈਠ ਗਈ, ਬਸ ਹੁਕਮ ਦੇਣ ਜੋਗੀ ਰਹਿ ਗਈ, ਬੀਬੀ ਨੂੰ ਹੁੰਦਾ ਸੀ ਸਾਰੇ ਕੰਮ ਵੇਲੇ ਸਿਰ ਕਰ ਲਉ। ਬੀਬੀ ਸਾਝਰੇ ਕੰਮ ਬਾਰੇ ਅਖਾਣ ਪਾਉਂਦੀ- ਨੂੰਹ ਦਾ ਢੋਕਾ, ਸੱਸ ਦਾ ਚਉਕਾ। ਬੀਬੀ ਦੀ ਸੁਰਤ ਹਰ ਵੇਲੇ ਪਸ਼ੂਆਂ 'ਚ ਲੱਗੀ ਰਹਿੰਦੀ, ਉਹ ਪਸ਼ੂਆਂ ਨੂੰ ਨਿਆਣਿਆਂ ਤੋਂ ਵੀ ਵੱਧ ਪਿਆਰ ਕਰਦੀ," ਧੁੱਪਿਓ ਛਾਂਮੇ, ਕਰ ਆਓ ਹਰੇ ਪੱਠੇ ਪਾ ਆਓ, ਗਰਮੀ ਦਾ ਮਹੀਨਾ ਉਹਨੂੰ ਨਹਾ ਦਿਓ, ਤੂੜੀ ਛਾਣ ਦੇ

ਪਾਓ, ਰੀਣ ਅੰਦਰ ਚਲੀ ਗਈ ਨੁਕਸਾਨ ਪਚਾਊ।" ਨਿਆਣੇ ਗੱਲ ਅਣਸੁਣੀ ਕਰ ਜਾਂਦੇ, "ਪੱਠੇ ਖੁਰਲੀਆਂ 'ਚੋਂ ਫਰੋਲੋ ਨਾ... ਸੱਪ-ਸਪੋਲੀਆ ਵੜ ਜਾਂਦੈ... ਇਹਨਾਂ ਦੀਆਂ ਖੁਰਲੀਆਂ ਸਾਫ਼ ਰੱਖੋ। ਇਹ ਭਾਵੇਂ ਬੋਲ ਨੀ ਸਕਦੇ, ਸਭ ਸਮਝਦੇ ਆ, ਇਹਨਾਂ ਨਾਲ ਪਾਪ ਨਾ ਕਰੋ।"

ਬੀਬੀ ਨੇ ਸਾਰੀ ਉਮਰ ਮੱਝਾਂ ਰੱਖੀਆ, ਗਾਈਆਂ ਦਾ ਦੁੱਧ ਉਹਨੂੰ ਸੁਆਦ ਨਾ ਲੱਗਦਾ, ਬੀਬੀ ਆਖਦੀ, "ਸਾਰੀਆਂ ਗਾਈਆਂ ਦੇ ਕੇ ਇੱਕ ਚੱਜ ਦੀ ਮੱਝ ਖਰੀਦ ਲਿਆਮਾ ਜੇ ਮੇਰੀਆਂ ਚੱਲਦੀਆਂ ਹੋਣ।"

ਜੇਠ ਹਾੜ ਦੀਆਂ ਧੁੱਪਾਂ ਪੈ ਰਹੀਆਂ ਸਨ, ਖੇਤਾਂ 'ਚ ਹਰੇ ਪੱਠੇ ਬੀਜਣੋ ਖੁੰਝ ਗਏ। ਬੀਬੀ ਸਬਜੀ ਵਾਲੇ ਤੋਂ ਤਰਾਂ-ਖੀਰੇ ਲੈ ਕੇ ਹਰੀਆਂ ਪਾਉਣੀਆਂ ਸ਼ੁਰੂ ਕਰ ਦਿੰਦੀ। ਭਈਆਂ ਸਬਜ਼ੀ ਵਾਲਾ ਰੋਜ਼ ਦਰਾਂ ਅੱਗੇ ਆ ਖੜ੍ਹ ਜਾਇਆ ਕਰੇ, ਪਤਾ ਸੀ ਬੀਬੀ ਨੇ ਲੰਘਣ ਨਹੀਂ ਦੇਣਾ।

ਬੀਬੀ ਮੇਰੀ ਨੂੰ ਨਾ ਤਾਂ ਚੱਜ ਨਾਲ ਪੱਠੇ ਵੱਢਣੇ ਆਏ ਨਾ ਹੀ ਗੋਡੀ ਕਰਨੀ ਆਈ। ਉਹਨੇ ਆਖਣਾ, "ਧੀਏ ਮੇਰੇ ਕੋਲੋਂ ਤਾਂ ਅੱਠ ਦਸ ਬੂਟੇ ਮਿਰਚਾ ਦੇ ਗੋਡੀ ਕਰਦੀ ਤੋਂ ਵੱਢ ਹੋ ਗਏ।"

ਬੀਬੀ ਬਹੁਤ ਸਚਿਆਰੀ ਸੀ, ਚੁੱਲ੍ਹਾ ਚੌਂਕਾ ਸਵਾਰ ਕੇ ਰੱਖਣਾ ਉਹਨੂੰ ਚੰਗਾ ਲੱਗਦਾ ਸੀ, ਬੀਬੀ ਨੇ ਨਾਲੇ ਖਿਝੀ ਜਾਣਾ ਨਾਲੇ ਝੱਟ ਗੋਲੂ ਫੇਰ ਕੇ ਚੁੱਲ੍ਹਾ ਨਵਾਂ ਨਿਕੋਰ ਬਣਾ ਦੇਣਾ।

ਮਾਂ ਦੇ ਹੱਥਾਂ 'ਚ ਤਾਂ ਜਾਦੂ ਸੀ ਜਾਦੂ, ਸੀਣਾ-ਪਰੋਣਾ, ਬੀਬੀ ਦੀ ਰੂਹ 'ਚ ਵਸਿਆ ਹੋਇਆ ਸੀ। ਜਦੋਂ ਅਸੀਂ ਸੁਰਤ ਸੰਭਾਲੀ ਕੁਝ ਬੁੜੇ ਕਦੇ ਆਪਣਾ ਝੱਗਾ ਚੁੱਕ ਲਿਆਉਂਦੇ, ਕਦੇ ਜਾਂਗੀਆਂ ਕਦੇ ਕੁੜਤਾ ਪਜ਼ਾਮਾ, ਤੀਮੀਆਂ ਵੀ ਟਾਕੀਆਂ ਲੁਆਉਣ ਤੁਰੀਆਂ ਹੀ ਰਹਿੰਦੀਆਂ। ਮਾਂ ਨਿਰਸੁਆਰਥ ਲੋਕਾਂ ਦੇ ਆਪਣੇ ਹੱਥੀਂ ਕੰਮ ਸੁਆਰਦੀ ਰਹਿੰਦੀ। ਕੋਈ ਗੁਆਂਢੀ ਆਖਦਾ, ਭਜਨੋ ਮੰਜਾ ਨੀ ਬੁਣਨਾ ਆਉਂਦਾ, ਇਹਦਾ ਮੁੱਢ ਧਰ ਜਾ।" ਕੋਈ ਹੁਣ ਵੀ ਕੰਮ ਕਰਵਾਉਣ ਆ ਜਾਂਦਾ, ਜਿੰਨੀ ਦੇਰ ਅਗਲੇ ਦਾ ਅਸੀਂ ਕੰਮ ਨਾ ਕਰ ਦੇਣਾ, ਬੀਬੀ ਨੇ ਸਾਨੂੰ ਬੈਠਣ ਨਹੀਂ ਦੇਣਾ।" ਪੁੱਤ ਕੋਈ ਗੱਲ ਨੀ ਗਲੀ ਗੁਆਂਢ ਹੈ, ਘਸਣ ਨਹੀਂ ਲੱਗੇ।"

ਕਲਯੁੱਗ 'ਚ ਬੀਬੀ ਨੂੰ ਪਤਾ ਨਹੀਂ ਕਿਉਂ ਸਤਯੁੱਗੀ ਆਦਤਾਂ ਨੇ ਘੇਰਿਆ ਹੋਇਆ ਸੀ। ਕੋਈ ਗੱਲ ਪਰਦੇ ਦੀ ਹੁੰਦੀ, ਬੀਬੀ ਨੂੰ ਸਮਝਾਉਂਦੇ ਕਿ ਫਲਾਣੀ ਗੱਲ ਕਰਨੀ ਨਹੀਂ ਕਿਸੇ ਨਾਲ ਬੀਬੀ ਦੇ ਅੰਦਰ ਕੋਈ ਮੈਲ਼ ਨਹੀਂ ਸੀ, ਦੁੱਧ ਦਾ ਦੁੱਧ ਪਾਣੀ ਦਾ ਪਾਣੀ ਬੀਬੀ ਅਗਲੇ ਨੂੰ ਸਹੀ ਸਹੀ ਗੱਲ ਦੱਸ ਦਿੰਦੀ ਸੀ। ਬੱਸ ਕੋਈ ਕੋਲ ਆ ਕੇ ਬੈਠ ਗਿਆ, ਬੀਬੀ ਲਈ ਉਹ ਸਿਰਫ ਤੇ ਸਿਰਫ਼ ਆਪਣਾ ਹੀ ਹੋ ਜਾਂਦਾ।

ਕਣਕ ਪੱਕੀ ਹੋਈ ਸੀ, ਮਾਂ ਨੇ ਮੈਨੂੰ ਖੇਤੋਂ ਕਣਕ ਦੀ ਨਾਲੀ ਲਿਆਉਣ ਲਈ ਆਖਿਆ, "ਤੁਸੀਂ ਕਣਕ ਦੀ ਨਾਲੀ ਕੀ ਕਰਨੀ ਹੈ? ਮੈਂ ਪੁੱਛਿਆ, ਮੈਂ ਕਣਕ ਦੀ ਨਾਲੀ ਲਿਆ ਦਿੱਤੀ, ਬੀਬੀ ਨੇ ਮੈਨੂੰ ਕਣਕ ਦੀ ਨਾਲੀ ਦਾ ਛਿੱਕੂ ਬਹੁਤ ਹੀ ਸੋਹਣਾ ਬਣਾ ਕੇ ਦਿਖਾਇਆ। ਮੈਂ ਉਹ ਸੰਭਾਲ ਕੇ ਰੱਖਿਆ ਹੋਇਆ ਹੈ।

ਰੰਗ ਬਿਰੰਗੀਆਂ ਲੀਰਾਂ ਦੇ ਬਿੰਨੇ, ਪੱਖੇ, ਪੱਖੀਆਂ ਬੀਬੀ ਨੇ ਬਣਾ ਬਣਾ ਰੱਖੇ ਹੋਏ ਹਨ। ਬੀਬੀ ਨੇ ਵੱਡਾ ਪੱਖਾ ਅੱਠਕਲੀਆਂ ਪਾ ਕੇ ਬਹੁਤ ਬਾਰੀਕੀ ਨਾਲ ਬੁਣਿਆ ਹੋਇਆ ਹੈ। ਮੈਂ ਬੀਬੀ ਦੇ ਹੱਥਾਂ ਦੇ ਜਾਦੂ ਨੂੰ ਸੰਭਾਲ ਸੰਭਾਲ ਰੱਖਦੀ ਹਾਂ। ਬੀਬੀ ਦੱਸਦੀ, ਸੰਦੂਕ ਸਾਲੂ, ਫੁਲਕਾਰੀਆਂ ਮੇਰੇ ਜ਼ਮਾਨੇ ਤੋਂ ਪਹਿਲਾਂ ਖਤਮ ਹੋ ਚੁੱਕੇ ਸਨ।"

ਬੀਬੀ ਆਖਦੀ, "ਹੁਣ ਤਾਂ ਵਹੁਟੀਆਂ ਸਿਖਰ ਦੁਪਹਿਰੇ ਉੱਠਦੀਆਂ, ਤੜਕੇ ਚਾਰ ਵਜੇ ਉਠੀਦਾ ਸੀ, ਮੱਝਾਂ ਚੋਣੀਆਂ, ਧਾਰਾਂ ਰਿੜਕਣੀਆਂ, ਸੂਰਜ ਚੜ੍ਹਨ ਤੱਕ ਸਾਰੇ ਕੰਮ ਮੁਕਾ ਕੇ ਚਰਖਾ ਡਾਹ ਲਈਦਾ ਸੀ, ਹੁਣ ਤਾਂ ਹਰ ਚੀਜ਼ ਬਿਜਲੀਆਂ ਨਾਲ ਚੱਲਣ ਲੱਗ ਪਈ।"

"ਮੈਨੂੰ ਕੂਕਰ ਦੀ ਗਾਰਾ ਜਿਹੀ ਦਾਲ ਬਣਾ ਕੇ ਨਾ ਦਿਓ, ਮੱਠੀ ਮੱਠੀ ਅੱਗੇ ਸਵੇਰ ਤੋਂ ਸ਼ਾਮ ਤੱਕ ਦਾਲ



ਰਿੱਝੇ, ਮੂੰਹੋ ਨੀ ਲਹਿੰਦੀ।" ਬੀਬੀ ਕਿਸੇ ਦੀ ਬਣਾਈ ਦਾਲ਼ ਸਬਜ਼ੀ ਨੱਕ ਥੱਲੇ ਨਾ ਰੱਖਦੀ।

ਬੀਬੀ ਨੂੰ ਬਦਲਦੇ ਜ਼ਮਾਨੇ ਨਾਲ ਚੀਜ਼ਾਂ ਦੇ ਪੁਰਾਣੇ ਸੁਆਦ ਨਹੀਂ ਲੱਭਦੇ ਸੀ, ਪਿੱਛਲੀਆਂ ਚੀਜ਼ਾਂ ਲੱਭਦੀ, ਪਰ ਹੁਣ ਤਾਂ ਵਾਕਿਆ ਹੀ ਦਵਾਈਆਂ ਤੇ ਖਾਦਾਂ ਵਾਲੀਆਂ ਚੀਜ਼ਾਂ ਦੇ ਉਹ ਸੁਆਦ ਹੀ ਨਹੀਂ ਰਹੇ।

ਘਰ ਦਾਣਿਆਂ ਦਾ ਬੋਹਲ ਆਉਂਦਾ, ਨਿਆਣੇ ਆਸੇ ਪਾਸੇ ਦਾਣੇ ਖਿਲਾਰ ਦਿੰਦੇ, ਬੀਬੀ ਨੇ ਇਕੱਲਾ ਇਕੱਲਾ ਦਾਣਾ ਚੁਗ ਦੇਣਾ, ਨਾਲੇ ਆਖਣਾ, "ਰਿਜ਼ਕ ਦੀ ਬੇਕਦਰੀ ਨਹੀਂ ਕਰੀਦੀ, ਇਹ ਮਸੀਂ ਘਰ ਪੁੱਜਦਾ।"

ਮਾਂ ਬਹੁਤ ਸਚਿਆਰੀ ਸੀ, ਆਟੇ ਦਾ ਪੀਹਣ ਬਣਾਉਂਦੇ ਸਮੇਂ ਛੱਜ ਨਾਲ ਛੱਟਦੀ ਇੰਨਾ ਸੋਹਣਾ ਹੱਥ ਮਾਰਦੀ, ਘੁੰਡੀਆਂ ਅਲੱਗ ਹੋ ਜਾਂਦੀਆਂ ਦਾਣੇ ਝੱਟ ਅਲੱਗ ਹੋ ਜਾਂਦੇ। ਮੈਂ ਬੀਬੀ ਨੂੰ ਵੇਖਣ ਲਈ ਛੱਜ ਮੂਹਰੇ ਬੈਠ ਜਾਣਾ, ਬੀਬੀ ਨੇ ਝਿੜਕ ਕੇ ਪਰ੍ਹੇ ਬਹਾ ਦੇਣਾ। ਬੀਬੀ ਦਾ ਝੱਟ ਰੋੜ ਕੰਕਰ ਅਲੱਗ ਕਰਨ ਦਾ ਤਰੀਕਾ ਮੈਨੂੰ ਬਹੁਤ ਚੰਗਾ ਲੱਗਦਾ।

ਗਲੀ 'ਚ ਕੋਈ ਤੁਰਿਆ ਜਾਂਦਾ ਹੁੰਦਾ, ਬੀਬੀ ਨੇ ਅਗਲੇ ਨੂੰ ਅਵਾਜ਼ਾਂ ਹੀ ਮਾਰੀ ਜਾਣੀਆਂ। ਕਦੇ ਕਦੇ ਮੇਰਾ ਮਨ ਕਰਦਾ ਬੀਬੀ ਨੂੰ ਚਾਹ ਵਾਲੀ ਬੇਬੇ ਦਾ ਨਾਂ ਦੇ ਦੇਵਾਂ, ਬੀਬੀ ਚਾਹ ਕਾੜ੍ਹ ਕਾੜ੍ਹ ਕੇ ਬਣਾਉਂਦੀ ਵੀ ਸੁਆਦ ਸੀ ਤੇ ਪੀਂਦੀ ਵੀ ਤੱਤੀ ਤੱਤੀ ਸੀ। ਕਿਸੇ ਪ੍ਰਾਹੁਣੇ ਅੱਗੇ ਜਰ੍ਹਾ ਕੱਪ ਊਣਾ ਰੱਖ ਦਿੱਤਾ, "ਆਹ ਕੀ ਸ਼ਹਿਰੀਆਂ ਵਾਲਾ ਕੰਮ ਕਰਦੀਆਂ, ਘੁੱਟ ਹੋਰ ਪਾਓ ਚਾਹ ਦਾ।" ਬੀਬੀ ਨੇ ਆਪਣੀ ਚਾਹ ਵੀ ਅਗਲੇ ਦੇ ਕੱਪ 'ਚ ਉਲੱਦ ਦੇਣੀ।

ਬੀਬੀ ਦੀਆਂ ਬਹੁਤ ਮਕਾਣਾ ਆਈਆਂ, ਪਿੰਡ ਦੀਆਂ ਕੁੜੀਆਂ ਆਉਂਦੀਆਂ ਹੀ ਉਹਦੀਆਂ ਸਿਫ਼ਤਾਂ ਸ਼ੁਰੂ ਕਰ ਦਿੰਦੀਆਂ, "ਚਾਚੀ ਨੇ ਸਾਨੂੰ ਧੀਆਂ ਵਾਂਗ ਕੱਢਣਾ ਬੁਣਨਾ ਸਖਾਇਆ, ਚਾਚੀ ਨਾਲ ਕਈ ਕਈ ਦਿਨ ਨਾਨਕੀ ਚਲੇ ਜਾਂਦੀਆਂ। ਘਰੋਂ ਲੜ ਕੇ ਚਾਚੀ ਨਾਲ ਹੀ ਸੁੱਤੀਆਂ ਰਹਿਣਾ।" ਫਿਰ ਉਹ ਮੇਰੀ ਬੀਬੀ ਦੇ ਕਈ ਕਈ ਦੇਰ ਕੀਰਨੇ ਪਾਉਂਦੀਆਂ।

ਕੋਈ ਪ੍ਰਾਹੁਣਾ ਜਾਣ ਨੂੰ ਕਾਹਲਾ ਹੁੰਦਾ, ਬੀਬੀ ਨੇ ਅੱਧ ਪਚੱਧੀ ਰਿੱਝੀ ਦਾਲ਼ ਨਾਲ ਹੀ ਅਗਲੇ ਨੂੰ ਝੱਟ ਜੱਫਾ ਪਾ ਲੈਣਾ। ਅਗਲੇ ਨੂੰ ਖੁਆ-ਖੁਆ ਕੇ ਤੁੰਨ ਕਰ ਦੇਣਾ। ਘਰ ਆਏ ਪ੍ਰਾਹੁਣੇ ਦੇ ਝੋਲੇ 'ਚ ਕੁੱਝ ਨਾ ਕੁੱਝ ਪਾ ਕੇ ਹੀ ਤੋਰਨਾ।

ਜੋ ਵੀ ਬੀਬੀ ਦੇ ਅਫਸੋਸ ਤੇ ਆਇਆ, ਬੀਬੀ ਦੇ ਖਿਲਾਉਣ ਪਿਲਾਉਣ ਦੀ ਗੱਲ ਰੋਜ਼ ਦਰੀ 'ਤੇ ਚਰਚਾ ਦਾ ਵਿਸ਼ਾ ਬਣੀ ਰਹੀ। ਬੀਬੀ ਦੇ ਪੇਕਿਆਂ ਦਾ ਕੁੱਤਾ ਵੀ ਬੀਬੀ ਦੇ ਘਰ ਮੂਹਰਿਓਂ ਖਾਲ਼ੀ ਨਾ ਲੰਘ ਸਕਦਾ। ਮਾਂ ਦੇ ਪੇਕੀ ਕਿਸੇ ਵੀ ਜਾਤ ਦਾ ਬੰਦਾ ਮਰਦਾ, ਉਹਦੀ ਮਕਾਣ ਜ਼ਰੂਰ ਜਾਂਦੀ। ਪੂਰਾ ਨਾਨਕਾ ਪਿੰਡ ਆਪੇ ਹੀ ਬੀਬੀ ਦੀ ਮਕਾਣ ਲੈ ਕੇ ਢੁੱਕਿਆ।

ਕਿਸੇ ਦਾ ਕੁੜੀ ਮੁੰਡਾ ਬੀਬੀ ਨੂੰ ਕੁਆਰਾ ਦਿਸ ਪੈਂਦਾ। ਉਹ ਸਾਕ ਸ਼ਕੀਰੀ 'ਚ ਨਿਗਾਹ ਮਾਰਦੀ, ਕਿੱਧਰ ਰਿਸ਼ਤਾ ਜੋੜਨਾ ਹੈ। ਬੀਬੀ ਨੇ ਵਿਚੋਲਗਿਰੀ ਸਾਰੀ ਉਮਰ ਨਹੀਂ ਛੱਡੀ। ਜ਼ਮਾਨੇ ਚੰਗੇ ਸੀ, ਉਹਦੀ ਗੱਲ ਮੰਨ ਕੇ ਲੋਕ ਰਿਸ਼ਤੇ ਕਰ ਵੀ ਦਿੰਦੇ ਸਨ। ਅਸੀਂ ਰੋਕਦੇ, "ਇਹਨਾਂ ਕੰਮਾਂ 'ਚ ਨਹੀਂ ਪੈਣਾ।" "ਕੋਈ ਗੱਲ ਨਹੀਂ ਪੁੱਤ ਕਿਸੇ ਦਾ ਘਰ ਵਸ ਜਾਓ।"

ਮੈਂ ਸੱਸਾਂ ਦੇ ਬਹੁਤ ਡਾਹਢੇ ਰੂਪ ਵੇਖੇ ਹਨ, ਪਰ ਮੇਰੀ ਬੀਬੀ ਆਪਣੀਆਂ ਨੂੰਹਾਂ ਤੋਂ ਡਰਦੀ ਸੀ, ਅੱਧੀ ਕਰਨ ਭਾਵੇਂ ਸਾਰੀ ਕਰਨ। ਮੈਂ ਕਈ ਵਾਰੀ ਗੱਲ ਨੋਟ ਕਰਦੀ, ਮੇਰੀ ਮਾਂ ਆਪਣੀ ਨੂੰਹ ਨੂੰ ਜੀਅ ਕਹਿ ਕੇ ਬੁਲਾਉਂਦੀ। ਉਹਨੂੰ ਤੁਸੀਂ ਆਖਦੀ। ਕਈ ਛੋਟਿਆਂ ਨੂੰ ਤੂੰ ਦੀ ਜਗ੍ਹਾਂ ਤੁਸੀਂ ਬੁਲਾਉਂਦੀ।

ਮੈਨੂੰ ਸਭ ਤੋਂ ਚੋਰੀ ਆਖਦੀ, "ਘਰ ਸਮਾਨ ਜਿਆਦਾ ਲਿਆਇਆ ਕਰ, ਨਿਆਣਿਆਂ ਨੂੰ ਕੋਈ ਤੰਗੀ ਨਾ ਹੋਵੇ, ਲੋਕੀ ਕੀ ਕਹਿਣਗੇ, ਇਹਨਾਂ ਦਾ ਪੁੱਤ ਮਰ ਗਿਆ, ਪੁੱਤ ਅਸੀਂ ਨਿਆਣੇ ਥੋੜ੍ਹੀ ਰੋਲਣੇ

ਆ।"

ਮੰਜੇ 'ਤੇ ਬੈਠੀ ਕੋਈ ਨਾ ਕੋਈ ਕੰਮ ਕਰਦੀ ਰਹਿੰਦੀ। ਦੁਪਹਿਰੇ ਹੀ ਬੀਬੀ ਨੇ ਰਾਤ ਦੀ ਸਬਜ਼ੀ ਦਾ ਸਮਾਨ ਤਿਆਰ ਕਰਨ ਲੱਗ ਪੈਣਾ।

ਉਹਦੇ ਮਨ 'ਚ ਰੱਤੀ ਭਰ ਵੀ ਹੇਰ ਫੇਰ ਨਹੀਂ ਸੀ। ਉਹਦੇ ਅੰਦਰ ਕਿਸੇ ਚੀਜ਼ ਪ੍ਰਤੀ ਨਾ ਹੀ ਲਾਲਚ ਉੱਪਜਦਾ। ਜਿੰਨੇ ਜੋਗੀ ਸੀ, ਲੋਕਾਂ ਦੇ ਕੰਮ ਸੁਆਰਦੀ।

ਬੀਬੀ ਦੀ ਇੱਕ ਧਰਮ ਦੀ ਮਾਂ ਬਣੀ ਹੋਈ ਹੈ, ਸਾਰੋ ਤਾਈ, ਉਹ ਕਈ ਦਿਨ ਘਰੋਂ ਬਾਹਰ ਰਹੀ, ਭੋਗ ਦੇ ਮਗਰੋਂ ਆਈ। ਕੀਰਨੇ ਪਾਣੋ ਨਾ ਹਟੀ ਮੈਂ ਬੜਾ ਸਮਝਾਇਆ ਤਾਈ ਰੋਵੋ ਨਾ, ਆਪਣਾ ਖਿਆਲ ਕਰੋ, ਗਏ ਕਦੇ ਵਾਪਸ ਨਹੀਂ ਮੁੜਦੇ।"

ਜਿਹੜਾ ਵੀ ਘਰ ਆਉਂਦਾ, ਕੌਲ਼ੇ ਦੇ ਕੋਲ ਬੀਬੀ ਦੀ ਖ਼ਾਲੀ ਪਈ ਮੰਜੀ ਵੇਖ ਹਉਂਕੇ ਭਰਦਾ ਹੈ। ਬੀਬੀ ਦੀ ਧਰਮ ਦੀ ਭੈਣ ਤਾਰੋ, ਕਈ ਦਿਨ ਉਹਦੇ ਵਿਯੋਗ 'ਚ ਮੰਜਿਓ ਨਾ ਉੱਠੀ। ਮਾਂ ਦੇ ਮਰਨ ਤੋਂ ਪਹਿਲਾਂ, ਉਹ ਬੀਬੀ ਨਾਲ ਨਰਾਜ਼ ਹੋ ਗਈ, ਬੀਬੀ ਕਈ ਦਿਨ ਨਾ ਆਪਣੀ ਭੈਣ ਦੇ ਗਈ ਤੇ ਨਾ ਹੀ ਉਹ ਆਈ। ਇੱਕ ਦਿਨ ਤਾਰੋ ਦਾ ਫੋਨ ਆਇਆ ਉਹ ਉੱਚੀ ਉੱਚੀ ਰੋਵੇ। ਬੀਬੀ ਨੇ ਝੱਟ ਫੋਨ ਸੁਣ ਕੇ ਡੋਲੂ 'ਚ ਅੰਬ ਪਾਏ, ਝੱਟ ਤਾਰੋ ਨੂੰ ਮਨਾਉਣ ਚਲੀ ਗਈ।

ਮਾਂ ਤੁਰਨ ਤੋਂ ਅਸਮਰੱਥ ਸੀ, ਪਰ ਮਰਨ ਤੋਂ ਇਕ ਦਿਨ ਪਹਿਲਾਂ ਤਾਰੋ ਨੂੰ ਸੁੱਕੀਆਂ ਸੇਵੀਆਂ ਡੋਲੂ 'ਚ ਪਾ ਕੇ ਦੇ ਕੇ ਆਈ। ਜਿੱਦਣ ਉਹਦਾ ਮਨ ਜਿਆਦਾ ਉਦਾਸ ਹੋ ਜਾਂਦਾ, ਨਿਆਣਿਆਂ ਨੂੰ ਆਖਿਆ ਕਰਦੀ, "ਮੈਨੂੰ ਸੈਂਕਲ 'ਤੇ ਬਿਠਾ ਕੇ ਤਾਰੋ ਦੇ ਛੱਡ ਆਵੋ।" ਚਾਰ ਕਦਮ ਬੀਬੀ ਕੋਲੋਂ ਤੁਰੇ ਨਾ ਜਾਂਦੇ, ਸਾਹ ਉੱਖੜਦਾ ਧੜਕਣ ਵਧ ਜਾਂਦੀ। ਬੀਬੀ ਨੂੰ ਅੰਦਰੋਂ ਅੰਦਰੀ ਰੋਗਾਂ ਨੇ ਖਾ ਲਿਆ ਸੀ।

ਆਂਢੀਆਂ-ਗੁਆਂਢੀਆਂ ਦੇ ਨਿਆਣੇ ਬੀਬੀ ਦੇ ਲਾਗੇ ਆ ਕੇ ਬੈਠੇ ਰਹਿੰਦੇ, ਕਦੇ ਬੀਬੀ ਉਹਨਾਂ ਕੋਲੋਂ ਅਖ਼ਬਾਰ ਸੁਣਦੀ, ਛੋਟੇ ਛੋਟੇ ਕੰਮਾਂ ਨੂੰ ਆਖਦੀ ਰਹਿੰਦੀ। ਬੀਬੀ ਖਾਣ-ਪੀਣ ਵੇਲੇ ਉਹਨਾਂ ਨਾਲ ਵਿਤਕਰਾ ਨਾ ਕਰਦੀ। ਲਾਲਚ ਨੂੰ ਨਿਆਣੇ ਵੀ ਬੀਬੀ ਦਾ ਕਹਿਣਾ ਮੰਨਦੇ ਰਹਿੰਦੇ। ਬੀਬੀ ਦੇ ਅੰਦਰ ਅਖਾਣਾ ਮੁਹਾਵਰਿਆਂ ਦਾ ਅਥਾਹ ਸਮੁੰਦਰ ਸੀ। ਉਹ ਲੋਕਾਂ ਨੂੰ ਮਖੌਲਾਂ ਕਰਦੀ। ਆਪਣੇ ਅਖਾਣਾਂ ਨਾਲ ਉਨ੍ਹਾਂ ਨੂੰ ਨਸੀਹਤਾਂ ਦਿੰਦੀ।

"ਜੁਆਈ ਭਾਈ ਹੈਂ, ਅਗਲਾ ਗੁੱਸਾ ਕਰ ਜਾਊ। ਬੀਬੀ ਮਖੌਲ ਨਾ ਕਰਿਆ ਕਰੋ।" ਪਰ ਜੋ ਮਨ 'ਚ ਧਾਰ ਲੈਂਦੀ ਕਹਿ ਕੇ ਹੀ ਹਟਦੀ।

ਕਈ ਦਿਨਾਂ ਤੋਂ ਭਈਏ ਬਾਹਰਲੀ ਗਲੀ ਪੱਟ ਕੇ ਦੁਆਰਾ ਬਣਾ ਰਹੇ ਸੀ। ਅੰਤਾਂ ਦੀ ਗਰਮੀ ਪੈ ਰਹੀ ਸੀ। ਬਿਜਲੀ ਤੋਂ ਬਗੈਰ ਸਾਹ ਨਿਕਲਦਾ ਸੀ। ਬੀਬੀ ਹੌਲੀ ਹੌਲੀ ਜਾ ਕੇ ਬਾਹਰ ਬੈਠ ਜਾਂਦੀ। ਬੀਬੀ ਹੁਕਮ ਕਰਦੀ, "ਇਨ੍ਹਾਂ ਨੂੰ ਲਗਾਤਾਰ ਚਾਹ ਦੇਣੀ ਹੈ, ਪ੍ਰਦੇਸੀ ਹਨ, ਸੇਵੀਆਂ ਬਣਾ ਕੇ ਦਿਓ, ਖੀਰ ਬਣਾ ਕੇ ਦਿਓ।" ਕੋਈ ਨਾ ਕੋਈ ਨਿਆਣਾ ਹੱਟੀ ਭੇਜ ਕੇ ਉਹਨਾਂ ਲਈ ਬਿਸਕੁਟ ਭੁਜੀਆਂ ਰਸ਼ ਮੰਗਵਾਉਂਦੀ ਰਹਿੰਦੀ।

ਜਦੋਂ ਮੇਰੀ ਬੀਬੀ ਦਾ ਸਾਹ ਨਿਕਲ ਗਿਆ ਉਹ ਸਾਰੇ ਉੱਚੀ ਉੱਚੀ ਰੋਣ। ਮਾਂ ਉਹਨਾਂ ਕੋਲ ਬਾਹਰ ਜਾ ਕੇ ਬੈਠੀ ਸੀ, ਉਹਨਾਂ ਕੋਲ ਬੈਠਣਾ ਉਹਦੇ ਸਾਹਾਂ ਦੀ ਅੰਤਮ ਡੋਰੀ ਸੀ। ਭਈਆਂ ਦੀ ਕੁੜੀ ਨਾਲੇ ਉੱਚੀ ਉੱਚੀ ਰੋਈ ਜਾਵੇ ਨਾਲੇ ਮੈਨੂੰ ਕਹੀ ਜਾਵੇ, "ਆਪ ਕੀ ਮਾਈ ਜੈਸੀ ਸਾਰੇ ਗਾਂਵ ਮੇਂ ਨਹੀਂ ਹੈ। ਬਹੁਤ ਅੱਛੀ ਸੀ, ਬਹੁਤ ਸੇਬਾ ਕਰਤੀ ਥੀ ਹਮਾਰੀ।"

ਬੀਬੀ ਦੇ ਆਖਰੀ ਵੇਲੇ ਅਸੀਂ ਘਰ ਵਿਚ ਕੋਈ ਵੀ ਨਹੀਂ ਸੀ, ਸਿਰਫ ਇੱਕ ਛੋਟੀ ਕੁੜੀ ਹੀ ਸੀ। ਬੀਬੀ ਭਈਆਂ ਕੋਲੋਂ ਬਾਹਰੋ ਬੈਠੀ ਅੰਦਰ ਆਈ। ਅੰਦਰ ਆ ਕੇ ਠੰਢੀ ਲੱਸੀ ਪੀਤੀ, ਅਮਨ ਕੱਪੜੇ ਧੋਣ



ਲੱਗ ਪਈ। ਉਹਨੇ ਅੰਦਰੋਂ ਕੁਰਸੀ ਦਾ ਖੜਾਕ ਸੁਣਿਆ, ਮਾਂ ਜਾ ਚੁੱਕੀ ਸੀ। ਅੰਤਿਮ ਵੇਲੇ ਨਾ ਹਾਏ ਆਖੀ ਨਾ ਉੱਚੀ, ਕਿਸੇ ਤੋਂ ਪਾਣੀ ਦਾ ਘੁੱਟ ਤੱਕ ਨਹੀਂ ਪੀਤਾ, ਉਹ ਦਰਵੇਸ਼ਾਂ ਵਾਂਗੂੰ ਤੁਰ ਗਈ।

ਜਦੋਂ ਮੈਂ ਸਵੇਰੇ ਤੁਰਨ ਲੱਗੀ, ਬੀਬੀ ਨੇ ਮੇਰੇ ਸਾਹਮਣੇ ਨਹਾਉਣ ਲਈ ਨਲਕਾ ਗੇੜ ਕੇ ਪਾਣੀ ਭਰਿਆ, ਮੈਨੂੰ ਕਾਲਜੋ ਫੋਨ ਆ ਗਿਆ, ਮੈਂ ਕੁੜੀ ਨੂੰ ਪਾਣੀ ਗੇੜਨ ਲਈ ਆਖਿਆ, ਪਰ ਬੀਬੀ ਨੂੰ ਤਾਂ ਜਿਵੇਂ ਜਵਾਨੀ ਚੜ੍ਹੀ ਹੋਵੇ, ਦਬਾ ਦਬ ਪਾਣੀ ਗੇੜ ਰਹੀ ਸੀ।

ਮੈਂ ਬੀਬੀ ਨੂੰ ਚਿੱਟੇ ਸੂਟ ਲਿਆ ਦਿੱਤੇ, ਮੈਂ ਆਖ ਰਹੀ ਸੀ , "ਆਹ ਕੱਪੜੇ ਨਹੀਂ ਪਾਉਣੇ, ਹੋਰ ਲਿਆ ਕੇ ਦਿਆਂਗੀ।" ਬੀਬੀ ਨੇ ਨਾਲੇ ਤਾਂ ਮੇਰੇ ਵਲੋਂ ਚਿੱਟੇ ਕੱਪੜੇ ਲਿਆ ਕੇ ਦੇਣ ਲਈ ਮੇਰੀ ਖਾਤਿਰਦਾਰੀ ਕੀਤੀ ਨਾਲੇ ਆਖੇ, "ਆਹ ਚਿੱਟੇ ਕੱਪੜੇ ਅੱਗ ਲਾ ਦਿੱਤੇ ਆ ਮਹੀਨਾ ਰਹਿ ਗਿਆ, ਗਰਮੀ ਮੁੱਕ ਜਾਣੀ ਆ ਫਿਰ ਲਿਆ ਦੇਈ।" ਇਹ ਕੀ ਪਤਾ ਸੀ ਕਿ ਕੁੱਝ ਘੰਟਿਆਂ ਮਗਰੋਂ ਹੀ ਬੀਬੀ ਨੇ ਹਮੇਸ਼ਾਂ ਲਈ ਚਿੱਟੇ ਕੱਪੜੇ ਪਾ ਲੈਣੇ ਹਨ।

ਬੀਬੀ ਮੈਨੂੰ ਰੋਟੀ 'ਤੇ ਮੱਖਣ ਰੱਖਣ ਲਈ ਆਖ ਰਹੀ ਸੀ, ਉਹ ਮੇਰੇ ਖਾਣ ਪੀਣ ਦਾ ਬਹੁਤ ਖਿਆਲ ਰੱਖਦੀ ਸੀ।

ਮੇਰੀ ਡਿਊਟੀ ਡੁਮੇਲੀ ਕਾਲਜ ਲੱਗੀ ਸੀ, ਡੁਮੇਲੀ ਦੇ ਗੁਰਦੁਆਰੇ ਦੇ ਅੰਦਰ ਮੈਂ ਬੈਠੀ ਸੀ ਜਦੋਂ ਮੈਨੂੰ ਫੋਨ ਆ ਗਿਆ, ਮੇਰੇ ਕੋਲੋਂ ਉਠਿਆ ਨਹੀਂ ਗਿਆ, ਮੈਂ ਉੱਥੇ ਹੀ ਉੱਚੀ ਉੱਚੀ ਰੋਣ ਲੱਗ ਪਈ, ਡਾਕਟਰ ਨੂੰ ਫੋਨ ਕੀਤਾ, "ਮੈਨੂੰ ਜਾ ਕੇ ਸਾਰੀ ਗੱਲ ਦੱਸੋ, ਬੀਬੀ ਨੂੰ ਵੇਖੋ ਜਾ ਕੇ ਕੀ ਹੋਇਆ?" ਕੁਝ ਚਿਰ ਮਗਰੋਂ ਡਾਕਟਰ ਦਾ ਫੋਨ ਆ ਗਿਆ, ਭੌਰ ਉੱਡ ਗਿਆ ਸੀ।

ਮੈਂ ਡੁਮੇਲੀ ਕਾਲਜ ਵੱਲ ਕਾਵਿ-ਉਚਾਰਣ ਪ੍ਰਤੀਯੋਗਤਾ ਦੀ ਟੀਮ ਲੈ ਕੇ ਗਈ। ਵਾਸਦੇਵ ਪਰਹਾਰ ਦੇ ਮੁੰਡੇ ਵਰਿੰਦਰ ਪਰਹਾਰ ਨੇ ਮੈਨੂੰ ਪਛਾਣ ਲਿਆ। ਜੁਲਾਈ ਮਹੀਨੇ ਨਵਾਂ ਜ਼ਮਾਨਾਂ ਵਿਚ ਮੇਰਾ ਲਿਖਿਆ ਲੇਖ ਛਪਿਆ ਸੀ। ਫੋਟੋ ਤੋਂ ਮੇਰੀ ਪਹਿਚਾਣ ਹੋ ਗਈ।

ਉਸ ਵਖਤ ਵਰਿੰਦਰ ਪਰਹਾਰ ਮੈਨੂੰ ਘਰ ਛੱਡ ਕੇ ਗਿਆ। ਮੈਂ ਜਿਵੇਂ ਘਰ ਵੱਲ ਵਧ ਰਹੀ ਸੀ, ਮੇਰਾ ਰੋਣਾ ਹੋਰ ਉੱਚਾ ਹੋ ਰਿਹਾ ਸੀ। ਮਾਂ ਮੇਰੀ ਹਮੇਸ਼ਾਂ ਲਈ ਤੁਰ ਗਈ, ਪਤਾ ਨਹੀਂ ਮੇਰਾ ਪਰਸ ਕਿੱਧਰ ਡਿੱਗ ਪਿਆ, ਕਿੱਧਰ ਜੁੱਤੀ ਸੀ। ਸਾਰਾ ਅੰਦਰ ਬਾਹਰ ਪਿੰਡ ਦੇ ਲੋਕਾਂ ਨਾਲ ਭਰਿਆ ਪਿਆ ਸੀ। ਮਾਂ ਦੇ ਸਰੀਰ ਤੋਂ ਲੱਗ ਰਿਹਾ ਸੀ ਜਿਵੇਂ ਉਹ ਸੁੱਤੀ ਪਈ ਹੈ।

ਮੇਰਾ ਮਾਮਾ ਜਦੋਂ ਆਉਂਦਾ ਸੀ ਤਾਂ ਆਖਦਾ, "ਭਜਨੋ ਜਦੋਂ ਤੂੰ ਮਰਨਾ ਮੇਰੇ ਪਿੱਛੇ ਲੋਕਾਂ ਦੀ ਸਿਵਿਆ ਤੱਕ ਲੰਬੀ ਲੈਨ ਲੱਗੀ ਹੋਣੀ ਆ ਤੇ ਮੇਰੇ ਪਿੱਛੇ ਕਿਸੇ ਨੇ ਨਹੀਂ ਢੁੱਕਣਾ।" ਸੱਚੀ ਬੀਬੀ ਦੀ ਅਰਥੀ ਪਿੱਛੇ ਲੋਕਾਂ ਦਾ ਹਜ਼ੂਮ ਤੁਰ ਪਿਆ ਸੀ। ਬਹੁਤ ਦੂਰ ਤੱਕ ਲੋਕ ਹੀ ਲੋਕ ਦਿਸਦੇ ਸਨ। ਇਹ ਸਭ ਮੇਰੀ ਮਾਂ ਦੇ ਸੁਭਾਅ ਵਿਚ ਮਿਠਾਸ ਤੇ ਅਪਣੱਤ ਕਰਕੇ ਹੀ ਤਾਂ ਸੀ।

ਆਖਰੀ ਵੇਲੇ ਬੇਬੇ ਨੇ ਕਿਸੇ ਕੋਲੋਂ ਪਾਣੀ ਦਾ ਘੁੱਟ ਤੱਕ ਨਹੀਂ ਮੰਗਿਆ। ਪਹਿਲਾਂ ਰਾਸ਼ਨ ਕਾਰਡ ਬਣਿਆ, ਮੈਂ ਭਾਪਾ ਤੇ ਬੀਬੀ ਸਾਂ, ਫਿਰ ਰਾਸ਼ਨ ਕਾਰਡ ਬਣਨ ਲੱਗਾ, ਬੀਬੀ ਮੇਰੇ ਨਾਲ ਸੀ, ਆਖਰੀ ਦਿਨ ਬੀਬੀ ਵੀ ਤੁਰ ਗਈ, ਉਸ ਦਿਨ ਰਾਸ਼ਨ ਕਾਰਡ ਤੇ ਬੀਬੀ ਸਾਇਨ ਕਰਕੇ ਆਈ ਸੀ। ਮੈਂ ਰਾਸ਼ਨ ਕਾਰਡ ਤੇ ਇਕੱਲੀ ਰਹਿ ਗਈ। ਬੀਬੀ ਦੇ ਵਿਅਕਤਿਤਵ ਨੂੰ ਵਿਅਕਤ ਕਰਨ ਲਈ ਆਹ ਸ਼ਬਦ ਪੂਰਨ ਨਹੀਂ ਹਨ। ਜਿੰਨੀ ਦੇਰ ਮੇਰੇ ਸਾਵਸ ਹਨ, ਮੈਂ ਬੀਬੀ ਦੀ ਰਿਣੀ ਰਹਾਂਗੀ, ਮੇਰੇ ਲਈ ਮਾਂ ਦਾ ਕੋਈ ਬਦਲ ਨਹੀਂ। ਮੈਂ ਹੁਣ ਕਦੇ ਆਪਣੀ ਬੇਟੀ ਵੱਲ ਵੇਖਦੀ ਹਾਂ, ਕਦੇ ਆਪਣੀ ਮਾਂ ਦੇ ਪਿਆਰ ਨੂੰ ਯਾਦ ਕਰਦੀ ਹਾਂ।

ਉੱਪਰ ਜਿਸ ਦਾ ਅੰਤ ਨਹੀਂ ਉਹਨੂੰ ਅਸਮਾਨ ਕਹਿੰਦੇ ਨੇ, ਜਿਹਦੇ ਪਿਆਰ ਦਾ ਅੰਤ ਨਹੀਂ ਉਹਨੂੰ ਮਾਂ ਕਹਿੰਦੇ ਨੇ।

**ਪਤਾ: ਪਿੰਡ ਤੇ ਡਾਕ-ਸੋਨਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ-144516, ਮੁਬਾਇਲ 94643-30803**

## ਰੋਹੀ ਦੇ ਰੁੱਖ ਵਰਗੀ/ ਤ੍ਰਿਪਤਾ ਕੇ. ਸਿੰਘ

ਮਾਂ ਸ਼ਬਦ ਬਹੁਤ ਪਿਆਰਾ ਮਿੱਠਾ ਤੇ ਸਕੂਨ ਪ੍ਰਦਾਨ ਕਰਨ ਵਾਲਾ ਹੈ। ਹਰ ਉਹ ਪ੍ਰਾਣੀ ਜਿਹੜਾ ਜਿਹੜਾ ਇਸ ਧਰਤ ਤੇ ਸਾਹ ਲੈ ਰਿਹਾ ਹੈ, ਉਹ ਆਪਣੀ ਮਾਂ ਦਾ ਕਦੀ ਨਾ ਮੋੜ ਹੋ ਸਕਣ ਵਾਲੇ ਕਰਜ ਦਾ ਕਰਜਾਈ ਹੈ।

ਮੈਂ ਵੀ ਆਪਣੀ ਮਾਂ ਦੀ ਕਰਜਦਾਰ ਹਾਂ। ਉਸਨੇ ਮੇਰਾ ਇਸ ਦੁਨੀਆਂ ਨਾਲ ਤੁਆਰੁਫ ਕਰਵਾਇਆ। ਮਾਂ ਨੇ ਮੈਨੂੰ ਆਪਣਾ ਦੁੱਧ ਚੁੰਘਾਇਆ ਹੋਵੇਗਾ, ਸਰਦ ਰਾਤਾਂ ਜਾਗ ਜਾਗ ਕੇ ਮੈਨੂੰ ਗਿੱਲੇ ਤੋਂ ਸੁੱਕੇ ਥਾਂ ਪਾਇਆ ਹੋਵੇਗਾ, ਤੇ ਜ਼ਰੂਰ ਹੀ ਕਦੀ ਮੈਨੂੰ ਹਿੱਕ ਨਾਲ ਲਾ ਕੇ ਸਕੂਨ ਵੀ ਮਹਿਸੂਸ ਕੀਤਾ ਹੋਵੇਗਾ।

ਥੋੜਾ ਹੋਸ਼ ਸੰਭਾਲਿਆ ਤਾਂ ਪਤਾ ਚੱਲਿਆ ਕਿ ਮੈਂ ਉਹ ਬੱਚੀ ਹਾਂ ਜਿਸ ਦੇ ਪੈਦਾ ਹੋਣ ਸਾਰ ਹੀ ਮਾਂ ਦਾ ਭਵਿੱਖ ਧੁੰਦਲਾ ਹੋ ਗਿਆ ਸੀ। ਇੱਕ ਤਾਂ ਮੇਰੇ ਯੂਸਫ ਪਿਉ ਲਈ ਮੇਰੀ ਮਾਂ ਪਹਿਲਾਂ ਵੀ ਜੁਲੇਖਾਂ ਨਹੀਂ ਸੀ ਤੇ ਉਪਰੋਂ ਜੋੜੀ ਰਲਾਉਣ ਦੀ ਥਾਂ ਧੀ ਜੰਮ ਧਰੀ ਸੀ। ਗੱਲਾਂ ਹੋਰ ਵੀ ਬਹੁਤ ਹੋਣਗੀਆਂ, ਉਨ੍ਹਾਂ ਨੂੰ ਸੋਚ ਸੋਚ ਕੇ ਮੇਰੀ ਮਾਂ ਦੀ ਮਾਂ ਆਪਣੀ ਧੀ ਦੇ ਗਲ ਲੱਗ ਕੇ ਜਾਰੋ ਜਾਰ ਰੋਈ ਸੀ। ਸ਼ਾਇਦ ਸਮੇਂ ਤੇ ਸਮਾਜ ਕਰਕੇ ਉਹਦਾ ਰੋਣਾ ਜਾਇਜ ਹੋਵੇ। ਇੱਕ ਤਾਂ ਉਹਦੀ ਧੀ ਪਿਉ ਦੇ ਦਰਾਂ ਤੇ ਬੈਠ ਗਈ ਸੀ ਤੇ ਦੂਜੀ ਜੰਮ ਵੀ ਧੀ ਪਈ ਸੀ ਜਿਸ ਕਰਕੇ ਸੁਲਾਹ ਸਫਾਈ ਦੀ ਰਹਿੰਦੀ ਖੂੰਹਦੀ ਗੁੰਜਾਇਸ਼ ਵੀ ਜਾਂਦੀ ਰਹੀ ਸੀ।

ਅੜਬ ਨਾਨੇ ਨੇ ਬੇਕਦਰਾਂ ਘਰ ਆਪਣੀ ਧੀ ਮੁੜ ਕਦੀ ਨਾਂ ਭੇਜੀ। ਨਾਨਾ ਨਾਨੀ ਦੇ ਇਸ ਜਹਾਨ ਤੋਂ ਤੁਰ ਜਾਣ ਮਗਰੋਂ ਮਾਂ ਆਪਣੇ ਭਰਾਵਾਂ ਲਈ ਸ਼ਰੀਕ ਬਣ ਗਈ ਸੀ, ਕਿਉਂਕਿ ਨਾਨਾ ਇਸ ਜਹਾਨ ਤੋਂ ਤੁਰ ਜਾਣ ਤੋਂ ਪਹਿਲਾਂ ਇੱਕ ਮਕਾਨ ਮਾਂ ਦੇ ਨਾਂ ਲਗਵਾ ਗਿਆ ਸੀ।

ਸਖਤ ਮਿਹਨਤ, ਰੋਹੀ ਬੀਆਬਾਨ ਵਰਗੀ ਇਕੱਲ ਤੇ ਕਮੀਨੀ ਦੁਨੀਆ ਨੇ ਮਾਂ ਨੂੰ ਇੱਕ ਬਹੁਤ ਹੀ ਖਰਵੀ ਜਿਹੀ ਔਰਤ ਬਣਾ ਦਿੱਤਾ ਸੀ।

ਕਦੀ ਕਦੀ ਪਿੱਛੇ ਰਹਿ ਗਏ ਘਰ ਪਰਿਵਾਰ ਤੇ ਬੱਚਿਆਂ ਨੂੰ ਯਾਦ ਕਰ ਕਰ ਰੋਂਦੀ ਰਹਿੰਦੀ ਤੇ ਕਦੀ ਆਪਣੇ ਆਪ ਨਾਲ ਗੱਲਾਂ ਕਰਦੀ ਤੇ ਕਦੀ ਰੱਬ ਨਾ ਗਿਲਾ। ਪਤਾ ਨਹੀਂ ਇਹ ਉਸ ਦੇ ਅੰਦਰਲਾ ਖਲਾਅ ਸੀ, ਰੱਬ ਨਾਲ ਗਿਲਾ ਸੀ ਜਾਂ ਜ਼ਮਾਨੇ ਨਾਲ ਗੁੱਸਾ ਜਾਂ ਪਤਾ ਨਹੀ ਕੀ ਕੁੱਝ ਹੋਰ, ਉਹਨੂੰ ਗੁੱਸਾ ਬਹੁਤ ਆਉਂਦਾ ਸੀ। ਨਿੱਕੀ ਨਿੱਕੀ ਗੱਲ ਤੇ ਤਪ ਜਾਂਦੀ। ਮੈਨੂੰ ਕੁੱਟਣ ਲੱਗਦੀ ਤਾਂ ਧਾਪੜ ਥਾਪੜ ਕੁੱਟ ਸੁੱਟਦੀ। ਕੁੱਟ-ਕੁੱਟ ਹਾਰ ਹੰਭ ਜਾਂਦੀ ਤਾਂ ਮੈਨੂੰ ਹਿੱਕ ਨਾਲ ਲਾ ਕੇ ਉੱਚੀ ਉੱਚੀ ਰੋਣ ਲੱਗ ਜਾਂਦੀ। ਮੈਂ ਸਹਿਮ ਜਾਂਦੀ, ਆਪਣੇ ਹੰਝੂ ਭੁੱਲ ਕੇ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਮਾਂ ਦੇ ਹੰਝੂ ਪੂੰਝਦੀ।

ਰੋਜ ਰੋਜ ਅਜਿਹੇ ਮਾਹੌਲ 'ਚ ਰਹਿੰਦਿਆਂ ਮੇਰੇ ਬਾਲ ਮਨ ਤੇ ਅਜਿਹਾ ਅਸਰ ਹੋਇਆ ਕਿ ਹੁਣ ਹਰ ਰਾਤ ਸੌਣ ਤੋਂ ਪਹਿਲਾਂ ਰੱਬ ਅੱਗੇ ਇਹ ਅਰਦਾਸ ਕਰਕੇ ਸੌਣ ਲੱਗੀ ਕਿ, ਹੇ ਰੱਬਾ ! ਜਦੋਂ ਮੈਂ ਸਵੇਰੇ ਉੱਠਾਂ ਤਾਂ ਮਾਂ ਮਰੀ ਹੋਵੇ।

ਵਕਤ ਤੇ ਹਾਲਾਤ ਨੇ ਮੈਨੂੰ ਸਮੇਂ ਤੋਂ ਪਹਿਲਾਂ ਵੱਡੀ ਕਰ ਦਿੱਤਾ ਸੀ। ਹੁਣ ਮਾਂ ਦਾ ਦਰਦ ਸਮਝ ਆਉਣ ਲੱਗ ਪਿਆ ਸੀ। ਮਾਂ ਕੋਲੋਂ ਘਰ ਖੁੱਸ ਗਿਆ ਸੀ, ਘਰ ਵਾਲਾ ਖੁੱਸ ਗਿਆ ਸੀ, ਬੱਚੇ ਖੁੱਸ ਗਏ ਸਨ, ਮਾਂ ਬਾਉਰੀ ਹੋ ਗਈ ਸੀ। ਮੈਨੂੰ ਮਾਂ ਤੇ ਤਰਸ ਵੀ ਆਉਂਦਾ ਤੇ ਭੈਅ ਵੀ ਆਉਂਦਾ।

ਮੈਂ ਡਰੀ ਸਹਿਮੀ ਕਿਸੇ ਖੱਲ ਖੂੰਜੇ ਵੜ ਕੇ ਸਕੂਲ ਦੀ ਕੋਈ ਕਿਤਾਬ ਪੜ੍ਹਦੀ ਰਹਿੰਦੀ ਤੇ ਜਾਂ ਫਿਰ ਪੜ੍ਹਨ ਦਾ ਨਾਟਕ ਕਰਦੀ ਰਹਿੰਦੀ ਕਿਉਂਕਿ ਪੜ੍ਹਦੀ ਨੂੰ ਮਾਂ ਕਦੀ ਕੁੱਝ ਨਹੀਂ ਸੀ ਕਹਿੰਦੀ।



ਹਾਲਾਤ ਨੇ ਮਾਂ ਨੂੰ ਅੱਤ ਦਰਜੇ ਦੀ ਵਹਿਮਣ ਬਣਾ ਦਿੱਤਾ ਸੀ। ਮਾਂ ਦੀ ਸਾਰੀ ਦੁਨੀਆਂ ਮੇਰੇ ਦੁਆਲੇ ਕੇਂਦਰਿਤ ਸੀ। ਮੈਂ ਕਦੀ ਕੋਠੇ ਚੜ੍ਹਨਾ ਤਾਂ ਮਾਂ ਨੇ ਗੁੱਤੋਂ ਫੜ ਕੇ ਥੱਲੇ ਲਾਹੁਣਾ, "ਇਹ ਲੱਛਣ ਅਗਲੇ ਘਰ ਜਾ ਕੇ ਕਰੀ, ਵੱਢ ਦੇਣਾ ਤੇਰਾ ਫਸਤਾਂ ਛੇਤੀ ਮੈਂ।"

ਜਵਾਨ ਹੋ ਰਹੀ ਧੀ, ਜ਼ਮਾਨੇ ਦਾ ਡਰ ਤੇ ਆਪਣੀ ਇਕੱਲ ਮਾਂ ਨੂੰ ਹਮੇਸ਼ਾ ਸਤਾਉਂਦੀ ਰਹੀ।

ਮੇਰੇ ਅੰਦਰ ਇੱਕ ਖਲਾਅ ਪੈਦਾ ਹੋ ਗਿਆ ਸੀ। ਆਪਣੇ ਅੰਦਰਲੇ ਖਾਲੀਪਣ ਨੂੰ ਭਰਨ ਲਈ ਕਦੋਂ ਮੇਰਾ ਰਾਬਤਾ ਕਿਤਾਬਾਂ ਨਾਲ ਜੁੜ ਗਿਆ। ਮੈਨੂੰ ਪਤਾ ਹੀ ਨਾ ਲੱਗਾ।

ਇੱਕ ਦਿਨ ਜਦੋਂ ਸਹੇਲੀ ਕੋਲੋਂ ਮੰਗੀਆਂ ਤਿੰਨ ਚਾਰ ਸਾਹਿਤਿਕ ਕਿਤਾਬਾਂ, ਜਿਹੜੀਆਂ ਮੈਂ ਮਾਂ ਤੋਂ ਚੋਰੀ ਸੰਦੂਕ ਪਿੱਛੇ ਲੁਕਾ ਕੇ ਰੱਖੀਆਂ ਸਨ, ਮਾਂ ਦੇ ਨਜ਼ਰੀ ਪਈਆਂ ਤਾਂ ਮਾਂ ਦਾ ਪਾਰਾ ਸੱਤਵੇ ਅਸਮਾਨ ਤੇ ਜਾ ਚੜ੍ਹਿਆ।

ਮਾਂ ਉਹ ਕਿਤਾਬਾਂ ਕੱਠੀਆਂ ਕਰਕੇ ਚੁੱਲੇ 'ਚ ਰੱਖ ਕੇ ਅੱਗ ਮਚਾਉਣ ਲਈ ਡੱਬੀ ਭਾਲਣ ਲੱਗੀ, ਨਾਲ ਨਾਲ ਮੈਨੂੰ ਗਾਲ੍ਹਾਂ ਕੱਢੀ ਜਾਵੇ "ਆਹ ਲੁੱਚ ਲੰਡ, ਕਿੱਸੇ-ਚਿੱਠੇ ਪੜ੍ਹਦੀ ਰਹਿੰਦੀ ਏ, ਦੀਦੇ ਗੱਡ ਕੇ?"

ਮੇਰੇ 'ਚ ਇੰਨੀ ਹਿੰਮਤ ਪਤਾ ਨਹੀਂ ਕਿੱਥੋਂ ਆ ਗਈ ਮੈਂ ਮਾਂ ਦੇ ਹੱਥੋਂ ਡੱਬੀ ਖੋਹ ਪਰ੍ਹਾਂ ਵਗਾਹ ਮਾਰੀ ਤੇ ਚੁੱਲ੍ਹੇ ਚੋ ਕਿਤਾਬਾਂ ਕੱਢ ਕੇ ਅੰਦਰ ਲੈ ਗਈ। ਮਾਂ ਮੇਰੇ ਵੱਲ ਹੱਕੀ ਬੱਕੀ ਵੇਖਦੀ ਰਹੀ।

ਸਾਹਿਤਿਕ ਕਹਾਣੀਆਂ ਦੀਆਂ ਕਿਤਾਬਾਂ (ਨਾਮ ਹੁਣ ਯਾਦ ਨਹੀਂ) ਮਾਂ ਨੂੰ ਆਪਣੀ ਸਮਝ ਮੁਤਾਬਿਕ ਲੁੱਚ ਲੰਡ ਹੀ ਲੱਗਦੀਆਂ ਸਨ ਤੇ ਉਹਨੂੰ ਆਪਣੀ ਧੀ ਦੇ ਵਿਗੜ ਜਾਣ ਦਾ ਡਰ ਸੀ।

ਥੋੜਾ ਜਿਹਾ ਪੜ੍ਹਾ ਕੇ ਮਾਂ ਨੇ ਮੈਨੂੰ ਨੌਕਰੀ ਤੇ ਲੁਆ ਦਿੱਤਾ ਸੀ। ਹੁਣ ਉਹਨੂੰ ਮੇਰੇ ਵਿਆਹ ਦਾ ਫਿਕਰ ਸੀ ਤੇ ਮੈਨੂੰ ਮਾਂ ਦਾ।

ਮਾਂ ਦਾ ਇਹ ਫਿਕਰ ਮੈਂ ਛੇਤੀ ਹੀ ਦੂਰ ਕਰ ਦਿੱਤਾ। ਆਪਣੇ ਜੋਗਾ ਵਰ ਮੈਂ ਖੁੱਦ ਭਾਲ ਲਿਆ ਤੇ ਉਹ ਵੀ ਸਿਰਫ 19 ਸਾਲ ਦੀ ਉਮਰ ਵਿੱਚ। ਉਸ ਭਲੇ ਪੁਰਸ਼ ਨਾਲ ਇਹ ਗੱਲ ਪਹਿਲਾਂ ਈ ਕਰ ਲਈ ਕਿ ਮਾਂ ਹਮੇਸ਼ਾ ਮੇਰੇ ਨਾਲ ਰਹੇਗੀ। ਉਸ ਭਲੇ ਪੁਰਸ਼ ਨੇ ਆਪਣੇ ਬੋਲ ਪੁਗਾਏ ਤੇ ਅੱਜ ਵੀ ਪੁਗਾ ਰਿਹਾ ਹੈ।

ਖਬਤੀ ਸੁਭਾਅ ਦੀ ਮਾਂ ਨੂੰ ਜਵਾਈ ਵਿੱਚ ਵੀ ਕੋਈ ਨਾ ਕੋਈ ਨੁਕਸ ਲੱਭ ਪੈਂਦਾਂ। ਉਹਦਾ ਆਪਣੀ ਜ਼ਿੰਦਗੀ ਦਾ ਤਜਰਬਾ ਵੱਖਰੀ ਕਿਸਮ ਦਾ ਹੋਣ ਕਰਕੇ ਉਹ ਮੈਨੂੰ ਵੀ ਸੁਝਾਅ ਦਿੰਦੀ ਰਹਿੰਦੀ, ਇਹ ਜਿਹੜੇ ਬਹੁਤੀ ਜੀ ਜੀ ਕਰਦੇ ਹੁੰਦੇ ਆ ਨਾ, ਅੰਦਰੋਂ ਬਹੁਤ ਚਲਾਕ ਹੁੰਦੇ ਆ, ਤੂੰ ਭੋਲੀ ਏ, ਖਿਆਲ ਰੱਖਿਆ ਕਰ।"

ਮੈਂ ਹੱਸ ਕੇ ਮਾਂ ਦੀ ਗੱਲ ਟਾਲ ਜਾਂਦੀ ਤਾਂ ਮਾਂ ਨੂੰ ਉਹ ਵੀ ਬੁਰਾ ਲੱਗਦਾ। ਮੈਂ, ਮੇਰਾ ਪਤੀ ਮਾਂ ਦਾ ਪੂਰਾ ਪੂਰਾ ਖਿਆਲ ਰੱਖਦੇ, ਪਰ ਮਾਂ ਸੀ ਕਿ ਕਿਸੇ ਦੀ ਟੈਂਅ ਨਹੀਂ ਸੀ ਮੰਨਦੀ।

ਘਰ 'ਚ ਕੀਤੀ ਗਈ ਸਾਧਾਰਣ ਗੱਲ ਵੀ ਮਾਂ ਨੂੰ ਲੱਗਦੀ ਕਿ ਮੈਨੂੰ ਸੁਣਾ ਕੇ ਕੀਤੀ ਗਈ ਏ, ਬੱਸ ਉਸੀ ਵੇਲੇ ਆਪਣੇ ਸੂਟ ਝੋਲੇ 'ਚ ਪਾਉਣ ਲੱਗਦੀ, ਤੇ ਫਿਰ ਗੇਟ ਵੱਲ ਨੂੰ ਤੁਰ ਪੈਂਦੀ ਪਰ ਕੰਨ ਉਹਦੇ ਮਗਰ ਬਿੜਕਾਂ ਲੈਂਦੇ ਰਹਿੰਦੇ, ਕਿ ਕੋਈ ਮੈਨੂੰ ਮੋੜਨ ਆ ਰਿਹਾ ਏ ਕਿ ਨਹੀਂ।

ਕਦੀ ਕਦੀ ਬਹੁਤ ਖਿਝ ਚੜ੍ਹਦੀ ਏ ਮਾਂ ਤੇ ਪਰ ਮਾਂ ਦੀ ਦਰਦ ਕਹਾਣੀ ਨੂੰ ਮੇਰੇ ਤੋਂ ਇਲਾਵਾ ਹੋਰ ਸਮਝ ਵੀ ਕੌਣ ਸਕਦਾ ਸੀ।

ਮਾਂ ਨੂੰ ਆਪਣੇ ਪਿਓ ਵੱਲੋਂ ਮਿਲੇ ਕੋਠੇ ਦਾ ਬਹੁਤ ਮਾਣ ਏ। ਸਾਡੇ ਨਾਲ ਗੁੱਸੇ ਹੋ ਕੇ ਆਖਦੀ, "ਭਾਈ ਮੈਂ ਤਾਂ ਆਪਣੇ ਘਰ ਈ ਚੰਗੀ ਆਂ, ਆਪਣੇ ਘਰ ਅੱਧੀ ਖਾਵਾਂ, ਸਾਰੀ ਖਾਵਾਂ ਕਿਸੇ ਦੀ ਹਿੜਕ ਨਹੀਂ

ਝਿੜਕ ਨਹੀਂ। “ਮੇਰੇ ਪਿਆਰ ਨਾਲ ਮੋੜਿਆ ਤੋਂ ਵੀ ਮਾਂ ਨਾ ਮੁੜਦੀ। ਫਿਰ ਆਪਣੇ ਕੋਠੇ ’ਚ ਜਾ ਕੇ ਮਾਂ ਤੋਂ ਦੋ ਦਿਨ ਨਾ ਕੱਟ ਹੁੰਦੇ ਫੋਨ ਕਰਦੀ।

“ਅੱਜ ਮੈ ਰਸੋਈ ’ਚ ਚੱਕਰ ਖਾ ਕੇ ਡਿੱਗ ਪਈ, ਗੱਡੀ ਲੈ ਕੇ ਆਵੀ ਤੇ ਮੈਨੂੰ ਡਾਕਟਰ ਕੋਲੋਂ ਵਿਖਾ ਲਿਆਵੀਂ। “ਮੈਂ ਸਾਰੇ ਕੰਮ ਛੱਡ ਮਾਂ ਕੋਲ ਪਹੁੰਚਦੀ ਹਾਂ ਉਹਨੂੰ ਡਾਕਟਰ ਕੋਲ ਵਿਖਾ ਕੇ ਆਪਣੇ ਘਰ ਲੈ ਆਉਂਦੀ ਹਾਂ। ਮਾਂ ਦੇ ਦੋ ਚਾਰ ਮਹੀਨੇ ਫਿਰ ਸੋਖੇ ਨਿੱਕਲ ਜਾਂਦੇ ਆ। ਮੈਂ ਜਾਣਦੀ ਹਾਂ ਕਿ ਉਸਦੇ ਅੰਦਰਲੇ ਸੱਚ ਨੂੰ, ਉਸਦੇ ਦਰਦ ਨੂੰ ਉਸ ਦੇ ਖਾਲੀਪਣ ਨੂੰ ਤੇ ਉਸ ਵੱਲੋਂ ਮੇਰੇ ਲਈ ਕੀਤੀ ਕੁਰਬਾਨੀ ਨੂੰ । ਉਹ ਮੇਰੇ ਨਾਲ ਲੱਖ ਵਾਰੀ ਗੁੱਸੇ ਹੋ ਜਾਵੇ ਪਰ ਜਦੋਂ ਉਹਨੂੰ ਮੈਂ ਵਿਖਾਈ ਨਹੀਂ ਦਿੰਦੀ ਤਾਂ ਉਹਨੂੰ ਜੱਗ ਅੰਦਰ ਸਭ ਪਾਸੇ ਹਨੇਰਾ ਦਿਸਦਾ। ਚਾਹੁੰਦੀ ਹਾਂ ਕਿ ਮਾਂ ਦਾ ਅੰਬਰ ਵਰਗਾ ਸਾਇਆ ਹਮੇਸ਼ਾ ਮੇਰੇ ਤੇ ਬਣਿਆ ਰਹੇ।

**ਪਤਾ: 233, ਲੇਨ ਨੰਬਰ-2, ਗੁਰੂ ਨਾਨਕ ਐਵੀਨਿਊ, ਫਤਹਿਗੜ੍ਹ ਰੋਡ, ਹੁਸ਼ਿਆਰਪੁਰ,**
**ਮੋਬਾਇਲ 98885-54837**

## ਕੌੜੀ ਜ਼ੁਬਾਨ ਵਾਲੀ ਸਾਧਵੀ / ਜਸਲੀਨ ਕੌਰ

ਮੇਰੀ ਮਾਂ ਨਾਲ ਮੇਰਾ ਵਿਚਾਰਧਾਰਕ ਵਿਰੋਧ ਹੈ ਉਹ ਪੁਰਾਣੇ ਖਿਆਲਾਂ ਵਾਲੀ, ਦੋਸਤੀਆਂ ਤੇ ਪਹਿਚਾਣ ਤੋਂ ਭੱਜਣ ਵਾਲੀ ਆਪਣੇ ਛੋਟੇ ਜਿਹੇ ਰਿਸ਼ਤੇਦਾਰਾਂ ਦੇ ਦਾਇਰੇ ’ਚ ਖੁਸ਼ ਰਹਿਣ ਵਾਲੀ ਔਰਤ ਹੈ ਤੇ ਮੈਂ ਪਹਿਚਾਣ ਦਾ ਖੁਆਬ ਰੱਖਣ ਵਾਲੀ ਦੋਸਤੀਆਂ ਦੀ ਸ਼ੁਕੀਨ ਪਰ ਫਿਰ ਵੀ ਸਭ ਤੋਂ ਵੱਧ ਪਿਆਰ ਮੈਂ ਆਪਣੀ ਮਾਂ ਨੂੰ ਕਰਦੀ ਹਾਂ ਤੇ ਮੈਨੂੰ ਹਮੇਸ਼ਾਂ ਇਹ ਲਗਦਾ ਰਹਿੰਦਾ ਹੈ ਕਿ ਮੇਰੀ ਮਾਂ ਮੈਨੂੰ ਪਿਆਰ ਨਹੀਂ ਕਰਦੀ। ਮੇਰੀ ਮਾਂ ਕੰਜੂਸ ਹੈ। ਆਪਣੇ ਤਨ ਨੂੰ ਦੁੱਖ ਦੇ ਲੈਂਦੀ ਹੈ ਪਰ ਸਹੂਲਤਾਂ ਲਈ ਪੈਸਾ ਨਹੀਂ ਖਰਚਦੀ। ਮਾਂ ਦੀ ਜ਼ੁਬਾਨ ਕੌੜੀ ਹੈ ਪਰ ਛੇਤੀ ਪਿਘਲ ਜਾਂਦੀ ਹੈ। ਉਹ ਕਈ ਵਾਰ ਮੈਨੂੰ ਸਾਧਵੀ ਲਗਦੀ ਹੈ ਕਿਰਤੀ ਸਾਧਵੀ ਜੋ ਪਾਠ-ਪੂਜਾ ਤਾਂ ਨਹੀਂ ਕਰਦੀ ਪਰ ਮੇਰੇ ਨਾਲ ਮਾਨਸਿਕ ਚਿੰਤਨ ’ਚ ਉਲਝ ਕੇ ਵਕਤ ਜਾਇਆ ਵੀ ਨਹੀਂ ਕਰਦੀ। ਉਹਦੇ ਕੋਲ ਰਿਸ਼ਤਿਆਂ ਦੀ ਪਰਿਭਾਸ਼ਾ ਸਰਲ ਹੈ। ਮਾਂ-ਪਿਓ, ਭੈਣ-ਭਰਾ, ਪਤੀ-ਦੋਸਤ ਉਹਦੀ ਡਿਕਸ਼ਨਰੀ ’ਚ ਨਹੀਂ। ਅੱਠੇ ਪਹਿਰ ਕੰਮ ਕਰਦੀ ਹੈ। ਪੰਜ ਘੰਟੇ ਸੌਂਦੀ ਹੈ। ਉਹ ਵੀ ਐਲਪ੍ਰੈਕਸ ਦੀ ਗੋਲੀ ਲੈਣ ਤੋਂ ਬਾਅਦ। ਪੰਜ ਵਜੇ ਉਠ ਕੇ ਨਹਾ ਧੋ ਕੇ ਗੁਰਦੁਆਰੇ ਜਾਣ ਤੋਂ ਪਹਿਲਾਂ ਮੂੰਹ ਜੂਠਾ ਨਹੀਂ ਕਰਦੀ। ਕੱਪੜੇ ਧੋਣਾ, ਰੋਟੀ ਬਣਾਉਣਾ ਤੇ ਦੋ ਘੰਟੇ ਦੁਕਾਨ ਤੇ ਡਿਊਟੀ ਦੇਣਾ ਇਹੀ ਉਹਦਾ ਕਰਮ ਹੈ। ਰੇਖਾ, ਰਜੇਸ਼ ਖੰਨਾ ਪੁਰਾਣਿਆਂ ਵਿੱਚੋਂ ਤੇ ਨਵਿਆਂ ਵਿੱਚੋਂ ਕਰੀਨਾ ਕਪੂਰ ਮੇਰੀ ਮਾਂ ਨੂੰ ਪਸੰਦ ਹੈ। ਦਸ ਕੁ ਸਾਲ ਪਹਿਲਾਂ ਡੀ. ਡੀ. ਨੈਸ਼ਨਲ ਤੇ ‘ਨਿਆ’ ਲੜੀਵਾਰ ਆਂਦਾ ਸੀ ਉਹਦੇ ’ਚ ਲੀਡ ਰੋਲ ’ਚ ਪਤਨੀ ਦੀ ਭੂਮਿਕਾ ਨਿਭਾਉਣ ਵਾਲੀ ਔਰਤ ਮੇਰੀ ਮਾਂ ਦੀ ਬੈਸਟ ਐਕਟਰੈਸ ਸੀ। ਉਹ ਮੁੜ ਕੇ ਕਿਸੇ ਲੜੀਵਾਰ ’ਚ ਨਜ਼ਰ ਨਹੀਂ ਆਈ। ਮੇਰੀ ਮਾਂ ਹੁਣ ਟੀ. ਵੀ. ਤੇ ਕੋਈ ਲੜੀਵਾਰ, ਗਾਣੇ, ਰੀਐਲਿਟੀ ਸ਼ੋਅ ਨਹੀਂ ਦੇਖਦੀ ਬਸ ਕੀਰਤਨ ਤੇ ਬਾਪੂ ਰਾਮਦੇਵ ਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਸੁਣਦੀ ਹੈ ਉਹ ਵੀ ਕਦੇ ਕਦਾਈ। ਮੇਰੀ ਮਾਂ ਦਾ ਮੇਰੇ ਪਿਓ ਤੇ ਪੂਰਾ ਪੂਰਾ ਰੋਅਬ ਹੈ। ਮੇਰਾ ਪਿਓ ਮੇਰੀ ਮਾਂ ਤੋਂ ਡਰਦਾ ਹੈ। ਸਾਰੇ ਘਰਦੇ ਹੀ ਮਾਂ ਤੋਂ ਡਰਦੇ ਨੇ ਕਿਉਂਕਿ ਗੁੱਸੇ ’ਚ ਉਹਦੀ ਜ਼ੁਬਾਨ ਬਹੁਤ ਕੌੜੀ ਹੋ ਜਾਂਦੀ ਹੈ। ਮੇਰਾ



ਪਿਓ ਭਾਵੇਂ ਮੇਰੀ ਮਾਂ ਤੋਂ ਡਰਦਾ ਹੈ ਪਰ ਅੱਜ ਤਕ ਉਸ ਬੰਦੇ ਨੇ ਕੀਤੀ ਆਪਣੀ ਮਰਜ਼ੀ ਹੀ ਹੈ ਇਹ ਅਜੀਬ ਵਿਰੋਧਾ ਭਾਸ ਹੈ। ਪਿਛਲੇ ਪੰਜ ਸਾਲਾਂ ’ਚ ਮੇਰਾ ਦਸ ਕਿਲੋ ਵਜ਼ਨ ਵੱਧ ਗਿਆ ਹੈ ਤੇ ਇਹ ਮੇਰੀ ਮਾਂ ਲਈ ਭਾਰੀ ਚਿੰਤਾ ਦਾ ਵਿਸ਼ਾ ਹੈ, ਉਹ ਚਾਹੁੰਦੀ ਹੈ ਮੈਂ ਪੰਜ ਸਾਲ ਪਹਿਲਾਂ ਵਾਂਗ 49 ਕਿਲੋ ਹੋ ਜਾਵਾਂ ਜੋ ਮੇਰੇ ਲਈ ਸੰਭਵ ਨਹੀਂ। ਇਸ ਲਈ ਉਹ ਮੈਨੂੰ ਨਿੱਤ ਕੋਸਦੀ ਹੈ ਬੁਰਾ ਭਲਾ ਕਹਿੰਦੀ ਹੈ। ਦਹੀਂ ’ਚ ਪਕੌੜੀਆਂ ਨਾ ਪਾ ਕੇ ਖਾ, ਪਿਆਜ਼ ਟਮਾਟਰ ਪਾ ਲੈ। ਤੂੰ ਦਿਨ ਬਦਿਨ ਮੋਟੀ ਹੋਈ ਜਾ ਰਹੀ ਹੈ। ਵੈਸੇ ਤਾਂ ਤੂੰ ਡੀਪ ਫਰਾਇਡ ਤੇ ਮਿੱਠਾ ਛੱਡ ਦਿੱਤਾ ਹੈ ਪਰ ਜੇ ਨਾਲ ਦੌੜਨਾ ਵੀ ਸ਼ੁਰੂ ਕਰੇਂ ਤਾਂ । ਸਾਰਾ ਦਿਨ ਵਿਹਲੀ ਬੈਠੀ ਰਹਿੰਦੀ ਏ।” ਇਹ ਉਹਦੇ ਪੱਕੇ ਡਾਇਲੌਗ ਨੇ। ਜੇ ਦੋ ਹਫ਼ਤਿਆਂ ਬਾਅਦ ਇੱਕ ਵਾਰੀ ਮੇਰੇ ਅੰਦਰ ਮੈਗੀ ਜਾਂਦੀ ਹੈ ਤਾਂ ਇੱਕ ਇੱਕ ਬਾਈਟ ਨਾਲ ਉਹਦਾ ਦਿਲ ਘਟਦਾ ਹੈ ਇਹ ਮੈਦਾ ਹੈ ਇਹਨੇ ਅੰਦਰ ਜਾ ਕੇ ਜਮ ਜਾਣਾ ਹੈ, ਇਹ ਫਾਸਟ ਫੂਡ ਮੋਟਾਪਾ ਕਰਦੇ ਨੇ ਮੈਂ ਤੇਰੇ ਨਾਲੋਂ ਅੱਧੀ ਮੈਗੀ ਖਾਂਦੀ ਹਾਂ।’ ਦਿਲ ਉਹਦਾ ਆਪਣਾ ਵੀ ਕਰਦਾ ਹੈ ਮੈਗੀ ਖਾਣ ਨੂੰ ਪਰ ਮਨ ਮਾਰੀ ਰੱਖਦੀ ਹੈ। ਮੈਨੂੰ ਬੜੀ ਖਿਝ ਚੜਦੀ ਹੈ। ਅੰਦਰੋਂ ਤਰਸੀ ਜਾਓ ਤੇ ਬਾਹਰੋਂ ਦਿਖਾਵਾ ਕਰੋ ਕਿ ਮੈਂ ਮੈਗੀ ਨਹੀਂ ਖਾਂਦੀ। ਜੇ ਕਿਸੇ ਦਿਨ ਇੱਕਲਿਆ ਲਿਆ ਕੇ ਖਾ ਲਓ ਤਾਂ ਤੂੰ ਮੈਨੂੰ ਪੁੱਛਦੀ ਨਹੀਂ। ਭਈ ਜੇ ਮੈਗੀ ਮੈਦਾ ਤੇ ਗੰਦਾ ਏ ਨਾੜੀਆਂ ’ਚ ਜੰਮਣ ਵਾਲਾ ਫਾਸਟ ਫੂਡ ਹੈ ਤਾਂ ਤੁਸੀਂ ਕੀ ਕਰਨਾ ਖਾ ਕੇ। ਹਾਂ ਜਿਹੜਾ ਕੰਮ ਮੇਰੀ ਮਾਂ ਨੇ ਕਹਿ ਦਿੱਤਾ ਉਹ ਉਸੇ ਵੇਲੇ ਹੋਣਾ ਚਾਹੀਦਾ ਹੈ ਜੇ ਦਸ ਮਿੰਟ ਵੀ ਲੇਟ ਹੋਇਆ ਤਾਂ ਉਹਨਾਂ ਦਸਾਂ ਮਿੰਟਾਂ ’ਚ ਉਹਨੇ ਉਹ ਕੰਮ ਆਪ ਕਰਕੇ ਲੜਨ ਬਹਿ ਜਾਣਾ ਹੈ ਕਿ ਕੰਮ ਮੈਂ ਕੀਤਾ ਹੈ। ਦਸਵੀਂ ’ਚ ਪਹਿਲੀ ਵਾਰ ਮੈਂ ਇੱਕ ਸੂਟ ਸਵਾਇਆ ਸੀ ਉਹ ਨਵਾਂ ਸੂਟ ਪਾ ਕੇ ਪਹਿਲੀ ਵਾਰ ਮੈਂ ਆਪਣੀ ਮਾਂ ਤੋਂ ਬਿਨਾ ਇਕੱਲੀ ਨਾਨੀ ਨਾਲ ਨਾਨਕੇ ਰਹਿਣ ਗਈ ਸੀ ਸਾਰੀ ਰਾਤ ਮੇਰੀਆਂ ਲੱਤਾਂ ਦਰਦ ਹੁੰਦੀਆਂ ਰਹੀਆਂ ਤੇ ਮੈਂ ਮਾਂ ਨੂੰ ਯਾਦ ਕਰਕੇ ਰੋਂਦੀ ਰਹੀ ਉਦੋਂ ਤਕ ਮੈਂ ਮਾਂ ਬਿਨਾਂ ਇਕੱਲਿਆ ਕਦੇ ਨਹੀਂ ਸੀ ਰਹੀ। ਛੋਟੇ ਹੁੰਦਿਆਂ ਮੈਨੂੰ ਯਾਦ ਹੈ ਨਾਨੀ ਦੇ ਘਰ ਛਤ ਤੇ ਸੌਣ ਲੱਗਿਆ ਮੇਰੀ ਮਾਂ ਮੈਨੂੰ ਦੁਖ ਭੰਜਨੀ ਸਾਹਿਬ ਦੇ ਸ਼ਬਦ ਯਾਦ ਕਰਵਾਇਆ ਕਰਦੀ ਸੀ ਤੇ ਰਾਤੀਂ ਪਾਠ ਕਰਵਾਇਆ ਕਰਦੀ ਸੀ। ਮੇਰੀ ਮਾਂ ਨੇ ਮੈਨੂੰ ਕਦੇ ਕੋਈ ਕਹਾਣੀ ਨਹੀਂ ਸੁਣਾਈ ਕਦੇ ਮੇਰੇ ਨਾਲ ਮੇਰੇ ਪਰਾਇਜ਼ ਡਿਸਟ੍ਰੀਬਿਊਸ਼ਨ ਫੰਕਸ਼ਨ ਤੇ ਨਹੀਂ ਗਈ। ਪੜ੍ਹਾਇਆ ਮੇਰੀ ਮਾਂ ਨੇ ਮੈਨੂੰ ਬਹੁਤ। ਪੰਜਵੀਂ ਤਕ ਮੇਰੀ ਮਾਂ ਮੈਨੂੰ ਹਿਸਾਬ ਪੜ੍ਹਾਉਂਦੀ ਸੀ ਤੇ ਮੇਰੇ ਕਦੇ ਨਿੜਨਵੇਂ ਨੰਬਰ ਨਹੀਂ ਆਏ ਹਮੇਸ਼ਾਂ ਸੌ। ਸੋਸ਼ਲ ਸਟੀਡੀਜ਼ ਦੇ ਵੱਡੇ ਪ੍ਰਸ਼ਨ ਉਹ ਮੈਨੂੰ ਬੋਲ ਬੋਲ ਕੇ ਯਾਦ ਕਰਵਾਇਆ ਕਰਦੀ ਸੀ। ਜਦ ਤਦ ਮੈਂ ਐਮ. ਏ. ਕੀਤੀ ਕਦੇ ਅਲਾਰਮ ਨਹੀਂ ਲਾਇਆ ਜਿੰਨੇ ਵਜੇ ਉਠਣਾ ਹੋਵੇ ਕਿਚਨ ਦੇ ਬਾਹਰ ਸਲਿਪ ਲਾ ਦਿਓ। ਕਦੇ ਕੰਮ ਨਹੀਂ ਸੀ ਕਰਾਇਆ ਉਦੋਂ ਮੇਰੇ ਮਾਂ ਨੇ ਮੇਰੇ ਕੋਲੋਂ। ਉਹਦੇ ਹੱਥ ਰੂੰ ਵਰਗੇ ਪੋਲੇ ਨੇ ਇੰਜ ਲਗਦੈ ਜਿਵੇਂ ਅੱਠ ਸਾਲ ਦੇ ਬੱਚੇ ਦੇ ਹੋਣ। ਹੁਣ ਮੈਂ ਪੀ. ਐਚਡੀ ਕਰ ਰਹੀ ਹਾਂ ਤਾਂ ਮੇਰੀ ਮਾਂ ਚਾਹੁੰਦੀ ਹੈ ਮੈਂ ਘਰ ਦਾ ਕੰਮ ਕਰਾਂ। ਇੰਨੀ ਬਕ ਬਕ ਮੈਂ ਆਪਣੀ ਮਾਂ ਬਾਰੇ ਕਰ ਲਈ ਹੈ ਜੇ ਕੋਈ ਹੋਰ ਕਰੇ ਤਾਂ... ਜੋ ਵੀ ਹੈ ਮੈਂ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੀ ਹਾਂ ਤੇ ਉਹਦੇ ਬਿਨਾ ਜੀਅ ਨਹੀਂ ਸਕਦੀ।

ਪਤਾ- **ਪਿਤਾ ਸ੍ਰ. ਮੁਹਿੰਦਰ ਸਿੰਘ ਸਦਾਨਾ, ਡਬਲਯੂ. ਈ.-358, ਬਜ਼ਾਰ ਸ਼ੇਖਾ, ਜਲੰਧਰ,**
**ਮੋਬਾਇਲ-98783-36017**

## ਦੁੱਖਾ ਦਾ ਦਾਰੂ/ ਸੁਰਿੰਦਰ ਕੌਰ ਸ਼ਿੰਦਰ

ਅੱਜ 23 ਮਾਰਚ ਭਗਤ ਸਿੰਘ ਦਾ ਸ਼ਹੀਦੀ ਦਿਵਸ ਹੈ। ਮੇਰੀ ਮਾਂ ਦਾ ਜਨਮ ਦਿਨ। ਇਤਫ਼ਾਕ ਨਾਲ ਅੱਜ ਮੈਂ ਉਹਨਾਂ ਦੇ ਜਨਮ ਦਿਨ ਉੱਪਰ ਹੀ ਉਨ੍ਹਾਂ ਬਾਰੇ ਲਿਖ ਰਹੀ ਹਾਂ। ਬੀਜੀ ਦਾ ਜਨਮ 'ਜੇਜੋ' ਦੇ ਪਹਾੜਾਂ ਦੇ ਪੈਰਾਂ 'ਚ ਸਥਿਤ ਖ਼ੂਬਸੂਰਤ ਪਿੰਡ 'ਝੰਜੋਵਾਲ' ਵਿਖੇ ਹੋਇਆ।

ਇਸ ਪਿੰਡ ਵਿਚ ਅੱਜ ਵੀ ਨਾ ਕੋਈ ਸਕੂਲ ਤੇ ਨਾ ਹੀ ਕੋਈ ਰੇਲਵੇ ਸਟੇਸ਼ਨ ਹੈ। 'ਬੱਸ' ਜ਼ਰੂਰ ਜਾਂਦੀ ਹੈ।

ਬੀਜੀ ਆਪਣੇ ਮਾਂ ਬਾਪ ਦੀ ਪਹਿਲੀ ਸੰਤਾਨ ਸਨ। ਉਹਨਾਂ ਤੋਂ ਛੋਟੀਆਂ ਚਾਰ ਭੈਣਾਂ ਤੇ ਦੋ ਭਰਾ ਸਨ। ਉਹਨਾਂ ਦੇ ਪਿਤਾ ਜੀ ਖੇਤੀਬਾੜੀ ਤੇ ਅੰਬਾਂ ਦਾ ਵਪਾਰ ਕਰਦੇ। ਬਚਪਨ 'ਚ ਹੀ ਉਹਨਾਂ ਦੇ ਸਰੀਰ ਉੱਪਰ ਚੇਚਕ ਨਿਕਲ ਆਈ ਤਾਂ ਮੂੰਹ 'ਤੇ ਕੁਝ ਦਾਗ਼ ਰਹਿ ਗਏ। ਇਸੇ ਪਿੰਡ 'ਚ ਉਹ ਜਵਾਨ ਹੋਏ। ਸ਼ੂਕਦੇ ਪਾਣੀ ਦੀ ਰਵਾਨੀ ਵਰਗੀ ਜਵਾਨੀ ਉਹਨਾਂ ਉਪਰ ਆਈ। ਕੱਦ ਪੰਜ ਫੁੱਟ ਸੱਤ ਇੰਚ। ਗੋਰਾ ਰੰਗ, ਭਰਵਾਂ ਸਰੀਰ, ਅੰਡਾਕਾਰ ਚਿਹਰਾ। ਸ਼ਰਾਬ ਦੀ ਮਸਤੀ ਵਰਗੇ ਨੈਣ। ਡਾਇਨੈਮਿਕ ਇਮੇਜ਼।

ਫਿਰ ਇਸ ਖ਼ੂਬਸੂਰਤੀ ਦੀ ਮਹਿਕ ਜਾ ਪਹੁੰਚੀ ਗੜ੍ਹਸ਼ੰਕਰ ਦੇ ਕੋਲ ਇਕ ਪਿੰਡ ਦੀ 'ਗੁਲਾਬੀ ਹਵੇਲੀ' ਵਿਚ। ਜਿੱਥੇ ਮੇਰੇ ਬਾਬਾ ਜੀ ਆਪਣੇ ਇਕਲੌਤੇ ਪੁੱਤਰ ਲਈ ਲੜਕੀ ਲੱਭ ਰਹੇ ਸਨ। ਪਿਤਾ ਜੀ ਦੀ ਪਹਿਲੀ ਪਤਨੀ ਸਵਰਗਵਾਸ ਹੋ ਚੁੱਕੀ ਸੀ, ਜਿਸਦੀ ਕੁੱਖੋਂ ਇਕ ਅੱਠ ਸਾਲ ਦਾ ਬੇਟਾ ਸੀ। ਜਦੋਂ ਬਾਬਾ ਜੀ ਨੇ ਮੇਰੇ ਨਾਨਾ ਜੀ ਦੇ ਘਰ ਰਿਸ਼ਤਾ ਭੇਜਿਆ ਤਾਂ ਮੁੰਡਾ ਦਹਾਜੂ ਹੋਣ ਦੇ ਬਾਵਜੂਦ ਪੜ੍ਹਿਆ ਲਿਖਿਆ ਜਾਇਦਾਦ ਵਾਲਾ ਇਕਲੌਤਾ ਪੁੱਤਰ ਹੋਣ ਕਰਕੇ ਉਹਨਾਂ ਰਿਸ਼ਤਾ ਕਰਨ ਵਿਚ ਜਰਾ ਵੀ ਦੇਰ ਨਾ ਕੀਤੀ।

ਬੀਜੀ ਉਸ ਵੇਲੇ ਸਿਰਫ 18 ਸਾਲ ਦੇ ਸਨ। ਉਹ ਦੱਸਦੇ, "ਸਹੁਰੇ ਘਰ ਵਿਚ ਜਬਰਦਸਤ ਉਨ੍ਹਾਂ ਦਾ ਸੁਆਗਤ ਹੋਇਆ। ਇਕੋ ਇਕ ਭੂਆ ਸਮੇਤ ਸਾਰੇ ਸਹੁਰਾ ਪਰਿਵਾਰ ਨੇ ਖੂਬਸੂਰਤ ਬਹੂ ਦੇ ਗੁਣ ਗਾਉਂਦਿਆਂ ਹਮੇਸ਼ਾਂ ਉਹਨਾਂ ਨੂੰ ਪਲਕਾਂ 'ਤੇ ਬਿਠਾਇਆ। ਭਾਪਾ ਜੀ ਉਹਨਾਂ ਉਪਰ ਬਹੁਤ ਲੱਟੂ ਹੋ ਗਏ। ਉਹਨਾਂ ਨੂੰ ਜਨੂੰਨ ਦੀ ਹੱਦ ਤੱਕ ਪਿਆਰ ਕਰਦੇ । ਭਾਪਾ ਜੀ ਨੇ ਬੀਜੀ ਦਾ ਨਾਂ 'ਰਾਜ' ਤੋਂ ਬਦਲ ਕੇ 'ਹੰਸ' ਰੱਖਿਆ। ਔਰਤਾਂ 'ਚ 'ਹੰਸ' ਨਾਮ ਕਦੀ ਸੁਣਨ ਵਿਚ ਨਹੀਂ ਆਉਂਦਾ। ਭਾਪਾ ਜੀ ਹਮੇਸਾਂ 'ਹੰਸ ਹੰਸ' ਕਰਦੇ ਰਹਿੰਦੇ। ਉਹਨਾਂ ਨੇ ਬੀਜੀ ਦੀਆਂ ਵੱਡੀਆਂ ਵੱਡੀਆਂ ਪੋਸਟਰ ਸਾਈਜ਼ ਫੋਟੋਆ ਖਿਚਵਾ ਕੇ ਹਵੇਲੀ 'ਚ ਲਾਈਆਂ। ਇਕ ਫੋਟੋ 'ਚ ਬੀਜੀ ਦੋ ਗੁੱਤਾਂ ਕਰਕੇ ਬਾਗ਼ 'ਚ ਪੀਂਘ 'ਤੇ ਬੈਠੇ ਹਨ। ਦੂਸਰੀ ਕਸ਼ਮੀਰੀ ਡਰੈੱਸ 'ਚ ਤੇ ਇਕ ਫੋਟੋ 'ਚ ਬੀਜੀ ਕੁਰਸੀ ਉੱਪਰ ਬੈਠੇ ਹੋਏ ਹਨ ਤੇ ਭਾਪਾ ਜੀ ਸਾਈਡ 'ਤੇ ਖੜ੍ਹੇ ਹਨ।

ਪਹਿਲੇ ਸਾਲ ਹੀ ਉਹਨਾਂ ਦੇ ਜੁੜਵੇਂ ਮੁੰਡੇ ਪੈਦਾ ਹੋਏ। ਬਾਬਾ ਜੀ ਤੇ ਦਾਦੀ ਜੀ ਬੀਜੀ ਨੂੰ ਥੱਲੇ ਪੈਰ ਨਾ ਧਰਨ ਦਿੰਦੇ। 22 ਦਿਨ ਬਾਅਦ ਇੱਕ ਮੁੰਡਾ ਬਿਮਾਰ ਹੋ ਕੇ ਮਰ ਗਿਆ, ਤਾਂ ਬੀਜੀ ਬਹੁਤ ਉਦਾਸ ਹੋ ਗਏ। ਸਾਰੇ ਘਰ ਵਿਚ ਮਾਤਮ ਛਾ ਗਿਆ। ਉਸ ਤੋਂ ਬਾਅਦ ਵੱਡੀ ਭੈਣ ਦੀਸ਼ੀ, ਮੇਰੇ ਤੋਂ ਛੋਟੀਆਂ ਦੋਵੇਂ ਭੈਣਾਂ ਤੇ ਦੋਵੇਂ ਭਰਾਵਾਂ ਦਾ ਜਨਮ ਹੋਇਆ।

ਭਾਪਾ ਜੀ ਸੀ. ਓ. ਹੋਣ ਕਰਕੇ ਜਿੱਥੇ ਵੀ ਉਹਨਾਂ ਦੀ ਟਰਾਂਸਫ਼ਰ ਹੁੰਦੀ, ਅਸੀਂ ਨਾਲ ਚਲੇ ਜਾਂਦੇ। ਕਦੇ ਲੁਧਿਆਣੇ, ਬਠਿੰਡੇ, ਗੁਰਦਾਸਪੁਰ, ਮਲੋਟ, ਅਬੋਹਰ ਤੇ ਕਦੇ ਪਿੰਡ ਹੀ ਰਹਿੰਦੇ। ਪਰ ਬੀਜੀ ਬਿਲਕੁਲ ਅਨਪੜ੍ਹ ਸਨ। ਅਨਪੜ੍ਹ ਹੋਣ ਦੇ ਬਾਵਜੂਦ ਸਾਨੂੰ ਪੜ੍ਹਨ ਲਈ ਹਮੇਸ਼ਾਂ ਉਤਸ਼ਾਹਤ ਕਰਦੇ ਰਹਿੰਦੇ, "ਕੁੜੀਆਂ ਦਾ ਪੜ੍ਹਨਾ ਬਹੁਤ ਜ਼ਰੂਰੀ ਐ... ਤੁਸੀਂ ਪੜ੍ਹ ਲਿਖ ਜਾਓਗੀਆਂ ਤਾਂ ਕਿਸੇ ਦੇ ਹੱਥਾਂ ਵੱਲ ਨਹੀਂ ਵੇਖੋਗੀਆਂ।"



ਉਹਨਾਂ ਨੇ ਸਾਡੀ ਪਹਿਲੀ ਕਲਾਸ ਤੋਂ ਹੀ ਟਿਊਸ਼ਨ ਰਖਵਾ ਦੇਣੀ। ਸਵੇਰੇ-ਸ਼ਾਮ ਸਾਡੀ ਪੂਰੀ ਦੇਖਭਾਲ ਕਰਦੇ। ਸਵੇਰੇ ਜਲਦੀ ਉਠਾਉਂਦਿਆਂ ਉਹ ਅਕਸਰ ਆਖਦੇ,

"ਸਵੇਰ ਵੇਲੇ ਪੜ੍ਹਿਆ ਬਹੁਤ ਜਲਦੀ ਯਾਦ ਹੁੰਦੈ...।"

"ਬੀਜੀ ਤੁਹਾਨੂੰ ਕਿਵੇਂ ਪਤਾ... ਤੁਸੀਂ ਤਾਂ ਕਦੇ ਪੜ੍ਹੇ ਨਹੀਂ।"

"ਚਾਹ ਪੀ ਕੇ ਪੜ੍ਹਨ ਲੱਗੋ ਤੁਸੀਂ...।" ਗਾਂ ਦੇ ਦੁੱਧ ਤੋਂ ਤਿਆਰ ਕੀਤੀ ਚਾਹ ਸਾਡੇ ਹਵਾਲੇ ਕਰ ਬੀਜੀ ਫਿਰ ਕੰਮੀ ਰੁਝ ਜਾਂਦੇ।

"ਗਾਂ ਦਾ ਦੁੱਧ ਦਿਮਾਗ਼ ਲਈ ਬਹੁਤ ਚੰਗਾ ਹੁੰਦਾ...।" ਇਮਤਿਹਾਨਾਂ ਦੇ ਦਿਨਾਂ ਵਿਚ ਬੀਜੀ ਸਾਡਾ ਹਰ ਪੱਖੋਂ ਬਹੁਤ ਖਿਆਲ ਰੱਖਦੇ।

ਹੁਣ ਸੋਚਦੀ ਹਾਂ ਕਿ ਉਸ ਮਾਂ ਦੀ ਮਮਤਾ ਵੀ ਉਸ ਗਊ ਦੇ ਦੁੱਧ ਵਿਚ ਸ਼ਾਮਲ ਸੀ, ਜਿਸ ਮਮਤਾ ਦੀ ਬਦੌਲਤ ਅਸੀਂ ਸਾਰੇ ਭੈਣ ਭਰਾ ਚੰਗਾ ਪੜ੍ਹ-ਲਿਖ ਗਏ। ਤੇ ਕਈ ਆਰਟਿਸਟ ਬਣ ਗਏ। ਜਿਵੇਂ ਕੋਈ ਕਵੀ ਕੋਈ ਲੇਖਕ ਤੇ ਕੋਈ ਐਕਟਰ। ਇਹ ਬੀਜੀ ਦੀ ਹੀ ਸਾਨੂੰ ਦੇਣ ਹੈ।

ਬੀਜੀ ਆਪਣੇ ਵਿਆਹ ਤੋਂ ਦਸ ਸਾਲ ਬਾਅਦ ਹੀ 28 ਸਾਲ ਦੀ ਉਮਰ 'ਚ ਸੱਸ ਬਣ ਗਏ। ਜਦੋਂ ਵੱਡੇ ਵੀਰ (ਭਾਪਾ ਜੀ ਦੀ ਪਹਿਲੀ ਸ਼ਾਦੀ 'ਚੋਂ) ਦਾ ਵਿਆਹ ਹੋਇਆ ਉਹ ਇੰਗਲੈਂਡ ਚਲਾ ਗਿਆ। ਵੱਡੀ ਭੈਣ ਫੌਜ਼ੀ ਅਫਸਰ ਨਾਲ ਵਿਆਹੀ ਗਈ। ਬੀਜੀ ਦਾ ਉਸ ਨਾਲ ਸਹੇਲੀਆਂ ਵਾਲਾ ਮੋਹ ਸੀ। ਫੌਜ਼ੀ ਦਸ ਮਹੀਨੇ ਫੌਜ਼ 'ਚ ਰਹਿੰਦਾ ਤੇ ਭੈਣ ਸਾਡੇ ਕੋਲ।

ਭਾਪਾ ਜੀ ਨੂੰ ਬੀਜੀ ਉਪਰ ਬਹੁਤ ਮਾਣ ਸੀ। ਉਹਨਾਂ ਦੀਆਂ ਬਹੁਤੀਆਂ ਗੱਲਾਂ 'ਚੋਂ ਬੀਜੀ ਪ੍ਰਤੀ ਮਾਣ ਝਲਕਦਾ ਸੀ। ਉਹ ਕਹਿੰਦੇ,

"ਤੁਹਾਡੀ ਬੀਜੀ ਦੂਰ ਅੰਦੇਸ਼ੀ ਬਹੁਤ ਹੈ... ਵੇਲਾ ਕਵੇਲਾ ਵਿਚਾਰ ਲੈਂਦੀ ਹੈ...।" ਗੱਲ 1965 ਦੀ ਹੈ। ਬਾਬਾ ਜੀ ਬਿਮਾਰ ਸਨ। ਭਾਪਾ ਜੀ ਛੋਟੇ ਵੀਰ ਨੂੰ ਚੜ੍ਹਾਉਣ (ਕਨੇਡਾ ਵਾਸਤੇ) ਦਿੱਲੀ ਚਲੇ ਗਏ। ਉਹਨਾਂ ਦੇ ਜਾਂਦਿਆਂ ਹੀ ਬਾਬਾ ਜੀ ਪੂਰੇ ਹੋ ਗਏ। ਉਸ ਸਮੇਂ ਫੋਨ ਵੀ ਨਹੀਂ ਸਨ। ਕਿ ਭਾਪਾ ਜੀ ਨੂੰ ਜਲਦੀ ਵਾਪਸ ਬੁਲਾ ਲਿਆ ਜਾਂਦਾ। ਗਰਮੀਆਂ ਦੇ ਦਿਨ ਸਨ। ਬਾਬਾ ਜੀ ਦੀ ਮ੍ਰਿਤਕ ਦੇਹ ਵਿਹੜੇ 'ਚ ਪਈ ਸੀ। ਉਹਨਾਂ ਨੂੰ ਵਾਪਸ ਆਉਂਦਿਆਂ ਦੋ ਦਿਨ ਲੱਗ ਜਾਣੇ ਸਨ।

"ਸੂਰਜ ਛਿਪਣ ਤੋਂ ਪਹਿਲਾਂ ਦਾਗ਼ ਦੇ ਦਿਓ...।" ਕਿਸੇ ਬਜ਼ੁਰਗ ਨੇ ਸਿਆਣਪ ਭਰੇ ਲਹਿਜੇ 'ਚ ਕਿਹਾ ਸੀ।

"ਨਹੀਂ ਨਹੀਂ... ਸਰਦਾਰ ਜੀ ਨੂੰ ਆ ਲੈਣ ਦਿਓ।" ਅਸੀਂ ਉਹਨਾਂ ਦੇ ਵਗ਼ੈਰ ਦਾਗ਼ ਕਿੱਦਾਂ ਦੇ ਸਕਦੇ ਹਾਂ...।"

"ਇਸ ਤਰ੍ਹਾਂ ਤਾਂ ਲਾਸ਼ ਖਰਾਬ ਖਰਾਬ ਹੋ ਜਾਏਗੀ ਤੇ ਮੁਸ਼ਕ ਮਾਰਨ ਲੱਗ ਪਊਗੀ।" ਕਿਸੇ ਵੱਡੇ ਬਜ਼ੁਰਗ ਨੇ ਫਿਰ ਦਾਗ਼ ਛੇਤੀ ਦੇਣ ਦੇ ਹੱਕ 'ਚ ਦਲੀਲ ਦਿੱਤੀ।

ਗੱਲ ਸੁਣਦਿਆਂ ਹੀ ਬੀਜੀ ਆਪਣੀ ਥਾਂ ਤੋਂ ਉੱਠ ਅੰਦਰ ਵੱਲ ਗਏ। ਤੇ ਫਿਰ ਭੂਆ ਦੇ ਪੁੱਤ ਜੀਤੇ ਨੂੰ ਪੈਸੇ ਫੜਾਉਂਦਿਆਂ ਸ਼ਹਿਰੋਂ ਬਹੁਤ ਸਾਰੀ ਬਰਫ਼ ਲੈ ਕੇ ਆਉਣ ਲਈ ਕਿਹਾ। ਬਰਫ਼ ਆ ਗਈ। ਬਹੁਤ ਸਾਰੀ ਬਰਫ਼ ਮ੍ਰਿਤਕ ਦੇਹ ਦੇ ਦੁਆਲੇ ਲਗਾ ਦਿੱਤੀ ਗਈ। ਜਦੋਂ ਭਾਪਾ ਜੀ ਵਾਪਸ ਆਏ ਤਾਂ ਬਹੁਤ ਹੈਰਾਨ ਹੋਏ। ਪਿਤਾ ਦੀ ਮੌਤ ਦਾ ਦੁੱਖ ਤੇ ਅੰਤਿਮ ਦਰਸ਼ਨਾ ਦੀ ਖੁਸ਼ੀ ਵਿਚ ਉਹਨਾਂ ਦਾ ਗੱਚ ਭਰ ਆਇਆ ਤੇ ਬੀਜੀ ਨੂੰ ਕਹਿਣ ਲੱਗੇ, "ਜੇ ਤੂੰ ਇਸ ਤਰ੍ਹਾਂ ਨਾ ਕਰਦੀ ਤਾਂ ਮੈਂ ਪਿਤਾ ਜੀ ਦੇ ਅੰਤਿਮ ਦਰਸ਼ਨ ਨਾ ਕਰ ਸਕਦਾ। ਮੈਂ ਤਾਂ ਟੁੱਟ ਜਾਣਾ ਸੀ ਤੇ ਸਾਰੀ ਉਮਰ ਮੈਨੂੰ ਪਛਤਾਵਾ ਰਹਿੰਦਾ।"

ਇਹੀ ਕਾਰਣ ਸਨ ਕਿ ਉਹ ਬੀਜੀ ਨੂੰ ਆਪਣਾ ਵਜ਼ੀਰ ਮੰਨਦੇ। ਹਰ ਮਸਲੇ 'ਤੇ ਸਲਾਹ ਲੈਂਦੇ। ਭਾਪਾ ਜੀ ਨੇ ਆਪਣੀ ਨੌਕਰੀ ਦੌਰਾਨ ਕਈ ਇਮਤਿਹਾਨ ਪਾਸ ਕੀਤੇ। "ਹਰ ਕਾਮਯਾਬ ਬੰਦੇ ਦੀ ਕਾਮਯਾਬੀ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਵਰਗੀ ਧਾਰਨਾ ਭਾਪਾ ਜੀ ਦੀ ਸੋਚ ਵਿਚ ਸ਼ਾਮਲ ਹੋ ਗਈ ਸੀ।

ਬੀਜੀ ਨੂੰ ਕੰਮ ਕਰਨ ਦਾ ਐਨਾ ਸ਼ੌਂਕ ਹੁੰਦਾ, ਕਦੇ ਵੀ ਵਿਹਲੇ ਨਾ ਬੈਠਦੇ ਤੇ ਦੂਸਰਿਆਂ ਨੂੰ ਵੀ ਵਿਹਲੇ ਬੈਠਣ ਤੋਂ ਵਰਜਦੇ। ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਉਂਦੇ ਰਹਿੰਦੇ। ਮੱਕੀ ਦੀਆਂ ਵੱਡੀਆਂ ਵੱਡੀਆਂ ਰੋਟੀਆਂ ਪਕਾ ਕੇ ਢੇਰ ਲਾ ਦਿੰਦੇ। ਕਈ ਕਈ ਬੰਦਿਆਂ ਦਾ ਖਾਣਾ ਇਕੱਲੇ ਹੀ ਬਣਾ ਲੈਂਦੇ।

ਨੌਕਰਾਂ ਨੂੰ ਰਸੋਈ 'ਚ ਨਾ ਵੜਨ ਦਿੰਦੇ। ਉਹਨਾਂ ਤੋਂ ਸਿਰਫ ਉਪਰਲਾ ਕੰਮ ਕਰਵਾਉਂਦੇ। ਅਸੀਂ ਜਦੋਂ ਵੀ ਸਕੂਲੋਂ ਜਾਂ ਕਾਲਜੋਂ ਘਰ ਆਉਣਾ ਤਾਂ ਬੀਜੀ ਨੇ ਵਿਹੜੇ ਵਿਚ ਰੋਟੀਆਂ ਪਕਾਉਂਦੀ ਹੋਣਾ।

ਇਹ ਖਿਆਲ ਮੈਨੂੰ ਇੰਗਲੈਂਡ ਆ ਕੇ ਵੀ ਆਉਂਦਾ ਰਿਹਾ। ਜਦੋਂ ਵੀ ਮੈਂ ਥੱਕੀ-ਟੁੱਟੀ, ਭੁੱਖਣ ਭਾਣੇ ਕੰਮ ਤੋਂ ਵਾਪਸ ਘਰ ਆਉਣਾ ਤਾਂ ਅਚਨਚੇਤ ਹੀ ਖਿਆਲ ਆਉਣਾ ਕਿ ਘਰ ਜਾਂਦਿਆਂ ਨੂੰ ਬੀਜੀ ਵਿਹੜੇ 'ਚ ਰੋਟੀਆਂ ਪਕਾ ਰਹੀ ਹੋਵੇਗੀ। ਜਦੋਂ ਉਹਨੇ ਨਾ ਦਿਸਣਾ ਤਾਂ ਬੇਚੈਨੀ 'ਚ ਮੇਰੇ ਅੰਦਰੋਂ ਇਕ ਹੌਕਾ ਨਿਕਲਣਾ। ਇਸ ਵੇਲੇ ਮੈਨੂੰ ਬੀਜੀ ਦੇ ਅੰਦਰੋਂ ਨਿਕਲਿਆ ਉਹ ਹੌਕਾ ਯਾਦ ਆ ਜਾਂਦਾ। ਬਚਪਨ ਤੋਂ ਹੀ ਮੈਂ ਬੜੀ ਤਕੜੀ ਜਾਨ ਵਾਲੀ ਸੀ। ਚਾਮ੍ਹਲ-ਚਾਮ੍ਹਲ ਕੇ ਕੰਮ ਕਰਦੀ। ਕਦੇ ਨਾ ਥੱਕਦੀ। ਹੱਥੀਂ ਪੱਠੇ ਕੁਤਰਨਾ, ਕਹੀ ਚਲਾਉਣੀ। ਇਕ ਦਿਨ ਮੀਂਹ ਪੈਣ ਲੱਗਾ ਤਾਂ ਬੀਜੀ ਨੂੰ ਖਿਆਲ ਆਇਆ ਕਿ ਮੱਝਾਂ ਦੇ ਜਿਸ ਕੋਠੇ ਉੱਪਰ ਕਪਾਹ ਦੀਆਂ ਛਿਟੀਆਂ ਦੀ ਪੂਰੀ ਟਰਾਲੀ ਸਿੱਟੀ ਹੋਈ ਹੈ, ਉਹ ਡਿੱਗ ਪਏਗਾ। ਨੌਕਰ ਵੀ ਕੋਈ ਘਰ ਨਹੀਂ ਸੀ। ਮੈਂ ਚਾਮ੍ਹਲ ਕੇ ਕੋਠੇ ਉੱਪਰ ਜਾ ਚੜ੍ਹੀ। ਕਲਾਵੇ 'ਚ ਭਰ ਭਰ ਸਾਰੀਆਂ ਛਿਟੀਆਂ ਵਿਹੜੇ 'ਚ ਸੁੱਟ ਦਿੱਤੀਆਂ। ਬੀਜੀ ਹੌਕਾ ਭਰਦੇ ਕਹਿਣ ਲੱਗੇ, "ਜੇ ਤੂੰ ਮੁੰਡਾ ਹੁੰਦੀ ਤਾਂ ਸਾਡੇ ਘਰ ਰਹਿੰਦੀ... ਬਿਗਾਨੇ ਘਰ ਜਾ ਬਿਗਾਨਿਆਂ ਨੂੰ ਭਾਗ ਲਾਏਂਗੀ।"

ਬੀਜੀ ਦੇ ਸੁਭਾਅ ਦਾ ਇਕ ਪਹਿਲੂ ਇਹ ਸੀ ਕਿ ਉਹ ਸਿਰਫ ਆਪਣੇ ਪੇਕਿਆਂ ਨੂੰ ਹੀ ਨਹੀਂ ਸਗੋਂ ਦੂਰ ਦੁਰਾਡੇ ਦੇ ਰਿਸ਼ਤੇਦਾਰਾਂ ਨੂੰ ਵੀ ਬੜਾ ਪਿਆਰ ਕਰਦੇ। ਪੇਕਿਆਂ ਦੇ ਪਿੰਡ ਦੇ ਗੁਆਂਢੀ ਪਿੰਡ ਦੇ ਲੋਕਾਂ ਨਾਲ ਵੀ ਮਿਲਦੇ ਵਰਤਦੇ। ਜਦੋਂ ਪੇਕੇ ਆ ਜਾਂਦੇ ਉਹਨਾਂ ਦੀ ਸੁੱਧ-ਬੁੱਧ ਗੁਆਚ ਜਾਂਦੀ। ਬਿਨਾਂ ਪੁੱਛੇ ਸਾਡੀਆਂ ਚੀਜ਼ਾਂ ਉਹਨਾਂ ਨੂੰ ਦੇ ਦਿੰਦੇ। ਸਾਡੇ ਘਰ ਜ਼ਿਆਦਾਤਰ ਲੜਾਈ ਮੇਰੇ ਨਾਨਕਿਆਂ ਕਰਕੇ ਹੁੰਦੀ। ਇਕ ਵਾਰੀ ਨਵੀਂ ਵਿਆਹੀ ਵੱਡੀ ਭੈਣ ਆਪਣੇ ਗਜਰੇ ਡਰੈਸਿੰਗ ਟੇਬਲ 'ਤੇ ਲਾਹ ਕੇ ਚਲੀ ਗਈ। ਪਿੰਡੋਂ ਸਾਡੀ ਵਿਧਵਾ ਮਾਮੀ ਆਈ ਤੇ ਬੀਜੀ ਨੇ ਉਹ ਗਜਰੇ ਉਹਦੀਆਂ ਸੁੱਕੀਆਂ ਕਾਲੀਆਂ ਬਾਹਾਂ ਵਿਚ ਪਾ ਦਿੱਤੇ। ਭੈਣ ਜੀ ਨੂੰ ਇਹ ਵੇਖ ਕੇ ਬੜਾ ਅਜੀਬ ਲੱਗਿਆ ਕਿ ਬੀਜੀ ਨੇ ਆਪਣੀ ਸੁਹਾਗਣ ਕੁੜੀ ਦੇ ਗਜਰੇ ਆਪਣੀ ਵਿਧਵਾ ਭਾਬੀ ਨੂੰ ਕਿਉਂ ਦੇ ਦਿੱਤੇ?

ਹਰ ਵੇਲੇ ਬੀਜੀ ਆਪਣੇ ਰਿਸ਼ਤੇਦਾਰਾਂ ਦੀਆਂ ਕਹਾਣੀਆਂ ਸੁਣਾਉਂਦੇ ਰਹਿੰਦੇ। ਫਿਕਰ ਕਰਦੇ ਰਹਿੰਦੇ। ਉਹ ਆਪਣੀ 'ਮਾਸੀ' ਦੇ ਪੋਤੇ ਦਾ ਬੜਾ ਫਿਕਰ ਕਰਦੇ। ਜਿਹਦੀ ਕਹਾਣੀ ਸਾਰੀ ਉਮਰ ਸਾਰੇ ਟੱਬਰ ਨੂੰ ਇਰੀਟੇਟ ਕਰਦੀ ਰਹੀ। ਵੇਲੇ ਕੁਵੇਲੇ ਉਹਦੀਆਂ ਗੱਲਾਂ ਸ਼ੁਰੂ ਕਰ ਦਿੰਦੇ, "ਉਹਦੀ ਪਹਿਲੀ ਤੀਵੀਂ ਦੇ ਛੇ ਕੁੜੀਆਂ ਹੋਈਆਂ। ਫਿਰ ਮੁੰਡੇ ਖਾਤਰ ਉਹ ਮੁੱਲ ਦੀ ਤੀਵੀਂ ਲੈ ਆਇਆ। ਉਸਦੇ ਵੀ ਕੁੜੀ ਹੀ ਪੈਦਾ ਹੋਈ। ਸੱਤ ਕੁੜੀਆਂ ! ਕੀ ਬਣੂ ਵਿਚਾਰੇ ਗਰੀਬੜੇ ਜਿਹੇ ਦਾ?"

ਅਸੀਂ ਮਨ 'ਚ ਸੋਚਣਾ, 'ਜੇ ਉਹ ਗਰੀਬ ਹੈ, ਮੁੰਡਾ ਨਾ ਹੋਇਆ ਫਿਰ ਕੀ ਉਹਦਾ ਰਾਜ-ਭਾਗ ਖੁਸ ਜਾਊਗਾ।'

ਬੀਜੀ ਦਾ ਆਪਣੇ ਪੇਕਿਆਂ ਨਾਲ ਅੰਨ੍ਹਾ ਪਿਆਰ ਸੀ। ਉਹ ਸਾਨੂੰ ਲੁੱਟਦੇ ਵੀ ਤੇ ਕੋਈ ਕਦਰ ਵੀ ਨਾ



ਕਰਦੇ। ਭਾਪਾ ਜਦੋਂ ਸਹੁਰੇ ਜਾਂਦੇ ਤਾਂ ਉਹ ਆਓ ਭਗਤ ਵੀ ਨਾ ਕਰਦੇ। ਅਜੀਬ ਕੰਸੈਪਟ ਸੀ। ਭਾਪਾ ਜੀ, ਸਹੁਰੇ ਘਰ ਤੋਂ ਜਵਾਈਆਂ ਨੂੰ ਮਿਲਣ ਵਾਲੇ ਮਾਣ ਸਨਮਾਨ ਦੀ ਆਸ ਕਰਦੇ। ਬੀਜੀ ਨਾਲ ਗਿਲਾ ਕਰਦੇ। ਬੀਜੀ ਅਕਸਰ ਰਟਿਆ ਰਟਾਇਆ ਡਾਇਲਾਗ ਮਾਰਦੇ, "ਇਹਦੇ 'ਚ ਮੇਰਾ ਕੀ ਕਸੂਰ ਐ... ਉਹਨਾਂ ਨੂੰ ਕੋਈ ਅਕਲ ਨੀ।

ਦਾਦੀ ਦੱਸਦੀ ਹੁੰਦੀ, "ਤੇਰੀ ਮਾਂ ਤਾਂ ਹਰ ਕਿਸੇ ਦੇ ਦੁੱਖ ਨੂੰ ਆਪਣਾ ਦੁੱਖ ਬਣਾ ਲੈਂਦੀ ਐ।" ਤੇ ਫਿਰ ਉਹ ਇਕ ਘਟਨਾ ਦਾ ਜ਼ਿਕਰ ਕਰਦੀ।

ਇੱਕ ਔਰਤ ਸੀ 'ਹਾਜਰਾਂ'। 1947 ਦੇ ਦੰਗਿਆਂ 'ਚ ਉਹਦਾ ਪਤੀ ਮਾਰਿਆ ਗਿਆ। ਉਹ ਪਾਗਲ ਜਿਹੀ ਹੋ ਗਈ। ਉਹਦੇ ਪਤੀ ਦੀ ਸ਼ਕਲ ਭਾਪਾ ਜੀ ਨਾਲ ਬਹੁਤ ਮਿਲਦੀ ਸੀ। ਭਾਪਾ ਜੀ ਨੂੰ ਉਹ ਆਪਣਾ ਪਤੀ ਸਮਝ, ਰਾਹ ਜਾਂਦਿਆਂ ਘੇਰ ਲੈਂਦੀ। ਖਿੱਚ ਧੂ ਕਰਦਿਆਂ ਵਿਰਲਾਪ ਕਰਦੀ, "ਤੂੰ ਮੈਨੂੰ ਛੱਡ ਕੇ ਕਿੱਥੇ ਚਲਾ ਗਿਆ... ਘਰ ਕਦੋਂ ਆਵੇਂਗਾ !"

ਭਾਪਾ ਜੀ ਉਸ ਤੋਂ ਪਿੱਛਾ ਛੁਡਾਉਂਦੇ ਰਾਹ ਬਦਲ ਲੈਂਦੇ। ਪਰ ਉਹ ਔਰਤ ਉਸ ਰਾਹ 'ਤੇ ਬੈਠੀ ਰਹਿੰਦੀ, ਜਿੱਧਰੋਂ ਭਾਪਾ ਜੀ ਨੇ ਲੰਘਣਾ ਹੁੰਦਾ।

ਜਦ ਬੀਜੀ ਨੂੰ ਉਸ ਔਰਤ ਬਾਰੇ ਪਤਾ ਲੱਗਿਆ ਉਸ ਨੂੰ ਘਰ ਲੈ ਆਏ। ਬਹੁਤ ਸੇਵਾ ਕੀਤੀ। ਉਹਨੂੰ ਭਾਪਾ ਜੀ ਦੀ ਸੇਵਾ ਕਰਨ ਦਾ ਵੀ ਪੂਰਾ ਮੌਕਾ ਦਿੰਦੀ। "ਉਸ ਔਰਤ ਨਾਲ ਐਨਾ ਮੋਹ ਪਿਆਰ ਕਿਉਂ...?" ਬਾਕੀ ਸਾਰੇ ਹੈਰਾਨ ਹੁੰਦੇ ਸਨ।

ਜਦੋਂ ਭੇਦ ਖੁੱਲ੍ਹਿਆ ਤਾਂ ਪਤਾ ਲੱਗਾ ਕਿ ਉਸ ਪਾਗਲ ਔਰਤ ਦੇ ਪਿੰਡ ਦਾ ਬਸ਼ੀਮਾ ਬੀਜੀ ਦੇ ਪੇਕੇ ਪਿੰਡ ਦੇ ਨਾਲ ਲੱਗਦਾ ਸੀ।

ਹੁਣ ਮੈਂ ਕਈ ਵਾਰ ਸੋਚਦੀ ਹਾਂ ਕਿ ਆਪਣੇ ਪਤੀ ਪ੍ਰਤੀ ਕਿਸੇ ਦੂਸਰੀ ਔਰਤ ਦਾ ਲਗਾਅ ਕੋਈ ਔਰਤ ਕਿਵੇਂ ਸਹਿ ਸਕਦੀ ਹੈ। ਮੈਨੂੰ ਪੂਰਾ ਯਕੀਨ ਹੈ ਕਿ ਜੇਕਰ ਉਸ ਪਾਗਲ ਔਰਤ ਦੇ ਭਾਪਾ ਜੀ ਨਾਲ ਵਿਆਹ ਦੇ ਹਾਲਾਤ ਪੈਦਾ ਹੁੰਦੇ, ਤਾਂ ਬੀਜੀ ਨੇ ਇਸ ਵਰਤਾਰੇ ਨੂੰ ਵੀ ਪ੍ਰਵਾਨ ਕਰ ਲੈਣਾ ਸੀ।

ਬੀਜੀ ਚਿੱਟੀ ਸਲਵਾਰ ਤੇ ਗੂੜ੍ਹੇ ਰੰਗ ਦਾ ਕਮੀਜ਼ ਪਹਿਨਦੇ। ਵੱਡੇ ਵੱਡੇ ਝੁਮਕੀ ਵਾਲੇ ਕਾਂਟੇ ਪਾਉਂਦੇ। ਸਿਰ ਦੇ ਵਿਚਾਲੇ ਚੀਰ ਕੱਢ ਕੇ ਫੁੱਲ ਝੜੀਆਂ ਵਾਲਾ 'ਹੇਅਰ ਸਟਾਇਲ' ਬਣਾਉਂਦੇ। 'ਕੁੜਮਾ' ਦੇ ਜਾਣ ਵੇਲੇ ਚੁੰਨੀ ਉੱਪਰ 'ਦੋਹਰਨਾ' ਜੋੜ ਲੈਂਦੇ। ਘੱਗਰਾ ਪਾਉਂਦੇ। ਪਠਾਣੀਆਂ ਵਰਗੀ ਉਹਨਾਂ ਦੀ ਪਰਸਨੈਲਿਟੀ ਸੀ। ਗੱਲ ਬਾਤ ਐਨੀ ਵਧੀਆ ਤਰੀਕੇ ਨਾਲ ਕਰਦੇ ਕਿ ਸਾਨੂੰ ਸ਼ੱਕ ਹੋਣ ਲੱਗਦਾ, ਬੀਜੀ ਅਨਪੜ੍ਹ ਨਹੀਂ। ਮਸਲਾ ਚਾਹੇ ਗ਼ਮੀ ਦਾ ਹੋਵੇ ਜਾਂ ਖੁਸ਼ੀ ਦਾ ਉਹ ਬੜੀ ਅੱਛੀ ਤਰ੍ਹਾਂ ਹੈਂਡਲ ਕਰ ਲੈਂਦੇ।

ਇਸ ਦੌਰਾਨ ਵੱਡੀ ਭੈਣ ਬੀਜੀ ਦੀ 'ਸਹੇਲੀਆਂ ਵਰਗੀ ਧੀ' ਕਨੇਡਾ ਚਲੀ ਗਈ। ਬੀਜੀ ਉਹਨਾਂ ਨੂੰ ਯਾਦ ਕਰਕੇ ਰੋਂਦੇ ਤੇ ਗੀਤ ਗਾਉਂਦੇ ਸਨ।

ਕੱਤਣਾ, ਖਰੋਸ਼ੀਆ ਬੁਣਨਾ ਉਹਨਾਂ ਦਾ ਖਾਸ ਸ਼ੌਂਕ ਸੀ। ਦਾਜ ਦੀਆਂ ਦਰੀਆਂ ਦਾ ਸੂਤ ਕੱਤਦਿਆਂ ਉਹਨਾਂ ਨੇ ਅਕਸਰ ਕਈ ਲੋਕ-ਗੀਤ ਖੂਹ ਤੇ ਪਾਣੀ ਭਰੇਂਦੀਏ ਮੁਟਿਆਰੇ ਨੀ, ਪਾਣੀ ਦਾ ਘੁੱਟ ਪਿਲਾਅ ਬਾਂਕੀਏ ਨਾਰੇ ਨੀ।"

ਗੀਤ ਗਾਉਂਦਿਆਂ ਖ਼ਰੋਸ਼ੀਏ ਨਾਲ ਬੁਣ ਬੁਣ ਕੇ ਮੇਜ ਪੋਸ਼, ਸ਼ਾਲ, ਗਲੀਚੇ ਘਰ ਨੂੰ ਸਜਾਉਂਦੇ ਰਹਿੰਦੇ।

ਰਿਸ਼ਤੇ ਵਗੈਰਾ ਵੀ ਉਹੀ ਵੇਖਦੇ। ਭਾਪਾ ਜੀ ਲਈ ਇਹ 'ਬੋਰਿੰਗ ਸਬਜੈਕਟ'' ਸੀ। ਬੀਜੀ ਬੜਾ ਖਿਝਦੇ ਕਿ ਭਾਪਾ ਜੀ ਰਿਸ਼ਤੇ ਵਗੈਰਾ ਕਰਨ 'ਚ ਰੁਚੀ ਕਿਉਂ ਨਹੀਂ ਰੱਖਦੇ।

ਬੀਜੀ ਦੀ ਰੁਚੀ ਬੇਹੱਦ ਧਾਰਮਿਕ ਹੋਣ ਕਰਕੇ ਉਹਨਾਂ ਨੂੰ ਆਪਣੇ ਪੁੱਤਰਾਂ ਦਾ ਕਮਿਊਨਿਸਟ ਹੋਣਾ

ਪਸੰਦ ਨਹੀਂ ਸੀ। ਭਰਾ ਅਮਰ ਕ੍ਰਾਂਤੀਕਾਰੀ ਕਵਿਤਾਵਾਂ ਲਿਖਦਾ ਤੇ ਸਾਹਿਤ ਪੜ੍ਹਦਾ ਸੀ। ਬੀਜੀ ਉਹਨੂੰ ਧਾਰਮਿਕ ਕੰਮਾਂ ਵਿਚ ਰੁਚੀ ਰੱਖਣ ਲਈ ਪ੍ਰੇਰਦੇ। ਪਰ ਉਸ ਲਈ ਇਹ ਸਭ ਵਿਅਰਥ ਸੀ। ਬੀਜੀ ਅਕਸਰ ਗਿਲਾ ਕਰਦੇ, "ਚੱਕੇ ਨੇ ਕਮਨਿਸਟੀ ਦੇ...।'

ਇਕ ਦਿਨ ਪੁਲਿਸ ਸਵੇਰੇ ਸਵੇਰੇ ਸਾਡੇ ਘਰ ਆ ਪਹੁੰਚੀ। ਇਧਰ ਭਾਪਾ ਜੀ ਪੁਲਿਸ ਨੂੰ ਕਹਿਣ ਲੱਗੇ ਕਿ ਅਮਰ ਘਰ ਨਹੀਂ। ਜਦੋਂ ਬੀਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਉਂਦਿਆਂ ਹੀ ਉਹ ਪੁਲਿਸ ਨੂੰ ਸੰਬੋਧਨ ਹੋਏ,'ਤੁਸੀਂ ਬੈਠੋ ਜੀ... ਚਾਹ ਪਾਣੀ ਪੀਓ।' ਤੇ ਫਿਰ ਘਰ ਅੰਦਰ ਜਿੱਥੇ ਅਮਰ ਮੌਜੂਦ ਸੀ, ਵੱਲ ਰੁਖ ਮੋੜਦਿਆਂ ਕਹਿਣ ਲੱਗੇ," ਆ ਜਾ ਹੁਣ ਬਾਹਰ ਭਗਤ ਸਿੰਘ ਵਾਲੇ ਚਾਅ ਪੂਰੇ ਕਰਲੈ ਆਪਣੇ।"

ਬੀਜੀ ਐਨੇ ਧਾਰਮਿਕ ਸਨ ਕਿ ਸਭ ਨੂੰ ਧਿਆਉਂਦੇ ਰਹਿੰਦੇ। ਦੇਣੋਵਾਲ ਵਾਲਾ ਪੀਰ, ਬਾਬਾ ਬਾਲਕ ਨਾਥ, ਖ਼ੁਆਜਾ ਪੀਰ ਨੂੰ ਵੀ ਮੰਨਦੇ ਤੇ ਅਖੰਡ ਪਾਠ ਵੀ ਕਰਵਾਉਂਦੇ। ਕੰਜਕਾਂ ਬਿਠਾਉਂਦੇ ਤੇ ਜੱਗ ਵੀ ਕਰਦੇ। ਸੂਈ ਕੁੱਤੀ ਨੂੰ ਰੋਟੀ ਪਾਉਂਦੇ। ਜਿਸ ਨਾਲ ਉਹ ਖਾਸ ਮੋਹ ਰੱਖਦੇ।

ਘਰ 'ਚੋਂ ਕਿਸੇ ਮੈਂਬਰ ਨੇ ਜਹਾਜ ਚੜ੍ਹਨਾ ਜਾਂ ਉਤਰਨਾ ਹੁੰਦਾ ਤਾਂ ਉਹ ਖ਼ੁਆਜਾ ਪੀਰ ਦੀ ਪੂਜਾ ਸ਼ੁਰੂ ਕਰ ਦਿੰਦੇ। ਖੂਹ ਅਤੇ ਨਲਕੇ ਉੱਪਰ ਦੀਵੇ ਜਗਾਉਂਦਿਆਂ ਉਹਨਾਂ ਬੇਨਤੀ ਕਰਨੀ, "ਹੇ ਖ਼ੁਆਜਾ ਪੀਰ ! ਸੱਤ ਸਮੁੰਦਰ ਤੋਂ ਉੱਪਰ ਉਡਣ ਵਾਲਾ ਯਾਤਰੀ ਸੁੱਖੀ-ਸਾਂਦੀ ਆਵੇ-ਜਾਵੇ।"

ਅਸੀਂ ਬਹੁਤ ਹੱਸਣਾ। ਸਭ ਤੋਂ ਜਿਆਦਾ ਮੈਂ ਹੀ ਹੱਸਦੀ ਤੇ ਮਜਾਕ ਉਡਾਉਂਦੀ। ਪਰ ਇਹ ਹਾਸਾ ਉਸ ਵਕਤ ਖ਼ਾਮੋਸ਼ ਹੋ ਗਿਆ, ਜਦ ਮੈਂ ਇੰਗਲੈਂਡ ਲਈ ਜਹਾਜ ਚੜ੍ਹੀ। ਜਿਉਂ ਹੀ ਜਹਾਜ ਨੇ ਉਡਾਰੀ ਭਰੀ ਮੇਰਾ ਦਿਲ ਬੁਰੀ ਤਰ੍ਹਾਂ ਦਹਿਲ ਗਿਆ। ਮੈਂ ਖਿੜਕੀ 'ਚੋਂ ਬਾਹਰ ਦੇਖਣ ਦੀ ਕੋਸ਼ਿਸ਼ ਕੀਤੀ। ਬੀਜੀ ਦੁਆਰਾ ਖੂਹ ਉੱਪਰ ਜਗਾਏ ਦੀਵਿਆਂ ਦਾ ਖਿਆਲ ਆਇਆ। ਉਸੇ ਸਮੇਂ ਬੀਜੀ ਦੁਆਰਾ ਕੀਤੀ ਪ੍ਰਾਰਥਨਾ ਨੂੰ ਯਾਦ ਕਰ ਮੇਰਾ ਮਨ ਸਹਿਜ ਹੋ ਗਿਆ। ਆਪਣੇ ਆਪ ਨੂੰ ਉਹਨਾਂ ਦੀਵਿਆਂ ਦੀ ਰੌਸ਼ਨੀ 'ਚ ਬੈਠੀ ਮਹਿਸੂਸ ਕੀਤਾ। ਇਕ ਅਨੋਖੀ ਸ਼ਕਤੀ ਦਾ ਅਹਿਸਾਸ ਹੋਇਆ। ਹੁਣ ਉਹੀ ਪ੍ਰਾਰਥਨਾ ਮੇਰੇ ਲਈ 'ਸੁਰੱਖਿਆ ਕਵਚ' ਬਣ ਗਈ ਸੀ। ਮੈਂ ਸੋਚਣ ਲੱਗੀ, "ਕੀ ਦੁਨੀਆਂ ਦੀ ਕੋਈ ਤਾਕਤ ਕਿਸੇ ਜਹਾਜ ਚੜ੍ਹਨ ਵਾਲੇ ਯਾਤਰੀ ਨੂੰ ਇਹੋ ਜਿਹੀ ਸਕਿਉਰਿਟੀ ਦਾ ਅਹਿਸਾਸ ਕਰਵਾ ਸਕਦੀ ਹੈ, ਜਿਸ ਸਕਿਉਰਿਟੀ ਦਾ ਅਹਿਸਾਸ ਮੈਨੂੰ ਮਾਂ ਦੁਆਰਾ ਜਗਾਏ ਦੀਵਿਆਂ ਦੀ ਜਗਮਗਾਹਟ ਵਿਚ ਹੋਇਆ ਸੀ।"

ਇਸ ਤਰ੍ਹਾਂ ਮੈਂ ਬੀਜੀ ਤੋਂ 14 ਸਾਲ ਲਈ ਵਿਛੜ ਗਈ। ਨਾ ਫੋਨ, ਨਾ ਕੋਈ ਗੱਲ ਬਾਤ। ਸਿਰਫ ਚਿੱਠੀਆਂ ਰਾਹੀਂ ਰਾਬਤਾ ਕਾਇਮ ਰਿਹਾ। ਪਰ ਉਹਨਾਂ ਦੁਆਰਾ ਮੈਨੂੰ ਦਿੱਤੀਆਂ ਨਸੀਹਤਾਂ ਕਹਾਵਤਾਂ, ਮੁਹਾਵਰੇ, ਜਿਨ੍ਹਾਂ ਨੇ ਮੇਰੀ ਜ਼ਿੰਦਗੀ 'ਚ ਅਹਿਮ ਰੋਲ ਅਦਾ ਕੀਤਾ ਮੇਰੇ ਅੰਗ ਸੰਗ ਰਹੀਆਂ।

ਮੈਂ ਭੋਲੀ-ਭਾਲੀ 19 ਸਾਲ ਦੀ ਅਲ੍ਹੜ ਮੁਟਿਆਰ 'ਡਾਰ 'ਚੋਂ ਵਿਛੜੀ ਕੂੰਜ ਪਰਦੇਸ਼ ਵਿਚ ਲੰਡਨ ਦੀ ਜੂਅ 'ਚ ਖੜ੍ਹੀ ਸੀ। ਮੁਸੀਬਤਾਂ ਦਾ ਵੱਡਾ ਪਹਾੜ ਮੇਰੇ ਸਾਹਮਣੇ ਸੀ। ਇਸ ਓਪਰੀ ਧਰਤੀ 'ਤੇ ਮੈਂ ਆਪਣਿਆਂ ਤੇ ਬਿਗਾਨਿਆਂ ਹੱਥੋਂ ਬਹੁਤ ਸੰਤਾਪ ਹੰਢਾਇਆ। ਇਹਨਾਂ ਬੇਅਕਲ, ਅਨਪੜ੍ਹ ਤੇ ਸ਼ਰਾਬੀ ਲੋਕਾਂ 'ਚੋਂ ਇਕ ਸੀ ਮੇਰਾ ਮਤਰੇਆ ਭਰਾ। ਜੋ ਹਰ ਗੱਲੋਂ ਮੇਰੇ ਵਿਰੋਧ ਵਿਚ ਖੜ੍ਹਦਾ। ਉਹਨੂੰ ਆਪਣੇ ਬਾਰੇ ਬੜੀ ਗਲਤ ਫਹਿਮੀ ਸੀ ਕਿ ਉਹ ਬਹੁਤ ਸਮਝਦਾਰ ਤੇ ਇਕ ਚੰਗਾ ਕਮੇਡੀਅਨ ਹੈ ਪਰ ਉਹ ਹੈ ਨਹੀਂ ਸੀ। ਉਹ ਪੈੱਗ ਲਾ ਕੇ ਮੈਨੂੰ ਬੋਰ ਕਰਦਾ ਤੇ ਸੂਲਾਂ ਵਾਂਗ ਭਾਸ਼ਣ ਦਿੰਦਾ। ਅਸਲ ਵਿਚ ਉਹ ਆਪਣੀ ਜ਼ਿੰਦਗੀ ਵਿਚ ਇਕ ਨਕਾਮ ਬੰਦਾ ਸੀ। ਨਕਾਮ ਬੰਦੇ ਦੀ ਫ਼ਿਤਰਤ ਹੁੰਦੀ ਹੈ ਕਿ ਉਹ ਆਪਣੀ ਨਕਾਮੀ ਦੀ ਭੜਾਸ ਦੂਸਰਿਆਂ ਨੂੰ ਦੋਸ਼ ਦੇ ਕੇ ਕੱਢਦਾ ਹੈ। ਇਵੇਂ ਹੀ ਉਹ ਹਰ ਵੇਲੇ ਭਾਪਾ ਜੀ ਵਿਚ ਦੋਸ਼ ਕੱਢਦਾ। ਉਹਨਾਂ ਨੂੰ ਭਾਪਾ ਜੀ ਨਹੀਂ ਸਰਦਾਰ ਜੀ ਕਹਿ ਕੇ ਬੁਲਾਉਂਦਾ। ਉਹ ਬੰਦੇ ਨੂੰ ਦੋਸ਼ ਦਿੰਦਾ ਜਿਹੜਾ ਆਪਣੀ ਜ਼ਿੰਦਗੀ



ਦੇ ਹਰ ਖੇਤਰ ਵਿਚ ਕਾਮਯਾਬ ਅਫਸਰ ਸੀ। ਦੁਨੀਆਂ ਉਹਨਾਂ ਨੂੰ ਸਲੂਟ ਮਾਰਦੀ ਸੀ। ਮਤਰੇਅ ਭਰਾ ਦਾ ਵੱਡਾ ਮੁੰਡਾ, ਜਿਹਨੂੰ ਇਲ੍ਹ ਤੇ ਕੁੱਕੜ ਨਹੀਂ ਸੀ ਆਉਂਦਾ। ਰਜਨੀ ਕਾਂਤ ਵਾਂਗ ਅੱਖਾਂ ਉੱਪਰ ਨੂੰ ਚਾੜ੍ਹ ਕੇ ਕਹਿੰਦਾ, "ਇਹ ਇੰਗਲੈਂਡ ਹੈ... ਇਥੇ ਏਦਾਂ ਨਹੀਂ ਹੁੰਦਾ, ਉਦਾਂ ਨਹੀਂ ਹੁੰਦਾ।"

"ਜਿਸ ਤਨ ਲਾਗੇ ਸੋ ਤਨ ਜਾਣੇ।" ਇਹ ਗੱਲਾਂ ਬੀਜੀ ਖ਼ਤ 'ਚ ਲਿਖਦੇ ਤੇ ਮੇਰੇ ਕੰਨਾਂ 'ਚ ਗੂੰਜਦੀਆਂ ਰਹਿੰਦੀਆਂ।

ਮੇਰੇ ਹਾਲਾਤ ਮੇਰੇ ਹੱਕ 'ਚ ਨਹੀਂ ਸਨ। ਮਤਰੇਆ ਭਰਾ ਹਾਲਾਤ ਸਮਝੇ ਵਗੈਰ ਆਪਣੀ ਗ਼ਲਤ-ਮਤਲ ਜੱਜਮੈਂਟ ਦੇ ਕੇ ਆਪਣੀ ਮੂਰਖਤਾਈ ਦਾ ਸਬੂਤ ਦਿੰਦਾ। ਭਾਬੀ ਇਨਸਾਫ ਦੀ ਗੱਲ ਕਰਦੀ ਤਾਂ ਉਸਨੂੰ ਇਹ ਕਹਿ ਕੇ ਚੁੱਪ ਕਰਾ ਦਿੰਦਾ , "ਤੇਰੇ ਨਾਲੋਂ ਮੈਨੂੰ ਜਿਆਦਾ ਅਕਲ ਹੈ।" ਤੇ ਫਿਰ ਉਹ ਵੀ ਪਤੀ ਦੀਆਂ ਨਜ਼ਰਾਂ ਵਿਚ ਅਕਲਮੰਦ ਤੇ ਚੰਗੀ ਬਣਨ ਲਈ ਮੇਰੇ ਖ਼ਿਲਾਫ਼ ਗੱਲ ਕਰਦੀ। ਅਖੀਰ ਜਦੋਂ ਉਹਨਾਂ ਦੀ ਆਪਣੀ ਬੇਟੀ ਜਿੰਨ੍ਹਾ ਦੀ ਸ਼ਾਨ 'ਚ ਉਹ ਕਸੀਦੇ ਕੱਢਦੇ ਨਹੀਂ ਸੀ ਥੱਕਦੇ, ਨਾਲ ਬਿਲਕੁਲ ਸੇਮ ਪਰੌਬਲਮ ਹੋਈ ਤਾਂ ਉਹਨਾਂ ਨੂੰ ਸਾਰੀਆਂ ਗੱਲਾਂ ਦੇ ਜਵਾਬ ਮਿਲ ਗਏ।

ਇਹ ਮੇਰੀ ਜ਼ਿੰਦਗੀ ਦਾ ਉਹ ਸਮਾਂ ਸੀ ਜਦੋਂ ਮੈਂ ਮਾਨਸਿਕ ਤੌਰ 'ਚੇ ਸਭ ਤੋਂ ਵੱਧ ਡਿਸਟਰਬ ਹੋਈ। ਰਿਸ਼ਤਿਆਂ ਦਾ ਘਿਨਾਉਣਾ ਰੂਪ ਮੇਰੇ ਸਾਹਮਣੇ ਸੀ। ਮੇਰੀ ਬੜੀ ਇੱਛਾ ਹੋਈ ਕਿ ਭਰਾ ਇਕ ਵਾਰ ਪਿਆਰ ਭਰਿਆ ਹੱਥ ਮੇਰੇ ਸਿਰ 'ਤੇ ਰੱਖ ਕੇ ਕਹੇ, "ਕੋਈ ਨੀ ਭੈਣ ... ਤੂੰ ਫ਼ਿਕਰ ਨਾ ਕਰ... ਮੈਂ ਹੈਗਾਂ...।" ਪਰ ਪਿਆਰ ਦਾ ਇਹ ਸੁਖਦ ਅਹਿਸਾਸ ਮੈਨੂੰ ਨਸੀਬ ਨਾ ਹੋਇਆ।

ਜ਼ਿੰਦਗੀ ਮੇਰੇ ਲਈ ਮੁਸੀਬਤ ਬਣ ਗਈ ਸੀ।

"ਮੁਸੀਬਤ ਵਿਚ ਹਿੰਮਤ ਨਹੀਂ ਹਾਰਨੀ ਚਾਹੀਦੀ।"

"ਜ਼ਿੰਦਗੀ ਕਦੇ ਰੁਕਦੀ ਨਹੀਂ।"

ਕੋਈ ਵੇਲਾ ਕਮਾਉਣ ਦਾ ਤੇ ਕੋਈ ਵੇਲਾ ਬੈਠ ਕੇ ਖਾਣ ਦਾ ਹੁੰਦਾ ਹੈ।"

"ਜਦ ਤੱਕ ਬੰਦੇ ਕੋਲ ਆਪਣਾ ਘਰ ਨਾ ਹੋਵੇ ਉਦੋਂ ਤੱਕ ਕੋਈ ਫ਼ਜ਼ੂਲ ਖਰਚ ਨਹੀਂ ਕਰਨਾ।"

ਇਹ ਗੱਲਾਂ ਬੀਜੀ ਨੇ ਮੈਨੂੰ ਰਾਹ 'ਚ ਦਿੱਲੀ ਏਅਰਪੋਰਟ ਵੱਲ ਜਾਂਦਿਆਂ ਕਹੀਆਂ ਸਨ। ਇਹਨਾਂ ਗੱਲਾਂ ਨੇ ਜਿੱਥੇ ਇਕ ਪਾਸੇ ਮੈਨੂੰ ਹੌਸਲਾ ਦਿੱਤਾ, ਉੱਥੇ ਮੈਨੂੰ ਮਾਨਸਿਕ ਤੌਰ 'ਤੇ ਵੀ ਸੰਭਾਲੀ ਰੱਖਿਆ । ਮੈਂ ਵੀ ਇਨ੍ਹਾਂ ਗੱਲਾਂ ਨੂੰ ਆਪਣੀ ਜ਼ਿੰਦਗੀ ਵਿਚ ਲਾਗੂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।

ਬੀਜੀ ਸਭ ਤੋਂ ਵੱਧ ਵਿਰੋਧ ਫ਼ਜ਼ੂਲ ਖਰਚੀ ਦਾ ਕਰਦੇ ਸਨ। ਬਚਪਨ ਦਾ ਉਹ ਦ੍ਰਿਸ਼ ਹਮੇਸ਼ਾ ਮੈਨੂੰ ਯਾਦ ਰਹਿੰਦਾ ਹੈ। ਉਸ ਸਮੇਂ ਮੈਂ ਬਜਾਹ ਗਈ। ਮੈਂ ਤੇ ਬਿਜੀ ਇਕ ਦੁਕਾਨ 'ਚ ਬੈਠੇ ਸਾਂ। ਸਾਹਮਣੇ ਘਰੋਂ ਇਕ ਬਹੁਤ ਹੀ ਖੂਬਸੂਰਤ ਔਰਤ ਗਹਿਣਿਆਂ ਤੇ ਮੇਕਅੱਪ ਨਾਲ ਸਜੀ ਹੱਥ 'ਚ ਭਾਂਡਾ ਚੁੱਕੀ ਬਾਹਰ ਨਿਕਲੀ। ਘਰ 'ਚ ਨਲਕਾ ਨਾ ਹੋਣ ਕਰਕੇ ਉਹ ਬਾਹਰ ਨਲਕੇ ਤੋਂ ਪਾਣੀ ਭਰਨ ਆਈ ਸੀ। ਉਹਨੂੰ ਦੇਖਦਿਆਂ ਹੀ ਬੀਜੀ ਕਹਿਣ ਲੱਗੇ, "ਲੱਗਦੀਆਂ ਸ਼ੌਕੀਨਾ ਦੀਆਂ... ਸ਼ੌਕੀਨੀ ਦਾ ਤਾਂ ਬਥੇਰਾ ਚੱਜ ਐ... ਘਰ 'ਚ ਪਹਿਲਾਂ ਨਲਕਾ ਨੀ ਲਗਵਾ ਸਕਦੀ।"

ਇਹ ਬੀਜੀ ਦਾ ਹੀ ਪ੍ਰਭਾਵ ਸੀ ਕਿ ਇਕ ਘਰ ਤਾਂ ਕੀ ਕਈ ਘਰ ਖਰੀਦੇ ਤੇ ਘਰਾਂ ਦਾ ਚੰਗਾ ਖ਼ਾਸਾ ਬਿਜਨਸ ਖੜ੍ਹਾ ਕੀਤਾ।

ਮੈਥੋਂ ਛੋਟੀ ਭੈਣ ਦਾ ਵਿਆਹ ਪੰਜਾਬ 'ਚ ਕਰਕੇ ਬੀਜੀ, ਭਾਪਾ ਜੀ, ਛੋਟੇ ਭਰਾ ਤੇ ਛੋਟੀ ਭੈਣ ਕਨੇਡਾ ਚਲੇ ਗਏ। ਅੱਠ ਸਾਲ ਬਾਅਦ ਫਿਰ ਦੋਵੇਂ ਸਹੇਲੀਆਂ (ਵੱਡੀ ਭੈਣ ਜੀ ਤੇ ਬੀਜੀ) ਕੈਨੇਡਾ ਦੀ ਧਰਤੀ ਉੱਪਰ ਇਕੱਠੀਆਂ ਹੋ ਗਈਆਂ। ਛੋਟੀ ਭੈਣ ਬੇਵੀ ਦਾ ਪ੍ਰਾਹੁਣਾ ਸੁਖਵਿੰਦਰ ਤਾਂ ਉਹਨਾਂ ਨੂੰ 'ਅਤਰੋ ਚਤਰੋ'

ਕਹਿ ਕੇ ਸੱਦਦਾ।

ਪਹਿਲਾਂ ਤਾਂ ਕੁਝ ਹਫ਼ਤੇ ਭੈਣ ਜੀ ਦੇ ਘਰ ਰਹੇ ਫਿਰ ਆਪਣੀ ਬੇਸਮੈਂਟ ਕਿਰਾਏ 'ਤੇ ਲੈ ਲਈ।

ਕਨੇਡਾ 'ਚ ਗਰਮੀਆਂ ਦੇ ਦਿਨਾਂ 'ਚ ਫਾਰਮਾ 'ਚ 'ਬੇਰੀ ਤੋੜਨ' ਦਾ ਕੰਮ ਬਹੁਤ ਹੁੰਦਾ ਹੈ। ਨਵੇਂ ਗਏ ਬਹੁਤੇ ਪਰਿਵਾਰ ਇਨ੍ਹਾਂ ਫਾਰਮਾਂ 'ਚ ਹੀ ਕੰਮ ਕਰਦੇ ਹਨ। ਬੀਜੀ ਨੇ ਬੇਰੀ ਤੋੜਨ ਦੀ ਜਿੱਦ ਫੜ ਲਈ। ਪਰਿਵਾਰ ਸਹਿਮਤ ਨਹੀਂ ਸੀ। ਕਿਉਂਕਿ ਉਹਨੇ ਸਾਰੀ ਉਮਰ ਅਫ਼ਸਰ ਦੀ ਪਤਨੀ ਬਣ ਕੇ ਰਾਜ ਕੀਤਾ ਸੀ। ਭਾਪਾ ਜੀ ਵੀ ਇਸ ਗੱਲ ਦੇ ਵਿਰੁਧ ਸਨ। ਬੀਜੀ ਆਪਣੀ ਦਲੀਲ ਪੇਸ਼ ਕਰਦੇ, "ਮਾਹਲਪੁਰ ਵਾਲਾ ਥਾਣੇਦਾਰ ਵੀ ਜਾਂਦਾ ਬੇਰੀ ਤੋੜਨ... ਆਪਣੇ ਪਰਿਵਾਰ ਨਾਲ। ਮੈਂ ਬੱਚਿਆਂ ਦੀ ਹੈਲਪ ਕਰਨੀ ਆ ਸੈੱਟ ਕਰਨਾ ਇਨ੍ਹਾਂ ਨੂੰ।"

ਬੀਜੀ ਨੇ ਕਈ ਸੀਜਨ ਫਾਰਮਾਂ 'ਚ ਕੰਮ ਕੀਤਾ ਤੇ ਸੈਟਲ ਹੋਣ ਲਈ ਆਪਣਾ ਯੋਗਦਾਨ ਪਾਇਆ।

ਛੇਤੀ ਹੀ ਪਰਿਵਾਰ ਕੋਲ ਮਹਿਲ ਵਰਗਾ ਘਰ ਸੀ। ਗੱਡੀਆਂ ਸਨ। ਛੋਟੀ ਭੈਣ ਬੇਵੀ ਦਾ ਵਿਆਹ ਕਰ ਦਿੱਤਾ ਸੀ।

ਬੀਜੀ ਤੇ ਭੈਣ ਜੀ ਸਾਰੇ ਪਾਸੇ ਇਕੱਠੀਆਂ ਹੀ ਜਾਂਦੀਆਂ। ਕੀ ਸਿਨਮਾ, ਕੀ ਸੋਪਿੰਗ ਸੈਂਟਰ, ਕੀ ਗੁਰਦੁਆਰਾ, ਕੀ ਹਸਪਤਾਲ।

ਬੀਜੀ ਪੋਰਟ ਅਲਬਰਨੀ ਰਹਿੰਦੇ ਪੁੱਤਰ ਦਾ ਝੋਰਾ ਬਹੁਤ ਕਰਦੇ ਸਨ। ਇਕ ਤਾਂ ਉਹਦਾ 18 ਸਾਲਾ ਮੁੰਡਾ 'ਬੌਬੀ' ਅਚਾਨਕ ਪੂਰਾ ਹੋ ਗਿਆ ਸੀ, ਦੂਸਰਾ ਉਹਦੀ ਵਹੁਟੀ ਬਹੁਤ ਰੁੱਖੇ ਤੇ ਖੁਸ਼ਕ ਸੁਭਾਅ ਦੀ ਤੀਵੀਂ ਸੀ।

ਬੀਜੀ ਸਮਾਜਿਕ ਲੈਣ ਦੇਣ ਦਾ ਵੀ ਉਧਾਰ ਨਾ ਰੱਖਦੇ। ਸਕਾਟਲੈਂਡ (ਯੂ. ਕੇ.) ਰਹਿੰਦੇ ਪੋਤੇ ਦੇ ਘਰ 12 ਸਾਲਾਂ ਬਾਅਦ ਮੁੰਡਾ ਹੋਇਆ ਤਾਂ ਬੀਜੀ ਨੇ ਖੁਸ਼ ਹੋ ਕੇ ਉਸਨੂੰ ਡਾਕ ਵਿੱਚ ਸੋਨੇ ਦਾ ਕੜਾ ਪੋਸਟ ਕਰ ਦਿੱਤਾ।

ਮੇਰਾ 'ਬਣਵਾਸ' 14 ਸਾਲਾਂ ਬਾਅਦ ਖ਼ਤਮ ਹੋਇਆ ਤਾਂ ਮੈਂ ਉਹਨਾਂ ਨੂੰ ਜਾ ਮਿਲੀ। ਭੈਣ ਭਰਾ ਜਵਾਨ ਹੋ ਗਏ ਸਨ। ਮਾਂ ਬਾਪ ਬਜ਼ੁਰਗ। ਮੈਂ ਤਿੰਨ ਬੱਚਿਆਂ ਦੀ ਮਾਂ। ਮੇਰੇ ਪਤੀ ਬੀਜੀ ਤੋਂ ਬਹੁਤ ਪ੍ਰਭਾਵਿਤ ਹੋਏ ਕਹਿੰਦੇ, ਬੀਜੀ ਤਾਂ ਹਮੇਸ਼ਾ ਚੜ੍ਹਦੀ ਕਲਾ 'ਚ ਰਹਿੰਦੇ ਨੇ।" ਤੇ ਬੀਜੀ ਉਹਨਾਂ ਦੀ ਤਾਰੀਫ ਕਰਦੇ, "ਗੁਰਦੀਪ ਸਿਉਂ ਵਰਗਾ ਕੀਹਨੇ ਬਣ ਜਾਣਾ। ਇਹ ਤਾਂ ਮੇਰਾ ਸਤਜੁਗੀਆਂ ਜਵਾਈ ਐ।"

ਬੀਜੀ ਦਾ ਪਰਿਵਾਰਕ ਰਾਜ ਦਰਬਾਰ ਵੇਖ ਕਈਆਂ ਨੂੰ ਰਸ਼ਕ ਹੁੰਦਾ। ਉਹ ਪੂਰੇ ਪਰਿਵਾਰ ਵਿਚ ਏਕਤਾ ਬਣਾਈ ਰੱਖਦੇ। ਸਾਰੇ ਭੈਣ ਭਰਾਵਾਂ ਤੇ ਨੂੰਹਾਂ ਪੁੱਤਾਂ ਨੂੰ ਬਰਾਬਰ ਦਾ ਪਿਆਰ ਦਿੰਦੇ। ਘਰ 'ਚ ਹਰ ਰੋਜ ਮਹਿਫ਼ਲਾਂ ਲੱਗਦੀਆਂ, ਪਾਰਟੀਆਂ ਤੇ ਜਸ਼ਨ ਚੱਲਦੇ। ਚਾਰੇ ਪਾਸੇ ਖੁਸ਼ੀਆਂ ਦਾ ਆਲਮ ਸੀ। ਪਰ ਇਕ ਦਿਨ ਬੀਜੀ ਗੈਲਰੀ 'ਚ ਬੈਠੇ ਰੋ ਰਹੇ ਸਨ। ਮੈਂ ਰੋਣ ਦਾ ਕਾਰਨ ਪੁੱਛਿਆ ਤਾਂ ਬੀਜੀ ਬੜੀ ਉਦਾਸ ਸੁਰ ਵਿਚ ਕਹਿਣ ਲੱਗੇ, "ਸਾਰਾ ਪੰਜਾਬ ਕਨੇਡਾ ਆਈ ਜਾਂਦਾ। ਇਕ ਮੇਰਾ ਮਾਸੀ ਦਾ ਪੋਤਾ ਈ ਨਹੀਂ ਆ ਸਕਦਾ। ਉਹਦੀਆਂ ਸੱਤ ਕੁੜੀਆਂ ਹਨ। ਵਿਚਾਰਾ ਕੋਸ਼ਿਸ਼ ਕਰਦਾ ਹੈ। ਪਰ ਐਧਰੋਂ ਉਹਨੂੰ ਮੰਗਵਾਉਣ ਦੀ ਕੋਈ ਕੋਸ਼ਿਸ਼ ਨਹੀਂ ਕਰਦਾ। ਤੂੰ ਨਹੀਂ ਉਹਨੂੰ ਮੰਗਵਾ ਸਕਦੀ?"

ਬੀਜੀ ਅੰਦਰ ਛੁਪੇ ਦਰਦ ਨੂੰ ਦੇਖ ਮੈਂ ਹੈਰਾਨ ਰਹਿ ਗਈ। ਉਹਦੇ ਦਿਲ ਦੇ ਕਿਸੇ ਕੋਨੇ 'ਚ 'ਮਾਸੀ ਦੇ ਪੋਤੇ' ਲਈ ਕਿੰਨਾ ਦਰਦ ਸੀ।

ਇਕ ਦਿਨ ਬੀਜੀ ਆਪਣੇ ਸ਼ਾਇਰ ਪੁੱਤਰ ਅਮਰ ਨੂੰ ਪੁੱਛਣ ਲੱਗੀ। "ਕੀ ਲਿਖੀ ਜਾਨੈ... ਮੈਨੂੰ ਪੜ੍ਹ ਕੇ ਤਾਂ ਸੁਣਾ।"



"ਬਿਜੀ ਇਹ ਖੁੱਲ੍ਹੀ ਕਵਿਤਾ।"

"ਸੁਣਾ ਦੇ ਫਿਰ ਦੇਖਾਂ ਕਿੰਨੀ ਕੁ ਖੁੱਲ੍ਹੀ ਆ।"

ਹਾਜਰ-ਜਵਾਬ ਏਨੀ ਕਿ ਹਰ ਗੱਲ ਦਾ ਜਵਾਬ ਉਹਨਾਂ ਕੋਲ ਘੜਿਆ ਘੜਾਇਆ ਹੁੰਦਾ। ਇਕ ਵਾਰ ਉਹ ਇੰਗਲੈਂਡ ਆਏ ਹੋਏ ਸਨ। ਅਸੀਂ ਕਾਰ 'ਚ ਜਾ ਰਹੀਆਂ ਸੀ। ਸਾਹਮਣੇ ਆਉਂਦੀ ਗੱਡੀ ਨੂੰ ਸਾਈਡ ਦੇਣ ਦੇ ਚੱਕਰ 'ਚ ਮੇਰੀ ਗੱਡੀ ਕਾਰ ਤੇ ਜਾ ਚੜ੍ਹੀ ਤੇ ਲੈਂਪ ਪੋਸਟ ਵਿਚ ਜਾ ਲੱਗੀ। ਲੈਂਪ ਪੋਸਟ ਵਿੰਗਾ ਹੋ ਗਿਆ। ਕੋਲ ਦੀ ਲੰਘ ਰਿਹਾ ਇਕ ਅੰਗਰੇਜ਼ ਗੁੱਸੇ ਵਿਚ ਲਾਲ ਹੁੰਦਾ ਬੋਲਿਆ, "ਤੁਸੀਂ ਇੰਡੀਅਨ, ਬ੍ਰਿਟਿਸ਼ ਸੰਪਤੀ ਨੂੰ ਖਰਾਬ ਕਰ ਰਹੇ ਹੋ। ਕਿੰਨਾ ਨੁਕਸਾਨ ਹੋ ਗਿਆ।"

"ਕੀ ਕਹਿੰਦਾ ਹੈ...?" ਬੀਜੀ ਨੇ ਮੈਨੂੰ ਪੁੱਛਿਆ।

ਮੈਂ ਬੀਜੀ ਨੂੰ ਅੰਗਰੇਜ਼ ਦੀ ਕਹੀ ਗੱਲ ਪੰਜਾਬੀ ਵਿਚ ਦੱਸੀ। ਗੱਲ ਸੁਣਦਿਆਂ ਹੀ ਉਹਨੇ ਠਾਹ ਕਰਕੇ ਡਾਇਲਾਗ ਮਾਰਿਆ, "ਸ਼ਿੰਦਰ ਇਹਨੂੰ ਦੱਸਦੇ ਕਿ ਇਹ ਸਾਰੀ ਬ੍ਰਿਟਿਸ਼ ਸੰਪਤੀ ਤੁਸੀਂ ਸਾਡੇ ਇੰਡੀਆ ਨੂੰ ਲੁੱਟ ਕੇ ਹੀ ਬਣਾਈ ਹੋਈ ਹੈ।"

ਮੈਂ ਉਸੇ ਤਰ੍ਹਾਂ ਹੀ ਅੰਗਰੇਜ਼ ਨੂੰ ਬੀਜੀ ਦਾ ਜੁਆਬ ਸੁਣਾ ਦਿੱਤਾ। ਉਹ ਬੁੜ ਬੁੜ ਕਰਦਾ ਚਲਾ ਗਿਆ। ਪਰ ਮੈਨੂੰ ਬੜੀ ਹੈਰਾਨੀ ਹੋਈ ਕਿ ਐਦਾਂ ਦਾ ਜਵਾਬ ਤਾਂ ਸ਼ਾਇਦ ਕੋਈ ਹਿੰਦੁਸਤਾਨ ਦਾ ਸਿਆਸਤਦਾਨ ਜਾਂ ਵਕੀਲ ਵੀ ਨਾ ਦੇ ਸਕਦਾ, ਜਿਸ ਤਰ੍ਹਾਂ ਦਾ ਜਵਾਬ ਬੀਜੀ ਨੇ ਉਸ ਅੰਗਰੇਜ਼ ਨੂੰ ਦਿੱਤਾ ਸੀ।

ਫਿਰ ਭਾਪਾ ਜੀ ਬਹੁਤ ਬਿਮਾਰ ਪੈ ਗਏ। ਕਈ ਦਿਨਾਂ ਤੋਂ ਬੇਸੁਰਜ ਜਿਹੇ ਪਏ ਸਨ। ਨਾ ਕੁਝ ਖਾਂਦੇ ਨਾ ਪੀਂਦੇ। ਉਹਨਾਂ ਨੂੰ ਵੇਖ ਕੇ ਸਿੱਧਾ ਦਿਲ 'ਚ ਦਰਦ ਹੁੰਦਾ। ਬੀਜੀ ਤਾਂ ਫਿਕਰ 'ਚ ਅੱਧੇ ਰਹਿ ਗਏ। ਉਹਨਾਂ ਦਾ ਤਾਂ ਜਹਾਨ ਉੱਜੜ ਰਿਹਾ ਸੀ। ਮੈਂ ਵੀ ਉੱਥੇ ਹੀ ਸੀ। ਮਤਰੇਆ ਭਰਾ ਵੀ। ਉਹ ਅਚਾਨਕ ਖ਼ਾਸਿਆਨੀ ਜਿਹੀ ਹਾਸੀ ਹੱਸਦਾ, ਬੋਲਿਆ, "ਬੁੜ੍ਹਾ ਅਕੜਿਆ ਪਿਐ... ਜਾਣ ਦਾ ਨਾਂ ਨਹੀਂ ਲੈ ਰਿਹਾ।"

ਅਸੀਂ ਸਾਰੇ ਉਹਦੀ ਅਕਲ 'ਤੇ ਹੈਰਾਨ ਪਰੇਸ਼ਾਨ ਹੋ ਗਏ। ਬੀਜੀ ਨੇ ਉਸੇ ਸਮੇਂ ਸਿਰ ਦਾ ਦੁਪੱਟਾ ਖਿੱਚ ਕੇ ਮੂੰਹ ਢਕ ਲਿਆ। ਤੇ ਗੁੱਛਾ ਮੁੱਛਾ ਹੋ ਡੁਸਕਣ ਲੱਗ ਪਏ। ਉਸ ਸਮੇਂ ਉਨ੍ਹਾਂ ਦੇ ਦਿਲ 'ਤੇ ਕੀ ਬੀਤੀ, ਉਹਦਾ ਦਰਦ ਮੈਨੂੰ ਅੱਜ ਵੀ ਮਹਿਸੂਸ ਹੁੰਦਾ ਹੈ।

ਦੂਸਰੇ ਹੀ ਦਿਨ ਭਾਪਾ ਜੀ ਗੁਜਰ ਗਏ। ਸਾਰਿਆਂ ਦੇ ਮਨਾਂ 'ਚ ਪਹਿਲੇ ਦਿਨ ਕਹੀ ਮਤਰੇਅ ਭਰਾ ਦੀ ਗੱਲ ਰੜਕੀ ਜਾਵੇ। ਬੀਜੀ ਬਹੁਤ ਰੋਏ। ਦਿਲ ਚੀਰਵੇਂ ਕੀਰਨੇ ਪਾਏ। ਹੌਲੀ ਹੌਲੀ ਸੰਭਲ ਗਏ। ਤੇ ਭਰਾਵਾਂ ਨੂੰ ਕਹਿਣ ਲੱਗੇ,

"ਤੁਸੀਂ ਭੈਣਾਂ ਨੂੰ ਕਦੇ ਮਨੋ ਨਾ ਵਿਸਾਰਨਾ, ਉਹਨਾਂ ਦੇ ਸਾਰੀ ਉਮਰ ਦੇ ਪੇਕੇ ਬਣ ਕੇ ਰਹਿਣਾ ਅਜੇ ਤੁਸੀਂ ਫ਼ਿਕਰ ਨਾ ਕਰੋ, ਤੁਹਾਡੀ ਬੀਜੀ ਜਿਉਂਦੀ ਹੈ।"

ਸੱਤ ਸਾਲ ਬਾਅਦ ਬੀਜੀ ਨੂੰ ਅਸਤਮਾ ਹੋ ਗਿਆ। ਐਨਾ ਸਾਫ਼ ਸੁਥਰਾ ਵਾਤਾਵਰਨ, ਕੋਈ ਧੂੰਆਂ ਨਹੀਂ ਕੋਈ ਨਸ਼ਾ ਨਹੀਂ। ਫਿਰ ਬੀਜੀ ਨੂੰ ਅਸਤਮਾ ਕਿਉਂ ਹੋ ਗਿਆ? ਹਾਂ ਬੀਜੀ ਦਾ ਖਾਣ ਪੀਣ 'ਤੇ ਜਰਾ ਵੀ ਕੰਟਰੋਲ ਨਹੀਂ ਸੀ। ਤਲੀਆਂ ਤੇ ਮਿੱਠੀਆਂ ਚੀਜਾਂ ਖਾਂਦੇ ਰਹਿੰਦੇ। ਜਿਹੜਾ ਬੰਦਾ ਉਹਨਾਂ ਨੂੰ ਖਾਣ ਪੀਣ ਬਾਰੇ ਹਦਾਇਤਾਂ ਕਰਦਾ, ਜਾਣ-ਬੁੱਝ ਕੇ ਉਹਨਾਂ ਦੇ ਸਾਹਮਣੇ ਖਾਂਦੇ ਹੋਏ ਕਹਿੰਦੇ, ਦੇਖੀ ਜਾਊ।" ਸਭ ਤੋਂ ਛੋਟਾ ਬੱਬੂ ਕਬੀਲਦਾਰੀ ਦੇ ਹਰ ਫ਼ਰਜ਼ ਹਿੱਕ ਤਾਣ ਕੇ ਨਿਭਾਉਂਦਾ। ਬੀਜੀ ਦੀ ਬਹੁਤ ਸੇਵਾ ਕਰਦੇ। ਬੱਬੂ ਤੇ ਉਹਦੀ ਵਹੁਟੀ ਬੀਜੀ ਦੀ ਬਹੁਤ ਸੇਵਾ ਕਰਦੇ। ਬੱਬੂ ਫਰੂਟ ਲਿਆ ਕੇ ਢੇਰ ਲਾ ਦਿੰਦਾ ਤੇ ਕਹਿੰਦਾ, "ਬੀਜੀ ਤੁਸੀਂ ਰੋਟੀ ਘੱਟ ਤੇ ਫਰੂਟ ਜਿਆਦਾ ਖਾਇਆ ਕਰੋ।" ਪਰ ਬੀਜੀ ਬਹਾਨਾ ਬਣਾਉਂਦੇ ਕਹਿੰਦੇ, "ਕਾਕਾ ਅੰਗੂਰ ਖੱਟੇ ਲੱਗਦੇ ਆ, ਸੇਬ ਚੱਬੇ ਨਹੀਂ ਜਾਂਦੇ।"

ਵੱਡੀ ਭੈਣ ਦੀਸ਼ਾ ਨੂੰ ਬੀਜੀ ਦੀ ਸੇਵਾ ਕਰਨ ਦਾ ਬਹੁਤ ਮੌਕਾ ਮਿਲਿਆ। ਕਾਸ਼ ਮੈਨੂੰ ਵੀ ਇਹ ਮੌਕਾ ਮਿਲਦਾ। ਬੀਜੀ ਨੂੰ ਜਦੋਂ ਦੌਰਾ ਪੈਂਦਾ ਤਾਂ ਸਾਹ ਰੁਕ ਜਾਂਦਾ। ਸਾਰੇ ਟੱਬਰ ਦੀ ਜਾਨ ਮੁੱਠੀ 'ਚ ਆ ਜਾਂਦੀ। ਫਿਰ ਮਸ਼ੀਨ ਨਾਲ ਆਕਸੀਜਨ ਦਿੱਤੀ ਜਾਂਦੀ ਤਾਂ ਸਾਹ ਮੁੜਦਾ। 8ਜਨਵਰੀ 2004 ਨੂੰ ਦੌਰਾ ਪੈਣ ਕਾਰਨ ਉਹ 'ਕੋਮਾ 'ਚ ਚਲੇ ਗਏ। ਉਸ ਸਮੇਂ ਅਸੀਂ ਪਾਕਿਸਤਾਨ ਯਾਤਰਾ ਕਰਨ ਗਏ ਹੋਏ ਸੀ। ਉੱਥੋਂ ਸਿੱਧੇ ਅਸੀਂ ਕੈਨੇਡਾ ਪਹੁੰਚੇ। ਬੀਜੀ ਨੂੰ 'ਕੋਮਾਂ' 'ਚ ਦੇਖ ਸਿੱਧਾ ਮੇਰੇ ਦਿਲ ਤੇ ਦਰਦ ਹੋਇਆ। ਬੀਜੀ ਬੇਵੱਸ ਲਾਚਾਰ ਤੇ ਸੁੱਤੀ ਪਈ ਸੀ।

24 ਘੰਟੇ ਅਸੀਂ ਵਾਰੀ ਵਾਰੀ ਉਹਨਾਂ ਕੋਲ ਰਹਿੰਦੇ। ਜਿਵੇਂ ਉਨ੍ਹਾਂ ਨੇ ਸਾਨੂੰ ਕਦੇ ਵੀ ਨੌਕਰਾਂ ਦੇ ਆਸਰੇ ਨਹੀਂ ਸੀ ਛੱਡਿਆ। ਅਸੀਂ ਵੀ ਉਹਨਾਂ ਨੂੰ ਕਦੇ ਨਰਸਾਂ ਡਾਕਟਰਾਂ ਦੇ ਆਸਰੇ ਨਾ ਛੱਡਦੇ। ਮੇਰੀ ਡਿਊਟੀ ਵੇਲੇ ਮੇਰੇ ਨਾਲ ਮੇਰਾ ਸੱਤ ਸਾਲ ਦਾ ਬੇਟਾ ਟਵਿੰਕਲ ਵੀ ਸਾਮਲ ਹੁੰਦਾ। ਮੇਰੀ ਵੱਡੀ ਭੈਣ ਜੀ ਦੀ ਬੇਟੀ ਰਾਣੀ ਤਾਂ ਸਾਰੀ ਰਾਤ ਹੀ ਡਿਊਟੀ ਦਿੰਦੀ। ਕੋਲ ਬੈਠ ਬੀਜੀ ਨੂੰ ਉੱਚੀ ਉੱਚੀ ਆਵਾਜ਼ਾਂ ਮਾਰਦੇ, "ਬੀਜੀ ਉੱਠੋ! ਬੀਜੀ ਉੱਠੋ।"

ਪਰ ਬੀਜੀ ਨਾ ਉੱਠੇ ਤੇ 26 ਮਈ ਨੂੰ ਪਰਿਵਾਰ ਦੀ ਬੁਰਜੀ ਬੀਜੀ ਚਲੇ ਗਏ। ਅਸੀਂ ਟੁੱਟ ਗਏ। ਰੋ ਰੋ ਕੇ ਥੱਕ ਗਏ, ਹੰਭ ਗਏ। ਪਰ ਕੀ ਕਰਦੇ? ਉਹਨਾਂ ਦੇ 'ਫਿਊਨਲ' ਉੱਪਰ ਮੇਰੇ ਪਤੀ ਨੇ ਬੀਜੀ ਦੀ ਸ਼ਾਨ ਵਿਚ ਸ਼ਾਨਦਾਰ ਸਪੀਚ ਦਿੱਤੀ ਤੇ ਮੇਰੇ ਵੱਲ ਦੇਖਦਿਆਂ ਕਹਿਣ ਲੱਗੇ, "ਪੇਕੇ ਹੁੰਦੇ ਮਾਵਾਂ ਨਾਲ।"


ਮੈਂ ਬੈਠੀ ਸੋਚ ਰਹੀ ਸੀ, "ਹੁਣ ਪੇਕੇ ਘਰ ਸਾਡਾ ਦਿਲ ਨਹੀਂ ਲੱਗੇਗਾ... ਮਾਪਿਆਂ ਵਾਲੀ ਬਹਾਰ ਖ਼ਤਮ ਹੋ ਗਈ ਹੈ। ਸਭ ਕੁਝ ਪਹਿਲਾਂ ਵਾਲਾ ਕਿੱਥੇ ਹੋਵੇਗਾ।"

ਪਰ ਬੀਜੀ ਦੇ ਸੰਸਕਾਰ ਭਰਾ ਭਾਬੀਆਂ ਨੇ ਗ੍ਰਹਿਣ ਕਰ ਲਏ। ਛੋਟੀਆਂ ਭਾਬੀਆਂ ਕਿਰਨਜੀਤ ਤੇ ਇੰਦਰਜੀਤ ਹੱਥੀਂ ਛਾਵਾਂ ਕਰਦੀਆਂ। ਉਹੀ ਪੇਕੇ ਘਰ ਵਿਚ ਸਾਡਾ ਸਵਾਗਤ ਹੁੰਦਾ ਤੇ ਉਹੀ ਸ਼ਾਨਦਾਰ ਖਾਤਰਦਾਰੀ ਹੁੰਦੀ। ਬੀਜੀ ਵਾਂਗ ਭਾਬੀਆਂ ਦਰਵਾਜੇ ਤੋਂ ਵਿਦਾ ਕਰਕੇ ਸਾਨੂੰ ਨੱਠ ਕੇ 'ਬਾਏ ਬਾਏ' ਕਰਨ ਲਈ ਖਿੜਕੀ 'ਚ ਜਾ ਖੜ੍ਹਦੀਆਂ। ਜਿਸ ਤਰ੍ਹਾਂ ਬੀਜੀ ਕਰਦੇ ਸਨ। ਪਰ ਇਸ ਸਭ ਕੁਝ ਦੇ ਬਾਵਜੂਦ ਪਤਾ ਨਹੀਂ ਕਿਉਂ ਉਸ ਪੇਕੇ ਘਰ 'ਚੋਂ ਬੀਜੀ ਦਾ ਝਉਲਾ ਜਿਹਾ ਪੈਣੋ ਨਹੀਂ ਹਟਦਾ। ਪਤਾ– 269, BALMORAL DRIVE HAYES ENGLAND (U.K.), U.B.4., 8 D Q, Tel. 0044-786 9070465


**ਰਾਸ਼ਟਰੀ, ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਚਿੰਤਕ ਡਾ. ਰੌਣਕੀ ਰਾਮ ਦੀ ਦਲਿਤ ਸਮਾਜ ਦਾ ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਕਰਦੀ ਪੁਸਤਕ**

**ਦਲਿਤ ਚੇਤਨਾ ਸਰੋਤ ਤੇ ਸਰੂਪ**

ਇਸ ਪੁਸਤਕ ਰਾਹੀਂ ਡਾ. ਸਾਹਿਬ ਨੇ ਦਲਿਤ ਸਮਾਜ ਅਤੇ ਉਸ ਦੇ ਵਿਕਾਸ ਸੰਬੰਧੀ ਸਮੱਸਿਆਵਾਂ ਨੂੰ ਉਹਨਾਂ ਦੇ ਇਤਿਹਾਸਕ ਪਿਛੋਕੜ ਵਿੱਚ ਰੱਖ ਕੇ ਜਿਸ ਮਿਹਨਤ ਅਤੇ ਲਗਨ ਨਾਲ ਸਮਾਜ ਦੀ ਸਹੀ ਤਸਵੀਰ ਪੇਸ਼ ਕੀਤੀ ਹੈ ਉਸ ਦਾ ਰਿਸਰਚ ਪੱਖੋਂ ਸਾਹਿਤਕ ਮਹੱਤਵ ਤਾਂ ਹੈ ਹੀ ਸਾਥ ਹੀ ਉਹ ਮਾਰਗ ਦਰਸ਼ਨ ਲਈ ਵੀ ਲਾਭਕਾਰੀ ਸਰੋਤ ਸਿੱਧ ਹੋ ਸਕਦੀ ਹੈ। –ਕੇ . ਸੀ. ਸੁਲੇਖ




***ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ***
***ਮੁੱਲ :200, ਪੰਨੇ :264***




## ਮੇਰੀ ਪ੍ਰੇਰਨਾ ਸਰੋਤ / ਦਰਸ਼ਨ ਕੌਰ ਭੀਖੀ

ਮੇਰੀ ਮਾਂ ਦੀ ਜ਼ਿੰਦਗੀ ਬਚਪਨ ਤੋਂ ਹੀ ਸੰਘਰਸ਼ਮਈ ਸੀ। ਜਿਸ ਨੂੰ ਸੁਣਦਿਆਂ ਮੇਰੇ ਰੌਂਗਟੇ ਖੜੇ ਹੋ ਜਾਂਦੇ ਹਨ। ਉਹ ਬਚਪਨ ਤੋਂ ਹੀ ਮਿਹਨਤੀ ਅਤੇ ਲਗਨ ਵਾਲੀ ਸੀ। ਮੇਰੀ ਮਾਂ ਦੇ ਚਾਰ ਹੋਰ ਭੈਣਾਂ ਤੇ ਇੱਕ ਭਰਾ ਸੀ। ਮਾਂ ਸਭ ਭੈਣ ਭਰਾਵਾਂ ਤੋਂ ਛੋਟੀ ਸੀ। ਘਰ ਵਿੱਚ ਪੁਰਸਾਂ ਦੀ ਗਿਣਤੀ ਘੱਟ ਹੋਣ ਕਾਰਣ ਮਾਂ ਨੇ ਪੰਜ ਤੋਂ 14 ਸਾਲਾਂ ਤੱਕ ਮੱਝਾਂ ਚਰਾਈਆਂ ਤੇ ਮੁੰਡਿਆਂ ਵਾਲੇ ਸਾਰੇ ਕੰਮ ਕੀਤੇ। ਕੰਮ ਕਰਦੇ ਸਮੇਂ ਉਹ ਕੁੜਤਾ ਤੇ ਨੀਕਰ ਪਾ ਕੇ ਸਿਰ ਤੇ ਜੂੜਾ ਕਰਦੀ ਤਾਂ ਬਹੁਤੇ ਲੋਕ ਤਾਂ ਉਹਨੂੰ ਦੱਲ ਸਿੰਘ ਦਾ ਦੂਜਾ ਪੁੱਤਰ ਕਹਿੰਦੇ। ਮੇਰੀ ਮਾਂ ਨੂੰ ਕਦੇ ਨਵੇਂ ਕੱਪੜੇ ਨਹੀਂ ਮਿਲੇ ਸਨ। ਵੱਡੀਆਂ ਭੈਣਾਂ ਦੇ ਪੁਰਾਣੇ ਕੱਪੜੇ ਕੱਟ ਕੇ ਬਣਾ ਦਿੱਤੇ ਜਾਂਦੇ ਸਨ ਤੇ ਇਹ ਕਪੜੇ ਉਹ ਪਾ ਲੈਂਦੀ। ਇਕ ਵਾਰੀ ਮੇਰੀ ਮਾਂ ਲਈ ਨਵੀਂ ਕਮੀਜ਼ ਸਲਵਾਰ ਸਿਲਵਾਈ ਜੋ ਕਿ ਮਾਤਾ ਦਾ ਮੱਥਾ ਟੇਕਣ ਵੇਲੇ ਪਾ ਕੇ ਜਾਣੀ ਸੀ। ਮੱਥਾ ਟੇਕਣ ਲਈ ਸਵੇਰੇ ਚਾਰ ਵਜੇ ਜਾਣਾ ਸੀ। ਮਾਂ ਤੇ ਮੇਰੀਆਂ ਮਾਸੀਆਂ ਰਾਤ ਨੂੰ ਕੱਪੜੇ ਪਾਉਂਦੀਆਂ ਲਾਹੁੰਦੀਆਂ ਰਹੀਆਂ। ਸਵੇਰੇ ਵੇਲੇ ਮਾਂ ਦੀ ਜਾਗ ਨਹੀਂ ਖੁੱਲ੍ਹੀ। ਤਾਂ ਮੇਰੀ ਨਾਨੀ ਚਾਰ ਵਜੇ ਇਕੱਲੀ ਹੀ ਮੱਥਾ ਟੇਕ ਆਈ। ਜਦੋਂ ਦਿਨ ਚੜ੍ਹੇ ਮਾਂ ਤੇ ਮਾਸੀਆਂ ਉਠੀਆਂ ਤਾਂ ਦਿਲ ਦਾ ਚਾਅ ਦਿਲ ਵਿਚ ਰਹਿ ਗਿਆ।

ਪੰਦਰਾਂ ਸਾਲ ਦੀ ਛੋਟੀ ਉਮਰ ਵਿੱਚ ਹੀ ਮੇਰੀ ਮਾਂ ਦਾ ਵਿਆਹ 'ਅਤਲਾ ਕਲਾਂ' ਵਿਖੇ ਹੋਇਆ। ਮੇਰੇ ਦੋ ਤਾਏ ਸਨ। ਇੱਕ ਤਾਇਆ ਪਹਿਲਾਂ ਹੀ ਮਰ ਚੁੱਕਿਆ ਸੀ ਜਿਸ ਦੇ ਇੱਕ ਬੇਟਾ ਤੇ ਬੇਟੀ ਸਨ। ਦੂਜੇ ਕਰੂਰ ਤਾਏ ਨੇ ਤਾਈ ਨੂੰ ਕਹੀ ਨਾਲ ਸੁੱਤਿਆ ਹੀ ਵੱਢ ਦਿੱਤਾ ਸੀ। ਤਾਏ ਨੂੰ ਕੈਦ ਹੋਈ। ਕੈਦ ਤੋਂ ਛੁੱਟਣ ਬਾਅਦ ਤਾਏ ਦਾ ਹੌਂਸਲਾ ਹੋਰ ਵੀ ਵਧ ਗਿਆ। ਉਹ ਸਭ ਨੂੰ ਡਰਾਉਣ ਧਮਕਾਉਣ ਲੱਗ ਪਿਆ। ਪਰ ਮੇਰੀ ਮਾਂ ਇੰਨੀ ਦਲੇਰ ਸੀ ਉਹ ਮੇਰੇ ਪਿਤਾ ਜੀ ਨੂੰ ਕਹਿਣ ਲੱਗੀ ਕਿ ਮੈਂ ਲੂਣ ਮਿਰਚਾ ਵਾਲਾ ਘੋਟਾ ਕੋਲ ਰੱਖਿਆ ਹੈ ਜੇ ਉਸ ਨੇ ਮੈਨੂੰ ਉੱਚੀ ਨੀਵੀਂ ਕੋਈ ਗੱਲ ਕਹੀ ਤਾਂ ਮੈਂ ਨਹੀਂ ਡਰਨਾ। ਫਿਰ ਨਾ ਕਹਿਣਾ ਮੇਰਾ ਭਰਾ ਕੁੱਟਿਆ। ਮਾਂ ਦੇ ਗੁੱਸੇ ਤੇ ਤੇਵਰ ਵੇਖਕੇ ਤਾਇਆ ਚੁੱਪ ਚਾਪ ਹੋ ਗਿਆ। ਉਸ ਤੋਂ ਬਾਅਦ ਮਾਂ ਨੇ ਮੇਰੀ ਵੱਡੀ ਭੈਣ ਨੂੰ ਜਨਮ ਦਿੱਤਾ। ਜੋ ਤੇਰ੍ਹਾਂ ਦਿਨਾਂ ਦੀ ਹੋ ਕੇ ਮਰ ਗਈ। ਮਾਂ ਨੂੰ ਬੱਚੀ ਦਾ ਸਦਮਾ ਪਹੁੰਚਿਆ। ਮੇਰੇ ਦਾਦੀ ਜੀ ਅੰਨ੍ਹੇ ਸਨ। ਬਰਤਨ ਜਾਂ ਚੀਜ਼ਾਂ ਟੋਹ ਟੋਹ ਕੇ ਗਿਣਤੀ ਕਰਦੇ ਸਨ ਪਰ ਜੇਕਰ ਕੋਈ ਚੀਜ਼ ਘੱਟ ਜਾਂਦੀ ਤਾਂ ਮਾਂ ਦੀ ਸ਼ਾਮਤ ਆ ਜਾਂਦੀ। ਮੇਰੀ ਮਾਂ ਘਰੇਲੂ ਕੰਮਾਂ ਕਾਰਾਂ ਵਿਚ ਮਾਹਰ ਹੋਣ ਕਾਰਨ ਪਿੰਡ ਦੀਆਂ ਕੁੜੀਆਂ ਪੱਖੀਆਂ, ਕਢਾਈ, ਫੁਲਕਾਰੀ, ਚਾਦਰਾਂ, ਖੇਸ ਆਦਿ ਸਿੱਖਣ ਆ ਜਾਂਦੀਆਂ। ਜਿੰਨ੍ਹਾਂ ਦਾ ਆਉਣਾ ਜਾਣਾ ਘਰ ਦੀਆਂ ਹੋਰ ਔਰਤਾਂ ਨੂੰ ਚੰਗਾ ਨਹੀਂ ਸੀ ਲੱਗਦਾ। ਜਿਸ ਕਰਕੇ ਸਹੁਰੇ ਪਰਿਵਾਰ ਵਾਲੇ ਮਾਂ ਨੂੰ ਤੰਗ ਪ੍ਰੇਸ਼ਾਨ ਕਰਦੇ।

ਫਿਰ ਵੀ ਮੇਰੀ ਮਾਂ ਹਰ ਸਮੇਂ ਖੁਸ਼ ਰਹਿ ਕੇ ਤੇ ਹੱਸ ਖੇਡ ਕੇ ਸਮਾਂ ਗੁਜ਼ਾਰਦੀ। ਮੇਰੇ ਪਿਤਾ ਜੀ ਘਰ ਦੀ ਕੱਢੀ ਸ਼ਰਾਬ ਪੀਂਦੇ। ਮਾਂ ਟੋਕਦੀ ਰਹਿੰਦੀ ਸੀ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇੱਕ ਦਿਨ ਮੇਰੇ ਪਿਤਾ ਜੀ ਨੇ ਖੇਤ ਜਾ ਕੇ ਦੋਸਤਾਂ ਨਾਲ ਸ਼ਰਾਬ ਪੀਤੀ। ਪਤਾ ਨਹੀਂ ਕੀ ਹੋਇਆ ਕਿ ਪਿਤਾ ਜੀ ਮਰਨ ਕਿਨਾਰੇ ਸੀ ਤਾਂ ਦੋਸਤ ਮੰਜੇ ਤੇ ਪਾ ਕੇ ਅੱਧੀ ਰਾਤ ਘਰ ਛੱਡ ਗਏ। ਮੇਰੇ ਨਾਨਾ ਜੀ ਨੂੰ ਦੱਸਿਆ ਗਿਆ ਤਾਂ ਉਹ ਉਸ ਸਮੇਂ ਦੇ ਪ੍ਰਸਿੱਧ ਮਾਨਸਾ ਵਾਲੇ ਤੇ ਭੀਖੀ ਵਾਲੇ ਡਾਕਟਰਾਂ ਨੂੰ ਲੈ ਕੇ ਆਏ। ਆਖ਼ਰ ਕੁਝ ਨਾ ਬਣਿਆ। ਡਾਕਟਰ ਨਾਂਹ ਕਰਕੇ ਚਲੇ ਗਏ। ਪਿਤਾ ਜੀ ਦਮ ਤੋੜ ਗਏ। ਉਸ ਸਮੇਂ ਮੈਂ ਮਾਂ ਦੇ ਗਰਭ ਵਿਚ ਸੀ ਇਸ ਕਹਿਰਮਈ ਸਮੇਂ ਮਾਂ ਨੇ ਸਾਰੇ ਗਹਿਣੇ ਗੱਟੇ ਲਾਹ ਕੇ ਟਰੰਕ ਵਿੱਚ ਸੁੱਟ ਦਿੱਤੇ। ਜੋ ਬਾਅਦ ਵਿੱਚ ਕਿਸੇ ਨੇ ਕੱਢ ਕੇ ਲੁਕਾ ਲਏ। ਆਂਢ–ਗੁਆਂਢ ਤੇ ਰਿਸ਼ਤੇਦਾਰਾਂ ਨੇ ਕਿਹਾ ਜਿੰਨਾਂ ਦੋਸਤਾਂ ਨਾਲ ਸ਼ਰਾਬ ਪੀਤੀ ਸੀ, ਉਨ੍ਹਾਂ ਤੇ ਕੇਸ ਕਰੋ ਤੇ ਡਾਕਟਰੀ ਮੁਆਇਨਾ ਕਰਵਾਓ। ਉਸ ਸਮੇਂ ਮਾਂ ਨੂੰ ਪ੍ਰਮਾਤਮਾ ਨੇ ਇੰਨੀ

ਹਿੰਮਤ ਦਿੱਤੀ।ਉਨ੍ਹਾਂ ਨੇ ਭਰੀ ਪੰਚਾਇਤ ਵਿੱਚ ਹੱਥ ਜੋੜ ਬੇਨਤੀ ਕੀਤੀ ਕਿ ਤੁਸੀਂ ਸਾਰੇ ਮੇਰੇ ਵੱਡੇ ਹੋ ਮੇਰੇ ਭਲੇ ਦੀ ਚਾਹੁੰਦੇ ਹੋ।ਪਰ ਮੇਰੇ ਪਤੀ ਦੀ ਚੀਰ ਫਾੜ੍ਹ ਨਾ ਕਰਵਾਓ।ਜੋ ਭਾਣਾ ਸੀ ਉਹ ਵਰਤ ਗਿਆ।ਹੁਣ ਕੀ ਫਾਇਦਾ ਮਿੱਟੀ ਨੂੰ ਰੋਲ੍ਹਣ ਦਾ।ਉਸ ਤੋਂ ਬਾਅਦ ਭੋਗ ਪੈ ਗਿਆ।ਬਾਅਦ ਵਿੱਚ ਮਾਂ ਨੂੰ ਮੇਰੇ ਨਾਨਾ ਜੀ, ਰਿਸ਼ਤੇਦਾਰਾਂ ਤੇ ਪਤਵੰਤੇ ਸੱਜਣਾਂ ਨੇ ਦੂਜੀ ਸ਼ਾਦੀ ਲਈ ਕਿਹਾ ਕਿਉਂਕਿ ਉਸ ਸਮੇਂ ਮੇਰੀ ਮਾਂ ਦੀ ਉਮਰ 19 ਸਾਲ ਸੀ।ਉਨ੍ਹਾਂ ਨੇ ਕਿਹਾ ਕਿ ਪਹਾੜ ਜਿੱਡੀ ਜ਼ਿੰਦਗੀ ਇਕੱਲੀ ਨੂੰ ਕੱਟਣੀ ਬਹੁਤ ਔਖੀ ਹੈ।ਪਰ ਮਾਂ ਨੇ ਕਿਹਾ ਕਿ ਮੈਂ ਆਪਣੇ ਪੇਟ ਵਿਚਲੇ ਬੱਚੇ ਦੇ ਸਹਾਰੇ ਦਿਨ ਕਟੀ ਕਰ ਲਵਾਂਗੀ।ਤੁਹਾਡੀ ਪੱਗ ਨੂੰ ਦਾਗ਼ ਨਹੀਂ ਲੱਗਣ ਦੇਵਾਂਗੀ।ਮਾਂ ਦੇ ਸਖ਼ਤ ਫ਼ੈਸਲੇ ਅੱਗੇ ਸਭ ਚੁੱਪ ਕਰ ਗਏ।ਪਿਤਾ ਜੀ ਦੀ ਮੌਤ ਪਿੱਛੋਂ ਮੇਰੀ ਮਾਂ ਸਹੁਰੇ ਘਰ ਹੀ ਰਹੀ।ਮੇਰੀ ਮਾਂ ਦੀ ਹਿੰਮਤ ਤੇ ਦਲੇਰੀ ਕਰਕੇ ਸਭ ਸਤਿਕਾਰ ਕਰਦੇ ਸਨ।

ਮੇਰੀ ਮਾਂ ਜਣੇਪਾ ਕੱਟਣ ਪੇਕੇ ਆ ਗਈ। ਪਿਤਾ ਦੀ ਮੌਤ ਤੋਂ ਚਾਰ ਮਹੀਨੇ ਬਾਅਦ ਮੇਰਾ ਜਨਮ ਹੋਇਆ।ਨਾਨਕੇ ਘਰ ਵਿੱਚ ਮੇਰੇ ਜਨਮ ਤੇ ਰੋਣਾ ਪਿੱਟਣਾ ਪੈ ਗਿਆ ਕਿ ਕਿਥੋਂ ਪੱਥਰ ਆ ਗਿਆ।ਕਿਸੇ ਨੇ ਕਲਮੂੰਹੀ ਵੀ ਕਿਹਾ।ਇਹ ਵਿਚਾਰੀ ਦੁਬਾਰਾ ਵਿਧਵਾ ਹੋ ਗਈ।ਸਾਨੂੰ ਹੋਰ ਹੀ ਉਮੀਦ ਸੀ।ਮੇਰੀ ਮਾਂ ਨੇ ਸਭ ਦਾ ਡੱਟ ਕੇ ਵਿਰੋਧ ਕੀਤਾ ਤੇ ਕਿਹਾ ਕੋਈ ਗੱਲ ਨਹੀਂ।ਮੈਂ ਤਾਂ ਕੁੜੀ ਮੁੰਡੇ ਵਿੱਚ ਫ਼ਰਕ ਨਹੀਂ ਸਮਝਦੀ।ਬੱਚੇ ਤਾਂ ਰੱਬ ਦੇ ਫਰਿਸ਼ਤੇ ਹੁੰਦੇ ਹਨ।ਮੇਰੇ ਲਈ ਪੁੱਤਰ ਤੇ ਧੀ ਬਰਾਬਰ ਹੀ ਹੈ।ਮੈਂ ਇਸ ਨੂੰ ਸ਼ੌਕ ਨਾਲ ਪਾਲਾਂਗੀ।ਦੋ ਕੁ ਮਹੀਨੇ ਬਾਅਦ ਮਾਂ ਸਹੁਰੇ ਘਰ ਚਲੀ ਗਈ।ਮਾਂ ਨੇ ਮੇਰੇ ਜਨਮ ਦੀ ਖੁਸ਼ੀ ’ਚ ਬਾਬਾ ਜੋਗੀ ਪੀਰ ਦੀ ਸੁੱਖ ਦੇਣ ਲਈ ਭੇਲੀ ਸੁੱਖੀ ਸੀ।ਉਸ ਨੇ ਭੇਲੀ ਚੜ੍ਹਾਉਣ ਜਾਣਾ ਸੀ।ਮੇਰੇ ਤਾਏ ਦੀ ਲੜਕੀ ਨੇ ਮੇਹਣਾ ਮਾਰਿਆ ਕਿ ਕੁੜੀਆਂ ਦੀ ਵੀ ਭੇਲੀ ਸੁੱਖੀ ਜਾਂਦੀ ਹੈ? ਆਖ਼ਰ ਮੇਰੀ ਮਾਂ ਭੇਲੀ ਦੇ ਕੇ ਹੀ ਹਟੀ।ਉਸ ਨੇ ਕਿਸੇ ਦੀ ਟੈਂ ਨਾ ਮੰਨੀ।ਕਦੇ ਵੀ ਹਿੰਮਤ ਨਾ ਹਾਰੀ।ਲੰਬੇ ਲੜਾਈ ਝਗੜੇ ਤੋਂ ਮਗਰੋਂ ਮੇਰੀ ਮਾਂ ਤੇ ਮੇਰੇ ਨਾਂ ਜ਼ਮੀਨ ਹੋ ਗਈ।ਉਸ ਤੋਂ ਬਾਅਦ ਸਹੁਰੇ ਪਰਿਵਾਰ ਵਾਲੇ ਅੱਖਾਂ ਫੇਰ ਗਏ।ਲੜਨ ਝਗੜਨ ਲੱਗ ਪਏ।ਮੈਨੂੰ ਭਾਰੀ ਕਹਿ ਕੇ ਚੁੱਕਣੋਂ ਤੇ ਖਿਡੋਣੋਂ ਬੰਦ ਕਰ ਦਿੱਤਾ।ਹਰ ਸਮੇਂ ਤੰਗ ਪ੍ਰੇਸ਼ਾਨ ਕਰਨ ਲੱਗੇ।

ਫਿਰ ਮੇਰੀ ਮਾਂ ਪੇਕੇ ਘਰ ਆ ਗਈ।ਉਹ ਆਪਣਾ ਗੁਜਾਰਾ ਚਲਾਉਣ ਲਈ ਤੇ ਦਿਲ ਲਗਾਉਣ ਲਈ ਕਦੇ ਸਿਲਾਈ ਕਰਦੀ, ਕਢਾਈ ਕੱਢਦੀ–ਦਰੀਆਂ, ਖੇਸ਼, ਪੱਖੀਆਂ ਆਦਿ ਬੁਣਦੀ ਰਹਿੰਦੀ।ਮਾਮੇ ਦੇ ਪੰਜ ਬੱਚੇ ਸਨ।ਜੋ ਪੜ੍ਹਦੇ ਨਹੀਂ ਸਨ।ਪਰ ਮੇਰੀ ਮਾਂ ਨੇ ਮੈਨੂੰ ਪੜ੍ਹਾਇਆ।ਉਹ ਆਪ ਅਨਪੜ੍ਹ ਸਨ।ਪਰ ਪੜ੍ਹਾਈ ਦੀ ਕਦਰ ਬਾਰੇ ਜਾਣਦੇ ਸਨ।ਉਹ ਹਰੇਕ ਥਾਂ ਮੇਰੇ ਨਾਲ ਜਾਂਦੇ।ਜਦੋਂ ਪੜ੍ਹਨ ਜਾਂ ਕਿਧਰੋਂ ਲੇਟ ਹੋ ਜਾਂਦੀ ਤਾਂ ਬਾਹਰ ਘਰ ਦੇ ਗੇਟ ਮੂਹਰੇ ਖੜਕੇ ਮੇਰਾ ਇੰਤਜ਼ਾਰ ਕਰਦੀ ਰਹਿੰਦੀ।ਮੇਰੇ ਆਉਣ ਤੇ ਹੀ ਖਾਣਾ ਖਾਂਦੀ।ਮੇਰੀ ਮਾਂ ਦੀ ਇੱਕ ਵਿਸ਼ੇਸ਼ਤਾ ਇਹ ਸੀ ਕਿ ਆਂਢੀ–ਗੁਆਂਢੀ ਦੇ ਦੁੱਖ ਸੁੱਖ ਵਿੱਚ ਕੰਮ ਆਉਂਦੀ। ਹਰੇਕ ਵਿਆਹ ਜਾਂ ਮੌਤ ਸਮੇਂ ਮੂਹਰੇ ਹੋ ਕੇ ਕੰਮ ਕਰਦੀ।ਗਰੀਬਾਂ ਨਾਲ ਹਮਦਰਦੀ ਕਰਦੀ, ਬੱਚਿਆਂ ਨੂੰ ਮਾਪਿਆ ਦੀ ਕੁੱਟ ਤੋਂ ਬਚਾਉਂਦੀ ਤੇ ਪਤਨੀਆਂ ਨੂੰ ਪਤੀਆਂ ਦੀ ਮਾਰ ਤੋਂ।ਉਸਨੇ ਬਹੁਤ ਸਾਰੇ ਕੰਮ ਕੀਤੇ, ਜਿਵੇਂ ਖੇਤਾਂ ਨੂੰ ਪਾਣੀ ਲਾਉਣਾ, ਗੋਡੀ ਕਰਨੀ, ਕਣਕਾਂ ਦੀ ਵਾਢੀ ਕਰਨੀ, ਬਾਜਰੇ ਡੁੰਗਣਾ ਆਦਿ। ਗਰੀਬਾਂ ਤੇ ਕਮਜ਼ੋਰਾਂ ਲਈ ਮਸੀਹਾ ਬਣ ਜਾਂਦੀ।ਔਰਤਾਂ ਦੀ ਜਣੇਪਾ ਸਮੇਂ ਮੱਦਦ ਕਰਦੀ, ਕਿਸੇ ਦੇ ਦੁੱਧ ਨਾ ਹੁੰਦਾ ਤਾਂ ਜਣੇਪੇ ਵਾਲੀ ਔਰਤ ਨੂੰ ਦੁੱਧ ਦੇ ਕੇ ਆਉਂਦੀ।ਕਿਸੇ ਦੇ ਘਰ ਲੜਾਈ ਝਗੜਾ ਹੁੰਦਾ ਤਾਂ ਝੱਟ ਨਬੇੜ ਦਿੰਦੀ, ਪਤੀ–ਪਤਨੀ ਦੇ ਝਗੜੇ ਸੁਲਝਾਉਂਦੀ।ਉਸ ਅੱਗੇ ਕੋਈ ਮਰਦ ਡਰਦਾ ਨਾ ਬੋਲਦਾ। ਮੈਨੂੰ ਮੇਰੀ ਮਾਂ ਕਦੇ ਪੰਚ, ਸਰਪੰਚ, ਵਕੀਲ ਜਾਂ ਜੱਜ ਜਾਪਦੀ।ਮੱਝਾਂ ਗਾਂਈਆਂ ਚੋਣ ਤੇ ਸੁਆਉਣਾ ਉਸੇ ਦੇ ਖੱਬੇ ਹੱਥ ਦੇ ਕੰਮ ਸੀ।ਮਾਂ ਇੰਨੀ ਦਲੇਰ ਸੀ ਕਿ ਵੱਡੇ ਤੋਂ ਵੱਡੇ ਫਨੀਅਨ ਨਾਗ ਨੂੰ ਵੀ ਝੱਟ ਮਾਰ ਦਿੰਦੀ। ਕਿਸੇ ਦੇ ਸੱਪ ਨਿੱਕਲ ਆਉਂਦਾ ਤਾਂ ਮਾਂ ਨੂੰ ਸਾਰੇ ਬੁਲਾ ਕੇ ਲੈ ਜਾਂਦੇ।ਮੈਨੂੰ ਚੂਹੀ ਤੋਂ ਡਰਨ ਵਾਲੀ ਕਹਿ ਕੇ



ਮਜ਼ਾਕ ਕਰਦੀ।ਮਾਂ ਹੋਣ ਦੇ ਬਾਵਜੂਦ ਵੀ ਉਸ ਨੇ ਮੈਨੂੰ ਕਦੇ ਪਿਤਾ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਭਾਵ ਮੈਨੂੰ ਪਿਤਾ ਵਾਲਾ ਪਿਆਰ ਵੀ ਬਰਾਬਰ ਦਿੱਤਾ।ਹਰੇਕ ਲੋੜ ਪੂਰੀ ਕੀਤੀ।

ਮੇਰੀ ਮਾਂ ਨੇ ਇਕੱਲਤਾ ਘਟਾਉਣ ਲਈ ਮੇਰੇ ਮਾਮੇ ਦਾ ਛੋਟਾ ਲੜਕਾ ਪੜ੍ਹਾਉਣ ਲਈ ਨਾਲ ਰੱਖ ਲਿਆ।ਉਹ ਬਹੁਤ ਹੁਸ਼ਿਆਰ ਤੇ ਹੋਣਹਾਰ ਬੱਚੀ ਸੀ।ਚੌਥੀ ’ਚ ਪੜ੍ਹਦੇ ਸਮੇਂ ਅੱਠ ਸਾਲ ਦੀ ਉਮਰ ਵਿੱਚ ਉਸ ਦਾ ਦਿਹਾਂਤ ਹੋ ਗਿਆ।ਮਾਂ ਨੂੰ ਉਸ ਦਾ ਬਹੁਤ ਸਦਮਾ ਹੋਇਆ।ਕੀ ਮੈਨੂੰ ਰੱਬ ਨੇ ਬਿਗਾਨੀ ਅੱਗ ਵੀ ਸੇਕਣ ਨਹੀਂ ਦਿੱਤੀ।ਜਿਸ ਕਾਰਨ ਮਾਂ ਨੂੰ ਦਿਲ ਦੀ ਬੀਮਾਰੀ ਲੱਗ ਗਈ ਪਰ ਮੈਨੂੰ ਹੌਂਸਲਾ ਦਿੰਦੀ ਆਪ ਚੋਰੀ ਚੋਰੀ ਰੋਂਦੀ ਰਹਿੰਦੀ।ਮੈਨੂੰ ਦੋ ਗੱਲਾਂ ਹਮੇਸ਼ਾ ਸਮਝਾਉਂਦੀ ਕਿ ਆਪਣੇ ਘਰ ਹਮੇਸ਼ਾ ਰੁੱਖੀ ਮਿੱਸੀ ਖਾ ਕੇ ਗੁਜ਼ਾਰਾ ਕਰਨਾ ਚਾਹੀਦਾ ਹੈ ਕਿਸੇ ਦੀ ਚੋਪੜੀ ਵੇਖ ਜੀਅ ਨਹੀਂ ਤਰਸਾਉਣਾ ਚਾਹੀਦਾ।ਆਪਣੇ ਘਰ ਰੋਟੀ ’ਤੇ ਲੂਣ ਧਰ ਕੇ ਰੋਟੀ ਖਾ ਲਵੀਂ ਪਰ ਕਿਸੇ ਦੇ ਮੰਗਣ ਨਾ ਜਾਵੀਂ।ਦੂਸਰਾ ਇਹ ਜ਼ਮੀਨ ਆਂਡੇ ਦੇਣ ਵਾਲੀ ਮੁਰਗੀ ਦੀ ਤਰ੍ਹਾਂ ਹੁੰਦੀ ਹੈ, ਜਿਸ ਦੇ ਆਂਡੇ ਖਾ ਲਵੋਂ, ਵੇਚ ਲਵੋ।ਪਰ ਮੁਰਗੀ ਸਦਾ ਸੰਭਾਲ ਕੇ ਰੱਖੋ। ਇਹ ਗੱਲਾਂ ਮੈਂ ਅਜੇ ਵੀ ਪੱਲੇ ਬੰਨ੍ਹੀਆਂ ਹੋਈਆਂ ਹਨ।ਮਾਂ ਦੀ ਪ੍ਰੇਰਨਾ ਨੇ ਮੈਨੂੰ ਕਾਫ਼ੀ ਸ਼ਕਤੀ ਦਿੱਤੀ। ਉਨ੍ਹਾਂ ਦੀ ਦਿਲ ਦੀ ਬੀਮਾਰੀ ਦਾ ਮੈਂ ਪੀ. ਜੀ. ਆਈ. ਚੰਡੀਗੜ੍ਹ ਤੇ ਸੀ. ਐਮ. ਸੀ. ਲੁਧਿਆਣਾ ਤੋਂ ਕਾਫ਼ੀ ਇਲਾਜ਼ ਕਰਵਾਇਆ।ਆਪ੍ਰੇਸ਼ਨ ਦੀ ਤਾਰੀਖ਼ ਲੈ ਕੇ ਖ਼ੂਨ ਵੀ ਜ਼ਮ੍ਹਾਂ ਕਰਵਾ ਦਿੱਤਾ।ਅਸੀਂ ਮਾਂ ਧੀਆਂ ਆਪ੍ਰੇਸ਼ਨ ਦੀ ਤਿਆਰੀ ਕਰ ਰਹੀਆਂ ਸੀ।ਅਚਾਨਿਕ ਸਵੇਰੇ ਮਾਂ ਨੇ ਦਾਤਣ ਕਰਦੇ ਸਮੇਂ ਮੈਨੂੰ ਕਿਹਾ ਕਿ ਤੇਰੀ ਮਾਸੀ ਤੇ ਮਾਸੀ ਦੇ ਲੜਕੇ ਨੂੰ ਬੁਲਾ ਲੈ ਤੇ ਮੈਨੂੰ ਹਸਪਤਾਲ ਲੈ ਚੱਲ।ਮੈਂ ਗੱਡੀ ਮੰਗਵਾ ਕੇ ਹਸਪਤਾਲ ਲੈ ਗਈ।ਡਾਕਟਰ ਨੇ ਡਰਿੱਪ ਲਗਾ ਦਿੱਤਾ।ਇਸ ਸਮੇਂ ਮਾਸੀ, ਮਾਸੀ ਦਾ ਲੜਕਾ ਤੇ ਮਾਮੇ ਦਾ ਲੜਕਾ ਆ ਗਏ।ਮੇਰੇ ਨਾਨਕਿਆਂ ਦਾ ਅੱਧਾ ਪਿੰਡ ਹਸਪਤਾਲ ਵਿੱਚ ਸੀ।ਮਾਂ ਬੀਮਾਰੀ ਸਮੇਂ ਵੀ ਕਦੇ ਘਬਰਾਈ ਨਹੀਂ ਸੀ ਜਦ ਉਨ੍ਹਾਂ ਵੱਲ ਵੇਖ ਕੇ ਮੇਰੀਆਂ ਅੱਖਾਂ ਹੰਝੂਆ ਨਾਲ ਛਲਕੀਆਂ ਤਾਂ ਮੈਨੂੰ ਸਮਝਾ ਰਹੀ ਸੀ, “ਧੀਏ ਜੱਟ ਦਾ ਘੰਢ ਨਾ ਵੱਢਿਆ ਜਾਵੇ ਉਹ ਨਹੀਂ ਮਰਦਾ ਹੁੰਦਾ, ਮੈਂ ਇੰਝ ਨਹੀਂ ਮਰਦੀ ਤੂੰ ਐਵੇਂ ਕਿਉਂ ਰੋਈ ਜਾਂਦੀ ਏ।” ਬੋਲਦੇ ਹੀ ਉਹ ਦਮ ਤੋੜ ਗਈ।ਡਾਕਟਰ ਸੌਰੀ ਕਹਿਣ ਲੱਗਾ ਫਿਰ ਮੈਨੂੰ ਕੁੱਝ ਪਤਾ ਨਹੀਂ ਲੱਗਿਆ ਕਿ ਕਦੋ ਅਸੀਂ ਘਰ ਆ ਗਏ।ਘਰ ਲੋਕਾਂ ਨਾਲ ਭਰ ਗਿਆ।ਅਰਥੀ ਜਾਣ ਤੋਂ ਪਹਿਲਾਂ ਹਜ਼ਾਰਾ ਲੋਕਾਂ ਨੇ ਰੱਬ ਵਰਗੀ ਧੀ ਅੱਗੇ ਮੱਥਾ ਟੇਕਿਆ।ਹਜ਼ਾਰਾ ਰੁਪਏ ਤੇ ਚਾਦਰਾ ਦਾ ਢੇਰ ਲੱਗ ਗਿਆ।ਛੇ ਮਹੀਨੇ ਮੈਥੋਂ ਸਦਮੇ ਕਰਕੇ ਉੱਠਿਆ ਨਾ ਗਿਆ।ਮੇਰਾ ਸੂਰਜ ਚੰਦ ਦੋਨੋਂ ਛੁਪ ਗਏ।ਮੇਰੇ ਲਈ ਚਾਰੇ ਪਾਸੇ ਹਨੇਰਾ ਛਾ ਗਿਆ।ਸੁਪਨੇ ਵਿੱਚ ਵੀ ਮਾਂ ਮੈਨੂੰ ਹੌਂਸਲਾ ਦਿੰਦੀ ਰਹਿੰਦੀ।ਉਸ ਸਮੇਂ ਗੁਆਂਢੀਆਂ, ਰਿਸ਼ਤੇਦਾਰਾਂ ਖਾਸ ਕਰ ਮਾਮੇ ਤੇ ਮਾਸੜ ਨੇ ਮੇਰੀ ਮਦਦ ਕੀਤੀ ਉਹ ਮੈਨੂੰ ਮੇਰੀ ਮਾਂ ਦੀ ਦਲੇਰੀ ਤੇ ਬਹਾਦਰੀ ਦੀਆਂ ਗੱਲਾਂ ਸੁਣਾਉਂਦੇ ਤੇ ਪ੍ਰੇਰਦੇ ਰਹਿੰਦੇ।

ਅੱਜ ਵੀ ਮੈਨੂੰ ਲੱਗਦਾ ਹੈ ਮੇਰੀ ਮਾਂ ਸ਼ਹਿਨਸ਼ੀਲਤਾ ਦਾ ਸੋਮਾ ਸੀ।ਉਹ ਪਿਆਰ ਦਾ ਅਥਾਹ ਸਮੁੰਦਰ ਸੀ।ਆਪਣੇ ਬਿਗਾਨੇ ਸਭ ਨੂੰ ਪਿਆਰ ਕਰਦੀ।ਉਹ ਤਿਆਗ ਤੇ ਅਟੁੱਟ ਸਬਰ ਵਾਲੀ ਸੀ।ਸਦਾ ਸੱਚ ਬੋਲਣਾ, ਭਾਣਾ ਮੰਨਣਾ, ਸਮਾਜਿਕ ਬੁਰਾਈ ਵਿਰੁਧ ਲੜਨਾ ਉਨ੍ਹਾਂ ਦਾ ਧਰਮ ਸੀ।ਮਾਂ ਮੰਗਤੇ ਨੂੰ ਕਦੇ ਖਾਲੀ ਨਾ ਮੋੜਦੀ।ਪੂਰੀ ’ਚੋਂ ਅੱਧੀ ਰੋਟੀ ਦੇ ਦਿੰਦੇ।ਔਰਤ ਲਈ ਸਾਰੇ ਰਿਸ਼ਤੇ ਨਾਤੇ ਮਹੱਤਵਪੂਰਨ ਹੁੰਦੇ ਹਨ।ਜਿਵੇਂ ਪਿਤਾ, ਮਾਤਾ, ਭੈਣ, ਭਰਾ, ਆਦਿ ਪਰ ਮੈਨੂੰ ਇੰਨ੍ਹਾਂ ਅਨਮੋਲ ਰਿਸ਼ਤਿਆਂ ਤੋਂ ਬਾਂਝ ਰਹਿਣਾ ਪਿਆ।ਪਰ ਮੇਰੀ ਮਾਂ ਨੇ ਇਨ੍ਹਾਂ ਰਿਸ਼ਤਿਆਂ ਦੀ ਘਾਟ ਨੂੰ ਸਾਂਝ ਤੇ ਪਿਆਰ ਨਾਲ ਪੂਰਾ ਕੀਤਾ।ਹਰ ਮਾਂ ਮਹਾਨ ਹੁੰਦੀ ਹੈ।ਮਾਂ ਦੀ ਦੇਣ ਕੋਈ ਸੱਤ ਜਨਮਾ ਲੈ ਕੇ ਵੀ ਨਹੀਂ ਦੇ ਸਕਦਾ।

**ਪਤਾ-ਐਮ. ਆਈ. ਜੀ. 481, ਫੇਜ਼-1, ਅਰਬਨ ਅਸਟੇਟ ਪਟਿਆਲਾ-147002,**

**ਫੋਨ 0175-2283695**

## ਮਾਂ ਦਾ ਖਿਆਲ ਰੱਖਣਾ / ਮਨਜੀਤ ਕੌਰ ਸੋਹੀ

ਮਾਂ ਸ਼ਬਦ ਬੋਲਦਿਆਂ ਈ ਮਨ ਵਿਚ ਕਿੰਨੇ ਹੀ ਛੂਹੇ ਅਣਛੂਹੇ ਅਹਿਸਾਸ ਉੱਠਦੇ ਹਨ। 'ਮਾਂ' ਹੈ ਤਾਂ ਬਹੁਤ ਛੋਟਾ ਸ਼ਬਦ ਪਰ ਇਸਦੇ ਅਰਥ ਹਰ ਇਨਸਾਨ ਲਈ ਸਾਂਝੇ ਤੇ ਵੱਖੋ ਵੱਖਰੇ ਹਨ। ਮੇਰੀ ਮਾਂ ਅੱਜ ਦੇਸ਼ ਦੇ ਵਡੇਰੀ ਉਮਰ ਦੇ ਨਾਗਰਿਕਾਂ ਦੀ ਸ਼੍ਰੇਣੀ ਵਿਚ ਆਉਂਦੀ ਹੈ। ਮੇਰਾ ਪਰਿਵਾਰ ਮੱਧ-ਵਰਗੀ ਸ਼੍ਰੇਣੀ ਵਿਚ। ਮੇਰੀ ਮਾਂ ਲਈ ਮੈਂ ਹਮੇਸ਼ਾ ਤੋਂ ਹੀ ਖਾਸ ਰਹੀ। ਅਸੀਂ ਬਹੁਤ ਹੀ ਨਜ਼ਦੀਕੀ ਰਿਸ਼ਤੇ ਵਿਚ ਬੰਨੀਆਂ ਹਾਂ। ਮਾਂ ਬੇਟੀ ਦੇ ਰਿਸ਼ਤੇ ਤੋਂ ਵੀ ਵੱਖਰਾ ਇਹ ਰਿਸ਼ਤਾ। ਅੱਜ ਵੀ ਜਦ ਮੈਂ ਸਕੂਲੋਂ ਲੇਟ ਹੋ ਜਾਵਾਂ ਮੇਰੀ ਮਾਂ ਮੈਨੂੰ ਬੱਚਾ ਸਮਝ ਕੇ ਦਰਵਾਜੇ ਵਿਚ ਖੜੀ ਉਡੀਕ ਰਹੀ ਹੁੰਦੀ ਹੈ।

ਜਦ ਮੈਂ ਪਿੱਛੇ ਵੱਲ ਜਾਂਦੀ ਹਾਂ, ਮੇਰਾ ਪਰਿਵਾਰ ਇਕ ਅਜਿਹੀ ਪੌੜੀ ਤੇ ਖੜਾ ਸੀ ਜੋ ਮਿਡਲ ਅਤੇ ਲੋਅਰ ਮਿਡਲ ਕਲਾਸ ਦੇ ਵਿਚਕਾਰਲੀ ਪੌੜੀ ਹੈ। ਘਰ ਵਿਚ ਮਾਂ ਤੇ ਅਸੀਂ ਦੋ ਭੈਣਾਂ। ਮੇਰੀ ਮਾਂ ਇਕ ਅਜੀਬ ਜਿਹੀ ਖਿੱਚ ਦੀ ਕੇਂਦਰ ਹੁੰਦੀ, ਸਾਡੇ ਲਈ ਹੀ ਨਹੀਂ ਸਭ ਲਈ। ਉਹ ਸਵੇਰ ਤੋਂ ਸ਼ਾਮ ਤੱਕ ਹੱਡ ਤੋੜ ਮਿਹਨਤ ਕਰਦੀ। ਉਹਨੇ ਹਰ ਸਮੇਂ ਅਤੇ ਸਥਿਤੀ ਵਿਚ ਮੇਰੇ ਪਾਪਾ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕੀਤਾ। ਕਹਿੰਦੇ ਨੇ ਜੇ ਔਰਤ ਚਾਹੇ ਤਾਂ ਸੂਈ ਰਾਹ ਘਰ ਪੱਟ ਦਿੰਦੀ ਆ। ਜੇ ਉਹੀ ਚਾਹੇ ਤਾਂ ਸੂਈ ਤੋਂ ਸੂਤ ਤੱਕ ਦਾ ਸਫ਼ਰ ਭਾਵ ਪੂਰਾ ਘਰ ਬੰਨ੍ਹ ਦਿੰਦੀ ਆ। ਇਸ ਕਸੌਟੀ ਤੇ ਉਹ ਹਰ ਪੱਖ ਤੋਂ ਖਰੀ ਉੱਤਰੀ ਆ। ਉਸ ਦੇ ਸੁੱਘੜ-ਸਿਆਣੀ ਹੋਣ ਦਾ ਸਭ ਤੋਂ ਵੱਡਾ ਸਬੂਤ ਆ ਕਿ ਅੱਜ ਤੱਕ ਅਸੀਂ ਕਦੇ ਕਿਸੇ ਦੇ ਆਟਾ ਦਾਲ ਜਾਂ ਕੋਈ ਹੋਰ ਜ਼ਰੂਰਤ ਦੀ ਚੀਜ਼ ਉਧਾਰੀ ਲੈਣ ਨੀ ਗਏ। ਮਾਂ ਬਚਪਨ ਵਿਚ ਸਾਨੂੰ ਹਾਜ਼ਰੀ ਵੇਲੇ ਦੀਆਂ ਪੱਕੀਆਂ ਰੋਟੀਆਂ, ਤੀਏ ਪਹਿਰ ਲੂਣ-ਮਿਰਚ ਧਰ ਕੇ ਦੇ ਦਿੰਦੀ। ਪਰ ਕਦੇ ਕਿਸੇ ਘਰੋਂ ਕੌਲੀ ਦਾਲ ਲੈਣ ਨੀ ਗਈ। ਉਸ ਬਾਸੀ ਰੋਟੀ ਦਾ ਸੁਆਦ ਅੱਜ ਵੀ ਮੇਰੇ ਜ਼ਿਹਨ 'ਚ ਤਾਜ਼ਾ ਹੈ ਕਿਉਂਕਿ ਉਸ ਵਿਚ ਮਾਂ ਦੀ ਮਿਹਨਤ ਤੇ ਮਮਤਾ ਦਾ ਗੁੰਨਿਆ ਆਟਾ ਹੁੰਦਾ ਸੀ।

ਮੇਰੀ ਮਾਂ ਦਾ ਬਚਪਨ ਕੋਈ ਬਹੁਤਾ ਖੁਸ਼ੀਆਂ ਭਰਿਆ ਨੀ ਰਿਹਾ। ਉਹ ਦੱਸਦੀ ਐ ਕਿ ਮੇਰੀ ਨਾਨੀ ਉਸ ਤੋਂ ਕੁੱਟ ਕੁੱਟ ਕੇ ਘਰ ਦਾ ਕੰਮ ਕਰਵਾਉਂਦੀ ਹੁੰਦੀ ਸੀ। ਪਰ ਕਹਿੰਦੇ ਨੇ ਪਘੂੰੜੇ ਵਿਚ ਈ ਇਨਸਾਨ ਦੇ ਗੁਣ ਪਤਾ ਚੱਲ ਜਾਂਦੇ ਨੇ। ਉਹ ਦੱਸਦੀ ਐ ਕਿ ਮੇਰੇ ਨਾਨਾ ਜੀ ਉਸ ਦੀ ਗੱਲ ਭੁੰਜੇ ਨਹੀਂ ਸੀ ਡਿੱਗਣ ਦਿੰਦੇ। ਉਹ ਉਹਨੂੰ (ਮਾਂ ਨੂੰ) 'ਗੁਜਰੀ' ਕਹਿੰਦੇ ਹੁੰਦੇ। ਅੱਜ ਉਹ 'ਗੁਜਰੀ ਮਾਂ' ਜਿਹੀ ਹੀ ਲੱਗਦੀ ਹੈ।

ਮੇਰੀ ਮਾਂ ਜਦ ਆਪਦੇ ਬਚਪਨ ਦੀਆਂ ਗੱਲਾਂ ਕਰਦੀ ਐ ਤਾਂ ਇੰਝ ਲੱਗਦਾ ਬਈ ਉਹ ਪੰਜ ਸਾਲ ਦੀ ਉਮਰ ਵਿਚ ਹੀ 'ਮਾਂ' ਬਣ ਗਈ ਸੀ। ਜਦ ਉਹਦੇ ਸੱਤ ਭੈਣ ਭਰਾਵਾਂ ਦਾ ਕੰਮ ਉਹਦੇ ਜਿੰਮੇ ਆ ਪਿਆ ਸੀ। ਸਾਡੀ ਨਾਨੀ ਵਿਹਲੀ ਰਹਿੰਦੀ ਤੇ ਸਾਰਾ ਚੁੱਲ੍ਹਾ -ਚੌਂਕਾ ਸਾਡੀ ਮਾਂ ਦੇ ਹਿੱਸੇ ਆਉਂਦਾ। ਉਸ ਦਾ 5 ਤੋਂ 60 ਸਾਲ ਦਾ ਸਫ਼ਰ ਪਹਿਲਾਂ ਉਹਦੇ ਭੈਣ-ਭਰਾਵਾਂ ਤੇ ਫੇਰ ਸਾਡੇ ਹਿੱਸੇ ਆਇਆ।

ਜਦ ਮੈਂ ਉਹਨੂੰ ਪੁੱਛਿਆ ਕਿ "ਤੁਸੀਂ ਕਿਉਂਨੀ ਪੜ੍ਹਨ ਲੱਗੇ ਮਾਸੀਆਂ ਵੀ ਤਾਂ ਥੋੜਾ ਬਹੁਤਾ ਪੜ੍ਹ ਹੀ ਗਈਆਂ।" ਤਾਂ ਉਹਦਾ ਜਵਾਬ ਸੀ, "ਮੇਰੀ ਮਾਂ ਮੇਰੇ ਲਈ ਕਿਸੇ ਕਸਾਈ ਤੋਂ ਘੱਟ ਨਹੀ ਤੀ ਸਾਰਾ ਦਿਨ ਮੈਨੂੰ ਚੁੱਲ੍ਹੇ 'ਚ ਲਾਈ ਰੱਖਦੀ।" ਜਦ ਮੈਂ ਕਿਹਾ ਕਿ "ਫਿਰ ਵੀ ਤੁਸੀਂ ਉਨ੍ਹਾਂ ਬਾਰੇ ਕਦੇ ਮਾੜਾ ਨੀ ਬੋਲਦੇ ਤੇ ਸਭ ਭੈਣਾਂ ਭਰਾਵਾਂ 'ਚੋਂ ਸਭ ਤੋਂ ਵੱਧ ਤੁਸੀਂ ਉਹਨਾਂ ਦਾ ਸਾਥ ਦਿੱਤਾ।" ਤਾਂ ਉਹਨੇ ਕਿਹਾ, "ਲੈ ਫੇਰ ਵੀ ਉਹ ਮੇਰੀ ਮਾਂ ਤੀ।"

ਮੇਰੀ ਮਾਂ ਨੂੰ ਸਿਰਫ ਦੋ ਹੀ ਅੱਖਰ ਪਾਉਣੇ ਆਉਂਦੇ ਹਨ 'ੳ' ਤੇ 'ਸ' ਜਾਂ ਇੰਞ ਕਹਿ ਲਓ ਕਿ ਮੇਰੀ ਮਾਂ ਦੀ ਜ਼ਿੰਦਗੀ ਦਾ ਆਧਾਰ ਇਨ੍ਹਾਂ ਦੋਨੋਂ ਅੱਖਰਾਂ ਵਿਚ ਹੈ। 'ੳ' '੧ਓ' ਤੋਂ ਤੇ 'ਸ' ਤੋਂ 'ਸਨਮਾਨ' ਦੇਣਾ ਤੇ



ਲੈਣਾ ਕਿਵੇਂ ਐ ਇਹ ਉਹਨੂੰ ਖੂਬ ਪਤਾ ਹੈ। ਉਹ ਸਾਨੂੰ ਦੋਵਾਂ ਭੈਣਾਂ ਨੂੰ ਇਹੀ ਸੀਖ ਦਿੰਦੀ ਆ ਬਈ ਪੁੱਤ ਨੀਵੀਆਂ ਰਿਹਾ ਕਰੋ। ਨੀਵੇਂ ਦੀ ਰੱਬ ਛੇਤੀ ਸੁਣਦੈ। ਕਿਸੇ ਵੀ ਗੱਲ ਦਾ ਹੰਕਾਰ ਨੀ ਕਰੀਦਾ। ਸਭ ਬੰਦਿਆਂ 'ਚ ਰੱਬ ਵੱਸਦੈ। ਅੱਜ ਵੀ ਉਹ ਘਰ ਆਏ ਮਹਿਮਾਨ ਤਾਂ ਕੀ ਕਿਸੇ ਗਰੀਬ ਗੁਰਬੇ ਨੂੰ ਵੀ ਭੁੱਖਾ ਨੀ ਮੋੜਦੀ। ਜਿਵੇਂ ਉਹਦਾ ਘਰ 'ਮਾਈ ਦਾ ਲੰਗਰ' ਹੋਵੇ। ਉਹਦੇ ਮਹਿਮਾਨ ਵੀ ਕਸ਼ਮੀਰੀਏ, ਕੱਪੜਾ ਵੇਚਣ ਵਾਲੇ, ਢੌਂਸੀ, ਫੇਰੀ ਵਾਲੇ ਹੀ ਹੁੰਦੇ ਨੇ। ਕਈ ਗਰਮ ਕੱਪੜਾ ਵੇਚਣ ਵਾਲੇ ਕਸ਼ਮੀਰੀਏ ਤਾਂ ਉਹਦੇ ਪੱਕੇ ਜਾਣਕਾਰ ਨੇ ਤੇ ਉਹਨਾਂ ਨੂੰ ਪਤਾ ਬਈ ਜੇ ਭੁੱਖ ਲੱਗੀ ਆ ਤਾਂ ਕੀਹਦੇ ਘਰ ਜਾਣਾ।

ਪਾਪਾ ਨਾਲੋਂ ਕਿਤੇ ਵੱਧ ਲੋਕ ਮੇਰੀ ਮਾਂ ਨਾਲ ਜੁੜੇ ਹਨ। ਜਦ ਵੀ ਕਦੇ ਕੋਈ ਲੜਾਈ ਝਗੜਾ ਹੁੰਦਾ ਜਿਵੇਂ ਸਾਡੇ ਤਾਏ ਨਾਲ ਸਾਡੀਆਂ ਕਿੰਨੇ ਸਾਲ ਛੋਟੀਆਂ ਮੋਟੀਆਂ ਲੜਾਈਆਂ ਹੁੰਦੀਆਂ ਰਹੀਆਂ ਜਾਂ ਹੋਰ ਗਲੀ-ਗੁਆਂਢ ਦੇ ਝਗੜੇ। ਉਹ ਬੜੀ ਅਸਾਨੀ ਤੇ ਸ਼ਾਤੀ ਨਾਲ ਹੱਲ ਕਰਦੀ ਹੈ। ਅਹਿਜੇ ਮੌਕੇ ਉਹ ਮੈਨੂੰ ਕਿਸੇ ਜਾਦੂਗਰਨੀ ਸਮਾਨ ਲੱਗਦੀ ਐ। ਮੇਰੇ ਚਾਚੇ ਦੇ ਬੱਚੇ ਤੇ ਹੋਰ ਜਾਣਕਾਰ ਵੀ ਉਹਨੂੰ 'ਮੋਮੋਠੱਗਣੀ' ਕਹਿੰਦੇ ਨੇ ਕਿਉਂਕਿ ਉਹ ਦੁਸ਼ਮਣ ਨਾਲ ਵੀ ਪਿਆਰ ਤੇ ਅਪਣੱਤ ਨਾਲ ਪੇਸ਼ ਆਉਂਦੀ ਐ। ਇਸ ਮੋਮੋ ਠੱਗਣੇ ਸੁਭਾਅ ਦਾ ਵੱਡਾ ਕਾਰਨ ਮੇਰੇ ਪਾਪਾ ਦੇ ਸੁਭਾਅ ਵਿਚ 'ਸਬਰ ਦੀ ਘਾਟ' ਦਾ ਹੋਣਾ ਵੀ ਐ। ਪਾਪਾ ਬੜੀ ਛੇਤੀ ਤਹਿਸ਼ ਵਿਚ ਆ ਕੇ ਪੰਗਾ ਪਾ ਦਿੰਦੇ ਨੇ ਤੇ ਉਹ ਜੋ ਵਿਗਾੜ ਦਿੰਦੇ ਨੇ, ਉਹ ਮਾਂ ਸੰਭਾਲ ਲੈਂਦੀ ਐ। ਕਦੇ ਕਿਸੇ ਨੂੰ ਟੁੱਟਣ ਨੀ ਦਿੰਦੀ। ਸਭ ਨਾਲ ਜੁੜੀ ਰਹਿੰਦੀ ਐ। ਸਭ ਨੂੰ ਜੋੜੀ ਰੱਖਦੀ ਐ। ਉਸ ਨੇ ਹਰ ਰਿਸ਼ਤਾ ਪੂਰੀ ਇਮਾਨਦਾਰੀ ਨਾਲ ਨਿਭਾਇਆ। ਮੇਰੀ ਨਾਨੀ ਕਈ ਸਾਲ ਮੰਜੇ 'ਤੇ ਪਈ ਰਹੀ। ਮੇਰੀ ਮਾਂ ਹਰ ਹਫ਼ਤੇ ਆਪਣੀ ਮਾਂ ਨੂੰ ਮਿਲਣ ਜਾਂਦੀ। ਨਾਨਕੇ ਘਰ ਕਿਸੇ ਨਾਲ ਨਾ ਬੋਲਦੀ। ਬੱਸ ਨਾਨੀ ਦਾ ਹਾਲ ਦੇਖਕੇ ਮੁੜ ਆਉਂਦੀ। ਉਸ ਨੇ ਬੜੀ ਭੈਣ ਦਾ ਰਿਸ਼ਤਾ ਵੀ ਮਾਂ ਬਣਕੇ ਪੂਰਾ ਕੀਤਾ। ਸਾਰੇ ਭੈਣ-ਭਰਾਵਾਂ ਦੇ ਦੁੱਖ ਸੁੱਖ ਅੱਗੇ ਵੀ ਮਾਂ ਬਣਕੇ ਖੜੀ ਰਹੀ। ਪਤਨੀ, ਨੂੰਹ ਤੇ ਭਾਬੀ ਦੇ ਰਿਸ਼ਤੇ ਵੀ ਉਹਨੇ ਇਸੇ ਅਸਾਧਾਰਨ ਤੇ ਵਿਸ਼ੇਸ਼ ਸੂਝ-ਬੂਝ ਨਾਲ ਨਿਭਾਏ। ਕਦੇ ਕਿਸੇ ਦਾ ਮੂੰਹ ਮੋਟਾ ਨਹੀਂ ਹੋਣ ਦਿੱਤਾ, ਪਰ ਅੱਜ ਜ਼ਿੰਦਗੀ ਦੇ ਇਸ ਮੋੜ ਤੇ ਉਹ ਆਪਣੇ ਆਪ ਨੂੰ ਅਕਸਰ ਇਕੱਲਾ ਪਾਉਂਦੀ ਹੈ। ਜਿਵੇਂ ਚਿੜੀ ਦੇ ਬੱਚੇ ਉੱਡਣਾ ਸਿੱਖ ਕੇ ਆਪਣੇ ਵੱਖਰੇ ਆਲ੍ਹਣੇ ਬਣਾ ਲੈਂਦੇ ਹਨ। ਮੁੜ ਉਸ ਵੱਲ ਨੀ ਦੇਖਦੇ। ਕੁਝ ਇਸ ਤਰ੍ਹਾਂ ਹੀ ਮੇਰੀ ਮਾਂ ਨਾਲ ਹੋਇਆ। ਪਰ ਫਿਰ ਵੀ ਉਹ ਸਭ ਦੀ ਖੈਰ ਸੁੱਖ ਦੀਆਂ ਅਰਦਾਸਾਂ ਕਰਦੀ ਇਹੀ ਕਹਿ ਕੇ ਸਾਰ ਦਿੰਦੀ ਐ, "ਮੇਰਾ ਤਾਂ ਜੱਸ-ਲੈਣਾ ਈ ਮਾੜਾ...।"

ਜਦ ਮਾਂ ਦਾ ਰਿਸ਼ਤਾ ਨਿਭਾਉਣ ਦੀ ਗੱਲ ਆਉਂਦੀ ਐ ਤਾਂ ਉਸਦਾ ਕੋਈ ਸਾਨੀ ਨੀ। ਉਸ ਦੀ ਮਮਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਆਪਣੇ ਬੱਚਿਆਂ ਦੀ ਖੁਸ਼ੀ ਤੇ ਸਾਥ ਦੇਣ ਲਈ ਉਹ ਆਪਣਾ ਪਤਨੀ ਧਰਮ ਵੀ ਭੁੱਲ ਜਾਂਦੀ ਹੈ। ਇਸ ਮੌਕੇ ਉਹ ਵੱਡੇ ਤੋਂ ਵੱਡਾ ਝੂਠ ਬੜੀ ਨਿਡਰਤਾ ਨਾਲ ਬੋਲ ਜਾਂਦੀ ਹੈ। ਉਸ ਸਮੇਂ ਉਹ ਸਿਰਫ 'ਮੇਰੀ ਮਾਂ' ਹੁੰਦੀ ਹੈ। ਉਸ ਲਈ ਉਸ ਸਮੇਂ ਸਮਾਜ, ਰੀਤੀ-ਰਿਵਾਜ਼, ਪਰਿਵਾਰ, ਪਤੀ ਕੋਈ ਗੱਲ ਮਹੱਤਵਪੂਰਨ ਨਹੀਂ ਰੱਖਦੀ। ਅਜਿਹੀ ਸਥਿਤੀ ਵਿਚ ਅਕਸਰ ਪਾਪਾ ਕਹਿੰਦੇ ਹਨ, "ਕੁੜੀ ਨੂੰ ਤੂੰ ਹੀ ਵਿਗਾੜਿਆ। ਤੇਰੀ ਸ਼ੈਅ ਆ...।" ਮੇਰੀ ਮਾਂ ਦਾ ਇਕੋ ਹੀ ਜਵਾਬ ਹੁੰਦਾ, "ਜਿੱਥੇ ਉਹ ਗਲਤ ਹੋਊ ਉਥੇ ਈ ਟੋਕੂ, ਉਈਂ ਟੋਕੀ ਜਾਵਾਂ...।" ਉਹ ਹਮੇਸ਼ਾ ਮੈਨੂੰ ਵੀ ਕਹਿੰਦੀ ਆ, "ਜਿੱਥੇ ਤੇਰੀ ਗਲਤੀ ਹੋਊ, ਮੈਂ ਤੇਰਾ ਸਾਥ ਨੀ ਦੇਣਾ। ਪਰ ਤੂੰ ਫ਼ਿਕਰ ਨਾ ਕਰ ਮੈਂ ਤੇਰੇ ਨਾਲ ਆ।"

ਉਸ ਨੇ ਮੇਰਾ ਸਾਥ ਉਸ ਘੜੀ ਵਿਚ ਦਿੱਤਾ ਜਿੱਥੇ ਆਪਣਾ ਸਾਇਆ ਵੀ ਸਾਥ ਛੱਡ ਜਾਂਦਾ ਆ। ਉਹਨਾ ਮੁਸ਼ਕਿਲ ਘੜੀਆਂ ਵਿਚ ਮੈਂ ਮੇਰੀ ਮਾਂ ਦਾ ਪਹਾੜ ਜਿੱਡਾ ਜੇਰਾ ਵੀ ਵੇਖਿਆ। ਮੇਰੀ ਮਾਂ ਮੇਰੀ ਜ਼ਿੰਦਗੀ ਦਾ ਮੁੱਢ ਹੀ ਨਹੀਂ, ਮੇਰੀ ਜ਼ਿੰਦਗੀ ਆ।

ਬਚਪਨ 'ਚ ਉਹ ਕਦੇ ਸਾਡੇ ਨਾਲ ਗੁੱਸੇ ਨੀ ਹੋਈ। ਕਦੇ ਝਿੜਕਿਆ ਨੀ। ਕੁੱਟਿਆ ਤਾਂ ਭੁੱਲ ਹੀ ਜਾਓ। ਬਿਨਾ ਰੋਕੇ ਟੋਕੇ ਸਾਡੀ ਮਾਂ ਸਾਨੂੰ ਕਿੰਨਾ ਕੁਝ ਸਿਖਾ ਗਈ। ਇਹ ਅੱਜ ਸਮਝ ਆਉਂਦੀ ਐ। ਇਨੇ

ਗੁਣਾਂ ਦੀ ਧਾਰਨੀ ਇਹ ਔਰਤ 'ਮੇਰੀ ਮਾਂ' ਇਕ ਅਨਪੜ੍ਹ ਔਰਤ ਹੋਣ ਦੇ ਬਾਵਜੂਦ ਵੀ ਕਿਸੇ ਪੜ੍ਹੀ ਲਿਖੀ ਮਾਂ ਤੋਂ ਹਰ ਪੱਖ ਤੋਂ ਵਧੀਆ ਐ। ਅੱਜ ਜਦ ਮੇਰੀ ਵੱਡੀ ਭੈਣ ਕਹਿੰਦੀ ਐ, "ਮੰਮੀ ਜਿੰਨੀ ਸਮਝ ਸਾਡੀ ਸਾਰਿਆਂ ਦੀ ਰਲਾ ਕੇ ਵੀ ਨਹੀਂ ਬਣਦੀ।" ਤਾਂ ਲੱਗਦੈ ਜਿਵੇਂ ਉਹ ਸਾਡੀਆਂ ਹਨੇਰੀਆਂ ਜ਼ਿੰਦਗੀਆਂ ਦੀ ਰੌਸ਼ਨੀ ਐ। ਅੱਜ ਵੀ ਮੈਂ ਰਾਤ ਨੂੰ ਉੱਠ ਕੇ ਰੋਣ ਲੱਗ ਪੈਂਦੀ ਹਾਂ ਕਿ ਜਦ ਮੇਰੀ ਮਾਂ ਨਹੀਂ ਹੋਵੇਗੀ ਤਾਂ ਸਾਡਾ ਕੀ ਹੋਵੇਗਾ?

ਜ਼ਿੰਦਗੀ ਦੇ ਇਸ ਪੜਾਅ ਚੋਂ ਲੰਘਦੀ ਹੋਈ ਉਹ ਕਈ ਵਾਰੀ ਮਾਸੂਮ ਜਿਹੀਆਂ ਗੱਲਾਂ ਕਰਦੀ ਐ। ਅੱਜ ਜਦ ਉਹ ਮੇਰੇ ਨਾਲ ਗੁੱਸੇ ਵੀ ਹੁੰਦੀ ਐ ਤਾਂ ਛੋਟੀ ਜਿਹੀ ਗੱਲ ਤੋਂ ਮੂੰਹ ਫਲਾ ਲੈਂਦੀ ਐ। ਅਖੇ "ਤੂੰ ਪੰਜ ਮਿੰਟ ਲੇਟ ਹੋਗੀ..." ..."ਤੂੰ ਤਾਰ ਤੋਂ ਕੱਪੜੇ ਨੀ ਲਾਹੇ...।" ਜਦਕਿ ਉਹ ਮੈਨੂੰ ਘਰ ਦੇ ਕਿਸੇ ਕੰਮ ਲਈ ਨੀ ਟੋਕਦੀ। ਪਰ ਜਦੋਂ ਗੁੱਸੇ ਹੋਣਾ ਹੋਵੇ ਤਾਂ ਬਿਨਾਂ ਸਿਰ ਪੈਰ ਦੀ ਗੱਲ ਦੇ ਈ ਗੁੱਸੇ ਹੋ ਬੈਠਦੀ ਆ। ਫਿਰ ਇਹ ਗੁੱਸਾ ਕਈ ਦਿਨ ਰਹਿੰਦਾ। ਉਹ ਮੇਰੇ ਸਾਰੇ ਕੰਮ ਵੀ ਕਰਦੀ ਐ। ਰੋਟੀ ਤੋਂ ਲੈ ਕੇ ਕੱਪੜੇ ਧੋਣ ਤੱਕ। ਗੁੱਸੇ ਵੀ ਰਹਿੰਦੀ ਆ। ਮੈਂ ਮੌਕਾ ਬਚਾ ਬਚਾ ਕੇ ਉਹਨੂੰ ਬਲਾਉਣ ਦੀ ਕੋਸ਼ਿਸ਼ ਜਾਰੀ ਰੱਖਦੀ ਆ। ਫੇਰ ਪਤਾ ਨੀ ਕਿਹੜੀ ਨਿੱਕੀ ਜਿਹੀ ਗੱਲ ਤੇ ਉਸ ਦਾ ਸਾਰਾ ਗੁੱਸਾ ਛੂ-ਮੰਤਰ ਹੋ ਜਾਂਦਾ। ਅਸੀਂ ਫਿਰ ਇਕ ਦੂਜੀ ਦੇ ਸਾਹ 'ਚ ਸਾਹ ਲੈਣ ਲੱਗਦੀਆਂ ਹਾਂ।

ਪਰ ਜਦ ਮੈਂ ਸੰਗਰੂਰ ਤੋਂ ਹਫੀ ਹੋਈ ਸ਼ਾਮ ਨੂੰ ਘਰ ਵੜਦੀ ਤਾਂ ਉਹਨੇ ਕਦੇ ਮੈਨੂੰ ਪਾਣੀ ਦਾ ਗਲਾਸ ਤੱਕ ਨੀ ਫੜਾਇਆ। ਭਾਵੇਂ ਉਹਦਾ ਆਪ ਵੀ ਸੰਘ ਸੁੱਕਿਆ ਹੁੰਦਾ ਬਈ ਅੱਜ ਉਹ ਲੇਟ ਆ। ਜੇ ਕੋਲ ਬੈਠੇ ਜਾਣਕਾਰ ਨੇ ਕਹਿਣਾ ਬਈ ਕੁੜੀ ਦਾ ਬੁਰਾ ਹਾਲ ਐ। ਆਈ ਨੂੰ ਪਾਣੀ-ਧਾਣੀ ਤਾਂ ਪੁੱਛ ਈ ਸਕਦੀ ਐਂ ਤਾਂ ਉਹਦਾ ਇਕੋ ਜਵਾਬ ਹੁੰਦਾ, "ਮੈਂ ਕੋਈ ਗੋਲੀ ਆ। ਲਾਹ ਤੀਆਂ, ਪਕਾ ਤੀਆਂ, ਚੱਕ ਕੇ ਖਾਣ 'ਚ ਵੀ ਦੁੱਖ ਹੁੰਦੈ ਤਾਂ ਹੋਵੇ।" ਉਦੋਂ ਮੈਨੂੰ ਗੁੱਸਾ ਵੀ ਆਉਂਦਾ। ਪਰ ਮੈਂ ਕੁਝ ਨਾ ਕਹਿੰਦੀ। ਅੱਜ ਜਦ ਉਸ ਗੱਲ ਦੀ ਤਹਿ ਤੱਕ ਜਾਂਦੀ ਆ ਤਾਂ ਪਤਾ ਲੱਗਦਾ ਬਈ ਮੈਨੂੰ ਆਤਮ ਨਿਰਭਰ ਬਣਾਉਣ 'ਚ ਅਜਿਹੀਆਂ ਕਿੰਨੀਆਂ ਈ ਅਸਿੱਧੀਆਂ ਸੀਖਾਂ ਨੇ ਯੋਗਦਾਨ ਪਾਇਆ।

ਪਰ ਹੁਣ ਮੇਰੀ ਉਹੀ ਭੋਲੀ ਮਾਂ ਕਦੇ ਕਦੇ ਕਹਿੰਦੀ ਆ, "ਤੂੰ ਫਲਾਣੇ ਅੱਗੇ ਮੇਰੀ ਬੇਇਜ਼ਤੀ ਕਰਤੀ, ਮੈਂ ਨੀ ਸੁਣਨਾ ਅੱਗੇ ਤੋਂ, ਸੋਚ ਕੇ ਬੋਲੀਂ।" ਜੇ ਬੇਇੱਜ਼ਤੀ ਵਾਲੀ ਗੱਲ ਤੇ ਧਿਆਨ ਦਿਓ ਤਾਂ ਉਹ ਹੁੰਦੀ ਆ ਕਿ ਉਹ ਰੋਟੀ ਸਮੇਂ ਸਿਰ ਨੀ ਖਾਂਦੀ, ਸਿਹਤ ਦਾ ਧਿਆਨ ਨੀ ਰੱਖਦੀ। ਹੁਣ ਲੱਗਦਾ ਕਿ ਮੈਂ ਉਹਦੀ ਮਾਂ ਤੇ ਉਹ ਮੇਰੀ ਧੀ ਬਣਦੀ ਜਾ ਰਹੀ ਐ। ਸਾਡਾ ਰਿਸ਼ਤਾ ਇਕ ਨਵੇਂ ਦੌਰ 'ਚ ਪ੍ਰਵੇਸ਼ ਕਰ ਰਿਹਾ। ਜੇ ਅਸੀਂ ਕਹੀਏ, "ਮਾਂ ਰੱਬ ਦਾ ਨਾਂ ਲਿਆ ਕਰ।" ਤਾਂ ਅੱਗਿਓਂ ਜਵਾਬ ਆਊ, "ਸੁੱਖ ਵੇਲੇ ਈ ਰੱਬ ਯਾਦ ਆਉਂਦਾ। ਦੁੱਖ ਵੇਲੇ ਤਾਂ ਉਹਦਾ ਵੀ ਖਿਆਲ ਨੀ ਆਉਂਦਾ।"

ਉਹ ਅੰਧ ਵਿਸ਼ਵਾਸ, ਟੂਣੇ ਟਾਮਣਾ ਤੇ ਬਿਲਕੁਲ ਯਕੀਨ ਨੀ ਕਰਦੀ। ਜਦ ਕਿ ਮੇਰੇ ਪਾਪਾ ਪੜ੍ਹੇ ਲਿਖੇ ਤੇ ਫੌਜੀ ਹੋਣ ਦੇ ਬਾਵਜੂਦ ਵੀ ਇਨਾਂ ਚੀਜਾਂ ਤੇ ਯਕੀਨ ਰੱਖਦੇ ਹਨ। ਮੇਰੀ ਮਾਂ ਦਾ ਇਹ ਗੁਣ ਭਾਵ ਸਾਧਾ ਸੰਤਾਂ ਜਾਂ ਅਖੌਤੀ ਬਾਬਿਆਂ ਵਿਚ ਯਕੀਨ ਨਾ ਕਰਨਾ ਵੀ ਮੇਰੀ ਸਖਸ਼ੀਅਤ ਦਾ ਅਸਿੱਧੇ ਰੂਪ ਵਿਚ ਹਿੱਸਾ ਬਣ ਗਿਆ। ਇਸ ਆਦਤ ਨੇ ਮੈਨੂੰ ਵਿਗਿਆਨਿਕ ਸੋਚ ਦੀ ਧਾਰਨੀ ਵੀ ਬਣਾਇਆ। ਉਹ ਅਕਸਰ ਕਹਿੰਦੀ ਐ, ਬਈ, "ਕਿਸੇ ਬਾਬੇ 'ਚ ਐਨਾ ਸੱਤ ਨੀ ਕਿ ਕਿਸੇ ਦਾ ਕੁਝ ਵਿਗਾੜ ਸਕੇ। ਬੱਸ ਉਪਰ ਵਾਲੇ ਦੀ ਮਿਹਰ ਚਾਹੀਦੀ ਆ।"

ਉਸ ਨੇ ਕਦੇ ਸਾਨੂੰ ਧੀਆਂ ਹੋਣ ਤੇ ਪੁੱਤ ਦੀ ਕਮੀਂ ਦਾ ਅਹਿਸਾਸ ਜ਼ਾਹਰ ਨਹੀਂ ਹੋਣ ਦਿੱਤਾ। ਪਰ ਇਕ ਘਟਨਾ ਜ਼ਰੂਰ ਯਾਦ ਰਹਿੰਦੀ ਐ ਮੇਰੇ ਜ਼ਹਿਨ 'ਚ। ਉਹ ਅਕਸਰ ਮੈਨੂੰ ਗੁੱਡੀਆਂ ਨਾਲ ਖੇਡਣ ਨਹੀਂ ਸੀ ਦਿੰਦੀ। ਕਿੰਨੀ ਹੀ ਵਾਰ ਉਸ ਨੇ ਮੇਰੀਆਂ ਗੁੱਡੀਆਂ ਚੁੱਕ ਕੇ ਲਕੋਈਆਂ ਜਾਂ ਪਤਾ ਨੀ ਕਿੱਥੇ ਦਫ਼ਨ ਕਰ ਦਿੱਤੀਆਂ। ਪਰ ਉਸਨੇ ਕਦੇ ਘੂਰ ਕੇ ਮੈਨੂੰ ਉਹਨਾਂ ਨਾਲ ਖੇਡਣੋਂ ਨੀ ਰੋਖਿਆ। ਅੱਜ ਉਹ ਗੱਲ ਸਮਝ



ਆਉਂਦੀ ਐ ਕਿ ਉਸ ਨੂੰ ਇਹ ਡਰ ਸੀ ਕਿ ਗੁੱਡੀਆਂ ਨਾਲ ਖੇਡਣ ਨਾਲ ਕਿਤੇ ਘਰ ਇਕ ਹੋਰ ਗੁੱਡੀ ਨਾ ਆ ਜਾਵੇ। ਅੱਜ ਉਸ ਦਰਦ ਦੀ ਮੈਨੂੰ ਪੂਰੀ ਸਮਝ ਐ।

ਕਹਿੰਦੇ ਨੇ ਦੀਵੇ ਹੇਠ ਵੀ ਹਨੇਰਾ ਹੁੰਦਾ ਹੈ। ਪਰ ਮੇਰੀ ਮਾਂ ਉਹ ਚਿਰਾਗ਼ ਆ ਜੋ ਸਾਰੀ ਉਮਰ ਦੋ ਪਾਸਿਓਂ ਜਗਿਆ। ਜਿਸਨੇ ਰੌਸ਼ਨੀ ਨਾਲ ਸਭ ਦਾ ਜੀਵਨ ਰੌਸ਼ਨ ਕੀਤਾ। ਉਸ ਦੀ ਪੂਰੀ ਦੁਨੀਆਂ ਉਸ ਦੇ ਹੱਡ-ਮਾਸ ਦੇ ਸਾਂਝੇ ਹੀ ਹਨ। ਜਿਨਾ ਲਈ ਉਸ ਨੇ ਪਤਾ ਨੀ ਕਿੰਨੇ ਸਹੀ ਤੇ ਗਲਤ ਕਦਮ ਵੀ ਚੁੱਕੇ ਹੋਣ ਨੇ। ਪਰ ਉਸ ਦਾ ਕੋਈ ਕਦਮ ਕਦੇ ਕਿਸੇ ਨੂੰ ਨੁਕਸਾਨ ਦੇਣ ਵਾਲਾ ਨਹੀਂ ਰਿਹਾ।

ਜਦ ਮੈਂ ਉਸਨੂੰ ਦੱਸਿਆ ਕਿ ਮੈਂ 'ਮਾਂ' ਤੇ ਲਿਖਣਾ ਤਾਂ ਉਹ ਕਹਿੰਦੀ, "ਲੈ ਤੇਰੀ ਮਾਂ 'ਚ ਲਿਖਣ-ਪੜ੍ਹਨ ਵਾਲਾ ਕੀ ਆ ਮੇਰੇ ਵਿਚ ਤਾਂ ਕੋਈ ਗੁਣ ਨੀ ਜਿਹੜਾ ਲਿਖਿਆ ਜਾਵੇ।" ਇਹ ਗੱਲ ਕਹਿੰਦੇ ਹੋਏ ਉਸ ਦੇ ਮੂੰਹ ਤੇ ਅਜੀਬ ਜਿਹੀ ਹੈਰਾਨੀ ਤੇ ਮਾਸੂਮ ਖੁਸ਼ੀ ਦਾ ਅਹਿਸਾਸ ਸੀ। ਉਹ ਮੈਨੂੰ ਕਬੂਤਰੀ ਜਿਹੀ ਲੱਗੀ ਜਿਸ ਨੂੰ ਪਤਾ ਨਾ ਹੋਵੇ ਕਿ ਉਸ 'ਚ ਕਿੰਨੇ ਗੁਣ ਹਨ।

ਉਸ ਦਾ ਸਿੱਖਿਆ ਦੇਣ ਦਾ ਅਜੀਬ ਹੀ ਤਰੀਕਾ ਹੈ। ਉਹ ਬਿਨਾਂ ਕੋਈ ਉਪਦੇਸ਼ ਜਾਂ ਪ੍ਰਵਚਨ ਕੀਤੇ ਪਤਾ ਨੀ ਕਿਸ ਜਾਦੂਗਰੀ ਨਾਲ ਸਾਹਮਣੇ ਵਾਲੇ ਨੂੰ ਕੀਲ ਲੈਂਦੀ ਆ। ਹਰੇਕ ਉਸ ਦੀ ਸਮਝ ਦਾ ਮੁਰੀਦ ਬਣ ਜਾਂਦਾ। ਪਰ ਕਈ ਵਾਰੀ ਮੈਂ ਇਸ ਜਾਦੂਗਰਨੀ ਨੂੰ ਆਮ ਪੰਜਾਬੀ ਪੇਂਡੂ ਔਰਤ ਦੀ ਤਰ੍ਹਾਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੇ ਵੀ ਦੇਖਿਆ। ਅੱਜ ਵੀ ਕਈ ਵਾਰੀ ਮੇਰੀ ਮਾਂ, ਜਿਹੜੀ ਪਾਪਾ ਦੇ ਪਿੱਛੋਂ ਦੀ ਹਾਥੀ ਲੰਘਾ ਦੇਣ ਦਾ ਹੌਂਸਲਾ ਰੱਖਦੀ ਐ, ਨੂੰ ਸਵੇਰ ਵੇਲੇ ਉਭੜ ਵਾਹੇ ਉਠਦੇ ਦੇਖਿਆ। ਉੱਠ ਕੇ ਉਹ ਕਹੂ, "ਕਿਤੇ ਚਾਹ ਦਾ ਟੈਮ ਤਾਂ ਨੀ ਹੋ ਗਿਆ?"

ਉਸ ਦਾ ਸਭ ਤੋਂ ਪਿਆਰਾ ਤੇ ਅਹਿਮ ਸੁਪਨਾ ਆਪਣੇ ਬੱਚਿਆਂ ਦੇ ਸੁਪਨਿਆਂ ਨੂੰ ਸਾਕਾਰ ਹੁੰਦੇ ਦੇਖਣਾ ਹੈ। ਜੋ ਸਾਡਾ ਸੁਪਨਾ ਉਹੀ ਉਹਦਾ ਸੁਪਨਾ ਬਣ ਜਾਂਦਾ। ਪਹਿਲਾਂ ਇਹ ਫਿਕਰ ਕਿ ਬੱਚੇ ਪੜ੍ਹਾਉਣੇ ਹਨ। ਉੱਤੋਂ ਅੰਤਾਂ ਦੀ ਗਰੀਬੀ। ਦਿਨ ਰਾਤ ਉਸ ਨੇ ਪੰਜਾਲੀ ਗ਼ਲ ਵਿਚ ਹੀ ਪਾਈ ਰੱਖੀ। ਆਪਣੇ ਬੱਚਿਆਂ ਨੂੰ ਚੰਗੇ ਗੁਣਾ ਦੇ ਧਾਰਨੀ ਬਣਾਇਆ। ਉਸਦੇ ਫ਼ਿਕਰ ਵੀ ਇਕ ਸਾਧਾਰਨ ਔਰਤ ਦੀ ਤਰ੍ਹਾਂ ਹੀ ਰਹੇ। ਪਹਿਲਾਂ ਬੜੀ ਕੁੜੀ ਦਾ ਵਿਆਹ ਹੋਜੇ। ਉਹਦਾ ਘਰ ਵਸ ਜੇ। ਮੈਨੂੰ ਯਾਦ ਆ ਜਿਸ ਸਾਲ ਮੈਂ ਈ. ਟੀ. ਟੀ. ਦਾ ਐਂਟਰੈਂਸ ਦੇਣਾ ਸੀ ਤਾਂ ਉਹਨੇ ਕਿਹਾ, "ਪੁੱਤ ਆਹ ਟੈਸਟ ਕੱਢਲਾ, ਫਿਰ ਮੇਰੇ ਸਾਰੇ ਫਿਕਰ ਮੁੱਕ ਜਾਣਗੇ।" ਫੇਰ ਕਹਿਣ ਲੱਗੀ, "ਪੁੱਤ ਤੈਨੂੰ ਨੌਂਕਰੀ ਮਿਲਜੇ। ਫੇਰ ਨੀ ਮੈਂ ਫਿਕਰ ਕਰਦੀ।" ਤੇ ਹੁਣ ਮੈਨੂੰ ਨੌਂਕਰੀ ਲੱਗੀ ਨੂੰ ਵੀ ਚਾਰ ਸਾਲ ਹੋ ਗਏ ਨੇ। ਇਨ੍ਹਾਂ ਚਾਰ ਸਾਲਾਂ 'ਚ ਕੋਈ ਵੀ ਦਿਨ ਤੇ ਪਲ ਅਜਿਹਾ ਨੀ ਹੁੰਦਾ ਜਦ ਉਹ ਨਾ ਕਹਿੰਦੀ ਜਾਂ ਸੋਚਦੀ ਹੋਵੇ, "ਇਹਦਾ ਵਿਆਹ ਨੀ ਹੁੰਦਾ?" ਇਹ ਸਭ ਦੇਖ ਕੇ ਉਹ ਮੈਨੂੰ ਹੋਰ ਮਹਾਨ ਲੱਗਦੀ ਐਂ ਜਿਸਨੇ ਕਦੇ ਆਪਣੇ ਲਈ ਜਿਉਣਾ ਹੀ ਨਹੀਂ ਸਿੱਖਿਆ।

ਮੇਰੀ ਮਾਂ ਦੇ ਸੁਪਨੇ ਬੜੇ ਛੋਟੇ ਛੋਟੇ ਰਹੇ ਨੇ। ਜਿਵੇਂ, 'ਮੇਰੇ ਕੋਲ ਸੋਨੇ ਦੀ ਚੈਨੀ ਹੋਵੇ, ਚੂੜੀ ਹੋਵੇ।" ਇਕ ਸਾਧਾਰਨ ਔਰਤ ਦੀ ਤਰ੍ਹਾਂ ਹੀ। ਪਰ ਉਸਨੇ ਇਨ੍ਹਾਂ ਸੁਪਨਿਆਂ ਨੂੰ ਕਦੇ ਆਪਣੇ ਪਤੀ ਜਾਂ ਬੱਚਿਆਂ ਨੂੰ ਪੂਰਾ ਕਰਨ ਲਈ ਨਹੀਂ ਕਿਹਾ। ਪਤਾ ਨੀ ਕਿਵੇਂ ਉਸਨੇ ਆਪਣੇ ਅਜਿਹੇ ਅਨਮੋਲ ਸੁਪਨੇ ਘਰ ਦੀ ਚੂਨ-ਭੂਨ ਵਿਚੋਂ ਹੀ ਪੂਰੇ ਕਰ ਲਏ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਨੂੰ ਸਾਕਾਰ ਰੂਪ ਦਿੰਦੀ ਉਹ ਉਮਰ ਦੇ ਆਖਰੀ ਪੜਾਅ ਤੱਕ ਪਹੁੰਚ ਗਈ ਐ।

ਉਸ ਦਾ ਸਭ ਤੋਂ ਨਜ਼ਦੀਕੀ ਦੁੱਖ ਜੋ ਮੈਂ ਮਹਿਸੂਸ ਕੀਤਾ ਉਸ ਦਾ ਉਮਰੋਂ ਪਹਿਲਾਂ ਸਿਰ ਚਿੱਟਾ ਹੋਣਾ ਤੇ ਬੁਢਾਪੇ ਦਾ ਆ ਜਾਣਾ ਹੈ। ਜਿਸ ਦੀ ਚੀਸ ਉਹ ਹਰ ਵੇਲੇ ਮਹਿਸੂਸ ਕਰਦੀ ਹੈ। ਹਰ ਸਮੇਂ ਉਹ ਆਪਣੀਆਂ ਹਮ ਉਮਰ ਔਰਤਾਂ ਦੇ ਸਿਰ 'ਤੇ ਮੂੰਹ ਦੇਖਦੀ ਐ ਤੇ ਕਹਿੰਦੀ ਐ, "ਇਹਦਾ ਸਿਰ ਵੀ ਕਾਲਾ ਪਿਆ। ਮੇਰੇ ਵਾਲ਼ ਪਤਾ ਨੀ ਕਿਉਂ ਚਿੱਟੇ ਹੋਗੇ।" "ਫਲਾਣੀ ਦਾ ਸਰੀਰ ਹਾਲੇ ਵੀ ਸੋਹਣਾ ਪਿਆ। ਮੇਰਾ ਪਤਾ ਨੀ ਕਿਉਂ...?" ਫਿਰ ਆਪੇ ਆਪਣੇ ਆਪ ਨੂੰ ਤਸੱਲੀ ਦਿੰਦੀ ਕਹੂ, "ਦੁੱਖਾ ਨੇ ਕਰਤੇ...।"

ਉਹ ਅੱਜ ਵੀ ਨਿਗ੍ਹਾ ਵਾਲੀਆਂ ਐਨਕਾਂ ਨੀ ਲਾਉਂਦੀ। ਉਸ ਨੂੰ ਇੰਞ ਲੱਗਦਾ ਜਿਵੇਂ ਪੂਰੀ ਦੁਨੀਆਂ 'ਚ ਸਿਰਫ ਉਸ ਨੂੰ ਹੀ ਵਕਤੋਂ ਪਹਿਲਾਂ ਐਨਕ ਲੱਗੀ ਐ। ਲੱਖ ਸਮਝਾਉਣ ਤੇ ਵੀ ਉਹ ਕਿਸੇ ਸਾਹਮਣੇ ਐਨਕ ਲਾ ਕੇ ਨੀ ਆਉਂਦੀ।

ਜਦ ਉਹ ਕਹਿੰਦੀ ਐ ਕਿ ਹੁਣ ਮੈਂ ਕਿਸੇ ਸਾਹਮਣੇ ਜਾਣ ਜੋਗੀ ਨੀ ਰਹੀ। ਮੇਰੇ ਤੇ ਬੁਢਾਪਾ ਆ ਗਿਆ। ਪਹਿਲਾਂ ਮੈਂ ਬੜੀ ਸੋਹਣੀ ਹੁੰਦੀ ਸੀ। ਜਦ ਮੈਂ ਵਿਆਹੀ ਆਈ ਤਾਂ ਲੋਕ ਕਹਿੰਦੇ ਹੁੰਦੇ ਫੌਜੀ ਨੇ ਰਫੂਜਣ ਨਾਲ ਵਿਆਹ ਕਰਾਇਆ। ਪਰ ਮੈਂ ਕਿੰਨਾ ਵੀ ਜ਼ੋਰ ਲਾ ਲਵਾਂ, ਮੈਨੂੰ ਕਦੇ ਉਹਦੀ ਉਹ ਝਲਕ ਯਾਦ ਨੀ ਆਉਂਦੀ ਜਦ ਉਹ ਆਪਣੇ ਆਪ ਨੂੰ ਸੋਹਣੀ ਕਹਿੰਦੀ ਐ। ਕਿਉਂਕਿ ਮੈਨੂੰ ਉਹ ਸਦਾ ਹੀ ਸੋਹਣੀ ਤੇ ਇਕੋ ਜਿਹੀ ਲੱਗਦੀ ਐ। ਨਿੱਘ ਨਾਲ ਭਰੀ ਹੋਈ। ਉਸ ਦੀ ਉਮਰ ਦੇ ਪਰਛਾਵੇਂ ਮੈਨੂੰ ਕਦੇ ਵੀ ਯਾਦ ਨੀ ਰਹਿੰਦੇ। ਉਹ ਤਾਂ ਮੇਰੇ ਲਈ ਸਦਾ ਇਕੋ ਜਿਹੀ ਰਹੀ ਤੇ ਰਹੇਗੀ।

ਜੇ ਮੈਂ ਪੂਰੀ ਗਰਮੀ ਨਾਲ ਭਿੱਜੀ ਕੰਮ ਕਰਦੀ ਮਾਂ ਨੂੰ ਅੱਜ ਵੀ ਆਖਾਂ ਕਿ, "ਚੁੰਨੀ ਲਾਹ ਦੇ ਗਰਮੀ ਸੁੱਕ ਜੂ?" ਤਾਂ ਉਹਦਾ ਜਵਾਬ ਹੁੰਦਾ, "ਇਹ ਨੀਂ ਮੈਂ ਲਾਹੁਣੀ। ਮੇਰਾ ਸਿਰ ਨੰਗਾ ਹੋ ਜੂ।" ਮੈਂ ਖਿੱਚ-ਖਿੱਚ ਵੀ ਜ਼ੋਰ ਲਾ ਲਵਾਂ, ਪਰ ਕਿੱਥੇ। ਜੇ ਮੈਂ ਕਹਾਂ, "ਮਾਂ ਹੁਣ ਤਾਂ ਨਾ ਦਾਦਾ, ਨਾ ਦਾਦੀ, ਨਾ ਕੋਈ ਹੋਰ। ਹੁਣ ਤਾਂ ਤੂੰ ਬੁੱਢੀ ਵੀ ਹੋਗੀ। ਹੁਣ ਸਿਰ ਢੱਕਣ ਦਾ ਕੀ ਫਾਇਦਾ।" ਤਾਂ ਅੱਗੋਂ ਜਵਾਬ ਮਿਲਦਾ, "ਮੇਰੇ ਸਹੁਰੇ ਨੇ ਇਹ। ਨਾਲੇ ਚਿੱਟਾ ਸਿਰ ਤਾਂ ਨੰਗਾ ਊਈਂ ਨੀ ਸੋਹਣਾ ਲਗਦਾ। ਜੇ ਕੋਈ ਆ ਗਿਆ ਤਾਂ?"

ਮੈਨੂੰ ਲੱਗਦਾ ਉਹਦੀਆਂ ਅਜਿਹੀਆਂ ਗੱਲਾਂ ਨੇ ਸਾਡੇ ਅੰਦਰ ਪੇਂਡੂ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਭਰੀਆਂ। ਇਸੇ ਕਰਕੇ ਅਸੀਂ ਦੋਵੇਂ ਭੈਣਾਂ ਸਾਰਿਆਂ ਦਾ ਸਤਿਕਾਰ ਕਰਦੀਆਂ ਹਾਂ।

ਉਸ ਨੂੰ ਆਪਣੇ ਘਰ ਜਾਂ ਕਹਿ ਲਓ। 'ਸਹੁਰੇ ਘਰ' ਨਾਲ ਇਨਾਂ ਪਿਆਰ ਐ ਕਿ ਉਹ ਸਿਖਰ ਦੁਪਹਿਰੇ ਵੀ ਇਸ ਦੀ ਰਾਖੀ ਕਿਸੇ ਚੌਂਕੀਦਾਰ ਵਾਂਗ ਕਰਦੀ ਐ। ਕਿਤੇ ਆਉਂਦੀ ਜਾਂਦੀ ਨਹੀਂ। ਅਖੇ, "ਘਰੇ ਨੀ ਸਰਨਾ।" ਅਸੀਂ ਅਕਸਰ ਕਹਿੰਦੇ ਆ ਬਈ "ਜਦ ਤੂੰ ਮਰਗੀ ਤਾਂ ਕੀ ਹੋਊ?" ਫਿਰ ਉਹ ਕਹੇਗੀ, "ਜਦ ਦੀ ਜਦ ਦੇਖੀ ਜਾਊ। ਮੈਂ ਤਾਂ ਮਸਾਂ ਘਰ ਜੋੜਿਆ। ਜੇ ਇਕ ਵੀ ਚੀਜ਼ ਇਧਰੋਂ ਉਧਰ ਹੋਗੀ ਤਾਂ ਮੈਂ ਨੀ ਜਰ ਸਕਦੀ।"

ਇਸ ਘਰ ਦਾ ਏਨਾ ਮੋਹ ਹੋਣ ਦੇ ਬਾਵਜੂਦ ਵੀ ਇਕ ਚੀਸ ਹਰ ਦਮ ਉਹਦੇ ਅੰਦਰ ਨਸੂਰ ਬਣੀ ਰਹਿੰਦੀ ਐ ਕਿ ਉਹ ਗਰੀਬ ਐ। ਉਹਨੂੰ ਲੱਗਦਾ ਸਾਰੇ ਉਸਦਾ ਸਾਥ ਛੱਡ ਗਏ ਨੇ। ਉਹ ਸਭ ਤੋਂ ਪਿੱਛੇ ਰਹਿ ਗਈ ਹੈ। ਸਾਰੇ ਅੱਗੇ ਤਰੱਕੀ ਦੀਆਂ ਬੁਲੰਦੀਆਂ ਜਾਂ ਕਹਿ ਲਓ ਪੈਸੇ ਦੀਆਂ ਬੁਲੰਦੀਆਂ ਤੇ ਪਹੁੰਚ ਗਏ ਨੇ। ਹੁਣ ਉਸ ਦੇ ਘਰ ਕੋਈ ਆਉਣਾ ਪਸੰਦ ਨੀ ਕਰਦਾ ਕਿਉਂਕਿ ਉਸ ਕੋਲ ਘਰ ਹੈ ਕੋਠੀ ਨਹੀਂ।


**ਪਤਾ- ਪਿੰਡ ਤੇ ਡਾਕ.-ਬਾਗੜੀਆਂ, ਜਿਲ੍ਹਾ ਸੰਗਰੂਰ।**


**ਚਰਚਿਤ ਕਹਾਣੀਕਾਰ ਮਨਿੰਦਰ ਕਾਂਗ ਦਾ ਨਵਾਂ ਕਹਾਣੀ ਸੰਗ੍ਰਹਿ**

**ਭੇਤ ਵਾਲੀ ਗੱਲ**

ਮਨਿੰਦਰ ਸਿੰਘ ਕਾਂਗ ਦੀ ਕਹਾਣੀ 'ਭਾਰ' ਨੇ ਜਿਵੇਂ ਤੜਪਾ ਦਿੱਤਾ ਹੈ। ਇਹੋ ਜਿਹੇ ਵਹਿਸ਼ੀ ਬੰਦੇ ਦੀ ਆਤਮਾ ਵੀ ਕਿਸੇ ਬੱਚੀ ਦੀ ਮੌਤ ਦਾ ਭਾਰ ਨਹੀਂ ਝੱਲ ਸਕਦੀ।
– ਗੁਰਦਿਆਲ ਸਿੰਘ

ਪ੍ਰਕਾਸ਼ਕ
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਮੁੱਲ :125, ਪੰਨੇ :100







## ਪਹਿਲਾ ਪੈਰ ਪੁੱਟਣਾਂ-ਮਾਂ ਸਕੀਨਾ ਦੇ ਨਾਂ !/ ਇਲਿਆਸ ਘੁੰਮਣ

ਅਸੀਂ ਪੰਜੇ ਭਰਾ ਉਹਨਾਂ ਨੂੰ ਅੰਮਾਂ ਜੀ ਆਖਦੇ। ਅੰਮਾਂ ਜੀ ਅੱਠਾਂ ਭੈਣਾਂ ਵਿਚੋਂ ਸਭ ਤੋਂ ਵੱਡੇ ਸਨ। ਜਦ ਕਿ ਸਾਡਾ ਕੱਲਾ ਕੱਲਾ ਮਾਮਾ ਤਾਂ ਮੇਰੇ ਸਭ ਤੋਂ ਵੱਡੇ ਭਰਾ ਤੋਂ ਵੀ ਦੋ ਮਹੀਨੇ ਛੋਟਾ ਸੀ। ਮੈਨੂੰ ਇਹ ਕੁਝ ਸਾਲ ਪਹਿਲਾਂ ਈ ਪਤਾ ਲੱਗਾ ਸੀ ਕਿ ਅੰਮਾਂ ਜੀ ਤੋਂ ਵੱਡਾ ਉਹਨਾਂ ਦਾ ਇਕ ਭਰਾ ਵੀ ਹੋਇਆ ਸੀ... ਉਹਦਾ ਨਾਂ 'ਅਕਬਰ' ਰਖਿਆ ਗਿਆ ਸੀ। ਅਕਬਰ ਦੇ ਅਰਥ "ਵੱਡਾ " ਦੇ ਹੀ ਹੋਂਦੇ ਨੇਂ। ਪਰ ਸਾਡਾ ਇਹ ਵੱਡਾ ਮਾਮਾ ਬਹੁਤ ਛੋਟੀ ਉਮਰ ਵਿਚ ਰੱਬ ਦਾ ਪ੍ਰਾਹੁਣਾ ਜਾ ਬਣਿਆ ਸੀ। ਫਿਰ ਸਾਡੀ ਮਾਂ ਦਾ ਜਨਮ ਹੋਇਆ ਤੇ ਫਿਰ ਤਾਂ ਸਾਡੇ ਨਾਨਕੇ ਜਿਵੇਂ ਕੁੜੀਆਂ ਦਾ ਮੀਂਹ ਹੀ ਵੱਸਣ ਲੱਗ ਪਿਆ। ਸਕੀਨਾ ਬੀਬੀ ਤੋਂ ਮਗਰੋਂ ਜੰਮਣ ਵਾਲੀ ਦਾ ਨਾਂ ਰਖਿਆ ਗਿਆ ਫ਼ਾਤਮਾ ਉਦੂੰ ਅਗਲੀ ਦਾ ਆਮਨਾ, ਤੇ ਇਹਦੇ ਪਿੱਛੇ ਪਿੱਛੇ ਆਉਣ ਵਾਲੀ ਨੂੰ ਰਸੂਲਾਂ ਆਖਿਆ ਗਿਆ। ਰਸੂਲਾਂ ਤੋਂ ਬਾਅਦ ਵਾਲੀ ਨੂੰ "ਬਾਲਾਂ" (ਇਕਬਾਲ ਬੀਬੀ) ਦਾ ਨਾਂ ਦਿੱਤਾ ਗਿਆ। ਇਹ ਬਾਲਾਂ ਵੀ ਬਹੁਤ ਛੋਟੀ ਉਮਰੇ ਪਰਦਾ ਕਰ ਗਈ। ਉਹਦੀ ਮੌਤ ਮਗਰੋਂ ਮੁੰਡੇ ਦੀ ਰੀਝ ਰਖਣ ਵਾਲੇ ਮੇਰੇ ਨਾਨਕਿਆਂ ਸੋਚਿਆ, ਹੁਣ ਜੇ ਮੁੰਡਾ ਹੋਇਆ ਤਾਂ ਉਹਦਾ ਨਾਂ 'ਅਕਬਰ' ਨਹੀਂ ਰਖਣਾ, ਪਰ ਜੇ ਕੋਈ ਕੁੜੀ ਆ ਚੰਬੜੀ ਤਾਂ ਉਹਨੂੰ 'ਬਾਲਾਂ' ਈ ਆਖਿਆ ਕਰਾਂਗੇ। ਇੰਜ ਈ ਹੋਇਆ, ਮੇਰੀ ਨਾਨੀ ਦੀ ਸੱਤਵੀਂ ਔਲਾਦ ਇਕ ਹੋਰ 'ਬਾਲਾਂ' ਈ ਬਣੀ। ਇਹ ਕੁੜੀ ਕੁਝ ਸਾਲ ਕੱਢ ਗਈ, ਪਰ ਉਹਨੂੰ ਏਨੀ ਵਾਰ ਬਾਲਾਂ ਬਾਲਾਂ ਆਖਿਆ ਗਿਆ ਕਿ ਉਹ ਵਿਚਾਰੀ ਵੀ ਵਿਦਾ ਹੋ ਗਈ। ਦੂਜੀ 'ਬਾਲਾਂ' ਦੇ ਮਰਨ ਮਗਰੋਂ ਮੇਰੀ ਨਾਨੀ ਡਰ ਗਈ ਤੇ ਉਹਨੇ ਪੱਕਾ ਮਨ ਬਣਾ ਲਿਆ ਕਿ ਅੱਗੋਂ ਭਾਵੇਂ ਕੁੜੀ ਹੋਵੇ ਜਾਂ ਮੁੰਡਾ ਹੋਵੇ, ਉਤੇ ਲਿਖੇ ਦੋਵੇਂ ਨਾਂ ਨਹੀਂ ਰੱਖਣੇ। ਇਹਦਾ ਸਬੂਤ ਉਹਨਾਂ ਇਸ ਤੋਂ ਬਾਅਦ ਜੰਮ ਵਾਲੀ ਕੁੜੀ ਦਾ ਨਾਂ ਰਖਦਿਆਂ ਦਿੱਤਾ। ਸਾਡੀ ਇਸ ਮਾਸੀ ਦਾ ਨਾਂ 'ਬਲਕੀਸ ਅਖ਼ਤਰ' ਰਖਿਆ ਗਿਆ। ਹਾਲਾਂਕਿ ਓਦੋਂ ਪਿੰਡਾਂ ਥਾਂਵਾਂ ਵਿਚ ਏਡੇ ਸੋਹਣੇ ਨਾਂ ਨਹੀਂ ਸਨ ਰਖੇ ਜਾਂਦੇ। ਨਾਵੀਂ ਵਾਰ ਮੇਰੇ ਨਾਨੇ ਤੇ ਨਾਨੀ ਦੀ ਆਸ ਪੂਰੀ ਹੋ ਗਈ। ਜਿਹੜਾ ਮੁੰਡਾ ਪੈਦਾ ਹੋਇਆ ਉਹਦਾ ਨਾਂ "ਸੈਫ਼ ਉੱਲਾ" ਰਖਿਆ ਗਿਆ, ਜਿਹਦੇ ਮਾਅਨੇ 'ਅੱਲਾ ਦੀ ਤਲਵਾਰ' ਦੇ ਹੋਂਦੇ ਨੇਂ। ਇਹ ਨਾਂ ਅੰਗਰੇਜ਼ਾਂ ਕੋਲੋਂ ਦੇਸ਼ ਆਜ਼ਾਦ ਕਰਵਾਉਣ ਵਾਲੀ ਲਹਿਰ ਦੇ ਉੱਘੇ ਆਗੂ ਮੌਲਾਨਾ ਜ਼ਫ਼ਰ ਅਲੀ ਖ਼ਾਂ ਦਾ ਪਿੰਡ 'ਕਰਮਾਬਾਦ' ਸਾਡੇ ਪਿੰਡ 'ਚੱਕ ਸੱਤੀਆ' ਤੋਂ ਕੋਈ ਇਕ ਮੀਲ ਦੇ ਪੰਧ ਉਤੇ ਸੀ ਤੇ ਉਹ ਨਾਨਾ ਜੀ ਦੇ ਗੂੜ੍ਹੇ ਬੇਲੀ ਸਨ। ਪੁੱਤਰਾਂ ਦੀ ਜੋੜੀ ਜੋੜਨ ਲਈ ਇਕ ਵਾਰ ਫਿਰ 'ਚਾਂਸ' ਲਿਆ ਗਿਆ, ਤਾਂ ਮੇਰੇ ਨਾਨਕਿਆਂ ਵਲ ਇਕ ਹੋਰ ਕੁੜੀ ਜੰਮ ਪਈ, ਜਿਹਦਾ ਨਾਂ 'ਬਸ਼ੀਰਾਂ ਬੀਬੀ' ਰਖਿਆ ਗਿਆ। ਇਹ ਬਸ਼ੀਰਾਂ ਬੀਬੀ ਈ ਉਹਨਾਂ ਦੀ ਆਖ਼ਰੀ ਔਲਾਦ ਸਿੱਧ ਹੋਈ।

ਸਾਡਾ ਨਾਨਕਾ ਤੇ ਦਾਦਕਾ ਪਿੰਡ ਹੈ ਤਾਂ ਵੱਖ ਵੱਖ ਸੀ ਪਰ ਅਸੀਂ ਸਾਰੇ ਭਰਾ (ਪੰਜ ਭਰਾ) ਆਪਣੇ ਨਾਨਕੇ ਪਿੰਡ ਹੀ ਜੰਮੇ ਪਲੇ। ਸਾਡੇ ਘਰ ਦਾ, ਨਾਨਕੇ ਘਰ ਨਾਲ ਵਿਹੜਾ ਵੀ ਸਾਂਝਾ ਸੀ। ਸਾਡਾ ਦਾਦਕਾ ਪਿੰਡ 'ਟਾਲ੍ਹੀ ਵਾਲ' ਸੀ। ਪਰ ਇਹ ਪਿੰਡ ਝਨਾਂ ਦੇ ਕੰਢੇ ਵੱਸਿਆ ਹੋਇਆ ਏ। ਪਰ ਜਦ ਪਲੇਗ ਫੈਲੀ ਸੀ (ਦੇਸ਼ ਦੀ ਵੰਡ ਤੋਂ ਕਈ ਵਰ੍ਹੇ ਪਹਿਲਾਂ) ਤਾਂ ਉਦੋਂ ਇਸ ਪਿੰਡ ਵਿਚ ਬੜੀ ਬਰਬਾਦੀ ਹੋਈ ਸੀ। ਮੇਰਾ ਦਾਦਾ, ਪੜਦਾਦਾ, ਦਾਦੇ ਦੀ ਭੈਣ ਤੇ ਹੋਰ ਬਹੁਤ ਸਾਰੇ ਨੇੜਲੇ ਰਿਸ਼ਤੇਦਾਰ ਤਾਊਨ ਦਾ ਸ਼ਿਕਾਰ ਹੋ ਗਏ ਸਨ। ਮੇਰੀ ਦਾਦੀ 'ਤਾਲਿਆਂ ਬੀਬੀ' ਤੇ ਉਹਦੇ ਦੋ ਬਾਲ ਇਸ ਬੀਮਾਰੀ ਤੋਂ ਬਚ ਗਏ। ਮੇਰੀ ਦਾਦੀ ਦਾ ਦੂਜਾ ਵਿਆਹ ਇਸੇ ਪਿੰਡ 'ਚੱਕ ਸੱਤੀਆ' ਵਿਚ ਹੋਇਆ। ਇਸੇ ਪਿੰਡ ਵਿਚ ਈ ਉਹਨਾਂ ਆਪਣੇ ਪੁੱਤਰ ਸਰਦਾਰ ਖ਼ਾਂ ਤੇ ਧੀ ਸਰਦਾਰਾਂ ਬੀਬੀ ਦੇ ਵਿਆਹ ਵੀ ਕੀਤੇ। ਸਰਦਾਰ ਖ਼ਾਂ ਦਾ ਵਿਆਹ ਚੌਧਰੀ ਜਲਾਲਦੀਨ

ਹੰਜਰਾ ਦੀ ਧੀ ਸਕੀਨਾ ਬੀਬੀ ਨਾਲ ਹੋਇਆ ਅਤੇ ਸਰਦਾਰਾਂ ਬੀਬੀ ਦਾ ਵਿਆਹ ਚੌਧਰੀ ਗ਼ੁਲਾਮ ਮੁਹੰਮਦ ਔਲਖ ਨਾਲ ਹੋਇਆ।

ਅੰਮਾਂ ਜੀ ਸਕੀਨਾ ਬੀਬੀ ਦਾ ਕੱਦ ਬੁੱਤ ਸੋਹਣਾ ਤੇ ਸੁਭਾਅ ਬੜਾ ਈ ਨਿੱਘਾ ਸੀ। ਉਹਨਾਂ ਸਿਰਫ਼ ਕੁਰਾਨ ਈ ਪੜ੍ਹਿਆ ਹੋਇਆ ਸੀ। ਜਿਹਦੀ ਉਹ ਮਹੀਨੇ ਵਿਚ ਇਕ ਦੋ ਵਾਰ ਤਲਾਵਤ ਕਰਦੇ ਹੋਂਦੇ ਸਨ। ਹੋਰ ਕੁਝ ਵੀ ਨਾ ਪੜ੍ਹੇ ਹੋਣ ਦੇ ਬਾਵਜੂਦ ਵੀ ਉਹ ਨਵੇਂ ਜ਼ਮਾਨੇ ਦੇ ਮੋਢੇ ਜੋੜ ਕੇ ਟੁਰਨ ਉਤੇ ਵਿਸ਼ਵਾਸ ਰਖਦੇ ਸਨ। ਫਿਰ ਉਹਨਾਂ ਨੂੰ ਜੋ ਵੀ ਕੋਈ ਚੰਗੀ ਗੱਲ ਪਤਾ ਲੱਗਦੀ ਤਾਂ ਉਹਦੇ ਉਤੇ ਆਪ ਵੀ ਅਮਲ ਕਰਦੇ ਅਤੇ ਪਿੰਡ ਵਿਚਲੇ ਆਪਣੇ ਹੋਰਨਾਂ ਵਾਕਫਾਂ ਨੂੰ ਵੀ ਉਹਦੇ ਤੋਂ ਜਾਣੂ ਕਰਵਾਉਂਦੇ। ਆਪਣੇ ਬਾਲਪੁਣੇ ਦੀ ਗੱਲ ਯਾਦ ਆਉਂਦੀ ਏ ਕਿ ਉਹਨਾਂ ਦਿਨਾਂ ਵਿਚ ਸਾਡੇ ਪਿੰਡ ਦੇ ਲੋਕ ਆਪਣੇ ਦੰਦਾਂ ਦੀ ਸਫ਼ਾਈ ਵਲ ਉੱਕਾ ਧਿਆਨ ਨਹੀਂ ਸਨ ਦੇਂਦੇ। ਦਾਤਣ ਵੀ ਕੋਈ ਕੋਈ ਕਰਦਾ ਸੀ, ਉਹ ਵੀ ਕਦੇ ਯਾਦ ਆਉਣ ਉੱਤੇ ਈ। ਅੰਮਾਂ ਜੀ ਨੂੰ ਜਦ ਕਿਸੇ ਸ਼ਹਿਰ ਵਿਚ ਗਏ ਹੋਇਆਂ ਬੁਰਸ਼ ਤੇ ਟੁਥ ਪੇਸਟ ਨਾਲ ਦੰਦ ਸਾਫ਼ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਮਿਲੀ, ਤਾਂ ਉਹਨਾਂ ਸਭ ਤੋਂ ਪਹਿਲਾਂ ਸਾਨੂੰ ਇਹ ਵੱਲ ਸਿਖਾਇਆ ਤੇ ਇਸ ਤੋਂ ਪਿੱਛੋਂ ਉਹਨਾਂ ਪੂਰੇ ਪਿੰਡ ਦੀਆਂ ਬੀਬੀਆਂ ਵਿਚ ਇਹ ਭਰਵੀਂ ਮੁਹਿੰਮ ਚਲਾਈ ਕਿ ਉਹ ਆਪਣੇ ਪਰਿਵਾਰ ਦੇ ਜੀਆਂ ਦਾ ਧਿਆਨ ਦੰਦਾਂ ਦੀ ਸਫ਼ਾਈ ਵਲ ਕਰਵਾਉਣ। ਅੰਮਾਂ ਜੀ ਨੂੰ ਨਿੱਤ ਨਵੀਆਂ ਗੱਲਾਂ ਸੁੱਝਦੀਆਂ ਰਹਿੰਦੀਆਂ। ਘਰ ਦੇ ਬਰਤਨਾਂ ਤੋਂ ਲੈ ਕੇ ਪਾਉਣ ਵਾਲੇ ਕੱਪੜਿਆਂ ਤੱਕ ਉਹ ਕੋਈ ਨਾ ਕੋਈ ਨਵੀਂ ਚੀਜ਼ ਸਾਹਮਣੇ ਲਿਆਉਂਦੇ ਰਹਿੰਦੇ। ਆਪਣੀ ਪਹੁੰਚ ਤੇ ਆਪਣੀ ਸਿੱਖਿਆ ਤੋਂ ਕਿਤੇ ਅੱਗੇ ਜਾ ਕੇ ਵੀ ਉਹ ਸਾਡੇ ਲਾਡ ਵੇਖਦੇ। ਆਪਣੀ ਵਿੱਤ ਤੋਂ ਵਧ ਕੇ ਨਵੇਂ ਨਵੇਂ ਫ਼ੈਸ਼ਨਾਂ ਅਤੇ ਡੀਜ਼ਾਈਨਾਂ ਦੇ ਕੱਪੜੇ ਲਿਆ ਲਿਆ ਕੇ ਸਾਨੂੰ ਪਹਿਨਾਉਂਦੇ। ਸਫ਼ਾਈ ਦਾ ਤੇ ਉਹਨਾਂ ਨੂੰ ਕੋਈ ਬਹੁਤਾ ਈ ਫ਼ਿਕਰ ਲੱਗਾ ਰਹਿੰਦਾ। ਪੂਰੇ ਘਰ ਦੀ ਸਫ਼ਾਈ ਤੋਂ ਲੈ ਕੇ ਆਪਣੇ ਪੁੱਤਰਾਂ ਨੂੰ ਸੁਥਰੇ ਰਖਣ ਤੱਕ ਉਹ ਹਰ ਕੰਮ ਵਿਚ ਗੂੜ੍ਹੀ ਦਿਲਚਸਪੀ ਲੈਂਦੇ। ਜੇ ਕਦੇ ਉਹਨਾਂ ਨੂੰ ਸਾਡੇ ਹੱਥਾਂ ਪੈਰਾਂ ਉੱਤੇ ਮੈਲ ਜੰਮੀ ਦਿਸਦੀ ਤਾਂ ਸਾਡੇ ਹੱਥ ਪੈਰ ਪਾਣੀ ਵਿਚ ਭੇਂ ਕੇ ਉਹਨਾਂ ਉਤੇ ਅਜਿਹੇ ਜ਼ੋਰ ਨਾਲ ਝਾਵਾਂ ਫੇਰ ਕੇ ਸਾਡੀਆਂ ਚੀਕਾਂ ਈ ਕਢਾ ਦਿੰਦੇ। ਸਰਦੀਆਂ ਵਿਚ ਸਾਡੇ ਹੱਥ ਪੈਰ ਫੁਟ ਜਾਂਦੇ ਤਾਂ ਉਹ ਕੱਚੇ ਦੁੱਧ ਵਿਚ ਕਪੜਾ ਭੇਂ ਕੇ ਉਹਨਾਂ ਉਤੇ ਆਪ ਫੇਰਦੇ। ਪਿੰਡ ਦੀਆਂ ਹੋਰ ਜ਼ਨਾਨੀਆਂ ਵਾਂਗ ਨਾ ਤੇ ਉਹ ਕੋਈ ਮੰਦਾ ਬੋਲ ਬੋਲਦੇ ਤੇ ਨਾ ਕਿਸੇ ਨਾਲ ਲੜਦੇ। ਇਹਦਾ ਮਤਲਬ ਇਹ ਵੀ ਨਹੀਂ ਕਿ ਉਹ ਆਪਣੇ ਹੱਕ ਲਈ ਵੀ ਨਹੀਂ ਲੜ ਸਕਦੇ ਸਨ। ਇਕ ਦੋ ਲੜਾਈਆਂ ਵਿਚ ਈ ਉਹਨਾਂ ਦਾ ਇਹ ਗੁਣ ਵੇਖਣ ਨੂੰ ਮਿਲਿਆ। ਜੇ ਉਹ ਕਿਸੇ ਨਾਲ ਲੜ ਪੈਂਦੇ ਤਾਂ ਫਿਰ ਜਿੱਤ ਉਹਨਾਂ ਦੀ ਈ ਹੋਂਦੀ।

ਉਹਨਾਂ ਨੂੰ ਅਸਾਂ ਬਹੁਤਾ ਸਲਵਾਰ ਕੁਰਤਾ ਪਾਏ ਹੋਏ ਈ ਵੇਖਿਆ ਪਰ ਸੁਣਿਆ ਸੀ ਕਿ ਕਦੇ ਤਹਿਮਦ (ਚਾਦਰਾ) ਵੀ ਬੰਨ੍ਹਦੇ ਰਹੇ ਸਨ। ਇਕ ਦੋ ਵਾਰ ਈ ਮੈਂ ਉਹਨਾਂ ਨੂੰ ਧੋਤੀ ਪਾਏ ਹੋਏ ਵੇਖਿਆ। ਇਹਨਾਂ ਵਸਤਰਾਂ ਵਿਚ ਉਹ ਹੋਰ ਵੀ ਸੋਹਣੇ ਲੱਗਣ ਲੱਗ ਪੈਂਦੇ ਸਨ।

ਅੰਮਾਂ ਜੀ ਨੂੰ ਮੈਂ ਇਕ ਤਕਲੀਫ਼ ਦੇਣ ਵਾਲੇ ਰੋਗ ਵਿਚ ਸਾਲਾਂ ਬੱਧੀ ਦੁੱਖ ਭੋਗਦੇ ਵੇਖਿਆ। ਉਹਨਾਂ ਦੀ ਸੱਜੀ ਲੱਤ ਉਤੇ ਗਿੱਟੇ ਤੋਂ ਗੋਡੇ ਦੇ ਵਿਚਕਾਰ ਤਕ ਗਿੱਲਾ ਧੱਦਰ ਫੈਲਦਾ ਤੇ ਸੁੰਗੜਦਾ ਰਹਿੰਦਾ। ਉਹਨਾਂ ਦੀ ਇਹ ਤਲਲੀਫ਼ ਮੇਰੇ ਪੈਦਾ ਹੋਣ ਤੋਂ ਵੀ ਕਈ ਸਾਲ ਪਹਿਲਾਂ ਸ਼ੁਰੂ ਹੋਈ ਸੀ, ਅਤੇ ਮੇਰੇ ਹਾਈ ਸਕੂਲ ਵਿਚ ਪੜ੍ਹਨ ਦੇ ਦੌਰਾਨ ਜਾ ਕੇ ਖ਼ਤਮ ਹੋਈ ਸੀ। ਉਹਨਾਂ ਦਾ ਇਹ ਧੱਦਰ ਜਦ ਜ਼ੋਰਾਂ ਉਤੇ ਹੋਂਦਾ, ਤਾਂ ਉਹਦੇ ਵਿਚੋਂ ਪਾਣੀ ਸਿੰਮ ਕੇ ਉਹਨਾਂ ਦੇ ਕੱਪੜੇ ਗਿੱਲੇ ਕਰਦਾ ਰਹਿੰਦਾ। ਫਿਰ ਉਸ ਵੇਲੇ ਉਹਨਾਂ ਨੂੰ ਜੋ ਖ਼ਾਰਸ਼ ਹੋਂਦੀ ਉਹ ਬਰਦਾਸ਼ਤ ਕਰਨ ਤੋਂ ਬਾਹਰ ਹੋਂਦੀ। ਕਈ ਸਾਲਾਂ ਤਕ ਉਹ ਇਸ ਧੱਦਰ ਦਾ ਇਲਾਜ਼ ਕਰਵਾਉਂਦੇ ਰਹੇ ਪਰ ਉਹ ਵੱਲ ਨਾ ਹੋਇਆ। ਇਕ ਦਿਨ ਉਹਨਾਂ ਮੈਨੂੰ ਦੱਸਿਆ ਸੀ ਕਿ ਸਾਡੇ ਪਿੰਡ ਦੇ ਦੁੱਲੇ ਨਾਈ ਨੇ ਉਹਨਾਂ ਦਾ ਪੁਰਾਣਾ ਰੋਗ ਖ਼ਤਮ ਕਰਨ ਲਈ ਇਕ ਵਾਰ ਗੋਹੇ ਦੀ ਸੁੱਕੀ ਹੋਈ ਥਾਪੀ ਨੂੰ



ਧੱਦਰ ਵਾਲੀ ਥਾਂ ਉਤੇ ਬਡੀ ਬੇਰਹਿਮੀ ਨਾਲ ਰਗੜਿਆ ਸੀ। ਦੁੱਲਾ ਨਾਈ ਪਿੰਡ ਦਾ ਸਿਆਣਾ ਜੱਰਾਹ ਸੀ, ਪਰ ਇਸ ਵਹਿਸ਼ੀਆਂ ਵਾਲੇ ਇਲਾਜ਼ ਮਗਰੋਂ ਵੀ ਉਹ ਮੇਰੀ ਮਾਂ ਦਾ ਧੱਦਰ ਠੀਕ ਨਹੀਂ ਸੀ ਕਰ ਸਕਿਆ। ਉਹਨਾਂ ਦਾ ਇਹ ਪੁਰਾਣਾ ਰੋਗ ਇਕ ਡਾਕਟਰ ਵਲੋਂ ਦਿੱਤੀ ਲਾਲ ਰੰਗ ਦੀ ਇਕ ਮਰ੍ਹਮ ਦਾ ਕਈ ਮਹੀਨਿਆਂ ਤਕ ਹਰ ਰੋਜ਼ ਲੇਪ ਕਰਨ ਨਾਲ ਖ਼ਤਮ ਹੋਇਆ। ਅੰਮਾਂ ਜੀ ਕਈ ਕੰਮਾਂ ਵਿਚ ਬਿਲਕੁਲ ਈ ਭੋਲੇ ਸਨ। ਇਕ ਵਾਰ ਉਹਨਾਂ ਨੇ ਛੇ ਸੌ ਰੁਪਏ ਸੰਦੂਕ ਵਿਚ ਪਏ ਇਕ ਸਰਾਹਣੇ ਦੇ ਉਛਾੜ ਅੰਦਰ ਸਾਂਭ ਦਿੱਤੇ। ਫਿਰ ਇਕ ਪਰਾਹੁਣਾ ਆਇਆ ਤਾਂ ਉਹੋ ਸਰਾਹਣਾ ਉਹਦੇ ਬਿਸਤਰੇ ਲਈ ਭੇਜ ਬੈਠੇ। ਸਵੇਰੇ ਯਾਦ ਆਇਆ ਤਾਂ ਉਹਨਾਂ ਇਹੋ ਗੱਲ ਅੱਬਾ ਜੀ ਨੂੰ ਦੱਸੀ। ਉਹਨਾਂ ਸਵੇਰੇ ਬੈਠਕ ਵਿਚ ਜਾ ਕੇ ਸਰਾਹਣੇ ਨੂੰ ਅੰਦਰੋਂ ਫਰੋਲਿਆ ਪਰ ਉਹਦੇ ਵਿਚੋਂ ਕੁਝ ਨਾ ਲੱਭਾ। ਏਨੀ ਦੇਰ ਤਕ ਬਾਹਰੋਂ ਫੇਰਾ-ਟੋਰਾ ਲਾ ਕੇ ਪਰਤਿਆ ਪਰਾਹੁਣਾ ਵੀ ਉਧਰ ਆ ਗਿਆ। ਉਹਦੇ ਕੋਲੋਂ ਪੁੱਛਿਆ ਗਿਆ ਤਾਂ ਉਹਨੇ ਸਾਫ਼ ਇਨਕਾਰ ਕਰ ਦਿੱਤਾ। ਮੁੜ ਪੁੱਛਿਆ ਤਾਂ ਉਹ ਕਸਮਾਂ ਤੇ ਕੁਰਾਨ ਚੁੱਕਣ ਲੱਗ ਪਿਆ। ਇਸ ਲਈ ਕੁਝ ਵੀ ਨਾਂ ਹੋ ਸਕਿਆ। ਉਹ ਬੰਦਾ, ਪੁਲਸੀਆਂ ਸੀ।

ਅੰਮਾਂ ਜੀ ਨੂੰ ਰੇਡੀਓ ਤੇ ਟੈਲੀਵੀਜ਼ਨ ਵੇਖਣ ਦਾ ਵੀ ਬਹੁਤ ਸ਼ੌਕ ਸੀ। ਪਰ ਉਹਨਾਂ ਨੂੰ ਉਰਦੂ ਨਾਟਕਾਂ ਦੀ ਸਮਝ ਪੂਰੀ ਤਰ੍ਹਾਂ ਨਹੀਂ ਸੀ ਆਉਂਦੀ। ਜਦੋਂ ਵੀ ਕੋਈ ਉਰਦੂ ਡਰਾਮਾ ਲੱਗਾ ਹੋਂਦਾ, ਉਹ ਨਾਲ ਬੈਠਿਆ ਕੋਲੋਂ ਉਹਦੇ ਪਾਤਰਾਂ ਦੀਆਂ ਗੱਲਾਂ ਦਾ ਮਤਲਬ ਪੁੱਛਦੇ ਰਹਿੰਦੇ। ਕਈ ਵਾਰ ਦੱਸਣ ਵਾਲੇ ਉਹਨਾਂ ਲਈ ਸੌਖੀ ਪੰਜਾਬੀ ਵਿਚ ਅਨੁਵਾਦ ਕਰਦੇ ਕਰਦੇ ਖਿਝ ਜਾਂਦੇ ਤੇ ਅਗਲੀ ਵਾਰ ਉਹਨਾਂ ਕੋਲੋਂ ਕੁਝ ਦੂਰ ਬਹਿਣ ਦਾ ਯਤਨ ਕਰਦੇ। ਰੇਡੀਓ, ਟੀ. ਵੀ. ਤੇ ਸੁਣੇ ਕਈ ਉਰਦੂ ਗਾਣੇ ਵੀ ਉਹਨਾਂ ਦੀ ਜੀਭ ਉਤੇ ਚੜ੍ਹ ਜਾਂਦੇ। ਪਰ ਜਦ ਉਹ ਇਹਨਾਂ ਗੀਤਾਂ ਨੂੰ ਗੁਣਗੁਣਾਉਂਦੇ ਤਾਂ ਉਹ ਅੱਧ ਪਚੱਧੇ ਪੰਜਾਬੀ ਹੋ ਚੁੱਕੇ ਹੋਂਦੇ। ਜਿਵੇਂ ਕਿ ਉਹ ਇਕ ਮਸ਼ਹੂਰ ਉਰਦੂ ਗਾਣੇ ਨੂੰ ਇੰਜ ਗਾਉਂਦੇ-

ਆਏ ਹੋ ਅਭੀ ਬੈਠੋ ਤੋ ਸਹੀ, ਜਾਨ ਦੀਆਂ ਗੱਲਾਂ, ਜਾਨ ਦਿਓ

ਆਪਣੀ ਸਾਰੀ ਉਮਰ ਵਿਚ ਉਹ ਉਰਦੂ ਦਾ ਸਿਰਫ਼ ਇਕ ਸ਼ੇਅਰ ਈ ਕੁਝ ਠੀਕ ਤਰ੍ਹਾਂ ਯਾਦ ਕਰ ਸਕੇ ਸਨ। "ਸਾਮਾਨ ਹੈ ਸੌ ਬਰਸ ਕਾ, ਪਲ ਕੀ ਖ਼ਬਰ ਨਹੀਂ" ਵਾਲਾ ਸ਼ੇਅਰ। ਇਹ ਸ਼ੇਅਰ ਉਹਨਾਂ ਹੌਲੀ ਉਮਰੇ ਪੱਟੀ ਸਿਪਾਰੇ ਪੜ੍ਹਨ ਦੇ ਦੌਰਾਨ ਈ ਕਿਤੇ ਯਾਦ ਕੀਤਾ ਸੀ ਤੇ ਇਹ ਉਹਨਾਂ ਨੂੰ ਆਪਣੀ ਜ਼ਿੰਦਗੀ ਦੇ ਅਖ਼ੀਰੀ ਦਿਨਾਂ ਤਕ ਯਾਦ ਰਿਹਾ।

ਅੰਮਾਂ ਜੀ ਕੰਮ ਕਰ ਕੇ ਰਾਜ਼ੀ ਰਹਿਣ ਵਾਲੇ ਜੀਅ ਸਨ। ਉਹ ਨਿੱਕੀ ਸਰਘੀ ਨੂੰ ਈ ਜਾਗ ਪੈਂਦੇ। ਜਿਸਰਾ ਸਾਡੇ ਅੱਬਾ ਜੀ ਪਿੰਡ ਦੇ ਦੂਜੇ ਜਣਿਆਂ ਵਿੱਚੋਂ ਸਭ ਤੋਂ ਪਹਿਲਾਂ ਉਠ ਕੇ, ਸਭ ਤੋਂ ਪਹਿਲਾਂ ਮੱਝਾਂ ਚੋਅ ਲੈਂਦੇ ਸਨ ਇਸਰਾ ਈ ਅੰਮਾਂ ਜੀ ਸਭ ਤੋਂ ਮੂਹਰੇ ਦੁੱਧ ਰਿੜਕ ਲੈਂਦੇ। ਅਕਸਰ ਉਹ ਸਾਡੇ ਜਾਗਣ ਤੋਂ ਪਹਿਲਾਂ ਪਹਿਲਾਂ ਈ ਇਹ ਕੰਮ ਮੁਕਾ ਚੁੱਕੇ ਹੁੰਦੇ। ਗਰਮੀਆਂ ਦੇ ਦਿਨਾਂ ਵਿਚ ਵਿਹੜੇ ਵਿਚ ਮੰਜੀਆਂ ਡੱਠੀਆਂ ਹੋਂਦੀਆਂ ਤੇ ਸਰਘੀ ਵੇਲੇ ਇਹ ਚਾਟੀ ਵਿਚ ਮਧਾਣੀ ਚਲਾਂਦੇ ਤਾਂ ਇਹ ਆਵਾਜ਼ ਆਲੇ ਦੁਆਲੇ ਸੁੱਤੇ ਸਾਡੇ ਸਾਰਿਆਂ ਦੇ ਕੰਨਾਂ ਵਿਚ ਪੈਂਦੀ ਰਹਿੰਦੀ। ਇਹ ਆਵਾਜ਼ ਮੇਰੇ ਸਰੀਰ ਵਿਚ ਇੰਜ ਘੁਲ ਗਈ ਏ ਕਿ ਹੁਣ ਵੀ ਅਕਸਰ ਸੁੱਤੇ ਹੋਏ, ਸਵੇਰੇ ਜਾਗਣ ਤੋਂ ਪਹਿਲਾਂ ਮਹਿਸੂਸ ਹੋਂਦਾ ਰਹਿੰਦਾ ਏ ਕਿ ਮੇਰੇ ਨੇੜੇ ਮੇਰੀ ਮਾਂ ਚਾਟੀ ਵਿਚ ਮਧਾਣੀ ਚਲਾ ਕੇ ਮੈਨੂੰ ਛੇਤੀ ਜਾਗਣ ਲਈ ਆਖ ਰਹੀ ਏ।

ਅੰਮਾਂ ਜੀ ਸਾਡੇ ਨਿੱਕੇ ਕੰਮ ਵੀ ਆਪ ਕਰਦੇ ਸਨ। ਉਹਨਾਂ ਦੇ ਇੰਜ ਕਰਨ ਨਾਲ ਅਸੀਂ ਸਾਰੇ ਭਰਾ ਕੁਝ ਨਿਕੰਮੇ ਹੋ ਗਏ ਸਾਂ। ਇਸ ਗੱਲ ਦਾ ਅਹਿਸਾਸ ਸਾਨੂੰ ਉਦੋਂ ਹੋਇਆ ਜਦੋਂ ਉਹ ਨਾ ਰਹੇ। ਪੁੱਤਰਾਂ ਨੂੰ ਮੰਜੀ ਉੱਤੇ ਬਿਠਾ ਕੇ ਖਾਵਾਣਾ ਪਿਆਣਾ ਏ, ਉਹਨਾਂ ਸਾਰੀ ਉਮਰ ਇਹੋ ਜਤਨ ਈ ਕੀਤਾ। ਜੇ ਉਹ ਸਾਨੂੰ ਸ਼ੁਰੂ ਤੋਂ ਈ ਏਨਾ ਸੌਖਾ ਨਾ ਰਖਦੇ ਤੇ ਫਿਰ ਸਾਨੂੰ ਬਾਅਦ ਵਿਚ ਕੁਝ ਔਖਾ ਨਾ ਹੋਣਾ ਪੈਂਦਾ। ਉਹਨਾਂ ਆਪ ਕਦੇ ਕਿਸੇ ਨੂੰ ਗਾਲ੍ਹ ਨਹੀਂ ਸੀ ਕੱਢੀ, ਇਸ ਲਈ ਉਹਨਾਂ ਸਾਨੂੰ ਵੀ ਗਾਲ੍ਹਾਂ ਤੋਂ ਦੂਰ ਈ ਰਖਿਆ। ਹਾਲਾਂਕਿ

ਪਿੰਡ ਵਿਚ ਸਾਰੇ ਬਾਲ ਬਹੁਤ ਸਾਰੀਆਂ ਗਾਲ੍ਹਾਂ ਜਾਣਦੇ ਤੇ ਵਰਤਦੇ ਰਹਿੰਦੇ ਸਨ। ਗਾਲ੍ਹ ਕੱਢਣ ਵਿਰੁੱਧ ਉਹਨਾਂ ਕੋਈ ਅਜਿਹਾ ਝਾਕਾ ਸਾਡੇ ਮਨਾਂ ਵਿਚ ਪੈਦਾ ਕਰ ਦਿੱਤਾ ਸੀ ਕਿ ਬਾਅਦ ਵਿਚ ਵੀ ਮੇਰੇ ਤੇ ਮੇਰੇ ਕਿਸੇ ਭਰਾ ਦੇ ਮੂੰਹ ਤੇ ਵੀ ਗਾਲ੍ਹ ਫਬਦੀ ਈ ਨਹੀਂ ਸੀ। ਆਪਣੀ ਮੁੱਢਲੀ ਸਿੱਖਿਆ ਵਿਚ ਰਹਿ ਗਈ ਇਸ ਥੋੜ੍ਹ ਦਾ ਅਹਿਸਾਸ ਅਸੀਂ ਸਾਰੇ ਅੱਜ ਵੀ ਮਹਿਸੂਸ ਕਰਨੇ ਆਂ। ਬਾਅਦ ਵਿਚ ਮੈਂ ਤਾਂ ਮਿਹਨਤ ਕਰਕੇ ਕੁਝ ਬਹੁਤ ਜ਼ਰੂਰੀ ਗਾਲ੍ਹਾਂ ਸਿਖ ਲਈਆਂ ਪਰ ਮੇਰੇ ਦੂਜੇ ਭਰਾ ਏਨਾ ਵੀ ਨਾ ਕਰ ਸਕੇ। ਜਿਹਦਾ ਨੁਕਸਾਨ ਉਹਨਾਂ ਨੂੰ ਇਹ ਹੋਇਆ ਏ ਕਿ ਹੁਣ ਜਦੋਂ ਕਦੇ ਉਹਨਾਂ ਨੂੰ ਲੋੜ ਪੈਂਦੀ ਏ ਤਾਂ ਇਹ ਮੰਦੇ ਬੋਲ ਉਹਨਾਂ ਦੀਆਂ ਜੀਭਾਂ ਉਤੇ ਚੜ੍ਹਦੇ ਈ ਨਹੀਂ, ਤੇ ਜੇ ਉਹ ਉਹਨਾਂ ਨੂੰ ਬੋਲਣ ਦਾ ਉਪਰਾਲਾ ਕਰਨ ਵੀ ਤਾਂ ਉਹ ਸ਼ਬਦ ਉਹਨਾਂ ਦੇ ਮੂੰਹ ਤੇ ਫਬਦੇ ਈ ਨਹੀਂ।

ਬੀਮਾਰੀ ਨਾਲ ਲੜਨ ਦਾ ਤਰੀਕਾ ਵੀ, ਅੰਮਾਂ ਜੀ ਦਾ ਆਪਣਾ ਈ ਸੀ। ਜਦ ਵੀ ਕਿਸੇ ਰੋਗ ਦਾ ਸ਼ਿਕਾਰ ਹੋਂਦੇ ਬਿਨਾਂ ਕਿਸੇ ਨੂੰ ਕੁਝ ਦੱਸਿਆਂ, ਮੂੰਹ ਸਿਰ ਵਲ੍ਹੇਟ ਕੇ ਪਿਛਲੇ ਕਮਰੇ ਵਿਚ ਜਾ ਲੰਮੇ ਪੈਂਦੇ। ਜਿੰਨੇ ਚਿਰ ਤਕ ਬੀਮਾਰੀ ਦਾ ਜ਼ੋਰ ਨਾ ਟੁੱਟ ਜਾਂਦਾ ਉਹ ਬਹੁਤ ਘੱਟ ਬੋਲਦੇ। ਜ਼ਿੰਦਗੀ ਦੇ ਆਖ਼ਰੀ ਸਾਲਾ ਵਿਚ ਉਹਨਾਂ ਨੂੰ ਮੋਢਿਆਂ ਵਿਚ ਪੀੜ ਰਹਿਣੀ ਸ਼ੁਰੂ ਕਰ ਦਿੱਤੀਆਂ ਸਨ। ਮੱਝਾਂ ਚੋਣ ਤੋਂ ਪਹਿਲਾਂ ਉਹਨਾਂ ਅੱਗੇ ਜੇ ਖ਼ਲ ਵੰਡਾ ਜਾਂ ਹਰੇ ਪੱਠੇ ਪਾਏ ਜਾਂਦੇ ਉਹਨੂੰ ਅੱਬਾ ਜੀ ਆਪਣੀਆਂ ਮਹੀਆਂ ਦਾ ਭਾੜਾ ਆਖਦੇ ਸਨ। ਅੰਮਾਂ ਜੀ ਅਕਸਰ ਆਖਦੇ ਇਹ ਦਵਾਈਆਂ ਮੇਰਾ ਭਾੜਾ ਹੀ ਤੇ ਹਨ। ਉਹਨਾਂ ਦਾ ਵਜੂਦ ਵੀ ਕੁਝ ਭਾਰਾ ਹੋ ਗਿਆ ਸੀ, ਤੇ ਡਾਕਟਰ ਨੇ ਉਹਨਾਂ ਨੂੰ ਪੈਦਲ ਚਲਣ ਦੀ ਸਲਾਹ ਦੇ ਦਿੱਤੀ। ਉਹ ਸਾਡੇ ਘਰ ਦੇ ਖੁੱਲ੍ਹੇ ਵਿਹੜੇ ਵਿਚ ਈ ਚੱਕਰ ਮਾਰਦੇ ਰਹਿੰਦੇ। ਇਹ ਹਰ ਚੰਗੀ ਗੱਲ ਨੂੰ ਛੇਤੀ ਅਪਨਾਉਣ ਦੀ ਆਦਤ ਦਾ ਈ ਇਕ ਰੂਪ ਸੀ। ਨਹੀਂ ਤਾਂ ਪਿੰਡ ਵਿਚ ਕਿਸੇ ਮਰਦ ਨੇ ਵੀ ਇਹ ਨਹੀਂ ਸੀ ਸੋਚਿਆ ਕਿ ਪੈਰਾਂ ਉਤੇ ਟੁਰਨਾ ਸਿਹਤ ਲਈ ਕਿੰਨਾ ਚੰਗਾ ਹੁੰਦਾ ਏ। ਇਹ ਵੱਖਰੀ ਗੱਲ ਏ ਆਪਣੇ ਕੰਮਾਂ ਲਈ ਉਹਨਾਂ ਸਾਰਿਆਂ ਨੂੰ ਕਈ ਕਈ ਮੀਲ ਰੋਜ਼ ਟੁਰਨਾ ਪੈਂਦਾ ਸੀ। ਇਸ ਲਈ ਉਹਨਾਂ ਵਿਚੋਂ ਜਦ ਕੋਈ ਬੰਦਾ ਜਾਂ ਬੀਬੀ ਸ਼ਾਮ ਵੇਲੇ ਨਾਲ ਸਾਡੇ ਘਰ ਆਉਂਦਾ, ਫਿਰ ਅੰਮਾਂ ਜੀ ਨੂੰ ਵਿਹੜੇ ਵਿਚ ਫੇਰੇ ਲਾਉਂਦੇ ਵੇਖਦਾ ਤਾਂ ਹੈਰਾਨ ਈ ਰਹਿ ਜਾਂਦਾ। "ਭੈਣ ਸਕੀਨਾਂ ਨੂੰ ਕੀ ਹੋ ਗਿਆ ਏ?" ਉਹ ਇਸ ਤਰ੍ਹਾਂ ਦੇ ਸੁਆਲ ਕਰਦੇ। "ਅੰਮਾ ਜੀ ਬੀਮਾਰ ਨੇਂ ਤੇ ਡਾਕਟਰ ਨੇ ਉਹਨਾਂ ਨੂੰ ਪੈਦਲ ਚਲਣ ਦਾ ਮਸ਼ਵਰਾ ਦਿੱਤਾ ਏ" ਸਾਡੇ ਵਿਚੋਂ ਕੋਈ ਆਖਦਾ ਤੇ ਪਿੰਡ ਵਾਲੇ ਲੋਕ ਹੈਰਾਨ ਹੋ ਕੇ ਆਖਦੇ "ਜੇ ਬੀਮਾਰ ਨੇਂ ਤਾਂ ਮੰਜੇ ਉਤੇ ਲੇਟ ਕੇ ਆਰਾਮ ਕਿਉਂ ਨਹੀਂ ਕਰਦੇ, ਇੰਜ ਟੁਰ ਟੁਰ ਕੇ ਤਾਂ ਹੋਰ ਹਾਲਤ ਵਿਗੜ ਜਾਏਗੀ।"

ਅੰਮਾਂ ਜੀ ਦੀ ਆਖ਼ਰੀ ਬੀਮਾਰੀ ਮੈਨੂੰ ਚੰਗੀ ਤਰ੍ਹਾਂ ਯਾਦ ਏ। ਮੈਂ ਕਰਾਚੀ ਪੜ੍ਹਦਾ ਸਾਂ, ਤੇ ਉਹਨਾਂ ਦਿਨਾਂ ਵਿਚ ਛੁੱਟੀ ਤੇ ਘਰ ਆਇਆ ਹੋਇਆ ਸਾਂ। ਛੁੱਟੀਆਂ ਮੁੱਕਣ ਤੋਂ ਦੋ ਚਾਰ ਦਿਨ ਪਹਿਲਾਂ ਲਾਹੌਰ ਜਾ ਕੇ ਮੈਂ ਕਰਾਚੀ ਜਾਣ ਵਾਲੀ ਰੇਲ ਗੱਡੀ ਵਿਚ ਆਪਣੀ ਸੀਟ ਪੱਕੀ ਕਰਵਾਈ। ਮੈਂ ਸ਼ਾਇਦ ਲਾਹੌਰ ਵਾਲੇ ਘਰ ਤੋਂ ਈ ਸਿੱਧਾ ਕਰਾਚੀ ਵਲ ਨਿਕਲ ਜਾਂਦਾ ਪਰ ਇਸ ਵਾਰ ਜਦ ਮੈਂ ਪਿੰਡੋਂ ਚਲਿਆਂ ਸਾਂ ਤਾਂ ਅੰਮਾਂ ਜੀ ਪਤਾ ਨਹੀਂ ਕਿਉਂ ਮੈਨੂੰ ਜੱਫਾ ਮਾਰ ਕੇ ਕਿੰਨਾ ਈ ਚਿਰ ਤਕ ਰੋਂਦੇ ਰਹੇ ਸਨ। ਇਸ ਲਈ ਜਦ ਕਰਾਚੀ ਜਾਣ ਵਿਚ ਇਕ ਦਿਨ ਰਹਿੰਦਾ ਸੀ ਕਿ ਮੈਂ ਉਹਨਾਂ ਨੂੰ ਇਕ ਵਾਰ ਫਿਰ ਮਿਲਣ ਲਈ ਪਿੰਡ ਪਰਤ ਆਇਆ। ਮੈਂ ਜਿਸ ਵੇਲੇ ਪਿੰਡ ਪੁੱਜਾ, ਰਾਤ ਦੇ ਦਸ ਵਜ ਚੁੱਕੇ ਸਨ। ਆਪਣੇ ਖਾਣ ਪੀਣ ਲਈ ਮੈਂ ਆਪ ਈ ਕੁਝ ਪ੍ਰਬੰਧ ਕੀਤਾ, ਘਰ ਦੇ ਸਾਰੇ ਜੀਆਂ ਨੂੰ ਮੈਂ ਵਿਹੜੇ ਵਿਚ ਸੁੱਤੇ ਹੋਏ ਵੇਖਿਆ ਸੀ। ਅੱਗੇ ਤਾਂ ਥੋੜ੍ਹਾ ਜਿਹਾ ਖੜਕਾਰ ਸੁਣ ਕੇ ਈ ਅੰਮਾਂ ਜੀ ਉੱਠ ਪੈਂਦੇ ਸਨ ਪਰ ਉਸ ਦਿਨ ਮੂੰਹ ਸਿਰ ਵਲ੍ਹੇਟੀ ਚੁੱਪਚਾਪ ਪਏ ਰਹੇ। ਅੱਬਾ ਜੀ ਨੇ ਮੈਨੂੰ ਦੱਸਿਆ ਕਿ ਫ਼ਰਿੱਜ ਵਿਚ ਕੱਟ ਕੇ ਰੱਖੇ ਕਿਸੇ ਫ਼ਲ ਨੂੰ ਦੋਹਾਂ ਮਾਂ ਪੁੱਤਰਾਂ ਖਾਧਾ ਸੀ, ਤੇ ਓਦੋਂ ਬਾਅਦ ਦੋਵੇਂ ਉਲਟੀਆਂ ਕਰਦੇ ਰਹੇ ਨੇਂ, ਪਰ ਚਿੰਤਾ ਦੀ ਗੱਲ ਨਹੀਂ, ਹੁਣ ਦੋਵੇਂ ਠੀਕ ਨੇਂ।



ਅੰਮਾਂ ਜੀ ਦੇ ਨਾਲ ਬੀਮਾਰ ਹੋਣ ਵਾਲਾ ਮੇਰਾ ਛੋਟਾ ਵੀਰ ਹਮਾਯੂੰ ਸੀ। ਮੈਂ ਦੋਹਾਂ ਕੋਲ ਜਾ ਕੇ ਵਾਰੀ ਵਾਰੀ ਹਾਲ ਪੁੱਛਿਆ। ਵੱਡੇ ਵੀਰ ਜੀ ਡਾਕਟਰ ਨੇਂ, ਉਹਨਾਂ ਪਿੰਡ ਵਿਚ ਵੀ ਦਵਾਈਆਂ ਰਖੀਆਂ ਹੋਈਆਂ ਸਨ ਤੇ ਸਾਨੂੰ ਸਾਰਿਆਂ ਨੂੰ ਉਹਨਾਂ ਬਾਰੇ ਦੱਸਿਆ ਵੀ ਹੋਇਆ ਸੀ। ਇਸ ਲਈ ਮੈਂ ਉਥੋਂ ਕੁਝ ਦਵਾਈਆਂ ਲੈ ਕੇ ਦੋਹਾਂ ਨੂੰ ਪਾਣੀ ਨਾਲ ਖਵਾਈਆਂ। ਅੰਮਾਂ ਜੀ ਨਾਲ ਗੱਲ ਕੀਤੀ ਜਾਂ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਉਹ ਬਹੁਤਾ ਬੋਲਣਾ ਨਹੀਂ ਚਾਹੁੰਦੇ ਤੇ ਸਿਹਤ ਵੀ ਉਹਨਾਂ ਦੀ ਠੀਕ ਈ ਏ। ਇਸ ਲਈ ਮੈਂ ਆਪਣੀ ਮੰਜੀ ਚੁੱਕ ਕੇ ਛੱਤ ਉਤੇ ਚਲਾ ਗਿਆ। ਗਰਮੀਆਂ ਦੀ ਰੁੱਤ ਵਿਚ ਛੱਤ ਉਤੇ ਸੌਣਾ ਮੈਨੂੰ ਬਹੁਤ ਚੰਗਾ ਲੱਗਦਾ ਸੀ। ਸਰਘੀ ਵੇਲੇ ਨਾਲ ਮਾਸੀ ਫ਼ਾਤਮਾ ਨੇ ਮੈਨੂੰ ਜਗਾ ਕੇ ਆਖਿਆ ਕਿ ਭੈਣ ਜੀ ਦੀ ਹਾਲਤ ਖ਼ਰਾਬ ਹੋ ਗਈ ਏ, ਹਮਾਯੂੰ ਵੀ ਬਹੁਤ ਢਿੱਲਾ ਹੋਇਆ ਹੋਇਆ ਏ। ਮੈਂ ਫਟਾਫਟ ਉਠ ਕੇ ਥੱਲੇ ਆ ਗਿਆ। ਉਹਨਾਂ ਦੇ ਕੱਪੜੇ ਗਿੱਲੇ ਹੋ ਚੁੱਕੇ ਸਨ ਪਰ ਉਹ ਫਿਰ ਵੀ ਮੂੰਹੋਂ ਕੁਝ ਨਹੀਂ ਬੋਲ ਰਹੇ ਸਨ, ਜਦ ਕਿ ਮੇਰਾ ਛੇ ਫ਼ੁਟ ਦੋ ਇੰਚ ਕੱਦ ਵਾਲਾ ਸ਼ੇਰ ਜਵਾਨ ਨਿੱਕਾ ਵੀਰ ਤਕਲੀਫ਼ ਨਾਲ ਹੂੰ ਹੂੰ ਦੀਆਂ ਅਵਾਜ਼ਾਂ ਕੱਢ ਰਿਹਾ ਸੀ। ਮੈਂ ਕਾਰ ਕਰ ਕੇ ਵਜ਼ੀਰਾਬਾਦ ਸ਼ਹਿਰ ਗਿਆ ਤੇ ਉਥੋਂ ਦੇ ਮਸ਼ਹੂਰ ਡਾਕਟਰ ਸਾਹਿਲ ਨੂੰ ਬੁਲਾ ਲਿਆਇਆ। ਡਾਕਟਰ ਨੇ ਸਟੈਥੋਸਕੋਪ ਲਾ ਕੇ ਅਤੇ ਬਲੱਡ ਪ੍ਰੈਸ਼ਰ ਚੈੱਕ ਕਰ ਕੇ ਸਾਫ਼ ਆਖ ਦਿੱਤਾ ਕਿ ਮੁੰਡੇ ਨੂੰ ਤਾਂ ਸੱਤੇ ਖ਼ੈਰਾਂ ਨੇਂ ਪਰ ਮਾਂ ਜੀ ਦੀ ਹਾਲਤ ਖ਼ਤਰਨਾਕ ਹੋ ਚੁੱਕੀ ਏ। ਵਜ਼ੀਰਾਬਾਦ ਤੋਂ ਟੈਲੀਫ਼ੋਨ ਕਰ ਕੇ ਮੇਰੇ ਵੱਡੇ ਭਰਾ ਨੂੰ ਇਹਦੀ ਸੂਚਨਾ ਦੇ ਦਿੱਤੀ। ਉਹ ਡਾਕਟਰ ਨੇਂ ਤੇ ਓਦੋਂ ਮਿਓ ਹਸਪਤਾਲ ਵਿਚ ਈ ਲੱਗੇ ਹੋਏ ਸਨ। ਫਿਰ ਮੇਰੇ ਤੋਂ ਇਕ ਥਾਂ ਵੱਡਾ ਦੂਜਾ ਵੀਰ ਵੀ ਡਾਕਟਰ ਬਣ ਰਿਹਾ ਸੀ। ਇਸ ਲਈ ਜਦ ਮੈਂ ਅੰਮਾਂ ਜੀ ਨੂੰ ਲੈ ਕੇ ਹਸਪਤਾਲ ਪੁੱਜਾ ਤਾਂ ਉਥੇ ਮੈਨੂੰ ਬਹੁਤ ਸਾਰੇ ਡਾਕਟਰ ਤੇ ਮੈਡੀਕਲ ਕਾਲਜ ਦੇ ਵਿਦਿਆਰਥੀ ਉਡੀਕ ਕਰਦੇ ਹੋਏ ਨਜ਼ਰ ਆਏ। ਐਮਰਜੈਂਸੀ ਵਾਰਡ ਵਿਚ ਇਕ ਘੰਟੇ ਦੇ ਇਲਾਜ ਮਗਰੋਂ ਅੰਮਾਂ ਜੀ ਦੀ ਹਾਲਤ ਬਿਹਤਰ ਹੋਣਾ ਸ਼ੁਰੂ ਹੋ ਗਈ। ਬਿਲਕੁਲ ਡੁੱਬ ਚੁਕੀ ਨਬਜ਼ ਫਿਰ ਲੱਭਣ ਲੱਗ ਪਈ, ਜਦ ਕਿ ਬਲੱਡ ਪ੍ਰੈਸ਼ਰ ਵਿਚ ਵੀ ਸੁਧਾਰ ਆ ਗਿਆ ਸੀ। ਇਸ ਸਭ ਤੋਂ ਚੰਗੇ ਵਾਰਡ ਵਿਚ ਸਿਰਫ਼ ਵੱਡੇ ਵੱਡੇ ਸਰਕਾਰੀ ਅਫ਼ਸਰ ਜਾਂ ਡਾਕਟਰਾਂ ਦੇ ਰਿਸ਼ਤੇਦਾਰ ਈ ਦਾਖ਼ਲ ਕੀਤੇ ਜਾਂਦੇ ਸਨ। ਅੰਮਾਂ ਜੀ ਨੂੰ ਇਕ ਦੋ ਵਾਰ ਹੋਸ਼ ਆਇਆ ਤੇ ਉਹਨਾਂ ਸਾਨੂੰ ਸਾਰਿਆਂ ਨੂੰ ਵਾਰੀ ਵਾਰੀ ਵੇਖ ਕੇ ਅੱਖਾਂ ਮੀਟ ਲਈਆਂ। ਉਹਨਾਂ ਦੀ ਹਾਲਤ ਬਿਹਤਰ ਹੋਈ ਵੇਖ ਸਾਡੇ ਚਿਹਰੇ ਖਿੜ ਗਏ। ਮੈਂ ਪੂਰੀ ਤਸੱਲੀ ਨਾਲ ਉਥੋਂ ਨਿਕਲ ਕੇ ਡਾਕਟਰ ਵੀਰ ਦੀ ਹਸਪਤਾਲ ਵਿਚਲੀ ਰਿਹਾਇਸ਼ ਵਲ ਚਲਾ ਗਿਆ। ਥਕੇਵਾਂ ਜਿਹਾ ਮਹਿਸੂਸ ਹੋ ਰਿਹਾ ਸੀ। ਨਹਾਉਣ ਲਈ ਬਾਥ-ਰੂਮ ਵਿਚ ਗਿਆ। ਨਹਾ ਰਿਹਾ ਸਾਂ ਕਿ ਬਾਹਰੋਂ ਇਕਦਮ ਰੋਣ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ। ਮੇਰੇ ਚਾਚੇ ਦੇ ਪੁੱਤਰ ਅਫ਼ਜ਼ਲ ਨੇ ਬਾਥ ਰੂਮ ਦੇ ਬੂਹੇ ਕੋਲ ਆ ਕੇ ਆਖਿਆ, "ਪਤਾ ਨਹੀਂ ਕੀ ਹੋ ਗਿਆ ਏ, ਬਾਹਰ ਆ ਜਾਓ।" ਕੱਪੜੇ ਪਾਉਂਦੇ ਹੋਏ ਕੁਝ ਦੇਰ ਹੋ ਗਈ ਤੇ ਉਹ ਬੋਲਿਆ, "ਅੰਮਾਂ ਜੀ ਗੁਜ਼ਰ ਗਏ ਨੇਂ..." ਇਹਦੇ ਨਾਲ ਈ ਬਾਹਰੋਂ ਉਹਦੇ ਰੋਣ ਦੀਆਂ ਅਵਾਜ਼ਾਂ ਵੀ ਆਉਣ ਲੱਗ ਪਈਆਂ।

ਬਾਅਦ ਵਿਚ ਮੈਨੂੰ ਡਾਕਟਰ ਵੀਰ ਨੇ ਦੱਸਿਆ ਕਿ ਫ਼ੂਡ ਪਾਇਜ਼ਨਿੰਗ ਨਾਲ ਵਿਗੜੀ ਉਹਨਾਂ ਦੀ ਹਾਲਤ ਨੂੰ ਤਾਂ ਠੀਕ ਕਰ ਲਿਆ ਗਿਆ ਸੀ ਪਰ ਫਿਰ ਇਕਦਮ ਈ ਉਹਨਾਂ ਦੇ ਦਿਲ ਦੀ ਹਰਕਤ ਬੰਦ ਹੋ ਗਈ ਸੀ। ਇਹਦਾ ਕਾਰਨ ਉਹਨਾਂ ਅੰਮਾਂ ਜੀ ਵਲੋਂ ਪਿਛਲੇ ਕਈ ਸਾਲਾਂ ਤੋਂ ਭਾੜਾ ਸਮਝ ਕੇ ਖਾਧੀਆਂ ਗਈਆਂ ਐਂਟੀ-ਬਾਇਓਟਿਕ ਦਵਾਈਆਂ ਦੱਸਿਆ ਸੀ।

Add :Ilyas Ghumman, Sardar clinic, Ameer Road, Bilal Ganj,
LAHORE-54000, Pakistan.

## ਪਟੇਲ ਦੀ ਰਖੈਲ ਮਸਾ ਮਾਂ / ਸਰਣ ਕੁਮਾਰ ਲਿੰਬਾਲੇ



**ਲਿੰਬਾਲੇ ਦਾ ਜਨਮ ਮਹਾਂਰਾਸ਼ਟਰ-ਕਰਨਾਟਕ ਦੀ ਸਰਹੱਦ 'ਤੇ ਪੈਂਦੇ ਪਿੰਡ ਹੰਨੂਰ ਵਿਚ ਹੋਇਆ। 1956 ਵਿੱਚ ਜੰਮੇ ਨੌਜੁਆਨ ਲਿੰਬਾਲੇ ਨੇ 27 ਵਰ੍ਹਿਆਂ ਦੀ ਉਮਰੇ ਸੰਨ 1984 ਵਿਚ ਆਪਣੀ ਆਤਮ-ਕਥਾ ਲਿਖੀ ਸੀ। ਛਪਣ ਸਾਰ ਹੀ ਉਹ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਗਈ। ਅਤੇ ਉਸ ਪਹਿਲੀ ਕਿਤਾਬ ਨੂੰ ਭਾਰਤੀ ਸਾਹਿਤ ਅਕੈਡਮੀ, ਦਿੱਲੀ ਦਾ ਵਕਾਰੀ ਐਵਾਰਡ ਮਿਲਿਆ। ਉਸ ਤੋਂ ਬਾਅਦ ਮਾਰਠੀ ਭਾਸ਼ਾ ਵਿਚ ਅਨੇਕਾਂ ਦਲਿਤ ਸਵੈ-ਜੀਵਨੀਆਂ ਪ੍ਰਕਾਸ਼ਤ ਹੋਈਆਂ ਪਰ 'ਅੱਕਰਮੱਸ਼ੀ' ਤੋਂ ਸਾਰੀਆਂ ਥੱਲੇ ਹੀ ਰਹੀਆਂ। ਲਿੰਬਾਲੇ ਦਾ ਰੌਂਗਟੇ ਖੜੇ ਕਰ ਦੇਣ ਵਾਲ ਮਾਂ ਸੰਬੰਧੀ ਬਿਰਤਾਂਤ ਅਸੀਂ 'ਕਹਾਣੀ ਧਾਰਾ' ਦੇ ਪਾਠਕਾਂ ਲਈ ਪ੍ਰਕਾਸ਼ਤ ਕਰ ਰਹੇ ਹਾਂ।**

**-ਸੰਪਾਦਕ**

ਮਸਾ ਮਾਂ ਮੰਹਿ ਦਾ ਮਾਸ ਨਹੀਂ ਖਾਂਦੀ ਸੀ। ਗਾਂ-ਬੈਲ ਦਾ ਹੁੰਦਾ ਤਾਂ ਲੈ ਲੈਂਦੀ। ਜੇ ਮਾਸ ਤਾਜ਼ਾ ਹੁੰਦਾ ਤਾਂ ਕਿਲੋ ਡੇਢ ਕਿੱਲੋ ਲੈ ਲੈਂਦੀ। ਬੁੱਧਵਾਰ ਨੂੰ ਅਸੀਂ ਕਸਾਈ ਦੀ ਉਡੀਕ ਕਰਦੇ, ਜਿਵੇਂ ਕਿਸੇ ਮਹਿਮਾਨ ਦੀ ਉਡੀਕ ਕਰ ਰਹੇ ਹੋਈਏ। ਬੁਹਰਾਨਪੁਰ ਦਾ ਕਸਾਈ ਸਾਈਕਲ 'ਤੇ ਮਾਸ ਲੱਦ ਕੇ ਆਉਂਦਾ। ਉਸ ਨੂੰ ਦੇਖਦਿਆਂ ਹੀ ਮੈਂ ਘਰ ਨੂੰ ਭੱਜਦਾ। ਜਾ ਕੇ ਮਾਂ ਨੂੰ ਦੱਸਦਾ। ਸਾਰੀਆਂ ਝੋਪੜੀਆਂ 'ਚ ਹੱਲਚੱਲ ਹੋਣ ਲੱਗ ਪੈਂਦੀ। ਇਮਲੀ ਦੇ ਰੁੱਖ ਹੇਠ ਕਸਾਈ ਆਪਣੀ ਦੁਕਾਨ ਲਾਉਂਦਾ। ਉੱਥੇ ਸਾਰੇ ਜਣੇ ਇਕੱਠੇ ਹੋ ਜਾਂਦੇ। ਉਹ ਰੁੱਖ ਦੇ ਕਿਸੇ ਡਾਲ੍ਹੇ ਨਾਲ ਧੜ ਟੰਗ ਦਿੰਦਾ। ਬੜੀ ਸਹਿਜਤਾ ਨਾਲ ਉਹ ਉਸ ਨੂੰ ਕੱਟਦਾ ਤੇ ਤੱਕੜੀ 'ਚ ਰੱਖ ਕੇ ਤੋਲਦਾ। ਕੁੱਤੇ ਇਕੱਠੇ ਹੋ ਜਾਂਦੇ। ਕਸਾਈ ਪਾਸ ਹੌਲੀ ਹੌਲੀ ਭੀੜ ਇਕੱਠੀ ਹੋਣ ਲੱਗਦੀ। ਥਾਲੀਆ ਕਟੋਰੇ ਲਈ ਖੜ੍ਹੀਆਂ ਔਰਤਾਂ ਹੋ ਹੱਲਾ ਕਰਦੀਆਂ। ਮੱਖੀਆਂ ਇੰਨੀਆਂ ਭਿੰਨ-ਭਿਨਾਉਂਦੀਆਂ ਕਿ ਮਾਸ ਦਿਖਾਈ ਹੀ ਨਾ ਦਿੰਦਾ। ਕਸਾਈ ਹਰ ਵਾਰ ਹੱਥ ਘੁੰਮਾ ਕੇ ਉਨ੍ਹਾਂ ਨੂੰ ਉਡਾਉਂਦਾ। ਮੈਂ ਮਾਂ ਦੇ ਨਾਲ ਉੱਥੇ ਪੁੱਜਦਾ। ਮਾਂ ਉਸ ਨਾਲ ਅਕਸਰ ਹੀ ਝਗੜਦੀ। ਕਹਿੰਦੀ ਲੱਤ ਦਾ ਮਾਸ ਦੇ। ਉਹ ਚਰਬੀ ਮੰਗਦੀ। ਮੇਰੇ ਲਈ ਕਦੇ ਕਦੇ ਗੁਰਦੇ ਕਪੂਰੇ ਲੈਂਦੀ।

ਮਾਸ ਦੀ ਥਾਲੀ ਨੂੰ ਦੁਪੱਟੇ ਹੇਠ ਛੁਪਾਈ ਮਾਂ ਘਰ ਨੂੰ ਤੁਰ ਜਾਂਦੀ। ਮੈਂ ਕਸਾਈ ਦੀਆਂ ਦਿੱਤੀਆਂ ਬੋਟੀਆਂ ਨੂੰ ਲੈ ਕੇ ਉਸ ਦੇ ਪਿੱਛੇ ਪਿੱਛੇ ਜਾਂਦਾ। ਕਈ ਵਾਰ ਅਚਾਨਕ ਉਪਰੋਂ ਇੱਲ ਝਪਟਦੀ ਤੇ ਬੋਟੀਆਂ ਨੂੰ ਲੈ ਉੱਡਦੀ।

ਮੇਰੀ ਮਾਂ ਮਸਾ ਮਾਂ। ਸੰਤਾਮਾਏ ਦੀ ਇਕਲੌਤੀ ਧੀ। ਉਸ ਦੀ ਸ਼ਾਦੀ ਹੋਈ ਇੱਕ ਗਰੀਬ ਆਦਮੀ ਨਾਲ। 'ਵਿੱਠਲ ਕਾਂਬਲੇ' ਉਸ ਦਾ ਨਾਂਅ ਸੀ। ਉਸ ਦੇ ਘਰ ਰੋਟੀ ਦੇ ਲਾਲੇ ਪਏ ਰਹਿੰਦੇ। ਹਮੇਸ਼ਾਂ ਭੁੱਖਿਆਂ ਰਹਿਣਾ ਪੈਂਦਾ। ਦਿਨ ਭਰ ਘਾਹ ਖੋਤ ਕੇ ਉਸ ਨੂੰ ਚਾਰ ਪੰਜ ਕਿਲੋਮੀਟਰ ਦੂਰ ਜਾ ਕੇ ਵੇਚਣ ਉਪਰੰਤ ਹੀ ਖਾਣ ਨੂੰ ਕੁਝ ਮਿਲਦਾ। ਲੱਕੜਾਂ ਦੀ ਗੱਠ ਅੱਕਲਕੋਟ ਜਾ ਕੇ ਵੇਚਣੀ ਪੈਂਦੀ। ਲੱਕੜਾਂ ਵੇਚ ਕੇ ਹੀ ਆਟਾ-ਦਾਲ ਖ਼ਰੀਦ ਹੁੰਦਾ। ਹੱਥਾਂ-ਪੈਰਾਂ ਨਾਲ ਕੁਝ ਕਰਨ 'ਤੇ ਹੀ ਪੇਟ-ਪੂਜਾ ਸੰਭਵ ਸੀ। ਰੋਜ਼ ਕਮਾਓ, ਰੋਜ਼ ਖਾਓ। ਸੰਤਾਮਾਏ ਤੇ ਦਾਦਾ ਕਦੀ-ਕਦਾਈਂ ਪੈਦਲ ਚੱਲ ਕੇ ਬਾਸਲ ਗਾਂਵ ਆਉਂਦੇ। ਦਸ-ਪੰਦਰਾਂ ਕਿਲੋਮੀਟਰ ਤੁਰਨਾ ਪੈਂਦਾ ਸੀ। ਸਿਰ 'ਤੇ ਆਟਾ-ਨਮਕ ਲੈ ਕੇ ਉਹ ਦੋਵੇਂ ਮਸਾ ਮਾਂ ਨੂੰ ਬੁਲਾਉਣ ਆਉਂਦੇ। ਉਨ੍ਹੀਂ ਦਿਨੀਂ ਬੈਲ ਗੱਡੀਆਂ ਕਿੱਥੇ ਸਨ!



ਵਿੱਠਲ ਕਾਂਬਲੇ ਇੱਕ ਖੇਤ ਮਾਲਿਕ ਦਾ ਇੱਥੇ ਮਜ਼ਦੂਰ ਸੀ। ਸਾਲ ਦਾ ਸੱਤ-ਅੱਠ ਸੌ ਰੁਪਈਆ ਵੇਤਨ। ਦਿਨ-ਰਾਤ ਮਾਲਿਕ ਦੇ ਘਰ ਜਾਂ ਖੇਤਾਂ 'ਚ ਕੰਮ ਕਰਦਾ। ਖੇਤ ਦੇ ਅਨੇਕਾਂ ਜਾਨਵਰਾਂ ਵਿੱਚੋਂ ਇਕ ਹੋਰ ਜਾਨਵਰ। ਆਪਣੇ ਦੁੱਖਾਂ ਤੇ ਪਿੰਜਰ ਨੂੰ ਦੇਖਦੇ ਰਹਿਣਾ, ਬੱਸ ਇਹੋ ਉਸ ਦੀ ਹੋਣੀ ਸੀ। ਪੇਟ ਤੇ ਪਿੱਠ ਇੱਕੋ ਚੀਜ਼ ਲੱਗਦੇ। ਜਾਨਵਰਾਂ ਦੇ ਵਾੜੇ ਵਿਚਲੀ ਜ਼ਿੰਦਗੀ ਜਿਹੀ ਉਸ ਦੀ ਜ਼ਿੰਦਗੀ ' ਹੰਝੂਆਂ ਨੂੰ ਕਿੰਨਾ ਕੁ ਰੋਕ ਸਕਦਾ ਸੀ! ਭੁੱਖ ਦੀ ਕਿੰਨੀ ਕੁ ਜੁਗਾਲੀ ਕਰ ਸਕਦਾ ਸੀ! ਕੋਹਲੂ ਦੇ ਬੈਲ ਦੀ ਤਰ੍ਹਾਂ ਉਹ ਜ਼ਿੰਦਗੀ ਨੂੰ ਜੋਤ ਦਿੱਤਾ ਗਿਆ ਸੀ, ਨਹਿਰ ਦਾ ਕਲ ਕਲ ਵਗਦਾ ਪਾਣੀ ਪੇਟ 'ਚ ਪ੍ਰੇਸ਼ਾਨ ਪਸੀਨੇ ਦੀ ਇੱਕ ਬੂੰਦ ਬਣ ਕੇ ਵਹਿੰਦਾ ਸੀ।

ਵਿੱਠਲ ਕਾਂਬਲੇ ਕਿਸੇ ਹਣਮੰਤਾ ਲਿੰਬਾਲੇ ਨਾਂਅ ਦੇ ਪਟੇਲ ਦੇ ਖੇਤਾਂ ਵਿੱਚ ਮਜ਼ਦੂਰ ਸੀ। ਬੁਰੇ ਵੇਲੇ ਪਟੇਲ ਮਦਦ ਵੀ ਕਰਦਾ। ਇਸ ਸਹਾਇਤਾ ਕਾਰਨ ਇੱਕ ਪੂਰਾ ਪਰਿਵਾਰ ਮਜਬੂਤ ਹੁੰਦਾ ਜਾ ਰਿਹਾ ਸੀ। ਪਟੇਲ ਦੇ ਹੱਥ ਕਿਸੇ ਭਰੇ-ਪੂਰੇ ਸੰਸਾਰ ਨੂੰ ਤਬਾਹ ਕਰ ਰਹੇ ਸਨ।

ਪਿੰਡ ਦੀ ਪੰਚਾਇਤ ਨੇ ਮਸਾਈ (ਮਸਾ ਮਾਂ) ਦੇ ਦੁੱਧ ਪੀਂਦੇ ਬੱਚੇ ਨੂੰ ਖੋਹ ਲਿਆ। ਦੋ ਚਾਰ ਸਾਲ ਦੇ ਚੰਦਰਕਾਂਤ ਨੂੰ ਵੀ ਉਸ ਤੋਂ ਖੋਹ ਲਿਆ ਗਿਆ। ਵਿੱਠਲ ਕਾਂਬਲੇ ਨੇ ਮਸਾ ਮਾਂ ਤੋਂ ਤਲਾਕ ਲੈ ਲਿਆ। ਦੋ ਛੋਟੇ ਬੱਚਿਆਂ ਨੂੰ ਛੱਡ ਕੇ ਉਹ ਰੋਂਦੀ ਹੋਈ ਨਿਕਲ ਗਈ। ਛੋਟਾ ਲਕਸ਼ਮਣ ਮਾਂ ਵੱਲ ਨੂੰ ਹੱਥ ਕਰਕੇ ਰੋ ਰਿਹਾ ਸੀ। ਚੰਦਰਕਾਂਤ ਮਾਂ ਦੇ ਨਾਲ ਜਾਣ ਦੀ ਜਿਦ ਕਰ ਰਿਹਾ ਸੀ। ਪਤੀ-ਪਤਨੀ ਦੇ ਸੰਬੰਧ ਟੁੱਟ ਸਕਦੇ ਹਨ, ਪਰ ਮਾਂ ਬੱਚਿਆਂ ਦੇ ਸੰਬੰਧ ਕਿਵੇਂ ਟੁੱਟਣਗੇ?

ਮਸਾ ਮਾਂ ਹੁਣ ਆਜ਼ਾਦ ਸੀ। ਖੁੱਲ੍ਹੀ ਸੀ। ਰੋਜ਼ ਉਸੇ ਰਾਹ ਤੇ ਲੱਕੜਾਂ ਦੀ ਪੰਡ ਲੈ ਕੇ ਲੰਘਦੀ। ਕਸਬੇ ਵੱਲ ਨੂੰ ਜਾਂਦੀ। ਪਰ ਉਸ ਦੀ ਅੰਤਰ ਆਤਮਾ ਆਪਣੇ ਪਤੀ ਤੇ ਬੱਚਿਆਂ ਵਿੱਚ ਰਮੀ ਰਹਿੰਦੀ। ਉਸ ਨੂੰ ਜ਼ਿੰਦਗੀ 'ਚੋਂ ਚੁੱਕ ਕੇ ਬਾਹਰ ਕੀਤਾ ਗਿਆ ਸੀ। ਉਸ ਦੀ ਹਾਲਤ ਦੰਡਕਾਰੰਨਿਆ ਵਿੱਚ ਸਹਾਰਾ ਭਾਲਦੀ ਸੀਤਾ ਜਿਹੀ ਹੋ ਚੁੱਕੀ ਸੀ। ਉਸ ਨੂੰ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ।

ਵਿੱਠਲ ਕਾਂਬਲੇ ਨੇ ਦੂਜਾ ਵਿਆਹ ਕਰ ਲਿਆ। ਮਰਦ ਨੂੰ ਕੀ ਹੈ? ਉਹ ਕਿੰਨੀ ਵਾਰ ਪਾਨ ਖਾ ਕੇ ਥੁੱਕ ਸਕਦਾ ਹੈ ਪਰ ਔਰਤ? ਇੱਕ ਵਾਰ ਤਬਾਹ ਹੋਈ ਕਿ ਹੋ ਗਈ। ਮਸਾ ਮਾਂ ਦੀ ਸ਼ਾਦੀ ਕਿਵੇਂ ਹੋਵੇਗੀ? ਘਰ ਵਿਚ ਖਾਣ ਨੂੰ ਇੱਕ ਦਾਣਾ ਤੱਕ ਨਹੀਂ । ਤਲਾਕਸ਼ੁਦਾ ਖੁੱਲ੍ਹੀ ਔਰਤ, ਸਿਰ ਉੱਪਰਲਾ ਕੱਪੜਾ ਮੋਢੇ ਤੋਂ ਖਿਸਕ ਗਿਆ ਸੀ।

ਦਾਦੂੰਨਿਆ ਸਾਡੇ ਪਿੰਡ ਦਾ ਗੋਧਲੀ (ਇੱਕ ਖਾਨਾ ਬਦੋਸ਼ ਕਬੀਲੇ ਦਾ ਨਾਂਅ), ਕਲਗੀ ਤੁਰੇ ਦੇ ਗੀਤ ਗਾਉਂਦਾ ਸੀ। ਨਾਟਕ ਵੀ ਕਰਵਾਉਂਦਾ। ਬਚੇ ਖੁਚੇ ਸਮੇਂ 'ਚ ਅੜੋਸ ਪੜੋਸ ਦੇ ਪਿੰਡਾਂ ਵਿੱਚ ਭਾਂਡੇ ਵੀ ਵੇਚਿਆ ਕਰਦਾ ਸੀ। ਉਸ ਮਸਾ ਮਾਂ ਦੇ ਸਾਹਮਣੇ ਪ੍ਰਸਤਾਵ ਰੱਖਿਆ। ਕਲਗੀ -ਤੁਰੇ (ਲੋਕ ਗੀਤਾਂ ਦੀ ਇੱਕ ਕਿਸਮ) 'ਚ ਗਾਉਣ ਲਈ ਔਰਤ ਦੀ ਜ਼ਰੂਰਤ ਹੁੰਦੀ ਹੈ। ਔਰਤ ਡਫਲੀ 'ਤੇ ਗੀਤ ਗਾਉਂਦੀ ਹੈ। ਮਰਦ ਦੀ ਆਵਾਜ਼ ਵਿੱਚ ਆਵਾਜ਼ ਮਿਲਾ ਕੇ ਗਾਉਣਾ ਹੁੰਦਾ ਹੈ। ਚਾਰ ਪੰਜ ਲੋਕਾਂ ਦੀ ਇਹ ਭਜਨ ਮੰਡਲੀ ਹੁੰਦੀ ਹੈ। ਮਾਂ ਨੇ ਇਨਕਾਰ ਕਰ ਦਿੱਤਾ। ਉਸ ਇਕੱਲਿਆਂ ਹੀ ਜੀਵਨ ਜੀਊਣ ਦਾ ਫ਼ੈਸਲਾ ਕੀਤਾ। ਹਣਮੰਤਾ ਲਿਬਾਲੇ ਇਸੇ ਤਾਕ ਵਿੱਚ ਸੀ। ਉਸ ਮਸਾਈ (ਮਸਾ ਮਾਂ) ਨਾਲ ਸੰਪਰਕ ਕੀਤਾ ਅਤੇ ਉਸ ਨੂੰ ਅੱਕਲਕੋਟ ਵਿੱਚ ਕਿਰਾਏ 'ਤੇ ਇੱਕ ਮਕਾਨ ਲੈ ਦਿੱਤਾ। ਮਾਂ ਨੇ ਵੀ ਮਜਬੂਰਨ ਹਣਮੰਤਾ ਦਾ ਹੱਥ ਫੜ ਲਿਆ। ਜਿਸ ਆਦਮੀ ਦਾ ਨਾਂਅ ਜੋੜ ਕੇ ਮਾਂ ਨੂੰ ਬਦਨਾਮ ਕੀਤਾ ਗਿਆ ਸੀ, ਉਸ ਨੂੰ ਜ਼ਿੰਦਗੀ ਵਿੱਚੋਂ ਕੱਢ ਕੇ ਇੱਕ ਪਾਸੇ ਵਗ੍ਹਾ ਮਾਰਿਆ ਸੀ, ਉਸੇ ਦੇ ਨਾਲ ਰਹਿਣਾ ਉਸ ਤੈਅ ਕਰ ਲਿਆ। ਹਣਮੰਤਾ ਨੇ ਮਸਾਈ ਦੀ ਗ੍ਰਹਿਸਥੀ ਨੂੰ ਤੋੜ ਕੇ ਆਪਣੇ ਚੁੰਗਲ 'ਚ ਫਸਾ ਲਿਆ, ਜਿਵੇਂ ਕੋਈ ਸ਼ੌਕੀਆ ਕਬੂਤਰ ਪਾਲਦਾ ਹੋਵੇ। ਦੋਵੇਂ ਮਜ਼ੇ ਨਾਲ ਰਹਿਣ ਲੱਗੇ। ਮਸਾਈ ਗਰਭਵਤੀ ਹੋਈ। ਮੁੰਡਾ ਜੰਮਿਆ। ਮੁੰਡੇ ਦਾ ਪਿਓ ਕੌਣ? ਹਣਮੰਤਾ ਨੂੰ ਮਸਾਈ ਚਾਹੀਦੀ ਸੀ, ਉਸ ਦਾ ਸਰੀਰ ਚਾਹੀਦਾ ਸੀ, ਪਰ ਔਲਾਦ? ਮਸਾਈ ਦੇ ਉਸ

ਮੁੰਡੇ ਨਾਲ ਜੇ ਹਣਮੰਤਾ ਦਾ ਨਾਂਅ ਲੱਗ ਜਾਂਦਾ ਤਾਂ ਉਸ ਦੀ ਬਦਨਾਮੀ ਹੋਣੀ ਸੀ। ਮੁੰਡਾ ਵੱਡਾ ਹੋ ਕੇ ਖੇਤੀ 'ਚ ਹਿੱਸਾ ਮੰਗੇ, ਤਾਂ? ਮਸਾਈ ਅਦਾਲਤ ਨੂੰ ਕਿਵੇਂ ਟਾਲ ਸਕਦਾ ਸੀ।

ਮੇਰੇ ਜਨਮ ਦੇ ਨਾਲ ਹੀ ਪਟੇਲਾਂ ਤੇ ਜ਼ਿਮੀਦਾਰਾਂ ਦੀਆਂ ਤਮਾਮ ਖ਼ਾਨਦਾਨੀ ਕੋਠੀਆਂ ਬੇਚੈਨ ਹੋਈਆਂ ਹੋਣਗੀਆਂ। ਮੇਰੇ ਪਹਿਲੇ ਸਾਹ ਨਾਲ ਦੁਨੀਆਂ ਦੀ ਰੀਤ ਘਬਰਾ ਗਈ ਹੋਵੇਗੀ। ਮੇਰੇ ਰੋਣ ਦੀ ਆਵਾਜ਼ ਨਾਲ ਤਮਾਮ ਕੁੰਤੀਆਂ ਦੀਆਂ ਛਾਤੀਆਂ 'ਚੋਂ ਦੁੱਧ ਨਿਕਲ ਆਇਆ ਹੋਵੇਗਾ।

ਮਾਂ ਕਿਉਂ ਤਿਆਰ ਹੋਈ ਇਸ ਬਲਾਤਕਾਰ ਲਈ? ਕਿਉਂ ਧਾਰਨ ਕੀਤਾ ਉਸ ਇਸ ਅਨੈਤਿਕ ਸੰਭੋਗ ਨੂੰ ਨੌਂ ਮਹੀਨੇ ਨੌਂ ਦਿਨ ਆਪਣੇ ਅੰਦਰ? ਕਿਸ ਲਈ ਵਿਕਸਿਤ ਹੋਣ ਦਿੱਤਾ ਉਸ ਅਜਿਹੇ ਗਰਭ ਨੂੰ? ਕਿੰਨੀਆਂ ਨਜ਼ਰਾਂ ਨੇ ਉਸ ਨੂੰ ਵਿਭਾਚਰਨੀ ਕਹਿ ਕੇ ਭੰਡਿਆ ਹੋਵੇਗਾ? ਮੇਰੇ ਜਨਮ 'ਤੇ ਕਿਸ ਵੰਡੀ ਹੋਵੇਗੀ ਮਠਿਆਈ? ਕਿਸ ਲਾਡ ਵਾਰਿਆ ਹੋਵੇਗਾ ਮੇਰੇ 'ਤੇ? ਕਿਸ ਨੇ ਦਿੱਤੀ ਹੋਵੇਗੀ ਸਾੜ੍ਹੀ-ਚੋਲੀ ਮਾਂ ਨੂੰ? ਕਿਸ ਨੇ ਕੀਤਾ ਹੋਵੇਗਾ ਮੇਰਾ ਨਾਮਕਰਣ ਸੰਸਕਾਰ? ਮੇਰਾ ਖਾਨਦਾਨ ਕਿਹੜਾ ਸੀ? ਮੈਂ ਕਿਸ ਵੰਸ਼ ਦਾ ਦੀਪਕ ਸੀ? ਕਿਸ ਅਧਿਕਾਰੀ ਪਿਓ ਦਾ ਮੈਂ ਪੁੱਤਰ?

ਘਰ ਦੇ ਨੇੜੇ ਗੰਗੂ ਨਾਂਅ ਦੀ ਇੱਕ ਦਾਈ ਰਹਿੰਦੀ ਸੀ। ਉਹ ਮਾਂ ਦੀ ਸਹੇਲੀ ਸੀ। ਉਹ ਮੈਨੂੰ ਪਿੱਠ 'ਤੇ ਬੰਨ੍ਹ ਲੈਂਦੀ। ਸੂਈ, ਭਿਲਾਵਾਂ (ਇੱਕ ਜੰਗਲੀ ਫ਼ਲ ਜੋ ਦੁਆ ਵਜੋਂ ਵਰਤਿਆ ਜਾਂਦਾ ਹੈ) ਤੇ ਧਾਗੇ ਵੇਚਦੀ ਹੋਈ ਸੜਕ 'ਤੇ ਘੁੰਮਦੀ ਰਹਿੰਦੀ। ਮੈਨੂੰ ਨੰਨ੍ਹੇ ਨੂੰ ਲੋਕਾਂ ਨੂੰ ਦਿਖਾ ਦਿਖਾ ਕੇ ਕੱਪੜੇ ਮੰਗਦੀ, ਅੰਨ ਮੰਗਦੀ। ਔਰਤਾਂ ਮੇਰੇ ਕਾਰਮ ਤੇ ਮੇਰੇ ਲਈ ਫਟੇ-ਪੁਰਾਣੇ ਕਪੜੇ ਦਿੰਦੀਆਂ, ਤੇਲ ਦਿੰਦੀਆਂ। ਮਾਂ ਗੰਗੂ ਨੂੰ ਡਾਂਟਦੀ। ਮੇਰੇ ਕਾਰਨ ਗੰਗੂ ਨੂੰ ਕਾਫ਼ੀ ਕੁਝ ਮਿਲ ਜਾਂਦਾ। ਗੰਗੂ ਉਦਾਸ ਹੋ ਜਾਂਦੀ। ਕਹਿੰਦੀ, "ਬੱਚੇ ਦੇ ਨਾਂਅ 'ਤੇ ਹੀ ਲੋਕ ਕੁਝ ਨਾ ਕੁਝ ਦਿੰਦੇ ਹਨ। ਮੈਂ ਬੱਚੇ ਨੂੰ ਕੁੱਟਦੀ-ਮਾਰਦੀ ਥੋੜ੍ਹੇ ਆਂ।" ਦੋਵੇਂ ਝਗੜਦੀਆਂ। ਮਾਂ ਬਾਹਰ ਜਾਂਦੀ ਕਿ ਗੰਗੂ ਹੌਲੀ ਜਿਹੇ ਮੈਨੂੰ ਚੁੱਕ ਲੈਂਦੀ ਤੇ ਭੀਖ ਮੰਗਣ ਨੂੰ ਨਿਕਲ ਪੈਂਦੀ।

ਮਸਾਈ ਪ੍ਰਤੀ ਹਣਮੰਤਾ ਦਾ ਲਗਾਓ ਘਟਣ ਲੱਗਾ। ਰੋਜ਼ ਝਗੜੇ ਹੁੰਦੇ। ਉਹ ਕਹਿੰਦਾ ਇਹ ਮੁੰਡਾ ਮੇਰਾ ਨਹੀਂ ਹੈ। ਇਸ ਦੀਆਂ ਅੱਖਾਂ ਧੋਂਡੀ ਘੁਮਾਰ ਵਾਂਗ ਹਨ। ਘੁਮਾਰ ਧੌਂਡੀ ਅੰਗਰੇਜ਼ਾਂ ਵੇਲੇ ਦਾ ਬਹੁਤ ਵੱਡਾ ਡਕੈਤ ਸੀ। ਅੰਤ 'ਚ ਹਣਮੰਤਾ ਦੇ ਅੱਤਿਆਚਾਰਾਂ ਅਤੇ ਦੂਸ਼ਣਬਾਜ਼ੀ ਤੋਂ ਤੰਗ ਆ ਕੇ ਮਸਾਮਾਏ ਮੈਨੂੰ ਲੈ ਕੇ ਆਪਣੀ ਮਾਂ ਸੰਤਾਮਾਏ ਦੇ ਘਰ ਆ ਗਈ। ਮਾਂ ਅਤੇ ਧਰਤੀ ਦੋ ਹੀ ਅਜਿਹੀਆਂ ਇਕਾਈਆਂ ਹਨ, ਜੋ ਕਿਸੇ ਵੀ ਗੱਲ ਨੂੰ ਆਪਣੇ ਅੰਦਰ ਸਵੀਕਾਰ ਕਰ ਲੈਂਦੀਆਂ ਹਨ। ਮੇਰੀ ਔਰਤ ਸੁੰਦਰ ਹੋਵੇਗੀ ਤਾਂ ਇੱਥੇ ਉਹ ਦੂਜਿਆਂ ਦੀ ਹੋ ਜਾਵੇਗੀ, ਮੇਰਾ ਉਸ 'ਤੇ ਕੋਈ ਅਧਿਕਾਰ ਨਹੀਂ ਰਹੇਗਾ। ਜੇ ਮੇਰੀ ਪਤਨੀ ਕਰੂਪ ਹੋਵੇਗੀ ਤਾਂ ਉਹ ਮੇਰੀ ਹੀ ਰਹੇਗੀ। ਕਰੂਪ ਹੋਣ ਕਾਰਨ ਉਸ ਨੂੰ ਕੋਈ ਦੂਜਾ ਨਹੀਂ ਚਾਹੇਗਾ। 'ਸੁੰਦਰ ਲੜਕੀ ਦਾ ਜਨਮ ਦਲਿਤ, ਜਾਤ ਲਈ ਸ਼ਰਾਪ ਹੈ', ਇਹ ਇੱਥੋਂ ਦਾ ਅਖਾਣ ਹੈ। ਮਸਾ ਮਾਂ ਨੂੰ ਉਸ ਦੇ ਪਤੀ ਨੇ ਛੱਡ ਦਿੱਤਾ। ਇਸ ਦਾ ਕਾਰਨ ਉਸ ਦੀ ਸੁੰਦਰਤਾ ਸੀ। ਹਣਮੰਤਾ ਵੀ ਉਸ ਨੂੰ ਭੋਗ ਕੇ ਹਟ ਗਿਆ। ਮਾਂ ਮੈਨੂੰ ਆਪਣੀ ਕਿਸਮਤ ਸਮਝ ਕੇ ਜੀਅ ਰਹੀ ਸੀ। ਕਿੰਨਾ ਚਿਰ ਉਹ ਇਕੱਲੀ ਜੀਅ ਸਕਦੀ ਸੀ?

ਮੇਰੇ ਮਗਰੋ ਨਾਗੀ ਜੰਮੀ, ਨਿਰਮੀ ਜੰਮੀ, ਉਸ ਮਗਰੋਂ ਵਨੀ, ਸੁਨੀ, ਪਮੀ, ਤੰਮਾ, ਇੰਦਿਰਾ, ਸਿਦਰਾਮ। ਕਿੰਨੇ ਬੱਚੇ? ਇਹ ਸਾਰੇ ਮੇਰੇ ਮਗਰੋਂ ਜੰਮੇ। ਇੱਕ ਹੀ ਪੇਟੋਂ, ਇਕੋ ਹੀ ਖ਼ੂਨ ਨਾਲ ਸਿੰਜੇ ਹੋਏ। ਮਾਂ ਇੱਕ, ਪਰ ਪਿਓ ਅਲੱਗ-ਅਲੱਗ।

ਮਸਾਮਾਏ (ਮਾਂ) ਨੂੰ ਵਿੱਠਲ ਕਾਂਬਲੇ ਤੋਂ ਤਿੰਨ ਬੱਚੇ ਹੋਏ। ਪਹਿਲਾ ਭਾਨੂਦਾਸ, ਜੋ ਮਰ ਗਿਆ। ਚੰਦਰਕਾਂਤ ਅਤੇ ਉਸ ਤੋਂ ਬਾਅਦ ਲਕਸ਼ਮਣ। ਇਨ੍ਹਾਂ ਦੋਹਾਂ ਨੂੰ ਮਾਂ ਪਾਸੋਂ ਖੋਹ ਲਿਆ ਗਿਆ। ਹਣਮੰਤਾ ਲਿੰਬਾਲੇ ਤੋਂ ਮੇਰਾ ਜਨਮ ਹੋਇਆ। ਕਾਕਾ ਤੋਂ ਮਤਲਬ ਹੱਨੂਰ ਦੇ ਯਸ਼ਵੰਤਰਾਓ ਸਿਦਰਾਮੱਪਾ ਪੋਲਿਸ ਪਟੇਲ ਤੋਂ ਨਾਗੂ (ਨਾਗੀ), ਨਿਰਮਲਾ (ਨਰਮੀ), ਵਨਮਾਲਾ (ਵਨੀ), ਸੁਨੰਦਾ (ਸੁਨੀ), ਪ੍ਰਮਿਲਾ (ਪੰਮੀ), ਸ੍ਰੀਕਾਂਤ (ਤੰਮਾ), ਇੰਦਿਰਾ ਅਤੇ ਸਿਦਰਾਮ (ਜੋ ਮਰ ਗਿਆ) ਇਹ ਅੱਠ ਬੱਚੇ ਹੋਏ। ਛੇ ਕੁੜੀਆਂ ਅਤੇ ਦੋ



ਮੁੰਡੇ। ਕਾਕਾ ਨੇ ਕਾਗਜ਼ਾਂ ਵਿੱਚ ਉਨ੍ਹਾਂ ਸਭ ਦੀ ਜਾਤ ਹਿੰਦੂ ਲਿੰਗਾਇਤ ਲਿਖਵਾ ਦਿੱਤੀ ਪਰ ਪਿੰਡ ਦਾ ਇੱਕ ਵੀ ਲਿੰਗਾਇਤ ਸਾਨੂੰ ਛੂੰਹਦਾ ਤੱਕ ਨਹੀਂ ਸੀ। ਆਪਣੀ ਜਾਤ 'ਚ ਸਾਨੂੰ ਸਵੀਕਾਰ ਨਹੀਂ ਸਕਦਾ ਸੀ। ਇਹ ਇੱਕ ਸਮਾਨ-ਅੰਤਰ ਦਲਿਤ ਬਸਤੀ ਹੈ, ਕਿਉਂਕਿ ਦਲਿਤ ਵੀ ਸਾਨੂੰ 'ਨੀਚ' ਸਮਝਦੇ ਹਨ- ਅੱਕਰਮਾਸ਼ੀ ਹੋਣ ਕਾਰਨ।

ਉਵੇਂ ਮੇਰਾ ਪਿਓ ਲਿੰਗਾਇਤ। ਉਸ ਦੇ ਦਾਦਾ-ਪੜਦਾਦਾ ਲਿੰਗਾਇਤ। ਇਸ ਲਈ ਮੈਂ ਵੀ ਲਿੰਗਾਇਤ। ਮੇਰੀ ਮਾਂ ਅਛੂਤ, ਮਹਾਰ। ਇਸ ਲਈ ਮੈਂ ਵੀ ਦਲਿਤ, ਅਛੂਤ ! ਪਰ ਜਨਮ ਤੋਂ ਲੈ ਕੇ ਅੱਜ ਤੱਕ ਮੈਨੂੰ ਮੇਰੇ ਨਾਨੇ (ਦਾਦੇ) ਨੇ, ਭਾਵ ਮਹਿਮੂਦ ਦਸਤਗੀਰ ਜਮਾਦਾਰ ਨਾਮਕ ਮੁਸਲਮਾਨ ਨੇ ਪਾਲਿਆ ਪੋਸਿਆ ਹੈ। ਇਸ ਲਈ ਮੈਂ ਮੁਸਲਮਾਨ ! ਮੈਂ ਮੁਸਲਮਾਨ ਕਿਉਂ ਨਹੀਂ? ਨਾਨੇ ਦੀ ਮਮਤਾ ਮੇਰੇ 'ਤੇ ਆਪਣੇ ਧਰਮ ਦਾ ਹੱਕ ਕਿਉਂ ਨਹੀਂ ਜਤਾਉਂਦੀ?

ਕੀ ਮੈਂ ਸਵਰਨ ਹਾਂ? ਨਹੀਂ, ਕਿਉਂਕਿ ਮੇਰੀ ਮਾਂ ਅਛੂਤ ਹੈ। ਕੀ ਮੈਂ ਅਛੂਤ ਹਾਂ? ਨਹੀਂ, ਕਿਉਂਕਿ ਪਿਓ ਸਵਰਨ ਹੈ। ਮੈਂ ਜਰਾਸੰਧ ਵਾਂਗ ਹਾਂ। ਅੱਧਾ ਮੈਂ ਪਿੰਡ ਦੇ ਅੰਦਰਲਾ (ਸਵਰਨ ਪਿੰਡ ਦੇ ਅੰਦਰ ਜੋ ਰਹਿੰਦੇ ਹਨ) ਹਾਂ, ਅਤੇ ਅੱਧਾ ਪਿੰਡ ਦੇ ਬਾਹਰਲਾ (ਅਛੂਤ ਪਿੰਡੋਂ ਬਾਹਰ ਜੋ ਰਹਿੰਦੇ ਹਨ) ਦੋ ਹਿੱਸਿਆਂ ਵਿੱਚ ਵੰਡਿਆ ਹੋਇਆ। ਮੈਂ ਕੌਣ ਹਾਂ? ਮੇਰਾ ਨਾੜੂਆ ਕਿਸ ਨਾਲ? ਮੇਰੀ ਜੇਰ ਕਿਸ ਨਾਲ?

ਮਸਾ ਮਾਂ ਹਮੇਸ਼ਾ ਕਹਿੰਦੀ ਕਿ ਕਾਕਾ ਦੀ ਬਹੁਤ ਵੱਡੀ ਕੋਠੀ ਹੈ ਕਾਲੇ ਪੱਥਰਾਂ ਦੀ। ਮੈਂ ਜਦੋਂ ਵੀ ਪਿੰਡ ਦੇ ਅੰਦਰ ਜਾਂਦਾ, ਉਸ ਕੋਠੀ ਨੂੰ ਲੱਭਦਾ। ਕਾਲੇ ਪੱਥਰਾਂ ਦੀ ਕਿਹੜੀ ਕੋਠੀ ਹੈ? ਕਾਕਾ ਉੱਥੇ ਕਿੱਥੇ ਰਹਿੰਦੇ ਹਨ? ਪਰ ਕਾਕਾ ਦੀ ਕੋਠੀ ਮੈਨੂੰ ਕਦੀ ਮਿਲੀ ਹੀ ਨਹੀਂ। ਮਾਂ ਕਹਿੰਦੀ, "ਕਾਕਾ ਦਾ ਲੜਕਾ ਹੈ, ਪਤਨੀ ਹੈ, ਮਾਂ-ਬਾਪ ਹਨ।" ਇਹ ਸੁਣ ਕੇ ਮੈਂ ਬੇਚੈਨ ਹੋ ਜਾਂਦਾ।

ਕਾਕਾ ਦਾ ਦੂਸਰਾ ਘਰ ਹੈ, ਪਤਨੀ ਅਤੇ ਬੱਚੇ ਹਨ, ਤਾਂ ਉਹ ਸਾਡੇ ਘਰ ਕਿਉਂ ਆਉਂਦੇ ਹਨ? ਮੈਂ ਤਾਂ ਸਮਝਦਾ ਸੀ ਕਿ ਕਾਕਾ ਅਤੇ ਮਾਂ-ਪਤੀ-ਪਤਨੀ ਹਨ। ਬਹੁਤ ਅਜੀਬ-ਜਿਹਾ, ਬਹੁਤ ਰਹੱਸ ਭਰਿਆ ਜਿਹਾ ਲਗਦਾ। ਕਾਕਾ ਸਾਡੇ ਘਰ ਛਿੱਪ ਕੇ ਆਉਂਦੇ। ਬਹਿੰਦੇ, ਬੋਲਦੇ, ਹੱਸਦੇ। ਘਰ ਦੇ ਆਦਮੀ ਵਾਂਗ ਹੀ ਵਿਹਾਰ ਕਰਦੇ। ਕਾਕਾ ਸਾਨੂੰ ਪਿਤਾ ਦੀ ਤਰ੍ਹਾਂ ਲੱਗਦੇ।

ਮੈਂ ਪਿੰਡ ਅੰਦਰ ਜਾਂਦਾ ਤਾਂ ਕਾਕਾ ਦੀ ਕੋਠੀ ਲੱਭਦਾ। ਕਾਕਾ ਦੀ ਪਤਨੀ ਗੋਰੀ ਹੋਵੇਗੀ ਕਿਆ? ਕਾਕਾ ਦਾ ਲੜਕਾ ਕਿਹੋ ਜਿਹਾ ਹੋਵੇਗਾ? ਉਸ ਦੇ ਮਾਂ-ਪਿਓ ਕਿਹੋ ਜਿਹੇ ਹੋਣਗੇ। ਹਮੇਸ਼ਾ ਇਹੋ ਵਿਚਾਰ ਆਉਂਦੇ। ਮਾਂ ਨੇ ਜੋ ਨਿਸ਼ਾਨੀਆਂ ਦੱਸੀਆਂ ਹੁੰਦੀਆਂ, ਉਨ੍ਹਾਂ ਨੂੰ ਖੋਜਦਾ। ਇੱਕ ਵਾਰ ਇੱਕ ਘਰ 'ਚ ਮੈਨੂੰ ਕਾਕਾ ਦਿਖਾਈ ਦਿੱਤੇ। ਕਾਕਾ ਦੀ ਕੋਠੀ ਮਿਲ ਗਈ। ਮਨ 'ਚ ਆਇਆ, ਕਾਕਾ ਮੈਨੂੰ ਦੇਖ ਲੈਣ, ਘਰ ਲੈ ਜਾਣ, ਖਾਣਾ ਖੁਆਉਣ। ਉਨ੍ਹਾਂ ਦੇ ਘਰ ਦੇ ਆਸ-ਪਾਸ ਜਾਣ ਬੁੱਝ ਕੇ ਹੌਲੀ ਹੌਲੀ ਤੁਰਦਾ-ਫਿਰਦਾ ਰਿਹਾ। ਉਨ੍ਹਾਂ ਮੈਨੂੰ ਦੇਖ ਲਿਆ। ਮੈਨੂੰ ਲੱਗਿਆ ਕਿ ਉਹ ਹੁਣੇ ਮੈਨੂੰ ਬੁਲਾਉਣਗੇ। ਪਰ ਕਾਕਾ ਨੇ ਠਾਅ ਦੇਣੀ ਦਰਵਾਜ਼ਾ ਬੰਦ ਕਰ ਲਿਆ ਤੇ ਮੈਂ ਉਦਾਸ ਹੋ ਕੇ ਚੁੱਪ-ਚਾਪ ਮੁੜ ਆਇਆ। ਸਾਡੇ ਘਰ ਆ ਕੇ ਕਾਕਾ ਬਾਪ ਦੀ ਤਰ੍ਹਾਂ ਅਧਿਆਰ ਜਤਾਉਂਦੇ, ਰੋਬ੍ਹ ਦਿਖਾਉਂਦੇ। ਪਰ ਹੁਣ ਅਜਨਬੀ ਕਿਉਂ ਬਣ ਗਏ? ਕਿਉਂ ਨਹੀਂ ਉਸ ਮੈਨੂੰ ਅੰਦਰ ਬੁਲਾਇਆ? ਕਾਕਾ ਹੁਣ ਮੈਨੂੰ ਬਾਪ ਸਮਾਨ ਨਹੀਂ ਲੱਗ ਰਹੇ ਸਨ। ਮੈਨੂੰ ਉਨ੍ਹਾਂ ਤੇ ਗੁੱਸਾ ਆਉਣ ਲੱਗਾ। ਮਨ 'ਚ ਆਉਂਦਾ ਕਿ ਕਾਕਾ ਦੀ ਮਾਂ ਨਾਲ ਬਲਾਤਕਾਰ ਕਰਾਂ। ਦਰਵਾਜ਼ੇ ਦੀ ਝੀਥ ਵਿਚੋਂ ਦੇਖਿਆ ਕਾਕਾ-ਮਾਂ ਦਾ ਸੰਭੋਗ ਯਾਦ ਆਉਣ ਲੱਗਾ ਤੇ ਯਾਦ ਆਉਣ ਲੱਗੀ ਤਾਰਾਮਾਏ। ਕਾਕਾ ਦੀ ਮਾਂ। ਉਹ ਸਾਨੂੰ ਉੱਪਰੋਂ ਪਾਣੀ ਦਿਆ ਕਰਦੀ ਸੀ। ਹੱਥ ਕਾਫ਼ੀ ਉੱਚਾ ਕਰਕੇ ਜਿਵੇਂ ਅਛੂਤਾਂ ਨੂੰ ਦਿੰਦੇ ਹਨ। ਮੈਂ ਹੇਠਾਂ ਬਹਿ ਕੇ ਬੁੱਕ ਨਾਲ ਪਾਣੀ ਪੀਂਦਾ। ਕਾਕਾ ਦੇ ਘਰ ਦਾ ਪਾਣੀ ਪੀ ਰਿਹਾ ਹਾਂ, ਇਸ ਚੀਜ਼ ਦਾ ਅਹਿਸਾਸ ਹੁੰਦਾ। ਉਸ ਦਿਨ ਕਾਕਾ ਦੇ ਘਰ ਜਾਣਾ ਸੀ। ਉਸ ਦੇ ਪਿਤਾ ਬਿਮਾਰ ਸਨ। ਮਸਾ ਮਾਂ ਨੇ ਸਵੇਰੇ ਹੀ ਨਹਾ ਲਿਆ। ਨਾਗੀ ਦੇ ਵਾਲ਼ ਠੀਕ-ਠਾਕ ਕਰ ਦਿੱਤੇ। ਮੈਨੂੰ ਵੀ ਸਜਾਇਆ ਗਿਆ। ਅਸੀਂ

ਇਸ ਕਲਪਨਾ ਨਾਲ ਹੀ ਖੁਸ਼ ਸਾਂ ਕਿ ਕਾਕਾ ਦੇ ਘਰ ਜਾਣਾ ਹੈ। ਉਸ ਦੇ ਮਾਂ-ਪਿਓ ਤੇ ਪਤਨੀ ਨੂੰ ਦੇਖਣ ਲਈ ਅਸੀਂ ਉਤਾਵਲੇ ਸਾਂ। ਇਹ ਸੋਚ ਕੇ ਕਿ ਅਸੀਂ ਕਾਕਾ ਦੇ ਘਰ ਮਹਿਮਾਨ ਬਣ ਕੇ ਜਾ ਰਹੇ ਹਾਂ, ਸਾਨੂੰ ਹੋਰ ਵੀ ਜ਼ਿਆਦਾ ਖੁਸ਼ੀ ਹੋ ਰਹੀ ਸੀ। ਮਾਂ ਤਾਂ ਲੱਗਦੀ ਸੀ ਜਿਵੇਂ ਸੱਜ-ਧੱਜ ਕੇ ਸਹੁਰੇ ਜਾ ਰਹੀ ਹੋਵੇ।

ਇਕ ਮੰਜੇ 'ਤੇ ਕਾਕਾ ਦੇ ਪਿਤਾ ਸਿਦਰਾਮਾਪਾ ਸੁੱਤੇ ਹੋਏ ਸਨ। ਉਨ੍ਹਾਂ ਨੂੰ ਕੀ ਬਿਮਾਰੀ ਸੀ, ਪਤਾ ਨਹੀਂ। ਮਸਾ ਮਾਂ ਨੇ ਉਨ੍ਹਾਂ ਦੇ ਪੈਰ ਛੋਹੇ, ਨੂੰਹ ਵਾਂਗ। ਬੁੱਢਾ ਖੰਘ ਰਿਹਾ ਸੀ। ਕੁਝ ਬੋਲ ਨਹੀਂ ਰਿਹਾ ਸੀ। ਮੈਂ, ਮਾਂ, ਨਾਗੀ ਉਸ ਦੇ ਮੰਜੀ ਤੋਂ ਦੂਰ ਸਾਂ। ਘਰ 'ਚ ਤਾਰਾ ਮਾਂ ਬੀੜੀ ਪੀਂਦੀ ਬੈਠੀ ਸੀ। ਕਲਲੂਆਨਾ ਖਾਣਾ ਖਾ ਰਹੇ ਸਨ। ਵੱਡੀ ਮਾਂ ਕਾਸ਼ੀ ਬਾਈ ਸਾਨੂੰ ਸਭ ਨੂੰ ਘੂਰ ਘੂਰ ਕੇ ਦੇਖ ਰਹੀ ਸੀ। ਕਾਕਾ ਘਰ 'ਚ ਕਿਤੇ ਛਿਪ ਕੇ ਬੈਠੇ ਸਨ।

ਕਾਕਾ ਦੀ ਕੋਠੀ ਤੇ ਸਾਡੀ ਝੌਂਪੜੀ। ਕੋਈ ਤੁਲਨਾ? ਇੰਨੀ ਵੱਡੀ ਕੋਠੀ 'ਚ ਰਹਿਣ ਵਾਲੇ ਕਾਕਾ ਸਾਡੀ ਝੌਂਪੜੀ 'ਚ ਕਿਉਂ ਆਉਂਦੇ ਹੋਣਗੇ? ਮਾਂ ਨਾਗੀ ਤੇ ਅਸਾਂ ਸਾਰਿਆਂ ਨੂੰ ਬਿਹਤਰੀਨ ਕੱਪੜੇ ਜੇ ਪਹਿਨਣ ਨੂੰ ਮਿਲ ਜਾਣ ਤਾਂ ਸੱਚਮੁੱਚ ਮਾਂ ਇਸ ਵੱਡੀ ਮਾਂ ਤੋਂ ਵੀ ਜ਼ਿਆਦਾ ਖਾਨਦਾਨੀ ਦਿਖੇਗੀ।

ਕੀ ਕਦੇ ਅਸੀਂ ਲੋਕ ਠੀਕ ਠਾਕ ਖਾ-ਪਹਿਣ ਸਕਾਂਗੇ। ਕੀ ਕਦੇ ਪੇਟ ਭਰ ਕੇ ਮਿੱਠੀਆਂ ਚੀਜ਼ਾਂ ਖਾ ਸਕਾਂਗੇ? ਇਸ ਕਾਲੇ ਪੱਥਰ ਦੀ ਕੋਠੀ ਨਾਲ ਸਾਡਾ ਕਿਹੋ ਜਿਹਾ ਅਨੈਤਿਕ ਸੰਬੰਧ ਹੈ? ਇਸ ਕੋਠੀ ਦੇ ਦਰਵਾਜ਼ਿਆਂ ਨਾਲ ਸਾਡਾ ਕਿੱਥੋਂ ਦਾ ਸੰਬੰਧ ਹੈ? ਇਸ ਪਟੇਲ ਦੀ ਅਸੀਂ ਕਿਹੋ ਜਿਹੀ ਸੰਤਾਨ ਹਾਂ? ਪਟੇਲ ਤੋਂ ਜਨਮ ਲੈਣ ਦੇ ਬਾਵਜੂਦ ਸਾਨੂੰ ਇਸ ਕੋਠੀ 'ਚ ਕਿਉਂ ਨਹੀਂ ਰਹਿਣ ਦਿੱਤਾ ਜਾਂਦਾ? ਇਹ ਖਾਨਦਾਨੀ ਦੀਵਾਰਾਂ ਕਿਉਂ ਨਹੀਂ ਸਵੀਕਾਰ ਕਰਦੀਆਂ ਮੈਨੂੰ?

ਕਾਕਾ ਦੀ ਪਤਨੀ ਨੇ ਚਾਹ ਦਿੱਤੀ। ਉਸ ਦੇ ਮੱਥੇ 'ਤੇ ਤਿਊੜੀਆਂ ਪਈਆਂ ਹੋਈਆਂ ਸਨ। ਉਹ ਕੇਵਲ ਗੁੱਸੇ ਨਾਲ ਦੇਖ ਰਹੀ ਸੀ। ਲੋਹੇ ਦੇ ਬਰਤਨ 'ਚ ਤਿੰਨ ਕੱਪ ਚਾਹ ਉਲਟ ਦਿੱਤੀ। ਮੈਂ ਉਹ ਵੱਡਾ ਭਾਂਡਾ ਚੁੱਕ ਨਹੀਂ ਪਾ ਰਿਹਾ ਸੀ। ਹੱਥ ਕੰਬ ਰਹੇ ਸਨ। ਉਸ ਨਾਲ ਚਾਹ ਪੀ ਨਹੀਂ ਪਾ ਰਿਹਾ ਸੀ। ਪਰ ਪੀ ਗਿਆ। ਮਾਂ ਨੂੰ ਪਿੱਤਲ ਦੇ ਗਲਾਸ 'ਚ ਚਾਹ ਦਿੱਤੀ ਗਈ। ਨਾਗੀ ਚਾਹ ਲਈ ਰੋ ਰਹੀ ਸੀ। ਪਰ ਇੰਨੇ ਵੱਡੇ ਬਰਤਨ 'ਚੋਂ ਚਾਹ ਕਿਵੇਂ ਪੀ ਸਕਦੀ ਸੀ?

ਮਸਾ ਮਾਂ ਨੂੰ ਕਾਕਾ ਦੇ ਘਰ ਦੀ ਚਾਹ ਮਿਲ ਗਈ। ਕਾਕਾ ਦੇ ਘਰ ਪ੍ਰਵੇਸ਼ ਮਿਲਿਆ। ਉਸ ਦੇ ਪਿਤਾ ਦੇ ਉਸ ਪੈਰ ਛੋਹ ਲਏ। ਉਸ ਦੀ ਪਤਨੀ ਨੇ ਖ਼ੁਦ ਚਾਹ ਬਣਾ ਕੇ ਦਿੱਤੀ। ਮਸਾ ਮਾਂ ਨੂੰ ਇਹ ਸਾਰੀਆਂ ਗੱਲਾਂ ਬਹੁਤ ਮਹੱਤਵਪੂਰਨ ਲੱਗਦੀਆਂ। ਬਹੁਤ ਅਭਿਮਾਨ ਨਾਲ ਉਹ ਇਹ ਸਾਰੀਆਂ ਗੱਲਾਂ ਬਸਤੀ ਵਾਲਿਆਂ ਨੂੰ ਦੱਸਦੀ।

ਅਕਸਰ ਮਾਂ ਮੈਨੂੰ ਜਾਂ ਨਾਗੀ ਨੂੰ ਕਾਕਾ ਨੂੰ ਬੁਲਾਉਣ ਭੇਜ ਦਿੰਦੀ। ਅਸੀਂ ਡਰਦੇ। ਕਾਕਾ ਦਸ-ਵੀਹ ਬੰਦਿਆਂ ਵਿੱਚ ਬੈਠੇ ਹੁੰਦੇ। ਉਨ੍ਹਾਂ ਨੂੰ ਸੁਨੇਹਾ ਕਿਵੇਂ ਭੇਜੀਏ? ਮਾਂ ਕਹਿੰਦੀ ਹੌਲੀ ਜਿਹੇ ਕਾਕਾ ਦੀ ਚੱਪਲ ਚੁੱਕ ਕੇ ਲੈ ਜਾਓ। 'ਠੀਕ ਹੈ' ਕਹਿ ਕੇ ਅਸੀਂ ਨਿਕਲ ਜਾਂਦੇ। ਪਰ ਹਿੰਮਤ ਨਾ ਹੁੰਦੀ। ਕਾਕਾ ਜਦ ਤੱਕ ਨਾ ਆਉਂਦੇ, ਮਾਂ ਖਾਣਾ ਨਹੀਂ ਖਾਂਦੀ ਸੀ। ਉਡੀਕਦੀ ਰਹਿੰਦੀ। ਕਾਕਾ ਚਾਰ ਚਾਰ ਦਿਨ ਨਹੀਂ ਆਉਂਦੇ ਸਨ। ਮਾਂ ਤੜਫਦੀ। ਸੋਚਦੀ, ਇਸ ਦਾ ਵੀ ਮੇਰੇ ਤੋਂ ਦਿਲ ਭਰ ਗਿਆ ਹੈ?

ਕਾਕਾ ਦਲਿਤ ਬਸਤੀ 'ਚ ਆਉਣ ਤੋਂ ਘਬਰਾਉਂਦੇ ਸਨ। ਬਸਤੀ ਦੇ ਲੋਕ ਕੀ ਕਹਿਣਗੇ, ਇਸ ਗਲੋਂ ਉਹ ਡਰਦੇ। ਸਾਡੇ ਘਰ ਆਉਂਦੇ ਸਮੇਂ ਦੋ ਬੰਦੇ ਨਾਲ ਲੈ ਕੇ ਆਉਂਦੇ, ਇਕੱਲੇ ਆਉਂਦੇ ਤਾਂ ਨਾਲ ਬੰਦੂਕ ਲਿਆਉਂਦੇ। ਕਾਕਾ ਦੇ ਆਉਂਦਿਆਂ ਹੀ ਮਾਂ ਰੁੱਸ ਕੇ ਬਹਿ ਜਾਂਦੀ। ਕਾਕਾ ਸਮਝਾਉਂਦੇ, ਮਨਾਉਂਦੇ। ਕਹਿੰਦੇ ਕੰਮ 'ਚੋਂ ਵਿਹਲ ਨਹੀਂ ਮਿਲਿਆ, ਇਸ ਲਈ ਆ ਨਾ ਸਕਿਆ। ਫਿਰ ਉਹ ਦੋਵੇਂ ਹੱਸਣ ਲੱਗਦੇ।

ਕਾਕਾ ਸਾਡੇ ਘਰ 'ਚ ਪੂਰੀ ਤਰ੍ਹਾਂ ਰਮਦੇ ਨਹੀਂ ਸਨ। ਮਾਂ ਉਸ ਤੋਂ ਡਰਦੀ ਸੀ। ਇੱਕ ਦੇ ਮਗਰੋਂ ਇੱਕ ਛੇ ਕੁੜੀਆਂ ਹੋਈਆਂ। ਲੜਕਾ ਇਕ ਵੀ ਨਹੀਂ। ਮਾਂ ਨੂੰ ਮੁੰਡਾ ਚਾਹੀਦਾ ਸੀ ਤੇ ਆਖਰ ਮੁੰਡਾ ਹੋਇਆ। ਮਾਂ



ਨੇ ਝਗੜਨਾ ਸ਼ੁਰੂ ਕੀਤਾ। ਕਾਕਾ ਗੱਲ ਟਾਲ ਜਾਂਦੇ। ਮਾਂ ਕਹਿੰਦੀ, "ਤੇਰੇ ਮਗਰੋਂ ਮੇਰੇ ਬੱਚਿਆਂ ਦਾ ਕੀ ਹੋਵੇਗਾ? ਮੇਰੇ ਨਾਂਅ ਕੁਝ ਜ਼ਮੀਨ ਜਾਇਦਾਦ ਲਿਖਾ ਦੇ। ਛੇ-ਸੱਤ ਬੱਚੇ ਜੰਮੇ ਆ ਮੈਂ ਤੇਰੇ ਨਾਲ।" ਝਗੜੇ ਮਗਰੋਂ ਕਾਕਾ ਸਾਡੇ ਘਰ ਆਉਂਦੇ ਹੀ ਨਹੀਂ ਸਨ। ਉਹ ਜਨੀ ਦੇ ਘਰ ਰੁਕ ਜਾਂਦੇ। ਉਹ ਉਸ ਦੀ ਪਹਿਲੀ ਰਖੈਲ ਸੀ। ਗੋਂਧਲੀ ਜਮਾਤ ਦੀ (ਇਕ ਖਾਨਾਬਦੋਸ਼ ਕਬੀਲੇ 'ਚੋਂ) ਕਾਕਾ ਨੇ ਉਸ ਨੂੰ ਮੰਤਰ-ਪਾਠ ਕਰਵਾ ਕੇ 'ਸ਼ੁੱਧ' ਕਰ ਲਿਆ ਸੀ। ਉਸ ਦੇ ਗਲ 'ਚ ਆਪਣੇ ਸੰਪਰਦਾਏ ਦਾ ਚਿੰਨ੍ਹ-ਲਿੰਗ ਵੀ ਪੁਆ ਦਿੱਤਾ ਸੀ, ਜਿਵੇਂ ਸਾਰੇ ਲਿੰਗਾਇਤ ਲੋਕ ਪਾਉਂਦੇ ਸਨ। ਉਸ ਨੂੰ ਗੁਰੂ ਤੋਂ ਗੁਰ-ਮੰਤਰ ਵੀ ਲੈ ਦਿੱਤਾ ਸੀ। ਉਹ ਲਿੰਗਾਇਤਾਂ ਵਾਂਗ ਰਹਿੰਦੀ। 'ਸ਼ਿਵਾਏ ਨਮੈ' ਕਹਿੰਦੀ। ਕਾਕਾ ਦਾ ਘਰ ਆਉਣਾ ਜਦ ਬੰਦ ਹੋ ਜਾਂਦਾ ਤਾਂ ਮਾਂ ਦਾ ਗੁੱਸਾ ਹੋਰ ਵੱਧ ਜਾਂਦਾ। ਉਹ ਚਿੜ੍ਹਦੀ।

ਇਕ ਵਾਰ ਮਾਂ ਜਨੀ ਦੇ ਘਰ ਜਾ ਕੇ ਉਸ ਨੂੰ ਕੁੱਟ ਚੁੱਕੀ ਸੀ ਅਤੇ ਇਕ ਵਾਰ ਤਾਂ ਉਹ ਬੰਬਈ ਨੂੰ ਵੀ ਤੁਰ ਪਈ ਸੀ। ਕਮਲਾਕਾ ਉਸ ਨੂੰ ਰਾਹ 'ਚੋਂ ਹੀ ਵਾਪਸ ਲੈ ਆਈ ਸੀ। ਜੇ ਉਹ ਚਲੇ ਗਈ ਹੁੰਦੀ ਤਾਂ ਅੱਜ ਅਸੀਂ ਸ਼ਾਇਦ ਮਾਂ ਲਈ ਭੜੂਆ-ਗਿਰੀ ਕਰਦੇ ਹੁੰਦੇ। ਆਖਰ ਕਾਕਾ ਨੇ ਮਾਂ ਦੇ ਨਾਂਅ ਦੋ ਏਕੜ ਜ਼ਮੀਨ ਕਰ ਦਿੱਤੀ।

ਸਾਡੇ ਪਿੰਡ 'ਚ ਸੱਤਵੀਂ ਤੱਕ ਹੀ ਸਕੂਲ ਸੀ। ਅੱਠਵੀਂ 'ਚ ਮੈਂ ਚੁੰਗੀ ਨਾਂਅ ਦੇ ਪਿੰਡ ਪੜ੍ਹਨ ਲਈ ਜਾਣ ਲੱਗਾ। ਹਾਈ ਸਕੂਲ ਵਿੱਚ ਫੀਸ ਮੁਆਫੀ ਲਈ ਮੈਂ ਅਰਜ਼ੀ ਦੇਣੀ ਚਾਹੁੰਦਾ ਸੀ। ਉਸ 'ਤੇ ਮਾਂ ਜਾਂ ਪਿਓ ਅਤੇ ਸਰਪੰਚ ਦੇ ਹਸਤਾਖ਼ਰ ਜ਼ਰੂਰੀ ਸਨ। ਇਸ ਤੋਂ ਪਹਿਲਾਂ ਗਾਰਡੀਅਨ ਦੀ ਥਾਂ 'ਤੇ ਮੈਂ ਆਪ ਹੀ ਅੰਗੂਠਾ ਲਗਾ ਦਿਆ ਕਰਦਾ ਸੀ। ਪਰ ਸਰਪੰਚ ਦੇ ਹਸਤਾਖ਼ਰਾਂ ਦੀ ਦਿੱਕਤ ਆਉਂਦੀ ਸੀ। ਗਾਰਡੀਅਨ ਦੀ ਥਾਂ ਮੈਂ ਮਸਾ ਮਾਂ ਦਾ ਨਾਂਅ ਲਿਖ ਦਿੱਤਾ, ਕਿਉਂਕਿ ਹਣਮੰਤਾ ਨਾਲ ਮਾਂ ਦਾ ਵਿਧੀਪੂਰਵਕ ਵਿਆਹ ਨਹੀਂ ਹੋਇਆ ਸੀ।

ਹਣਮੰਤਾ ਨੇ ਮਸਾ ਮਾਂ ਨਾਲ ਸੰਬੰਧ ਤੋੜ ਲਏ ਸਨ। ਉਸ ਤੋਂ ਪਹਿਲਾਂ ਦੇ ਮਾਂ ਦੇ ਪਤੀ ਨੇ ਉਸ ਨੂੰ ਤਲਾਕ ਦੇ ਦਿੱਤਾ ਸੀ। ਹਣਮੰਤਾ ਮਸਾ ਮਾਂ ਨੂੰ ਆਪਣੀ 'ਰਖੈਲ' ਬਣਾ ਕੇ ਰੱਖ ਚੁੱਕਿਆ ਸੀ। ਪਿੰਡ ਦੇ ਜ਼ਿਮੀਂਦਾਰ ਤੇ ਪਟੇਲ ਦਲਿਤ ਔਰਤਾਂ ਨੂੰ ਰਖੈਲ ਬਣਾ ਕੇ ਰੱਖ ਲੈਂਦੇ ਸਨ। ਪਰ ਪਿੰਡ 'ਚ ਅਜਿਹਾ ਇੱਕ ਘਰ ਹੁੰਦਾ ਹੈ। ਇਨ੍ਹਾਂ ਰਖੈਲਾਂ ਦੇ ਬੱਚਿਆਂ ਨੂੰ 'ਹੱਕ ਦਾ ਪਿਓ' ਨਹੀਂ ਮਿਲਦਾ। ਜ਼ਿਮੀਦਾਰ ਨੂੰ ਬਾਪ ਕਹਿਣ ਦੀ ਹਿੰਮਤ ਉਨ੍ਹਾਂ 'ਚ ਨਹੀਂ ਹੁੰਦੀ। 'ਮਸਾਈ ਹਣਮੰਤਾ ਲਿੰਬਾਲੇ' ਇਹ ਨਾਂਅ ਗਾਰਡੀਅਨ ਦੀ ਥਾਂ ਲਿਖਣਾ ਮੈਨੂੰ ਜਚਿਆ ਨਹੀਂ, ਕਿਉਂਕਿ ਮਾਂ ਤੇ ਹਣਮੰਤਾ ਦੇ ਸੰਬੰਧਾਂ ਨੂੰ ਖ਼ਤਮ ਹੋਇਆਂ ਅੱਠ-ਦਸ ਵਰ੍ਹੇ ਬੀਤ ਚੁੱਕੇ ਸਨ। ਹੁਣ ਮਸਾ ਮਾਂ ਕਿਸੇ ਪਟੇਲ ਦੇ ਇਥੇ ਰਹਿੰਦੀ ਹੈ। ਇਕ ਮਾਲਕ ਤੋਂ ਦੂਸਰੇ ਮਾਲਕ ਪਾਸ ਆਪਣੇ ਆਪ ਨੂੰ ਰਹਿਣ ਪਾ ਕੇ ਰਹਿਣਾ। ਦੂਸਰੇ ਤੋਂ ਤੀਸਰੇ ਦੇ ਪਾਸ, ਭੋਗੀ ਜਾਣ ਵਾਲੀ ਵਸਤ ਵਾਂਗ ਪਏ ਰਹਿਣਾ-ਇਹ ਕਿਹੋ ਜਿਹੀ ਜ਼ਿੰਦਗੀ ਹੈ? ਇਹ ਤਾਂ ਜ਼ਿੰਦਗੀ ਦਾ ਜ਼ੁਲਮ ਹੈ?

ਮਾਂ ਤੋਂ ਪੁੱਛ ਰਿਹਾ ਸੀ, ਪਿਓ ਦੀ ਥਾਂ 'ਤੇ ਕਿਸ ਦਾ ਨਾਂਅ ਲਿਖਾਂ? ਮੇਰੇ ਪਿਤਾ ਕਿੱਥੇ ਰਹਿੰਦੇ ਹਨ? ਕੀ ਕਰਦੇ ਹਨ? ਮੇਰੇ ਪਾਸ ਕਿਉਂ ਨਹੀਂ ਆਉਂਦੇ? ਕਾਕਾ ਮੇਰੇ ਕੀ ਲੱਗਦੇ ਹਨ? ਕਾਕਾ ਤੇਰੇ ਕੀ ਲੱਗਦੇ ਹਨ? ਨਾਗੀ, ਨਿਰਮੀ ਕਿਸ ਦੇ ਬੱਚੇ ਹਨ? ਮੈਂ ਉਨ੍ਹਾਂ ਦਾ ਕੀ ਹਾਂ?

ਮਾਂ ਕੁੰਤੀ ਵਾਂਗ ਖ਼ਾਮੋਸ਼ ਹੋ ਜਾਂਦੀ। ਅਜਿਹੇ ਸਮੇਂ ਮੈਨੂੰ ਕਰਣ ਆਪਣਾ ਨਜ਼ਦੀਕੀ ਪ੍ਰਤੀਤ ਹੁੰਦਾ। ਭਰਾ ਲੱਗਦਾ। ਕਈ ਵਾਰ ਮੈਂ ਹੀ ਕਰਣ ਬਣ ਜਾਂਦਾ। ਮਾਂ ਖਿੱਝ ਕੇ ਕਹਿੰਦੀ, "ਕਹਿ ਦੇ ਗੁਰੂ ਜੀ ਨੂੰ ਮੇਰੀ ਮਾਂ ਪਟੇਲ ਦੀ ਰਖੈਲ ਹੈ।" ਮੈਨੂੰ ਬੇਹੱਦ ਖ਼ੁਸ਼ੀ ਹੁੰਦੀ। ਕੱਲ੍ਹ ਮੈਂ ਗੁਰੂ ਜੀ ਨੂੰ ਕਹਿ ਦੇਵਾਂਗਾ। ਮੈਨੂੰ 'ਰਖੈਲ' ਸ਼ਬਦ ਦਾ ਅਰਥ ਹੀ ਨਹੀਂ ਪਤਾ ਸੀ। ਮੈਨੂੰ ਉਹ ਸ਼ਬਦ ਪਿਤਾ ਵਾਂਗ ਪ੍ਰਤੀਤ ਹੁੰਦਾ ਪਰ ਮੈਨੂੰ ਕੀ ਪਤਾ ਸੀ ਕਿ ਇਸ ਸ਼ਬਦ ਦੇ ਪਿੱਛੇ ਜ਼ਹਿਰ ਛਿਪਾਇਆ ਗਿਆ ਹੈ। ਵਿਭਚਾਰਨੀ ਯੋਨੀ ਛਿਪੀ ਹੈ। ਇਸ ਯੋਨੀ ਦੇ ਪ੍ਰਚੰਡ ਮਹਾਂ ਦੁਆਰ 'ਚ ਕੌਣ ਪ੍ਰਵੇਸ਼ ਕਰੇਗਾ?

ਜ਼ਿੰਦਗੀ 'ਚ ਪਹਿਲੀ ਵਾਰ ਪਿਤਾ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ। ਪਰ ਉਸ ਰਾਤ ਨੂੰ ਮੈਂ ਕਦੇ ਭੁੱਲ ਨਹੀਂ ਸਕਾਂਗਾ। ਇਕ ਵਾਰ ਕਾਕਾ ਨੇ ਹਣਮੰਤਾ ਨੂੰ ਸਾਡੇ ਘਰ ਖਾਣੇ 'ਤੇ ਬੁਲਾਇਆ। ਕਾਕਾ ਹੰਨੂਰ ਦੇ ਪਟੇਲ ਅਤੇ ਹਣਮੰਤਾ ਬਾਸਲ ਗਾਂਵ ਦੇ ਪਟੇਲ। ਸਾਰਾ ਪਿੰਡ ਨੀਂਦ ਦੀ ਆਗੋਸ਼ ਵਿਚ ਸੀ। ਕਾਕਾ ਤੇ ਹਣਮੰਤਾ ਨੇ ਸ਼ਰਾਬ ਪੀਤੀ ਹੋਈ ਸੀ। ਅਜਿਹੀ ਹਾਲਤ 'ਚ ਹੀ ਉਸ ਸਾਡੇ ਘਰ ਆਏ। ਮੈਂ ਸੌਂ ਗਿਆ ਸੀ। ਮੈਨੂੰ ਜਗਾਇਆ ਗਿਆ। ਹਣਮੰਤਾ ਦੇ ਪੱਟਾਂ 'ਚ ਮੈਨੂੰ ਬਿਠਾਇਆ ਗਿਆ। ਉਸ ਦੇ ਮੂੰਹ 'ਚੋਂ ਦੁਰਗੰਧ ਆ ਰਹੀ ਸੀ। ਮੈਂ ਆਪਣੇ ਇਸ ਪਿਤਾ ਵੱਲ ਭਰੀਆਂ ਹੋਈਆਂ ਅੱਖਾਂ ਨਾਲ ਵੇਖਿਆ। ਮਾਂ ਨੇ ਖਾਣਾ ਪਰੋਸਿਆ। ਕਾਕਾ ਤੇ ਹਣਮੰਤਾ ਖਾਣ ਲੱਗੇ। ਹਣਮੰਤਾ ਵਿਚ ਵਿਚ ਮੈਨੂੰ ਵੀ ਬੁਰਕੀਆਂ ਦੇ ਰਿਹਾ ਸੀ। ਉਨੀਂਦੀਆਂ ਅੱਖਾਂ ਦੇ ਬਾਵਜੂਦ ਮੈਂ ਖਾ ਰਿਹਾ ਸੀ। ਬਹੁਤ ਚਿਰਾਂ ਬਾਅਦ ਮੈਨੂੰ ਪਿਓ-ਪ੍ਰਾਪਤੀ ਦਾ ਆਨੰਦ ਆ ਰਿਹਾ ਸੀ। ਹੁਣ ਮੈਨੂੰ ਕੋਈ ਪ੍ਰੇਸ਼ਾਨ ਨਹੀਂ ਕਰੇਗਾ। ਪਿਤਾ ਆ ਚੁੱਕਿਆ ਹੈ। ਕੱਲ੍ਹ ਮੈਂ ਆਪਣੇ ਦੋਸਤਾਂ ਨੂੰ ਆਪਣਾ ਪਿਤਾ ਦਿਖਾਵਾਂਗਾ। ਅਚਾਨਕ ਕਾਕਾ ਅਤੇ ਮਾਂ ਵਿਚਕਾਰ ਵਿਵਾਦ ਸ਼ੁਰੂ ਹੋ ਗਿਆ। ਵਿਵਾਦ ਝਗੜੇ 'ਚ ਬਦਲ ਗਿਆ। ਮਾਂ ਕਾਕਾ ਨਾਲ ਗਾਲ੍ਹੀ ਗਲੋਚ ਕਰਨ ਲੱਗੀ। ਉਸ ਨੂੰ ਘਰ 'ਚੋਂ ਬਾਹਰ ਕੱਢ ਰਹੀ ਸੀ। ਹੱਥ ਵਿੱਚ ਚੱਪਲ ਚੁੱਕੀ ਹੋਈ ਸੀ। ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ। ਮਾਂ ਤੇ ਗੁੱਸਾ ਆ ਰਿਹਾ ਸੀ। ਇੰਨੇ ਚਿਰਾਂ ਬਾਅਦ ਪਿਤਾ ਆਇਆ ਹੈ। ਮਾਂ ਉਸ ਨਾਲ ਝਗੜ ਕਿਉਂ ਰਹੀ ਹੈ? ਮਾਂ ਭੜਕ ਉੱਠੀ ਸੀ। ਆਖਰ 'ਚ ਉਹ ਦੋਹਾਂ ਨੂੰ ਘਰੋਂ ਬਾਹਰ ਕਰ ਦਿੱਤਾ ਤੇ ਦਰਵਾਜ਼ਾ ਬੰਦ ਕਰ ਲਿਆ।

ਮਾਂ ਨੇ ਮੈਨੂੰ ਆਪਣੇ ਕੋਲ ਖਿੱਚ ਲਿਆ। ਉਸ ਦੇ ਰੋਣੇ ਨੂੰ ਮੈਂ ਜਵਾਲਾਮੁਖੀ ਦੇ ਵਿਸਫੋਟ ਦੀ ਤਰ੍ਹਾਂ ਮਹਿਸੂਸ ਕਰ ਰਿਹਾ ਸੀ। ਉਸ ਦੇ ਹੰਝੂ ਪਰਲੋ ਦੇ ਮਸੀਹਾ ਵਾਂਗ ਲੱਗ ਰਹੇ ਸਨ। ਭਾਵ ਇਹ ਕਿ ਉਸ ਦਾ ਰੋਣਾ ਕ੍ਰੋਧ ਅਤੇ ਕਰੁਣਾ ਭਰਿਆ ਸੀ। ਉਸ 'ਤੇ ਤਰਸ ਆਉਂਦਾ ਸੀ।

ਥੋੜ੍ਹੀ ਦੇਰ ਬਾਅਦ ਕਾਕਾ ਅਤੇ ਹਣਮੰਤਾ ਵਾਪਸ ਆ ਗਏ। ਉਨ੍ਹਾਂ ਦਰਵਾਜ਼ੇ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਪਰ ਮਾਂ ਨੇ ਦਰਵਾਜ਼ਾ ਖੋਲ੍ਹਿਆ ਨਹੀਂ। ਉਹ ਚਿੜ੍ਹ ਕੇ ਬੋਲੀ, "ਤੁਸੀਂ ਜਾਂਦੇ ਹੋ ਜਾਂ ਕਿ ਮੈਂ ਆਪਣੇ 'ਤੇ ਤੇਲ ਪਾ ਕੇ ਅੱਗ ਲਾ ਲਵਾਂ?" ਮੈਂ ਘਬਰਾ ਉੱਠਿਆ। ਬੇਚੈਨ ਹੋ ਗਿਆ। ਕਾਕਾ ਮਾਂ ਨੂੰ ਕਹਿ ਰਿਹਾ ਸੀ ਕਿ ਅੱਜ ਦੀ ਰਾਤ ਤੂੰ ਹਣਮੰਤਾ ਲਈ ਸੇਜ ਸਜਾ।

ਕਿਉਂ ਨਹੀਂ ਮਾਂ ਨੇ ਉਸ ਬੀਜ ਦਾ ਗਰਭਪਾਤ ਕਰਾਇਆ? ਕਿਉਂ ਨਹੀਂ ਮਾਰ ਦਿੱਤਾ ਉਸ ਮੈਨੂੰ ਜਨਮ ਲੈਂਦੇ ਨੂੰ ਹੀ? ਕਿਉਂ ਜੀਉਂਦਾ ਰੱਖਿਆ ਉਸ ਮੈਨੂੰ ਇਸ ਦੁਨੀਆਂ ਵਿੱਚ? ਕਿਹੜਾ ਅਪਰਾਧ ਕੀਤਾ ਹੈ ਅਸੀਂ? ਮਾਂ-ਪਿਓ ਦੀ ਕਰਤੂਤ ਲਈ ਸਾਨੂੰ ਕਿਉਂ ਸਜ਼ਾ ਦਿੱਤੀ ਜਾ ਰਹੀ ਹੈ?

ਮੈਂ ਜਦ ਮਾਂ ਵੱਲ ਵੇਖਦਾ ਹਾਂ, ਗੁੱਸਾ ਹੋਰ ਵੀ ਵੱਧ ਜਾਂਦਾ ਹੈ। ਕਿਉਂ ਕੀਤਾ ਸੀ ਇਸ ਨੇ ਉਸ ਵਕਤ ਵਿਭਚਾਰ? ਇਸ ਵਿਭਚਾਰਨ ਔਰਤ ਦੀ ਸੇਜ 'ਤੇ ਮੈਨੂੰ ਜਾਣਾ ਚਾਹੀਦੈ। ਪਰ ਮਾਂ ਜਾਂ ਸੰਤਾਮਾਏ ਵੱਲ ਵੇਖਦਾ ਹਾਂ ਤਾਂ ਤੜਫ ਉੱਠਦਾ ਹਾਂ। ਮਸਾ ਮਾਂ ਇੱਕਲੀ ਨਹੀਂ ਹੈ। ਉਨ੍ਹਾਂ ਖੁਦ ਨੂੰ ਵੇਚਿਆ ਹੈ, ਕਿਸੇ ਹੋਰ ਦੀ ਖੁਸ਼ੀ ਲਈ। ਰੋਟੀ ਲਈ ਮਜ਼ਬੂਰ ਹੋ ਕੇ ਉਨ੍ਹਾਂ ਖੁਦ ਨੂੰ ਨਹੀਂ ਵੇਚਿਆ ਸੀ। ਰੋਟੀ ਲਈ ਹੀ ਥੋੜ੍ਹੇ ਆਦਮੀ ਜੀਉਂਦਾ ਹੈ। ਰੋਟੀ ਦੇ ਪਿੱਛੇ ਵੀ ਇਕ ਵਿਰਾਟ ਸੰਸਾਰ ਹੁੰਦੈ। ਰੋਟੀ ਦੇ ਪਿੱਛੇ ਵੀ ਇੱਕ ਜੀਵਨ ਹੁੰਦੈ। ਪਿੰਡ ਦੇ ਬਾਹਰ ਦੀ ਬਸਤੀ ਦੇ ਜੀਵਨ ਵਿੱਚ ਉਹ ਜੀਵਨ ਨਹੀਂ ਆਇਆ। ਪਟੇਲ ਦੀ ਰਖੈਲ ਕਹਾਉਂਦੀ ਕਹਾਉਂਦੀ ਉਹ ਪਟੇਲ ਦੇ ਖੇਤਾਂ ਵਿੱਚ ਪਲ-ਪਲ ਖਾਲੀ ਹੁੰਦੀ ਹੁੰਦੀ ਮਰ ਜਾਵੇਗੀ। ਪਰ ਸਾਡਾ ਬੱਚਿਆਂ ਦਾ ਕੀ ਬਣੂੰ? ਨਾਗੀ, ਨਿਰਮੀ, ਬਨੀ, ਸੁਨੀ, ਪੰਮੀ-ਇਨ੍ਹਾਂ ਨਾਲ ਸ਼ਾਦੀ ਕੌਣ ਕਰੇਗਾ? ਮੈਂ ਤਾਂ ਮਰਦ ਹਾਂ, ਕਿਸੇ ਰਖੈਲ ਨਾਲ ਜੀਅ ਲਵਾਂਗਾ। ਪਰ ਇਨ੍ਹਾਂ ਭੈਣਾਂ ਦਾ ਕੀ ਬਣੂੰ? ਕੀ ਇਨ੍ਹਾਂ ਦੇ ਵਿਆਹ ਹੋਣਗੇ? ਮਨੁੱਖਾਂ ਦੀ ਬਸਤੀ 'ਚ ਸਾਨੂੰ ਸਵੀਕਾਰ ਕੀਤਾ ਜਾਵੇਗਾ? ਸਾਡੀ ਮੌਤ 'ਤੇ ਕੀ ਦਲਿਤ ਬਸਤੀ ਇਕੱਠੀ ਹੋਵੇਗੀ? ਮਸਾ ਮਾਂ ਦੇ ਪਤੀ ਦੀ ਇਹ ਕਹਾਣੀ। ਤੀਜਾ ਪਹਿਰ ਸੀ। ਲਹੂੰਣਾ ਵਿੱਠਲ ਕਾਂਬਲੇ ਨੂੰ ਪਿੱਠ 'ਤੇ ਚੁੱਕੀ ਸਾਡੇ ਘਰ ਆਇਆ। ਕਾਂਬਲੇ ਨੂੰ ਅੰਦਰ ਮੰਜੇ 'ਤੇ ਸੁਲਾਇਆ ਗਿਆ।



ਵਿੱਠਲ ਕਾਂਬਲੇ ਤੇ ਮਸਾ ਮਾਂ ਅੱਜ ਕਈ ਵਰ੍ਹਿਆਂ ਮਗਰੋਂ ਇਕ ਦੂਜੇ ਨੂੰ ਵੇਖ ਰਹੇ ਸਨ। ਇਸੇ ਕਾਂਬਲੇ ਨੇ ਮਾਂ ਦਾ ਮੰਗਲ-ਸੂਤਰ ਤੋੜ ਦਿੱਤਾ ਸੀ। ਉਸ ਦੇ ਦੁੱਧ ਚੁੰਘਦੇ ਬੱਚੇ ਨੂੰ ਖੋਹ ਲਿਆ ਸੀ। ਉਸ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ। ਦੂਸਰੀ ਸ਼ਾਦੀ ਕਰ ਲਈ ਸੀ। ਉਸ ਤੋਂ ਦੋ ਬੱਚੇ ਸਨ। ਮੌਤ ਦੇ ਮੂੰਹ 'ਚ ਪਿਆ ਇਹ ਆਦਮੀ ਅੱਜ ਆਪਣੀ ਤਿਆਗੀ ਹੋਈ ਪਤਨੀ ਦੀ ਖੋਜ 'ਚ ਕਿਉਂ ਆਇਆ ਹੈ। ਕਿਸ ਗ਼ਲਤੀ ਦੀ ਸਜ਼ਾ ਦੇ ਰਿਹਾ ਸੀ ਉਹ ਖੁਦ ਨੂੰ? ਕਿਸੇ ਨੇ ਕਿਹਾ, "ਮਸਾ ਮਾਏ ਜਿਹੀ ਔਰਤ ਨੂੰ ਜੋ ਤੂੰ ਜ਼ਿੰਦਗੀ 'ਚੋਂ ਕੱਢਿਆ ਹੈ, ਇਹ ਉਸੇ ਦਾ ਸਿੱਟਾ ਹੈ।" ਇਸ ਲਈ ਮਰਨ ਤੋਂ ਪਹਿਲਾਂ ਪਸ਼ਚਾਤਾਪ ਕਰਨ ਆਇਆ ਹੈ, ਮਸਾਂ ਮਾਂ ਦੀ ਦਹਿਲੀਜ਼ ਤੇ। ਹੈਰਾਨੀ ਦੀ ਗੱਲ ਹੈ ਕਿ ਮਸਾਂ ਮਾਂ ਕਹਿ ਰਹੀ ਸੀ ਕਿ ਉਹ ਆਪਣੇ ਪਤੀ ਨੂੰ ਤੰਦਰੁਸਤ ਕਰੇਗੀ। ਉਹ ਰੋਜ਼ ਮਾਲਿਸ਼ ਕਰਦੀ। ਗਰਮ ਪਾਣੀ ਨਾਲ ਉਸ ਨੂੰ ਇਸ਼ਨਾਨ ਕਰਾਉਂਦੀ। ਦੁੱਧ ਘਿਉ ਖਲਾਉਂਦੀ। ਬੀਤੇ ਸਮੇਂ 'ਚ ਭੋਗੇ ਸੰਤਾਪ ਨੂੰ ਭੁੱਲ ਕੇ ਸੇਵਾ ਕਰਨ ਲਗਦੀ। ਪਰ ਵਿੱਠਲੇ ਕਾਂਬਲੇ ਤੰਦਰੁਸਤ ਨਹੀਂ ਹੋ ਸਕਿਆ। ਕਾਕਾ ਰੋਜ਼ ਹੌਂਸਲਾ ਦਿੰਦੇ। ਭੰਗਾਰੱਵਾ, ਮਸਾ ਮਾਏ ਦੀ ਸੱਸ, ਵਿੱਠਲ ਕਾਂਬਲੇ ਦੀ ਮਾਂ ਨਿਰੰਤਰ ਰੋ ਰਹੀ ਸੀ। ਅਸੀਂ ਉਸ ਕੋਲ ਇਕੱਠੇ ਹੁੰਦੇ। ਉਹ ਕਹਿੰਦੀ, "ਤੁਸੀਂ ਸਾਰੇ ਮੇਰੇ ਘਰ ਜੰਮਦੇ। ਮੇਰਾ ਘਰ ਭਰ ਜਾਂਦਾ। ਮੇਰਾ ਘਰ ਟੁੱਟ ਗਿਆ। ਮੈਂ ਲੋਕਾਂ ਦੀ ਕਹੀ-ਸੁਣੀ ਤੇ ਵਿਸ਼ਵਾਸ ਕੀਤਾ।" ਵਿੱਠਲ ਕਾਂਬਲੇ ਸਾਡੇ ਸਭ ਵੱਲ ਪੱਥਰਾਈਆਂ ਅੱਖਾਂ ਨਾਲ ਦੇਖਦਾ। ਜੇ ਉਹ ਸਾਡੇ ਘਰ ਗੁਜ਼ਰ ਜਾਂਦਾ ਤਾਂ ਲੋਕਾਂ ਨੇ ਹੋਰ ਵੀ ਕਈ ਤਰ੍ਹਾਂ ਦੀਆਂ ਊਜਾਂ ਲਾਉਣੀਆਂ ਸਨ। ਇਹ ਸੋਚ ਕੇ ਉਸ ਨੂੰ ਬਾਸਲ ਗਾਂਵ ਭੇਜ ਦਿੱਤਾ ਗਿਆ। ਤੀਸਰੇ ਦਿਨ ਉਸ ਦੀ ਮੌਤ ਦੀ ਖ਼ਬਰ ਆ ਗਈ। ਮਸਾ ਮਾਏ ਨੇ ਉਸ ਦਿਨ ਕੁਝ ਨਹੀਂ ਖਾਧਾ-ਪੀਤਾ। ਲਗਾਤਾਰ ਰੋਂਦੀ ਰਹੀ। ਮੈਂ ਨਾਗੀ ਨੂੰ ਤੇ ਉਹ ਮੈਨੂੰ ਕਹਿ ਰਹੀ ਸੀ, "ਮਾਂ ਦਾ ਪਤੀ ਗੁਜ਼ਰ ਗਿਐ।"

ਸੰਤਾਮਾਏ ਕਿਰਿਆ-ਕਰਮ ਤੋਂ ਪਰਤੀ। ਕਿਰਿਆ-ਕਰਮ ਦੀ ਵਿਧੀ ਠੀਕ ਹੋ ਗਈ। ਉਹ ਕਹਿ ਰਹੀ ਸੀ ਕਿ ਲੋਕ ਮਸਾ ਮਾਂ ਦੀ ਉਡੀਕ ਕਰ ਰਹੇ ਸਨ, ਪਰ ਉਹ ਨਹੀਂ ਗਈ... ਵਿੱਠਲ ਕਾਂਬਲੇ ਚਲਿਆ ਗਿਆ। ਇਕ ਤੜਫ਼ ਖਤਮ ਹੋਈ। ਚੰਦਿਆ ਤੇ ਲੱਕਸ਼ਿਆ ਅਨਾਥ ਹੋ ਗਏ।

ਚੰਦਿਆਂ ਤੇ ਲੱਕਸ਼ਿਆ ਦੀ ਯਾਦ ਕੀ ਮਾਂ ਨੂੰ ਨਹੀਂ ਆਉਂਦੀ ਹੋਵੇਗੀ? ਕਿਰਾਏ ਦੇ ਪੁਰਾਣੇ ਮੁਕਾਨ ਨੂੰ ਬਦਲਣਾ ਹੋਵੇ ਤਾਂ ਅਸੀਂ ਕਿੰਨੇ ਭਾਵੁਕ ਹੋ ਜਾਂਦੇ ਹਾਂ। ਇੱਥੇ ਤਾਂ ਜ਼ਿੰਦਗੀ ਨੂੰ ਹੀ ਬਦਲ ਦਿੱਤਾ ਗਿਆ ਸੀ। ਚੰਦਿਆ ਤੇ ਲੱਕਸ਼ਿਆ ਨੂੰ ਮਾਂ ਨੇ ਜਨਮ ਦਿੱਤਾ ਸੀ। ਉਨ੍ਹਾਂ ਨੂੰ ਦੁੱਧ ਪਿਲਾਇਆ ਸੀ। ਉਨ੍ਹਾਂ ਨੂੰ ਪਾਲਿਆ-ਪੋਸਿਆ ਸੀ। ਉਨ੍ਹਾਂ ਨੂੰ ਪਿਆਰ ਨਾਲ ਚੁੰਮਿਆ ਸੀ। ਪਰ ਕੀ ਉਹ ਉਨ੍ਹਾਂ ਨੂੰ ਭੁੱਲ ਗਈ? ਚੰਦਿਆ ਤੇ ਲੱਕਸ਼ਿਆ ਨੂੰ ਮਾਂ ਦੀ ਯਾਦ ਨਹੀਂ ਆਉਂਦੀ ਹੋਵੇਗੀ? ਇਕ ਦਿਨ ਭੰਗਾਰਾੱਵਾ (ਵਿੱਠਲ ਕਾਂਬਲੇ ਦੀ ਮਾਂ) ਆਈ। ਦਾਦੀ ਆਈ ਹੈ, ਅਸੀਂ ਇਸ ਕਰਕੇ ਖੁਸ਼ ਸਾਂ। ਭੰਗਾਰੱਵਾ ਦੇ ਨਾਲ ਦੋ ਜੁਆਨ ਵੀ ਸਨ। ਉਸ ਮਾਂ ਨੂੰ ਕਿਹਾ, ਇਹ ਤੇਰੇ ਬੱਚੇ ਹਨ-ਚੰਦਿਆ ਤੇ ਲੱਕਸ਼ਿਆ।" ਮਾਂ ਨੇ ਤੜਫ ਕੇ ਦੋਹਾਂ ਨੂੰ ਆਪਣੀਆਂ ਬਾਹਾਂ 'ਚ ਲੈ ਲਿਆ ਤੇ ਰੋਣ ਲੱਗੀ।

ਕਾਕਾ ਨੇ ਮਾਂ ਦੇ ਨਾਂ ਦੋ ਏਕੜ ਜ਼ਮੀਨ ਲਾ ਦਿੱਤੀ। ਖਾਣ ਵਾਲੇ ਕਈ ਸਨ। ਅਨਾਜ ਘੱਟ ਉੱਗਦਾ ਸੀ। "ਪਿੰਡ ਦੇ ਪਟੇਲ ਦੀ ਰਖੈਲ ਹੋ ਕੇ ਵੀ ਮੈਂ ਭੁੱਖਮਰੀ ਦੀ ਹਾਲਤ ਦਾ ਸਾਹਮਣਾ ਕਰ ਰਹੀ ਹਾਂ। ਤੂੰ ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ।" ਮਾਂ ਚਿਲਾਉਂਦੀ। ਮੇਰਾ ਵਿਆਹ ਕੁਸੁਮ ਨਾਲ ਤੇ ਮੇਰੀ ਭੈਣ ਨਿਰਮੀ ਦਾ ਵਿਆਹ ਉਸ ਦੇ ਭਰਾ ਨਾਲ ਹੋਣਾ ਨਿਸ਼ਚਿਤ ਹੋਇਆ। ਉਸ ਦਾ ਭਰਾ ਜ਼ੋਰ ਪਾ ਰਿਹਾ ਸੀ ਕਿ ਕੁਸੁਮ ਨਾਲ ਸ਼ਰਨ ਦਾ ਵਿਆਹ ਨਹੀਂ ਕਰਨਾ ਚਾਹੀਦਾ ਕਿਉਂਕਿ ਸ਼ਰਨ ਰੰਡੀਆਂ ਦੇ ਜਾਂਦਾ ਹੈ ਤੇ ਸ਼ਰਾਬ ਪੀਂਦਾ ਹੈ। ਚੰਦਿਆਂ ਦੇ ਮਾਂ-ਪਿਓ ਵੀ ਇਸ ਵਿਆਹ ਦਾ ਵਿਰੋਧ ਕਰ ਰਹੇ ਸਨ, ਕਿਉਂਕਿ ਅਸੀਂ ਅੱਕਰਮਾਸ਼ੀ ਸਾਂ।

**ਲੇਖਕ ਦਾ ਪਤਾ: ਸੁਯੋਗ ਕੁੰਜ, ਸਮਰਥ ਨਗਰ, ਨਵੀ ਸਾਂਗਵੀ, ਪੂਣੇ-410024, ਮਹਾਂਰਾਸ਼ਟਰ**

**ਅਨੁਵਾਦ : ਡਾ. ਸਰਿੰਦਰ ਅਜਨਾਤ**

# ਮਾਂ ਅਤੇ ਮੈਂ / ਸੂਰਜ ਪਾਲ ਚੌਹਾਨ, ਅਨੁਵਾਦ : ਦਵਾਰਕਾ ਭਾਰਤੀ

ਮਾਂ ਤੇ ਮੇਰੇ ਕੋਲ ਪਾਉਣ ਲਈ ਚੰਗੇ ਕੱਪੜੇ ਵੀ ਨਹੀਂ ਸਨ। ਸਾਡੇ ਦੋਵਾਂ ਦਿਆਂ ਕਪੜਿਆਂ ਉੱਤੇ ਥਾਂ ਥਾਂ ਰੰਗ ਬਰੰਗੀਆਂ ਟਾਕੀਆਂ ਲੱਗੀਆਂ ਹੋਈਆਂ ਸਨ। ਗਰਮੀਆਂ ਦੇ ਦਿਨਾਂ 'ਚ ਤਾਂ ਸਾਡੇ ਮੁਹੱਲੇ ਦੇ ਮੇਰੀ ਉਮਰ ਦੇ ਮੁੰਡੇ ਅਕਸਰ ਨੰਗ-ਧੜੰਗ ਹੀ ਘੁੰਮਿਆ ਕਰਦੇ ਸਨ। ਸਰਦੀਆਂ ਦੇ ਮੌਸਮ 'ਚ ਹੱਡ ਭੰਨਵੀ ਠੰਡ ਤੋਂ ਬਚਣ ਲਈ ਮੇਰਾ ਸਰੀਰ ਸੂਤੀ-ਫਲਾਲੇਨ ਦਾ ਗੋਡਿਆਂ ਤੀਕਰ ਸੀਂਤੇ ਝੱਗੇ ਨਾਲ ਕੱਜਿਆ ਹੁੰਦਾ ਸੀ। ਠੰਡ ਦੇ ਮੌਸਮ 'ਚ ਮਹੀਨਾ ਭਰ ਇਹੀ ਕਮੀਜ਼ ਮੇਰੇ ਸਰੀਰ 'ਤੇ ਪਾਈ ਰਹਿੰਦੀ । ਲਗਾਤਾਰ ਪਾਈ ਰੱਖਣ ਕਰਕੇ ਇਹ ਏਨੀ ਮੈਲੀ ਹੋ ਜਾਂਦੀ ਸੀ। ਕਿ ਇਸ ਦੇ ਅਸਲੀ ਰੰਗ ਦਾ ਪਤਾ ਕਰਨਾ ਮੁਸ਼ਕਿਲ ਹੁੰਦਾ। ਮਾਂ ਨੂੰ ਤਾਂ ਬਸੀਠਾਂ ਦੇ ਮੁਹੱਲਿਆ 'ਚ ਕੰਮ ਕਰਨ ਤੋਂ ਵਿਹਲ ਹੀ ਨਹੀਂ ਸੀ ਮਿਲਦੀ। ਇਸ ਕਰਕੇ ਉਹ ਮਹੀਨੇ ਦੋ ਮਹੀਨੇ ਬਾਅਦ ਹੀ ਵਗਦੇ ਨਾਲੇ ਦੇ ਪਾਣੀ 'ਚ ਕਿਵੇਂ ਨਾ ਕਿਵੇਂ ਕੱਢ ਲਿਆਂਦੀ। ਲਗਾਤਾਰ ਇਕੋ ਕਮੀਜ਼ ਪਹਿਨਣ ਨਾਲ ਉਸ ਵਿਚ ਜੂੰਆਂ ਦੀ ਇੱਕ ਫੌਜ਼ ਤਿਆਰ ਹੋ ਜਾਂਦੀ। ਕਮੀਜ਼ ਵਿਚ ਏਨੀ ਤਦਾਦ 'ਚ ਜੂੰਆਂ ਹੋ ਜਾਂਦੀਆਂ ਕਿ ਇਨ੍ਹਾਂ ਨੂੰ ਇੱਕ ਇੱਕ ਕਰਕੇ ਮਾਰਨਾ ਬਹੁਤ ਮੁਸ਼ਕਿਲ ਕੰਮ ਹੁੰਦਾ। ਮਾਂ ਨੂੰ ਇਹ ਕੰਮ ਕਰਨ ਲਈ ਕਈ ਘੰਟੇ ਲਗ ਜਾਂਦੇ। ਘਰ ਦੀ ਹਾਲਤ ਇਹ ਸੀ ਕਿ ਢਿੱਡ ਭਰਨ ਲਈ ਦੋ-ਰੋਟੀਆਂ ਸੇਕਣ ਵਾਸਤੇ ਲੱਕੜਾਂ ਵੀ ਨਾ ਹੁੰਦੀਆਂ, ਫਿਰ ਕਮੀਜ਼ ਪਾਉਣ ਲਈ ਗਰਮ ਪਾਣੀ ਕਿੱਥੋਂ ਮਿਲਦਾ।

ਜੂੰਆਂ ਨੂੰ ਮਾਰਨ ਵਾਸਤੇ ਮਾਂ ਨੇ ਇੱਕ ਤਰੀਕਾ ਲੱਭ ਲਿਆ ਸੀ। ਉਹ ਸਿਖਰ ਦੁਪਹਿਰੇ ਸੂਰਜ ਦੀ ਕੜਕਦੀ ਧੁੱਪ 'ਚ ਗਰਮ ਹੋਈ ਰੇਤ ਉੱਪਰ ਕਪੜੇ ਫੈਲਾ ਦਿੰਦੀ। ਸੂਰਜ ਦੀਆਂ ਤਿੱਖੀਆਂ ਕਿਰਨਾਂ ਤੇ ਅੱਗ ਵਾਂਗੂ ਤਪਦੀ ਰੇਤ ਵਿੱਚ ਜੂੰਆਂ ਦਾ ਜਿਵੇਂ ਭੜਥਾ ਹੀ ਬਣ ਜਾਂਦਾ ਸੀ। ਠੀਕ ਇਹੀ ਹਾਲ ਮੇਰੇ ਸਿਰ ਦਿਆਂ ਵਾਲ਼ਾਂ ਦਾ ਸੀ। ਸਿਰ 'ਚ ਬੇਹਿਸਾਬ ਜੂੰਆਂ ਤੇ ਲੀਖਾਂ ਦੀ ਮੰਡੀ ਲੱਗੀ ਰਹਿੰਦੀ। ਸਾਡੇ ਮੁਹੱਲੇ ਦੇ ਛੋਟੇ-ਵੱਡੇ ਲੋਕਾਂ ਦੇ ਸਿਰ ਦੇ ਵਾਲ਼ ਕਟਵਾਉਣ ਦੇ ਬਾਰੇ ਪਿੰਡ ਦੇ ਨਾਈ ਦੀ ਗੱਲ ਤਾਂ ਬਹੁਤ ਦੂਰ ਸੀ, ਉਨ੍ਹੀਂ ਦਿਨੀਂ ਛਰਰਾ ਕਸਬੇ ਦੇ ਨਾਈ ਤੱਕ ਭੰਗੀ ਚਮਾਰਾਂ ਦੇ ਵਾਲ਼ਾਂ ਨੂੰ ਹੱਥ ਵੀ ਨਹੀਂ ਲਾਇਆ ਕਰਦੇ ਸਨ। ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਮੇਰੀ ਮਾਂ ਛਰਰਾ ਕਸਬੇ ਤੋਂ ਇੱਕ ਕੈਂਚੀ ਖਰੀਦ ਕੇ ਲਿਆਈ ਸੀ। ਉਸ ਕੈਂਚੀ ਨਾਲ ਮਾਂ ਮੇਰੇ ਤੇ ਛੋਟੇ ਭਰਾ ਰਗਬਰ ਦੇ ਵਿੰਗੇ ਟੇਡੇ ਵਾਲ਼ ਕੱਟ ਦਿੰਦੀ ਸੀ। ਮੁਹੱਲੇ ਦੀਆਂ ਦੂਜੀਆਂ ਔਰਤਾਂ ਮਿਨਤਾਂ ਤੇ ਤਰਲੇ ਕਰਦੀਆਂ ਹੋਈਆਂ ਮੇਰੀ ਮਾਂ ਨੂੰ ਆਪਣੇ ਬੱਚਿਆਂ ਦੇ ਵਾਲ਼ ਕੱਟਣ ਲਈ ਕਹਿੰਦੀਆਂ, " ਭੈਣੇ ਸਾਡੇ ਨਿਆਣਿਆਂ ਦੇ ਵਾਲ਼ ਕੱਟ ਦੇਵੀ।" ਮਾਂ ਕੈਂਚੀ ਇੱਕ ਉੱਧਰ ਮਾਰਦੀ ਤੇ ਇਕ ਇੱਧਰ। ਬੱਸ ਸਿਰ 'ਤੇ ਜਿਵੇਂ ਹਰੜਾਂ ਬਣਾ ਦਿੰਦੀ ਸੀ। ਮਾਂ ਦੇ ਕਪੜਿਆਂ 'ਚ ਜਗ੍ਹਾ-ਜਗ੍ਹਾ ਨਿੱਕੇ ਵੱਡੇ ਸੁਰਾਖ਼ ਹੋ ਚੁੱਕੇ ਸਨ। ਸਿਰ ਦੀ ਚੁੰਨੀ ਤਾਂ ਜਿਵੇਂ ਲੀਰਾਂ ਲੀਰਾਂ ਹੋ ਚੁੱਕੀ ਸੀ। ਫਿਰ ਵੀ ਉਹ ਇਸ ਫਟੀ ਹੋਈ ਚੁੰਨੀ ਨਾਲ ਆਪਣਾ ਤਨ ਤੇ ਸਿਰ ਢੱਕਣ ਦੀ ਕੋਸ਼ਿਸ਼ ਕਰਦੀ ਰਹਿੰਦੀ ਸੀ।

ਘਰ ਦੇ ਨਾਂਅ 'ਤੇ ਇੱਕ ਕੱਖ-ਕਾਨਿਆਂ ਦੀ ਕੱਚੀ ਜਿਹੀ ਕੋਠੜੀ ਤੇ ਪਸ਼ੂ-ਡੰਗਰ ਦੇ ਨਾਂਅ 'ਤੇ



ਪਿੰਡ ਦੇ ਠਾਕੁਰ ਜੈ ਸਿੰਘ ਤੋਂ ਵਟਾਈ ਤੇ ਲਈ ਗਈ ਇੱਕ ਕੱਟੀ ਸੀ ਸਾਡੇ ਕੋਲ। ਇਸ ਕੱਟੀ ਨੂੰ ਪਾਲ-ਪੋਸ਼ ਕੇ ਅਸਾਂ ਪੂਰੀ ਮੱਝ ਬਣਾਉਣੀ ਸੀ। ਬਟਾਈ ਦੇ ਸਮਝੌਤੇ ਅਨੁਸਾਰ ਜਦੋਂ ਉਹ ਦੁੱਧ ਦੇਣ ਲਾਇਕ ਹੋ ਜਾਵੇਗੀ ਤਾਂ ਜੈ ਸਿੰਘ ਕੁਝ ਕੁ ਰੁਪਏ ਸਾਡੇ ਹੱਥ ਤੇ ਰੱਖ ਕੇ ਉਹ ਸਾਡੀ ਖੁਰਲੀ ਤੋਂ ਖੋਲ੍ਹ ਕੇ ਲੈ ਜਾਵੇਗਾ।


ਇਹ ਸਨ 1962 ਦੀ ਗੱਲ ਹੈ। ਪਿੰਡ ਦੇ ਸਕੂਲ ਨੂੰ ਜਾਂਦਿਆਂ ਮੈਨੂੰ ਅਜੇ ਕੁਝ ਹੀ ਦਿਨ ਹੋਏ ਸਨ। ਉਨ੍ਹੀਂ ਦਿਨੀਂ ਮੇਰਾ ਬਾਪ ਦਿੱਲੀ ਰੇਲਵੇ ਸਟੇਸ਼ਨ 'ਤੇ ਪੱਲੇਦਾਰੀ ਦਾ ਕੰਮ ਕਰਦਾ ਸੀ। ਮਾਂ ਪਿੰਡ 'ਚ ਰਹਿ ਕੇ ਬਸੀਠਾਂ ਦੇ ਘਰਾਂ 'ਚ ਸਫਾਈ ਦਾ ਕੰਮ ਕਰਦੀ ਸੀ। ਕਦੇ ਕਦੇ ਮੈਂ ਵੀ ਮਾਂ ਦਾ ਹੱਥ ਵਟਾਉਣ ਲਈ ਚੱਲਿਆ ਜਾਂਦਾ ਸੀ।

ਉਸ ਦਿਨ ਮਾਂ ਨੂੰ ਬਹੁਤ ਤੇਜ ਬੁਖਾਰ ਸੀ। ਕਮਜੋਰੀ ਏਨੀ ਸੀ ਕਿ ਉਹ ਤੁਰ ਫਿਰ ਵੀ ਨਹੀਂ ਸਕਦੀ ਸੀ। ਮੈਂ ਅਜੇ ਸਕੂਲੋਂ ਪਰਤਿਆਂ ਹੀ ਸੀ ਕਿ ਮਾਂ ਨੇ ਮੰਜੇ 'ਤੇ ਲੇਟਿਆਂ ਹੀ ਮੈਨੂੰ ਕਿਹਾ-

"ਬੇਟਾ ਸੂਰਜਪਾਲ ਕੱਟੀ ਸਵੇਰੇ ਤੋਂ ਹੀ ਥਿਆਹੀ ਕੀਲੇ ਨਾਲ ਬੱਝੀ ਹੋਈ ਹੈ, ਮੇਥੋਂ ਖੂਹ 'ਚੋਂ ਪਾਣੀ ਨਹੀਂ ਖਿੱਚਿਆ ਗਿਆ, ਜਾਹ ਕੱਟੀ ਨੂੰ ਪਾਣੀ ਪਿਆ ਦੇ।"

ਮੈਂ ਮਾਂ ਦੀ ਗੱਲ ਸੁਣ ਕੇ ਕਿਹਾ, "ਬੀਜੀ ਮੈਨੂੰ ਪਹਿਲਾਂ ਫੱਟੀ 'ਤੇ ਪੋਚਾ ਲਾਉਣ ਦੇ, ਲਿਖ ਕੇ ਜਾਵਾਂਗਾ, ਕਲ ਫੱਟੀ ਲਿਖ ਕੇ ਨਾ ਲਗਿਆ ਤਾਂ ਕੁੱਟ ਪਾਉਗੀ... ਓਹ ਮੈਨੂੰ ਭੰਗੀ ਭੰਗੀ ਕਹਿ ਕੇ ਬਹੁਤ ਕੁਟਦਾ ਹੈ। " ਪਰ ਮਾਂ ਨੂੰ ਮੇਰੀ ਮਾਰ ਤੋਂ ਜਿਆਦਾ ਕੱਟੀ ਦੀ ਪਿਆਸ ਦੀ ਚਿੰਤਾ ਸੀ। ਕੱਟੀ ਵੀ ਥਿਆਹ ਨਾਲ ਪਰੇਸ਼ਾਨ ਕੀਲੇ ਦੇ ਆਲੇ ਦੁਆਲੇ ਆਪਣਾ ਰੱਸਾ ਲਪੇਟ ਰਹੀ ਸੀ ਤੇ ਐੜੰਗ ਰਹੀ ਸੀ।

ਪਾਣੀ ਦੀ ਕੂਲ੍ਹ ਪਿੰਡ ਤੋਂ ਥੋੜੀ ਦੂਰ ਸੀ। ਮੈਂ ਕੱਟੀ ਦਾ ਰੱਸਾ ਫੜੀ ਕੂਲ੍ਹ ਵੱਲ ਚਲ ਪਿਆ। ਕੱਟੀ ਸਵੇਰ ਤੋਂ ਹੀ ਪਿਆਸੀ ਸੀ। ਪਾਣੀ ਨੂੰ ਵੇਖਦਿਆਂ ਹੀ ਉਹ ਜਿਵੇਂ ਮੈਥੋਂ ਰੱਸਾ ਛੁੜਾ ਕੇ ਭੱਜੀ। ਮੈਂ ਅਜੇ ਅਠ-ਨੌਂ ਸਾਲ ਦਾ ਬੱਚਾ ਹੀ ਸਾਂ। ਕੱਟੀ ਨੂੰ ਸੰਭਾਲ ਨਾ ਸਕਿਆ ਤੇ ਉਹ ਪਾਣੀ ਪੀਣ ਲਗ ਪਈ। ਥੋੜ੍ਹੀ ਦੂਰ ਹਟ ਕੇ ਠਾਕੁਰ ਜੈ ਸਿੰਘ ਆਪਣੇ ਬਲਦਾਂ ਨੂੰ ਪਾਣੀ ਪਿਲਾ ਰਿਹਾ ਸੀ। ਕੋਲ ਹੀ ਉਸ ਦਾ ਖੇਤ ਸੀ। ਖੇਤ 'ਚ ਵੱਢੀ ਹੋਈ ਕਣਕ ਦਾ ਢੇਰ ਪਿਆ ਹੋਇਆ ਸੀ। ਉਸ ਵੇਲੇ ਉਹ ਕਣਕ 'ਤੇ ਫਲ੍ਹਾ ਚਲਾ ਰਿਹਾ ਸੀ। ਮੈਂ ਦੌੜ ਕੇ ਕੱਟੀ ਕੋਲ ਗਿਆ ਤੇ ਪਿਆਰ ਨਾਲ ਉਸ ਦੀ ਪਿੱਠ 'ਤੇ ਹੱਥ ਫੇਰਨ ਲਗ ਪਿਆ। ਏਨੇ 'ਚ ਠਾਕੁਰ ਦੀ ਨਜ਼ਰ ਮੇਰੇ 'ਤੇ ਪਈ। ਕੱਟੀ ਨੂੰ ਪਾਣੀ ਪੀਂਦਿਆਂ ਵੇਖ ਜਿਵੇਂ ਉਸ ਦੇ ਸੱਤੇ-ਕੱਪੜੇ ਅੱਗ ਲਗ ਗਈ ਹੋਵੇ। ਕਿਉਂਕਿ ਜਿਧਰੋਂ ਪਾਣੀ ਆ ਰਿਹਾ ਸੀ ਕੱਟੀ ਨੇ ਉਸ ਵੱਲ ਆਪਣਾ ਮੂੰਹ ਪਾਣੀ 'ਚ ਪਾਇਆ ਹੋਇਆ ਸੀ। ਠਾਕੁਰ ਨੇ ਮੂੰਹ ਭਰਵੀਂ ਗਾਲ੍ਹ ਕਢਦਿਆਂ ਮੈਨੂੰ ਕਿਹਾ, "ਓਏ ਭੈ 'ਚੋਂ ਭੰਗੀਆ, ਤੇਰੀ ਕੱਟੀ ਦਾ ਜੂਠਾ ਪਾਣੀ ਹੁਣ ਮੇਰੇ ਬਲਦ ਪੀਣਗੇ... ਠਹਿਰ ਮੈਂ ਆਇਆ।"



ਠਾਕੁਰ ਆਪਣੇ ਹੱਥ 'ਚ ਅਰਹਰ ਦੀ ਲੰਬੀ ਤੇ ਮੋਟੀ ਸੋਟੀ ਫੜੀ ਮੇਰੇ ਸਿਰ 'ਤੇ ਆ ਚੜ੍ਹਿਆ। ਇਸ ਤੋਂ ਪਹਿਲਾਂ ਮੈਂ ਕੁਝ ਸਮਝਦਾ ਉਸ ਨੇ ਆਪਣੇ ਦੰਦ ਕਚੀਚਦਿਆਂ ਤਾੜ ਤਾੜ ਮੇਰੇ ਸਰੀਰ 'ਤੇ ਸੋਟੀ ਦੀ ਬਰਸਾਤ ਸ਼ੁਰੂ ਕਰ ਦਿੱਤੀ। ਇਸ ਮਾਰ ਨਾਲ ਮੈਂ ਘਬਰਾ ਕੇ ਉਥੋਂ ਭੱਜ ਉੱਠਿਆ। ਭੱਜਦਿਆਂ ਮੇਰਾ ਪੈਰ ਚਿੱਕੜ 'ਚ ਫਸ ਗਿਆ ਤੇ ਉਲਟ ਕੇ ਡਿਗ ਪਿਆ। ਮੇਰੇ ਕਪੜੇ ਮਿੱਟੀ ਨਾਲ ਗੁੱੜ੍ਹਚ ਹੋ ਗਏ ਸਨ। ਕੁਝ ਹੀ ਦੇਰ ਬਾਅਦ ਮੈਂ ਸਾਹੋ ਸਾਹੀ ਹੋਇਆ ਤੇ ਅੱਖਾਂ 'ਚੋਂ ਵਗਦੇ ਹੰਝੂਆਂ ਦੇ ਤੁਪਕੇ ਕੇਰਦਾ ਮਾਂ ਦੇ ਸਾਹਮਣੇ ਆ ਖੜਾ ਹੋਇਆ। ਮਾਂ ਹੈਰਾਨੀ ਭਰੀਆਂ ਅੱਖਾਂ ਨਾਲ ਮੇਰੇ ਵਲ ਬਿਟਰ ਬਿਟਰ ਤਕ ਰਹੀ ਸੀ ਤੇ ਏਨੇ 'ਚ ਜੈ ਸਿੰਘ ਆਪਣੇ ਹੱਥ 'ਚ ਸੋਟੀ ਲਈ ਉੱਥੇ ਆ ਪੁੱਜਿਆ ਤੇ ਆਪਣੀਆਂ ਨਾਸਾਂ 'ਚੋਂ ਗੁੱਸੇ ਦੇ ਗੁਬਾਰ ਛਡਦਾ ਹੋਇਆ ਬੋਲਿਆ , "ਅਸ਼ਰਫ਼ੀਆ, ਤੇਰੇ ਇਸ ਛੋਕਰੇ ਨੇ ਆਪਣੀ ਇਸ ਕੱਟੀ ਦੀ ਜੂਠ ਮੇਰੇ ਬਲਦਾਂ ਨੂੰ ਦਿੱਤੀ .., ਅੱਜ ਤਾਂ ਮੈਂ ਇਸ ਨੂੰ ਛਡ ਦਿੱਤਾ, ਫਿਰ ਜੇ ਕਿਤੇ ਇਸ ਤਰ੍ਹਾਂ ਦੀ ਹਰਕਤ ਕੀਤੀ ਤਾਂ ਮੈਂ ਥਾਂ

ਹੀ ਮਾਰ ਮੁਕਾ ਦਿਆਂਗਾ।"

ਠਾਕੁਰ ਐਨੀ ਗੱਲ ਕਹਿ ਕੇ ਆਪਣੇ ਖੇਤਾਂ ਵਲ ਜਾ ਚੁੱਕਾ ਸੀ। ਬੁਖਾਰ ਨਾਲ ਤਪਦੀ ਮਾਂ ਦੇ ਮੂੰਹੋਂ ਕੋਈ ਅਵਾਜ਼ ਨਹੀਂ ਆਈ ਸੀ। ਮੇਰੇ ਸਰੀਰ 'ਤੇ ਪਏ ਸੋਟੀ ਦੇ ਨਿਸ਼ਾਨਾਂ ਨੂੰ ਵੇਖ ਮਾਂ ਭੁੱਬਾਂ ਮਾਰ ਕੇ ਰੋ ਪਈ ਸੀ। ਮਾਂ ਦੇ ਭਰੇ ਹੋਏ ਸੰਘ 'ਚੋਂ ਐਨਾ ਹੀ ਨਿਕਲਿਆ, "ਤੇਰੇ ਹੱਥਾਂ 'ਚ ਕੀੜੇ ਪੈਣਗੇ, ਸੜ ਕੇ ਮਰੇਂਗਾ ਜੈ ਸਿੰਘਾ ਤੂੰ।"

ਉਸ ਦਿਨ ਤੋਂ ਬਾਅਦ ਜੈ ਸਿੰਘ ਦੀ ਮੇਰੇ ਬਾਲ-ਮਨ 'ਤੇ ਦਹਿਸ਼ਤ ਬੈਠ ਗਈ ਸੀ। ਮੈਂ ਜਦੋਂ ਵੀ ਉਸ ਨੂੰ ਵੇਖਦਾ ਤਾਂ ਸਹਿਮ ਕੇ ਉਸ ਤੋਂ ਦੂਰ ਭੱਜ ਉਠਦਾ। ਹੁਣ ਮੈਂ ਠਾਕੁਰ ਜੈ ਸਿੰਘ ਦੇ ਘਰ ਜਾ ਕੇ ਮੁਹੱਲੇ ਕਮਾਉਣ (ਸਾਫ਼ ਕਰਨ) ਦੇ ਕੰਮ ਤੇ ਜਾਣ ਲਈ ਤਿਆਰ ਨਹੀਂ ਸੀ ਹੁੰਦਾ। ਮੈਂ ਕਈ ਵੇਰਾਂ ਮਾਂ ਨੂੰ ਸਾਫ-ਸਾਫ ਸ਼ਬਦਾਂ 'ਚ ਮਨਾਂ ਕਰ ਦਿੰਦਾ, ਪਰ ਮਾਂ ਜੇ ਇਹ ਕੰਮ ਨਾ ਕਰਦੀ ਤਾਂ ਆਪਣਾ ਤੇ ਮੇਰਾ ਢਿੱਡ ਕਿਵੇਂ ਭਰਦੀ?

ਉਨ੍ਹਾਂ ਦਿਨਾਂ 'ਚ ਅਸੀਂ ਰੋਟੀ ਦੀ ਇਕ-ਇਕ ਬੁਰਕੀ ਤੋਂ ਵੀ ਵਾਂਝੇ ਸਾਂ। ਭੁਖ ਦੀ ਮਾਰ ਜਦੋਂ ਢਿੱਡ 'ਤੇ ਪੈਂਦੀ ਹੈ ਤਾਂ ਆਂਦਰਾਂ ਤੜਫ ਉਠਦੀਆਂ ਹਨ। ਮੇਰਾ ਤੇ ਆਪਣਾ ਢਿੱਡ ਭਰਨ ਦੀ ਬੇਬਸੀ ਦੇ ਸਾਹਮਣੇ ਮਾਂ ਭਲਾ ਕੀ ਕਰਦੀ ਹੌਲੀ ਹੌਲੀ ਮੈਂ ਵੀ ਮਾਂ ਨਾਲ ਕੰਮ ਤੇ ਜਾਣ ਲਗ ਪਿਆ ਸਾਂ।

ਇਕ ਦਿਨ ਅਸੀਂ ਹਮੇਸ਼ਾਂ ਦੀ ਤਰ੍ਹਾਂ ਦੋਨੋਂ ਮਾਂ-ਪੁੱਤਰ ਸੂਰਜ ਨਿਕਲਨ ਤੋਂ ਪਹਿਲਾਂ ਹੀ ਪਿੰਡ ਦਾ ਮੁਹੱਲਾ ਕਮਾਉਣ (ਸਾਫ਼ ਕਰਨ) ਨਿਕਲੇ। ਰਾਹ 'ਚ ਤੁਰਦਿਆਂ ਅੱਜ ਮੈਂ ਮਾਂ ਤੋਂ ਸਵਾਲ ਪੁੱਛਿਆ, "ਬੀਜੀ, ਅਸੀ ਝਾੜੂ ਲਾਉਣ ਕਿਉਂ ਜਾਂਦੇ ਹਾਂ? "

ਮਾਂ ਨੇ ਮੇਰੇ ਸਿਰ 'ਤੇ ਹੱਥ ਫੇਰਦਿਆਂ ਕਿਹਾ, "ਅਸੀਂ ਭੰਗੀ ਹਾਂ, ਸਾਡੀ ਕੌਮ ਦਾ ਇਹੀ ਕੰਮ ਹੈ। " ਅਸੀਂ ਗੱਲਾਂ ਕਰਦੇ ਹੋਏ ਠਾਕੁਰ ਜੈ ਸਿੰਘ ਦੇ ਘਰ ਕੋਲ ਆ ਗਏ ਸਾਂ। ਜੈ ਸਿੰਘ ਦੇ ਦਲਾਨ 'ਚ ਮਾਂ ਕੂੜੇ ਦਾ ਢੇਰ ਲਾਉਂਦੀ ਜਾਂਦੀ ਤੇ ਮੈਂ ਉਸ ਢੇਰ ਨੂੰ ਚੁੱਕ ਕੇ ਕੂੜੇ ਵਾਲੀ ਟੋਕਰੀ 'ਚ ਭਰਦਾ ਰਹਿੰਦਾ। ਇਸ ਕੰਮ ਨੂੰ ਕਰਦਿਆਂ ਸਾਡੇ ਦੋਨਾਂ ਦੇ ਨੱਕ ਮੂੰਹ ਤੇ ਅੱਖਾਂ ਮਿੱਟੀ ਨਾਲ ਕੱਜੀਆਂ ਜਾਂਦੀਆਂ। ਮਾਂ ਕੰਮ 'ਚ ਰੁੱਝੀ ਹੋਈ ਸੀ। ਉਹ ਕੁੱਬੀ ਹੋਈ ਝਾੜੂ ਲਾਉਂਦੀ ਜਾ ਰਹੀ ਸੀ। ਮੈਂ ਵੇਖਿਆ ਠਾਕੁਰ ਜੈ ਸਿੰਘ ਬਹੁਤ ਦੇਰ ਤੋਂ ਦੂਰ ਖੜਾ ਮਾਂ ਵਲ ਤੱਕੀ ਜਾ ਰਿਹਾ ਸੀ। ਮਾਂ ਆਪਣੀ ਲੀਰੋ ਲੀਰ ਹੋਈ ਚੁੰਨੀ ਨਾਲ ਆਪਣੇ ਸਿਰ ਤੇ ਸਰੀਰ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਹ ਇਸ ਕੋਸ਼ਿਸ਼ 'ਚ ਸਫ਼ਲ ਨਹੀਂ ਸੀ ਹੋ ਰਹੀ। ਠਾਕੁਰ ਹੌਲੀ ਹੌਲੀ ਉਸ ਦੇ ਨਜ਼ਦੀਕ ਆਓਂਦਾ ਜਾ ਰਿਹਾ ਸੀ ਤੇ ਮਾਂ ਦੀ ਲੀਰੋ ਲੀਰ ਚੁੰਨੀ ਨੂੰ ਬਹੁਤ ਬੇਸਬਰੀ ਨਾਲ ਵੇਖਦਾ ਜਾ ਰਿਹਾ ਸੀ। ਮਾਂ ਠਾਕੁਰ ਦੀ ਇਸ ਭੈੜੀ ਤੱਕਣੀ ਤੋਂ ਜਿਵੇਂ ਸਹਿਮ ਗਈ ਸੀ। ਉਸ ਨੇ ਹਾਕ ਮਾਰ ਕੇ ਮੈਨੂੰ ਆਪਣੇ ਕੋਲ ਬੁਲਾ ਲਿਆ। ਠਾਕੁਰ ਨੇ ਇੱਧਰ ਉੱਧਰ ਵੇਖਿਆ। ਮੈਥੋਂ ਛੁੱਟ ਦੂਰ ਦੂਰ ਕੋਈ ਵੀ ਨਜ਼ਰ ਨਹੀਂ ਸੀ ਆ ਰਿਹਾ। ਜੈ ਸਿੰਘ ਨੇ ਮੇਰੇ ਵੱਲ ਤਕਦਿਆ ਕਿਹਾ ਇੱਥੇ ਖੜਾ ਖੜਾ ਕੀ ਵੇਖੀ ਜਾ ਰਿਹਾ ਤੂੰ, ਪਿਛਲੇ ਪਾਸੇ ਕੂੜੇ ਦਾ ਢੇਰ ਲਗਿਆ ਹੋਇਆ ਏ..., ਚਲ ਟੋਕਰੇ 'ਚ ਭਰ ਕੇ ਰੂੜੀ 'ਤੇ ਸੁੱਟ ਆ।"

ਇਸ ਦੇ ਵਸ ਦੀ ਗੱਲ ਨਹੀਂ, ਮੈਂ ਸੁੱਟ ਆਵਾਂਗੀ।" ਮਾਂ ਨੇ ਠਾਕੁਰ ਨੂੰ ਕਿਹਾ।

ਮੈਂ ਠਾਕੁਰ ਤੋਂ ਪਹਿਲਾਂ ਹੀ ਡਰਿਆ ਹੋਇਆ ਸਾਂ। ਉਸ ਦੀ ਝਿੜਕੀ ਨੇ ਮੈਨੂੰ ਹੋਰ ਵੀ ਦਹਿਸ਼ਤ ਨਾਲ ਭਰ ਦਿੱਤਾ। ਮਾਂ ਮਨ੍ਹਾਂ ਕਰਦੀ ਰਹੀ, ਫਿਰ ਵੀ ਮੈਂ ਕੂੜਾ ਚੁੱਕਣ ਲਈ ਦਲਾਨ ਦੇ ਪਿਛਲੇ ਪਾਸੇ ਚਲਾ ਗਿਆ। ਥੋੜ੍ਹੀ ਦੇਰ ਬਾਅਦ ਮੈਨੂੰ ਮਾਂ ਦੀ ਚੀਖ ਕੰਨੀ ਪਈ। ਚੀਖ ਸੁਣ ਕੇ ਮੈਂ ਉਸ ਵੱਲ ਭੱਜਿਆ। ਮੈਂ ਵੇਖਿਆ ਕਿ ਠਾਕੁਰ ਜੈ ਸਿੰਘ ਆਪਣੇ ਦੋਨਾਂ ਹੱਥਾਂ ਨਾਲ ਮਾਂ ਨੂੰ ਦਬੋਚੀ ਬੈਠਾ ਸੀ। ਮਾਂ ਇਸ ਭੇੜੀਏ ਦੇ ਪੰਜਿਆਂ 'ਚ ਫਸੀ ਹੋਈ ਜਿਵੇਂ ਆਪਣੇ ਹੱਥ ਪੈਰ ਮਾਰ ਰਹੀ ਸੀ। ਮਾਂ ਦੀ ਇਹ ਹਾਲਤ ਵੇਖ ਮੈਂ ਇਕਦਮ ਦਹਿਲ ਗਿਆ। ਮਾਂ ਦੀ ਚੁੰਨੀ ਉਸ ਨੇ ਦੂਰ ਸੁੱਟ ਦਿੱਤੀ ਸੀ। ਉਹ ਆਪਣੀ ਜਕੜ ਮਜਬੂਤ ਕਰਕੇ ਮਾਂ ਦੇ



ਮੂੰਹ 'ਚ ਆਪਣਾ ਮੂੰਹ ਅੜਾਉਣ ਦੀ ਕੋਸ਼ਿਸ਼ 'ਚ ਲੱਗਾ ਹੋਇਆ ਸੀ। ਮੈਂ ਭਾਵੇਂ ਉਸ ਵੇਲੇ ਬੱਚਾ ਹੀ ਸਾਂ, ਪਰ ਮਾਂ ਦੀ ਇਹ ਦੁਰਗਤੀ ਵੇਖ ਮੇਰਾ ਖੂਨ ਖੌਲ ਉਠਿਆ ਸੀ। ਮੈਂ ਆਲੇ-ਦੁਆਲੇ ਨਜ਼ਰ ਮਾਰੀ। ਮੇਰੇ ਨਜ਼ਰੀਂ ਕੁਝ ਨਹੀਂ ਪਿਆ। ਮਾਂ ਦੇ ਹੱਥਾਂ 'ਚੋਂ ਡਿੱਗਿਆ ਝਾੜੂ ਹੁਣ ਮੇਰੇ ਹੱਥਾਂ 'ਚ ਸੀ। ਬਿਨਾਂ ਕੋਈ ਦੇਰ ਕੀਤਿਆਂ ਮੈਂ ਆਪਣੀ ਪੂਰੀ ਤਾਕਤ ਨਾਲ ਠਾਕੁਰ ਦੀ ਪਿੱਠ ਅਤੇ ਲੱਕ 'ਤੇ ਝਾੜੂ ਦੀ ਬਰਸਾਤ ਸ਼ੁਰੂ ਕਰ ਦਿੱਤੀ। ਝਾੜੂ ਦੀ ਲਗਾਤਾਰ ਮਾਰ ਨਾਲ ਠਾਕੁਰ ਜਿਵੇਂ ਤੜਫ ਉਠਿਆ ਸੀ ਤੇ ਉਸ ਦੀ ਮਾਂ 'ਤੇ ਪਕੜ ਢਿੱਲੀ ਪੈ ਗਈ। ਮਾਂ ਉਸ ਦੀ ਜਕੜ 'ਚੋਂ ਛੁੱਟ ਕੇ ਦੂਰ ਹੋ ਗਈ ਸੀ। ਠਾਕੁਰ ਬੁਰੀ ਤਰ੍ਹਾਂ ਸ਼ਰਮਿੰਦਗੀ ਤੇ ਗੁੱਸੇ ਦੇ ਅਹਿਸਾਸ ਨਾਲ ਭਰ ਗਿਆ ਸੀ। ਉਹ ਮੈਨੂੰ ਮਾਰਨ ਦੌੜਿਆ। ਪਰ ਹੁਣ ਤਕ ਮਾਂ ਵੀ ਸੰਭਲ ਚੁੱਕੀ ਸੀ। ਮਾਂ ਨੂੰ ਹੋਰ ਕੋਈ ਚਾਰਾ ਨਾ ਚਲਦਿਆਂ ਵੇਖ ਠਾਕੁਰ ਦੇ ਗੁਪਤ-ਅੰਗ ਉੱਤੇ ਜ਼ੋਰ ਨਾਲ ਲੱਤ ਮਾਰ ਦਿੱਤੀ। ਮਾਂ ਦੇ ਇਕੋ ਵਾਰ ਨਾਲ ਠਾਕੁਰ ਰੂੰ ਦੇ ਬੋਰੇ ਵਾਂਗੂ ਇਕ ਪਾਸੇ ਢਹਿ ਪਿਆ ਤੇ ਉਸ ਦੀਆਂ ਅੱਖਾਂ ਜਿਬਾਹ ਹੁੰਦੇ ਬੱਕਰੇ ਵਾਂਗੂ ਬਾਹਰ ਆ ਗਈਆਂ ਸਨ। ਇਸ ਦੌਰਾਨ ਮੁਹੱਲੇ ਦੇ ਦੂਸਰੇ ਲੋਕ ਵੀ ਉੱਥੇ ਜੁੜ ਗਏ ਸਨ। ਜੈ ਸਿੰਘ ਦੀ ਘਰਵਾਲੀ ਅਤੇ ਉਸ ਦੇ ਘਰ ਦੇ ਲੋਕਾਂ ਦੇ ਨਾਲ ਨਾਲ ਠਾਕੁਰ ਪ੍ਰਤਾਪ ਸਿੰਘ ਤੇ ਠਾਕੁਰ ਬੰਨੀ ਸਿੰਘ ਵੀ ਉੱਥੇ ਆ ਜੁੜੇ। ਮਾਂ ਨੇ ਸਭ ਦੇ ਸਾਹਮਣੇ ਜੈ ਸਿੰਘ ਦੀ ਇਸ ਭੱਦੀ ਹਰਕਤਾਂ ਦਾ ਖੁਲਾਸਾ ਕੀਤਾ ਤਾਂ ਕੋਈ ਵੀ ਉਸ ਦੀਆਂ ਗੱਲਾਂ 'ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਹੋਇਆ। ਸਗੋਂ ਓਲਟ ਠਾਕੁਰ ਪ੍ਰਤਾਪ ਦੀ ਮਾਂ ਨੇ ਮਾਂ ਦੇ ਵਾਲ਼ਾਂ ਨੂੰ ਝਿੰਜੋੜਦਿਆਂ ਕਿਹਾ,

"ਸਾਲੀ ਭੰਗਣੀ, ਝੂਠ ਬਕਦਿਆਂ ਤੈਨੂੰ ਸ਼ਰਮ ਨਹੀਂ ਆਈ, ਠਾਕੁਰ ਹੋ ਕੇ ਕੋਈ ਭਲਾ ਭੰਗਣ ਨਾਲ ਮੂੰਹ ਕਾਲਾ ਕਿਓਂ ਕਰੂ... ਤੈਨੂੰ ਤਾਂ ਹੱਥ ਲਾਉਣ ਨਾਲ ਹੀ ਭਿੱਟ ਚੜ ਜਊ, ਖ਼ੈਰ ਚਾਹੁੰਦੀ ਹੈ ਤਾਂ ਭੱਜ ਜਾ ਇਥੋਂ."

"ਸਾਲਿਆ ਇਹ ਭੰਗਣਾਂ ਹੁੰਦੀਆਂ ਹੀ ਇਹੋ ਜਿਹੀਆਂ ਹਨ, ਇੱਕ ਇੱਕ ਰੋਟੀ ਲਈ ਪਤਾ ਨਹੀਂ ਕੀ-ਕੀ ਕਰਾਉਂਦੀਆਂ ਫਿਰਦੀਆਂ ਹਨ। " ਠਾਕੁਰ ਬੰਨੀ ਸਿੰਘ ਨੇ ਵੀ ਮਾਂ ਵਲ ਅੱਖਾਂ ਕਢਦਿਆਂ ਕਿਹਾ ਸੀ। ਜ਼ਮੀਨ 'ਤੇ ਢੇਰੀ ਹੋਏ ਦਰਦ ਨਾਲ ਤੜਫਦੇ ਜੈ ਸਿੰਘ ਨੂੰ ਸਹਾਰਾ ਦੇ ਕੇ ਉਠਾਦਿਆਂ ਹੁਣ ਉਸ ਦੀ ਘਰਵਾਲੀ ਨੇ ਮੇਰੀ ਮਾਂ ਵੱਲ ਘੂਰ ਕੇ ਤੇ ਮੂੰਹ ਭੈੜਾ ਜਿਹਾ ਕਰਦਿਆ ਕਿਹਾ,

"ਰੰਡੀਏ, ਤੂੰ ਹੀ ਚੂਹੜੀ ਮਿਲੀ ਮੇਰੇ ਆਦਮੀ ਨੂੰ ਮੇਰੀ ਸੌਂਕਣ ਬਣਾਉਣ ਲਈ ਸਾਰੇ ਪਿੰਡ 'ਚੋਂ ...।" ਠਾਕੁਰਾਂ ਦਾ ਮੁਹੱਲਾ ਸੀ। ਸਾਰੇ ਇਕੋ-ਸੁਰ 'ਚ ਮਾਂ ਨੂੰ ਝਿੜਕਾਂ ਮਾਰ ਰਹੇ ਸਨ। ਸਾਡੀ ਗੱਲ ਸੁਣਨ ਵਾਲਾ ਉੱਥੇ ਕੋਈ ਨਹੀਂ ਸੀ। ਮਾਂ ਖੂਨ ਦਾ ਘੁੱਟ ਪੀ ਕੇ ਮੈਨੂੰ ਨਾਲ ਲੈ ਕੇ ਉੱਥੋਂ ਚਲੀ ਗਈ। ਮੇਰਾ ਬਾਲ ਮਨ ਕਈ ਦਿਨਾਂ ਤਕ ਇਹ ਸੋਚਦਾ ਰਿਹਾ ਕਿ ਜੈ ਸਿੰਘ ਨੇ ਮਾਂ ਨਾਲ ਅਜਿਹਾ ਵਰਤਾਓ ਕਿਓਂ ਕੀਤਾ? ਮੈਂ ਆਪਣੀ ਬਾਲ ਬੁੱਧੀ ਤੇ ਜਿੰਨਾਂ ਜ਼ੋਰ ਦਿੰਦਾ ਉਨਾਂ ਹੀ ਉਲਝ ਜਾਂਦਾ। ਦੂਸਰੇ ਦਿਨ ਠਾਕੁਰ ਨੇ ਸਾਡੇ ਘਰੋਂ ਬਟਾਈ 'ਤੇ ਦਿੱਤੀ ਕੱਟੀ ਵੀ ਸਾਡੇ ਖੁੰਡੇ ਤੋਂ ਖੁਲਵਾ ਲਈ ਤੇ ਆਪਣੇ ਘਰ ਦਾ ਕੰਮ ਸਾਡੇ ਕੋਲੋਂ ਖੋਹ ਕੇ ਮੇਰੇ ਤਾਏ ਸਿੱਬੂ ਨੂੰ ਦੇ ਦਿੱਤਾ। ਮਾਂ ਇਹ ਸਭ ਕੁਝ ਵੇਖ ਕੇ ਰੋਣ-ਹਾਕੀ ਹੋ ਗਈ ਸੀ।

ਕੱਟੀ ਨੂੰ ਵੱਡਾ ਕਰਨ 'ਚ ਅਸੀਂ ਮਾਂ-ਪੁੱਤਰ ਦਿਨ-ਰਾਤ ਜੁਟੇ ਹੋਏ ਸਾਂ। ਮਾਂ ਦੂਰੋਂ-ਦੂਰੋਂ ਬੰਨੇ-ਬਨੇਰਿਆਂ ਤੋਂ ਘਾਹ ਖੋਤ ਕੇ ਲਿਆਂਦੀ ਸੀ ਤੇ ਮੈਂ ਉਸ ਨੂੰ ਚਾਰਨ ਲਈ ਘਰੋਂ ਕਈ ਕਈ ਮੀਲ ਦੂਰ ਨਿਕਲ ਜਾਂਦਾ ਸਾਂ। ਮੈਂ ਏਨੀ ਦੂਰ ਨਿਕਲ ਜਾਂਦਾ ਕਿ ਪਿਆਸ ਲੱਗਣ 'ਤੇ ਉਸ ਨੂੰ ਜੰਗਲ 'ਚ ਛੱਡ ਕੇ ਘਰ ਪਾਣੀ ਪੀਣ ਲਈ ਵੀ ਨਹੀਂ ਆ ਸਕਦਾ ਸਾਂ। ਬਰਸਾਤ ਦੇ ਦਿਨਾਂ 'ਚ ਮੈਂ ਟੋਇਆਂ 'ਚ ਇਕੱਠਾ ਹੋਇਆ ਪਾਣੀ ਪੀ ਕੇ ਹੀ ਆਪਣੀ ਪਿਆਸ ਬੁਝਾ ਲੈਂਦਾ । ਪਰ ਗਰਮੀ ਦੇ ਦਿਨਾਂ 'ਚ ਇਨ੍ਹਾਂ ਟੋਇਆ 'ਚ ਏਨਾਂ ਥੋੜ੍ਹਾ ਪਾਣੀ ਰਹਿ ਜਾਂਦਾ ਕਿ ਉਸ ਨੂੰ ਬੁੱਕ ਨਾਲ ਪੀਣਾ ਮੁਸ਼ਕਿਲ ਹੁੰਦਾ ਸੀ। ਕਿਉਂਕਿ ਪਾਣੀ 'ਚ ਹੱਥ ਪਾਂਦਿਆਂ ਹੀ

ਪਾਣੀ ਮਿੱਟੀ ਰੰਗਾ ਹੋ ਜਾਂਦਾ ਸੀ। ਹੱਥ ਦੀ ਹਵਾ ਨਾਲ ਉਸ 'ਚ ਬੈਠੇ ਮੱਛਰਾਂ ਨੂੰ ਉੜਾ ਕੇ ਦੋਨੋਂ ਗੋਡਿਆਂ ਦੇ ਭਾਰ ਕੁੱਬਾ ਹੋ ਕੇ ਆਪਣੀ ਤ੍ਰੇਹ ਮਿਟਾਉਣੀ ਪੈਂਦੀ ਸੀ। ਬਟਾਈ ਤੇ ਲਈ ਕੱਟੀ ਦੀ ਏਨੀ ਸੇਵਾ-ਟਹਿਲ ਕਰਨ ਤੋਂ ਬਾਅਦ ਸਾਨੂੰ ਮਾਂ-ਪੁੱਤ ਨੂੰ ਆਖ਼ਿਰ ਮਿਲਿਆ ਕੀ। ਇਹ ਸਭ ਕੁਝ ਲਿਖਦਿਆਂ ਅੱਜ ਵੀ ਬਾਲਪਨ ਦੀਆਂ ਕਈ ਘਟਨਾਵਾਂ ਫਿਲਮ ਦੀ ਤਰ੍ਹਾਂ ਮੇਰੀਆਂ ਅੱਖਾਂ ਮੂਹਰੇ ਸੰਜੀਵ ਹੋ ਜਾਂਦੀਆਂ ਹਨ। ਸਾਡੇ ਪਿੰਡ ਦਾ ਪੰਡਿਤ ਹਰਚਰਨ ਛਰਰਾ ਕਸਬੇ ਤੋਂ ਨਵੀਂ ਨਵੀਂ ਸਾਇਕਲ ਖਰੀਦ ਕੇ ਲਿਆਇਆ ਸੀ। ਪੂਰੇ ਪਿੰਡ ਦੇ ਲੋਕ ਕਈ ਦਿਨਾਂ ਤਕ ਉਸ ਦੀ ਨਵੀਂ ਸਾਇਕਲ ਨੂੰ ਵੇਖਣ ਲਈ ਉਸ ਦੇ ਘਰ ਆਉਂਦੇ ਰਹੇ। ਉਹ ਜਦੋਂ ਵੀ ਆਪਣੀ ਇਸ ਨਵੀਂ ਸਾਇਕਲ ਤੇ ਚੜ੍ਹ ਕੇ ਪਿੰਡ 'ਚੋਂ ਲੰਘਦਾ ਤਾਂ ਪਿੰਡ ਦੇ ਲੋਕ ਉਸ ਦੀ ਸਾਇਕਲ ਨੂੰ ਬਹੁਤ ਹਸਰਤ ਨਾਲ ਵੇਖਦੇ।

ਉਸ ਦਿਨ ਵੀ ਮੈਂ ਕੱਟੀ ਨੂੰ ਪਾਣੀ ਪਿਆ ਕੇ ਕੂਲ੍ਹ ਤੋਂ ਵਾਪਿਸ ਆ ਰਿਹਾ ਸਾਂ। ਪੰਡਿਤ ਹਰਚਰਨ ਦੀ ਇਹ ਨਵੀਂ ਤੇ ਲਿਸ਼ਕਦੀ ਸਾਇਕਲ ਰਸਤੇ 'ਚ ਖੜੀ ਸੀ। ਕਿਤੇ ਕੱਟੀ ਨਾਲ ਟਕਰਾਉਣ ਨਾਲ ਸਾਇਕਲ ਡਿੱਗ ਨਾ ਜਾਏ, ਮੈਂ ਦੌੜ ਕੇ ਕੱਟੀ ਕੋਲ ਪੁੱਜ ਗਿਆ ਸਾਂ। ਕੱਟੀ ਦੇ ਟਕਰਾਉਣ ਤੋਂ ਤਾਂ ਮੈਂ ਸਾਇਕਲ ਨੂੰ ਬਚਾ ਲਿਆ ਪਰ ਇਸੇ ਆਪਾਧਾਪੀ 'ਚ ਆਪਣੀ ਕਮੀਜ ਦੀ ਬਾਂਹ ਨਾਲ ਫਸ ਕੇ ਡਿੱਗਣ ਤੋਂ ਮੈਂ ਉਸ ਨੂੰ ਬਚਾ ਨਾ ਸਕਿਆ। ਜਿਸ ਕਰਕੇ ਸਾਇਕਲ ਪੁੱਠੀ ਹੋ ਕੇ ਧਰਤੀ 'ਤੇ ਜਾ ਡਿੱਗੀ। ਸਾਇਕਲ ਡਿੱਗਣ ਦੀ ਆਵਾਜ਼ ਨਾਲ ਪੰਡਿਤ ਹਰਚਰਨ ਤੇ ਉਸ ਦੇ ਘਰ ਦੇ ਹੋਰ ਜੀਆਂ ਦਾ ਗੁੱਸੇ ਨਾਲ ਬੁਰਾ ਹਾਲ ਸੀ। ਮੇਰੀ ਟੱਕਰ ਨਾਲ ਉਨ੍ਹਾਂ ਦੀ ਸਾਇਕਲ ਕੀ ਡਿੱਗੀ ਜਿਵੇਂ ਉਨ੍ਹਾਂ ਦਾ ਪੂਰੇ ਦਾ ਪੂਰਾ ਘਰ ਧਰਤੀ 'ਤੇ ਢਹਿ ਪਿਆ ਹੋਵੇ। ਪੰਡਿਤ ਦੌੜਦਾ ਹੋਇਆ ਮੇਰੇ ਕੋਲ ਪੁੱਜਾ ਤੇ ਮੇਰੇ ਹੱਥੋਂ ਪਤਲੀ ਛਿਟੀ ਖੋਹ ਕੇ ਆਪਣੇ ਪੂਰੇ ਗੁੱਸੇ ਤੇ ਜੋਰ ਨਾਲ ਮੇਰੇ ਪਿੰਡੇ 'ਤੇ ਮਾਰਨ ਲੱਗ ਪਿਆ। ਮੈਂ ਬਰੀਕ ਸੋਟੀ ਦੀ ਮਾਰ ਨਾਲ ਕੁਰਲਾ ਉੱਠਿਆ ਸਾਂ ਤੇ ਜ਼ੋਰ ਜ਼ੋਰ ਨਾਲ ਚੀਖ਼ਣ ਲੱਗਾ ਸਾਂ। ਪਰ ਮੈਨੂੰ ਉੱਥੇ ਬਚਾਉਣ ਵਾਲਾ ਕੋਈ ਨਹੀਂ ਸੀ। ਪੰਡਿਤ ਨੇ ਮੋਟੀ ਜਿਹੀ ਗਾਲ੍ਹ ਕਢਦਿਆਂ ਮੈਨੂੰ ਕਿਹਾ ਸੀ,

"ਭੈਣ ਦਿਆ ਖਸਮਾਂ, ਸਾਲਿਆ ਭੰਗੀਆਂ, ਮੇਰੀ ਸਾਇਕਲ ਨੂੰ ਹੱਥ ਲਾ ਕੇ ਤੂੰ ਭਿੱਟ ਦਿੱਤਾ... ਤੈਨੂੰ ਹੁਣ ਮੈਂ ਜੀਉਂਦਾ ਨਹੀਂ ਛੱਡਾਗਾ।" ਉਹ ਜਦੋਂ ਮੈਨੂੰ ਮਾਰਦਾ ਮਾਰਦਾ ਥੱਕ ਗਿਆ ਸੀ ਤਾਂ ਹੀ ਮਾਰਨੋ ਹੱਟਿਆ ਸੀ। ਉਸ ਨੇ ਆਪਣੇ ਖੂਹ 'ਚੋਂ ਬਾਲਟੀ ਕੱਢ ਕੇ ਸਾਇਕਲ ਨੂੰ ਰਗੜ-ਰਗੜ ਕੇ ਧੋਤਾ ਸੀ। ਮੈਂ ਪੰਡਿਤ ਦੇ ਘਰ ਦੇ ਸਾਹਮਣੇ ਹੀ ਗਲੀ 'ਚ ਪਿਆ ਪਿਆ ਕੁਰਲਾਉਂਦਾ ਰਿਹਾ ਸਾਂ। ਬਾਅਦ 'ਚ ਮੇਰੀ ਮਾਂ ਤੇ ਰਾਮਕਲੀ ਚਾਚੀ ਨੇ ਮੈਨੂੰ ਉਥੋਂ ਚੁਕਿਆ ਸੀ।

ਪਿਛਲੇ ਵਰ੍ਹੇ (2004) ਵਿਸਾਖ ਦੇ ਮਹੀਨੇ 'ਚ ਮੇਰੇ ਚਾਚੇ ਦੇ ਮੁੰਡੇ ਦੇ ਮੁੰਡੇ ਦੇ ਵਿਆਹ 'ਚ ਮੈਂ ਦਿੱਲੀ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ। ਕਾਰ ਘਰ ਦੇ ਦਰਵਾਜੇ ਤੇ ਖੜੀ ਸੀ। ਉਸੇ ਪੰਡਿਤ ਹਰਚਰਨ ਦਾ ਪੋਤਾ ਬਹੁਤ ਬੀਮਾਰ ਸੀ। ਚਾਰ ਪੰਜ ਸਾਲ ਦੇ ਬੱਚੇ ਦੀ ਤਬੀਅਤ ਪਲ-ਪਲ ਵਿਗੜਦੀ ਜਾ ਰਹੀ ਸੀ। ਪੰਡਿਤ ਹਰਚਰਨ ਤੇ ਉਸ ਦੇ ਟੱਬਰ ਦੇ ਬਾਕੀ ਜੀਅ ਬਹੁਤ ਘਬਰਾ ਗਏ ਸਨ। ਸਾਡੇ ਪਿੰਡ ਤੋਂ ਛਰਰਾ ਕਸਬਾ ਤਿੰਨ ਕਿਲੋਮੀਟਰ ਤੋਂ ਵੀ ਜਿਆਦਾ ਦੂਰੀ ਤੇ ਹੈ। ਸਾਇਕਲ ਜਾਂ ਗੱਡੇ ਵਗੈਰਾ ਤੇ ਡਾਕਟਰ ਕੋਲ ਪੁੱਜਣ 'ਚ ਦੇਰੀ ਲੱਗ ਸਕਦੀ ਸੀ। ਸਾਡੇ ਘਰ ਦੇ ਵਿਹੜੇ 'ਚ ਗੱਡੀ ਨੂੰ ਖੜਾ ਵੇਖ ਪੰਡਿਤ ਹਰਚਰਨ ਮਿੰਨਤਾਂ ਤਰਲੇ ਕਰਦਿਆਂ ਬੋਲਿਆ, ਉਸ ਦੀਆਂ ਅੱਖਾਂ 'ਚ ਹੰਝੂ ਵੀ ਸਨ- "ਵੀਰਿਆ ਸਾਡੇ ਛੋਟੇ ਬੱਚੇ ਦੀ ਤਬੀਅਤ ਬਹੁਤ ਖਰਾਬ ਹੈ, ਜੇ ਥੋੜੀ ਜਿਹੀ ਹੋਰ ਦੇਰ ਹੋ ਗਈ ਤਾਂ ਬੱਚਾ ਗਿਆ ਹੱਥੋਂ...। ਛਰਰਾ ਤਕ ਆਪਣੀ ਗੱਡੀ...।"

ਮੈਂ ਜਾਣ ਗਿਆ ਸਾਂ ਕਿ ਪੰਡਿਤ ਹਰਚਰਨ ਦੀ ਅਵਾਜ਼ ਲਗਾਤਾਰ ਇਸ ਲਈ ਹੀ ਨਹੀਂ ਟੁੱਟ ਭੱਜ




ਰਹੀ ਸੀ ਕਿ ਉਸਦਾ ਪੋਤਾ ਹੱਥੋਂ ਜਾ ਸਕਦਾ ਸੀ, ਸਗੋਂ ਉਸ ਪੁਰਾਣੀ ਸ਼ਰਮ ਤੇ ਹੈਂਕੜਬਾਜੀ ਕਰਕੇ ਵੀ ਟੁੱਟ ਰਹੀ ਸੀ। ਇੱਕ ਸਮਾਂ ਸੀ ਜਦੋਂ ਪੰਡਿਤ ਹਰਚਰਨ ਦੀ ਨਵੀਂ ਸਾਇਕਲ ਪੂਰੇ ਪਿੰਡ 'ਚ ਚਰਚਾ ਤੇ ਨੁਮਾਇਸ਼ੀ ਦੀ ਚੀਜ ਬਣੀ ਹੋਈ ਸੀ। ਇਸੇ ਘੁਮੰਡ ਕਰਕੇ ਉਸ ਨੂੰ ਭੰਗੀ ਦਾ ਇੱਕ ਲੜਕਾ ਇਕ ਕੀੜੇ ਮਕੌੜੇ ਤੋਂ ਵੱਧ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਪਰ ਕੀ ਸਮਾਂ ਕਦੇ ਇਕੋ ਜਿਹਾ ਵੀ ਰਿਹਾ? ਉਹੀ ਪੰਡਿਤ ਹਰਚਰਨ ਤੇ ਉਹੀ ਮੈਂ। ਜ਼ਰੂਰਤ ਦੇ ਨਰੜ 'ਚ ਨਰੜਿਆ ਅੱਜ ਉਹ ਆਪਣਾ ਸਿਰ ਸੁੱਟੀ ਮੇਰੇ ਦਰ 'ਤੇ ਨਿਮਾਣਿਆਂ ਵਾਂਗੂ ਖੜਾ ਸੀ। ਮੈਂ ਚਾਹੁੰਦਾ ਹੋਇਆ ਵੀ ਉਸ ਨੂੰ ਮਨ੍ਹਾਂ ਨਹੀਂ ਸੀ ਕਰ ਸਕਿਆ। ਮੈਂ ਚਾਹੁੰਦਾ ਸਾਂ ਕਿ ਉਸ ਨੂੰ ਉਸ ਦੀ ਕਰਨੀ ਦਾ ਅਹਿਸਾਸ ਕਰਾਵਾਂ। ਆਪਣੀ ਪਿੱਠ ਤੇ ਪਈਆਂ ਉਸ ਦੀਆਂ ਸੋਟੀਆਂ ਦੀ ਮਾਰ ਦਾ ਅਹਿਸਾਸ ਜਿਵੇਂ ਮੁੜ ਜਾਗ ਪਿਆ ਸੀ। ਪਰ ਬੱਚੇ ਦੀ ਵਿਗੜਦੀ ਹਾਲਤ ਤੇ ਉਸ ਦੇ ਚੇਹਰੇ ਦੇ ਭਾਵਾਂ ਨੇ ਮੈਨੂੰ ਜਿਵੇਂ ਮੋਮ ਦਾ ਬਣਾ ਦਿੱਤਾ ਹੋਵੇ। ਮੇਰੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ। ਮੈਨੂੰ ਨਹੀਂ ਪਤਾ ਮੈਂ ਕਦੋਂ ਦਰਵਾਜਾ ਖੋਲ੍ਹਿਆ ਤੇ ਡਰਾਈਵਿੰਗ ਸੀਟ ਤੇ ਆ ਬੈਠਾ। ਮੇਰੇ ਮੂੰਹੋਂ ਸਿਰਫ ਇਹੀ ਨਿਕਲਿਆ ,

"ਆਓ ਬੈਠ ਜਾਓ।" ਮੈਂ ਉਸ ਨੂੰ, ਉਸਦੀ ਨੂੰਹ ਅਤੇ ਬੱਚੇ ਨੂੰ ਲੈ ਕੇ ਛਰਰਾ ਕਸਬੇ ਵੱਲ ਚਲ ਪਿਆ ਸੀ। ਡਾਕਟਰ ਨੇ ਬੱਚੇ ਦੀ ਜਾਂਚ ਕਰਨ ਤੋਂ ਬਾਅਦ ਇਕ ਇਂਜੈਕਸ਼ਨ ਲਗਾਇਆ ਅਤੇ ਖਾਣ ਲਈ ਦਵਾਈ ਵੀ ਦਿੱਤੀ। ਘੰਟੇ ਕੁ ਬਾਅਦ ਬੱਚੇ ਨੂੰ ਹੋਸ ਆ ਗਿਆ ਸੀ। ਮੈਂ ਉਸ ਨੂੰ ਲੈ ਕੇ ਫਿਰ ਪਿੰਡ ਚਲੇ ਗਿਆ ਸੀ। ਗੱਡੀ ਤੋਂ ਉਤਰਦੇ ਹੋਏ ਪੰਡਿਤ ਹਰਚਰਨ ਨੇ ਮੇਰੇ ਸਿਰ ਉੱਤੇ ਹੱਥ ਫੇਰਦਿਆ ਹੋਇਆ ਕਿਹਾ ਸੀ, "ਜੀਉਂਦੇ ਰਹੋ ਬੇਟੇ, ਇਸ ਤੋਂ ਵੱਧ ਤਰੱਕੀ ਕਰੋ!"

ਪੰਡਿਤ ਹਰਚਰਨ ਹੁਣ ਉੱਥੋਂ ਚਲਾ ਗਿਆ ਸੀ। ਉਸ ਦੇ ਜਾਣ ਤੋਂ ਬਾਅਦ ਮੈਨੂੰ ਬੁੱਧ ਦੇ ਉਸ ਕਥਨ ਦੀ ਹਕੀਕਤ ਸਮਝ ਆਈ ਕਿ ਨਫ਼ਰਤ ਨਾਲ ਨਫ਼ਰਤ ਦਾ ਕਦੇ ਖਾਤਮਾ ਨਹੀਂ ਹੁੰਦਾ। ਨਫ਼ਰਤ ਹਮੇਸ਼ਾ ਪ੍ਰੇਮ ਨਾਲ ਹੀ ਖ਼ਤਮ ਹੁੰਦੀ ਹੈ। ਪਰ ਇਥੇ ਇਹ ਵੀ ਕਹਿਣ ਪਵੇਗਾ ਕਿ ਪ੍ਰੇਮ ਪੈਦਾ ਹੋਣ ਲਈ ਸਮਾਜਿਕ ਬਰਾਬਰੀ ਬਹੁਤ ਜ਼ਰੂਰੀ ਹੈ। ਮੇਰੀ ਆਰਥਿਕ ਉਚਾਈ ਨੇ ਪੰਡਿਤ ਹਰਚਰਨ ਨਾਲ ਮੇਰੀ ਬਰਾਬਰੀ ਕਰ ਦਿੱਤੀ ਸੀ। ਲੇਖਕ ਦਾ ਪਤਾ : ਡੀ-20, ਐਸ. ਟੀ. ਸੀ. ਕਾਲੋਨੀ, ਮਹਿਰੌਲੀ ਰੋਡ, ਨਵੀਂ ਦਿੱਲੀ-17

**ਸਾਹਿਤ ਚਿੰਤਨ ਦੇ ਗੰਭੀਰ ਮੁੱਦਿਆਂ ਨਾਲ ਸੰਵਾਦ ਰਚਾਉਂਦੀ**
**ਰਜਨੀਸ਼ ਬਹਾਦਰ ਸਿੰਘ ਵਲੋਂ ਲਿਖੀ ਆਲੋਚਨਾ ਦੀ ਪ੍ਰਮੁੱਖ ਪੁਸਤਕ**

**ਪੰਜਾਬੀ ਸਾਹਿਤ ਚਿੰਤਨ**
**ਆਧਾਰ ਤੇ ਉਸਾਰ**




ਜਦੋਂ ਮੈਂ ਰਜਨੀਸ਼ ਬਹਾਦਰ ਸਿੰਘ ਨੂੰ ਵਿਚਾਰਧਾਰਾਈ ਆਲੋਚਕ ਕਹਿੰਦਾ ਹਾਂ ਤਾਂ ਮੈਨੂੰ ਆਪਣੀ ਗੱਲ ਸਮਝਾਉਣ ਲਈ, ਉਸ ਨੂੰ ਵਿਚਾਰ-ਪੱਧਤੀ ਵਾਲੇ ਚਿੰਤਕਾਂ ਤੋਂ ਨਿਖੇੜਨਾ ਪੈਂਦਾ ਹੈ। ਪੱਧਤੀ ਬੇ ਲਚਕ ਖ਼ਿਆਲਾਂ ਦੀ ਪੈਰਵੀ ਵਿਚ ਨਿਹਿਤ ਹੁੰਦੀ ਹੈ। ਸਮਿਆਂ ਦੀ ਤਬਦੀਲੀ ਅਨੁਸਾਰ ਇਹ ਆਪਣੇ ਆਪ ਨੂੰ ਸੋਧ ਨਹੀਂ ਸਕਦੀ। ਇਸ ਪੁਸਤਕ ਵਿਚ ਕਈ ਮਜ਼ਬੂਨ ਜਿਵੇਂ, ਸਭਿਆਚਾਰਕ ਰਾਸ਼ਟਰਵਾਦ, ਭਗਤ ਸਿੰਘ ਦਾ ਚਿੰਤਨ, ਦਲਿਤ ਚਿੰਤਨ, ਪਰਵਾਸੀ ਸਮੱਸਿਆਕਾਰ ਮੇਰੀ ਜਾਚੇ ਧਿਆਨ ਦੇਣ ਯੋਗ ਹਨ।

-ਜ. ਸ. ਰਾਹੀ

*ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ ਮੁੱਲ :275, ਪੰਨੇ :223*

# ਹੁੰਗਾਰਾ

*1.* 'ਕਹਾਣੀ ਧਾਰਾ-17 ਅਪ੍ਰੈਲ-ਜੂਨ,2010 ਅੰਕ ਵਿਚ ਅੰਕਤ ਦੇਵਦਾਸੀਆਂ ਬਾਰੇ ਲੇਖ, ਸਰੂਪ ਸਿਆਲਵੀ ਦੀ ਕਹਾਣੀ 'ਸੂਤ ਪੁੱਤਰ' ਅਤੇ ਆਪਦਾ ਸੰਪਾਦਕੀ ਜ਼ਿਕਰਯੋਗ ਤੇ ਵਿਚਾਰ ਉਕਸਾਊ ਲਿਖਤਾਂ ਹਨ। ਦੇਵਦਾਸੀ ਪ੍ਰਥਾ ਹਿੰਦੂ ਧਾਰਮਿਕ-ਸਮਾਜਿਕ ਵਰਤਾਰੇ ਦੀ ਉਪਜ ਹੈ। ਇਸ ਬਾਰੇ ਕਾਫ਼ੀ ਸਮੱਗਰੀ ਉਪਲਬਧ ਹੈ ਲੇਕਿਨ ਉਹ ਵੱਖਰੇ ਵੱਖਰੇ ਸਰੋਤਾਂ ਰਾਹੀਂ ਇਕੱਠੀ ਕਰਨੀ ਪੈਂਦੀ ਹੈ। ਇਸ ਸਮੱਸਿਆ ਉੱਤੇ ਕਈ ਫਿਲਮਾਂ ਵੀ ਬਣ ਚੁੱਕੀਆਂ ਹਨ ਜੋ ਕਿ ਦੇਵਦਾਸੀਆਂ ਦੀ ਤਰਸਯੋਗ ਹਾਲਤ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਅਤੇ ਇਸ ਪ੍ਰਥਾ ਦੀ ਉੱਤਪਤੀ ਬਾਰੇ ਵੀ ਦਰਸਾਉਂਦੀਆਂ ਹਨ। ਪਿੱਛੇ ਜਿਹੇ 'ਹੋਲੀ ਵਾਈਵਾਜ਼' ਦੇ ਨਾਂ ਹੇਠ ਇੱਕ ਡੌਕੂਮੈਂਟਰੀ ਫ਼ਿਲਮ ਬਣੀ ਹੈ ਜਿਸ ਵਿੱਚ ਕਰਨਾਟਕਾ, ਆਂਧਰਾ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਦੇਵਦਾਸੀਆਂ ਦੇ ਜੀਵਨ ਨੂੰ ਕੇਂਦਰ-ਬਿੰਦੂ ਬਣਾਇਆ ਗਿਆ ਹੈ। ਕਿਸੇ ਵੀ ਰਾਜ ਦੀ ਸਰਕਾਰ ਤੇ ਨਾਂ ਹੀ ਕੇਂਦਰ ਸਰਕਾਰ ਨੇ ਇਹਨਾਂ ਦੇ ਉਥਾਨ ਅਤੇ ਮੁੜ ਵਸੇਵੇ ਲਈ ਕੋਈ ਠੋਸ ਕਦਮ ਨਹੀਂ ਉਠਾ ਸਕੀਆਂ ਹਨ। ਇਹ ਬੜੇ ਅਫ਼ਸੋਸ ਦੀ ਗੱਲ ਹੈ। ਕਿ ਹਿੰਦੂ ਧਾਰਮਿਕ ਆਗੂਆਂ ਅਤੇ ਸਮਾਜ ਸੁਧਾਰਕਾਂ ਨੇ ਕਦੇ ਇਹਨਾਂ ਔਰਤਾਂ ਬਾਰੇ ਕੋਈ ਸਾਰਥਕ ਉਪਰਾਲਾ ਨਹੀਂ ਕੀਤਾ। ਕਿਰਪਾਲ ਕਜ਼ਾਕ ਨੇ ਕਾਫ਼ੀ ਵੱਡੇ ਕੈਨਵਸ ਦੇ ਆਧਾਰ ਤੇ ਇਸ ਸਮੱਸਿਆ ਨੂੰ ਉਜਾਗਰ ਕੀਤਾ ਹੈ। ਇਸ ਤਰ੍ਹਾਂ ਦੇ ਹੋਰ ਕਈ ਸੈਕੜੇ ਹੀ ਸਮਾਜਿਕ ਸਮੂਹ ਹਨ ਜਿਹੜੇ ਹਾਸ਼ੀਏ ਤੋਂ ਬਾਹਰ ਜੀਵਨ ਗੁਜ਼ਾਰ ਰਹੇ ਹਨ। ਜਿਵੇਂ ਬਹੁਰੂਪੀਏ, ਅਰਾਵਨੀਜ਼, ਆਦਿਵਾਸੀ ਅਤੇ ਇਹਨਾਂ ਦੇ ਅਲੱਗ ਅਲੱਗ ਸਮੂਹ ਤੇ ਕਰਿਮਿਨਲ ਅਤੇ ਟੱਪਰੀਵਾਸ ਕਬੀਲੇ ਆਦਿ। ਕਈ ਰਾਜਾਂ ਵਿੱਚ ਕਬੀਲਿਆਂ ਦੇ ਐਸੇ ਝੁੰਡ ਵੱਸਦੇ ਹਨ ਜਿਹਨਾਂ ਨੇ ਕਦੀ ਸ਼ਹਿਰ ਦੀ ਝਿਲਮਿਲ ਨਹੀਂ ਦੇਖੀ ਹੈ। ਇਹਨਾਂ ਦੀਆਂ ਔਰਤਾਂ ਨੂੰ ਆਪਣਾ ਮੂੰਹ ਕਦੇ ਸ਼ੀਸ਼ੇ ਵਿੱਚ ਦੇਖਣਾ ਨਸੀਬ ਨਹੀਂ ਹੋਇਆ। ਪਿੱਛੇ ਜਿਹੇ ਦੂਰਦਰਸ਼ਨ ਉੱਤੇ ਨੈਸ਼ਨਲ ਵਿਮਿਨ ਕਮਿਸ਼ਨ ਦੀ ਸਾਬਕਾ ਚੇਅਰ ਪਰਸਨ ਡਾ. ਮੋਹਿਨੀ ਗਿਰੀ ਨੇ ਦੱਸਿਆ ਕਿ ਤਾਮਿਲਨਾਡੂ ਦੇ ਇਕ ਕਿਨਾਰੇ ਤੇ ਵਸਦੇ ਕਬੀਲੇ ਦੀਆਂ ਔਰਤਾਂ ਬਹੁਤ ਸੁੰਦਰ ਹਨ ਲੇਕਿਨ ਉਹਨਾਂ ਨੂੰ ਆਪਣੀ ਏਸ ਸੁੰਦਰਤਾ ਦਾ ਅਹਿਸਾਸ ਨਹੀਂ ਹੈ। ਡਾ. ਮੋਹਿਨੀ ਨੇ ਜਦ ਅਜਿਹੀ ਇਕ ਨੌਜਵਾਨ ਔਰਤ ਨੂੰ ਕਿਹਾ ਕਿ ਉਹ ਬਹੁਤ ਸੁੰਦਰ ਹੈ ਤਾਂ ਉਸ ਔਰਤ ਨੇ ਕਿਹਾ ਕਿ ਮੈਂ ਸ਼ੀਸ਼ੇ ਵਿਚ ਕਦੀ ਆਪਣਾ ਮੂੰਹ ਹੀ ਨਹੀਂ ਵੇਖਿਆ, ਉਹਨਾਂ ਕੋਲ ਏਨੇ ਸਾਧਨ ਹੀ ਨਹੀਂ ਹਨ ਕਿ ਉਹ ਹਾਰ ਸ਼ਿੰਗਾਰ ਲਈ ਅਜਿਹੀਆਂ ਵਸਤੂਆਂ ਖਰੀਦ ਸਕਣ। ਹਿੰਦੂ ਸੱਭਿਅਤਾ ਦੇ ਇਸ ਮਾਰੂ ਵਰਤਾਰੇ ਦੇ ਖ਼ਿਲਾਫ਼ ਜੋਰਦਾਰ ਅਵਾਜ਼ ਸਿਰਫ ਡਾ. ਅੰਬੇਡਕਰ ਨੇ ਹੀ ਉਠਾਈ ਹੈ। ਲੇਖਕ ਨੇ ਅਜਿਹੀ ਇੱਕ ਸਮੱਸਿਆ ਨੂੰ ਦਲਿਤ ਸ਼ੋਸ਼ਣ ਦੇ ਮੁੱਦੇ ਦੇ ਆਧਾਰ ਤੇ ਉਭਾਰਿਆ ਹੈ, ਉਮੀਦ ਹੈ ਘੱਟੋ ਘੱਟ ਪੰਜਾਬੀ ਦਲਿਤ ਸਾਹਿਤ ਤੇ ਚਿੰਤਨ ਨਾਲ ਜੁੜੇ ਲੇਖਕ ਇਸ ਤੋਂ ਪ੍ਰੇਰਨਾ ਲੈ ਕੇ ਆਪਣੀ ਸਿਰਜਣਾਤਮਕ ਊਰਜਾ ਨੂੰ ਸਮਾਜਿਕ ਵਰਜਣ ਦੇ ਸਮੂਹ ਦੇ ਸ਼ਿਕਾਰ ਲੋਕਾਂ ਦੀ ਤਰਾਸਦੀ ਨੂੰ ਅਭਿਵਿਅਕਤ ਕਰਨਗੇ।

*2.* ਅਦਾਰਾ 'ਕਹਾਣੀ ਧਾਰਾ' ਇਸ ਗੱਲ ਲਈ ਮੁਬਾਰਕਵਾਦ ਦਾ ਹੱਕਦਾਰ ਹੈ ਕਿ ਉਸਨੇ ਸਰੂਪ ਸਿਆਲਵੀ ਦੀ ਲੰਬੀ ਕਹਾਣੀ 'ਸੂਤ ਪੁੱਤਰ... ਕਰਣ' ਛਾਪਣ ਦਾ ਹੌਂਸਲਾ ਕੀਤਾ ਹੈ। 'ਕਹਾਣੀ ਧਾਰਾ' ਨੇ ਪਹਿਲਾਂ ਵੀ ਸਰੂਪ ਸਿਆਲਵੀ ਦੀ ਇੱਕ ਹੋਰ ਲੰਬੀ ਕਹਾਣੀ 'ਕਾਲ-ਕਲੰਤਰ' ਨੂੰ ਵੀ ਛਾਪਿਆ ਸੀ। ਕਹਾਣੀਕਾਰ ਨੇ ਇਹ ਕਹਾਣੀ ਰਾਹੁਲ ਸ਼ੰਕਰਤਿਯਾਨ ਦੇ ਸਟਾਇਲ ਨੂੰ ਆਧਾਰ ਬਣਾ ਕੇ ਲਿਖੀ ਜਾਪਦੀ ਹੈ। ਇਤਿਹਾਸ ਨੂੰ ਛੋਟੇ ਛੋਟੇ ਪ੍ਰਸੰਗਾਂ ਵਿਚ ਢਾਲ ਕੇ ਜਿਸ ਕਦਰ ਕਹਾਣੀ ਕਲਾ ਰਾਹੀ ਸਿਰਜਿਆ ਹੈ ਉਹ ਪੰਜਾਬੀ ਕਹਾਣੀ ਵਿਚ ਇਕ ਨਵਾਂ ਮੋੜ ਹੈ। ਵਿਸ਼ਾ ਵਸਤੂ ਪੱਖੋਂ ਇਹ ਦੋਨੋਂ ਕਹਾਣੀਆਂ ਇੱਕ ਵੱਖਰਾ ਵਿਚਾਰਧਾਰਕ ਪੈਰਾਡਾਈਮ ਸਿਰਜਦੀਆਂ ਹਨ। ਇਹ ਅਫਸੋਸਜਨਕ ਹੈ ਕਿ 'ਕਲਾ ਕਲੰਤਰ' ਕਹਾਣੀ ਬਾਰੇ ਪੰਜਾਬੀ ਸਾਹਿਤਕ ਆਲੋਚਕਾਂ ਨੇ ਕੋਈ ਗੱਲ ਨਹੀਂ ਕੀਤੀ। 'ਸੂਤ ਪੁੱਤਰ' ਕਹਾਣੀ ਦਾ ਕੈਨਵਸ ਵੀ



ਬਹੁਤ ਵਿਸ਼ਾਲ ਹੈ। ਇਸ ਕਹਾਣੀ ਵਿਚ ਦੋ ਗੱਲਾਂ ਬਹੁਤ ਖ਼ੂਬਸੂਰਤ ਹਨ। ਪਹਿਲੀ, ਕਹਾਣੀਕਾਰ ਨੇ ਮਹਾਂਭਾਰਤ ਵਿਚ ਦੁਰਕਾਰੇ ਤੇ ਤ੍ਰਿਸ਼ਕਾਰ ਦੇ ਪਾਤਰ ਬਣਾ ਕੇ ਪੇਸ਼ ਕੀਤੇ ਨੀਵੀਆਂ ਜਾਤੀਆਂ ਦੇ ਸੂਰਵੀਰਾਂ ਨੂੰ ਉਹਨਾਂ ਦੀਆਂ ਕਲਾ ਭਰਪੂਰ ਯੋਗਤਾਵਾਂ ਦੇ ਆਧਾਰ ਤੇ ਉਭਾਰਿਆ ਹੈ। ਇਸ ਕਹਾਣੀ ਦੀ ਇਹ ਪ੍ਰਾਪਤੀ ਹੈ। ਜਿਸ ਰਾਜਨੀਤਿਕ ਦੰਭ ਰਾਹੀ ਸਦੀਆਂ ਤੋਂ ਉੱਚ ਜਾਤੀ ਲੋਕਾਂ ਨੇ 'ਜਾਤਾਂ ਦੀ ਰਾਜਨੀਤੀ' ਦੇ ਆਧਾਰ ਤੇ ਰਾਜ ਭਾਗ ਉੱਤੇ ਕਬਜ਼ਾ ਕਰੀ ਰੱਖਿਆ ਹੈ, ਇਹ ਕਹਾਣੀ ਉਸ ਦੰਭ ਨੂੰ ਵੀ ਉਜਾਗਰ ਕਰਦੀ ਹੈ।

ਦੂਸਰੀ, ਪ੍ਰਸਿੱਧ ਸੰਸਕ੍ਰਿਤ ਸਕਾਲਰ ਪੀ. ਵੀ. ਕਾਨ੍ਹੇ ਅਨੁਸਾਰ 'ਮਹਾਂ-ਕਾਵਿ ਮਹਾਂਭਾਰਤ' ਤੇ ਰਮਾਇਣ ਨੂੰ ਸਾਹਿਤਿਕ ਰੂਪ ਦੇਣ ਵਾਲਿਆਂ ਸੰਪਾਦਕਾਂ ਤੇ ਸ਼ੋਧਕਾਂ ਨੇ ਇਹਨਾਂ ਦੀਆਂ ਧਰਮ ਸ਼ਾਸ਼ਤਰਾਂ ਅਨੁਕੂਲ ਸਿੱਖਿਆਵਾਂ ਨੂੰ ਸਾਧਾਰਨ ਲੋਕਾਂ ਤੱਕ ਲੈ ਜਾਣ ਦੀ ਸ਼ਕਤੀਸ਼ਾਲੀ ਭੂਮਿਕਾ ਨਿਭਾਈ ਹੈ।" ਸਰੂਪ ਸਿਆਲਵੀ ਨੇ ਮਹਾਂਭਾਰਤ ਦੀ ਇਸ ਭੂਮਿਕਾ ਨੂੰ ਉਜਾਗਰ ਕਰਕੇ ਹਾਸ਼ੀਆਗ਼ਤ ਲੋਕਾਂ ਨੂੰ ਨਾਇਕ ਦੇ ਤੌਰ ਤੇ ਪੇਸ਼ ਕੀਤਾ ਹੈ।

*3.* ਭਗਵੰਤ ਰਸੂਲਪੁਰੀ ਨੇ ਸੰਪਾਦਕੀ ਰਾਹੀਂ ਪੰਜਾਬ ਦੇ ਦੋਆਬਾ ਖੇਤਰ ਵਿਚ ਜਲੰਧਰ ਸ਼ਹਿਰ ਦੇ ਆਸ ਪਾਸ ਰਹਿੰਦੇ ਆਦਿ-ਧਰਮੀ ਉਪਜਾਤੀ ਦੇ ਲੋਕਾਂ ਦੇ ਆਰਥਿਕ ਉਜਾੜੇ ਦੀ ਗੱਲ ਕੀਤੀ ਹੈ। ਇਸ ਖਿੱਤੇ ਨੂੰ ਕੇਂਦਰ ਬਣਾ ਕੇ ਉਹ ਕਹਿਣਾ ਚਾਹੁੰਦਾ ਹੈ ਕਿ ਪੂਰੇ ਦੇਸ਼ ਵਿੱਚ ਹਾਸ਼ੀਆਗਤ ਲੋਕਾਂ ਨੂੰ ਉਹਨਾਂ ਦੇ ਆਰਥਿਕ ਸਾਧਨਾਂ ਤੋਂ ਕਿਉਂ ਵੱਖ ਕੀਤਾ ਜਾ ਰਿਹਾ ਹੈ। ਮਸਲਾ ਤਾਂ ਇਹ ਕਾਫ਼ੀ ਗੰਭੀਰ ਹੈ, ਉਹ ਖ਼ੁਦ ਵੀ ਮੰਨਦਾ ਹੈ। ਸੰਖੇਪ ਵਿਚ ਮੈਂ ਦੋ ਟਿੱਪਣੀਆਂ ਕਰਨੀਆਂ ਹਨ-

ਪਹਿਲੀ ਸੰਪਾਦਕੀ ਪੜ੍ਹਨ ਉਪਰੰਤ ਇਹ ਦ੍ਰਿੜ ਹੋ ਗਿਆ ਹੈ ਕਿ ਜਾਤੀਆਂ ਦੀ ਉੱਤਪਤੀ ਦਾ ਸੰਬੰਧ ਕੰਮਾਂ ਦੀ ਵੰਡ ਨਾਲ ਨਹੀਂ ਹੈ। ਆਦਿ-ਧਰਮੀ ਲੋਕ ਜਦੋਂ ਚਮੜੇ ਦਾ ਕੰਮ ਕਰਦੇ ਸਨ ਉਹ ਉਦੋਂ ਵੀ ਨੀਵੀਂ ਜਾਤ ਦੇ ਸਨ ਭਾਵੇਂ ਉਹ ਖੁਸ਼ਹਾਲ ਸਨ ਤੇ ਹੁਣ ਜਦੋਂ ਉਹਨਾਂ ਦਾ ਉਜਾੜਾ ਹੋ ਰਿਹਾ ਹੈ ਫਿਰ ਵੀ ਨੀਵੀਂ ਜਾਤ ਦੇ ਹੀ ਹਨ। ਉਹਨਾਂ ਦਾ ਕੰਮ ਖ਼ੁੱਸਣ ਨਾਲ ਜਾਤ ਨਹੀਂ ਬਦਲੀ ਅਤੇ ਨਾ ਹੀ ਉਹਨਾਂ ਦੀ ਜਾਤ ਬਦਲੀ ਹੈ ਜਿਹਨਾਂ ਨੂੰ ਭਗਵੰਤ ਰਸੂਲਪੁਰੀ ਬਾਣੀਆਂ ਬਿਰਤੀ ਦੇ ਵਪਾਰੀ ਲੋਕ ਕਹਿੰਦਾ ਹੈ ਅਤੇ ਜਿਹਨਾਂ ਨੇ ਇਸ ਕਿੱਤੇ ਵਿਚ ਹੁਣ ਜੈ ਜਗਦੰਬੇ, ਮਾਂ ਲਕਸ਼ਮੀ, ਸ਼੍ਰੀ ਗਣੇਸ਼, ਵਰਮਾ ਸ਼ਰਮਾ ਆਦਿ ਨਾਵਾਂ ਨਾਲ ਮਾਰਬਲ ਦੀਆਂ ਹੱਟੀਆਂ ਬਣਾ ਲਈਆਂ ਹਨ। ਇਹਨਾਂ ਵਪਾਰੀ ਲੋਕਾਂ ਵਿੱਚੋਂ ਕਈ ਅਜਿਹੇ ਵੀ ਹਨ ਜਿਹੜੇ ਹੁਣ ਇਸ ਕਿੱਤੇ ਵਿੱਚ ਚਮੜੇ ਦੇ ਕਾਰਖਾਨੇ ਵੀ ਚਲਾਉਂਦੇ ਹਨ। ਉਹ ਚਮਾਰ ਨਹੀਂ ਬਣ ਗਏ ਹਨ। ਭਾਰਤੀ ਇਤਿਹਾਸ ਵਿੱਚ ਕੰਮਾਂ ਕਾਰਾਂ ਨੂੰ ਜਾਤੀਆਂ ਨਾਲ ਬਹੁਤ ਪਿੱਛੋਂ ਆ ਕੇ ਜੋੜਿਆ ਗਿਆ ਹੈ। ਜੋ ਜਾਤੀਆਂ ਦੀ ਉੱਤਪਤੀ ਦਾ ਸੰਬੰਧ ਸਗੋਤਰ ਵਿਆਹ ਦੀ ਰੀਤ ਨਾਲ ਹੈ। ਦਲਿਤਾਂ ਨੂੰ ਜਾਤੀਆਂ ਦੇ 'ਨਿਰੰਤਰਤਾ ਦੇ ਮੈਕੇਨਿਜ਼ਮ' ਨੂੰ ਗੰਭੀਰਤਾ ਨਾਲ ਸਮਝਣਾ ਪਏਗਾ। ਜਿਹੜੇ ਲੋਕ ਸਭਿਆਚਾਰਕ ਵਰਤਾਰੇ ਦੇ ਏਨੇ ਲੰਬੇ ਸਮੇਂ ਤੋਂ ਸ਼ਿਕਾਰ ਰਹੇ ਹੋਣ, ਜੇ ਉਹ ਉਸ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਹਨ ਤਾਂ ਉਹ ਖ਼ੁਦ ਜ਼ਿੰਮੇਵਾਰ ਹਨ। ਦੂਸਰੀ ਟਿੱਪਣੀ ਇਹ ਹੈ ਕਿ ਇਸ ਸਭਿਆਚਾਰਕ ਵਰਤਾਰੇ ਦਾ ਸਭ ਤੋਂ ਘਿਨੌਣਾ ਪੱਖ ਛੂਆ-ਛੂਤ ਦੀ ਸਮੱਸਿਆ ਹੈ। ਛੂਆ-ਛੂਤ ਦੀ ਭਾਵਨਾ ਸਾਡੇ ਧਾਰਮਿਕ ਸਮਾਜਿਕ ਤੇ ਵਿਵਹਾਰਕ ਪੈਟਰਨ ਵਿਚ ਨਹਿੱਤ ਹੈ। ਸਮੁੱਚੇ ਭਾਰਤ ਵਿਚ ਜਿੱਥੇ ਕਿਤੇ ਵੀ ਦਲਿਤਾਂ ਤੇ ਧਾਰਮਿਕ ਘੱਟ ਗਿਣਤੀ ਦੇ ਲੋਕਾਂ ਵਿਰੁੱਧ ਦੰਗੇ ਕਰਾਏ ਜਾਂਦੇ ਹਨ। ਉਸਦੇ ਪਿੱਛੇ ਧਾਰਮਿਕ ਰਾਜਨੀਤਿਕ ਸ਼ਕਤੀਆਂ ਦੇ ਆਰਥਿਕ ਹਿੱਤ ਰਹੇ ਹਨ। ਗੁਜਰਾਤ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਯੂ. ਪੀ. ਆਦਿ ਰਾਜਾਂ ਵਿੱਚ ਜਿੱਥੇ ਜਿੱਥੇ ਵੀ ਮੁਸਲਮਾਨਾਂ ਨੇ ਛੋਟੇ ਮੋਟੇ ਕੰਮ ਕਾਰ ਸ਼ੁਰੂ ਕੀਤੇ ਸਨ, ਉੱਥੋਂ ਉੱਥੋਂ ਹੀ ਉਹਨਾਂ ਨੂੰ ਉਜਾੜਿਆ ਗਿਆ ਹੈ। ਇਹਨਾਂ ਦੰਗਿਆਂ ਦੇ ਪੜਤਾਲੀਆ ਕਮਿਸ਼ਨਾਂ ਦੀਆਂ ਰਿਪੋਟਾਂ ਨੇ ਸਥਾਪਿਤ ਕਰ ਦਿੱਤਾ ਹੈ ਕਿ ਇਹਨਾਂ ਪਿੱਛੇ ਹਿੰਦੂਤਵ ਦੀ ਮਾਨਸਿਕਤਾ ਨਾਲ ਲੈਸ ਅਨਸਰਾਂ ਦਾ ਹੱਥ ਰਿਹਾ ਹੈ।

ਛੂਆ-ਛੂਤ ਦੇ ਵਰਤਾਰੇ ਨੂੰ ਸਮਝੇ ਬਗੈਰ ਦਲਿਤ ਤੇ ਦੂਸਰੇ ਹਾਸ਼ੀਆਗਤ ਲੋਕ ਆਪਣੀ ਆਰਥਿਕ ਤੇ ਸਮਾਜਿਕ ਮੁਕਤੀ ਲਈ ਕੋਈ ਬਲਿਊਪ੍ਰਿੰਟ ਨਹੀਂ ਸਿਰਜ ਸਕਦੇ। ਜਾਤੀ ਵੰਡ ਤੇ ਛੂਆ ਛੂਤ ਨੂੰ ਬਰਕਰਾਰ ਰੱਖਣ ਲਈ ਇੱਕ ਪੂਰਾ ਦਰਸ਼ਨ ਕਾਰਜਸ਼ੀਲ ਹੈ। ਜੇ ਦਲਿਤਾਂ ਨੇ ਉਸ ਦਰਸ਼ਨ ਤੋਂ ਨਿਜ਼ਾਤ ਨਹੀਂ ਪਾਉਣੀ ਤਾਂ ਅਜਿਹੇ ਉਜਾੜੇ ਵਾਪਰਦੇ ਰਹਿਣਗੇ। ਆਰਥਿਕਤਾ ਦੇ ਮਾਮਲੇ ਨੂੰ ਉਪਰੋਕਤ ਅੰਕਿਤ ਸਭਿਆਚਾਰਕ ਵਰਤਾਰੇ ਤੋਂ ਅਲੱਗ ਕਰਕੇ ਕੋਈ ਸਾਰਥਿਕ ਹੱਲ ਨਹੀਂ ਲੱਭਿਆ ਜਾ ਸਕਦਾ। ਮਾਰਕਸਵਾਦੀਆਂ ਦੇ ਨਿਰੋਲ ਆਰਥਿਕਤਾਵਾਦ ਦੇ ਸਿਧਾਂਤ ਨੇ ਹਾਸ਼ੀਆਗਤ ਤੇ ਧਾਰਮਿਕ ਘੱਟ ਗਿਣਤੀ ਲੋਕਾਂ ਦੀ ਬੇਗਾਨਗੀ ਦੂਰ ਕਰਨ ਪ੍ਰਤੀ ਕੋਈ ਠੋਸ ਉਪਰਾਲੇ ਨਹੀਂ ਕੀਤੇ। ਜਿਹਨਾਂ ਰਾਜਾਂ ਵਿਚ ਇਹਨਾਂ ਸ਼ਕਤੀਆਂ ਦਾ ਰਾਜ ਰਿਹਾ ਹੈ ਉੱਥੇ ਸਥਿਤੀ ਸਭਿਆਚਾਰਕ ਪੱਖੋਂ ਦੂਸਰੇ ਰਾਜਾਂ ਵਰਗੀ ਹੀ ਹੈ। ਪੱਛਮੀ ਬੰਗਾਲ ਵਿੱਚ ਦਲਿਤਾਂ ਅਤੇ ਮੁਸਲਮਾਨਾਂ ਪ੍ਰਤੀ ਸਰਕਾਰ ਤੇ ਸਮਾਜ ਦਾ ਰਵੱਈਆਂ ਬੇਰੁੱਖਾ ਹੀ ਰਿਹਾ ਹੈ। ਇਸ ਸੂਬੇ ਵਿੱਚ ਹਿੰਦੂ ਵਸੋ ਵਾਲੇ ਕਈ ਐਸੇ ਇਲਾਕੇ ਹਨ ਜਿੱਥੇ ਘਰਾਂ ਵਿੱਚ ਕੰਮ ਕਰਨ ਵਾਲੀਆਂ ਮੁਸਲਿਮ ਔਰਤਾਂ ਆਪਣਾ ਨਾਮ ਬਦਲ ਕੇ ਰੋਜ਼ੀ ਰੋਟੀ ਕਮਾਉਣ ਜਾਂਦੀਆਂ ਹਨ।

ਪੰਜਾਬ ਵਿਚ ਆਦਿ ਧਰਮੀ ਉਪਜਾਤੀ ਦੇ ਲੋਕ ਦਲਿਤਾਂ ਵਿਚੋਂ ਵੱਧ ਪੜ੍ਹੇ ਲਿਖੇ, ਆਰਥਿਕ ਪੱਖੋਂ ਚੰਗੇ ਤੇ ਰਾਜਨੀਤਕ ਤੌਰ ਤੇ ਚੇਤੰਨ ਹਨ। ਦਲਿਤਾਂ ਦੀ ਕੁੱਲ ਵਸੋਂ ਵਿੱਚੋਂ ਸਭ ਤੋਂ ਵੱਧ ਵਸੋਂ ਆਦਿ-ਧਰਮੀਆਂ / ਚਮਾਰਾਂ ਦੀ ਹੈ। ਇਹਨਾਂ ਦੀ ਚੋਖੀ ਵਸੋਂ ਵਿਦੇਸ਼ਾਂ ਉੱਤੇ ਨਿਰਭਰ ਹੈ। ਜਲੰਧਰ ਤੇ ਇਸਦੇ ਆਸ ਪਾਸ ਦੇ ਚਮਾਰ ਆਰਥਿਕ ਪੱਖੋਂ ਜਲੰਧਰ ਛਾਉਣੀ ਸਥਾਪਿਤ ਹੋਣ ਉਪਰੰਤ ਬਿਹਤਰ ਹੋਣਾ ਸ਼ੁਰੂ ਹੋ ਗਏ ਸਨ। ਲੇਕਿਨ ਦੇਖਿਆ ਇਹ ਗਿਆ ਹੈ ਕਿ ਆਜ਼ਾਦੀ ਉਪਰੰਤ ਵੀ ਇਹ ਬਹੁਤੇ ਚਮੜੇ ਦੇ ਕੰਮ ਧੰਦੇ ਨਾਲ ਹੀ ਚਿਪਕੇ ਰਹੇ। ਇਹਨਾਂ ਨੂੰ ਚਾਹੀਦਾ ਸੀ ਕਿ ਉਹ ਚਮੜੇ ਦੇ ਕੰਮ ਵਿੱਚੋਂ ਪੈਸਾ ਕਮਾ ਕੇ ਹੋਰ ਕੰਮ ਧੰਦਿਆਂ ਵਿੱਚ ਲਗਾਉਂਦੇ। ਬਹੁਤ ਘੱਟ ਪਰਿਵਾਰਾਂ ਨੇ ਅਜਿਹਾ ਕੀਤਾ। ਅੱਜ ਜੇ ਉਹਨਾਂ ਨੂੰ ਧਰਮਪੁਰੇ ਇਲਾਕੇ 'ਚੋਂ ਉਠਾਇਆ ਜਾ ਰਿਹਾ ਹੈ ਤਾਂ ਉਹ ਬਣਦੀ ਕੀਮਤ ਪ੍ਰਾਪਤ ਕਰ ਰਹੇ ਹਨ। ਭਗਵੰਤ ਵੀ ਇਸਨੂੰ ਮੰਨਦਾ ਹੈ। ਫਿਰ ਬੇਇਨਸਾਫੀ ਕਿੱਥੇ ਹੈ?

ਦਰਅਸਲ ਰਾਜਨੀਤਿਕ ਰੈਜ਼ਰਵੇਸ਼ਨ ਨੇ ਆਦਿ-ਧਰਮੀ-ਚਮਾਰਾਂ ਦੇ ਲੀਡਰਾਂ ਨੂੰ ਵੱਖ ਵੱਖ ਪਾਰਟੀਆਂ ਵਿੱਚ ਵੰਡਿਆ ਹੋਇਆ ਹੈ, ਜਿਸ ਸਦਕਾ ਉਹ ਸਵਾਰਥੀ ਹੋ ਚੁੱਕੇ ਹਨ। ਮੈਂ ਆਮ ਹੀ ਆਦਿ-ਧਰਮੀ / ਚਮਾਰਾਂ ਦੇ ਗੱਭਰੂਆਂ ਨੂੰ ਘੁੰਮਦਾ ਫਿਰਦਾ ਦੇਖਦਾ ਰਹਿੰਦਾ ਹਾਂ। ਉਹ ਰਾਜਨੀਤਿਕ ਤੇ ਸਮਾਜਿਕ ਸੂਝ ਬੂਝ ਦੇ ਮਾਲਕ ਨਜ਼ਰ ਨਹੀਂ ਆਉਂਦੇ। ਪੜ੍ਹੇ ਲਿਖਿਆ ਨੂੰ ਵੀ ਨਾਂ ਅੰਬੇਡਕਰ ਬਾਰੇ ਕੁੱਝ ਗਿਆਨ ਹੈ ਨਾਂ ਹੀ ਉਸਦੀ ਵਿਚਾਰਧਾਰਾ ਬਾਰੇ, ਉਹ ਸੰਤ ਮੱਤ ਬਾਰੇ ਵੀ ਕੋਰੇ ਹਨ, ਬਸ ਉਹਨਾਂ ਨੂੰ ਇਹੀ ਪਤਾ ਹੈ ਕਿ ਰਵਿਦਾਸ ਮਹਾਂਰਾਜ ਸਾਡੇ ਧਾਰਮਿਕ ਗੁਰੂ ਹਨ। ਉਹ ਆਪਣੀ ਉਰਜਾ ਵਿਅਰਥ ਗੁਆ ਰਹੇ ਹਨ। ਉਹਨਾਂ ਨੂੰ ਛੂਆ ਛੂਤ ਬਾਰੇ, ਜਾਤੀ ਸਿਸਟਮ ਬਾਰੇ ਤੇ ਵਰਗ ਵੰਡ ਬਾਰੇ ਵੀ ਕੋਈ ਗਿਆਨ ਨਹੀਂ ਜਾਪਦਾ। ਮੇਰਾ ਸੁਝਾਅ ਹੈ ਕਿ ਆਦਿ-ਧਰਮੀ / ਚਮਾਰ ਪੰਜਾਬ ਦੀਆਂ ਦੂਸਰੀਆਂ ਦਲਿਤ ਉਪਜਾਤੀਆਂ ਨੂੰ ਇਕੱਠੇ ਕਰਕੇ ਉਹਨਾਂ ਨੂੰ ਜਮਾਤੀ ਚੇਤਨਾ ਨਾਲ ਲੈਸ ਕਰਨ ਦਾ ਉਪਰਾਲਾ ਕਰਨ। ਵੈਸੇ, ਹੁਣ ਉਹ ਅਲੱਗ ਹੋ ਗਏ ਹਨ। ਉਹਨਾਂ ਵਿੱਚ ਸਵੈ-ਕੇਂਦਰਿਤ ਹੋਣ ਦੀ ਭਾਵਨਾ ਵਧੇਗੀ। ਫਿਰ ਵੀ ਭਗਵੰਤ ਨੇ ਜਿਹੜਾ ਵਿਸ਼ਾ ਉਠਾਇਆ ਹੈ ਉਹ ਇੱਕ ਚੰਗਾ ਖੋਜ ਦਾ ਵਿਸ਼ਾ ਬਣ ਸਕਦਾ ਹੈ।

*4.* ਇਸ ਅੰਕ ਵਿਚ ਪ੍ਰੀਤ ਨੀਤਪੁਰ ਦੀ ਕਹਾਣੀ 'ਮੈਂ ਤੈਨੂੰ ਮੁਖਾਤਿਬ ਹਾਂ' ਪੜ੍ਹਕੇ ਬਹੁਤ ਪ੍ਰਸੰਨਤਾ ਹੋਈ। ਕਹਾਣੀ ਰਾਹੀ ਜਗੀਰੂ ਮਾਨਸਿਕਤਾ ਨਾਲ ਲੈਸ ਪਤੀ ਦੇ ਵਿਵਹਾਰ ਦਾ ਚਿਤਰਨ ਬੜੀ ਕਾਮਯਾਬੀ ਨਾਲ ਕੀਤਾ ਹੈ। ਮੈਂ ਪਹਿਲਾਂ ਨੀਤਪੁਰੀ ਦੀਆਂ ਮਿੰਨੀ ਕਹਾਣੀਆਂ ਹੀ ਪੜ੍ਹਦਾ ਰਿਹਾ ਹਾਂ। ਉਸਦੀ ਸਿਰਜੀ ਨਿੱਕੀ ਕਹਾਣੀ ਇਹ ਪਹਿਲੀ ਵਾਰ ਪੜ੍ਹੀ ਹੈ। ਪ੍ਰੀਤ ਨੀਤਪੁਰ ਵਿਚ ਇਕ ਚੰਗੇ ਤੇ ਪ੍ਰਭਾਵਸ਼ਾਲੀ ਕਹਾਣੀਕਾਰ ਬਣਨ ਦੀਆਂ ਬਹੁਤ ਸੰਭਾਵਨਾਵਾਂ ਹਨ। **- ਗਿਆਨ ਸਿੰਘ ਬਲ, ਜਲੰਧਰ**



'ਕਹਾਣੀ ਧਾਰਾ' ਅਪ੍ਰੈਲ-ਜੂਨ, 2010 ਅੰਕ ਮਿਲਿਆ ਹੈ। ਧੰਨਵਾਦ! 'ਆਦਿ ਧਰਮੀਆਂ ਦੇ ਵਸਣ ਤੇ ਉਜੜਨ ਦਾ ਮਸਲਾ' ਸੰਪਾਦਕੀ ਜਿੰਨੀ ਗੰਭੀਰ ਚਿੰਤਨਸ਼ੀਲ, ਵਿਚਾਰਨਯੋਗ ਹੈ। ਉਨੇ ਹੀ ਲੱਚਰ, ਚੰਚਲ, ਸ਼ਰਾਰਤੀ, ਸ਼ਨਸ਼ਨੀਖੇਜ਼, ਬਦਮਾਸ਼, ਮਕਾਰ ਸ਼ਬਦਾਂ 'ਚ ਪ੍ਰੇਮ ਪ੍ਰਕਾਸ਼ ਦਾ ਲਿਖਿਆ ਸੰਤੋਖ ਸਿੰਘ ਧੀਰ ਦਾ ਸ਼ਬਦ ਚਿੱਤਰ ਹੈ। ਕਮਾਲ ਤਾਂ ਇਹ ਹੈ ਕਿ ਨਾਂ 'ਕਲਮ ਦਾ ਸਿਪਾਹੀ ਸੰਤੋਖ ਸਿੰਘ ਧੀਰ' ਵਿਚ ਉਸਦੀ ਕਲਮ ਦੁਆਰਾ ਕੀਤੀ ਸਿਰਜਨਾ ਬਾਰੇ ਕੁਝ ਵੀ ਨਹੀਂ। ਧੀਰ ਦਾ ਚਰਿਤਰ ਚਿਤਰਨ ਪ੍ਰੇਮ ਪ੍ਰਕਾਸ਼ ਨੇ ਕੀ ਕੀਤਾ ਹੈ। ਧੀਰ ਸਿਗਰਟਾਂ ਪੀਣਾ, ਸ਼ਰਾਬੀ, ਲੌਂਡੇਬਾਜ, ਕੰਮਚੋਰ, ਮੰਗਤਾ, ਕੁਕਰਮੀ, ਵਿਹਲੜ, ਡਡਹੇੜੀ ਵਿਹਲਾ ਬਹਿਕੇ ਕਵਿਤਾ ਕਹਾਣੀ ਲਿਖਣ ਦਾ ਚਾਹਵਾਨ, ਬਿਨਾ ਕੰਮ ਕੀਤਿਆਂ ਲੋਕਾਂ ਦੀ ਜਾਇਦਾਦ 'ਤੇ ਕਬਜਾ ਕਰਨ ਵਾਲੇ ਕਮਿਊਨਿਸਟਾ ਦਾ ਸਾਥੀ, ਡਪ੍ਰੈਸ਼ਨ ਦਾ ਸ਼ਿਕਾਰ ਮਾਨਸਿਕ ਰੋਗੀ। ਫੇਰ ਆਖਰੀ ਪਹਿਰੇ 'ਚ ਸੇਖੋਂ, ਕੰਵਲ ਅਤੇ ਦਲੀਪ ਕੌਰ ਟਿਵਾਣਾ ਦਾ ਭੰਡੀ ਪ੍ਰਚਾਰ ਕਰਨ ਲਈ ਪ੍ਰੇਮ ਪ੍ਰਕਾਸ਼ ਨੇ ਦੋ ਸਤਰਾਂ ਧੀਰ ਦੀ ਪ੍ਰਸ਼ੰਸਾ 'ਚ ਸੱਚਾ ਨਰ ਲੇਖਕ, ਸਿਦਕੀ ਬੰਦਾ, ਕਲਮ ਦਾ ਸਿਪਾਹੀ। ਯਾਰੋ ਸਾਹਿਤ ਦੇ ਕੁਝ ਤਾਂ ਮਾਪਦੰਡ ਤੁਸੀਂ ਮਿੱਥੇ ਹੀ ਹੋਣਗੇ। ਸੇਖੋਂ, ਕੰਵਲ ਤੇ ਟਿਵਾਣਾ ਤਾਂ ਭਲਾ ਜੱਟ ਹਨ , ਸੰਤੋਖ ਸਿੰਘ ਧੀਰ ਤਾਂ ਦਲਿਤ ਜਮਾਤ ਦਾ ਲੇਖਕ ਹੈ। ਫੇਰ ਭਾਈ ਧੀਰ ਦੀ ਮੌਤ ਤੋਂ ਬਾਅਦ ਹੀ ਇਹ ਨਿਬੰਧ ਕਿਉਂ ਲਿਖਿਐ ਜਿਉਂਦੇ ਜੀ ਕਿਉਂ ਨਾ ਲਿਖਿਆ?

ਮਾਰਕਸਵਾਦ ਜਾਂ ਸਮਾਜਵਾਦ ਜਾਂ ਕਮਿਊਨਿਸਟਾਂ ਦਾ ਵਿਰੋਧ ਕਰਨ ਲਈ ਵਿਚਾਰਧਾਰਕ ਪਲੇਟ ਫ਼ਾਰਮ ਹੈ ਜੋ ਤੁਸੀਂ ਸਹੀ ਤੌਰ ਤੇ ਦਲਿਤ ਫਰੰਟ ਤੋਂ ਉਸਾਰਨ ਦੀ ਕੋਸ਼ਿਸ਼ ਕਰ ਰਹੇ ਹੋ। ਪਰ ਏਦਾਂ ਦਾ ਚਰਿਤਰ-ਹਨਣ ਕਰਨ ਵਾਲੀਆਂ ਲਿਖਤਾਂ ਪ੍ਰਕਾਸ਼ਤ ਕਰਕੇ ਕੀ ਤੁਸੀਂ ਆਪਣੇ ਮਕਸਦ ਵਿਚ ਕਾਮਯਾਬ ਹੋ ਪਾਓਗੇ। ਵਿਚਾਰਨ ਅਤੇ ਸੋਚਣ ਵਾਲੀ ਗੱਲ ਹੈ। ਭਗਵੰਤ ਮੈਂ ਤੁਹਾਡੀ ਦਲਿਤ ਚੇਤਨਾ ਨਾਲ ਪ੍ਰਤੀ ਬੱਧਤਾ ਦਾ ਸਤਿਕਾਰ ਕਰਦਾ ਹੋਇਆ ਸੰਭਾਵੀ ਸੰਵਾਦ ਉਸਾਰਨ ਦੀ ਮਨਸ਼ਾ ਦਾ ਸਤਿਕਾਰ ਕਰਦਾ ਹਾਂ ਪਰ ਅਜਿਹੀਆਂ ਫਜ਼ੂਲ ਦੀਆਂ ਘੁੱਣਤਰਬਾਜੀਆਂ ਤੋਂ ਪਰਚੇ ਨੂੰ ਬਚਾਉਣ ਦੀ ਲੋੜ ਉਤੇ ਜੋਰ ਦਿੰਦਾ ਹਾਂ। ਜਨ-ਬੋਧ ਦਾ ਅਰਥ ਕਦੇ ਵੀ 'ਲੁੱਚਾ' ਹੋਣਾ ਨਹੀਂ ਸਗੋਂ 'ਲੋਚਨ' ਹੁੰਦਾ ਹੈ।

**-ਤੇਜਵੰਤ ਮਾਨ (ਡਾ.)**, ਹਰਗੋਬਿੰਦਪੁਰਾ ਬਸਤੀ, ਕਾਲਜ ਰੋਡ, ਸੰਗਰੂਰ

ਕਹਾਣੀ ਧਾਰਾ-17 ਅੰਕ ਪੜ੍ਹਿਆ। ਖਾਸ ਕਰਕੇ ਪ੍ਰੇਮ ਪ੍ਰਕਾਸ਼ ਦਾ ਸ਼ਬਦ ਚਿੱਤਰ 'ਕਲਮ ਦਾ ਸਿਪਾਹੀ-ਪ੍ਰੇਮ ਪ੍ਰਕਾਸ਼' ਨਿਰਾਸ਼ਾ ਹੋਈ। ਸੰਤੋਖ ਸਿੰਘ ਧੀਰ ਦੇ ਪਾਠਕਾਂ ਨੂੰ ਤੇ ਮੇਰੇ ਵਰਗੇ ਲੋਕਾਂ ਨੂੰ ਪ੍ਰੇਮ ਪ੍ਰਕਾਸ਼ ਦਾ ਇਹ ਸ਼ਬਦ ਚਿੱਤਰ ਮਾੜਾ ਲੱਗਾ। ਉਸ ਨੇ ਜੇ ਗਰੀਬੀ ਵਿਚ ਜੀਵਨ ਕੱਟ ਕੇ ਸਾਹਿਤ ਰਚਨਾ ਕੀਤੀ ਤੇ ਪੰਜਾਬੀ ਵਿਚ ਲੱਖਾਂ ਪਾਠਕ ਪੈਦਾ ਕੀਤੇ ਕੀ ਮਾੜਾ ਕਰ ਦਿੱਤਾ। ਇਕ ਪਾਸੇ ਉਹ ਸਿਪਾਹੀ ਹੈ ਤੇ ਦੂਜੇ ਪਾਸੇ ਪ੍ਰੇਮ ਪ੍ਰਕਾਸ਼ ਹੁਰੀ 'ਜ਼ਿੰਦਗੀ ਭਰ ਕੰਮ ਨਾ ਕਰਨ ਦਾ ਮਿਹਣਾ ਮਾਰ ਰਹੇ ਹਨ। ਇਹ ਸ਼ਬਦ ਚਿੱਤਰ ਤਾਂ ਛਾਪਣਾ ਹੀ ਨਹੀਂ ਸੀ ਚਾਹੀਦਾ। ਕਹਾਣੀਆਂ ਵਿਚੋਂ 'ਕਲਿਯੁਗ' ਠੀਕ ਲੱਗੀ। 'ਚਪੇੜ' ਵੀ ਚੰਗੀ ਹੈ। ਦੋਨਾਂ ਦੇ ਵਿਸ਼ੇ ਤੇ ਨਿਭਾਅ ਖੂਬਸੂਰਤ ਹਨ। ਪ੍ਰੀਤ ਨੀਤਪੁਰ ਦੀ ਇਹ ਕਹਾਣੀ ਪਹਿਲੀ ਵਾਰੀ ਪੜ੍ਹੀ ਹੈ। ਬਹੁਤ ਖੂਬਸੂਰਤ ਰਚਨਾ ਹੈ। 'ਜਨ ਬੋਧ' ਵਿਚ ਕਿਰਪਾਲ ਕਜ਼ਾਕ ਨੇ ਦੇਵ ਦਾਸੀਆਂ ਬਾਰੇ ਬੜੀ ਮਿਹਨਤ ਕੀਤੀ ਹੈ। ਜੇ ਅਜੇ ਵੀ ਭਾਰਤ ਵਿਚ ਕਿਸੇ ਕੋਨੇ ਵਿਚ ਔਰਤਾਂ ਦੀ ਅਜਿਹੀ ਸਥਿਤੀ ਹੈ ਤਾਂ ਇਸ ਦੇਸ਼ ਦੀ ਤਰੱਕੀ ਤੇ ਵਿਕਾਸ ਲਾਅਨਤ ਹੈ। ਅਗਲਾ ਵਿਸ਼ੇਸ਼ ਅੰਕ (ਮਾਂ ਅੰਕ) ਦੀ ਤੀਬਰ ਉਡੀਕ ਹੈ। ਮੇਰੀ ਬੇਨਤੀ ਹੈ ਕਿ ਅੱਗੋ ਤੋਂ ਤੁਰ ਗਏ ਕਿਸੇ ਵੀ ਸਾਹਿਤਕਾਰ ਦੀ ਕਿਰਦਾਰਕਸ਼ੀ ਸੰਬੰਧੀ ਰਚਨਾ ਨਾ ਛਾਪਿਆ ਕਰੋ। ਗੁਸਤਾਖੀ ਮੁਆਫ਼। **-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**, ਫਿਰੋਜਪੁਰ।

ਕਥਾ ਸੰਸਾਰ ਦੀ ਵਹਿੰਦੀ ਧਾਰਾ, 'ਕਹਾਣੀ ਧਾਰਾ' ਦੇ ਰੂਬਰੂ ਹੋ ਕੇ ਅਨੰਦਿਤ ਹੋ ਜਾਈਦਾ ਹੈ। ਇਸ ਵਾਰੀ ਕਹਾਣੀ ਧਾਰਾ' ਖਰੀਦ ਕਰਨ 'ਚ ਦੇਰੀ ਹੋਈ ਹੈ। ਖੈਰ ਦੇਰ ਆਏ ਦਰੁੱਸਤ ਆਏ। 'ਕਹਾਣੀ ਧਾਰਾ-17 ਅੰਕ ਦੇ 96 ਪੰਨੇ ਹੀ ਪੜ੍ਹਨ ਉਪਰੰਤ ਕਲਮ ਤੁਹਾਨੂੰ ਦਾਦ ਦੇਣ ਲਈ ਉਠੀ ਹੈ। ਪਿਛਲੇ ਕੁਝ ਅੰਕ

ਪੜ੍ਹਨ ਉਪਰੰਤ ਕਹਾਣੀ ਧਾਰਾ ਦੇ ਸਾਹਿਤਕ ਸੰਸਾਰ ਦੇ ਵਹਿਣ 'ਚ ਅਸੀਂ ਨਾਲ ਹੀ ਵਹਿ ਤੁਰੇ ਹਾਂ। 'ਕਹਾਣੀ ਧਾਰਾ' ਸਾਹਿਤਕ ਪੱਤਰਕਾਰੀ ਵਿੱਚ ਨਵਾਂ ਸਿਰਜ ਰਹੀ ਹੈ। ਤੁਸੀਂ ਸਾਹਿਤਕ ਸਮਾਜ ਨੂੰ ਨਵੀਂ ਸੇਧ ਦੇ ਰਹੇ ਹੋ। 17 ਵੇਂ ਅੰਕ ਵਿਚ ਗੁਰਮੀਤ ਆਰਿਫ਼ ਦੀ ਲਿਖੀ ਕਹਾਣੀ 'ਕੁਲਯੁੱਗ' ਵਰਤਮਾਨ ਯੁੱਗ ਦੀ ਤਸਵੀਰ ਪੇਸ਼ ਕਰ ਗਈ। ਗੁਰਿੰਦਰ ਸਿੰਘ ਕਲਸੀ ਦੀ ਕਹਾਣੀ 'ਚਪੇੜ', ਮਾਨਵੀ ਰਿਸ਼ਤਿਆਂ ਦੀ ਹੋ ਰਹੀ ਟੁੱਟ ਭੱਜ ਨੂੰ ਬਿਆਨ ਕਰ ਰਹੀ ਸੀ। ਕਿਵੇਂ ਆਪਣੇ ਹੀ ਬਾਤ ਦਾ ਬਤੰਗੜ ਬਣਾ ਕੇ ਦਿਲੋਂ ਦੂਰ ਹੋ ਰਹੇ ਹਨ। "ਮੈਂ ਤੈਨੂੰ ਮੁਖਾਤਿਬ ਹਾਂ" ਰਾਹੀ ਪ੍ਰੀਤ ਨੀਤਪੁਰ ਨੇ ਰੋਮਾਂਟਿਕ ਯਾਦਾਂ ਸਾਂਝੀਆਂ ਕੀਤੀਆਂ ਹਨ। ਪ੍ਰੇਮ ਪ੍ਰਕਾਸ਼ ਨੇ ਸ਼ਬਦ ਚਿੱਤਰ ਰਾਹੀ ਕਲਮ ਦੇ ਸਿਪਾਹੀ ਬਾਰੇ ਬੜੀ ਬੇਬਾਕੀ ਨਾਲ ਗੱਲਾਂ ਕੀਤੀਆਂ ਹਨ। ਅਤੇ ਆਪਣੇ ਲੇਖ 'ਪੰਜਾਬੀ ਕਹਾਣੀ 'ਚ ਪਸੰਦ ਨਾ ਪਸੰਦ' ਦੁਆਰਾ ਵੀ ਗਿਆਨ 'ਚ ਵਾਧਾ ਕੀਤਾ ਹੈ। ਜਿਥੇ ਤੁਸੀਂ 'ਰੁਲਦੂ ਦੀ ਅਕਾਸ਼ ਗੰਗਾ' ਨਾਵਲ ਬਾਰੇ ਵਾਕਫ਼ੀਅਤ ਕਰਵਾਈ ਹੈ। ਉਥੇ ਹੋਰ ਪੁਸਤਕਾਂ ਬਾਰੇ ਜਾਣਕਾਰੀ ਵੀ ਦਿੱਤੀ ਹੈ। ਡਾ. ਗੁਰਮੇਲ ਸਿੰਘ ਦਾ ਲੇਖ "ਈਸ਼ਵਰ ਦਾ ਜਨਮ' ਦੁਬਾਰਾ ਕਿਤਾਬ ਪੜ੍ਹਨ ਲਈ ਮਜਬੂਰ ਕਰ ਗਿਆ। ਧੰਨਵਾਦੀ ਹਾਂ। **-ਸਨੇਹਇੰਦਰ ਮੀਲੂ**, ਐਮ. ਕੇ. ਰੋਡ, ਖੰਨਾ

'ਕਹਾਣੀ ਧਾਰਾ-16' ਵਿਚ ਕਰਵਾਇਆ ਗਿਆ ਸਾਹਿਤ ਸਰਵੇਖਣ ਸਲਾਘਾਯੋਗ ਉਪਰਾਲਾ ਹੈ। ਇਸ ਤਰ੍ਹਾਂ ਆਮ ਪਾਠਕ ਨੂੰ ਵੀ ਅਜ ਦੀਆਂ ਚਰਚਿਤ ਕਹਾਣੀਆਂ ਬਾਰੇ ਪਤਾ ਲਗਦਾ ਰਹਿੰਦਾ ਹੈ ਕਿਉਂਕਿ ਕਹਾਣੀ ਹੀ ਵਿਧਾ ਹੈ ਜਿਸ ਵਿਚ ਸਭ ਤੋਂ ਵੱਧ ਨਵਾਂਪਨ ਆਇਆ ਹੈ ਤੇ ਇਸ ਵਿਚ ਪ੍ਰਸ਼ੰਸਾ ਯੋਗ ਸਫ਼ਲਤਾ ਵੀ ਪ੍ਰਾਪਤ ਹੋਈ ਹੈ। ਕੁਝ ਕੁ ਕਹਾਣੀਆਂ ਦਾ ਜ਼ਿਕਰ ਹੋਣੋਂ ਰਹਿ ਗਿਆ ਹੈ ਜੋ ਜਦੋਂ ਲਿਖੀਆਂ ਗਈਆਂ ਸਨ ਤਾਂ ਉਸ ਵਿਸ਼ੇ ਦੀਆਂ ਪਹਿਲੀਆਂ ਕਹਾਣੀਆਂ ਸਨ। ਬਲਵਿੰਦਰ ਸਿੰਘ ਗਰੇਵਾਲ ਦੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ', ਇਵੇਂ ਹੀ ਗੁਰਪਾਲ ਸਿੰਘ ਲਿੱਟ ਦੀ 'ਦੁਰਗ ਟੁੱਟਦੇ ਨੇ', ਸੁਕੀਰਤ ਦੀ 'ਘਰ', 'ਅਤੇ ਬਲਬੀਰ ਪਰਵਾਨਾ ਦੀ ਹੁਣੇ ਜਿਹੇ ਲਿਵ ਇਨ ਵਿਸ਼ੇ ਤੇ ਲਿਖੀ ਕਹਾਣੀ ਬਹੁਤ ਹੀ ਨਵਾਂ ਵਿਸ਼ਾ ਲੈ ਕੇ ਆਈ ਹੈ, ਨਾਂ ਚੇਤੇ 'ਚੋਂ ਵਿਸਰ ਗਿਆ ਹੈ। ਏਵੇਂ ਹੀ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ', ਅਤੇ ਬਲਦੇਵ ਸਿੰਘ ਦੀ 'ਲਾਲ ਬੱਤੀ' ਦਾ ਜ਼ਿਕਰ ਵੀ ਜ਼ਰੂਰੀ ਲਗਦਾ ਹੈ। ਉਂਝ ਤਾਂ ਸਥਾਪਿਤ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚੋਂ ਇਕ ਦੋ ਜ਼ਰੂਰ ਹੀ ਜ਼ਿਕਰਯੋਗ ਹੁੰਦੀਆਂ ਹਨ ਪਰ ਜਿਵੇਂ ਕੁਲਵੰਤ ਸਿੰਘ ਵਿਰਕ ਦੀ 'ਖੱਬਲ' , 'ਧਰਤੀ ਹੇਠਲਾ ਬਲਦ' , 'ਰਸਭਰੀਆਂ ਆਦਿ ਹਰ ਪਾਠਕ ਦੀ ਸਿਮ੍ਰਤੀਆਂ ਦਾ ਹਿੱਸਾ ਬਣੀਆਂ ਹੋਈਆਂ ਹਨ ਉਹ ਕੋਈ ਕੋਈ ਕਹਾਣੀ ਹੀ ਹੁੰਦੀ ਹੈ। ਉਂਜ ਨਵੇਂ ਲੇਖਕ ਬਹੁਤ ਵਧੀਆਂ ਕਹਾਣੀਆਂ ਲਿਖ ਰਹੇ ਹਨ ਤੇ ਨਵੀਆਂ ਜੁਗਤਾ ਵੀ ਅਪਨਾ ਰਹੇ ਹਨ। ਕਹਾਣੀ ਧਾਰਾ-17 ਵਿਚ ਦੇਵਦਾਸੀ ਪ੍ਰਥਾ ਬਾਰੇ ਕਿਰਪਾਲ ਕਾਜ਼ਾਕ ਦਾ ਲੇਖ ਇਸ ਅੰਕ ਦੀ ਪ੍ਰਾਪਤੀ ਹੈ ਅਤੇ ਪੰਜਾਬੀ ਪਾਠਕਾਂ ਦੀ ਜਾਣਕਾਰੀ ਲਈ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ, ਕਿਉਂਕਿ ਇਸ ਬਾਰੇ ਬਹੁਤੇ ਪੰਜਾਬੀਆਂ ਦੀ ਜਾਣਕਾਰੀ ਨਾ ਮਾਤਰ ਹੀ ਹੈ। ਗੁਰਮੀਤ ਆਰਿਫ਼ ਦੀ 'ਕਲਯੁੱਗ' ਵੀ ਵਧੀਆ ਕਹਾਣੀ ਹੈ ਪਰ ਅੰਤ ਕੁਝ ਢਿੱਲਾ ਜਾਪਦਾ ਹੈ ਤੇ ਜਾਨਦਾਰ ਨਹੀਂ ਰਿਹਾ।

**-ਅਜਮੇਰ ਸਿੰਘ ਟੱਲੇਵਾਲੀਆ**, ਗਲੀ ਨੰ. 4-4 ਜੁਝਾਰ ਸਿੰਘ ਨਗਰ, ਬਠਿੰਡਾ-151001

'ਕਹਾਣੀ ਧਾਰਾ ਦੇ ਅਪ੍ਰੈਲ-ਜੂਨ,2010 ਅੰਕ ਦੀ ਸੰਪਾਦਕੀ ਨਵੀਂ ਕਿਸਮ ਦੀ ਚੇਤਨਾ ਪੈਦਾ ਕਰਦੀ ਹੈ, ਕਿ ਪਹਿਲਾਂ ਗਰੀਬ ਲੋਕਾਂ ਨੂੰ ਪਿੰਡ ਦੀ ਜੂਹ 'ਚੋਂ ਬਾਹਰ ਕੱਢਿਆ ਜਾਂਦਾ ਹੈ, ਫੇਰ ਉਨ੍ਹਾਂ ਦੇ ਕਿੱਤੇ ਨੂੰ ਹੀ ਖੋਹ ਕੇ ਬੇਕਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦਸਤਕਾਰਾਂ, ਕਿੱਤਾ ਕਾਰਾਂ ਨੂੰ ਦਿਸ਼ਾ ਹੀਣ ਕਰਨ ਦੀ ਸਾਜਿਸ਼ ਹੋ ਰਹੀ ਹੈ। ਗੁਰਮੀਤ ਆਰਿਫ਼ ਦੀ ਕਹਾਣੀ 'ਕਲਯੁੱਗ' , ਪ੍ਰੀਤ ਨੀਤਪੁਰੀ ਦੀ 'ਮੈਂ ਤੈਨੂੰ ਮੁਖਾਤਿਬ ਹਾਂ', ਚੰਗੀਆਂ ਲੱਗੀਆਂ ਹਨ।

ਪ੍ਰੇਮ ਪ੍ਰਕਾਸ਼ ਵੱਲੋਂ ਸੰਤੋਖ ਸਿੰਘ ਧੀਰ ਬਾਰੇ ਲਿਖਿਆ ਸ਼ਬਦ ਚਿੱਤਰ ਰੌਚਿਕ ਲੱਗਿਆ ਹੈ। ਉਸ ਸ਼ਬਦ ਚਿੱਤਰ ਵਿਚਲੀ ਇਹ ਲਾਈਨ ਉੱਚ ਪਾਏ ਦੀ ਹੈ ਕਿ "ਕਈ ਵਾਰ ਵਿਚਾਰਧਾਰਾ ਵੀ ਧਰਮ ਜਿਹੀ ਕੱਟੜ ਤੇ ਅੰਧਵਿਸ਼ਵਾਸ ਵਾਲੀ ਹੋ ਜਾਂਦੀ ਹੈ।' ਇਹ ਸਤਰਾ ਅਜੋਕੀ ਲਹਿਰ ਦੀ ਤਰਜ਼ਮਾਨੀ ਕਰਦੀ ਹੈ। ਪ੍ਰੇਮ ਪ੍ਰਕਾਸ਼ ਦੇ ਇਹ ਵਿਚਾਰ ਵੀ ਦਿਲ ਨੂੰ ਟੁੰਬਦੇ ਹਨ ਕਿ 'ਸਾਡੇ ਵਿਚਕਾਰ ਭਾਵੇਂ ਨਿੱਜੀ ਸੰਬੰਧ ਚੰਗੇ ਨਾ ਹੋਣ, ਪਰ ਬਹਿਸ ਕਰਨ ਵੇਲੇ ਸੰਵਾਦ ਕਰਨ ਜੋਗਾ ਸੰਜਮ ਹੋਣਾ ਚਾਹੀਦਾ ਹੈ।" ਦੇਵ ਦਾਸੀ ਪ੍ਰਥਾ ਬਾਰੇ ਕਿਰਪਾਲ ਕਜ਼ਾਕ ਦਾ ਲੰਮਾ ਲੇਖ ਰੌਚਿਕ ਇਤਿਹਾਸਕ ਤੇ ਮਾਰਮਿਕ ਹੈ।

**-ਡਾ. ਲਕਸ਼ਮੀ ਨਰਾਇਣ ਭੀਖੀ**, ਪਟਿਆਲਾ

ਐਤਕੀਂ 'ਕਹਾਣੀ ਧਾਰਾ-17 ਦੀ ਸੰਪਾਦਕੀ ਵਿਚ ਤੁਸੀਂ ਬਹੁਤ ਹੀ ਬੇਬਾਕੀ ਨਾਲ ਸਾਰਥਿਕ ਤੇ ਉੱਚਪਾਏ ਦੀਆਂ ਟਿੱਪਣੀਆਂ ਕੀਤੀਆਂ ਹਨ। ਦਲਿਤ ਸਮਾਜ ਦੀ ਬਿਹਤਰੀ ਲਈ ਤੁਹਾਡੇ ਵੱਲੋਂ ਪ੍ਰਗਟਾਏ ਵਿਚਾਰ ਸਾਰਥਿਕ ਤੇ ਮੁੱਲਵਾਨ ਹੁੰਦੇ ਆ। ਦਲਿਤ ਸਾਹਿਤ ਤੇ ਦਲਿਤ ਸਮਾਜ ਪ੍ਰਤੀ ਤੁਹਾਡੀ ਸੁਹਿਰਦ ਪਹੁੰਚ ਦੀ ਦਾਦ ਦੇਣੀ ਬਣਦੀ ਹੈ। ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਨਾਉਣ ਵਾਲੇ ਤੁਹਾਡੇ ਵਰਗੇ ਨੌਜਵਾਨ ਬੁੱਧੀਜੀਵੀਆਂ 'ਤੇ ਕੌਮ ਨੂੰ ਮਾਣ ਹੈ। - **ਪ੍ਰੀਤ ਨੀਤਪੁਰ**, ਹੁਸ਼ਿਆਰਪੁਰ


**ਚਰਚਿਤ ਪੰਜਾਬੀ ਕਵੀ ਮੋਹਨ ਤਿਆਗੀ ਦਾ ਧੂੰਏਂ ਦਾ ਦਸਤਾਵੇਜ, ਰੂਹ ਦਾ ਰੇਗਸਤਾਨ ਤੋਂ ਬਾਅਦ ਨਵਾਂ ਕਾਵਿ ਸੰਗ੍ਰਹਿ**

**ਲਹੂ ਦੀ ਵਿਰਾਸਤ**

*ਲਹੂ ਦੀ ਵਿਰਾਸਤ*
*(ਕਾਵਿ ਸੰਗ੍ਰਹਿ)*
ਮੋਹਨ ਤਿਆਗੀ


***ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ***

**ਪੰਜਾਬੀ ਕਵਿਤਾ ਦੀ ਨਵੀਂ ਪੈੜ੍ਹ ਸਰੋਜ ਦਾ ਪਹਿਲਾ ਕਾਵਿ ਸੰਗ੍ਰਹਿ**

**ਸ.ਫਰ**

ਸਰੋਜ ਆਪਣੀ ਕਵਿਤਾ ਵਿਚ ਜਨ-ਸਧਾਰਨ ਖਾਸ ਕਰਕੇ ਨਾਰੀ ਪੀੜਾ ਦੀ ਗੱਲ ਕਰਦੀ ਹੈ। ਅੰਤਰ ਮੁੱਖੀ ਸੰਵਾਦ ਉਸ ਦੀ ਕਵਿਤਾ ਦੀ ਇਕ ਹੋਰ ਵਿਲੱਖਣਤਾ ਹੈ। ਭਾਰਤੀ ਸਮਾਜ ਦੇ ਜਟਿਲ ਵਰਤਾਰੇ ਵਿਚ ਪਿਸ ਰਹੇ ਜਨ ਸਧਾਰਨ ਲੋਕਾਂ ਨੂੰ ਉਸ ਨੇ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ। ਉਸ ਨੇ ਨਾਰੀ ਨੂੰ ਰਵਾਇਤੀ ਲੀਹਾਂ ਤੋਂ ਹੱਟ ਕੇ ਪੇਸ਼ ਕੀਤਾ ਹੈ। ਘਰੋਂ ਬਾਹਰ ਕੰਮ ਕਰਦੀ ਨਾਰੀ ਉਸ ਕਵਿਤਾ ਦਾ ਕੇਂਦਰੀ ਧੁਰਾ ਹੈ। ਉਸ ਦੀ ਕਵਿਤਾ ਵਿਚ ਸਵੈ ਦੀ ਪਛਾਣ ਦਾ ਮਸਲਾ ਅਹਿਮ ਹੈ। ਦਬਿਆਂ, ਕੁਚਲਿਆਂ ਦੇ ਵਿਹੜਿਆਂ ਦਾ ਸਭਿਆਚਾਰ ਵੀ ਉਸ ਦੀ ਕਵਿਤਾ 'ਚ ਵਿਲੱਖਣ ਰੂਪ ਵਿਚ ਪੇਸ਼ ਹੋਇਆ ਹੈ।

-ਪ੍ਰਕਾਸ਼ਕ





***ਕਹਾਣੀ ਧਾਰਾ ਪ੍ਰਕਾਸ਼ਨ, ਜਲੰਧਰ,*** ***ਮੁੱਲ :30, ਪੰਨੇ :64***

Year: 5 Issue No. 18
'KAHANI DHARA'(PUNJABI QUARTERLY) July-Se.,2010 R.N.I. Regd No. PUN PUN 2006 / 19971

# ਭਗਵੰਤ ਰਸੂਲਪੁਰੀ ਦਾ ਨਵਾਂ-ਕਹਾਣੀ ਸੰਗ੍ਰਹਿ






## ਮਰਨ ਰੁੱਤ (ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ

ਭਗਵੰਤ ਰਸੂਲਪੁਰੀ ਆਪਣੇ ਤੀਜੇ ਕਹਾਣੀ ਸੰਗ੍ਰਹਿ 'ਮਰਨ ਰੁੱਤ' ਨਾਲ ਆਪਣੀ ਕਥਾ-ਵਸਤੂ, ਬਿਰਤਾਂਤ ਵਿਧੀ ਅਤੇ ਰਚਨਾ ਦ੍ਰਿਸ਼ਟੀ ਵਿਚ ਵਿਕਾਸ ਕਰਦਾ ਹੈ। ਉਸ ਦੀ ਕਥਾ-ਵਸਤੂ ਦਾ ਅਧਾਰ ਸਮਾਜਕ ਤੌਰ ਤੇ ਹਾਸ਼ੀਆ-ਗ੍ਰਸਤ ਲੋਕ ਹਨ। ਇਹ ਲੋਕ ਬਿਨਾਂ ਕਿਸੇ ਉਚੇਚ ਤੋਂ ਉਸ ਦੇ ਕਥਾ-ਸੰਸਾਰ ਵਿਚ ਪ੍ਰਵੇਸ਼ ਕਰਦੇ ਹਨ। ਅਜਿਹੇ ਪਾਤਰ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਂਦੇ ਹੋਏ ਸੰਵਾਦ ਦੀ ਸਥਿਤੀ ਪੈਦਾ ਕਰਦੇ ਹਨ। ਅਜਿਹਾ ਕਰਦੇ ਹੋਏ ਉਹ ਸਾਂਸਕ੍ਰਿਤਕ ਅਵਚੇਤਨ ਤੋਂ ਮੁਕਤ ਹੋਣ ਦੇ ਨਾਲ-ਨਾਲ ਕਿਸੇ ਆਰੋਪਿਤ ਵਿਚਾਰ ਤੋਂ ਮੁਕਤ ਰਹਿੰਦੇ ਹਨ। ਭਗਵੰਤ ਕਹਾਣੀ ਨੂੰ ਦਲਿਤ ਜੀਵਨ ਦੀ ਪੇਸ਼ਕਾਰੀ ਦਾ ਮਾਧਿਆਮ ਬਣਾ ਕੇ ਕਰੁਣਾਂ ਭਾਵ ਪੈਦਾ ਨਹੀਂ ਕਰਦਾ ਸਗੋਂ ਸੰਵਾਦ ਪੈਦਾ ਕਰਦਾ ਹੈ। ਉਸ ਦੀਆਂ ਕਹਾਣੀਆਂ 'ਜੜ੍ਹਾਂ' ਤੇ 'ਆਦੀ ਡੰਕਾ' ਪੰਜਾਬੀ ਦਲਿਤ ਜੀਵਨ ਦੀ ਮੁਕਤੀ ਦੇ ਭਵਿੱਖੀ ਮਾਡਲ ਨੂੰ ਨਿਰਧਾਰਿਤ ਕਰਨ ਵਾਲੀਆਂ ਹਨ। ਇਹਨਾਂ ਕਹਾਣੀਆਂ ਨਾਲ ਦਲਿਤ ਚਿੰਤਨ ਵਿਚ ਇਕ ਬਹਿਸ ਅੱਗੇ ਤੁਰਦੀ ਹੈ। ਮੇਰੀ ਜਾਚੇ ਪਹਿਲੀ ਦਲਿਤ ਕਹਾਣੀ ਜਾਤੀ ਪ੍ਰਸੰਗਾ ਦੇ ਅਧਾਰਾਂ ਨੂੰ ਨਵੇਂ ਸਿਰੇ ਤੋਂ ਉਲੀਕਦੀ ਸੀ ਪਰੰਤੂ ਭਗਵੰਤ ਦੀ ਕਹਾਣੀ ਇਸ ਤੋਂ ਅੱਗੇ ਤੁਰਦੀ ਹੈ। ਇਹੀ ਭਗਵੰਤ ਦੀ ਪ੍ਰਾਪਤੀ ਹੈ ਅਤੇ ਉਸਨੂੰ ਆਪਣੀ ਪੀੜ੍ਹੀ ਤੋਂ ਵੱਖਰਾ ਕਰਦੀ ਹੈ। ਮੈਨੂੰ ਉਸ ਦੇ ਬਹਿਸ ਤਲਬ ਕਥਾ-ਦ੍ਰਿਸ਼ਟੀ ਨਾਲ ਲਬਰੇਜ਼ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਪਾਠਕ ਦੀ ਸਾਂਝ ਪੁਆਉਂਦੇ ਹੋਏ ਖ਼ੁਸ਼ੀ ਮਹਿਸੂਸ ਹੋ ਰਹੀ ਹੈ।

-ਰਜਨੀਸ਼ ਬਹਾਦਰ ਸਿੰਘ

ਮੁੱਲ: 150 ਰੁਪਏ, ਪੰਨੇ: 136

**Chetna Parkashan**

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

Punjabi Bhawan, **Ludhiana**-141001, Ph. +91-161-2413613, 2404928
B.O. :Qila Road, Opp. Bus Stand, **Kotkapura**. Ph. +91-1635-222651
web : www.chetnaparkashan.com, e-mail : chetnaparkashan@sify.com, chetnaparkashan@gmail.com